# ਬਾਬਾਣੀਆਂ ਕਹਾਣੀਆਂ



ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ

# ਬਾਬਾਣੀਆਂ ਕਹਾਣੀਆਂ

ਸਮਾਂ ਆਪਣੀ ਚਾਲ ਚਲਿਆ ਜਾ ਰਿਹਾ ਹੈ ਅਤੇ ਉਸਦੀਆਂ ਤੈਹਾਂ ਵਿਚ ਬੇਅੰਤ ਇਤਿਹਾਸ, ਮਹਾਂਪੁਰਸ਼ਾਂ ਦੇ ਜੀਵਨ, ਸਤਿਪੁਰਸ਼ਾਂ ਦੇ ਸਤਿ ਬਚਨ ਆਪਣੇ ਪੈਰ ਚਿਤਰ ਛੱਡਦੇ, ਅਨੰਤ ਕਾਲ ਤੋਂ ਚਲੇ ਹੀ ਜਾ ਰਹੇ ਹਨ। ਕੁਝ ਪਤਾ ਨਹੀਂ ਲਗਦਾ, ਸੰਸਾਰ ਤੇ ਬਹੁਤ ਵੱਡੇ-ਵੱਡੇ ਆਏ ਜਿਨ੍ਹਾਂ ਵਿਚ ਐਸੇ ਰਾਜਿਆਂ ਦਾ ਵੀ ਜ਼ਿਕਰ ਆਉਂਦਾ ਹੈ ਕਿ ਜਿਨ੍ਹਾਂ ਦੀਆਂ ਫੌਜਾਂ ਦੇ ਰੱਥ ਚਲਣ ਨਾਲ ਬੇਅੰਤ ਧੂੜ ਉਡ ਗਈ ਅਤੇ ਨੀਵੇਂ contour ਬਣ ਗਏ, ਬਾਰਸ਼ਾਂ ਹੋਈਆਂ ਜਿਨ੍ਹਾਂ ਨੇ ਇਹ ਥਾਂ ਹੋਰ ਗਹਿਰੇ ਕਰ ਲਏ। ਅੰਤ ਦਰਿਆਵਾਂ ਦੇ ਰੂਪ ਵਿਚ ਜਾਣੇ ਜਾਣ ਲੱਗੇ। ਗੁਰੂ ਦਸ਼ਮੇਸ਼ ਪਿਤਾ ਜੀ ਨੇ ਕੁਝ ਕੁ ਅਜਿਹੀਆਂ ਵਿਅਕਤੀਆਂ ਦਾ ਹਾਲ ਸੰਖੇਪ ਰੂਪ ਵਿਚ ਦਸਿਆ ਹੈ -

***ਜੋਗੀ ਜਤੀ ਬ੍ਰਹਮਚਾਰੀ ਬਡੇ ਬਡੇ ਛਤ੍ਰਧਾਰੀ,***
***ਛਤ੍ਰ ਹੀ ਕੀ ਛਾਇਆ, ਕਈ ਕੋਸ ਲੌ ਚਲਤ ਹੈਂ॥***
***ਬਡੇ ਬਡੇ ਰਾਜਨ ਤੇ ਦਾਬਤ ਫਿਰਤਿ ਦੇਸ,***
***ਬਡੇ ਬਡੇ ਭੂਪਨ ਕੇ ਦ੍ਰਪ ਕੋ ਦਲਤੁ ਹੈਂ॥***
***ਮਾਨ ਸੇ ਮਹੀਪ ਔ, ਦਲੀਪ ਕੇ ਸੇ ਛਤ੍ਰਧਾਰੀ,***
***ਬਡੋ ਅਭਿਮਾਨ ਭੁਜ ਦੰਡ ਕੋ ਕਰਤ ਹੈਂ॥***
***ਦਾਰਾ ਸੇ ਦਿਲੀਸਰ, ਦ੍ਰਜੋਧਨ ਸੇ ਮਾਨਧਾਰੀ,***
***ਭੋਗ ਭੋਗ ਭੂਮ, ਅੰਤ ਭੂੰਮ ਮੈ ਮਿਲਤ ਹੈਂ॥*** ***ਅਕਾਲ ਉਸਤਤਿ***

ਦੇਵ ਸ਼ਕਤੀਆਂ ਦਾ ਵੀ ਆਪ ਨੇ ਜ਼ਿਕਰ ਕੀਤਾ ਹੈ ਜਿਨ੍ਹਾਂ ਦੀਆਂ ਉਮਰਾਂ ਬਹੁਤ ਵੱਡੀਆਂ ਹਨ ਜਿਨ੍ਹਾਂ ਦੀ ਸ਼ਕਤੀ ਲਾ-ਪਨਾਹ ਸੀ, ਅਨੁਮਾਨ ਰਹਿਤ ਸੀ, ਅਮਿਤ ਓਝ ਦੇ ਮਾਲਕ ਸਨ। ਉਨ੍ਹਾਂ ਦੀਆਂ ਉਮਰਾਂ ਕਾਲ ਵਾਦੀਆਂ ਨੇ ਅਨੁਮਾਨਿਤ ਮਿਥੀਆਂ ਹਨ। ਜਿਸ ਬਾਰੇ ਇਸ ਤਰ੍ਹਾਂ ਕਿਹਾ ਜਾਂਦਾ ਹੈ ਕਿ ਬ੍ਰਹਮ ਦੇਵਤਾ ਜਿਸਦੇ ਜ਼ਿੰਮੇ ਪਾਰਬ੍ਰਹਮ ਪ੍ਰਮੇਸ਼ਰ ਜੀ ਨੇ ਆਪਣੇ ਹੁਕਮ ਅਧੀਨ ਸੰਸਾਰ ਦੀ ਰਚਨਾ ਦਾ ਕੰਮ ਦਿਤਾ ਹੋਇਆ ਹੈ। ਪਾਰਬ੍ਰਹਮ ਜੀ ਦੀ ਵਿਸ਼ਾਲ-ਵਿਸ਼ਾਲ ਅਨੰਤਤਾ ਦੇ ਅੰਦਰ ਕ੍ਰੋੜਾਂ ਬ੍ਰਹਮਾ ਜਗ ਸਾਜ ਰਹੇ ਹਨ, ਕ੍ਰੋੜ੍ਹਾਂ ਹੀ ਸ਼ਿਵ ਜੀ ਸਿੰਘਾਰ ਕਰ ਰਹੇ ਹਨ, ਕ੍ਰੋੜ੍ਹਾਂ ਹੀ ਵਿਸ਼ਨੂੰਆਂ ਦੇ ਅਵਤਾਰ ਸੰਸਾਰ ਦੇ ਸੰਕਟ ਹਰ ਰਹੇ ਹਨ, ਕ੍ਰੋੜ੍ਹਾਂ ਦੇਵੀ ਦੇਵ ਹੁਕਮ ਅਧੀਨ ਆਪਣੇ ਕਾਰਜ ਕਰ ਰਹੇ ਹਨ। ਗੁਰਬਾਣੀ ਵਿਚ ਫੁਰਮਾਨ ਆਉਂਦਾ ਹੈ -

***ਕੋਟਿ ਬਿਸਨ ਕੀਨੇ ਅਵਤਾਰ॥ ਕੋਟਿ ਬ੍ਰਹਮੰਡ ਜਾ ਕੇ ਧ੍ਰਮਸਾਲ॥***
***ਕੋਟਿ ਮਹੇਸ ਉਪਾਇ ਸਮਾਏ॥ ਕੋਟਿ ਬ੍ਰਹਮੇ ਜਗੁ ਸਾਜਣ ਲਾਏ॥***
***ਐਸੋ ਧਣੀ ਗੁਵਿੰਦੁ ਹਮਾਰਾ॥ ਬਰਨਿ ਨ ਸਾਕਉ ਗੁਣ ਬਿਸਥਾਰਾ॥***
***ਪੰਨਾ - 1156***

ਵਾਹਿਗੁਰੂ ਜੀ ਦੀ ਅਨੰਤ ਸ਼ਕਤੀ ਦਾ ਕੋਈ ਅੰਤ ਨਹੀਂ। ਕ੍ਰੋੜ੍ਹਾਂ ਕਿਸਮ ਦੀ ਮਾਇਆ ਸੇਵਕ ਬਣ ਕੇ ਸੇਵਾ ਕਰ ਰਹੀ ਹੈ। ਦਾਸੀਆਂ ਵਾਂਗੂੰ ਹਰ ਹੁਕਮ ਦੀ ਪਾਲਣਾ ਕਰਨ ਲਈ ਤਤਪਰ ਹੈ, ਕ੍ਰੋੜ੍ਹਾਂ-ਕ੍ਰੋੜ੍ਹਾਂ-ਕ੍ਰੋੜ੍ਹਾਂ-ਕ੍ਰੋੜਾਂ ਵਿਚ ਵਾਹਿਗੁਰੂ ਜੀ ਵਸ ਰਹੇ ਹਨ। ਕ੍ਰੋੜ੍ਹਾਂ ਹੀ ਸ੍ਰਿਸ਼ਟੀਆਂ ਵਾਹਿਗੁਰੂ ਜੀ ਵਿਚ

ਸਮਾਈਆਂ ਹੋਈਆਂ ਹਨ। ਕ੍ਰੋੜਾਂ ਬ੍ਰਹਿਮੰਡਾਂ ਤੋਂ ਆਏ ਹੋਏ ਪ੍ਰਭੂ ਪਿਆਰੇ ਵਾਹਿਗੁਰੂ ਜੀ ਦੀ ਦਰਗਾਹ ਵਿਚ ਵਸ ਰਹੇ ਹਨ ਜਿਵੇਂ ਕਿ –

***ਕੋਟਿ ਮਾਇਆ ਜਾ ਕੈ ਸੇਵਕਾਇ॥ ਕੋਟਿ ਜੀਅ ਜਾ ਕੀ ਸਿਹਜਾਇ॥***
***ਕੋਟਿ ਉਪਾਰਜਨਾ ਤੇਰੈ ਅੰਗਿ॥ ਕੋਟਿ ਭਗਤ ਬਸਤ ਹਰਿ ਸੰਗਿ॥***
***ਪੰਨਾ – 1156***

ਅਜਿਹੇ ਅਨੰਤ ਬ੍ਰਹਿਮੰਡਾਂ ਵਿਚ ਅਸਾਡਾ ਬ੍ਰਹਿਮੰਡ ਹੈ, ਤੇ ਬ੍ਰਹਿਮੰਡ ਦੀਆਂ ਕ੍ਰੋੜਾਂ ਧਰਤੀਆਂ ਵਿਚ ਅਸਾਡੀ ਛੋਟੀ ਜਿਹੀ ਧਰਤੀ ਹੈ। ਇਸ ਵਿਚ ਵਰਤ ਰਹੀ ਬ੍ਰਹਮਾ ਸ਼ਕਤੀ ਦੀ ਉਮਰ ਬਹੁਤ ਲੰਮੀ ਹੈ। ਜਦੋਂ ਇਕ ਹਜ਼ਾਰ ਵਾਰੀ ਚੌਹਾਂ ਜੁਗਾਂ ਦਾ ਸਮਾਂ ਬੀਤ ਜਾਂਦਾ ਹੈ ਤਾਂ 4 ਅਰਬ, 32 ਕਰੋੜ ਸਾਲ ਲੰਘ ਜਾਂਦੇ ਹਨ। ਉਸ ਸਮੇਂ ਇਸ ਸੌ ਸਾਲ ਵਾਲੀ ਉਮਰ ਦੇ ਬ੍ਰਹਮਾ ਦਾ ਇਕ ਦਿਨ ਹੋਇਆ ਕਰਦਾ ਹੈ, ਉਸ ਦੀ ਉਮਰ ਇਸੇ ਤਰ੍ਹਾਂ ਦੇ ਲੰਮੇ ਦਿਨਾਂ ਦੇ ਹਿਸਾਬ ਨਾਲ 36 ਹਜ਼ਾਰ 500 ਦਿਨ ਦੀ ਹੁੰਦੀ ਹੈ। ਜਦੋਂ ਬ੍ਰਹਮਾ ਲੀਨ ਹੋ ਜਾਂਦਾ ਹੈ ਤਾਂ ਉਸ ਦੀ ਥਾਂ ਤੇ ਹੋਰ ਬ੍ਰਹਮਾ ਇਹ ਸੇਵਾ ਸੰਭਾਲਦਾ ਹੈ। ਸ਼ਿਵ ਜੀ ਦੀ ਉਮਰ ਵਿਚ 36 ਹਜ਼ਾਰ 500 ਬ੍ਰਹਮੇ ਲੰਘ ਜਾਇਆ ਕਰਦੇ ਹਨ। ਸੋ ਕੌਣ ਕਰੇ ਲੇਖਾ ਜੋਖਾ ਇਨ੍ਹਾਂ ਦੇਵ ਸ਼ਕਤੀਆਂ ਦੀਆਂ ਉਮਰਾਂ ਦਾ। ਅਸੀਂ ਤਾਂ ਪੂਰੀ ਤਰ੍ਹਾਂ ਨਾਲ ਇਸ ਕਾਲ ਵਿਚ ਹੋ ਰਹੀ ਖੇਲ੍ਹ ਬਾਰੇ ਪੂਰੀ ਤਰ੍ਹਾਂ ਅਗਿਆਤ ਹੀ ਰਹਿੰਦੇ ਹਾਂ। ਸੋ ਉਨ੍ਹਾਂ ਬਾਰੇ ਗੁਰੂ ਦਸ਼ਮੇਸ਼ ਪਿਤਾ ਜੀ ਫੁਰਮਾਨ ਕਰਦੇ ਹਨ ਕਿ –

***ਏਕ ਸ਼ਿਵ ਭਏ ਏਕ ਗਏ ਏਕ ਫੇਰ ਭਏ,***
***ਰਾਮ ਚੰਦ੍ਰ ਕ੍ਰਿਸ਼ਨ ਕੇ ਅਵਤਾਰ ਭੀ ਅਨੇਕ ਹੈਂ॥***
***ਬ੍ਰਹਮਾ ਅਰੁ ਬਿਸ਼ਨ ਕੇਤੇ ਬੇਦ ਔ ਪੁਰਾਨ ਕੇਤੇ,***
***ਸਿੰਮ੍ਰਿਤਿ ਸਮੂਹਨ ਕੈ ਹੁਇ ਹੁਇ ਬਿਤਾਏ ਹੈਂ॥***
***ਮੋਨਦੀ ਮਦਾਰ ਕੇਤੇ ਅਸੁਨੀ ਕੁਮਾਰ ਕੇਤੇ,***
***ਅੰਸਾ ਅਵਤਾਰ ਕੇਤੇ ਕਾਲ ਬਸ ਭਏ ਹੈਂ॥***
***ਪੀਰ ਔ ਪਿਕਾਂਬਰ ਕੇਤੇ ਗਨੇ ਨ ਪਰਤ ਏਤੇ,***
***ਭੂਮ ਹੀ ਤੇ ਹੁਇਕੈ ਫੇਰੇ ਭੂਮ ਹੀ ਮਿਲਏ ਹੈਂ॥ ਅਕਾਲ ਉਸਤਤਿ***

ਇਸ ਚਲ ਰਹੇ ਕਾਲ ਦੇ ਅਨੰਤ ਪ੍ਰਵਾਹ ਵਿਚ ਮੇਰਾ ਤੇ ਤੁਹਾਡਾ ਵਜੂਦ ਕੁਝ ਸਮੇਂ ਲਈ ਇਕ ਬੁਲਬਲੇ ਵਾਂਗੂੰ ਜਾਂ ਇਕ ਛੋਟੀ ਲਹਿਰ ਵਾਂਗੂੰ ਇਸ ਧਰਤੀ ਉਤੇ ਸ਼ਾਖਸ਼ਾਤਕਾਰ ਹੋਇਆ, ਛੋਟੀ ਜਿਹੀ ਉਮਰ ਮਿਲੀ, ਇਸ ਵਿਚ ਬਹੁਤ ਖੇਲ੍ਹ ਦੇਖੇ। ਬਹੁਤ ਤੱਤ ਬਚਨ ਸੁਣੇ, ਜਿਹੜੇ ਸਤਿ ਹੋਣ ਕਰਕੇ ਬਹੁਤ ਸਮੇਂ ਤੱਕ ਪ੍ਰਭੂ ਪਿਆਰ ਨੂੰ ਪ੍ਰੇਰਨਾ ਦਿੰਦੇ ਰਹਿਣਗੇ। ਮਹਾਨ ਮਹਾਂਪੁਰਸ਼ਾਂ ਦੀਆਂ ਜੀਵਨ ਝਾਕੀਆਂ ਸਾਮ੍ਹਣੇ ਆਈਆਂ, ਪਿਆਰ ਵਾਲਿਆਂ ਨੇ ਉਹ ਅੱਖਰਾਂ ਦੇ ਰੂਪ ਵਿਚ ਰੂਪਮਾਨ ਕੀਤੀਆਂ ਜੋ ਲਗਨ ਵਾਲਿਆਂ ਨੂੰ ਸੋਝੀ ਪ੍ਰਦਾਨ ਕਰ ਰਹੀਆਂ ਹਨ। ਇਸੇ ਆਸ਼ੇ ਨੂੰ ਮੁਖ ਰੱਖ ਕੇ 'ਆਤਮ ਮਾਰਗ' ਵਲੋਂ ਪ੍ਰੇਮ ਸੰਤ ਸ੍ਰੀ 108 ਈਸ਼ਰ ਸਿੰਘ ਜੀ ਮਹਾਰਾਜ ਰਾੜੇ ਸਾਹਿਬ ਵਾਲਿਆਂ ਦੀਆਂ ਉਹ ਘਟਨਾਵਾਂ ਜੋ ਇਸ ਲੇਖ ਦੇ ਲੇਖਕ ਨਾਲ ਸਬੰਧ ਰਖਦੀਆਂ ਹਨ ਅਤੇ ਉਹ ਤੱਤ ਬਚਨ ਜਿਹੜੇ ਅਨੇਕ ਸੰਗਤਾਂ ਨੇ ਸੁਣੇ, ਉਹ ਅਸੀਂ ਕਲਮ ਰਾਹੀਂ

ਰੂਪਮਾਨ ਕਰ ਰਹੇ ਹਾਂ ਜਿਨ੍ਹਾਂ ਬਾਰੇ ਅਸਾਡੇ ਪਾਸ ਬਹੁਤ ਹੀ ਪ੍ਰਸ਼ੰਸਾਦਾਇਕ ਪੱਤਰ ਆਉਂਦੇ ਹਨ, ਜਿਨ੍ਹਾਂ ਰਾਹੀਂ ਸਾਨੂੰ ਪ੍ਰੇਰਿਤ ਕੀਤਾ ਹੁੰਦਾ ਹੈ ਕਿ ਮਹਾਂਪੁਰਸ਼ਾਂ ਦੇ ਬਚਨ ਵੱਧ ਤੋਂ ਵੱਧ ਜੋ ਵਿਸਥਾਰ ਸਹਿਤ ਸੰਗਤ ਨਾਲ ਹੋਏ, ਉਸ ਦੀ ਗਿਆਤ ਅਸਾਨੂੰ 'ਆਤਮ ਮਾਰਗ' ਰਾਹੀਂ ਕਰਾਉਂਦੇ ਰਹੋ। ਸੰਤ ਮਹਾਰਾਜ ਜੀ ਨਿਰਾ ਹੀ ਪਿਆਰ ਦਾ ਰੂਪ ਸਨ ਜਾਂ ਐਉਂ ਕਹੋ ਪਿਆਰ ਹੀ ਰੂਪਧਾਰੀ ਹੋ ਕੇ ਮਹਾਂਪੁਰਸ਼ਾਂ ਦੇ ਵਜੂਦ ਵਿਚ ਹੁਲਾਰੇ ਮਾਰ ਰਿਹਾ ਸੀ, ਨੂਰਾਨੀ ਦਰਸ਼ਨ ਦੇ ਰਿਹਾ ਸੀ ਅਤੇ ਅੰਮ੍ਰਿਤ ਬਚਨਾਂ ਰਾਹੀਂ ਜਲਦੇ ਬਲਦੇ ਮਚੇ ਭਾਂਬੜਾਂ ਵਿਚ ਪਿਆਰ ਫੁਹਾਰਾਂ ਪਾ ਕੇ ਅਗਨ ਬੁਝਾ ਰਿਹਾ ਸੀ। ਉਹ ਜੇ ਐਸੇ ਬਚਨ ਨਾ ਲਿਖੇ ਗਏ ਤਾਂ ਸਮੇਂ ਦੇ ਨਾਲ ਸਰੀਰ ਦੇ ਨਾਲ ਹੀ ਚਲੇ ਜਾਣੇ ਹਨ। ਉਨ੍ਹਾਂ ਵਿਚੋਂ ਜੋ ਲਾਭ ਜਗਿਆਸੂਆਂ ਨੂੰ ਪ੍ਰਾਪਤ ਹੋਣਾ ਹੈ ਉਹ ਵੀ ਪ੍ਰਾਪਤ ਨਹੀਂ ਹੋ ਸਕਣਾ। ਇਹ ਲੇਖਕ (ਵਰਿਆਮ ਸਿੰਘ) ਸਿਰਫ ਆਪਣੇ ਨਾਲ ਹੋਏ ਬਚਨ ਅਤੇ ਦੇਖੇ ਹੋਏ, ਪਰਖੇ ਹੋਏ, ਸਤਿ ਦੇ ਪ੍ਰਗਟਾਵੇ ਤਕ ਹੀ ਸੀਮਤ ਹੈ। ਸੰਤ ਮਹਾਰਾਜ ਜੀ ਅਨੇਕਾਂ-ਅਨੇਕਾਂ ਪ੍ਰੇਮੀਆਂ ਨੂੰ ਮਿਲੇ ਜਿਨ੍ਹਾਂ ਦੇ ਆਪਣੇ ਅਨੁਭਵ ਹਨ ਕਿ ਉਨ੍ਹਾਂ ਨਾਲ ਕੀ ਬਚਨ ਹੋਏ ਅਤੇ ਕੀ ਅਲੌਕਿਕ ਕਰਿਸ਼ਮਾ ਦੇਖਿਆ। ਮਾਨਯੋਗ ਸਚਖੰਡ ਵਾਸੀ ਸੰਤ ਗਿਆਨੀ ਮੋਹਨ ਸਿੰਘ ਜੀ ਅਜ਼ਾਦ ਨੇ ਬਹੁਤ ਹੀ ਵੱਡੀ ਕ੍ਰਿਪਾ ਕੀਤੀ, ਉਨ੍ਹਾਂ ਨੇ ਥਾਂ-ਥਾਂ ਤੇ ਘੁੰਮ ਕੇ ਤੱਥਾਂ ਦੀ ਪੜਚੋਲ ਕੀਤੀ ਅਤੇ ਬੇਅੰਤ ਡਾਇਰੀਆਂ ਦੀਆਂ ਲਿਖਤਾਂ ਚੈਕ ਕੀਤੀਆਂ। ਬੇਅੰਤ ਪ੍ਰੇਮੀਆਂ ਦੇ ਨਾਮ ਅਤੇ ਪਿਆਰ ਘਟਨਾਵਾਂ ਆਪਣੀ ਪੁਸਤਕ ਦੇ ਅੰਦਰ ਦਰਜ ਕੀਤੀਆਂ। ਉਨ੍ਹਾਂ ਦੀ ਇਹ ਮਹਾਨ ਸੇਵਾ ਸਦਾ ਹੀ ਯਾਦ ਰਹੇਗੀ ਅਤੇ ਲੰਮੇ ਸਮੇਂ ਤਕ ਅਧਿਆਤਮਵਾਦ ਦੇ ਜਗਿਆਸੂਆਂ ਨੂੰ ਸੂਝ ਤੇ ਸੇਧ ਦਿੰਦੀ ਰਹੇਗੀ। ਸੰਤ ਮਹਾਰਾਜ ਜੀ ਦੇ ਹੋਰ ਅਨੇਕਾਂ ਪ੍ਰੇਮੀ ਜਿਨ੍ਹਾਂ ਨੇ ਉਨ੍ਹਾਂ ਦੇ ਕੌਤਕ ਬਚਪਨ ਤੋਂ ਹੀ ਦੇਖੇ, ਅਜੇ ਜੀਵਤ ਹਨ। ਪਰ ਘਾਟ ਇਹ ਹੈ ਕਿ ਉਹ scientific ਢੰਗ ਨਾਲ ਸਿਲਸਿਲੇਬਧ ਘਟਨਾਵਾਂ ਬਾਰੇ ਦਸ ਨਹੀਂ ਸਕਦੇ ਜਿਸ ਕਰਕੇ ਉਨ੍ਹਾਂ ਦੀਆਂ ਬਹੁਤ ਸਾਰੀਆਂ ਯਾਦਾਂ ਜੋ ਗਿਆਨੀ ਮੋਹਨ ਸਿੰਘ ਜੀ ਦੀ ਲਿਖਤ ਤੋਂ ਬਾਹਰ ਹਨ, ਉਹ ਬਾਹਰ ਹੀ ਰਹਿ ਜਾਣਗੀਆਂ। ਗਿਆਨੀ ਮੇਹਰ ਸਿੰਘ ਜੀ ਕੁਰਕਸ਼ੇਤਰ ਵਾਲਿਆਂ ਨੇ ਬਹੁਤ ਹੀ ਸੁਚੱਜਾ ਢੰਗ ਲਿਖਤ ਰਾਹੀਂ ਵਰਤ ਕੇ ਭਾਈ ਦਇਆ ਸਿੰਘ ਜੀ ਦੀ ਮਹਾਨ ਸੰਪਰਦਾ ਦੇ ਮਹਾਂਪੁਰਸ਼ਾਂ ਬਾਰੇ ਆਪਣੀ ਲੇਖਣੀ ਰਾਹੀਂ ਪ੍ਰਕਾਸ਼ ਬਖਸ਼ਿਆ। ਗਿਆਨੀ ਜੀ ਦੀ ਸਰੀਰਕ ਵਡੇਰੀ ਉਮਰ ਹੋਣ ਕਰਕੇ ਹੁਣ ਕੁਝ ਲਿਖ ਨਹੀਂ ਰਹੇ। ਮੇਰਾ ਸੰਪਰਕ ਵੀ ਸੰਤ ਮਹਾਰਾਜ ਜੀ ਨਾਲ ਸ਼ੁਰੂ ਬਚਪਨ ਤੋਂ ਹੀ ਹੋਣ ਕਰਕੇ ਉਨ੍ਹਾਂ ਬਾਰੇ ਕੁਝ ਯਾਦਾਂ ਮੇਰੇ ਹਿਰਦੇ ਵਿਚ ਸਮਾਈਆਂ ਹੋਈਆਂ ਹਨ। ਉਨ੍ਹਾਂ ਦੇ ਕੀਤੇ ਹੋਏ ਕੁਝ ਬਚਨ ਜੋ ਬਹੁਤ ਹੀ ਅਧਿਆਤਮਵਾਦ ਭਰਪੂਰ ਹਨ ਉਹ ਮੇਰੀਆਂ ਨੋਟ ਬੁਕਾਂ ਵਿਚ ਦਰਜ ਹਨ, ਜਾਂ ਯਾਦਦਾਸ਼ਤ ਦੇ ਵਿਚ ਸਮਾਈਆਂ ਹੋਈਆਂ ਹਨ। ਪਿਛਲੇ ਮੈਗਜ਼ੀਨਾਂ ਵਿਚ ਬਹੁਤ ਕੁਝ ਲਿਖਿਆ ਗਿਆ ਹੈ, ਹੁਣ ਹੋਰ ਵੀ ਲਿਖਣ ਦਾ ਅਸੀਂ ਪੂਰੀ ਤਰ੍ਹਾਂ ਜਤਨ ਕਰਾਂਗੇ।

ਰਾੜਾ ਸਾਹਿਬ ਜਿਸਨੂੰ ਕਰਮਸਰ ਦਾ ਨਾਮ ਪ੍ਰਾਪਤ ਹੈ, ਸੰਤ ਮਹਾਰਾਜ ਜੀ ਦੇ ਮਹਾਨ ਤਪਾਂ ਕਰਕੇ ਅਤੇ ਸੰਗਤ ਦੀਆਂ ਅਨੇਕਾਂ ਘਾਲਣਾ ਘਾਲਣ ਕਰਕੇ ਸਚਮੁੱਚ ਹੀ ਬੈਕੁੰਠ ਤੋਂ ਵਧ ਅਨੰਦ ਦੇ ਰਿਹਾ ਸੀ ਭਾਵੇਂ ਇਸ ਦੀਆਂ ਇਮਾਰਤਾਂ ਕੱਚੀਆਂ ਸਨ। ਕੇਵਲ ਛੋਟੇ ਜਿਹੇ ਗੁਰਦੁਆਰੇ ਉਪਰ ਟੀਨਾਂ ਪਾ ਕੇ ਗੁਰੂ ਗ੍ਰੰਥ

ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਹੋਇਆ ਸੀ। ਪਰ ਉਨ੍ਹਾਂ ਦਿਨਾਂ ਵਿਚ ਉਸ ਨਿੱਕੀ ਜਿਹੀ ਝਿੜੀ ਵਿਚ ਵਸਣ ਵਾਲੇ ਤਪੀ ਲੋਕ, ਸਤਿਜੁਗ, ਤ੍ਰੇਤੇ, ਦੁਆਪਰ ਦੇ ਹੋ ਚੁੱਕੇ ਰਿਸ਼ੀਆਂ-ਮੁਨੀਆਂ ਸਾਧਕਾਂ, ਬਾਨਪ੍ਰਸਤਾਂ, ਸੰਨਿਆਸੀਆਂ ਨਾਲੋਂ ਕਿਸੇ ਤਰ੍ਹਾਂ ਵੀ ਘਟ ਨਹੀਂ ਸਨ। ਜੋ ਵੀ ਕੋਈ ਪ੍ਰੇਮੀ ਉਸ ਝੜੀ ਵਿਚ ਦਾਖਲ ਹੋ ਜਾਂਦਾ, ਤਾਂ ਛੋਟੇ ਜਿਹੇ ਰਸਤੇ ਤੇ ਚਲਦਾ ਹੋਇਆ ਲੰਗਰ ਤਕ ਪੁਜ ਜਾਇਆ ਕਰਦਾ ਸੀ। ਸੰਤ ਮਹਾਰਾਜ ਜੀ ਹਰ ਸਮੇਂ ਭੋਰੇ ਵਿਚ ਵਾਹਿਗੁਰੂ ਜੀ ਨਾਲ ਲਿਵਤਾਰ ਰਿਹਾ ਕਰਦੇ ਸਨ। ਉਥੇ ਰਹਿਣ ਵਾਲੇ ਅਨੇਕ ਗੁਰਮੁਖ ਪਿਆਰੇ ਮੋਨ ਵਿਚ ਰਹਿੰਦੇ ਸਨ ਅਤੇ ਬਹੁਤ ਹੀ ਘਟ ਬਚਨ ਕਰਿਆ ਕਰਦੇ ਸਨ। ਇਸ ਸਹਿਜ ਤਪ ਦੀਆਂ ਖੁਸ਼ਬੋਆਂ ਦੀ ਸੁਗੰਧੀ ਦੂਰ-ਦੂਰ ਤਕ ਫੈਲ ਗਈ ਅਤੇ ਇਸ ਇਲਾਕੇ ਨੂੰ ਮਹਿਕਾਉਣ ਲੱਗੀ। ਉਹ ਸਮਾਂ ਅਜਿਹਾ ਸੀ ਜਿਸ ਵਿਚ ਖੰਡਨ-ਮੰਡਨ ਆਪਣੇ ਪੂਰੇ ਜੋਬਨ ਤੇ ਸੀ। ਰੂਹਾਨੀ ਪ੍ਰੇਮ ਲੋਅ ਮਧਮ ਪੈ ਚੁਕੀ ਸੀ ਹਰ ਪਾਸੇ ਤਰਕ ਹੀ ਤਰਕ ਸੀ ਜਾਂ ਭੇਖ ਹੀ ਭੇਖ ਸੀ ਪਰ ਅਭੋਲ ਅਵਸਥਾ ਵਿਚ ਪਿੰਡਾਂ ਵਿਚ ਗੁਰਸਿੱਖਾਂ ਦਾ ਜੀਵਨ ਬਹੁਤ ਉਚਾ ਹੁੰਦਾ ਸੀ। ਅੰਮ੍ਰਿਤ ਵੇਲੇ ਜਾਗਣਾ, ਖੂਹਾਂ ਤੇ ਇਸ਼ਨਾਨ ਕਰਨਾ ਅਤੇ ਫੇਰ ਸਵੱਛ ਥਾਂ ਦੇਖ ਕੇ ਪਿੰਡੋਂ ਬਾਹਰ ਹੀ ਕਿਸੇ ਟੋਭੇ ਦੇ ਕੰਢੇ ਤੇ ਜਾਂ ਕਿਸੇ ਸਵੱਛ ਖੂਹ ਦੇ ਨੇੜੇ ਬੈਠ ਕੇ ਪ੍ਰਭੂ ਦੀ ਯਾਦ ਵਿਚ ਸਮਾਂ ਬਤੀਤ ਕਰਨਾ, ਬਹੁਤ ਹੀ ਅਨੋਖੀਆਂ ਅਤੇ ਪਿਆਰੀਆਂ ਯਾਦਾਂ ਦਿਵਾਉਂਦਾ ਹੈ। ਇਕੱਲੇ ਸਿੰਘ ਹੀ ਨਹੀਂ ਬੈਠਿਆ ਕਰਦੇ ਸਨ, ਪਿੰਡਾਂ ਦੇ ਸ੍ਰੇਸ਼ਟ ਬ੍ਰਾਹਮਣ ਤੇ ਹੋਰ ਕਿਰਤੀ ਪ੍ਰੇਮੀ ਭੀ ਆਪਣੇ-ਆਪਣੇ ਨਿਸ਼ਚੇ ਅਨੁਸਾਰ ਪ੍ਰਭੂ ਦੀ ਯਾਦ ਵਿਚ ਲੀਨ ਰਹਿੰਦੇ ਸਨ। ਖੰਡਨ-ਮੰਡਨ ਦੀਆਂ ਲਹਿਰਾਂ ਉਨ੍ਹਾਂ ਤਕ ਨਹੀਂ ਪਹੁੰਚਿਆ ਕਰਦੀਆਂ ਸਨ। ਉਹ ਇਕ ਖਾਸ ਹੀ ਗਰੁੱਪ ਸੀ ਜਿਹੜਾ ਇਸ ਕੁਚੱਜੇ ਮਾਰਗ ਤੇ ਪਿਆ ਹੋਇਆ ਸੀ। ਆਮ ਜਨਤਾ, ਬਿਨਾਂ ਵਿਤਕਰੇ ਸਾਧੂਆਂ ਦੇ ਦਰਸ਼ਨ ਦੀ ਲੋਚਾ ਦਿਲ ਵਿਚ ਰਖਦੀ ਸੀ ਅਤੇ ਜਦੋਂ ਵੀ ਮੌਕਾ ਮਿਲਦਾ ਤਾਂ ਕਾਰੋਬਾਰ ਛੱਡ ਕੇ ਜ਼ਰੂਰ ਦਰਸ਼ਨ ਕਰਦੇ ਸਨ। ਉਸ ਵੇਲੇ ਦੇ ਬੰਦਿਆਂ ਵਿਚ ਵਖੇਵੇਂ ਨਹੀਂ ਸਨ। ਨਿਰਾ ਪਿਆਰ ਹੀ ਸੀ, ਭੋਲਾਪਨ ਸੀ, ਪਿੰਡ ਤੇ ਗੁਰਦੁਆਰੇ ਦੇ ਗ੍ਰੰਥੀ ਸਿੰਘ ਸੇਵਾ ਭਾਵਨਾ ਨਾਲ ਹੀ ਸੇਵਾ ਕਰਿਆ ਕਰਦੇ ਸਨ। ਅਖੰਡਪਾਠਾਂ ਅਤੇ ਸਹਿਜ ਪਾਠਾਂ ਦੇ ਚੜ੍ਹਾਵੇ ਨਿਜ ਲਈ ਨਹੀਂ ਵਰਤਿਆ ਕਰਦੇ ਸਨ। ਹੋਰ ਪ੍ਰੇਮੀ ਵੀ ਅਖੰਡਪਾਠ, ਕੀਰਤਨ ਕਰਕੇ ਜੋ ਵੀ ਮਾਇਆ ਪ੍ਰਾਪਤ ਹੁੰਦੀ, ਕੌਡੀ-ਕੌਡੀ ਗੁਰੂ ਕੇ ਹਿਸਾਬ ਵਿਚ ਦੇ ਦਿਆ ਕਰਦੇ ਸਨ। ਹਰ ਪਿੰਡ ਵਿਚ ਟਾਵੇਂ-ਟਾਵੇਂ ਸਿੰਘ ਹੋਇਆ ਕਰਦੇ ਸਨ ਪਰ ਉਨ੍ਹਾਂ ਦਾ ਸਤਿਕਾਰ ਬਹੁਤ ਹੋਇਆ ਕਰਦਾ ਸੀ। ਅਜੇ Political ਪਾਰਟੀਆਂ ਨੇ ਆਪਣਾ ਪ੍ਰਭਾਵ ਪੂਰੀ ਤਰ੍ਹਾਂ ਨਹੀਂ ਫੈਲਾਇਆ ਸੀ, ਉਨ੍ਹਾਂ ਵਿਚ ਭੀ ਕਰਨੀ ਕਮਾਈ ਵਾਲੇ ਗੁਰਸਿੱਖ ਹੋਇਆ ਕਰਦੇ ਸਨ ਜਿਵੇਂ ਕਿ ਨਾਰੰਗਵਾਲ ਵਾਲੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਤੇ ਉਨ੍ਹਾਂ ਦੇ ਬਹੁਤ ਸਾਰੇ ਸਾਥੀ ਸਨ। ਲੋਕਾਂ ਦੇ ਮਨਾਂ ਵਿਚ ਇਨ੍ਹਾਂ ਲਈ ਬਹੁਤ ਹੀ ਸਤਿਕਾਰ ਸੀ। ਉਸ ਸਮੇਂ ਸਿੰਘਾਂ ਦਾ character ਠੀਕ ਉਸੇ ਤਰ੍ਹਾਂ ਤੇ ਉਸ ਤੋਂ ਵੀ ਵੱਧ ਖਿੱਚ ਵਾਲਾ ਸੀ, ਜੋ ਅਹਿਮਦਸ਼ਾਹ ਅਬਦਾਲੀ ਨਾਲ ਆਏ ਨੂਰਦੀਨ ਲਿਖਾਰੀ ਨੇ ਜੰਗਨਾਮੇ ਵਿਚ ਲਿਖਿਆ ਹੈ। ਉਸ ਵੇਲੇ ਸਮਾਜ ਵਿਚ ਸਿੰਘ ਨਿਆਰੇ ਸਨ, ਜਿਨ੍ਹਾਂ ਦੇ ਜ਼ਿੰਮੇ ਬੇਅੰਤ ਕਿਸਮ ਦੀਆਂ ਕੁਰੀਤੀਆਂ ਦੂਰ ਕਰਨੀਆਂ, ਮੇਲਿਆਂ ਦੇ ਪ੍ਰਭਾਵ ਵਿਚ ਗਾਈਆਂ ਹੋਈਆਂ ਗੰਦੀਆਂ ਬੋਲੀਆਂ ਦੀ ਥਾਂ ਬਾਣੀ ਵਿਚੋਂ ਧਾਰਨਾਵਾਂ ਛਾਂਟ ਕੇ ਉਸ ਬਿਮਾਰੀ ਤੋਂ ਆਮ ਜਨਤਾ ਨੂੰ ਬਚਾਉਣਾ ਸੀ। ਇਹ ਅਜਿਹਾ ਸਮਾਂ ਸੀ ਜਿਸ ਬਾਰੇ ਬਹੁਤ ਹੀ ਵਿਸਥਾਰ ਨਾਲ ਲਿਖਿਆ ਜਾ ਸਕਦਾ ਹੈ ਭਾਵੇਂ ਸਿੱਖਾਂ

ਦੀ ਗਿਣਤੀ ਬਹੁਤ ਹੀ ਘੱਟ ਸੀ ਕਿਉਂਕਿ ਆਮ ਲੋਕ ਆਪਣੇ ਆਪ ਨੂੰ ਸਿੱਖ ਘਟ ਹੀ ਲਿਖਾਇਆ ਕਰਦੇ ਸਨ। 1931 ਦੀ ਗੱਲ ਹੈ, ਮੈਂ ਆਪਣੇ ਚਾਚਿਆਂ, ਤਾਇਆਂ, ਦਾਦਿਆਂ ਦੇ ਮੁਹੱਲੇ ਦੇ ਪਤਵੰਤਿਆਂ ਨਾਲ ਸਹਿਜ ਨਾਲ ਹੀ ਗੱਲ ਕਰ ਰਿਹਾ ਸਾਂ ਕਿ ਮਰਦਮਸ਼ੁਮਾਰੀ ਵਾਲੇ ਲਿਖ ਰਹੇ ਹਨ, ਤੁਸੀਂ ਆਪਣੇ ਆਪ ਨੂੰ ਕੀ ਲਿਖਾਉਣਾ ਹੈ ? ਮੈਨੂੰ ਕਹਿਣ ਲੱਗੇ ਕਿ ਤੁਹਾਡਾ ਘਰ ਤਾਂ ਸਿੱਖਾਂ ਦਾ ਹੈ, ਤੁਸੀਂ ਤਾਂ ਸਿੱਖ ਹੀ ਲਿਖਾਓਗੇ ਪਰ ਅਸੀਂ ਤਾਂ ਹਿੰਦੂ ਜੱਟ ਹਾਂ, ਅਸੀਂ ਹਿੰਦੂ ਹੀ ਲਿਖਾਵਾਂਗੇ। ਉਨ੍ਹਾਂ ਦਿਨਾਂ ਵਿਚ ਰਾਜਸੀ ਜਾਗਰਤਾ ਅਜੇ ਕੁਰਸੀ ਦੇ ਲੋਭ ਵਿਚ ਨਹੀਂ ਫਸੀ ਹੋਈ ਸੀ, ਸੀਸ ਵਾਰ ਦੇਣਾ, ਜੇਲ੍ਹਾਂ ਕੱਟ ਲੈਣੀਆਂ, ਜਾਇਦਾਦਾਂ ਜ਼ਬਤ ਕਰਾ ਲੈਣੀਆਂ, ਹੋਰ ਅਨੇਕਾਂ ਹੀ ਕੁੱਟਾਂ ਮਾਰਾਂ ਭਾਣਾ ਮਿੱਠਾ ਕਰਕੇ ਸਹਿ ਲੈਣੀਆਂ। ਇਹ ਗੁਰਸਿੱਖਾਂ ਦੇ ਜੀਵਨ ਵਿਚ ਵਰਤ ਰਹੀ ਪ੍ਰਗਟ ਉਦਾਹਰਣ ਸੀ। ਉਨ੍ਹਾਂ ਦਿਨਾਂ ਵਿਚ ਗੰਗਸਰ ਜੈਤੋ ਦੇ ਮੋਰਚੇ ਲੱਗੇ ਹੋਏ ਸਨ। ਸਿੰਘ ਸ਼ਹੀਦੀਆਂ ਵਾਸਤੇ ਬਹੁਤ ਹੀ ਚਾਅ-ਮਲ੍ਹਾਰ ਨਾਲ ਘਰਾਂ ਤੋਂ ਜਾਇਆ ਕਰਦੇ ਸਨ ਪਰ ਆਮ ਜਨਤਾ ਵਿਚ ਅਜੇ ਰਾਜਸੀ ਸੂਝ ਪੈਦਾ ਨਹੀਂ ਸੀ ਹੋਈ ਕਿਉਂਕਿ ਉਹ ਬਜ਼ੁਰਗ ਅਜੇ ਜਿਉਂਦੇ ਸਨ ਜਿਨ੍ਹਾਂ ਨੇ ਮਲੇਰ ਕੋਟਲੇ ਵਿਚ ਮਿਸਟਰ ਕੋਵਨ ਡੀ. ਸੀ. ਲੁਧਿਆਣਾ ਰਾਹੀਂ ਅਤੇ ਕਮਿਸ਼ਨਰ ਜਲੰਧਰ ਰਾਹੀਂ ਮਲੇਰ ਕੋਟਲੇ ਦਾ ਸਾਕਾ ਅੱਖੀਂ ਦੇਖਿਆ ਅਤੇ ਕੰਨੀਂ ਸੁਣਿਆ ਸੀ। ਉਹ ਅਜ਼ਾਦੀ ਦੇ ਪ੍ਰਵਾਨੇ ਤੋਪਾਂ ਨਾਲ ਉਡ ਗਏ, ਪਿੰਡਾਂ ਵਿਚ ਇਕ ਦਮਨ ਚੱਕਰ ਚਲ ਰਿਹਾ ਸੀ ਜਿਸ ਕਰਕੇ ਆਪਣੇ ਆਪ ਨੂੰ ਸਿੰਘਾਂ ਵਿਚ ਸ਼ਾਮਲ ਕਰਨ ਲਈ ਲੋਕ ਬਹੁਤ ਝਿਜਕਦੇ ਸਨ। ਪਿੰਡ ਵਿਚ ਬ੍ਰਾਹਮਣਾਂ ਦਾ ਬੜਾ ਸਤਿਕਾਰ ਹੋਇਆ ਕਰਦਾ ਸੀ, ਉਹੋ ਹੀ ਨਵ-ਜੰਮੇ ਬਾਲਾਂ ਦੇ ਹੋਰੋਸਕੋਪ, ਜਨਮ-ਪਤਰੀਆਂ ਬਣਾਇਆ ਕਰਦੇ ਸਨ, ਓਹੀ ਵਿਆਹ ਦੇ ਦਿਨ, ਸਫਰ ਕਰਨ ਦੇ ਦਿਨ, ਸੁਧਾਂ, ਨਛੱਤਰਾਂ, ਗ੍ਰਹਿਾਂ ਦੇ ਮਾਰੂ ਅਸਰਾਂ ਬਾਰੇ ਦੱਸਿਆ ਕਰਦੇ ਸਨ। ਇਹ ਵਰਗ ਬਹੁਤ ਸਿਆਣਾ ਸੀ। ਉਹ ਗੁਰਸਿੱਖੀ ਦੇ ਅਸਰਾਂ ਨੂੰ ਪੂਰੀ ਤਰ੍ਹਾਂ ਭਾਂਪ ਕੇ ਜਾਣਦਾ ਸੀ ਕਿ ਜੇ ਇਹ ਲੋਕ ਅੰਮ੍ਰਿਤ ਛਕ ਕੇ ਸਿੰਘ ਬਣ ਜਾਣ ਤਾਂ ਉਨ੍ਹਾਂ ਦੀ ਪੁਛ-ਗਿੱਛ ਬਹੁਤ ਹਦ ਤੱਕ ਘਟ ਜਾਣ ਦੀ ਸੰਭਾਵਨਾ ਹੈ। ਕਿਉਂਕਿ ਜਿਨ੍ਹਾਂ ਨੇ ਅੰਮ੍ਰਿਤ ਛਕੇ ਹੋਏ ਸਨ ਉਹ ਨਾ ਗ੍ਰਹਿਾਂ ਨੂੰ ਮੰਨਦੇ ਸਨ ਅਤੇ ਨਾ ਹੀ ਗ੍ਰਹਿਾਂ ਦੀ ਨਵਿਰਤੀ ਵਾਸਤੇ ਦਸੇ ਪੁੰਨ-ਦਾਨ, ਜਪਾਂ-ਤਪਾਂ ਨੂੰ ਮੰਨਦੇ ਸਨ, ਉਹ ਆਪਣੇ ਉਪਰੋਂ ਵਾਰ ਕੇ ਸੱਤ ਕਿਸਮ ਦੇ ਅਨਾਜ ਅਤੇ ਤੇਲ ਵਗੈਰਾ, ਪੀਲੀ ਧਾਤ ਦਾ ਗਹਿਣਾ ਦੇਣ ਵਿਚ ਸੰਕੋਚ ਕਰਿਆ ਕਰਦੇ ਸਨ। ਕਿਓਂ ? ਉਹ ਵਾਹਿਗੁਰੂ ਜੀ ਦਾ ਨਾਮ ਜਪਦੇ ਸਨ। ਬਾਣੀ ਪੜ੍ਹਦੇ ਸਨ ਅਤੇ ਇਹ ਵਿਸ਼ਵਾਸ਼ ਦੇ ਧਾਰਨੀ ਸਨ ਕਿ ਨਾਮ ਜਪ ਕੇ ਸਾਰੇ ਗ੍ਰਹਿਾਂ, ਵਿਘਨਾਂ ਤੋਂ ਬਚਿਆ ਜਾ ਸਕੀਦਾ ਹੈ, ਨਾਮ ਸ਼ਕਤੀ ਵਿਚ ਸਾਰੇ ਹੀ ਪੁੰਨ ਦਾਨ, ਪ੍ਰਾਸਚਿਤ ਕਰਮ ਆ ਜਾਂਦੇ ਹਨ। ਜਾਤ-ਪਾਤ ਦੀ ਵੰਡ ਦਾ ਬਹੁਤ ਹੀ ਜ਼ੋਰ ਸੀ।

ਮੇਰੇ ਯਾਦ ਹੈ ਕਿ ਮੈਂ ਸੱਤਵੀਂ ਜਮਾਤ ਵਿਚ ਲੁਕਣ-ਮੀਚੀ ਖੇਲ੍ਹ ਰਿਹਾ ਸੀ। ਮੇਰੇ ਸਿਰ ਪਿਤ ਸੀ, ਸਕੂਲੋਂ ਆ ਕੇ ਜਦੋਂ ਮੈਂ ਖੇਲ੍ਹਣ ਵਾਸਤੇ ਤੁਰਿਆ ਤਾਂ ਮੇਰੇ ਮਾਤਾ ਜੀ ਨੇ ਮੇਰੇ ਖੀਸੇ ਵਿਚ ਗਰਮ-ਗਰਮ ਮੱਕੀ ਦੇ ਦਾਣੇ, ਖਿੱਲਾਂ ਵਾਲੇ ਭੁੰਨਾ ਕੇ ਜੇਬ ਭਰ ਦਿਤੀ ਕਿ ਤੂੰ ਖੇਲ੍ਹਦਾ ਵੀ ਰਹਿ ਪਰ ਇਹ ਦਾਣੇ ਵੀ ਚੱਬ ਲਈਂ। ਅਜਕੱਲ੍ਹ ਦੇ ਬੱਚਿਆਂ ਵਾਲਾ ਵਾਤਾਵਰਣ ਉਸ ਸਮੇਂ ਨਹੀਂ ਸੀ, ਸਾਧਾਰਣ ਜ਼ਿੰਦਗੀ ਹੋਇਆ ਕਰਦੀ ਸੀ। ਵਿਖਾਵੇ ਵਾਲੀ ਕੋਈ ਚੀਜ਼ ਨਹੀਂ ਹੋਇਆ ਕਰਦੀ ਸੀ। ਮੇਰੇ ਸਿਰ ਪਿਤ ਹੋਣ ਕਰਕੇ ਮੈਂ ਅੱਖਾਂ ਮੀਚ

ਲਈਆਂ, ਸਾਥੀ ਮੇਰੇ ਛੁਪ ਗਏ, ਮੇਰੇ ਹੱਥ ਕੋਈ ਵੀ ਨਹੀਂ ਆਇਆ। ਇਕ ਮੇਰਾ class fellow ਬਾਬੂ ਖਾਨ ਅਜੇ ਤਕ ਨਿਯਤ ਥਾਂ ਤੇ ਹੱਥ ਲਾਉਣ ਲਈ ਪਹੁੰਚਿਆ ਨਹੀਂ ਸੀ, ਮੈਂ ਉਸਨੂੰ ਵੇਖ ਕੇ ਜਾ ਛੋਹਿਆ। ਮੇਰੇ ਦੂਸਰੇ ਹੱਥ ਵਿਚ ਮੱਕੀ ਦੀਆਂ ਖਿੱਲਾਂ ਸਨ ਉਨ੍ਹਾਂ ਦਾ ਮੈਂ ਫੱਕਾ ਮੂੰਹ ਵਿਚ ਮਾਰ ਲਿਆ। ਘਰਾਂ ਵਿਚੋਂ ਮੇਰੇ ਭੂਆ ਜੀ ਪਾਣੀ ਦਾ ਘੜਾ ਸਿਰ ਤੇ ਰੱਖੀਂ ਲਿਆ ਰਹੇ ਸਨ ਉਨ੍ਹਾਂ ਨੇ ਵੇਖ ਲਿਆ ਕਿ ਇਸਨੇ ਮੁਸਲਮਾਨ ਨੂੰ ਛੋਹ ਕੇ ਫੇਰ ਖਿਲਾਂ ਦਾ ਫੱਕਾ ਮੂੰਹ ਵਿਚ ਮਾਰਿਆ ਹੈ। ਬਾਬੂ ਖਾਨ ਦਾ ਹੱਥ ਮੈਂ ਸਹਿਜ ਨਾਲ ਹੀ ਆਪਣੇ ਹੱਥ ਵਿਚ ਫੜਿਆ ਹੋਇਆ ਸੀ। ਉਸ ਦੇ ਸਿਰ ਪਿਤ ਆ ਗਈ ਸੀ। ਜਦੋਂ ਮੈਂ ਦੂਜਾ ਫੱਕਾ ਮਾਰਨ ਲੱਗਿਆ ਤਾਂ ਭੂਆ ਨੇ ਆ ਕੇ ਮੇਰੇ ਉਤੇ ਪਾਣੀ ਦਾ ਘੜਾ ਪਲਟ ਦਿਤਾ ਅਤੇ ਮੇਰੇ ਹੱਥ ਨੂੰ ਜ਼ੋਰ ਨਾਲ ਧੱਪਾ ਮਾਰਿਆ। ਮੇਰੇ ਸਾਰੇ ਹੱਥ ਵਾਲੇ ਦਾਣੇ ਧਰਤੀ ਤੇ ਗਿਰ ਗਏ ਤੇ ਜੇਬ ਵਾਲੇ ਭਿੱਜ ਗਏ। ਕਹਿਣ ਲੱਗੇ ਤੂੰ ਭਿਟਿਆ ਗਿਆ ਹੈਂ, ਤੂੰ ਇਥੇ ਹੀ ਠਹਿਰ ਮੈਂ ਪੰਡਤ ਜੀ ਤੋਂ ਗੰਗਾ ਜਲ ਲੈ ਕੇ ਆਉਂਦੀ ਹਾਂ, ਉਸ ਦੇ ਛਿੱਟੇ ਮੈਂ ਤੇਰੇ ਉਤੇ ਮਾਰਾਂਗੀ ਫੇਰ ਤੇਰੀ ਭਿੱਟ ਦੂਰ ਹੋਵੇਗੀ। ਇਹ ਸਮੇਂ 1920 ਤੋਂ 1926 ਦੇ ਵਿਚ-ਵਿਚ ਦੇ ਦਿਨ ਹਨ। ਸੋ ਇਹ ਹਾਲਾਤ ਸੀ। ਉਸ ਵੇਲੇ ਦੇ ਸਮਾਜ ਦੀ ਭਾਵੇਂ ਜਾਤਾਂ ਦੇ ਆਧਾਰ ਤੇ ਕੋਈ ਨਫਰਤ ਨਹੀਂ ਸੀ। ਇਕ ਦੂਜੇ ਦੇ ਦੁਖ-ਸੁਖ ਪੂਰੀ ਤਰ੍ਹਾਂ ਨਾਲ ਇਕੱਠੇ ਹੋ ਕੇ ਭੁਗਤਦੇ ਸਨ ਪਰ ਵਹਿਮ-ਪ੍ਰਸਤੀ ਹੱਦ ਤੋਂ ਜ਼ਿਆਦਾ ਸੀ। ਸੋ ਉਸ ਸਮੇਂ ਜਾਗ੍ਰਤ ਕੇਵਲ ਗੁਰਸਿਖਾਂ ਵਿਚ ਹੀ ਸੀ, ਬਾਕੀ ਸਾਰੇ ਲੋਕ ਪਿੰਡ ਦੇ ਪਰੋਹਿਤ ਦੇ ਕਹੇ ਵਿਚ ਚਲਦੇ ਸਨ ਜਾਂ ਫੇਰ ਸਰਵਰੀਏ ਭਰਾਈ ਨੂੰ ਮੰਨਦੇ ਸਨ। ਉਹ ਵੱਡਾ ਰੋਟ ਲਾਹ ਕੇ ਇਕ ਕੰਢੇ ਤੇ ਚੱਕ ਮਾਰਿਆ ਕਰਦਾ ਸੀ, ਉਸਦਾ ਜੂਠਾ ਪ੍ਰਸ਼ਾਦ ਸਮਝ ਕੇ ਲੋਕ ਲਿਆ ਕਰਦੇ ਸਨ ਅਤੇ ਉਸ ਦਾ ਕਿਣਕਾ-ਕਿਣਕਾ ਘਰਾਂ ਵਿਚ ਲਿਜਾ ਕੇ ਵੰਡਦੇ ਸਨ। ਇਹ ਮੈਂ ਉਸ ਸਮੇਂ ਦੀ ਜੋ ਚੇਤਨ ਅਵਸਥਾ ਸੀ ਉਸ ਦੇ ਬਾਰੇ ਜਾਣਕਾਰੀ ਵਾਸਤੇ ਲਿਖਿਆ ਹੈ। ਉਨ੍ਹਾਂ ਦਿਨਾਂ ਵਿਚ ਭਾਈ ਰਣਧੀਰ ਸਿੰਘ ਜੀ ਵਰਗੇ ਕਰਮਯੋਗੀ ਸੰਤ, ਦੇਸ਼ ਦੀ ਅਜ਼ਾਦੀ ਦੀ ਜ਼ਿੰਮੇਵਾਰੀ ਆਪਣੇ ਹੀ ਸਿਰ ਤੇ ਸਮਝਦੇ ਸਨ। ਗੁਰਸਿੱਖੀ ਦੇ ਅਸਰ ਹੇਠ ਆਏ ਹੋਏ ਗੁਰਸਿਖਾਂ ਨੇ ਆਪਣੇ ਗਲਾਂ ਵਿਚ ਫਾਂਸੀਆਂ ਦੇ ਰੱਸੇ ਪੁਆਏ, ਜਾਇਦਾਦਾਂ ਜ਼ਬਤ ਕਰਾਈਆਂ, ਵੱਡੇ ਜੁਰਮਾਨੇ ਭਰੇ ਅਤੇ ਹਰ ਤਰ੍ਹਾਂ ਦਾ ਜ਼ਬਰ ਸਹਿਨ ਕੀਤਾ। ਇਸੇ ਕਰਕੇ ਜਿਨ੍ਹਾਂ ਨੇ ਅੰਕੜੇ ਇਕੱਠੇ ਕੀਤੇ ਹਨ ਉਹ ਦਸਦੇ ਹਨ ਕਿ ਭਾਰਤ ਨੂੰ ਆਜ਼ਾਦ ਕਰਾਉਣ ਵਾਸਤੇ 80% ਗੁਰਸਿਖਾਂ ਨੇ ਫਾਂਸੀ ਦੇ ਰੱਸਿਆਂ ਨੂੰ ਚੁੰਮਿਆ, 86% ਨੇ ਘਰ ਜ਼ਬਤ ਕਰਾਏ। ਬਾਕੀ ਭਾਰਤ ਦੇ ਹਿੱਸੇ ਕੇਵਲ 20% ਕੁਰਬਾਨੀਆਂ ਹੀ ਆਈਆਂ। ਉਸ ਸਮੇਂ ਦੇ ਗੁਰਸਿੱਖ ਕਿਸੇ ਉਪਰ ਅਹਿਸਾਨ ਨਹੀਂ ਕਰਦੇ ਸਨ। ਸੁਭਾਵਿਕ ਹੀ ਗੁਰੂ ਦੇ ਵਾਸਤੇ ਸੀਸ ਵਾਰ ਦਿਆ ਕਰਦੇ ਸਨ। ਮਾਫੀ ਮੰਗਣਾ ਇਕ ਭਾਰੀ ਬੱਜਰ ਕੁਰਹਿਤ ਦੇ ਸਮਾਨ ਸਮਝਿਆ ਜਾਂਦਾ ਸੀ। ਇਹ ਵਾਤਾਵਰਣ ਉਹੀ ਸੀ ਜੋ ਮਹਾਰਾਜਾ ਰਣਜੀਤ ਸਿੰਘ ਦੇ ਸੰਸਾਰ ਤੋਂ ਜਾਣ ਪਿਛੋਂ ਸਿੱਖ ਰਾਜ ਦੀ ਸੁਤੰਤਰਤਾ ਗੁਆ ਕੇ ਜੋ ਅਸਰ ਸਿੱਖਾਂ ਦੇ ਮਨ ਉਪਰ ਹੋਇਆ-ਹੋਇਆ ਸੀ ਉਸ ਅਧੀਨ ਹੀ ਨਾਮਧਾਰੀ ਸੂਰਬੀਰਾਂ ਨੇ ਆਪਣੇ ਪ੍ਰਾਣਾਂ ਦੇ ਬਲਿਦਾਨ ਹਸਦਿਆਂ-ਹਸਦਿਆਂ ਦਿਤੇ ਤੇ ਤੋਪਾਂ ਨੂੰ ਮੁਕਤ ਦਾਤੀ ਕਹਿ ਕੇ ਜੱਫੀਆਂ ਪਾਈਆਂ। ਨਜ਼ਰਬੰਦੀਆਂ, ਜਾਇਦਾਦਾਂ ਦੀਆਂ ਜ਼ਬਤੀਆਂ ਦੇ ਦੁਖ ਸਹੇ। ਇਹ ਰੀਤਾਂ 1930 ਦੇ ਲਗਭੱਗ

ਤਕ ਚਲਦੀਆਂ ਹੀ ਰਹੀਆਂ। ਇਸ ਪਿਛੋਂ ਰਾਜਸੀ ਜਾਗ੍ਰਤੀ ਆਉਣ ਨਾਲ ਸਮੇਂ ਨੇ ਕੁਝ ਪਲਟਾ ਖਾਧਾ ਪਰ ਪਹਿਲੇ ਜੀਵਨ ਨਾਲੋਂ ਗੁਰਸਿੱਖੀ ਦੇ ਜੀਵਨ ਵਿਚ ਫਰਕ ਪੈ ਗਿਆ। ਇਹ ਸਮਾਂ ਉਹ ਸੀ ਜਦੋਂ ਸੰਤ ਮਹਾਰਾਜ ਜੀ ਆਪਣੀ ਪੜ੍ਹਾਈ ਛੱਡ ਕੇ ਪੂਰੀ ਜਵਾਨੀ ਮਾਣਦਿਆਂ ਆਪਣਾ ਸਮਾਂ ਲਗਾਤਾਰ ਭੋਰਿਆਂ ਵਿਚ ਜਾਂ ਉਚੇ ਟਿੱਬਿਆਂ ਤੇ ਬੈਠ ਕੇ ਪ੍ਰਭੂ ਸਿਮਰਨ ਵਿਚ ਲੰਘਾ ਰਹੇ ਸਨ।

ਇਕ ਵਾਰੀ ਸੰਤ ਮਹਾਰਾਜ ਜੀ ਨਾਲ ਬਚਨ ਹੋਏ ਤਾਂ ਮੈਂ ਕਿਹਾ ਕਿ ਮੈਨੂੰ ਦਿੱਲੀ ਤੋਂ ਚਿੱਠੀ ਆਈ ਹੈ ਕਿ ਮੈਂ ਤੁਹਾਡੇ ਜੀਵਨ ਬਾਰੇ ਪ੍ਰੀਤਮ ਸਿੰਘ ਦੇ ਨਾਮ ਦੇ ਪ੍ਰੇਮੀ ਨੂੰ ਕੁਝ ਦੱਸਾਂ। ਸੰਤ ਮਹਾਰਾਜ ਜੀ ਕਹਿਣ ਲੱਗੇ ਕਿ ਸੰਤਾਂ ਦੇ ਜੀਵਨ ਨੂੰ ਕੌਣ ਲਿਖ ਸਕਦਾ ਹੈ। ਕਿਉਂਕਿ ਦੁਨੀਆਂ ਬਾਹਰਲੇ ਜੀਵਨ ਨੂੰ ਤਾਂ ਦੇਖ ਸਕਦੀ ਹੈ ਪਰ ਜੋ ਅੰਦਰ ਲਗਾਤਾਰੀ ਸੰਘਰਸ਼ ਪੰਜਾਂ ਚੋਰਾਂ, ਪੰਜਾਂ ਵਿਸ਼ਿਆਂ, ਪੰਜਾਂ ਠੱਗਾਂ, ਆਸਾ-ਤ੍ਰਿਸ਼ਨਾਂ ਡੈਣਾਂ ਦੇ ਸੰਘਾਰ ਲਈ ਦਿਨ ਰਾਤ ਸੁਚੇਤ ਹੋ ਕੇ ਚਲਦਾ ਹੈ ਅਤੇ ਪ੍ਰਭੂ ਪਿਆਰ ਦੇ ਵਲਵਲੇ, ਸੁਰਤ ਦੀਆਂ ਅੰਦਰੂਨੀ ਚੜ੍ਹਾਈਆਂ ਅਤੇ ਪ੍ਰਾਪਤੀਆਂ ਬਾਰੇ ਕੋਈ ਕੁਝ ਨਹੀਂ ਕਹਿ ਸਕਦਾ ਕਿਉਂਕਿ ਬਹੁਤ ਘੱਟ ਮਹਾਂਪੁਰਸ਼ ਐਸੇ ਹਨ ਜੋ ਆਪਣੀ ਅੰਦਰਲੀ ਅਵਸਥਾ ਨੂੰ ਸੰਸਾਰ ਵਿਚ ਪ੍ਰਗਟ ਕਰਨ। ਜਿਸ ਤਰ੍ਹਾਂ ਕੋਈ ਸੁਘੜ ਬੀਬੀ ਆਪਣਾ ਨੰਗੇਜ਼ ਕਿਸੇ ਨੂੰ ਦ੍ਰਿਸ਼ਟੀਗੋਚਰੇ ਨਹੀਂ ਹੋਣ ਦਿੰਦੀ ਇਵੇਂ ਹੀ ਸੰਤ ਆਪਣੀਆਂ ਅੰਦਰਲੀਆਂ ਅਵਸਥਾਵਾਂ ਪ੍ਰਗਟ ਨਹੀਂ ਕਰਦੇ ਅਤੇ ਬਾਣੀ ਦੀ ਤੁਕ -

***ਹੋਨਿ ਨਜੀਕਿ ਖੁਦਾਇ ਦੈ ਭੇਤੁ ਨ ਕਿਸੈ ਦੇਨਿ॥ ਪੰਨਾ-1384***

ਦੀ ਪੂਰੀ-ਪੂਰੀ ਪਾਲਣਾ ਕਰਦੇ ਹਨ। ਮੇਰੇ ਬਾਰ-ਬਾਰ ਬੇਨਤੀ ਕਰਨ ਤੇ ਆਪ ਜੀ ਨੇ ਦੱਸਿਆ ਕਿ ਜਦੋਂ ਸਬਦਿ ਸੁਰਤਿ ਰਾਹੀਂ ਆਤਮ ਮਾਰਗ ਦੇ ਅਤਿ ਉਚੇ ਰਸਤੇ ਉਪਰ ਕਦਮ-ਕਦਮ ਚੜ੍ਹਦਿਆਂ ਉਪਰ ਨੂੰ ਜਾਂਦੇ ਰਹੇ ਸਾਂ ਤਾਂ ਰਸਤੇ ਵਿਚ ਬਹੁਤ ਹੀ ਰੁਕਾਵਟਾਂ ਆਈਆਂ ਸਨ। ਪਹਿਲਾਂ ਬਾਹਰੀ ਤੌਰ ਦੇ ਉਪਰ ਨਿੰਦਕਾਂ ਨਾਲ ਵਾਹ ਪੈਂਦਾ ਹੈ, ਦੋਖੀਆਂ ਦੇ ਮਾੜੇ ਮਨਸੂਬੇ ਝਲਣੇ ਪੈਂਦੇ ਹਨ ਫੇਰ ਅੰਦਰਲੇ ਸੰਘਰਸ਼ ਵਿਚ ਪੰਜਾਂ ਠੱਗਾਂ ਨਾਲ ਪੂਰੀ ਤਰ੍ਹਾਂ ਜੂਝਣਾ ਪੈਂਦਾ ਹੈ ਕਿਉਂਕਿ ਇਕ ਸੰਕਲਪ ਹੀ ਸਾਰੇ ਜਪ ਤਪ ਨਸ਼ਟ ਕਰਨ ਨੂੰ ਸਮਰਥ ਹੁੰਦਾ ਹੈ ਜਿਵੇਂ ਕਿ ਮਹਾਰਾਜ ਜੀ ਦਾ ਫੁਰਮਾਨ ਹੈ -

***ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ॥***
***ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ॥***
***ਪੰਨਾ - 1428***

'ਮੈਂ' ਦਾ ਪੂਰੀ ਤਰ੍ਹਾਂ ਅਭਾਵ ਕਰਨ ਵਾਸਤੇ ਲਗਾਤਾਰੀ ਸਾਧਨ ਕਰਨੇ ਪੈਂਦੇ ਹਨ। ਅੰਦਰ ਬਹੁਤ ਹੀ ਅਲੌਕਿਕ ਸ਼ਕਤੀਆਂ ਨਾਲ ਵਾਹ ਪੈਂਦਾ ਹੈ ਜਿਨ੍ਹਾਂ ਵਿਚ ਰਿਧੀਆਂ-ਸਿੱਧੀਆਂ ਦੀਆਂ ਲੁਭਾਏਮਾਨ ਸੂਰਤਾਂ ਨਾਲ ਜੂਝਣਾ ਪੈਂਦਾ ਹੈ। ਇਸ ਲੋਭ ਵਿਚ ਬੇਅੰਤ ਮਹਾਂਪੁਰਸ਼ ਭਟਕ ਜਾਂਦੇ ਹਨ ਅਤੇ ਰਿਧੀਆਂ-ਸਿੱਧੀਆਂ ਦਾ ਪ੍ਰਯੋਗ ਕਰਨ ਲਗ ਜਾਂਦੇ ਹਨ ਜਿਵੇਂ ਕਿ ਇਕ ਮਹਾਂਪੁਰਸ਼ ਓਹਨਾਂ ਦਿਨਾਂ ਵਿਚ ਮਾਲਵੇ ਵਿਚ ਸਨ ਉਨ੍ਹਾਂ ਦੇ ਪਾਸ ਮਸਤੂਆਣੇ ਤੋਂ ਸੰਗਤ ਆਈ। ਉਨ੍ਹਾਂ ਨੇ ਸਹਿਜ ਨਾਲ ਹੀ ਆਪਣੇ ਸੇਵਕਾਂ ਨੂੰ ਕਿਹਾ ਕਿ ਦੇਖੋ, ਮਸਤੂਆਣੇ ਸਾਹਿਬ ਤੋਂ ਮੇਰੇ ਮਹਾਂਪੁਰਸ਼ਾਂ ਦੇ ਪ੍ਰੇਮੀ ਭਰਾ ਆਏ ਹੋਏ ਹਨ

ਇਨ੍ਹਾਂ ਦਾ ਪੂਰੀ ਤਰ੍ਹਾਂ ਨਾਲ ਆਦਰ ਸਤਿਕਾਰ ਕਰਨਾ ਹੈ। ਉਨ੍ਹਾਂ ਨੂੰ ਕੁਝ ਛਕਾਈਏ ਜਿਸ ਤੋਂ ਇਨ੍ਹਾਂ ਦੀ ਪ੍ਰਸੰਨਤਾ ਪ੍ਰਾਪਤ ਹੋਵੇ। ਇੰਨਾਂ ਕਹਿ ਕੇ ਆਪ ਨੇ ਵੱਡੇ ਖੇਸ ਲਏ ਅਤੇ ਕੋਲ ਖੜ੍ਹੇ ਦਰਖਤ ਹੇਠਾਂ ਵਿਛਾ ਦਿਤੇ। ਆਪਣੇ ਹੱਥਾਂ ਦੇ ਨਾਲ ਹਲੂਣਾ ਦਿਤਾ ਉਸ ਅਫੱਲ ਦਰੱਖਤ ਤੋਂ ਅਨੇਕ ਕਿਸਮ ਦੀਆਂ ਮਠਿਆਈਆਂ ਝੜ ਕੇ ਵਸਤਰਾਂ ਉਤੇ ਗਿਰ ਪਈਆਂ, ਇਕੱਠੀਆਂ ਕਰਕੇ ਪਰਾਤਾਂ ਭਰ ਲਈਆਂ ਅਤੇ ਰੱਜ-ਰੱਜ ਮਠਿਆਈ ਛਕਾਈ। ਉਨ੍ਹਾਂ ਦੀ ਬੜੀ ਪ੍ਰਸਿੱਧੀ ਹੋਈ ਅਤੇ ਅਨੇਕ ਸਾਕਾਮੀ ਪੁਰਸ਼ ਉਨ੍ਹਾਂ ਦੇ ਦੁਆਲੇ ਇਕੱਠੇ ਹੋ ਗਏ ਪਰ ਸੰਤ ਮਹਾਰਾਜ ਬਾਬਾ ਅਤਰ ਸਿੰਘ ਜੀ ਨੇ ਇਹ ਗੱਲ ਪਸੰਦ ਨਾ ਕੀਤੀ। ਅਸੀਂ ਸੁਣਿਆ ਹੈ ਕਿ ਉਨ੍ਹਾਂ ਨੇ ਉਸਦੇ ਡੰਡੇ ਮਾਰੇ ਅਤੇ ਕਿਹਾ ਕਿ ਤੇਰੀਆਂ ਜਲੇਬੀਆਂ ਝਾੜ ਰਹੇ ਹਾਂ। ਕਹਿਣ ਵਾਸਤੇ ਇਹ ਇਕ ਸਾਧਾਰਨ ਗੱਲ ਹੈ ਪਰ ਇਸ ਸ਼ਕਤੀ ਦੀ ਪ੍ਰਾਪਤੀ ਲਈ ਕਿੰਨੀ ਮਿਹਨਤ ਕਰਨੀ ਪਈ ਅਤੇ ਕਿੰਨਾ ਸਮਾਂ ਬਰਬਾਦ ਕਰਨਾ ਪਿਆ। ਇਹ ਕੇਵਲ ਇਸ ਕਰਕੇ ਕਿ ਇਸ ਸ਼ਕਤੀ ਨੇ ਸਾਧਕ ਦਾ ਮਨ ਮੋਹ ਲਿਆ ਸੀ।

ਇਸੇ ਤਰ੍ਹਾਂ ਨਾਲ ਇਕ ਹੋਰ ਮਹਾਂਪੁਰਸ਼ਾਂ ਦਾ ਜ਼ਿਕਰ ਆਉਂਦਾ ਹੈ ਜਿਨ੍ਹਾਂ ਦਾ ਨਾਮ ਸੰਤ ਮੋਹਨ ਜੀ ਸੀ ਅਤੇ ਨਾਮਧਾਰੀ ਸੰਪਰਦਾ ਨਾਲ ਸਬੰਧ ਰਖਦੇ ਸਨ। ਸ੍ਰੀ ਮਾਨ ਪ੍ਰਮ ਮਹਾਂਪੁਰਸ਼ ਬਾਬਾ ਪ੍ਰਤਾਪ ਸਿੰਘ ਜੀ ਗੁਰਦਾਸਪੁਰੋਂ ਆਪਣੀ ਕਾਰ ਵਿਚ ਵਾਪਸ ਭੈਣੀ ਸਾਹਿਬ ਨੂੰ ਆ ਰਹੇ ਸਨ। ਜਦੋਂ ਚੱਲਣ ਲੱਗੇ ਤਾਂ ਇਹ ਮਸਤਾਨਾ ਸਿੱਖ ਜਿਨ੍ਹਾਂ ਦਾ ਨਾਮ ਮੋਹਨ ਸਿੰਘ ਸੀ, ਕਹਿਣ ਲੱਗਿਆ ਕਿ ਮਾਹਾਰਜ ਮੈਂ ਵੀ ਭੈਣੀ ਸਾਹਿਬ ਜਾਣਾ ਹੈ, ਮੈਨੂੰ ਥੋੜ੍ਹਾ ਜਿਹਾ ਬੈਠਣ ਨੂੰ ਥਾਂ ਦੇ ਦਿਓ। ਮਹਾਂਪੁਰਸ਼ਾਂ ਨੇ ਕਿਹਾ ਕਿ ਇਸ ਕਾਰ ਵਿਚ ਹੋਰ ਥਾਂ ਨਹੀਂ ਹੈ, ਤੂੰ ਹੌਲੀ-ਹੌਲੀ ਬਸਾਂ ਰਾਹੀਂ ਆ ਜਾਈਂ। ਉਹ ਸਾਢੇ ਤਿੰਨ ਘੰਟੇ ਵਿਚ ਭੈਣੀ ਸਾਹਿਬ ਪਹੁੰਚੇ ਤਾਂ ਕੀ ਦੇਖਦੇ ਹਨ ਕਿ ਇਹ ਮੋਹਨ ਸਿੰਘ ਮਸਤਾਨਾ ਕਈ ਘੰਟਿਆਂ ਤੋਂ ਦੀਵਾਨ ਲਾ ਕੇ ਕੀਰਤਨ ਕਰ ਰਿਹਾ ਹੈ। ਮਹਾਂਪੁਰਸ਼ਾਂ ਨੇ ਪੂਰੀ ਤਰ੍ਹਾਂ ਨਿਰਣਾ ਕਰਕੇ ਉਸਨੂੰ ਬੁਲਾਇਆ ਤੇ ਡੰਡੇ ਮਾਰ ਕੇ ਉਸਦੀ ਸ਼ਕਤੀ ਉਤਾਰਨ ਲੱਗੇ। ਇਸ ਤਰ੍ਹਾਂ ਦੇ ਅਨੇਕਾਂ ਹੀ ਕੌਤਕ ਹਨ ਜੋ ਸਾਧਕ ਨੂੰ ਅਭਿਆਸ ਕਾਲ ਵਿਚ ਆ ਕੇ ਲੋਭਿਤ ਕਰਦੇ ਹਨ। ਉਸਦੀ ਤਰੱਕੀ ਦਾ ਰਾਹ ਰੋਕ ਦਿੰਦੇ ਹਨ। ਸੰਤ ਮਹਾਰਾਜ ਜੀ ਮੈਨੂੰ ਕਹਿਣ ਲੱਗੇ ਕਿ ਅਸਾਨੂੰ ਰਿੱਧੀਆਂ-ਸਿੱਧੀਆਂ ਸ਼ਕਲਾਂ ਬਣਾ ਕੇ ਬੇਨਤੀਆਂ ਕਰਨ ਲੱਗੀਆਂ ਕਿ ਮੈਂ ਦੂਰ ਦਰਸ਼ਕ ਸਿੱਧੀ ਹਾਂ, ਹਜ਼ਾਰਾਂ ਮੀਲਾਂ ਤੋਂ ਤੁਸੀਂ ਜਿਸਨੂੰ ਚਾਹੋ ਦੇਖ ਸਕਦੇ ਹੋ। ਮੈਂ ਪ੍ਰੇਰਨਾ ਸ਼ਕਤੀ ਹਾਂ ਜਿਸ ਵੱਡੀ ਤੋਂ ਵੱਡੀ ਸ਼ਕਤੀ ਨੂੰ ਤੁਸੀਂ ਆਪਣੇ ਪਾਸ ਬੁਲਾਉਣਾ ਚਾਹੋ ਮੈਂ ਉਸਨੂੰ ਲਿਆ ਸਕਦੀ ਹਾਂ। ਅਸਾਡੇ ਮਨ ਵਿਚ ਬਹੁਤ ਹੀ ਪ੍ਰਬਲ ਬੈਰਾਗ ਸੀ। ਸਾਰਾ-ਸਾਰਾ ਦਿਨ ਨੈਣਾਂ ਵਿਚੋਂ ਨੀਰ ਬੰਦ ਨਹੀਂ ਸੀ ਹੋਇਆ ਕਰਦਾ। ਇਕ ਤਾਂ ਮਹਾਂਪੁਰਸ਼ਾਂ (ਸੰਤ ਅਤਰ ਸਿੰਘ ਜੀ ਰੇਰੂ ਸਾਹਿਬ ਵਾਲਿਆਂ) ਦੇ ਸਰਗੁਣ ਸਰੂਪ ਦਾ ਵਿਛੋੜਾ ਸਹਿਨ ਕਰਨਾ ਬਹੁਤ ਮੁਸ਼ਕਲ ਸੀ ਅਤੇ ਪ੍ਰਭੂ ਦੀ ਖਿੱਚ ਹਰ ਸਮੇਂ ਸੀਨੇ ਵਿਚ ਵਸੀ ਰਹਿੰਦੀ ਸੀ। ਨੀਂਦ, ਭੁੱਖ, ਤ੍ਰੇਹ, ਆਰਾਮ ਸਭ ਕੁਝ ਤੋਂ ਅਚਾਹ ਹੋ ਚੁਕੇ ਸਾਂ। ਪ੍ਰਮ ਬੈਰਾਗ ਦੀ ਅਵਸਥਾ ਸੀ। ਅਸੀਂ ਇਨ੍ਹਾਂ ਸ਼ਕਤੀਆਂ ਵਲ ਅੱਖ ਚੁਕ ਕੇ ਵੀ ਨਾ ਦੇਖੀ ਤੇ ਨਾ ਹੀ ਇਨ੍ਹਾਂ ਦੀਆਂ ਮੋਮੋਠੱਗਣੀਆਂ ਅਵਾਜ਼ਾਂ ਦਾ ਖਾਸ ਧਿਆਨ ਦਿਤਾ ਅਤੇ ਜਦੋਂ ਅਸਾਨੂੰ ਗੁਰੂ ਕ੍ਰਿਪਾ ਨਾਲ ਆਪਣੇ ਲਕਸ਼ ਦੀ

ਪ੍ਰਾਪਤੀ ਹੋ ਗਈ ਤਾਂ ਇਹ ਸਾਰੀਆਂ ਰਿੱਧੀਆਂ-ਸਿੱਧੀਆਂ ਹੱਥ ਬੰਨ੍ਹੀਂ ਪਿਛੇ ਫਿਰਨ ਲੱਗੀਆਂ -

***ਨਵਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ***
***ਜੋ ਹਰਿ ਹਿਰਦੈ ਸਦਾ ਵਸਾਇ॥*** ***ਪੰਨਾ - 649***

ਸੋ ਮੇਰੇ ਵਲ ਮੁਖਾਤਬ ਹੋ ਕੇ ਕਹਿਣ ਲੱਗੇ ਕਿ ਬਾਹਰਲਾ ਜੀਵਨ ਤਾਂ ਤੁਸੀਂ ਲਿਖ ਲਵੋਂਗੇ ਕਿ ਅਸੀਂ ਕਿਸ-ਕਿਸ ਨੂੰ ਮਿਲੇ, ਕਿਹੜੀ-ਕਿਹੜੀ ਗੱਲ ਕੀਤੀ ਪਰ ਸੰਤਾਂ ਦਾ ਜੀਵਨ ਅੰਦਰਲੀ ਅਵਸਥਾ ਹੁੰਦਾ ਹੈ ਜਿਸਨੂੰ ਉਹ ਪ੍ਰਗਟ ਕਰਨ ਨੂੰ ਕਿਸੇ ਕੀਮਤ ਤੇ ਵੀ ਤਿਆਰ ਨਹੀਂ ਹੁੰਦੇ। ਹਾਂ, ਪਰਉਪਕਾਰ ਵਸ ਮਹਾਂਪੁਰਸ਼ਾਂ ਦੇ ਹਿਰਦੇ ਨੂੰ ਭਾਂਪਦੀ ਹੋਈ ਕੋਈ ਰਿਧੀ-ਸਿੱਧੀ ਦੀ ਸ਼ਕਤੀ ਆਪਣੇ ਆਪ ਸੇਵਾ ਕਰ ਜਾਵੇ ਤਾਂ ਇਸ ਸੇਵਾ ਲੈਣ ਤੋਂ ਮਹਾਂਪੁਰਸ਼ ਬਹੁਤਾ ਸੰਕੋਚ ਨਹੀਂ ਕਰਦੇ। ਇਹ ਜਗਿਆਸੂ ਦੀ ਭਾਵਨਾ ਦੇ ਅਧੀਨ ਹੋਇਆ ਕਰਦੀ ਹੈ ਉਹਦੀ ਭਾਵਨਾ ਨੂੰ ਫਲ ਲਗਦਾ ਹੈ। ਮਹਾਂਪੁਰਸ਼ਾਂ ਦਾ ਆਪਣਾ ਕੋਈ ਵੀ ਫੁਰਨਾ ਨਹੀਂ ਹੋਇਆ ਕਰਦਾ ਕਿਉਂਕਿ ਰਿਧੀਆਂ-ਸਿੱਧੀਆਂ ਨਾਮ ਦੀਆਂ ਸਭ ਤੋਂ ਵੱਡੀਆਂ ਦੁਸ਼ਮਣ ਹਨ।

***ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ॥***
***ਪੰਨਾ - 593***

ਅਤੇ ਮਹਾਰਾਜ ਜੀ ਇਸ ਤਰ੍ਹਾਂ ਵੀ ਫੁਰਮਾਨ ਕਰਦੇ ਹਨ -

***ਬਿਨੁ ਨਾਵੈ ਪੈਨਣੁ ਖਾਣੁ ਸਭੁ ਬਾਦਿ ਹੈ ਧਿਗੁ ਸਿਧੀ ਧਿਗੁ ਕਰਮਾਤਿ॥***
***ਸਾ ਸਿਧਿ ਸਾ ਕਰਮਾਤਿ ਹੈ ਅਚਿੰਤੁ ਕਰੇ ਜਿਸੁ ਦਾਤਿ॥***
***ਨਾਨਕ ਗੁਰਮੁਖਿ ਹਰਿ ਨਾਮੁ ਮਨਿ ਵਸੈ ਏਹਾ ਸਿਧਿ ਏਹਾ ਕਰਮਾਤਿ॥***
***ਪੰਨਾ - 650***

ਇਸੇ ਤਰ੍ਹਾਂ ਨਾਲ 'ਅਹੰ' ਦਾ ਨਾਸ ਅਤੇ ਆਤਮਾ ਦਾ ਪ੍ਰਕਾਸ਼ ਲਿਖਣਾ, ਦੱਸਣਾ ਬਹੁਤ ਮੁਸ਼ਕਲ ਹੈ। ਇਸ ਕਰਕੇ ਅਨੁਭਵ ਤੋਂ ਵਿਹੂਣੇ, ਸੰਤਾਂ, ਮਹਾਂਪੁਰਸ਼ਾਂ ਦਾ ਜੀਵਨ, ਨਹੀਂ ਲਿਖ ਸਕਦੇ। ਕੋਈ ਪੂਰਨ ਪਹੁੰਚਿਆ ਹੋਇਆ ਸਾਧਕ, ਸਿੱਧ ਅਵਸਥਾ ਨੂੰ ਪ੍ਰਾਪਤ ਕਰਕੇ ਆਪਣੇ ਅਨੁਭਵ ਦੇ ਬਲ ਨਾਲ ਮਹਾਂਪੁਰਸ਼ਾਂ ਦੇ ਅੰਦਰਲੇ ਜੀਵਨ ਬਾਰੇ ਕੁਛ ਪ੍ਰਕਾਸ਼ ਪਾ ਸਕਿਆ ਕਰਦਾ ਹੈ। ਮੈਂ ਬੇਨਤੀ ਕੀਤੀ ਕਿ ਮਹਾਰਾਜ ਜੀ! ਬਾਹਰਲਾ ਜੀਵਨ ਵੀ ਬਹੁਤ ਪ੍ਰੇਰਨਾ ਦਿੰਦਾ ਹੈ ਕਿਉਂਕਿ ਅਸੀਂ ਆਪ ਜੀ ਬਾਰੇ ਪਿਛੋਂ ਹੀ ਜਾਣਦੇ ਹਾਂ ਕਿ ਆਪ ਨੇ ਘੋਰ ਤਪਸਿਆ ਕੀਤੀ ਜਿਸ ਦੀ ਮਿਸਾਲ ਮਿਲਣੀ ਮੁਸ਼ਕਲ ਹੈ। ਇਹ ਮੈਂ ਇਸ ਕਰਕੇ ਕਿਹਾ ਕਿ ਮਹਾਂਪੁਰਸ਼ਾਂ ਨੇ ਇਕ ਵਾਰੀ ਸਹਿਜ ਨਾਲ ਹੀ ਬਚਨ ਕਰਦਿਆਂ ਮੈਨੂੰ ਦਸਿਆ ਕਿ ਜਦੋਂ ਅਸੀਂ ਪ੍ਰਬਲ ਬੈਰਾਗ ਦੇ ਵੇਗ ਵਿਚ ਸਾਂ ਤਾਂ 9 ਸਾਲ ਅਸੀਂ ਧਰਤੀ ਉਪਰ ਪਿੱਠ ਨਹੀਂ ਲਾਈ। ਇਹ ਮਹਾਰਾਜ ਜੀ ਦੇ ਜੀਵਨ ਦੀ ਹੀ ਪ੍ਰੇਰਨਾ ਹੈ ਕਿ ਰਾੜੇ ਸਾਹਿਬ ਸ੍ਰੀ ਮਾਨ ਲੰਗਰ ਦੇ ਇੰਚਾਰਜ ਸੰਤ ਬਲਵੰਤ ਸਿੰਘ ਜੀ ਨੇ ਬੈਠ ਕੇ ਹੀ ਰਾਤਾਂ ਗੁਜ਼ਾਰੀਆਂ ਅਤੇ ਆਪਣੇ ਆਰਾਮ ਲਈ ਮੰਜੇ ਤੇ ਉਸ ਸਮੇਂ ਤਕ ਵਿਸਰਾਮ ਨਾ ਕੀਤਾ ਜਦੋਂ ਤਕ ਕਿ ਮਹਾਂਪੁਰਸ਼ਾਂ ਨੇ ਉਨ੍ਹਾਂ ਨੂੰ ਹੁਕਮ ਨਾ ਦਿਤਾ। ਮਹਾਂਪੁਰਸ਼ ਦੇਖਣ ਵਾਸਤੇ ਸਿਧਰੇ-ਪੁਧਰੇ ਲਗਦੇ ਹਨ ਪਰ ਉਨ੍ਹਾਂ ਦੀਆਂ ਘਾਲ ਕਮਾਈਆਂ ਪ੍ਰੇਰਨਾਦਾਇਕ ਹੋਇਆ ਕਰਦੀਆਂ ਹਨ। ਨਿੰਦਕ ਤੇ ਤਰਕਸ਼ੀਲ ਕੀ ਜਾਣਦਾ ਹੈ ਉਨ੍ਹਾਂ ਦੀ ਅਵਸਥਾ ਨੂੰ, ਉਨ੍ਹਾਂ ਦੀ ਕ੍ਰਿਆ ਨੂੰ? ਜੇ ਕੋਈ ਜਾਣਦਾ ਹੈ ਤਾਂ -

*ਬ੍ਰਹਮ ਗਿਆਨੀ ਕੀ ਮਿਤਿ ਕਉਨੁ ਬਖਾਨੈ॥*
*ਬ੍ਰਹਮ ਗਿਆਨੀ ਕੀ ਗਤਿ ਬ੍ਰਹਮ ਗਿਆਨੀ ਜਾਨੈ॥*
*ਬ੍ਰਹਮ ਗਿਆਨੀ ਕਾ ਅੰਤੁ ਨ ਪਾਰੁ॥*
*ਨਾਨਕ ਬ੍ਰਹਮ ਗਿਆਨੀ ਕਉ ਸਦਾ ਨਮਸਕਾਰੁ॥ ਪੰਨਾ - 273*

ਕਿਉਂ ਨਹੀਂ ਅਸੀਂ ਲੋਕ ਬ੍ਰਹਮਗਿਆਨੀ ਦੀ ਗਤ ਨੂੰ ਜਾਣ ਸਕਦੇ ਕਿਉਂਕਿ ਬ੍ਰਹਮਗਿਆਨੀ ਦੀ ਅਵਸਥਾ ਪਰਮ ਉਚੀ ਹੋਇਆ ਕਰਦੀ ਹੈ ਜਿਥੇ ਅਸਾਡੀ ਬੁੱਧੀ ਦੇ ਖੰਭ ਸੜ ਜਾਇਆ ਕਰਦੇ ਹਨ। ਉਹ ਵਲਵਲੇ ਦੇ ਦੇਸ਼ ਦੇ ਵਾਸੀ ਹੋਇਆ ਕਰਦੇ ਹਨ ਅਤੇ ਉਨ੍ਹਾਂ ਉਚਿਆਈਆਂ ਉਤੇ ਅਸਾਡੀ ਬੁੱਧੀ ਦੀ ਪਹੁੰਚ ਸੰਭਵ ਨਹੀਂ ਹੈ। ਬ੍ਰਹਮਗਿਆਨੀ ਨੂੰ ਕੇਵਲ ਇਹ ਕਹਿਣਾ ਹੀ ਉਨ੍ਹਾਂ ਦੀ ਅਵਸਥਾ ਦਾ ਸੂਚਕ ਹੈ -

*ਬ੍ਰਹਮਗਿਆਨੀ ਕਉ ਖੋਜਹਿ ਮਹੇਸੁਰ॥*
*ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ॥ ਪੰਨਾ - 273*

ਸੋ ਇਸ ਤਰ੍ਹਾਂ ਨਾਲ ਮਹਾਂਪੁਰਸ਼ਾਂ ਬਾਰੇ ਲਿਖਣਾ, ਉਨ੍ਹਾਂ ਦੇ ਬਚਨ ਦੱਸਣੇ ਅਸਾਡੇ ਵਰਗਿਆਂ ਲਈ ਬਹੁਤ ਹੀ ਮੁਸ਼ਕਲ ਹੋਇਆ ਕਰਦੇ ਹਨ। ਮੁਸ਼ਕਲ ਹੀ ਨਹੀਂ ਅਸੰਭਵ ਹੋਇਆ ਕਰਦੇ ਹਨ ਅਤੇ ਫੇਰ ਵੀ ਜੋ ਬਚਨ ਅਤੇ ਜੋ ਘਟਨਾਵਾਂ ਮੇਰੇ ਨਾਲ ਮੇਰੀ ਗਿਆਤ ਵਿਚ ਆਪਣਾ ਅਸਰ ਰਖਦੀਆਂ ਹਨ, ਉਹ ਅਸੀਂ ਸਮੇਂ-ਸਮੇਂ ਇਸ 'ਬਾਬਾਣੀਆਂ ਕਹਾਣੀਆਂ' ਦੀ ਲੇਖ ਲੜੀ ਵਿਚ ਦੇਣ ਦਾ ਜਤਨ ਕਰਦੇ ਰਹਾਂਗੇ ਜਿਨ੍ਹਾਂ ਤੋਂ ਜਗਿਆਸੂਆਂ ਨੂੰ ਬਹੁਤ ਲਾਭ ਪ੍ਰਾਪਤ ਹੁੰਦਾ ਰਹੇਗਾ। 'ਆਤਮ ਮਾਰਗ' ਵਿਚ ਅਸੀਂ ਉਨ੍ਹਾਂ ਸਾਰੇ ਮਹਾਤਮਾਂ ਦਾ ਬਿਨਾਂ ਜਾਤ-ਪਾਤ ਦੇ ਵਿਤਕਰੇ ਤੋਂ ਜੀਵਨ ਉਲੀਕਦੇ ਰਹਾਂਗੇ ਜਿਨ੍ਹਾਂ ਦੀ ਪ੍ਰੇਰਨਾ ਕਰਕੇ ਹਜ਼ਾਰਾਂ ਜਗਿਆਸੂਆਂ ਨੂੰ ਪੱਥ ਪ੍ਰਦਰਸ਼ਨ ਹੁੰਦਾ ਹੈ। ਇਹ ਸਭ ਚੀਜ਼ਾਂ ਸਮੇਂ ਦੇ ਅਧੀਨ ਹਨ, ਜਿੰਨੀ ਕੁ ਥਾਂ ਤੇ ਸਮਰੱਥਾ 'ਆਤਮ ਮਾਰਗ' ਮੈਗਜ਼ੀਨ ਵਿਚ ਮਿਲਦੀ ਰਹੇਗੀ, ਉਸ ਦੇ ਮੁਤਾਬਿਕ ਹੀ ਅਸੀਂ ਸਭਨਾਂ ਮਹਾਂਪੁਰਸ਼ਾਂ ਦੇ ਜੀਵਨਾਂ ਦੀਆਂ ਝਲਕੀਆਂ ਨੂੰ ਆਪਣੇ ਪਾਠਕਾਂ ਦੇ ਪੜ੍ਹਨ ਲਈ ਅੱਖਰਾਂ ਦਾ ਰੂਪ ਦਿੰਦੇ ਰਹਾਂਗੇ।

ਜਿਸ ਸਮੇਂ ਦਾ ਜ਼ਿਕਰ ਮਾਰਚ ਅੰਕ ਵਿਚ ਕੀਤਾ ਗਿਆ ਸੀ ਉਹ ਸਮਾਂ 1922 ਤੋਂ 1932-33 ਸਾਲ ਦੇ ਵਿਚਕਾਰ ਦਾ ਹੈ। ਇਹ ਉਹ ਸਮੇਂ ਸਨ ਜਿਨ੍ਹਾਂ ਵਿਚ ਲੁਧਿਆਣਾ, ਸੰਗਰੂਰ, ਪਟਿਆਲਾ, ਜਲੰਧਰ ਆਦਿ ਦੇ ਇਲਾਕਿਆਂ ਵਿਚ ਉਚ ਕੋਟੀ ਦੇ ਮਹਾਂਪੁਰਸ਼, ਗੁਰਸਿੱਖ ਫੁਲਵਾੜੀ ਨੂੰ ਆਪਣੇ ਸ਼ੁਭ ਉਪਦੇਸ਼ਾਂ, ਦਰਸ਼ਨਾਂ ਰਾਹੀਂ ਪ੍ਰਫੁਲਤ ਕਰ ਰਹੇ ਸਨ ਅਤੇ ਜੀਵਨ ਵਾਲੇ, ਕਹਿਣੀ ਤੇ ਕਥਨੀ ਦੇ ਸੁਮੇਲ ਵਾਲੇ ਦੁਨਿਆਵੀ ਲੋੜਾਂ ਤੋਂ ਅਚਾਹ ਕੇਵਲ ਗੁਰੂ ਦੇ ਪਿਆਰ ਵਿਚ ਜੀਉਣ ਵਾਲੇ ਮਹਾਂਪੁਰਸ਼ਾਂ ਦਾ ਬੋਲਬਾਲਾ ਸੀ। ਉਸ ਸਮੇਂ ਮੇਰੀ ਸਰੀਰਕ ਆਯੂ ਤਾਂ ਭਾਵੇਂ ਸਕੂਲ ਦੇ ਵਿਦਿਆਰਥੀ ਵਾਲੀ ਹੀ ਸੀ ਪਰ ਮੇਰੀ ਸ਼ਰਧਾ ਚੰਗੇ ਗੁਰਸਿਖਾਂ ਵਲ ਬਹੁਤ ਹੀ ਭਰਪੂਰ ਸੀ। ਮਹਾਂਪੁਰਸ਼ਾਂ ਵਿਚੋਂ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨਾਰੰਗਵਾਲ ਵਾਲੇ ਕਹਿਣੀ ਤੇ ਕਥਨੀ ਦੇ ਸੂਰੇ ਸਨ। ਉਨ੍ਹਾਂ ਦਾ ਜੀਵਨ ਅੰਦਰੋਂ-ਬਾਹਰੋਂ ਗੁਰੂ ਦੇ ਪਿਆਰ ਵਿਚ ਲਬਾ-ਲਬ ਗੜੂੰਦ ਹੋਇਆ ਹੋਇਆ ਸੀ ਆਪ ਹਰ ਵਕਤ ਗੁਰਮੰਤ੍ਰ ਰਾਹੀਂ ਜਾਪ ਕਰਦੇ ਹੋਏ ਵਾਹਿਗੁਰੂ ਜੀ ਨਾਲ ਜੁੜੇ ਰਹਿੰਦੇ ਸਨ। ਮੈਨੂੰ ਇਕ

ਵਾਰੀ ਜਦੋਂ ਮੇਰੀ ਸਰੀਰ ਦੀ ਆਯੂ ਸਾਢੇ ਤੇਰ੍ਹਾਂ ਸਾਲ ਦੇ ਲੱਗਭੱਗ ਸੀ, ਨਾਰੰਗਵਾਲ ਜਾਣ ਦਾ ਸਮਾਂ ਪ੍ਰਾਪਤ ਹੋਇਆ ਕਿਉਂਕਿ ਉਨ੍ਹਾਂ ਦਿਨਾਂ ਵਿਚ ਮੈਂ ਸੁਤੰਤਰ ਤੌਰ ਤੇ ਕਿਤੇ ਘੁੰਮ ਫਿਰ ਨਹੀਂ ਸੀ ਸਕਦਾ। ਬੱਚਾ ਹੋਣ ਕਰਕੇ ਮਾਂ ਬਾਪ ਘੱਟ ਹੀ ਇਧਰ ਉਧਰ ਜਾਣ ਦਿਆ ਕਰਦੇ ਸਨ। ਭਾਈ ਸਾਹਿਬ ਜੀ ਦੇ ਦਰਸ਼ਨ ਜਦੋਂ ਉਹ ਜੇਲ੍ਹ ਤੋਂ ਛੁਟ ਕੇ ਆਏ ਸਨ, ਉਸ ਸਮੇਂ ਧਮੋਟ ਵਿਚ ਹੀ ਕੀਤੇ ਸਨ, ਉਨ੍ਹਾਂ ਦਾ ਜੱਥਾ ਧਮੋਟ ਆਇਆ। ਉਨ੍ਹਾਂ ਨੇ ਗੁਰਪੁਰਬ ਦੇ ਜਲੂਸ ਵਿਚ ਭਾਗ ਲਿਆ। ਭਾਈ ਸਾਹਿਬ ਜੀ ਨੇ ਵਾਜੇ ਦੇ ਦੋਏ ਕੁੰਡੇ ਪਰਨੇ ਨਾਲ ਬੰਨ੍ਹ ਕੇ ਗਲ ਵਿਚ ਪਾਏ ਹੋਏ ਸਨ। ਉਹ ਚਲਦੇ-ਚਲਦੇ ਪਿੰਡ ਦੀ ਪ੍ਰਕਰਮਾ ਕਰਦੇ ਸਮੇਂ ਬਹੁਤ ਹੀ ਪਿਆਰ ਭਰਿਆ ਕੀਰਤਨ ਕਰਦੇ ਜਾ ਰਹੇ ਸਨ। ਭਾਵੇਂ ਉਸ ਸਮੇਂ ਮੇਰੀ ਸਰੀਰਕ ਆਯੂ 9 ਤੇ 10 ਸਾਲ ਦੇ ਦਰਮਿਆਨ ਸੀ ਪਰ ਮੇਰੇ ਮਨ ਉਪਰ ਬਹੁਤ ਹੀ ਗਹਿਰਾ ਅਸਰ ਹੋਇਆ। ਇਕ ਤਰ੍ਹਾਂ ਨਾਲ ਮੇਰਾ ਦਿਲ ਉਨ੍ਹਾਂ ਵਲ ਖਿਚਿਆ ਗਿਆ ਅਤੇ ਉਹ ਮੈਨੂੰ ਬਹੁਤ ਪਿਆਰੇ-ਪਿਆਰੇ ਲੱਗੇ, ਮਾਂ-ਬਾਪ ਤੋਂ ਵੀ ਵੱਧ ਪਿਆਰੇ। ਉਸ ਮੂੜ੍ਹ ਆਯੂ ਵਿਚ ਮੈਨੂੰ ਪਤਾ ਹੀ ਨਹੀਂ ਸੀ ਕਿ ਇਸੇ ਖਿੱਚ ਨੂੰ, ਇਸੇ ਅਪਣੱਤ ਨੂੰ ਪਿਆਰ ਆਖਿਆ ਜਾਂਦਾ ਹੈ। ਸਵੇਰੇ ਉਨ੍ਹਾਂ ਨੇ ਗੁਰਦੁਆਰਾ ਸਾਹਿਬ ਵਿਚ 'ਆਸਾ ਦੀ ਵਾਰ' ਦਾ ਕੀਰਤਨ ਕੀਤਾ। ਉਨ੍ਹਾਂ ਦੇ ਲੰਗਰ ਬਾਰੇ ਮੈਂ ਸੁਣਿਆ ਕਿ ਉਹ ਕਿਸੇ ਰਹਿਤ ਬਹਿਤ ਵਿਚ ਪੂਰੇ ਗੁਰਸਿੱਖ ਦੇ ਹੱਥੋਂ ਲੰਗਰ ਛਕਣਗੇ। ਇਸ ਸੇਵਾ ਲਈ ਮੇਰੇ ਪਿਤਾ ਜੀ ਨੂੰ, ਜਿਨ੍ਹਾਂ ਦਾ ਨਾਮ ਸ. ਕਰਤਾਰ ਸਿੰਘ ਜੀ ਸੀ ਜੋ ਪਿੰਡ ਦੇ ਗੁਰਦੁਆਰਾ ਸਾਹਿਬ ਦੇ ਮੀਤ ਜਥੇਦਾਰ ਸਨ, ਸੇਵਾ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਗੁਰਦੁਆਰਾ ਸਾਹਿਬ ਦੇ ਨਾਲ ਲਗਦਾ ਹੀ ਇਕ 25 ਫੁੱਟ ਲੰਮਾ ਕਮਰਾ ਸੀ ਉਥੇ ਬੈਠ ਕੇ ਉਨ੍ਹਾਂ ਨੇ ਪ੍ਰਸ਼ਾਦਾ ਛਕਿਆ। ਜਦੋਂ ਉਹ ਪ੍ਰਸ਼ਾਦਾ ਛਕਦੇ ਸਨ ਤਾਂ ਮੈਨੂੰ ਉਨ੍ਹਾਂ ਦੇ ਪਲੰਘ ਦੇ ਨੇੜੇ ਸਫ ਤੇ ਬੈਠਣ ਦਾ ਸੁਭਾਗ ਪ੍ਰਾਪਤ ਹੋਇਆ। ਮੇਰੀਆਂ ਅੱਖਾਂ ਮੀਚੀਆਂ ਹੋਈਆਂ ਸਨ ਅਤੇ ਮੈਂ ਜ਼ੋਰ-ਜ਼ੋਰ ਦੀ ਸਹਿਜ ਨਾਲ ਹੀ ਝੂੰਮ ਰਿਹਾ ਸਾਂ। ਮੈਨੂੰ ਸਭ ਕੁਛ ਭੁਲਿਆ ਹੋਇਆ ਸੀ। ਨਾ ਹੀ ਇਹ ਪਤਾ ਸੀ ਕਿ ਮੈਂ ਕਿਥੇ ਬੈਠਾ ਹਾਂ ਅਤੇ ਨਾ ਹੀ ਇਸ ਗੱਲ ਦੀ ਗਿਆਤ ਰਹੀ ਕਿ ਬਹੁਤ ਵੱਡੇ ਮਹਾਂਪੁਰਸ਼ ਪ੍ਰਸ਼ਾਦਾ ਛਕ ਰਹੇ ਹਨ ਅਤੇ ਨਾ ਹੀ ਮੈਨੂੰ ਇਹ ਪਤਾ ਲੱਗਿਆ ਕਿ ਮੈਂ ਝੂੰਮਣੀਆਂ ਲੈ ਰਿਹਾ ਹਾਂ। ਭਾਈ ਸਾਹਿਬ ਨੇ ਪ੍ਰਸ਼ਾਦਾ ਛਕ ਲਿਆ, ਹੱਥ ਤਕੜੇ ਕਰਕੇ ਚੂਲ੍ਹਾ ਪੜ੍ਹਿਆ ਅਤੇ ਪੁਛਿਆ ਕਿ ਇਹ ਕਿਸ ਦਾ ਲੜਕਾ ਹੈ? ਦੱਸਣ ਤੇ ਉਨ੍ਹਾਂ ਨੇ ਮੈਨੂੰ ਬੁਲਾਇਆ, ਪਲੰਘ ਦੇ ਉਪਰ ਆਪਣੀ ਗੋਦੀ ਵਿਚ ਬਿਠਾਲ ਲਿਆ ਅਤੇ ਘੁੱਟ ਕੇ ਪਿਆਰ ਕੀਤਾ। ਸਾਰੀ ਸੰਗਤ ਦੇ ਸਾਮ੍ਹਣੇ ਪੁੱਛਣ ਲੱਗੇ ਕਿ ਕਾਕਾ! ਤੂੰ ਐਨਾ ਕਿਉਂ ਝੂਮ ਰਿਹਾ ਸੀ? ਸਾਧਾਰਣ ਹੀ ਮੇਰੇ ਮੂੰਹ ਵਿਚੋਂ ਨਿਕਲਿਆ ਕਿ ਮੈਂ ਕੀਰਤਨ ਸੁਣ ਰਿਹਾ ਸੀ। ਉਨ੍ਹਾਂ ਨੇ ਮੈਨੂੰ ਫੇਰ ਪਿਆਰ ਕੀਤਾ ਅਤੇ ਕਿਹਾ ਕਿ ਜਥੇ ਦੇ ਸਾਰੇ ਸਿੰਘਾਂ ਨੂੰ ਬੁਲਾਓ, ਸਿੰਘਾਂ ਦੇ ਆਉਣ ਤੇ ਇਹੀ ਪ੍ਰਸ਼ਨ ਮੇਰੇ ਉਤੇ ਦੋਬਾਰਾ ਕੀਤਾ ਗਿਆ। ਮੈਂ ਉਹੋ ਹੀ ਉਤਰ ਫੇਰ ਦਿਤਾ। ਉਸ ਵੇਲੇ ਮੇਰੇ ਸਰੀਰ ਦੀ ਆਯੂ ਸਾਢੇ ਨੌਂ ਸਾਲ ਦੀ ਸੀ। ਉਨ੍ਹਾਂ ਨੇ ਪੁਛਿਆ ਕਿ ਤੈਨੂੰ ਕਿਹੜਾ ਸ਼ਬਦ ਸੁਣਾਈ ਦਿੰਦਾ ਸੀ? ਮੇਰੇ ਹੁਣ ਤਕ ਯਾਦ ਹੈ ਮੈਂ ਕਿਹਾ, "***ਮਨਿ ਬੈਰਾਗੁ ਭਇਆ ਦਰਸਨੁ ਦੇਖਣੈ ਕਾ ਚਾਉ।***" ਇਸ ਸ਼ਬਦ ਦਾ ਅੰਤਰਾ ਬਹੁਤ ਹੀ ਉਚੀ ਅਵਾਜ਼ ਵਿਚ ਜਿਸਨੂੰ ਪੰਚਮ ਕਹਿੰਦੇ ਹਨ, ਵਿਚ ਮੈਨੂੰ ਸੁਣ ਰਿਹਾ ਸੀ ਅਤੇ ਮੇਰਾ ਲੂੰ-ਲੂੰ ਕਿਸੇ

ਅਕਹਿ ਰਸ ਵਿਚ ਮਗਨ ਸੀ। ਉਨ੍ਹਾਂ ਨੇ ਕਿਹਾ ਕਿ ਸਾਜ ਕਿਹੜੇ ਵਜ ਰਹੇ ਸਨ ? ਮੈਂ ਬਿਲਕੁਲ ਅਣਜਾਣ ਸੀ, ਹਰਮੋਨੀਅਮ ਤੋਂ ਬਗੈਰ ਕੋਈ ਸਾਜ ਸੁਣਿਆ ਨਹੀਂ ਸੀ। ਕਦੇ-ਕਦੇ ਸਾਰੰਗੀ ਸੁਣੀਂਦੀ ਸੀ। ਦਸਦਿਆਂ ਕਿਹਾ ਕਿ ਨਾ ਤਾਂ ਹਰਮੋਨੀਅਮ ਸੀ, ਜਿਸਨੂੰ ਉਸ ਸਮੇਂ ਅਸੀਂ ਵਾਜਾ ਕਿਹਾ ਕਰਦੇ ਸਾਂ, ਨਾ ਹੀ ਸਾਰੰਗੀ ਸੀ ਪਰ ਸਾਰੰਗੀ ਤੋਂ ਬਹੁਤ ਹੀ ਵਧੀਆ ਕੋਈ ਮਿੱਠੇ ਸਾਜ ਸਨ ਜੋ ਮੈਨੂੰ ਗੱਲ ਕਰਕੇ ਦੱਸਣ ਵੇਲੇ ਵੀ ਸੁਣਾਈ ਦੇ ਰਹੇ ਸਨ, ਅਜੇ ਉਨ੍ਹਾਂ ਦੀ ਯਾਦ ਮੱਧਮ ਨਹੀਂ ਸੀ ਪਈ। ਆਪ ਜੀ ਨੇ ਫੁਰਮਾਇਆ ਕਿ ਸਿੰਘੋ! ਜਿਸ ਨੂੰ ਅਨਹਦ ਸ਼ਬਦ ਆਖਦੇ ਹਨ ਇਹ ਓਹੀ ਅਵਸਥਾ ਹੈ, ਕੰਨਾਂ ਦੀ ਘੂੰ-ਘੂੰ ਤੇ ਚਿੱਪ-ਚਿੱਪ ਨੂੰ, ਕੁਣ-ਕੁਣ ਨੂੰ ਅਨਹਦ ਸ਼ਬਦ ਨਹੀਂ ਆਖਿਆ ਜਾਂਦਾ। ਸਾਧਕ ਨੂੰ ਪਹਿਲਾਂ ਘੰਟੇ ਦੀ ਆਵਾਜ਼ ਸੁਣਦੀ ਹੈ ਫੇਰ ਲਗਾਤਾਰ ਸਿਤਾਰ ਦੀ ਮਿੱਠੀ ਧੁਨ ਸੁਣਦੀ ਹੈ। ਬੰਸਰੀ, ਵੀਣਾ ਦੀਆਂ ਮਿੱਠੀਆਂ ਧੁਨਾਂ ਅਵਸਥਾ ਭੇਦ ਨਾਲ ਸੁਣਾਈ ਦਿਆ ਕਰਦੀਆਂ ਹਨ ਅਤੇ ਜਦੋਂ ਅੰਦਰੋਂ ਅਗੰਮੀ ਕੀਰਤਨ ਸੁਣਨਾ ਸ਼ੁਰੂ ਹੋ ਜਾਵੇ, ਉਸ ਵੇਲੇ ਇਹ ਤਾਰਾਂ ਦੇ ਸਾਰੇ ਸਾਜ ਅਤੇ ਮ੍ਰਿਦੰਗ ਦੀ ਅਵਾਜ਼ ਇਕੱਠੀ ਹੋ ਕੇ ਮਹਾਨ ਰਸ ਦਿੰਦੀ ਹੈ। ਇਸ ਵਿਚ ਭਾਗਾਂ ਵਾਲੇ ਦੀ ਹੀ ਸੁਰਤ ਟਿਕਦੀ ਹੈ। ਜਦੋਂ ਅਜਿਹਾ ਅਗੰਮੀ ਕੀਰਤਨ ਸੁਣਨਾ ਸ਼ੁਰੂ ਹੋ ਜਾਂਦਾ ਹੈ ਤਾਂ ਪਿਆਰੀਆਂ ਝੂੰਮਣੀਆਂ ਆਇਆ ਕਰਦੀਆਂ ਹਨ। ਆਪ ਨੇ ਅੱਗੇ ਗੱਲ ਜਾਰੀ ਰਖਦਿਆਂ ਫੇਰ ਪੁਛਿਆ, "ਬੇਟਾ! ਤੈਨੂੰ ਉਸ ਵੇਲੇ ਪਤਾ ਸੀ ਕਿ ਅਸੀਂ ਪ੍ਰਸ਼ਾਦਾ ਛਕ ਰਹੇ ਹਾਂ, ਤੇਰੇ ਪਿਤਾ ਜੀ ਪ੍ਰਸ਼ਾਦਾ ਛਕਾ ਰਹੇ ਹਨ ਅਤੇ ਸੰਗਤ ਤੇਰੇ ਆਲੇ-ਦੁਆਲੇ ਬੈਠੀ ਹੈ ?" ਤਾਂ ਮੈਂ ਸਹਿਜ ਨਾਲ ਹੀ ਉਤਰ ਦਿਤਾ ਕਿ ਮੈਨੂੰ ਤਾਂ ਆਪਣਾ ਵੀ ਨਹੀਂ ਸੀ ਪਤਾ ਕਿ ਮੈਂ ਕਿਥੇ ਬੈਠਾ ਹਾਂ, ਆਲੇ-ਦੁਆਲੇ ਦਾ ਤਾਂ ਪਤਾ ਹੋਣਾ ਹੀ ਕੀ ਸੀ। ਇਸ ਤਰ੍ਹਾਂ ਆਪ ਨੇ ਸੰਗਤ ਨੂੰ ਬਹੁਤ ਹੀ ਅੰਤ੍ਰੀਵੀ ਖੇਡਾਂ ਬਾਰੇ ਜਾਣੂੰ ਕਰਾਇਆ। ਉਹ ਸਮਾਂ ਜਦ ਮੈਂ ਹੁਣ ਯਾਦ ਕਰਦਾ ਹਾਂ ਤਾਂ ਮੈਨੂੰ ਬੜਾ ਅਫਸੋਸ ਹੁੰਦਾ ਹੈ ਕਿ ਮੈਂ ਉਸ ਅਵਸਥਾ ਨੂੰ ਆਪਣੀ ਸਿਮ੍ਰਤੀ ਵਿਚ ਸਾਂਭ ਨਾ ਸਕਿਆ ਅਤੇ ਪੜ੍ਹਾਈ ਦੇ ਨਾਲ, ਨੌਕਰੀ ਨਾਲ, ਗ੍ਰਹਿਸਥ ਦੀਆਂ ਜ਼ਿੰਮੇਵਾਰੀਆਂ ਨਾਲ ਮਨ ਦਾ, ਸੋਚ ਦਾ ਇਕ ਬਹੁਤ ਵੱਡਾ ਹਿੱਸਾ ਇਸ ਸੰਸਾਰ ਵਿਚ ਉਲਝਾਅ ਲਿਆ ਅਤੇ ਜੋ ਥੋੜ੍ਹੀ ਸੋਚ ਰੂਹਾਨੀਅਤ ਦੀ ਅੰਦਰ ਬਚੀ, ਉਹ ਇਸ ਰੌਲੇ-ਰੱਪੇ ਵਿਚ ਗੁਆਚ ਗਈ। ਭਾਈ ਸਾਹਿਬ ਨਾਲ ਕਿਉਂਕਿ ਬੜਾ ਨੇੜਤਾ ਦਾ ਸਮਾਂ ਮਿਲਿਆ, ਉਨ੍ਹਾਂ ਦੀ ਯਾਦ ਹਿਰਦੇ ਪੱਟ ਉਪਰ ਉਕਰੀ ਪਈ ਸੀ ਅਤੇ ਅੰਦਰੋਂ ਮੇਰਾ ਜੀਅ ਕਰਦਾ ਰਹਿੰਦਾ ਸੀ ਕਿ ਕਦੋਂ ਉਨ੍ਹਾਂ ਦੇ ਫੇਰ ਵੀ ਦਰਸ਼ਨ ਹੋਣ। ਸਰੀਰ ਦੀ ਉਮਰ 14 ਸਾਲ ਅੱਠ ਮਹੀਨੇ ਦੀ ਹੋ ਚੁਕੀ ਸੀ। ਨੌਵੀਂ ਜਮਾਤ ਦੇ ਇਮਤਿਹਾਨ ਦੇ ਕੇ ਨਾਰੰਗਵਾਲ ਗਿਆ। ਮੇਰੇ ਨਾਲ ਘਰ ਦੇ ਹੋਰ ਮੈਂਬਰ ਵੀ ਸਨ ਅਤੇ ਅਸੀਂ ਮਹਾਂਪੁਰਸ਼ਾਂ ਦੇ ਗ੍ਰਹਿ ਵਿਚ ਦੇਹਲੀ ਟੱਪ ਕੇ ਦਾਖਲ ਹੋਏ। ਉਸ ਸਮੇਂ ਆਪ ਇਕ ਵੱਡੇ ਕਮਰੇ ਵਿਚ ਫੁੱਟ ਕੁ ਉਚੇ ਚੌਂਤਰੇ ਉਪਰ ਨੇਤਰ ਬੰਦ ਕੀਤੇ ਬਿਰਾਜਮਾਨ ਸਨ ਅਤੇ ਸਿਮਰਨ ਵਿਚ ਪੂਰੀ ਤਰ੍ਹਾਂ ਲੀਨ ਸਨ। ਅਸਾਡੇ ਆਉਣ ਤੇ ਆਪ ਨੇ ਨੇਤਰ ਖੋਲ੍ਹੇ ਅਤੇ ਧਮੋਟ ਦਾ ਨਾਮ ਸੁਣ ਕੇ ਬਹੁਤ ਪ੍ਰਸੰਨ ਹੋਏ। ਉਨ੍ਹਾਂ ਨੇ ਸਾਨੂੰ ਜਲ ਪਾਣੀ ਛਕਾਇਆ ਅਤੇ ਫੇਰ ਮਕਾਨ ਦੇ ਉਪਰ ਜਿਥੇ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਸੀ ਉਸ ਚੁਬਾਰੇ ਵਿਚ ਲੈ ਗਏ, ਉਹ ਵੀ ਖੁਲ੍ਹਾ-ਡੁਲ੍ਹਾ ਸੀ। ਉਥੇ ਬੈਠ ਕੇ ਆਪ ਨੇ ਮੈਨੂੰ ਕਿਹਾ ਕਿ ਕੀਰਤਨ ਕਰੋ ਮੈਨੂੰ ਇਕੋ ਹੀ ਸ਼ਬਦ

ਦਾ ਰਾਗ ਵਿਚ ਕੀਰਤਨ ਆਉਂਦਾ ਸੀ –

***ਠਾਕੁਰ ਤੁਮ ਸਰਣਾਈ ਆਇਆ॥***
***ਉਤਰਿ ਗਇਓ ਮੇਰੇ ਮਨ ਕਾ ਸੰਸਾ ਜਬ ਤੇ ਦਰਸਨੁ ਪਾਇਆ॥***
***ਪੰਨਾ – 1218***

ਮੈਂ ਇਸ ਨੂੰ ਰਾਗ ਦੀ ਧੁਨ ਉਪਰ ਗਾਉਣਾ ਸ਼ੁਰੂ ਕੀਤਾ। ਭਾਈ ਸਾਹਿਬ ਜੀ ਨੇ ਤਬਲਾ ਲੈ ਕੇ ਐਨੇ ਪ੍ਰਮਾਣ ਦਿਤੇ ਕਿ ਦੋ ਘੰਟੇ ਇਕੋ ਹੀ ਸ਼ਬਦ ਚਲਦਾ ਰਿਹਾ। ਇਹ ਸ਼ਬਦ ਸ਼ਾਮ ਕਲਿਆਣ ਦੀ ਧੁਨ ਉਪਰ ਸੀ। ਸ਼ਬਦ ਦੀ ਸਮਾਪਤੀ ਉਪਰੰਤ ਆਪ ਨੇ ਮੇਰੇ ਵਲ ਦੇਖ ਕੇ ਕਿਹਾ ਕਿ ਤੁਸੀਂ ਗੁਰਸਿੱਖੀ ਦਸਤਾਰਾ ਸਜਾਇਆ ਕਰੋ। ਉਸ ਸਮੇਂ ਮੇਰੇ ਤਰਬੂਜੀਆ ਰੰਗ ਦੀ ਦਸਤਾਰ ਬੰਨ੍ਹੀ ਹੋਈ ਸੀ ਅਤੇ ਉਸ ਸਮੇਂ ਦੇ ਰਿਵਾਜ ਮੁਤਾਬਿਕ ਲੰਮਾ ਲੜ ਛੱਡ ਕੇ ਉਸ ਨੂੰ ਦੂਹਰਾ ਕਰਕੇ ਪੰਜਾ ਜਿਹਾ ਬਣਾ ਕੇ ਸਿਰ ਉਪਰ ਟੰਗ ਲਿਆ ਜਾਂਦਾ ਸੀ। ਮੈਂ ਪੁਛਿਆ ਕਿ ਗੁਰਮੁਖੀ ਦਸਤਾਰ ਕੀ ਹੁੰਦੀ ਹੈ? ਉਨ੍ਹਾਂ ਨੇ ਸਮਝਾਇਆ ਕਿ ਉਸ ਵਿਚ ਇਸ ਤਰ੍ਹਾਂ ਲੰਮੇ ਲੜ ਨਹੀਂ ਛੱਡੇ ਜਾਂਦੇ ਸਗਮਾਂ ਦੋਵੇਂ ਲੜ ਦਸਤਾਰ ਦੇ ਵਿਚ ਹੀ ਟੰਗ ਲਏ ਜਾਂਦੇ ਹਨ। ਮੈਂ ਸੁਭਾਵਿਕ ਹੀ ਕਿਹਾ ਕਿ ਸਾਡੇ ਸਕੂਲ ਦਾ ਤਾਂ ਇਹੀ ਰਿਵਾਜ ਹੈ। ਆਪ ਮੁਸਕਰਾ ਪਏ ਕਿਉਂਕਿ ਅਜੇ ਸਰੀਰਕ ਅਵਸਥਾ ਬਹੁਤ ਛੋਟੀ ਸੀ। ਅਸਾਨੂੰ ਪੁਛਿਆ, "ਤੁਸੀਂ ਕਿਥੇ ਜਾ ਰਹੇ ਹੋਂ?" ਅਸੀਂ ਕਿਹਾ ਕਿ ਸੰਤ ਮਨੀ ਸਿੰਘ ਜੀ ਦਿਆਲਪੁਰ ਵਾਲਿਆਂ ਦੇ ਰਾਏਪੁਰ ਦੇ ਨੇੜੇ ਪਿੰਡ ਮਹਿਮਾਂ ਸਿੰਘ ਵਾਲੇ ਪਾਸ ਦੀਵਾਨ ਲੱਗੇ ਹੋਏ ਹਨ। ਨੇੜੇ ਹੀ ਮਨਸੂਰਾਂ ਪਿੰਡ ਵਿਚ ਜੋ ਜੋਧਾ ਦੇ ਨੇੜੇ ਹੈ, ਮੇਰੇ ਨਾਨਕੇ ਸਨ ਅਸੀਂ ਇਕੱਠੇ ਹੋ ਕੇ ਸੰਤ ਮਨੀ ਸਿੰਘ ਜੀ ਦਾ ਦੀਵਾਨ ਸੁਣਿਆ ਅਤੇ ਫੇਰ ਵਾਪਸ ਧਮੋਟ ਆ ਗਏ। ਇਸ ਤਰ੍ਹਾਂ ਆਪ ਜੀ ਦਾ ਪਿਆਰ ਅਛੋਪਲੇ ਹੀ ਹਿਰਦੇ ਵਿਚ ਸਮਾਇਆ ਰਿਹਾ।

ਬੀਬੀ ਰਣਜੀਤ ਕੌਰ ਮੇਰੀ ਪਤਨੀ ਦਾਉਦਪੁਰ ਤੋਂ ਇਕ ਪੂਰਨ ਮਹਾਂਪੁਰਸ਼, ਕਰਮਯੋਗੀ, ਪ੍ਰਭੂ ਪ੍ਰਾਪਤ ਵਿਅਕਤੀ ਜਿਨ੍ਹਾਂ ਦਾ ਨਾਮ ਭਾਈ ਸਾਹਿਬ ਸੰਤ ਭਾਈ ਹੀਰਾ ਸਿੰਘ ਜੀ, ਦੀ ਲੜਕੀ ਸੀ। ਆਪ ਦਾਉਦਪੁਰ ਖੰਨੇ ਦੇ ਨੇੜੇ ਦੇ ਰਹਿਣ ਵਾਲੇ ਸਨ। ਆਪ ਜੀ ਇਕ ਵਾਰੀ ਧਮੋਟ ਆਏ ਉਸ ਸਮੇਂ ਮੇਰੇ ਮਾਤਾ ਜੀ ਦਾ ਉਨ੍ਹਾਂ ਦੇ ਭਾਈਚਾਰੇ ਵਿਚੋਂ ਲਗਦੀ ਭੈਣ ਸਾਹਿਬ ਕੌਰ ਜੀ ਨਾਲ ਬਹੁਤ ਪਿਆਰ ਸੀ। ਬੇਬੇ ਜੀ ਨੇ ਬੇਨਤੀ ਕੀਤੀ ਕਿ ਵੀਰ ਜੀ! ਅਸਾਡੇ ਘਰ ਸਹਿਜ ਪਾਠ ਵਾਸਤੇ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੈ, ਤੁਹਾਡੇ ਨਾਲ ਭਾਈ ਗੰਡਾ ਸਿੰਘ ਜੀ ਆਏ ਹੋਏ ਹਨ ਅਸਾਡੇ ਪਰਿਵਾਰ ਦੀ ਇੱਛਾ ਹੈ ਕਿ ਅਸੀਂ ਆਪ ਜੀ ਤੋਂ ਪਾਠ ਸਰਵਣ ਕਰੀਏ। ਕੁਝ ਦਿਨ ਲਈ ਆਪ ਜੀ ਠਹਿਰ ਜਾਵੋ ਤਾਂ ਸਾਨੂੰ ਬਹੁਤ ਹੀ ਸ਼ੁਭ ਅਵਸਰ ਪ੍ਰਾਪਤ ਹੋਵੇਗਾ। ਉਨ੍ਹਾਂ ਨੇ ਮੰਨ ਲਿਆ। ਭਾਈ ਗੰਡਾ ਸਿੰਘ ਜੀ ਤੇ ਆਪ ਨੇ ਪਾਠ ਕੀਤਾ। ਅਸਾਡੇ ਮਾਤਾ ਜੀ ਨੇ ਬਹੁਤ ਸੇਵਾ ਕੀਤੀ। ਇਹ ਗੱਲ 1910 ਦੇ ਏੜਗੇੜ ਦੀ ਹੈ ਅਤੇ ਭੋਗ ਪੈ ਗਿਆ ਤਾਂ ਦਾਉਦਪੁਰ ਵਾਲੇ ਪਿਤਾ ਜੀ ਨੇ ਕਿਹਾ ਕਿ ਬੀਬੀ! ਤੂੰ ਅਸਾਡੀ ਬੜੀ ਸੇਵਾ ਕੀਤੀ ਹੈ। ਤੁਹਾਡੇ ਘਰ ਅੱਠ ਸਾਲ ਨੂੰ ਇਕ ਪੁਤਰ ਆਵੇਗਾ ਜੋ ਸਾਧੂ ਹੋਵੇਗਾ ਅਤੇ ਮੇਰੇ ਘਰ ਇਕ ਪੁਤਰੀ ਨੇ ਜਨਮ ਲੈਣਾ ਹੈ ਉਹ ਮੈਂ ਤੁਹਾਨੂੰ ਹੁਣੇ ਹੀ ਸੌਂਪਦਾ ਹਾਂ।

ਉਹ ਤੁਹਾਡੀ ਤਨੋ-ਮਨੋ ਹੋ ਕੇ ਸੇਵਾ ਵੀ ਕਰੇਗੀ, ਤੁਹਾਨੂੰ ਪਿਆਰ ਵੀ ਕਰੇਗੀ। ਤੁਸੀਂ ਉਸ ਬੱਚੇ ਦਾ ਰਿਸ਼ਤਾ ਕਿਤੇ ਹੋਰ ਨਹੀਂ ਕਰਨਾ। ਉਸ ਦਾ ਸੰਜੋਗ ਧੁਰ ਦਰਗਾਹ ਤੋਂ ਹੋਇਆ ਹੋਇਆ ਹੀ ਹੈ। ਜੋ ਤੁਸੀਂ ਪਿਆਰ ਨਾਲ ਅਸਾਡੀ ਸੇਵਾ ਕੀਤੀ ਹੈ ਉਸ ਦਾ ਬਦਲਾ ਅਸੀਂ ਆਪਣੀ ਲੜਕੀ ਰਾਹੀਂ ਤੁਹਾਡੀ ਉਮਰ ਭਰ ਸੇਵਾ ਕਰਾ ਕੇ ਚੁਕਾਵਾਂਗੇ। ਇਹ ਭਵਿੱਖ ਵਾਕ ਆਪ ਜੀ ਦੇ ਪੂਰੀ ਤਰ੍ਹਾਂ ਪੂਰੇ ਹੋਏ। ਸਮਾਂ ਆਉਣ ਤੇ ਇਹ ਸਭ ਕੁਝ ਹੋ ਗਿਆ। ਬੀਬੀ ਰਣਜੀਤ ਕੌਰ ਦਾ ਪੇਕਿਆਂ ਦਾ ਨਾਮ ਉਦਮ ਕੌਰ ਸੀ, ਉਹ ਸਚਮੁੱਚ ਹੀ ਉਦਮ ਦੀ ਮੂਰਤੀ ਸੀ। ਸਹੁਰੇ ਘਰ ਨਾਮ ਬਦਲ ਕੇ ਰਣਜੀਤ ਕੌਰ ਰੱਖ ਦਿਤਾ। ਉਸ ਨੇ ਸਾਰੀ ਉਮਰ ਆਪਣੇ ਪਿਤਾ ਜੀ ਦੇ ਕਹੇ ਹੋਏ ਬਚਨਾਂ ਤੇ ਪਹਿਰਾ ਦਿਤਾ। ਉਸ ਨੂੰ ਵੀ ਇਹ ਬਚਨ ਸਾਰੀ ਜ਼ਿੰਦਗੀ ਪੂਰੀ ਤਰ੍ਹਾਂ ਯਾਦ ਰਹੇ ਹਨ। ਬਾਪੂ ਜੀ ਦਾ ਭਾਈ ਰਣਧੀਰ ਸਿੰਘ ਜੀ ਨਾਲ ਅਤੁੱਟ ਪਿਆਰ ਸੀ। ਭਾਈ ਸਾਹਿਬ ਬਾਪੂ ਜੀ ਨੂੰ ਸੰਤ ਭਾਈ ਹੀਰਾ ਸਿੰਘ ਜੀ ਦਾਉਦਪੁਰੀ ਕਹਿ ਕੇ ਸੰਬੋਧਨ ਕਰਿਆ ਕਰਦੇ ਸਨ। ਬਾਪੂ ਜੀ ਨੂੰ ਸਾਰੀਆਂ ਰਿੱਧੀਆਂ ਸਿੱਧੀਆਂ ਨਾਮ ਬਲ ਕਰਕੇ ਕੁਦਰਤੀ ਹੀ ਪ੍ਰਾਪਤ ਸਨ।

ਇਕ ਘਟਨਾ ਭਾਈ ਸਾਹਿਬ ਜੀ ਲਿਖਦੇ ਹਨ ਕਿ ਬਾਪੂ ਜੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬੇ ਬੈਠੇ ਐਨੇ ਲੀਨ ਹੋਏ ਕਿ ਉਨ੍ਹਾਂ ਦੇ ਕਣ-ਕਣ ਵਿਚ ਨਾਮ ਐਨਰਜੀ ਦਾ ਪ੍ਰਕਾਸ਼ ਹੋ ਕੇ ਐਨਾ ਵਜ਼ਨ ਘਟ ਗਿਆ ਅਤੇ Garvity (ਧਰਤੀ ਦੀ ਖਿੱਚ) ਐਨੀ ਮੱਧਮ ਪੈ ਗਈ ਕਿ ਉਹ ਹੌਲੀ-ਹੌਲੀ ਉਪਰ ਉਠਦੇ-ਉਠਦੇ ਗੁਰਦੁਆਰੇ ਦੀ ਛੱਤ ਨੂੰ ਲੱਗ ਗਏ। ਉਸ ਸਮੇਂ ਆਪ ਦੇ ਹੱਥ ਵਿਚ ਚੌਰ ਸੀ ਜੋ ਗੁਰੂ ਸਾਹਿਬ ਨੂੰ ਕਰ ਰਹੇ ਸਨ। ਉਪਰ ਤੋਂ ਫੇਰ ਸਹਿਜੇ-ਸਹਿਜੇ ਹੇਠਾਂ ਉਤਰੇ ਅਤੇ ਫੇਰ ਦੁਬਾਰਾ ਸਹਿਜੇ-ਸਹਿਜੇ ਉਪਰ ਉਠ ਕੇ ਛੱਤ ਨਾਲ ਲਗ ਗਏ। ਗੁਰਦੁਆਰਾ ਸਾਹਿਬ ਦੀਆਂ ਕੰਧਾਂ ਦੇ ਨਾਲ-ਨਾਲ ਲਗਦੇ ਗੁਰੂ ਗ੍ਰੰਥ ਸਾਹਿਬ ਜੀ ਦੇ ਸਾਮ੍ਹਣੇ ਆ ਕੇ ਉਵੇਂ ਹੀ ਹੇਠਾਂ ਉਤਰੇ ਅਤੇ ਡੰਡਉਤ ਬੰਦਨਾ ਵਿਚ ਪੈ ਗਏ। ਇਹ ਸਾਰਾ ਕੌਤਕ ਸੰਗਤਾਂ ਨੇ ਦੇਖਿਆ ਅਤੇ ਅਜੀਬ ਕਿਸਮ ਦੀ ਰੂਹਾਨੀ ਝਰਨਾਹਟ ਸਾਰੇ ਪ੍ਰੇਮੀਆਂ ਨੂੰ ਇਕਾਗਰਤਾ ਦੇ ਘਰ ਵਿਚ ਲੈ ਗਈ। ਬਾਪੂ ਜੀ ਦੇ ਸਰੀਰ ਵਿਚੋਂ ਪ੍ਰਕਾਸ਼ ਦੇ flash (ਗੋਲੇ) ਨਿਕਲ ਕੇ ਸਾਰੇ ਗੁਰਦੁਆਰਾ ਸਾਹਿਬ ਵਿਚ ਫੈਲ ਗਏ। ਕੀਰਤਨ ਹੋਣੋਂ ਰੁਕ ਗਿਆ, ਬੱਚੇ ਤੋਂ ਬੁੱਢੇ ਤਕ ਦੀ ਸਹਿਜ ਸਮਾਧ ਲੱਗ ਗਈ, ਸਮਾਂ ਪਤਾ ਨਹੀਂ ਕਿਥੇ ਚਲਾ ਗਿਆ। ਪਤਾ ਉਸ ਸਮੇਂ ਲੱਗਿਆ ਜਦੋਂ ਉਥੇ ਬੈਠੀ ਸੰਗਤ ਨੂੰ ਛੇ ਘੰਟੇ ਬੀਤ ਗਏ। ਉਸ ਵੇਲੇ ਬਾਪੂ ਜੀ ਸਹਿਜੇ-ਸਹਿਜੇ ਸਾਵਧਾਨ ਹੋਏ, ਉਨ੍ਹਾਂ ਦੇ ਚਰਨ ਧਰਤੀ ਨੂੰ ਛੂਹ ਨਹੀਂ ਰਹੇ ਸਨ। ਨਾਮ ਐਨਰਜੀ ਉਨ੍ਹਾਂ ਅੰਦਰ ਐਨੀ ਪ੍ਰਵੇਸ਼ ਕਰ ਗਈ ਸੀ ਕਿ ਜੇ ਉਹ ਇਕਾਗਰ ਚਿੱਤ ਹੋ ਕੇ ਕਿਸੇ ਦੀ ਪਿੱਠ ਤੇ ਹੱਥ ਰੱਖ ਦਿੰਦੇ ਤਾਂ ਉਹ ਧਰਤੀ ਤੇ ਲਿਟਣ ਲਗ ਜਾਂਦਾ।

ਇਕ ਵਾਰੀ ਉਨ੍ਹਾਂ ਦੀ ਚਾਚੀ ਨੇ ਕਿਹਾ, ਹੀਰਾ ਸਿੰਘ ਬੇਟਾ! ਤੂੰ ਸਾਰਿਆਂ ਦਾ ਨਾਮ ਚਲਾ ਦਿੰਦਾ ਹੈਂ ਪਰ ਮੈਂ ਉਸ ਨਾਮ ਤੋਂ ਪੂਰੀ ਤਰ੍ਹਾਂ ਕੋਰੀ ਹਾਂ। ਬਾਪੂ ਜੀ ਨੇ ਸਹਿਜ ਨਾਲ ਹੀ ਉਸ ਦੀ ਪਿੱਠ ਉਪਰ ਹੱਥ ਰੱਖ ਕੇ ਕਿਹਾ ਕਿ ਚਾਚੀ ਸੁਣ! ਤੇਰੇ ਅੰਦਰ ਨਾਮ ਦੀ ਧੁਨਕਾਰ ਕਿਵੇਂ ਗੂੰਜ ਰਹੀ ਹੈ। ਇਹ ਛੂਹਣਾ ਕੀ ਸੀ ਇਕ ਦਮ ਬਿਜਲੀ ਦੀ ਕਰੰਟ ਵਾਂਗੂ ਇਹ ਨਾਮ

ਰਸ ਉਸ ਵਿਚ ਪ੍ਰਵੇਸ਼ ਕਰ ਗਿਆ। ਉਸ ਤੋਂ ਇਹ ਰਸ ਸਾਂਭਿਆ ਨਾ ਗਿਆ ਅਤੇ ਉਹ ਚੁਬਾਰੇ ਦੇ ਅੰਦਰ ਲਿਟਦੀ ਰਹੀ। ਬਾਪੂ ਜੀ ਨੇ ਦੂਜੀ ਵਾਰੀ ਆਪਣੇ ਹੱਥ ਨਾਲ ਸ਼ਾਂਤ ਕੀਤਾ, ਉਹ ਅੱਖਾਂ ਮੀਚ ਕੇ ਬੈਠ ਗਈ। ਕਾਫੀ ਸਮਾਂ ਲੰਘ ਗਿਆ ਜਦੋਂ ਬਾਪੂ ਜੀ ਖੇਤਾਂ ਵਲ ਜਾ ਰਹੇ ਸਨ ਤਾਂ ਉਨ੍ਹਾਂ ਦੇ ਭਾਈਆਂ ਨੇ ਪੁਛਿਆ ਕਿ ਬਾਈ! ਉਪਰ ਬੇਬੇ ਗਈ ਸੀ ਉਹ ਵਾਪਸ ਨਹੀਂ ਆਈ, ਕਿਤੇ ਭੇਜ ਦਿਤੀ? ਤਾਂ ਬਾਪੂ ਜੀ ਨੇ ਕਿਹਾ ਕਿ ਤੁਹਾਡੀ ਮਾਂ ਤਾਂ ਬਹੁਤ ਦੂਰ ਚਲੀ ਗਈ ਹੈ, ਉਨ੍ਹਾਂ ਦੀ ਮੜ੍ਹੌਲੀ ਚੁਬਾਰੇ ਵਿਚ ਚੌਂਕੜਾ ਮਾਰ ਕੇ ਬੈਠੀ ਹੈ ਉਹ ਕਲ੍ਹ ਨੂੰ ਐਸੇ ਵੇਲੇ ਸਰੀਰ ਵਿਚ ਵਾਪਸ ਆਵੇਗੀ ਫਿਰ ਤੁਹਾਡਾ ਕੋਈ ਕੰਮ ਕਾਰ ਕਰੇਗੀ। ਉਸ ਸਮੇਂ ਤਾਈਂ ਤੁਸੀਂ ਉਸ ਨੂੰ ਛੇੜਿਓ ਨਾ, ਨਹੀਂ ਤਾਂ ਉਸ ਦੇ ਪ੍ਰਾਣ ਪੰਖੇਰੂ ਸਰੀਰ ਛੱਡ ਕੇ ਉਡ ਵੀ ਸਕਦੇ ਹਨ। ਫੇਰ ਅਸੀਂ ਜ਼ਿੰਮੇਵਾਰ ਨਹੀਂ ਹੋਵਾਂਗੇ।

ਦੂਸਰੇ ਦਿਨ ਉਨ੍ਹਾਂ ਦੀ ਚਾਚੀ ਨੇ 10 ਵਜੇ ਨੇਤਰ ਖੋਲ੍ਹੇ। ਇਉਂ ਲਗਦਾ ਸੀ ਜਿਵੇਂ ਕੋਈ ਬਹੁਤ ਤੇਜ਼ ਨਸ਼ਾ ਉਸ ਦੇ ਨੇਤਰਾਂ ਵਿਚੋਂ ਡੁਲ੍ਹ-ਡੁਲ੍ਹ ਪੈਂਦਾ ਹੋਵੇ। ਉਨ੍ਹਾਂ ਦੀ ਝਾਕਣੀ ਵਿਚ ਕਹਿਰਾਂ ਦੀ ਖਿੱਚ ਸੀ। ਮੈਨੂੰ ਵੀ ਵਡੇਰੀ ਉਮਰ ਵਿਚ ਆ ਕੇ ਪਤਾ ਲੱਗਿਆ ਕਿ ਨਾਮ ਦੀ ਸ਼ਕਤੀ ਨਾਲ magnetic (ਚਮਕ ਪੱਥਰ) ਪ੍ਰਵਾਹ ਚਲ ਪਿਆ ਕਰਦਾ ਹੈ ਅਤੇ ਉਸਦੀ ਦ੍ਰਿਸ਼ਟੀ ਵਿਚ ਅੰਮ੍ਰਿਤ ਦੀਆਂ ਧਾਰਾ ਵਰਸਿਆ ਕਰਦੀਆਂ ਹਨ। ਉਹ Megnetic (ਚਮਕ ਪੱਥਰੀ) ਖਿੱਚ ਐਨੀ ਪ੍ਰਬਲ ਹੁੰਦੀ ਹੈ ਕਿ ਜਿਸ ਨੂੰ ਵੀ ਵੇਖ ਲਵੇ ਉਸ ਦੇ ਅੰਦਰ ਥਰ-ਥਰਾਹਟ ਮਹਿਸੂਸ ਹੋਣ ਲੱਗ ਜਾਂਦੀ ਹੈ। ਜੇ ਉਹ ਨਾਮ ਜਪਣ ਵਾਲਾ ਪ੍ਰੇਮੀ ਹੋਵੇ ਤਾਂ ਸੁਭਾਵਿਕ ਹੀ ਉਸ ਦੇ ਰੋਮ-ਰੋਮ ਵਿਚੋਂ ਵਾਹਿਗੁਰੂ-ਵਾਹਿਗੁਰੂ ਦੀਆਂ ਧੁਨੀਆਂ ਚਲ ਪਿਆ ਕਰਦੀਆਂ ਹਨ।

ਬਾਪੂ ਜੀ ਦਾਉਦਪੁਰ ਛੱਡ ਕੇ ਲਾਇਲਪੁਰ ਦੇ ਜ਼ਿਲੇ ਵਿਚ ਆਪਣੀ ਜ਼ਮੀਨ ਵਿਚ ਚਲੇ ਗਏ। ਚੱਕ ਦਾ ਨੰਬਰ ਸ਼ਾਇਦ 378 ਸੀ ਉਥੇ ਆਪ ਨੇ ਜ਼ਮੀਨ ਦੀ ਸੰਭਾਲ ਕੀਤੀ ਅਤੇ ਆਪਣੇ ਪਰਿਵਾਰ ਨਾਲ ਰਲ ਕੇ ਖੇਤੀ-ਬਾੜੀ ਕਰਨ ਲੱਗੇ। ਭਾਈ ਸਾਹਿਬ ਰਣਧੀਰ ਸਿੰਘ ਜੀ 'ਰੰਗਲੇ ਸੱਜਣ' ਵਿਚ ਲਿਖਦੇ ਹਨ ਕਿ ਜਦੋਂ ਉਹ ਆਪਣੇ ਪਸ਼ੂਆਂ ਲਈ ਚਾਰੇ ਦਾ ਭਰਾ ਸੀਸ ਉਪਰ ਰੱਖ ਕੇ ਲਿਆਇਆ ਕਰਦੇ ਸਨ ਤਾਂ ਉਹ ਸੀਸ ਤੋਂ ਉਚਾ ਰਿਹਾ ਕਰਦਾ ਸੀ। ਸੀਸ ਨਾਲ ਛੂੰਹਦਾ ਨਹੀਂ ਸੀ। ਇਸ ਕੌਤਕ ਨੂੰ ਵੇਖਣ ਲਈ ਪਿੰਡ ਦੇ ਲੋਕ ਮੁਖ ਦਰਵਾਜ਼ੇ ਉਪਰ ਇਕੱਠੇ ਹੋ ਜਾਇਆ ਕਰਦੇ ਸਨ ਅਤੇ ਸ਼ਾਹਦੀ ਭਰਦੇ ਸਨ ਕਿ ਉਨ੍ਹਾਂ ਨੇ ਦੇਖਿਆ ਹੈ ਕਿ ਸੰਤ ਹੀਰਾ ਸਿੰਘ ਜੀ ਦੇ ਸੀਸ ਉਪਰ ਚਰੀ ਦਾ ਭਰਾ ਸੀਸ ਤੋਂ ਉਚਾ ਰਹਿੰਦਾ ਹੈ। ਇਹ ਗੱਲਾਂ ਪੜ੍ਹ ਕੇ ਯਾਦ ਆ ਜਾਂਦਾ ਹੈ ਕਿ ਬਾਬਾ ਫਰੀਦ ਨੂੰ ਫਰੀਦਕੋਟ ਦੇ ਮਜ਼ਦੂਰਾਂ ਦੇ ਨਾਲ ਵਗਾਰ ਦੇਣ ਲਈ ਫੜ ਲਿਆ ਓਥੇ ਕਿਲ੍ਹਾ ਬਣ ਰਿਹਾ ਸੀ। ਜੋ ਚੂਨਾ ਲਿਆਉਣ ਲਈ ਟੋਕਰੀ ਸੀ ਉਹ ਆਪ ਦੇ ਸੀਸ ਤੋਂ ਇਕ ਹੱਥ ਭਰ ਉਚੀ ਰਹਿੰਦੀ ਸੀ, ਜਿਸ ਨੂੰ ਦੇਖ ਕੇ ਉਥੋਂ ਦਾ ਰਾਜਾ ਐਨਾ ਪ੍ਰਭਾਵਿਤ ਹੋਇਆ ਕਿ ਉਸ ਨੇ ਇਸ ਨਵੇਂ ਬਣ ਰਹੇ ਨਗਰ ਦਾ ਨਾਮ ਹੀ ਫਰੀਦਕੋਟ ਰੱਖ ਦਿਤਾ ਅਤੇ ਬਾਬਾ ਜੀ ਦਾ ਸ਼ਰਧਾਲੂ ਹੋ ਗਿਆ।

ਇਸੇ ਤਰ੍ਹਾਂ ਗੁਰੂ ਨਾਨਕ ਪਾਤਸ਼ਾਹ ਨੂੰ ਜਦੋਂ ਭਾਈ ਬਾਲਾ ਤੇ ਮਰਦਾਨਾ

ਸਮੇਤ ਏਮਨਾਬਾਦ ਵਿਚ ਵਗਾਰ ਕਰਨ ਲਈ ਫੜ ਲਿਆ ਅਤੇ ਆਪ ਦੋਹਾਂ ਨੂੰ ਭਾਰੀਆਂ ਪੰਡਾਂ ਚੁਕਾ ਦਿਤੀਆਂ ਅਤੇ ਮਰਦਾਨੇ ਨੂੰ ਚਾਰ ਘੋੜੇ ਫੜਾ ਦਿਤੇ। ਸਭਨਾਂ ਨੇ ਦੇਖਿਆ ਕਿ ਇਹ ਬੋਝੇ ਸੀਸ ਤੋਂ ਇਕ ਹੱਥ ਦੀ ਉਚਾਈ ਉਪਰ ਉਠੇ ਹੋਏ ਜਾ ਰਹੇ ਸਨ ਅਤੇ ਭਾਈ ਮਰਦਾਨੇ ਨੇ ਘੋੜਿਆਂ ਦੀਆਂ ਲਗਾਮਾਂ ਘੋੜਿਆਂ ਦੇ ਗਲਾਂ ਵਿਚ ਲਪੇਟ ਦਿਤੀਆਂ। ਉਹ ਘੋੜੇ, ਜਿਧਰ ਨੂੰ ਭਾਈ ਮਰਦਾਨਾ ਜੀ ਜਾਂਦੇ ਸਨ, ਉਧਰ ਨੂੰ ਐਉਂ ਜਾਂਦੇ ਸਨ ਜਿਵੇਂ ਕਿਸੇ ਸ਼ਕਤੀ ਨੇ ਪਿਛੇ ਲਗਾਮ ਫੜੀ ਹੋਵੇ। ਅਨੇਕ ਮਹਾਤਮਾਵਾਂ ਨਾਲ ਅਜਿਹੀਆਂ ਘਟਨਾਵਾਂ ਦਾ ਜ਼ਿਕਰ ਪੜ੍ਹੀਦਾ ਹੈ - ਖਾਸ ਕਰਕੇ ਸੂਫੀ ਪੀਰਾਂ ਦੇ ਜੀਵਨ ਵਿਚ। ਇਸ ਦੀ ਵਿਆਖਿਆ ਕੋਈ ਪਹੁੰਚਿਆ ਹੋਇਆ ਪੂਰਨ ਯੋਗੀ ਹੀ ਕਰ ਸਕਦਾ ਹੈ ਜਿਸ ਦਾ ਵਾਹ ਨਾਮ ਐਨਰਜੀ ਦੇ ਸ਼ਕਤੀਸ਼ਾਲ ਪ੍ਰਵਾਹ ਨਾਲ ਪਿਆ ਹੋਵੇ। ਜਿਸ ਅੰਦਰ ਨਾਮ ਦਾ ਪ੍ਰਵਾਹ ਅਤੁੱਟ ਹੋ ਕੇ ਚਲ ਪੈਂਦਾ ਹੈ ਉਸ ਨੂੰ ਨਾ ਹੀ ਅੱਗ ਜਲਾ ਸਕਦੀ ਹੈ, ਨਾ ਹੀ ਪਾਣੀ ਉਸ ਨੂੰ ਡੋਬ ਸਕਦਾ ਹੈ ਅਤੇ ਨਾ ਹੀ ਜ਼ਹਿਰੀਲੇ ਸੱਪ ਉਸ ਨੂੰ ਡੰਗ ਮਾਰ ਸਕਦੇ ਹਨ, ਨਾ ਹੀ ਉਸ ਦੇ ਸਰੀਰ ਨੂੰ ਕੋਈ ਸਸ਼ਤਰ ਛੋਹ ਸਕਦਾ ਹੈ। ਪ੍ਰਕ੍ਰਿਤੀ ਆਪਣਾ ਸੁਭਾਅ ਬਦਲ ਦਿੰਦੀ ਹੈ ਜਿਸ ਤਰ੍ਹਾਂ ਨਾਲ ਗੁਰਬਾਣੀ ਵਿਚ ਫੁਰਮਾਨ ਹੈ -

***ਦੁਸਟ ਸਭਾ ਮਿਲਿ ਮੰਤਰ ਉਪਾਇਆ ਕਰਸਹ ਅਉਧ ਘਨੇਰੀ॥***
***ਗਿਰਿ ਤਰ ਜਲ ਜੁਆਲਾ ਭੈ ਰਾਖਿਓ ਰਾਜਾ ਰਾਮਿ ਮਾਇਆ ਫੇਰੀ॥***
***ਪੰਨਾ - 1165***

ਭਾਈ ਗੁਰਦਾਸ ਜੀ ਫੁਰਮਾਉਂਦੇ ਹਨ -

***ਜਲ ਅਗਨੀ ਵਿਚ ਘਤਿਆ ਜਲੈ ਨ ਡੁਬੈ ਗੁਰ ਪਰਸਾਦ॥***
***ਭਾਈ ਗੁਰਦਾਸ ਜੀ, ਵਾਰ 10/2***

ਇਹ ਨਾਮ ਦੀ ਅਥਾਹ ਸ਼ਕਤੀ ਹੋਇਆ ਕਰਦੀ ਹੈ। ਹੋਰ ਵੀ ਅਨੇਕਾਂ ਮਿਸਾਲਾਂ ਹਨ।

ਬਾਪੂ ਜੀ ਦੇ ਜੀਵਨ ਵਿਚ ਕਈ ਹੋਰ ਘਟਨਾਵਾਂ ਵੀ ਮਿਲਦੀਆਂ ਹਨ ਜਿਵੇਂ ਕਿ ਉਨ੍ਹਾਂ ਦੇ ਪਿੰਡ ਗੰਗਾ ਸਿੰਘ ਨਾਮ ਦਾ ਪ੍ਰੇਮੀ ਸੀ ਜੋ ਸਦਾ ਹੀ ਹਾਸ ਰਸ ਵਿਚ ਕੁਝ ਨਾ ਕੁਝ ਕਰਕੇ ਲੋਕਾਂ ਦਾ ਧਿਆਨ ਆਪਣੇ ਵਲ ਆਕਰਸ਼ਿਤ ਕਰ ਲੈਂਦਾ ਸੀ। ਇਕ ਵਾਰੀ ਬਾਪੂ ਜੀ ਪ੍ਰਭੂ ਯਾਦ ਵਿਚ ਲਿਵਲੀਨ ਬੈਠੇ ਸੀ। ਉਨ੍ਹਾਂ ਦੇ ਨੇੜੇ ਬਹੁਤ ਸਾਰੇ ਉਹ ਪ੍ਰੇਮੀ ਵੀ ਬੈਠੇ ਸਨ ਜੋ ਮਾਲਾ ਦੀ ਮਦਦ ਨਾਲ ਗੁਰਮੰਤ੍ਰ ਦਾ ਜਾਪ ਕਰਿਆ ਕਰਦੇ ਸਨ। ਇਸ ਪ੍ਰੇਮੀ ਨੇ ਉਨ੍ਹਾਂ ਨੂੰ ਮਾਲਾ ਫੇਰਦੇ ਦੇਖ ਕੇ ਜੋ ਆਮ ਤੌਰ ਤੇ ਸਰਬ ਲੋਹ ਜਾਂ ਉੱਨ ਦੀਆਂ ਹੋਇਆ ਕਰਦੀਆਂ ਸਨ, ਇਕ ਲੰਮੀ ਗੱਡੇ ਦੀ ਲੱਜ ਲੈ ਆਇਆ। ਰਸਤੇ ਵਿਚ ਕੁਝ ਗੰਢਾਂ ਦੇ ਕੇ ਖੜ੍ਹਾ ਹੋ ਕੇ ਦੋਹਾਂ ਹੱਥਾਂ ਨਾਲ ਲੱਜ ਨੂੰ ਮਾਲਾ ਵਾਂਗ ਫੇਰ ਕੇ ਉਚੀ ਅਵਾਜ਼ ਵਿਚ ਵਾਹਿਗੁਰੂ-ਵਾਹਿਗੁਰੂ ਕਰਦਾ ਸੀ। ਇਸ ਅਵਾਜ਼ ਨੂੰ ਸੁਣ ਕੇ ਬਾਪੂ ਜੀ ਨੇ ਨੇਤਰ ਖੋਲ੍ਹੇ ਅਤੇ ਗੰਗਾ ਸਿੰਘ ਵਲ ਦੇਖਿਆ। ਉਹ ਉਨ੍ਹਾਂ ਦੀ ਦ੍ਰਿਸ਼ਟੀ ਦੀ ਤਾਬ ਨਾ ਲਿਆ ਸਕਿਆ। ਉਸ ਦੇ ਰੋਮ-ਰੋਮ ਵਿਚੋਂ ਨਾਮ ਦੀ ਕਰੰਟ ਬਿਜਲੀ ਦੀ ਕਰੰਟ ਵਾਂਗ ਲੰਘ ਗਈ। ਉਹ ਧਰਤੀ ਉਪਰ ਗਿਰ ਪਿਆ ਅਤੇ ਆਪਣਾ ਮੱਥਾ ਧਰਤੀ ਤੇ

ਪਟਕਣ ਲੱਗ ਗਿਆ। ਬਾਪੂ ਜੀ ਨੇ ਇਸ ਕਰੰਟ ਨੂੰ ਆਪਣੇ ਅੰਦਰ ਸੰਕੋਚ ਲਿਆ ਤਾਂ ਉਹ ਉਚੀ-ਉਚੀ ਰੋ-ਰੋ ਕੇ ਆਖਣ ਲੱਗਿਆ ਕਿ ਹੀਰਾ ਸਿੰਘ! ਹੋਰ ਸਭ ਕੁਝ ਲੈ-ਲੈ, ਮੈਂ ਤੁਹਾਡੀ ਨਕਲ ਕੀਤੀ ਹੈ, ਮੈਨੂੰ ਸਜ਼ਾ ਮਿਲਣੀ ਚਾਹੀਦੀ ਹੈ ਪਰ ਤੂੰ ਮੇਰੇ ਉਤੇ ਜੋ ਇਕੋ ਦ੍ਰਿਸ਼ਟੀ ਕਰਕੇ ਅਕਹਿ ਰਸ ਪੈਦਾ ਕਰ ਦਿਤਾ ਇਹ ਨਾ ਖੋਹੀਂ। ਇਕੋ ਦ੍ਰਿਸ਼ਟੀ ਨਾਲ ਉਸ ਦਾ ਸਮੁੱਚਾ ਜੀਵਨ ਬਦਲ ਗਿਆ। ਮਸਕਰਾ ਸੁਭਾਅ ਬਦਲ ਕੇ ਸਹਿਜ ਵਿਚ ਜੀਵਨ ਬਤੀਤ ਕਰਨ ਲੱਗਿਆ। ਨਾਮ ਦਾ ਰਸੀਆ ਹੋ ਕੇ ਪੰਜ ਪਿਆਰਿਆਂ ਤੋਂ ਨਾਮ ਦੀ ਦਾਤ ਪ੍ਰਾਪਤ ਕਰਕੇ ਸਾਰਾ ਜੀਵਨ ਉਚ ਕੋਟੀ ਦੇ ਗੁਰਮੁਖਾਂ ਵਾਲਾ ਲੰਘਾਇਆ। ਜਦੋਂ ਉਸ ਦੀ ਆਯੂ 90 ਸਾਲ ਤੋਂ ਉਪਰ ਸੀ ਉਸ ਵੇਲੇ ਮੈਂ ਇਕ ਵਾਰੀ ਦਉਦਪੁਰ ਗਿਆ। ਮੈਨੂੰ ਦੱਸਿਆ ਗਿਆ ਕਿ ਇਹ ਤੇਰੇ ਪਿਤਾ ਜੀ ਦੇ ਸਾਥੀ ਗੰਗਾ ਸਿੰਘ ਹਨ। ਜਦੋਂ ਮੈਂ ਉਸ ਨੂੰ ਉਸ ਘਟਨਾ ਬਾਰੇ ਪੁਛਿਆ ਤਾਂ ਆਪ ਦੇ ਨੇਤਰ ਛਮਾ-ਛਮ ਬਹਿ ਤੁਰੇ ਅਤੇ ਉਸ ਦੀ ਦੂਰ ਭੂਤਕਾਲ ਵਿਚ ਪੁਜੀ ਸਿਮ੍ਰਤੀ ਉਜਾਗਰ ਹੋ ਗਈ। ਉਨ੍ਹਾਂ ਨੇ ਰੋ ਰੋ ਕੇ ਦੱਸਿਆ ਕਿ ਅਸੀਂ ਹੀਰਾ ਸਿੰਘ ਨੂੰ ਆਪਣਾ ਭਰਾ ਜਾਣ ਕੇ ਕੋਈ ਕਦਰ ਨਾ ਪਾਈ। ਉਸ ਦੇ ਕੋਲ ਜੋ ਅਮੁੱਲ ਵਸਤੂ ਸੀ ਉਹ ਅਸੀਂ ਨਾ ਲੈ ਸਕੇ। ਮੇਰੇ ਕੋਲ ਤਾਂ ਸਿਰਫ ਓਹੀ ਰਸ ਰਹਿ ਗਿਆ ਜਿਹੜਾ ਮੈਂ ਇਨ੍ਹਾਂ ਨਾਮ ਰਸੀਆਂ ਦੀ ਨਕਲ ਕਰਨ ਵੇਲੇ ਉਸ ਇਕੋ ਦ੍ਰਿਸ਼ਟੀ ਨਾਲ ਪ੍ਰਾਪਤ ਕੀਤਾ ਸੀ। 'ਰੰਗਲੇ ਸੱਜਣਾਂ' ਵਿਚ ਇਕ ਜ਼ਿਕਰ ਆਉਂਦਾ ਹੈ ਕਿ ਖਾਲਸਾ ਸਕੂਲ ਦੇ ਬੱਚਿਆਂ ਨੂੰ ਅੰਮ੍ਰਿਤ ਛਕਾਉਣ ਸਮੇਂ ਫਲ੍ਹੇਵਾਲ ਦੇ ਇਕ ਲੜਕੇ ਦੇ ਨੇਤਰਾਂ ਵਲ ਦ੍ਰਿਸ਼ਟੀ ਕਰਕੇ ਛੱਟਾ ਮਾਰਿਆ ਤਾਂ ਉਸ ਦੀ ਸਮਾਧ ਲੱਗ ਗਈ ਅਤੇ 56 ਘੰਟੇ ਪਿਛੋਂ ਉਹ ਭਾਰ ਰਹਿਤ ਹੋ ਕੇ ਛੱਤ ਨਾਲ ਜਾ ਲੱਗਿਆ ਫੇਰ ਗੁਰੂ ਗ੍ਰੰਥ ਸਾਹਿਬ ਜੀ ਸਾਮ੍ਹਣੇ ਲੰਮਾ ਪੈ ਗਿਆ। ਬਾਪੂ ਜੀ ਨੇ ਭਾਈ ਸਾਹਿਬ ਰਣਧੀਰ ਸਿੰਘ ਹੋਰਾਂ ਨੂੰ ਕਿਹਾ ਕਿ ਲਾਵਾਂ ਦਾ ਕੀਰਤਨ ਕਰੋ, ਇਸ ਬੱਚੇ ਦੀ ਰੂਹ ਅਕਾਲ ਪੁਰਖ ਦੇ ਦਰ ਤੇ ਖੜ੍ਹੀ ਮਿਲਾਪ ਮੰਗ ਰਹੀ ਹੈ। ਬਾਪੂ ਜੀ ਨੇ ਦੱਸਿਆ ਕਿ ਜਲਾਲ ਵਿਚ ਆ ਕੇ ਅੰਮ੍ਰਿਤ ਦਾ ਛੱਟਾ ਮਾਰਿਆ ਗਿਆ ਸੀ। ਅਗੋਂ ਨੂੰ ਸਹਿਜ ਨਾਲ ਅੰਮ੍ਰਿਤ ਛਕਾਵਾਂਗੇ।

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਹੋਰ ਸਿੰਘਾਂ ਸਮੇਤ ਤਿੰਨ-ਤਿੰਨ ਮਹੀਨੇ ਦਾ ਸਮਾਂ ਬਾਪੂ ਜੀ ਦੇ ਘਰ ਦਾਉਦਪੁਰ ਲੰਘਾਇਆ ਕਰਦੇ ਸਨ ਅਤੇ ਅਖੰਡਪਾਠਾਂ ਦੇ ਅਖੰਡ ਪ੍ਰਵਾਹ ਘਰ ਵਿਚ ਚਲਿਆ ਕਰਦੇ ਸਨ। ਇਸ ਮਾਹੌਲ ਵਿਚ ਤੁਹਾਡੇ ਬੀਜੀ ਉਦਮ ਕੌਰ (ਰਣਜੀਤ ਕੌਰ) ਦਾ ਜੀਵਨ ਲੰਘਿਆ। ਉਨ੍ਹਾਂ ਦੀ ਸਾਰੀ ਜ਼ਿੰਦਗੀ ਇਸ ਗੱਲ ਦੀ ਗਵਾਹ ਹੈ ਕਿ ਉਨ੍ਹਾਂ ਨੂੰ ਆਪਣੇ ਪਿਤਾ ਜੀ ਦੀ ਗੁਪਤ ਤੌਰ ਤੇ ਬਖਸ਼ੀ ਦ੍ਰਿਸ਼ਟੀ ਨਾਲ ਸਾਰਾ ਜੀਵਨ ਹੀ ਸੇਵਾ, ਸਿਮਰਨ ਵਿਚ ਲੰਘਾਇਆ ਅਤੇ ਆਪਣੇ ਗ੍ਰਹਿਸਥ ਦੇ ਉਚ ਅਸੂਲਾਂ ਉਪਰ ਸਦਾ ਹੀ ਦ੍ਰਿੜ ਰਹੀ। ਮੇਰੇ ਦਾਦਾ ਜੀ, ਪਿਤਾ ਜੀ ਅਤੇ ਹੋਰ ਪਰਿਵਾਰ ਉਨ੍ਹਾਂ ਦੀ ਖਿੱਚ ਨੂੰ ਬਹੁਤ ਪਿਆਰ ਨਾਲ ਮਹਿਸੂਸ ਕਰਦੇ ਰਹੇ। ਉਸ ਨੇ ਵੀ ਨਿਸ਼ਕਾਮ ਸੇਵਾ ਪਰਿਵਾਰ ਦੀ ਕੀਤੀ। ਭਾਵੇਂ ਇਨ੍ਹਾਂ ਨੂੰ ਸਮਝਣ ਲਈ ਮੇਰੇ ਹੀ ਭਰਾਵਾਂ, ਭਰਜਾਈਆਂ ਨੇ ਆਪਣੇ ਗਲਤ ਅਨੁਮਾਨ ਲਾ ਕੇ ਧੁੰਧਲੇ ਸ਼ੀਸ਼ੇ ਵਿਚੋਂ ਦੇਖਣ ਦਾ ਜਤਨ ਕੀਤਾ ਅਤੇ ਕਈਆਂ ਦੇ ਹਿਰਦੇ ਵਿਚੋਂ ਈਰਖਾ ਦੀ ਜਵਾਲਾ ਭੜਕਦੀ ਰਹੀ ਪਰ ਇਸ ਨੇ ਸਾਰੀ ਜ਼ਿੰਦਗੀ ਕਿਸੇ ਨੂੰ

ਬੁਰਾ ਨਹੀਂ ਆਖਿਆ ਅਤੇ ਸੇਵਾ ਹੀ ਕਰਦੀ ਰਹੀ। ਆਪਣੇ ਪਿਤਾ ਜੀ ਦੇ ਦਿਤੇ ਵਰਦਾਨ ਨੂੰ ਆਪਣੇ ਜੀਵਨ ਵਿਚ ਕਮਾ ਕੇ ਵਿਖਾਇਆ।

ਮੈਂ 1939 ਵਿਚ ਜ਼ਿਲਾ ਨਵਾਬਸ਼ਾਹ, ਸਿੰਧ ਵਿਚੋਂ ਵਾਪਸ ਅੰਮ੍ਰਿਤਸਰ ਪੁਜਾ ਤਾਂ ਉਥੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਮੰਜੀ ਸਾਹਿਬ ਕੀਰਤਨ ਕਰਕੇ ਆਪਣੇ ਜਥੇ ਸਮੇਤ ਇਕ ਟਾਂਗੇ ਵਿਚ ਬੈਠੇ, ਕਿਤੇ ਜਾ ਰਹੇ ਸਨ। ਉਨ੍ਹਾਂ ਨੇ ਬੀਬੀ ਉਦਮ ਕੌਰ ਨੂੰ ਵੇਖਿਆ, ਮੈਨੂੰ ਵੀ ਵੇਖਿਆ - 10-11 ਸਾਲ ਲੰਘਣ ਉਪਰੰਤ। ਇਕ ਦਮ ਆਪ ਨੇ ਟਾਂਗਾ ਰੁਕਵਾ ਲਿਆ ਅਤੇ ਹੇਠਾਂ ਉਤਰ ਕੇ ਬੀਬੀ ਨੂੰ ਐਨਾ ਪਿਆਰ ਦਿਤਾ ਕਿ ਕੋਈ ਪਿਤਾ ਸ਼ਾਇਦ ਹੀ ਐਨਾ ਪਿਆਰ ਦੇਵੇ। ਆਪ ਆਪਣੇ ਸਾਥੀ ਸਿੰਘਾਂ ਨੂੰ ਆਖ ਰਹੇ ਸਨ ਕਿ ਦੇਖੋ, ਇਹ ਬੀਬੀ ਬਣੀ ਤਣੀ ਸੰਤ ਭਾਈ ਹੀਰਾ ਸਿੰਘ ਦਉਦਪੁਰੀ ਵਰਗੀ ਝਲਕ ਦਿੰਦੀ ਹੈ। ਇਸ ਦੇ ਮਸਤਕ ਦਾ ਖੇੜਾ ਉਸ ਨਾਮ ਰਸੀਏ ਦੀ ਯਾਦ ਤਾਜ਼ਾ ਕਰਦਾ ਹੈ। ਪਿਆਰ ਦੇਣ ਉਪਰੰਤ ਆਪ ਨੇ ਮੈਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਜਿਸ ਰਸਤੇ ਉਪਰ ਲੱਗੇ ਹੋਏ ਹੋਂ, ਅੱਗੇ ਵਧਦੇ ਚੱਲੋ, ਪਿਛੇ ਪੈਰ ਨਹੀਂ ਪਰਤਣਾ। ਇਹ ਸਨ ਕੁਝ ਯਾਦਾਂ ਜੋ ਅਜੇ ਤਕ ਮੇਰੇ ਅੰਦਰ ਸੰਭਾਲ ਦੀ ਥਾਂ ਵਿਚ ਸੁਰਖਸ਼ਿਤ ਪਈਆਂ ਹਨ ਜਿਨ੍ਹਾਂ ਨੂੰ ਮੈਂ ਇਸ ਕਾਗਜ਼ ਤੇ ਕਲਮ ਰਾਹੀਂ ਆਪ ਨਾਲ ਸਾਂਝੀਆਂ ਕਰ ਰਿਹਾ ਹਾਂ।

ਬਾਪੂ ਜੀ ਨੇ ਅੰਤਮ ਸਫਰ ਲਾਹੌਰ ਹੀ ਪੂਰਾ ਕੀਤਾ। ਮਹੀਨੇ ਦੀ ਆਖਰੀ ਤਰੀਕ ਪੁਜ ਗਈ। ਆਪ ਜੀ ਨਮੂਨੀਏ ਕਰਕੇ ਬੀਮਾਰ ਸਨ। ਬੱਚਿਆਂ ਨੂੰ ਕਿਹਾ ਕਿ ਸਭ ਘਰ ਨੂੰ ਜਾਵੋ, ਅਸੀਂ ਬਾਬਾ ਕਿਸ਼ਨ ਸਿੰਘ ਦਾ ਇੰਤਜ਼ਾਰ ਕਰ ਰਹੇ ਹਾਂ। ਇਸ ਮਹਾਨ ਪੁਰਸ਼ ਦਾ ਪਿੰਡ ਲੋਹਗੜ੍ਹ ਸੀ। ਇਹ ਨਾਮਧਾਰੀ ਸੰਪ੍ਰਦਾ ਨਾਲ ਸਬੰਧ ਰੱਖਣ ਵਾਲੇ ਇਕ ਮਹਾਨ ਉਚ ਕੋਟੀ ਦੇ ਗੁਰਮੁਖ ਯੋਗੀ ਸਨ। ਆਪ ਜੀ ਇਕੱਲੇ ਹੀ ਪੂਰੇ 48 ਘੰਟਿਆਂ ਵਿਚ ਗੁਰੂ ਗ੍ਰੰਥ ਸਾਹਿਬ ਜੀ ਦਾ ਅਖੰਡ ਪਾਠ ਕਰਿਆ ਕਰਦੇ ਸਨ। ਆਪ 25 ਰੁਪੈ ਭੇਟ ਲਿਆ ਕਰਦੇ ਸਨ। ਸੋਧੀ ਹੋਣ ਕਰਕੇ ਆਪਣਾ ਪ੍ਰਸ਼ਾਦਾ ਆਪ ਹੀ ਤਿਆਰ ਕਰਿਆ ਕਰਦੇ ਸਨ। ਆਪ ਨੇ ਜੀਵਨ ਭਰ ਵਿਚ 1000 ਆਖੰਡ ਪਾਠ ਇਕੱਲਿਆਂ ਨੇ ਹੀ ਕੀਤਾ। 25000-00 ਰੁਪਏ ਦੀ ਭੇਟਾ ਭੈਣੀ ਸਾਹਿਬ ਵਿਚ ਜਮ੍ਹਾਂ ਕਰਾਈ।

ਜਦੋਂ ਹਸਪਤਾਲ ਵਿਚੋਂ ਬੀਬੀ ਉਦਮ ਕੌਰ ਆਪਣੇ ਵੱਡੇ ਭਰਾਵਾਂ ਸਮੇਤ ਬਾਹਰ ਆ ਰਹੇ ਸਨ ਤਾਂ ਵੇਖ ਕੇ ਹੈਰਾਨ ਹੋ ਗਏ ਕਿ ਧੂਪੀਆ ਬਾਬਾ ਜੀ ਕਿਸ਼ਨ ਸਿੰਘ ਤਾਂ ਪਹੁੰਚ ਗਏ। ਉਨ੍ਹਾਂ ਨੂੰ ਲੈ ਕੇ ਪਰਿਵਾਰ ਬਾਪੂ ਜੀ ਹੀਰਾ ਸਿੰਘ ਦੇ Bed ਪਾਸ ਪਹੁੰਚਿਆ। ਬਾਪੂ ਜੀ ਹੀਰਾ ਸਿੰਘ ਜੀ ਨੇ ਕਿਹਾ ਕਿ ਬਾਬਾ ਜੀ! ਤੁਸੀਂ ਬਹੁਤ ਦੇਰ ਨਾਲ ਆਏ ਹੋ ਤਾਂ ਬਾਬਾ ਕਿਸ਼ਨ ਸਿੰਘ ਜੀ ਨੇ ਕਿਹਾ ਕਿ ਤੁਸੀਂ ਤਾਂ ਮੈਨੂੰ ਹੁਣੇ ਹੀ ਯਾਦ ਕੀਤਾ ਹੈ। ਮੈਂ ਪਹੁੰਚ ਗਿਆ ਹਾਂ ਮੈਨੂੰ ਤਾਂ ਤੁਹਾਡੇ (Wireless) ਅੰਤਰ ਆਤਮੇਂ ਦਾ ਸੁਨੇਹਾ ਹੁਣੇ ਮਿਲਿਆ ਹੈ ਮੈਂ ਲਾਲਾ ਮੂਸੇ (ਰਾਵਲਪਿੰਡੀ) ਪਾਸ ਸਾਂ, ਮੈਨੂੰ ਸ਼ਬਦ ਦੀ ਸਵਾਰੀ ਕਰਨੀ ਪਈ। ਇਸ ਗੱਲ ਨੂੰ ਅਸੀਂ ਬੁੱਧੀ ਦੀਆਂ ਟੋਹਾਂ ਨਾਲ ਨਹੀਂ ਸਮਝ ਸਕਦੇ ਇਹ ਭੀ ਨਾਮ ਪ੍ਰਾਪਤੀ ਦੀ ਇਕ ਅਤਿ ਉਚੀ ਅਵਸਥਾ ਹੋਇਆ ਕਰਦੀ ਹੈ।

ਉਨ੍ਹਾਂ ਸਮਿਆਂ ਵਿਚ ਨਾਮਧਾਰੀ ਸਿੰਘਾਂ ਦਾ ਜੀਵਨ ਬਹੁਤ ਹੀ ਖਿੱਚ

ਵਾਲਾ ਹੋਇਆ ਕਰਦਾ ਸੀ। ਮੈਂ ਅਜੇ ਬਚਪਨ ਵਿਚ ਹੀ ਸੀ ਜਦੋਂ ਉਨ੍ਹਾਂ ਨੂੰ ਇਕ ਵਜੇ ਉਠ ਕੇ ਸਣ ਕੇਸੀ ਇਸ਼ਨਾਨ ਕਰਦੇ ਤਕਿਆ। ਉਸ ਪਿਛੋਂ ਲਗਾਤਾਰ ਢਾਈ-ਤਿੰਨ ਘੰਟੇ ਸਿਮਰਨ ਕਰਦਿਆਂ ਨੂੰ ਵੇਖਿਆ। ਉਨ੍ਹਾਂ ਦੇ ਮਿਲਵਰਤਨ ਅਤੇ ਪਿਆਰ ਨੂੰ ਤੱਕਿਆ। ਉਨ੍ਹਾਂ ਦੀ ਸਵੱਛ ਰਹਿਣੀ, ਕਹਿਣੀ ਅਤੇ ਕਰਣੀ ਨੂੰ ਘੋਖਿਆ ਅਤੇ ਉਨ੍ਹਾਂ ਦਾ ਪ੍ਰੇਮ ਮਹਾਂਪੁਰਸ਼ ਸੰਸਾਰ ਦੇ ਚਾਨਣ ਅਤੇ ਸਦਾ ਯਾਦ ਰਹਿਣ ਵਾਲੇ ਪਰਮ ਸਤਿਕਾਰਯੋਗ ਬਾਬਾ ਰਾਮ ਸਿੰਘ ਜੀ ਭੈਣੀ ਸਾਹਿਬ ਵਾਲਿਆਂ ਨਾਲ ਅਨੁਭਵ ਕੀਤਾ ਜਿਨ੍ਹਾਂ ਨੂੰ ਅਤਿ ਸ਼ਰਧਾ-ਵਸ ਉਹ ਸਤਿਗੁਰੂ ਜੀ ਉਚਾਰ ਕੇ ਸੰਬੋਧਨ ਕਰਦੇ ਸਨ। ਉਸ ਵੇਲੇ ਨਾਮਧਾਰੀ ਸੰਪ੍ਰਦਾ ਦੇ ਸ਼੍ਰੋਮਣੀ ਮਹਾਂਪੁਰਸ਼ ਪ੍ਰਮ ਸਤਿਕਾਰ ਯੋਗ ਬਾਬਾ ਪ੍ਰਤਾਪ ਸਿੰਘ ਜੀ ਮਹਾਰਾਜ ਆਪਣੇ ਜੀਵਨ ਰਾਹੀਂ ਨਾਮ ਸਿਮਰਨ ਦੀਆਂ ਝੜੀਆਂ ਲਾ ਰਹੇ ਸਨ। ਨਾਮ ਜਪਣ ਵਾਲਿਆਂ ਉਤੇ ਇਨ੍ਹਾਂ ਜੀਵਨਾਂ ਦਾ ਬਹੁਤ ਅਸਰ ਪੈਂਦਾ ਹੈ ਪਰ ਜੇ ਇਸ ਦੀ ਥਾਂ ਮਹਾਂ ਨੀਚ ਜਜ਼ਬਾ ਈਰਖਾ ਅਤੇ ਦ੍ਵੈਤ ਦਾ ਜਾਗ ਪਵੇ ਅਤੇ ਇਨ੍ਹਾਂ ਹਸਤੀਆਂ ਨੂੰ ਛੋਟਾ ਕਰਕੇ ਵੇਖੇ ਤਾਂ ਉਸ ਦੇ ਦੁਰਭਾਗ ਹੋਇਆ ਕਰਦੇ ਹਨ। ਪਰ ਮੈਨੂੰ ਤਾਂ ਸੰਸਾਰ ਦੇ ਨਾਮ ਰਸੀਏ ਆਪਣੇ ਪਿਆਰੇ ਹੀ ਲਗਦੇ ਹਨ ਇਸ ਪਿਆਰ ਨੂੰ ਕਈ ਵਾਰੀ ਕਾਲੀਆਂ ਐਨਕਾਂ ਨਾਲ ਵੇਖਣ ਵਾਲੇ ਕੁ-ਰਸ ਵਿਚ ਭਰ ਕੇ ਤਕਦੇ ਮੇਰੇ ਬਾਰੇ ਵੀ ਕਈ ਕਿਸਮ ਦੇ ਖਿਆਲ ਪੈਦਾ ਕਰਦੇ ਰਹੇ ਹਨ। ਮੈਨੂੰ ਕਿਸੇ ਪ੍ਰੇਮੀ ਨੇ ਦਸਿਆ ਕਿ ਤੁਹਾਡੇ ਸਲਾਨਾ ਸਮਾਗਮ ਵਿਚ ਜਦੋਂ ਵੱਡੇ-ਵੱਡੇ ਮਹਾਂਪੁਰਸ਼ ਸੰਸਾਰ ਪ੍ਰਸਿੱਧ ਯੋਗੀ ਡਾ. ਸਵਾਮੀ ਰਾਮ ਜੀ, ਅਤੇ ਡਾ. ਵੇਦ ਭਾਰਤੀ ਜੀ ਅਤੇ ਨਾਮਧਾਰੀ ਮਹਾਂਪੁਰਸ਼ ਸਤਿਕਾਰ ਯੋਗ ਬਾਬਾ ਜਗਜੀਤ ਸਿੰਘ ਜੀ ਆਏ ਅਤੇ ਪੰਜਾਬ ਦੀਆਂ ਮਨਿਸਟਰ ਹਸਤੀਆਂ ਮਹਾਂਪੁਰਸ਼ਾਂ ਦੀ ਖਿੱਚ ਵਿਚ ਬੰਨ੍ਹੀਆਂ ਸੰਗਤ ਵਿਚ ਸ਼ਰਧਾਲੂਆਂ ਵਾਂਗ ਆਈਆਂ ਤਾਂ ਉਨ੍ਹਾਂ ਦੀਆਂ ਫਿਲਮਾਂ ਲੈ ਕੇ ਇਸ ਤਰ੍ਹਾਂ Dub ਕੀਤੀਆਂ ਗਈਆਂ ਜੋ ਵੇਖਣ ਵਾਲਿਆਂ ਦੇ ਦਿਲਾਂ ਵਿਚ ਅਨੇਕ ਕਿਸਮ ਦੇ ਸ਼ੰਕੇ ਪੈਦਾ ਕਰਦੀਆਂ ਹਨ। ਉਨ੍ਹਾਂ ਨੇ ਇਸ ਤਰ੍ਹਾਂ ਜੋੜ-ਤੋੜ ਕੇ ਬਣਾਈਆਂ ਫਿਲਮਾਂ ਅਮਰੀਕਾ ਵਿਚ ਵੀ ਵਿਖਾਈਆਂ। ਜਦੋਂ ਮੈਨੂੰ ਇਸ ਈਰਖਾ ਭਰੇ ਕੁਚੱਜ ਬਾਰੇ ਦੱਸਿਆ ਗਿਆ ਤਾਂ ਮੈਂ ਇਸ ਨੂੰ ਕੋਈ ਮਹੱਤਤਾ ਨਾ ਦਿਤੀ ਕਿਉਂਕਿ ਮੇਰੇ ਅੰਦਰ ਕੋਈ ਵੀ ਵਾਸ਼ਨਾ ਨਹੀਂ ਸੀ ਅਤੇ ਨਾ ਹੀ ਹੁਣ ਹੈ। ਸੰਤ ਤਾਂ ਮੈਂ ਬਣਨਾ ਹੀ ਨਹੀਂ। ਸੰਗਤਾਂ ਖਾਹਮ-ਖਾਹ ਮੇਰੇ ਰੋਕਣ ਦੇ ਬਾਵਜੂਦ ਵੀ ਮੈਨੂੰ ਸੰਤ-ਸੰਤ ਆਖੀ ਜਾਂਦੀਆਂ ਹਨ। ਇਨ੍ਹਾਂ ਅਖਾਉਤੀ ਸੰਤਾਂ ਦੇ ਦਿਲਾਂ ਵਿਚ, ਜੋ ਅਜੇ ਰਾਗ ਦ੍ਵੈਸ਼ ਦੀ ਦਲਦਲ ਵਿਚ ਫਸੇ ਹੋਏ ਹਨ, ਨੂੰ ਅਕਾਰਨ ਡਰ ਪੈ ਗਿਆ ਕਿ ਕਿਤੇ ਇਸ ਦੀ ਪ੍ਰਸੰਸਾ ਵਧੇਰੀ ਨਾ ਹੋ ਜਾਵੇ। ਮੈਂ ਤਾਂ ਆਪਣੀ ਬਿਰਤੀ ਨੂੰ ਅਜਿਹੀਆਂ ਘਟੀਆ ਸੋਚਣੀਆਂ ਤੋਂ ਦੂਰ ਹੀ ਰੱਖਿਆ ਹੋਇਆ ਹੈ ਮੈਨੂੰ ਤਾਂ ਸਾਰੇ ਬੰਦਗੀ ਕਰਨ ਵਾਲੇ ਪ੍ਰਭੂ ਦੇ ਪਿਆਰੇ ਆਪਣਾ ਹੀ ਪਰਿਵਾਰ ਦਿਖਾਈ ਦਿੰਦੇ ਹਨ। ਮੈਂ ਹਰ ਰੋਜ਼ ਜਦੋਂ ਕੀਰਤਨ ਸੋਹਿਲੇ ਦੀ ਆਖਰੀ ਤੁਕ ਪੜ੍ਹਦਾ ਹਾਂ ਤਾਂ ਜਾਗ੍ਰਤ ਰੂਪ ਵਿਚ ਬੰਦਗੀ ਕਰਨ ਵਾਲਿਆਂ ਦੀ ਧੂੜ ਲੋਚਦਾ ਹਾਂ ਜਿਵੇਂ ਕਿ ਮਹਾਰਾਜ ਜੀ ਫੁਰਮਾਨ ਕਰਦੇ ਹਨ -

***ਅੰਤਰਜਾਮੀ ਪੁਰਖ ਬਿਧਾਤੇ ਸਰਧਾ ਮਨ ਕੀ ਪੂਰੇ॥***
***ਨਾਨਕ ਦਾਸੁ ਇਹੈ ਸੁਖੁ ਮਾਗੈ ਮੋ ਕਉ ਕਰਿ ਸੰਤਨ ਕੀ ਧੂਰੇ॥***

***ਪੰਨਾ - 13***

ਮੇਰਾ ਨਾ ਹੀ ਕਿਸੇ ਸੰਪਰਦਾ ਨਾਲ ਵਿਰੋਧ ਹੈ, ਨਾ ਹੀ ਕੋਈ ਦੂਜਾਇਗੀ ਹੈ। ਮੇਰੀ ਤਾਂ ਸਦਾ ਹੀ ਅਰਦਾਸ ਹੁੰਦੀ ਹੈ–

***ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਕਾ ਭਲਾ।***

ਸੋ ਕੁਦਰਤੀ ਸੁਭਾਵ ਹੋਣ ਕਰਕੇ ਮੈਨੂੰ ਕੋਈ ਭੀ ਓਪਰਾ ਨਹੀਂ ਲਗਦਾ। ਸਗਮਾਂ ਮੇਰੇ ਮਨ ਵਿਚ ਨਾਮ ਜਪਣ ਵਾਲਿਆਂ ਲਈ ਸਦਾ ਹੀ ਆਦਰ ਭਰਿਆ ਸਵੱਛ ਥਾਂ ਬਣਿਆ ਰਹਿੰਦਾ ਹੈ। ਇਸ ਦਾ ਕਾਰਣ ਸ਼ਾਇਦ ਇਹ ਹੋਵੇ ਕਿ ਪ੍ਰਭੂ ਨੇ ਮੈਨੂੰ ਬਹੁਤ ਉਚ ਕੋਟੀ ਦੇ ਮਹਾਂਪੁਰਸ਼ਾਂ ਨਾਲ ਸੰਗ ਕਰਾਇਆ ਹੈ ਜਿਨ੍ਹਾਂ ਦੇ ਅੰਦਰ ਰਾਗ ਦ੍ਵੈਸ਼ ਦੀ ਕੋਈ ਵੀ ਕਣੀ ਨਹੀਂ ਸੀ। ਉਹ ਸਰਬ ਸਾਂਝ ਵਿਚ ਪੁਜੇ ਹੋਏ ਪ੍ਰਤੱਖ ਰੂਪ ਵਿਚ ਘਟ-ਘਟ ਵਿਚ ਵਾਹਿਗੁਰੂ ਵੇਖ ਰਹੇ ਸਨ। ਬਹੁਤ ਸਾਰੇ ਮਹਾਂਪੁਰਸ਼ਾਂ ਦੇ ਮੈਂ ਨਾਮ ਭੁੱਲ ਗਿਆ ਹਾਂ ਪਰ ਉਨ੍ਹਾਂ ਦੇ ਵਜੂਦ ਅਜੇ ਵੀ ਮੇਰੇ ਅੰਦਰ ਪਿਆਰ ਝਰਨ੍ਹਾਟਾਂ ਦਿੰਦੇ ਹਨ ਜਿਵੇਂ ਕਿ ਸੰਤ ਜੋਧ ਸਿੰਘ ਜੀ ਅਤੇ ਸੰਤ ਅਤਰ ਸਿੰਘ ਜੀ ਅਤਲੇ ਵਾਲੇ ਅਤੇ ਹੋਰ ਬੇਅੰਤ ਮਹਾਤਮਾਂ। ਇਹ ਖਿਚਾ-ਖਿਚੀ ਮੇਰੇ ਮਨ ਤੋਂ ਕੋਹਾਂ ਦੂਰ ਹੈ, ਮੇਰਾ ਕਿਸੇ ਨਾਲ ਕੋਈ ਝਗੜਾ ਨਹੀਂ ਹੈ ਕਿਉਂਕਿ–

***ਹਮਰਾ ਝਗਰਾ ਰਹਾ ਨ ਕੋਊ॥ ਪੰਡਿਤ ਮੁਲਾਂ ਛਾਡੇ ਦੋਊ॥***
***ਪੰਨਾ – 1158***

ਜੋ ਵਾਹਿਗੁਰੂ ਜੀ ਨਾਲ ਪਿਆਰ ਕਰਦੇ ਹਨ, ਵਾਹਿਗੁਰੂ ਜੀ ਦੀ ਕਥਾ ਸੁਣਾਉਂਦੇ ਹਨ ਉਨ੍ਹਾਂ ਦੇ ਦਰਸ਼ਨ ਤਾਂ ਭਾਗਾਂ ਨਾਲ ਹੀ ਪ੍ਰਾਪਤ ਹੁੰਦੇ ਹਨ। ਉਨ੍ਹਾਂ ਨੂੰ ਸੰਪਰਦਾਵਾਂ ਵਿਚ ਵੰਡ ਕੇ ਆਪਣੇ ਆਪ ਨੂੰ ਨੀਵਾਂ ਪ੍ਰਗਟ ਕਰਨਾ ਹੀ ਹੁੰਦਾ ਹੈ। ਗੁਰੂ ਮਹਾਰਾਜ ਜੀ ਦਾ ਤਾਂ ਫੁਰਮਾਨ ਹੈ ਕਿ –

***ਮੇਰੇ ਹਰਿ ਪ੍ਰੀਤਮ ਕੀ ਕੋਈ ਬਾਤ ਸੁਨਾਵੈ ਸੋ ਭਾਈ ਸੋ ਮੇਰਾ ਬੀਰ॥***
***ਪੰਨਾ – 862***

***ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ॥***
***ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ॥***
***ਪੰਨਾ – 558***

ਜਿਸ ਸਮੇਂ ਦਾ ਮੈਂ ਜ਼ਿਕਰ ਕਰ ਰਿਹਾ ਹਾਂ ਉਸ ਸਮੇਂ ਵਿਚ ਖੰਡਨ-ਮੰਡਨ ਦੇ ਪ੍ਰਭਾਵ ਦਾ ਬਹੁਤ ਜ਼ੋਰ ਸੀ। ਇਕ ਵਰਗ ਐਸਾ ਸੀ ਜੋ ਸੰਤਾਂ ਦੀ ਨਿੰਦਿਆ ਕਰਨਾ ਹੀ ਆਪਣਾ ਫਰਜ਼ ਸਮਝਦਾ ਸੀ। ਪਿਛਲੇ ਹੋ ਚੁੱਕੇ ਮਹਾਂਪੁਰਸ਼ਾਂ ਸ੍ਰੀ ਰਾਮ ਚੰਦਰ ਜੀ ਮਹਾਰਾਜ, ਜੋ ਸਤਿਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਪੂਰਵਜ ਸਨ ਉਨ੍ਹਾਂ ਦੀ, ਕ੍ਰਿਸ਼ਨ ਮਹਾਰਾਜ ਜੀ ਅਤੇ ਅਨੇਕਾਂ ਰਿਸ਼ੀਆਂ-ਮੁਨੀਆਂ, ਪੀਰਾਂ-ਪੈਗੰਬਰਾਂ, ਸਾਲਕਾਂ, ਸਾਧਕਾਂ ਦੀ ਨਿੰਦਿਆ ਕਰਨਾ ਹੀ ਆਪਣਾ ਮੁਖ ਕਰਮ ਸਮਝਦਾ ਸੀ। ਆਰੀਆ ਸਮਾਜ ਅਤੇ ਹੋਰ ਧਰਮਾਂ ਦੇ ਅਨੁਆਈਆਂ ਦੀ ਸਦਾ ਹੀ ਆਪਸ ਵਿਚ ਟੱਕਰ ਲੱਗੀ ਰਹਿੰਦੀ। ਮੁਸਲਮਾਨਾਂ ਦੇ ਖਿਲਾਫ ਹਿਕਾਰਤ ਭਰੀਆਂ ਗੱਲਾਂ ਆਖੀਆਂ ਜਾਂਦੀਆਂ। ਇਹ ਸਭ ਕੁਝ ਦੇ ਪਿਛੇ ਅੰਗਰੇਜ਼ ਵਿਦੇਸ਼ੀ ਸ਼ਾਸ਼ਕ ਦਾ ਹੱਥ ਸੀ। ਉਸ ਸਮੇਂ ਲੁਧਿਆਣੇ ਦੇ ਨੇੜੇ ਇਕ ਲਹਿਰ ਉਠੀ ਜਿਸ ਦਾ ਜ਼ਿਕਰ ਕੀਤਿਆਂ ਕਈ

ਪ੍ਰੇਮੀਆਂ ਦਾ ਦਿਲ ਦੁਖ ਜਾਵੇਗਾ। ਉਨ੍ਹਾਂ ਦਾ ਕੰਮ ਹੀ ਖੰਡਨ-ਮੰਡਨ ਸੀ। ਇਥੋਂ ਤਕ ਵਧਿਆ ਕਿ ਗੁਰੂ ਗ੍ਰੰਥ ਸਾਹਿਬ ਜੀ ਵਿਚ ਵੀ ਉਨ੍ਹਾਂ ਦੀ ਕਲਮ ਚੱਲਣ ਲੱਗੀ। ਭਗਤਾਂ ਦੀ ਬਾਣੀ ਅੱਡ ਕੱਢਣ ਦੇ ਮਨਸੂਬੇ ਬਣਾਏ ਗਏ। ਗੁਰੂ ਗ੍ਰੰਥ ਸਾਹਿਬ ਜੀ ਵਿਚ ਜਾਪੁ ਸਾਹਿਬ ਅਤੇ ਖੰਡਤ ਅਕਾਲ ਉਸਤਤ ਵਗੈਰਾ ਚੜ੍ਹਾਉਣ ਲੱਗੇ। ਸੰਤਾਂ ਦੇ ਉਹ ਐਨੇ ਵਿਰੋਧੀ ਸਨ ਕਿ ਪ੍ਰਮ ਸੰਤ ਮਹਾਰਾਜ ਸ੍ਰੀ 108 ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਦੇ ਖਿਲਾਫ ਭੰਡੀ ਪ੍ਰਚਾਰ ਕੀਤਾ ਗਿਆ ਅਤੇ ਉਨ੍ਹਾਂ ਦੀ ਇਕ ਫੋਟੋ ਐਸੀ ਤਿਆਰ ਕੀਤੀ ਗਈ ਕਿ ਜਿਸ ਵਿਚੋਂ ਅੱਖਾਂ ਕੱਢ ਕੇ ਬਗਲੇ ਭਗਤ ਦਾ ਕੈਪਸ਼ਨ ਦੇ ਕੇ ਤਸਵੀਰ ਵੰਡੀ ਗਈ। ਜਦੋਂ ਮਹਾਂਪੁਰਸ਼ਾਂ ਦੇ ਨੋਟਿਸ ਵਿਚ ਇਹ ਗੱਲ ਫੋਟੋ ਵਾਲੀ ਲਿਆਂਦੀ ਗਈ ਤਾਂ ਆਪ ਨੇ ਸੁਭਾਵਿਕ ਹੀ ਕਿਹਾ ਕਿ ਭਾਈ! ਇਹ ਪ੍ਰੇਮੀ ਤਾਂ ਈਰਖਾ ਦੀ ਅੱਗ ਨੇ ਪਾਗਲ ਹੀ ਕਰ ਦਿਤਾ ਹੈ। ਮਹਾਂਪੁਰਸ਼ਾਂ ਦਾ ਬਚਨ ਅਮੋਘ ਬਾਣ ਵਾਂਗੂੰ ਚਲ ਗਿਆ ਅਤੇ ਉਸ ਦੀ ਹੋਸ਼ ਇਸ ਨਿੰਦਿਆਂ ਦੀ ਅਗਨ ਨੇ ਪੂਰੀ ਤਰ੍ਹਾਂ ਗਵਾ ਦਿਤੀ। ਉਸ ਬੁੱਢੇ ਨੇ ਆਪਣੇ ਹੀ ਸਕੂਲ ਵਿਚ ਪੜ੍ਹਦੀਆਂ ਵਿਦਿਆਰਥਣਾਂ ਨਾਲ ਸ਼ਾਦੀ ਕਰਾ ਲਈ। ਸੁਣਿਆ ਹੈ ਕਿ ਉਸ ਦਾ ਅੰਤ ਵੀ ਬਹੁਤ ਮਾੜਾ ਹੋਇਆ।

ਸੋ ਇਕ ਪਾਸੇ ਉਚ ਕੋਟੀ ਦੇ ਮਹਾਂਪੁਰਸ਼ ਗੁਰੂ ਨਾਨਕ ਉਦੇਸ਼ ਨੂੰ, ਆਪਣੇ ਜੀਵਨ ਰਾਹੀਂ ਕਮਾਈ ਕਰਕੇ ਸੰਸਾਰ ਵਿਚ ਫੈਲਾ ਰਹੇ ਸਨ ਅਤੇ ਇਕ ਪਾਸੇ ਇਹ ਕਾਲੀ ਹਨ੍ਹੇਰੀ ਸੰਗਤਾਂ ਦੇ ਮਨਾਂ ਵਿਚ ਸ਼ੰਕੇ ਪੈਦਾ ਕਰ ਰਹੀ ਸੀ। ਉਸ ਸਮੇਂ ਵਿਚ ਰੇਰੂ ਸਾਹਿਬ ਵਾਲੇ ਮਹਾਂਪੁਰਸ਼ਾਂ ਸ੍ਰੀ ਮਾਨ 108 ਸੰਤ ਅਤਰ ਸਿੰਘ ਜੀ ਕਿਰਤ ਕਮਾਈ ਕਰਕੇ ਗੁਰਮੁਖ ਜੀਵਨ ਨੂੰ ਆਪਣਾ ਧੇਅ ਬਣਾ ਕੇ ਸੰਸਾਰ ਵਿਚ ਕਰਮਯੋਗੀ ਬ੍ਰਹਮਗਿਆਨ ਦੇ ਆਦਰਸ਼ਾਂ ਨੂੰ ਕਮਾ ਕੇ ਫੈਲਾ ਰਹੇ ਸਨ ਜਿਨ੍ਹਾਂ ਦਾ ਅਸਰ ਬਹੁਤ ਦੇਰ ਤਾਂਈ ਇਸ ਸੰਸਾਰ ਨੂੰ ਰੋਸ਼ਨੀ ਬਖਸ਼ਦਾ ਰਹੇਗਾ। ਉਨ੍ਹਾਂ ਦੇ ਦਰਸ਼ਨ ਤਾਂ ਮੈਂ ਨਹੀਂ ਕਰ ਸਕਿਆ ਉਨ੍ਹਾਂ ਨੇ ਜਦੋਂ ਸਰੀਰ ਛੱਡ ਦਿਤਾ ਉਸ ਸਮੇਂ ਮੈਂ ਭੋਗ ਤੇ ਗਿਆ ਸੀ। ਉਸੇ ਸਮੇਂ ਵਿਚ ਰਾੜੇ ਵਾਲੇ ਮਹਾਂਪੁਰਸ਼ਾਂ ਸ੍ਰੀ ਮਾਨ ਸੰਤ ਈਸ਼ਰ ਸਿੰਘ ਜੀ ਸਖਤ ਮੁਸ਼ੱਕਤ ਘਾਲ ਰਹੇ ਸਨ ਅਤੇ ਰੇਰੂ ਸਾਹਿਬ ਤੋਂ ਆ ਕੇ ਆਪਣਾ ਪ੍ਰਚਾਰ ਕੇਂਦਰ ਰਾੜੇ ਸਾਹਿਬ ਦੀ ਢੱਕੀ ਵਿਚ ਸਥਾਪਿਤ ਕਰ ਦਿਤਾ ਸੀ। ਉਸ ਵੇਲੇ ਆਪ ਦੇ ਸਰੀਰ ਦੀ ਆਯੂ 22-23 ਸਾਲ ਦੀ ਹੀ ਸੀ। ਕੋਈ ਨਹੀਂ ਸੀ ਜਾਣਦਾ ਕਿ ਇਹ ਬਾਲ ਯੋਗੀ ਇਕ ਦਿਨ ਇਤਨੀ ਬੁਲੰਦੀ ਉਪਰ ਪਹੁੰਚ ਜਾਵੇਗਾ ਕਿ ਸਾਰੀ ਦੁਨੀਆਂ ਨੂੰ ਨੂਰੋ-ਨੂਰ ਕਰ ਦੇਵੇਗਾ। ਆਪਣੀ ਸਰੀਰਕ ਹੋਂਦ ਵਿਚ ਤਾਂ ਕਰਨਾ ਹੀ ਸੀ ਪਰ ਸਰੀਰ ਛੱਡਣ ਤੋਂ ਪਿਛੋਂ ਜਿਉਂ-ਜਿਉਂ ਸਮਾਂ ਲੰਘ ਰਿਹਾ ਹੈ ਤਿਉਂ-ਤਿਉਂ ਆਪ ਦਾ ਪ੍ਰਕਾਸ਼ ਗੁਪਤ ਲੋਕਾਂ ਵਿਚੋਂ ਇਸ ਧਰਤੀ ਉਪਰ ਹਜ਼ਾਰਾਂ ਜਗਿਆਸੂਆਂ ਦੇ ਮਨਾਂ ਨੂੰ ਪ੍ਰਜ੍ਵਲਤ ਕਰਕੇ ਪ੍ਰਭੂ ਪਿਆਰ ਵਿਚ ਪਰੋ ਰਿਹਾ ਹੈ। ਬਹੁਤ ਸਾਰੇ ਪ੍ਰੇਮੀ ਉਨ੍ਹਾਂ ਦੀ ਯਾਦ ਆਪਣੇ ਹਿਰਦਿਆਂ ਵਿਚ ਸੰਭਾਲੇ ਹੋਏ ਆਪਣਾ ਜੀਵਨ ਮਹਾਂਪੁਰਸ਼ਾਂ ਦੀ ਹਾਜ਼ਰੀ ਵਿਚ ਉਸੇ ਤਰ੍ਹਾਂ ਲੰਘਾ ਰਹੇ ਹਨ ਜਿਸ ਤਰ੍ਹਾਂ ਕਿ ਉਹ ਜਦੋਂ ਸਰੀਰ ਵਿਚ ਰੂਪਮਾਨ ਸਨ। ਆਪ ਅਜਿਹੇ ਯੁੱਗ ਪੁਰਸ਼ ਸਨ ਕਿ ਆਪ ਦੀ ਯਾਦ ਮੱਧਮ ਪੈਣ ਦੀ ਥਾਂ ਦਿਨੋ-ਦਿਨ ਐਨੀ ਵਧ ਰਹੀ ਹੈ, ਇਸ Earth Planet ਤੇ ਜਿੰਨੇ ਵੀ ਵੱਖੋ-ਵੱਖਰੇ ਦੇਸ਼ ਹਨ ਹਰ ਦੇਸ਼ ਵਿਚ ਗੁਰਮੁਖ ਪਿਆਰੇ ਉਨ੍ਹਾਂ

ਦੀ ਯਾਦ ਤੋਂ ਪ੍ਰਭਾਵਿਤ ਹੋ ਰਹੇ ਹਨ। ਜਦੋਂ ਅਸੀਂ ਆਪ ਦੇ ਜੀਵਨ ਦੀ ਵਿਚਾਰ ਕਰਦੇ ਹਾਂ ਤਾਂ ਜਿਉਂ ਜਿਉਂ ਸਮਾਂ ਲੰਘਦਾ ਜਾਂਦਾ ਹੈ ਆਪ ਦੀ ਰੋਸ਼ਨੀ ਸਰਵੋਤਮ ਨਜ਼ਰ ਆ ਰਹੀ ਹੈ। ਸਮਾਂ ਲੰਘਣ ਨਾਲ ਆਪ ਹੋਰ ਉਚੇ, ਹੋਰ ਉਚੇ ਪ੍ਰਤੀਤ ਦੇ ਰਹੇ ਹਨ। ਇਸ ਸਮੇਂ ਵਿਚ ਹੋਰ ਵੀ ਬੇਅੰਤ ਮਹਾਂਪੁਰਸ਼ ਕਰਨੀ ਕਮਾਈ ਵਾਲੇ ਹੋਏ ਹਨ ਪਰ ਆਪ ਉਸ ਸਮੇਂ ਦੇ ਯੁੱਗ ਪੁਰਸ਼ ਸਨ ਜੋ ਅਜੇ ਵੀ ਸੈਂਕੜਿਆਂ ਹਿਰਦਿਆਂ ਵਿਚ ਭਰਪੂਰ ਪ੍ਰਕਾਸ਼ ਦੇ ਰਹੇ ਹਨ। ਆਪ ਪਿਆਰ ਦੀ ਐਨੀ ਜ਼ਬਰਦਸਤ ਮੂਰਤ ਸਨ ਕਿ ਉਨ੍ਹਾਂ ਦਾ ਪਿਆਰ 25-26 ਸਾਲ ਸਰੀਰ ਛੱਡਿਆਂ ਲੰਘ ਜਾਣ ਉਪਰੰਤ ਵੀ ਵਧ ਹੀ ਰਿਹਾ ਹੈ ਅਤੇ ਵਧੇਰੇ ਖਿੱਚ ਪਾ ਕੇ ਜੀਵਨ ਪੱਥ ਪ੍ਰਦਰਸ਼ਨ ਕਰਾ ਰਿਹਾ ਹੈ। ਆਪ ਜੀ ਜਦੋਂ ਪਟਿਆਲਾ ਰਿਆਸਤ ਦੇ ਇਕ ਨਿੱਕੇ ਜਿਹੇ ਪਿੰਡ ਆਲੋਵਾਲ ਵਿਚ ਸਰੀਰ ਧਾਰ ਕੇ ਪ੍ਰਗਟ ਹੋਏ ਉਸ ਵੇਲੇ ਕੋਈ ਨਹੀਂ ਸੀ ਜਾਣਦਾ ਕਿ ਇਹ ਵਜੂਦ ਇਕ ਮਹਾਨ ਰੋਸ਼ਨੀ ਨਾਲ ਲਬਾ-ਲਬ ਭਰਿਆ ਹੋਇਆ, ਬ੍ਰਹਮਗਿਆਨ ਦੀ ਰੋਸ਼ਨੀ ਤੇ ਪਿਆਰ ਦੇਣ ਨੂੰ ਸਮਰੱਥਵਾਨ ਹੈ। ਪਰ ਆਪ ਜੀ ਦੀ ਕਿਸ਼ੋਰ ਅਵਸਥਾ ਦੇ ਕੌਤਕ ਵਿਚਾਰਦੇ ਹਾਂ ਤਾਂ ਅਨੁਮਾਨ ਸਹਿਜੇ ਹੀ ਲਾਇਆ ਜਾ ਸਕਦਾ ਹੈ ਕਿ ਇਹ ਗੁਲਾਬ ਦਾ ਫੁੱਲ (ਆਪ ਦਾ ਨਾਮ ਗੁਲਾਬ ਸਿੰਘ ਮਾਤਾ ਪਿਤਾ ਨੇ ਰੱਖਿਆ ਸੀ) ਸਾਰੇ ਸੰਸਾਰ ਨੂੰ ਸੁਗੰਧਤ ਕਰਨ ਦੀ ਸਮਰੱਥਾ ਰਖਦਾ ਹੈ। ਗੁਲਾਬ ਨਾਲ ਲੱਗੇ ਫੁਲ ਦੀ ਸੁਗੰਧੀ ਤਾਂ ਕੁਝ ਸਮੇਂ ਪਿਛੋਂ ਮੱਧਮ ਪੈ ਜਾਂਦੀ ਹੈ ਅਤੇ ਪੱਤੀਆਂ ਝੜ ਜਾਂਦੀਆਂ ਹਨ ਉਸ ਦੀ ਖ਼ੂਬਸੂਰਤੀ ਖਤਮ ਹੋ ਜਾਂਦੀ ਹੈ ਅਤੇ ਉਸ ਨੂੰ ਮਾਲੀ ਆਪਣੇ ਆਪ ਹੀ ਤੋੜ ਕੇ ਖਾਦ ਦੇ ਢੇਰ ਵਿਚ ਸੁੱਟ ਦਿੰਦਾ ਹੈ, ਪਰ ਇਹ ਗੁਲਾਬ ਨਿਰਾਲਾ ਸੀ ਜੋ ਅਜਿਹਾ ਖਿੜਿਆ ਕਿ ਸਦਾ-ਸਦਾ ਲਈ ਇਸ ਨੇ ਬਹੁਤ ਹੀ ਤੇਜ਼ ਸੁਗੰਧੀ ਦਿੰਦਿਆਂ ਅਨੇਕਾਂ ਜਗਿਆਸੂਆਂ ਦੇ ਮਨਾਂ ਨੂੰ ਮਸਤ ਕਰਦੇ ਰਹਿਣਾ ਹੈ। ਆਪਣੇ ਪ੍ਰਕਾਸ਼ ਦੀਆਂ ਕਿਰਨਾਂ ਦੀ ਸਵੱਛਤਾ ਨਾਲ ਹਿਰਦੇ ਦੀਆਂ ਹਨ੍ਹੇਰੀਆਂ ਨੁਕਰਾਂ ਵਿਚੋਂ ਅੰਧਕਾਰ ਕੱਢਦੇ ਰਹਿਣਾ ਹੈ। ਆਪ ਦੇ ਬਚਨ, ਆਪ ਦੀਆਂ ਜੀਵਨ ਘਟਨਾਵਾਂ ਵਿਚਿਤ੍ਰ ਕਿਸਮ ਦੀਆਂ ਹਨ ਜੋ ਬਹੁਤ ਹੀ ਕ੍ਰਿਪਾ ਕਰਕੇ ਗੁਰੂ ਮਹਾਰਾਜ ਦੀ ਮਿਹਰ ਨਾਲ ਸਚਖੰਡ ਵਾਸੀ 'ਗਿਆਨੀ ਮੋਹਨ ਸਿੰਘ ਜੀ ਅਜ਼ਾਦ' ਨੇ ਆਪਣੀ ਪੁਸਤਕ 'ਰੂਹਾਨੀ ਸੰਦੇਸ਼' ਵਿਚ ਕਲਮਬੰਦ ਕਰ ਦਿਤੀਆਂ। ਗਿਆਨੀ ਮਿਹਰ ਸਿੰਘ ਜੀ ਜੋ ਆਪਣੇ ਬਚਪਨ ਤੋਂ ਮਹਾਨ ਤਪੱਸਵੀ ਸਨ ਜਿਨ੍ਹਾਂ ਦਾ ਸਾਰਾ ਜੀਵਨ ਲੜੀ ਬੱਝਵਾਂ ਤਪਸਿਆ ਵਿਚ ਲੰਘਿਆ ਹੈ ਜਿਸ ਨੂੰ ਵੰਡਿਆ ਤਾਂ ਨਹੀਂ ਜਾ ਸਕਦਾ ਪਰ ਸਮੇਂ ਦੇ ਹਿਸਾਬ ਨਾਲ ਕਿਹਾ ਜਾ ਸਕਦਾ ਹੈ ਕਿ ਉਸ ਦੇ ਦੋ ਪੱਖ ਹਨ - ਇਕ ਗਹਿਰੀ ਰੂਹਾਨੀਅਤ ਦਾ ਅਤੇ ਦੂਸਰਾ ਰੂਹਾਨੀ ਪ੍ਰਭਾਵ ਦੇ ਅਧੀਨ ਆਇਆ ਹੋਇਆ ਦੇਸ਼ ਦੀ ਅਜ਼ਾਦੀ ਦਾ। ਆਪ ਅੱਜਕਲ੍ਹ ਕੁਰਕਸ਼ੇਤਰ ਵਿਚ ਨਿਵਾਸ ਰੱਖ ਰਹੇ ਹਨ। ਆਪ ਜੀ ਨੇ ਵੀ 'ਨੌ ਰਤਨ' ਪੁਸਤਕ ਵਿਚ ਮਹਾਂਪੁਰਸ਼ਾਂ ਦੇ ਜੀਵਨਾਂ ਨੂੰ ਸੰਸਾਰ ਵਿਚ ਪ੍ਰਕਾਸ਼ਿਤ ਕਰਨ ਦਾ ਉਦਮ ਕੀਤਾ ਹੈ ਉਹ ਬਹੁਤ ਹੀ ਪ੍ਰਸ਼ੰਸਾਯੋਗ ਹੈ। ਗਿਆਨੀ ਜੀ ਦੇ ਬਹੁ-ਚਰਚਿਤ ਜੀਵਨ ਵਿਚ ਬਹੁਤ ਕਿਸਮ ਦੇ ਅਨੁਭਵ ਛਿਪੇ ਹੋਏ ਹਨ। ਦੇਸ਼ ਭਗਤੀ ਦੇ ਦੌਰ ਵਿਚ ਆਪ ਜੀ ਮਹਾਨ ਦੇਸ਼ ਭਗਤ ਸੁਭਾਸ਼ ਚੰਦਰ ਬੋਸ ਦੇ ਅਤਿ ਨਿਕਟਵਰਤੀ ਰਹੇ ਹਨ ਜਿਸ ਕਰਕੇ ਆਪ ਨੂੰ ਲਾਹੌਰ ਜੇਲ੍ਹ ਵਿਚ ਭਿਆਨਕ ਦਰਦਨਾਕ torture (ਤਸੀਹੇ) ਦਾ ਸਾਮ੍ਹਣਾ ਕਰਨਾ ਪਿਆ ਜਿਸ ਵਜੋਂ ਆਪ

ਜੀ ਦੇ ਸਰੀਰ ਵਿਚ ਕਈ ਕਿਸਮ ਦੀ ਕਮਜ਼ੋਰੀ ਆ ਗਈ। ਜਦੋਂ ਆਪ ਜੀ ਰਾੜੇ ਸਾਹਿਬ ਰਹਿੰਦੇ ਸਨ ਉਸ ਵੇਲੇ ਅਜੇ ਜੁਆਨੀ ਵਿਚ ਹੀ ਪੈਰ ਰੱਖਿਆ ਸੀ। ਆਪ ਜੀ ਕਈ ਮਹਾਤਮਾਵਾਂ ਦੀ ਸੰਗਤ ਪ੍ਰਾਪਤ ਹੋਣ ਉਪਰੰਤ ਇਥੇ ਪੁਜੇ ਸਨ ਅਤੇ ਸੰਤ ਮਹਾਰਾਜ ਜੀ ਦੀ ਸੰਗਤ ਕਰਦਿਆਂ ਹੀ ਆਪ ਨੂੰ ਪ੍ਰਕਾਸ਼ ਪ੍ਰਾਪਤ ਹੋਇਆ। ਜੋਤਿ ਜਗ ਪਈ। ਬਹੁਤ ਹੀ ਸਾਦੀ ਮਿਸਾਲ ਦੇ ਕੇ ਮਹਾਂਪੁਰਸ਼ਾਂ ਨੇ ਆਪ ਜੀ ਨੂੰ ਵਾਹਿਗੁਰੂ ਜੀ ਦੀ ਪਰੀਪੂਰਨਤਾ ਉਪਰ ਕੇਵਲ ਨਿਸ਼ਚਾ ਹੀ ਨਹੀਂ ਦਿਵਾਇਆ ਸਗਮਾਂ ਸ਼ਾਖਸ਼ਾਤ ਝਲਕਾਰੇ ਵਿਚ ਪ੍ਰਵੇਸ਼ ਕਰਾ ਦਿਤਾ। ਉਸ ਸਮੇਂ ਆਪ ਜੀ ਦੇ ਨਿਤਨੇਮ ਵਿਚ 108 ਪਾਠ ਜਪੁਜੀ ਸਾਹਿਬ ਦੇ ਹਰ ਰੋਜ਼ ਕਰਨੇ ਸ਼ਾਮਲ ਸਨ। ਨਾਮ ਦੀਆਂ ਉਚੀਆਂ ਅਵਸਥਾਵਾਂ ਆਪ ਨੇ ਮਹਾਂਪੁਰਸ਼ਾਂ ਦੇ ਸੰਗ ਵਿਚ ਮਾਣੀਆਂ ਅਤੇ ਸਬਦਿ ਸੁਰਤਿ ਮਾਰਗ ਨੂੰ ਪੂਰੀ ਤਰ੍ਹਾਂ ਸਮਝਣ ਤੇ ਮਾਣਨ ਦਾ ਸੁਭਾਗ ਸਮਾਂ ਪ੍ਰਾਪਤ ਕੀਤਾ। ਜਦੋਂ ਪਹਿਲੀ ਵਾਰੀ ਆਪ ਦਾ ਲੈਕਚਰ ਬਾਹੋਮਾਜਰੇ ਇਕ ਮਹਾਤਮਾ ਦੇ ਅਸਥਾਨ ਤੇ ਸੁਣਿਆ, ਜਿਥੇ ਸੰਤ ਮਹਾਰਾਜ ਜੀ ਵੀ ਬਿਰਾਜਮਾਨ ਸਨ ਅਤੇ ਮੈਂ ਅਨੁਮਾਨ ਲਾਇਆ ਕਿ ਮੁੱਛ ਫੁਟਵੀਂ ਮੇਰੀ ਹਮ ਉਮਰ ਦਾ ਇਹ ਯੋਗੀ ਇਕ ਦਿਨ ਦੁਨੀਆਂ ਵਿਚ ਬਹੁਤ ਵੱਡਾ ਨਾਮ ਖੱਟੇਗਾ। ਆਪ ਜੀ ਦੇ ਗਿਆਨ ਨੇ ਆਪ ਜੀ ਨੂੰ ਕਰਮਯੋਗ ਵਿਚ ਪਾਇਆ ਅਤੇ ਦੇਸ਼ ਦੀ ਗੁਲਾਮੀ ਨੂੰ ਆਪ ਸਹਿਨ ਨਾ ਕਰਦੇ ਹੋਏ ਆਪ ਬੰਗਾਲ ਵਿਚ ਚਲੇ ਗਏ। ਉਥੇ ਸੁਭਾਸ਼ ਚੰਦਰ ਜੀ ਨਾਲ ਆਪ ਦਾ ਸੰਪਰਕ ਹੋਇਆ। ਗਿਆਨੀ ਮਿਹਰ ਸਿੰਘ ਜੀ ਜੀਵਨ ਦੀਆਂ ਵੱਖ-ਵੱਖ ਘਟਨਾਵਾਂ ਵਿਚੋਂ ਲੰਘਦੇ ਹੋਏ 'ਪੇਂਡੂ ਜਨਤਾ' ਨਾਮ ਦੇ ਅਖਬਾਰ ਦੇ ਸੰਚਾਲਕ ਤੇ ਮਾਲਕ ਵੀ ਰਹੇ। ਉਸ ਸਮੇਂ ਇਕ ਨੌਜਵਾਨ ਰਸੀਂਣ ਜ਼ਿਲਾ ਲੁਧਿਆਣਾ ਦਾ ਭਾਈ ਜਰਨੈਲ ਸਿੰਘ ਭੀ ਇਸ ਕਰਮਯੋਗ ਦੇ ਮੰਚ ਉਤੇ ਪ੍ਰਗਟ ਹੋਇਆ ਜਿਸ ਨੇ 'ਲਲਕਾਰ' ਨਾਮ ਦਾ ਅਖਬਾਰ ਕੱਢਿਆ ਪਰ ਗਿਆਨੀ ਮਿਹਰ ਸਿੰਘ ਜੀ ਦਾ ਜੀਵਨ ਅਦੁੱਤੀ ਸੀ ਉਨ੍ਹਾਂ ਨੇ ਸਾਫ-ਸੁਥਰਾ ਜੀਵਨ ਲੰਘਾਇਆ। ਭਾਵੇਂ ਗ੍ਰਹਿਸਥ ਜੀਵਨ ਵਿਚ ਇਕ ਘੋਲ ਕਰ ਰਹੇ ਸਨ। ਬੇਅੰਤ ਕੁਸੰਗੀਆਂ ਦੇ ਝੁਰਮਟ ਅਤੇ ਮੌਕਾ ਪ੍ਰਸਤ ਰਾਜਨੀਤਕਾਂ ਦੀ ਸੰਗਤ ਵਿਚ ਉਹ ਘਿਰੇ ਹੋਏ ਸਨ ਪਰ ਆਪ ਨੇ ਗੁਰਸਿੱਖੀ ਅਸੂਲਾਂ ਦਾ ਬਿਲਕੁਲ ਵੀ ਤਿਆਗ ਨਾ ਕੀਤਾ ਅਤੇ ਸੰਤ ਮਹਾਰਾਜ ਜੀ ਨਾਲ ਪੂਰਨ ਹਿਰਦੇ ਨਾਲ ਜੁੜੇ ਰਹੇ ਅਤੇ ਅੰਦਰ ਪ੍ਰਗਟ ਹੋਏ ਪ੍ਰਕਾਸ਼ ਨੂੰ ਘਟਣ ਦੀ ਥਾਂ ਵਧਾਉਂਦੇ ਰਹੇ। 'ਪੇਂਡੂ ਜਨਤਾ' ਸਪਤਾਹਿਕ ਪੱਤਰ ਨਾਲ ਪਰਤੰਤਰ ਹੋਈ ਜਨਤਾ ਨਾਲ ਸਾਂਝ ਪੈਦਾ ਕਰ ਰਹੇ ਸਨ। 1947 ਦਾ ਸਮਾਂ ਸੀ ਜਦੋਂ ਅੰਗਰੇਜ਼ਾਂ ਨੇ ਭਾਰਤ ਨੂੰ ਵੰਡਿਆ। ਉਸ ਸਮੇਂ ਤਕ ਆਪ ਰਾਜਸੀ ਮੁਸ਼ਕਲਾਂ ਨਾਲ ਘਿਰੇ ਰਹੇ ਅਤੇ ਰਾਜ ਦੀਆਂ ਨਜ਼ਰਾਂ ਵਿਚ ਆਪ ਦੇਸ਼ ਭਗਤ ਹੁੰਦੇ ਹੋਏ ਇਕ ਸ਼ੱਕੀ ਇਨਕਲਾਬੀ ਪੁਰਸ਼ ਬਣੇ ਰਹੇ। ਆਪਣੀਆਂ ਸੇਵਾਵਾਂ ਦਾ ਕੋਈ ਮੁੱਲ ਸਰਕਾਰ ਤੋਂ ਨਾ ਲਿਆ। ਆਪਣੇ ਹੀ ਬਲਪੋਤੇ ਉਪਰ ਆਪ ਜੀ ਕੁਰਕਸ਼ੇਤਰ ਵਿਚ ਥੋੜ੍ਹੀ ਜਿਹੀ ਜ਼ਮੀਨ ਲੈ ਕੇ ਆਪਣਾ ਜੀਵਨ ਨਿਰਬਾਹ ਕਰਦੇ ਰਹੇ ਅਤੇ ਰਾੜੇ ਸਾਹਿਬ ਦੀ ਸੰਗਤ ਵਿਚ ਮਹਾਨ ਆਦਰ ਪ੍ਰਾਪਤ ਬਣੇ ਰਹੇ। ਹਰ ਗੱਲ ਵਿਚ ਸੰਤ ਮਹਾਰਾਜ ਜੀ ਇਨ੍ਹਾਂ ਦੀ ਰਾਇ ਦੀ ਕਦਰ ਕਰਦੇ ਰਹੇ।

ਇਕ ਵਾਰੀ ਸੰਤ ਮਹਾਰਾਜ ਜੀ ਨੇ ਫੁਰਮਾਇਆ ਕਿ ਕਈ ਪ੍ਰੇਮੀ ਅਸਾਡੇ

ਲੰਘ ਚੁਕੇ ਜੀਵਨ ਬਾਰੇ ਲਿਖਣਾ ਚਾਹੁੰਦੇ ਹਨ। ਪਰ ਗਿਆਨੀ ਮਿਹਰ ਸਿੰਘ ਜੀ, ਜਾਂ ਤੂੰ (ਦਾਸ ਲੇਖਕ) ਸਹੀ ਢੰਗ ਨਾਲ ਜੀਵਨ ਲਿਖ ਸਕਦੇ ਹੋਂ। ਕੁਝ ਸਮੇਂ ਤੋਂ ਗਿਆਨੀ ਜੀ ਬਿਮਾਰ ਰਹੇ ਹਨ। ਉਨ੍ਹਾਂ ਦੇ ਬੱਚੇ ਕੈਨੇਡਾ ਵਿਚ ਹਨ, ਜਿਥੇ ਆਪ ਚਲੇ ਜਾਇਆ ਕਰਦੇ ਹਨ।

ਸੋ ਇਸ ਤਰ੍ਹਾਂ ਉਸ ਸਮੇਂ ਵਿਚ ਕੁਝ ਵਿਲੱਖਣ ਕਿਸਮ ਦੇ ਜੀਵਨ ਸਨ। ਜਦੋਂ ਅਸੀਂ ਅੱਜਕਲ੍ਹ ਦੇ ਹਾਲਾਤ ਦੇ ਮੁਤਾਬਿਕ ਤੁਲਨਾ ਕਰਦੇ ਹਾਂ ਤਾਂ ਸਾਧਾਰਣ ਸਿੱਖਾਂ ਦੀ ਤੁਲਨਾ ਦੇ ਮੁਕਾਬਲੇ ਵਿਚ ਕਈ ਪ੍ਰੇਮੀ ਜੋ ਆਪਣੇ ਆਪ ਨੂੰ ਸੰਤ ਅਖਵਾਂਦੇ ਹਨ, ਪੂਰੇ ਨਹੀਂ ਉਤਰਦੇ। ਇਸੇ ਕਰਕੇ ਕਈ ਜ਼ੁੰਮੇਵਾਰ ਪੁਰਸ਼ ਵਾ-ਵੇਲਾ ਕਰਦੇ ਹਨ ਕਿ ਸੰਤ ਆਪਣੇ ਕਿਰਦਾਰ ਤੋਂ ਹੇਠਾਂ ਆ ਕੇ ਮਾਇਆ ਕਮਾਉਣ ਤਕ ਹੀ ਆਪਣੇ ਆਪ ਨੂੰ ਸੀਮਤ ਕਰ ਰਹੇ ਹਨ। ਇਸ ਵਿਚ ਸੰਤ ਮਹਾਰਾਜ ਸੰਤ ਈਸ਼ਰ ਸਿੰਘ ਜੀ, ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਦੀ ਤੁਲਨਾ ਦਾ ਕੋਈ ਵਿਅਕਤੀ ਪੈਦਾ ਨਾ ਹੁੰਦਾ ਹੋਇਆ ਆਪਣੇ ਆਪ ਨੂੰ ਹੇਠਲੇ ਦਰਜੇ ਵਿਚ ਲੰਘਦਾ ਹੋਇਆ ਹੀ ਸੰਤ ਪਦਵੀ ਨਾਲ ਸ਼ਸ਼ੋਭਤ ਕਰਨ ਲਗ ਗਿਆ ਹੈ। ਉਸ ਦਾ ਜੀਵਨ ਪ੍ਰੇਰਨਾ ਦੇਣ ਦੀ ਥਾਂ ਤਰਕ ਦੇ ਘੇਰੇ ਵਿਚ ਜ਼ਿਆਦਾ ਪ੍ਰਦੂਸ਼ਿਤ ਹੈ। ਉਨ੍ਹਾਂ ਵਿਚੋਂ ਬਹੁਤੇ ਸਰਬ ਸਾਂਝ ਨੂੰ ਤਿਆਗਦੇ ਹੋਏ ਮਾਇਆ ਨਿਜ ਦੇ ਹਿਤਾਂ ਉਪਰ ਖਰਚ ਕਰਕੇ ਆਪਣੀਆਂ ਨਿਜ ਦੀਆਂ ਜਾਇਦਾਦਾਂ ਬਣਾ ਰਹੇ ਹਨ। ਕਿਸੇ ਹੱਦ ਤਕ ਇਹ ਤਰਕਾਂ ਕਰਨ ਵਾਲੇ ਵੀ ਠੀਕ ਹਨ ਕਿਉਂਕਿ ਉਹ ਸੰਤ ਪਦ ਨੂੰ ਬਹੁਤ ਉਚਾ ਜਾਣਦੇ ਹਨ। ਕੇਵਲ ਉਸ ਪਦ ਉਪਰ ਪੁਜਿਆਂ ਹੀ ਉਨ੍ਹਾਂ ਦੀ ਨਿਗ੍ਹਾ ਵਿਚ ਸੰਤ ਅਖਵਾ ਸਕਦਾ ਹੈ ਇਸ ਗੱਲ ਦਾ ਸਾਨੂੰ ਕੋਈ ਰੋਸ ਨਹੀਂ ਕਰਨਾ ਚਾਹੀਦਾ ਸਗਮਾਂ ਉਨ੍ਹਾਂ ਦੀ ਤਰਕ ਤੋਂ ਵਿਚਾਰ ਪੈਦਾ ਹੋਣੀ ਚਾਹੀਦੀ ਹੈ ਅਤੇ ਆਪਣੀ ਨਿਜੀ ਪੜਚੋਲ ਕਰਕੇ ਵੇਖਣਾ ਚਾਹੀਦਾ ਹੈ ਕਿ ਕੀ ਉਹ ਠੀਕ ਹੀ ਆਖ ਰਹੇ ਹਨ? ਜੇ ਭਲਾ ਈਰਖਾ ਦੇ ਵਸ ਹੋ ਕੇ ਕੇਵਲ ਨਿੰਦਿਆ ਕਰਨ ਨੂੰ ਆਪਣਾ ਮੁਖ ਕਾਰਜ ਬਣਾ ਕੇ ਨਿੰਦਿਆ ਕਰਦੇ ਰਹਿੰਦੇ ਹਨ ਤਾਂ ਭੀ ਨਿੰਦਿਆ ਤੋਂ ਘਬਰਾਉਣਾ ਨਹੀਂ ਚਾਹੀਦਾ ਕਿਉਂਕਿ ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਂਤ ਮੁਤਾਬਿਕ ਨਿੰਦਿਆ ਕਰਨ ਵਾਲਾ ਸੰਤਾਂ ਦਾ ਪ੍ਰਮ ਮਿੱਤਰ ਹੈ। ਉਹ ਸਾਵਧਾਨਤਾ ਬਖਸ਼ਦਾ ਹੈ ਜਿਸ ਕਰਕੇ ਔਗੁਣ ਤੋਂ ਬਚ ਕੇ ਸਚਮੁੱਚ ਸੰਤ ਬਣ ਕੇ ਸੰਸਾਰ ਦੀ ਸੇਵਾ ਕਰ ਸਕੇ। ਸੰਤਾਂ ਨੂੰ ਨਿੰਦਿਆ ਤਾਂ ਉਦੋਂ ਹੀ ਬੁਰੀ ਲਗੇਗੀ ਜਦੋਂ ਉਹ ਹਉਮੈ ਦੇ ਅਧੀਨ ਆਪਣੀ ਹਸਤੀ ਨੂੰ ਮੰਨਣਗੇ। ਨਹੀਂ ਤਾਂ ਸੰਤ ਨਿੰਦਿਆ ਤੇ ਉਸਤਤ ਤੋਂ ਬਹੁਤ ਉਚੇ ਲੰਘ ਚੁਕੇ ਹੁੰਦੇ ਹਨ ਜਿਥੇ ਇਨ੍ਹਾਂ ਦੋਨਾਂ ਦੀ ਹੀ ਪਹੁੰਚ ਨਹੀਂ ਹੁੰਦੀ। ਸੰਤ ਰਹਿਤ ਦੇ ਲੇਖਾਂ ਵਿਚ ਬਹੁਤ ਹੀ ਵਿਸਥਾਰ ਨਾਲ ਇਹ ਗੱਲਾਂ ਵਿਚਾਰੀਆਂ ਗਈਆਂ ਸਨ। ਸੋ ਸੰਤਾਂ ਨੂੰ ਉਦਾਸ ਨਹੀਂ ਹੋਣਾ ਚਾਹੀਦਾ। ਆਪਣੇ ਗੁਰੂ ਨਾਲ ਇਕਮਿਕ ਹੋ ਕੇ ਸੱਚੇ ਦਿਲ ਨਾਲ ਗੁਰੂ ਮਹਾਰਾਜ ਜੀ ਦੇ ਸਿਧਾਂਤ ਸੰਸਾਰ ਵਿਚ ਸਰਬ ਸਾਂਝੇ ਕਰਨੇ ਚਾਹੀਦੇ ਹਨ। ਗੁਰੂ ਨਾਨਕ ਦੇਵ ਜੀ ਦੇ ਸਿਧਾਂਤਾਂ ਨੂੰ ਕੋਈ ਵਿਰਲਾ ਪੁਰਸ਼ ਹੀ ਸਮਝਦਾ ਹੈ, ਅਸਾਨੂੰ ਤਾਂ ਅਜੇ ਤਕ –

***ਆਦਿ ਸਚੁ ਜੁਗਾਦਿ ਸਚੁ॥***
***ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥*** ***ਪੰਨਾ – 1***

ਦੀ ਬੁਝਣਾ ਨਹੀਂ ਹੋਈ। ਇਸ ਦੇ ਵਿਪਰੀਤ ਬੁੱਧੀ ਮੰਡਲ ਦੇ ਅਰਥਾਂ ਵਿਚ ਹੀ ਅਸੀਂ ਉਲਝੇ ਪਏ ਹਾਂ। ਇਨ੍ਹਾਂ ਦੇ ਅੰਤ੍ਰੀਵੀ ਅਰਥ ਬੁਝਾਉਣ ਵਾਲਾ ਕੋਈ ਤੱਤ ਬੇਤਾ ਮਹਾਂਪੁਰਸ਼ ਵਿਰਲਾ ਹੀ ਹੈ। ਉਸ ਦਾ ਜੀਵਨ ਭਾਈ ਘਨ੍ਹਈਆ ਦੇ ਜੀਵਨ ਵਰਗਾ ਅਵੱਸ਼ ਹੋਵੇਗਾ ਜਿਸ ਨੇ ਸੱਚ ਨੂੰ ਆਪਣੇ ਅਤੇ ਦ੍ਰਿਸ਼ਟਮਾਨ ਵਿਚ ਪ੍ਰਤੱਖ ਦੇਖ ਕੇ ਜੀਵਨ ਨਾਟ ਕੀਤਾ ਜਿਸ ਨੂੰ ਪੂਰਨ ਜਾਣਦਿਆਂ ਹੋਇਆਂ ਗੁਰੂ ਦਸ਼ਮੇਸ਼ ਪਿਤਾ ਜੀ ਨੇ ਪਾਣੀ ਦੀ ਮਸ਼ਕ ਦੇ ਨਾਲ ਹੀ ਮਲ੍ਹਮ ਤੇ ਪੱਟੀਆਂ ਵੀ ਬਖਸ਼ ਦਿਤੀਆਂ ਅਤੇ ਕਿਹਾ ਕਿ ਘਨ੍ਹਈਆ! ਤੂੰ ਆਪ ਸੱਚ ਦਾ ਰੂਪ ਹੋ ਚੁਕਿਆ ਹੈਂ ਅਤੇ ਪ੍ਰਮ ਸੱਚ ਦਾ ਰੂਪ ਦ੍ਰਿਸ਼ਟੀਗੋਚਰੇ ਹੋਣ ਕਰਕੇ ਅਭੇਦ ਅਵਸਥਾ ਨੂੰ ਮਾਣ ਰਿਹਾ ਹੈਂ। ਭਾਈ ਘਨ੍ਹਈਆ ਜੀ ਪੂਰਨ ਸੰਤ ਸਨ। ਅਸਾਡੇ ਸੰਤ ਵੀਰਾਂ ਨੂੰ ਵੀ ਵਾਹਿਗੁਰੂ ਜੀ ਇਸ ਅਵਸਥਾ ਦੇ ਪ੍ਰਤੱਖ ਅਨੁਭਵ ਦੀ ਬਖਸ਼ਿਸ਼ ਕਰਕੇ ਆਪਣਾ ਕਾਰਜ ਆਪ ਕਰਾਉਣ।

ਸੰਤ ਮਹਾਰਾਜ ਜੀ ਦਾ ਵਜੂਦ 4 ਅਗਸਤ 1905 ਈ. ਮੁਤਾਬਿਕ 21 ਸਾਉਣ 1962 ਬਿਕ੍ਰਮੀ ਵਿਚ ਦਿਨ ਸ਼ੁਕਰਵਾਰ, ਸਾਵਣ ਸੁਦੀ ਚਉਥ ਨੂੰ ਅੰਮ੍ਰਿਤ ਵੇਲੇ ਪ੍ਰਗਟ ਹੋਇਆ ਜਿਨ੍ਹਾਂ ਦਾ ਸੁੰਦਰ ਮੁਖੜਾ ਹਰ ਵੇਖਣ ਵਾਲੇ ਨੂੰ ਖਿਚਦਾ ਸੀ; ਕੇਵਲ ਖਿੱਚਾਂ ਹੀ ਨਹੀਂ ਪਾਉਂਦਾ ਸੀ, ਸਗੋਂ ਮਨ ਨੂੰ ਮੋਹ ਲੈਂਦਾ ਸੀ ਅਤੇ ਸਚਮੁੱਚ ਹੀ ਗੁਲਾਬ ਹੁੰਦਿਆਂ ਹੋਇਆਂ ਨਾਮ ਭੀ ਗੁਲਾਬ ਸਿੰਘ ਹੀ ਰੱਖਿਆ ਗਿਆ। ਇਹ ਗੁਲਾਬ, ਕੰਡਿਆਂ ਵਾਲਾ ਗੁਲਾਬ ਨਹੀਂ ਸੀ, ਹਰ ਇਕ ਤੇ ਬਖਸ਼ਿਸ਼ਾਂ ਕਰਨ ਵਾਲੀ ਰੂਹਾਨੀ ਸੁਗੰਧੀ ਸੀ ਜਿਸ ਨੂੰ ਪ੍ਰਮ ਮਹਾਂਪੁਰਖ ਸੰਤ ਅਤਰ ਸਿੰਘ ਜੀ ਰੇਰੂ ਸਾਹਿਬ ਵਾਲਿਆਂ ਨੇ ਆਪਣਾ ਹੀ ਰੂਪ ਬਣਾ ਲਿਆ। ਇਹ ਗੁਲਾਬ ਸਿੰਘ ਮਹਾਂਪੁਰਸ਼ਾਂ ਦੀ ਸੰਗਤ ਵਿਚ ਆ ਕੇ ਅਤਰ ਦਾ ਰੂਪ ਧਾਰਨ ਕਰ ਗਿਆ ਅਤੇ ਸੰਸਾਰ ਦੇ ਕੋਨੇ-ਕੋਨੇ ਵਿਚ ਇਸ ਦੀ ਮਿਕਰੰਦ ਧੂੜੀ ਫੈਲ ਗਈ। ਇਹ ਪ੍ਰਭੂ ਵਲੋਂ ਇਕ ਕਰਾਮਾਤ ਹੀ ਸੀ ਜੋ ਸੰਸਾਰ ਵਿਚ ਪ੍ਰਤੱਖ ਰੂਪ ਵਿਚ ਵੇਖੀ ਗਈ। ਆਪ ਦਾ ਵਜੂਦ ਬਚਪਨ ਵਿਚ ਹੀ ਮੋਹ ਲਿਆ ਕਰਦਾ ਸੀ। ਕੋਈ-ਕੋਈ ਸਰੂਪ ਹੀ ਹੁੰਦਾ ਹੈ ਜੋ ਮਨ ਨੂੰ ਮੋਂਹਦਾ ਹੈ। ਆਪ ਜੀ ਦੇ ਸੀਸ ਤੇ ਛੱਲੇਦਾਰ ਕੇਸ, ਤਿੱਖੇ ਨਕਸ਼, ਮ੍ਰਿਗ ਨੈਣ, ਪੁੰਨਿਆਂ ਦੇ ਚੰਦਰਮਾ ਵਰਗਾ ਚੌੜਾ ਮਸਤਕ, ਗੱਠਿਆ ਹੋਇਆ ਅਤਿ ਨਰਮ ਸਰੀਰ, ਗੋਲਾਕਾਰ ਠੋਡੀ, ਲੰਮੀਆਂ ਬਾਹਾਂ, ਚੌਰਸ ਹੱਥ ਦੀ ਤਲੀ, ਕੰਵਲਾਂ ਵਰਗੇ ਸੁੰਦਰ ਚਰਨ ਜੋ ਇਕ ਵਾਰੀ ਵੇਖ ਲੈਂਦਾ ਸੀ ਉਹ ਖਿੱਚ ਖਾਏ ਬਿਨਾਂ ਨਹੀਂ ਰਹਿੰਦਾ ਸੀ, ਮੁੜ-ਮੁੜ ਕੇ ਦਰਸ਼ਨ ਕਰਨਾ ਲੋਚਦਾ ਸੀ।

ਆਪ ਜੀ ਨੂੰ ਪਿਤਾ ਜੀ ਗੋਦੀ ਚੁੱਕ ਕੇ ਮਹਾਨ ਤਪਸਵੀ ਵਿਧੌਂਸ਼ੀ ਵਾਲੇ ਸੰਤ ਬੀਰਮਦਾਸ ਜੀ ਪਾਸ ਲੈ ਗਏ। ਓਹਨਾਂ ਸੰਤਾਂ ਨੇ ਆਪ ਦੇ ਪਿਤਾ ਨੂੰ ਸੰਬੋਧਨ ਕਰਕੇ ਕਿਹਾ ਕਿ ਨੰਬਰਦਾਰ ਰਾਮ ਸਿੰਘ ਜੀ! ਇਹ ਤੁਹਾਡਾ ਪੁਤਰ ਇਤਨਾ ਮਹਾਨ ਸਾਧੂ ਪ੍ਰਗਟ ਹੋਵੇਗਾ ਜਿਸ ਦੀ ਮਹਿਮਾ ਅਪਰ ਅਪਾਰ ਹੋਵੇਗੀ। ਲੋਕ ਮੈਨੂੰ ਵੀ ਸਾਧੂ ਆਖਦੇ ਹਨ ਪਰ ਇਹ ਸਾਧੂ ਤੇਰੀਆਂ ਕੁਲਾਂ ਨੂੰ ਹੀ ਨਹੀਂ ਤਾਰੇਗਾ ਸਗੋਂ ਸੰਸਾਰ ਦੇ ਕਰੋੜਾਂ ਲੋਕ ਇਸ ਤੋਂ ਪ੍ਰੇਰਨਾ ਲੈ ਕੇ ਪ੍ਰਭੂ ਪਿਆਰ ਵਿਚ ਜੁੜਨਗੇ। ਜਦੋਂ ਆਪ ਪੜ੍ਹਨਯੋਗ ਅਵਸਥਾ ਵਿਚ ਦਾਖਲ ਹੋਏ ਤਾਂ ਆਪ ਨੇ ਪਿੰਡ ਦੇ ਸਕੂਲ ਵਿਚ ਹਰ ਸਾਲ ਫਸਟ ਰਹਿੰਦਿਆਂ ਪੜ੍ਹਾਈ ਕੀਤੀ। ਆਪ ਜੀ ਦਾ ਉਰਦੂ, ਪੰਜਾਬੀ, ਇੰਗਲਿਸ਼ ਦਾ hand writing (ਲਿਖਾਈ) ਅੱਜ ਵੀ ਦੇਖ ਕੇ ਹੈਰਾਨ ਹੁੰਦੇ ਹਾਂ ਕਿ ਆਪ ਦੇ ਲਿਖੇ ਮੋਤੀਆਂ

ਵਰਗੇ ਅੱਖਰ, ਇਕੋ ਜਿਹੇ - ਛਾਪੇ ਨੂੰ ਵੀ ਮਾਤ ਪਾਉਂਦੇ ਹਨ।

ਇਕ ਵਾਰੀ ਮਹਾਰਾਜ ਜੀ ਨੇ ਮੈਨੂੰ ਦੱਸਿਆ ਕਿ ਜਦੋਂ ਅਸੀਂ ਪਟਿਆਲਾ ਮਾਡਲ ਸਕੂਲ ਵਿਚ ਪੜ੍ਹਿਆ ਕਰਦੇ ਸਾਂ ਤਾਂ ਇਕ ਵੱਡੇ ਮਹਾਨ ਮਹਾਤਮਾ ਡਾ. ਟੀ. ਐਲ. ਵਿਸਵਾਨੀ ਜੋ ਸਿੰਧ ਸੂਬੇ ਦੇ ਰਹਿਣ ਵਾਲੇ ਸਨ, ਉਹ ਕਲਾਸ ਵਿਚ ਆਏ ਤਾਂ ਉਨ੍ਹਾਂ ਨੇ ਕਿਹਾ ਕਿ ਹਰ ਬੱਚੇ ਦੇ 'ਜਪੁਜੀ ਸਾਹਿਬ' ਯਾਦ ਹੋਣਾ ਚਾਹੀਦਾ ਹੈ। ਸੰਤ ਮਹਾਰਾਜ ਜੀ ਨੇ ਦਸਿਆ ਕਿ ਉਸ ਵੇਲੇ ਅਸੀਂ 'ਜਪੁਜੀ ਸਾਹਿਬ' ਤਾਂ ਯਾਦ ਕਰਨਾ ਹੀ ਸੀ, ਨਾਲ ਹੀ ਅਸੀਂ ਸੁਖਮਨੀ ਸਾਹਿਬ, ਪੰਜੇ ਬਾਣੀਆਂ ਸਮੇਤ ਯਾਦ ਕਰ ਲਈਆਂ। ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼ਾਂ ਦੇ ਮੁਤਾਬਿਕ ਵਿਦਿਆਰਥੀ ਜੀਵਨ ਵਿਚ ਹੀ ਆਪ ਦੋ ਵਜੇ ਉਠ ਕੇ ਮੋਤੀ ਬਾਗ ਦੇ ਕੋਨੇ ਵਿਚ ਬਣੇ ਹੋਏ, ਗੁਰਦੁਆਰੇ ਸੁਧਾਸਰ ਨਾਮ ਦੇ ਸਰੋਵਰ ਵਿਚ ਇਸ਼ਨਾਨ ਕਰਿਆ ਕਰਦੇ ਸਨ। ਆਪ ਨੇ ਫੁਰਮਾਇਆ ਕਿ ਅਸੀਂ ਪੂਰੇ 5 ਘੰਟੇ ਪੂਰੀ ਸੁਰਤ ਨਾਲ ਬਾਣੀ ਪੜ੍ਹਨੀ, ਪਹਿਲਾਂ-ਪਹਿਲਾਂ ਅਸੀਂ ਸੁਖਮਨੀ ਸਾਹਿਬ ਸੁਰਤ ਨਾਲ ਕਰਨਾ ਸ਼ੁਰੂ ਕੀਤਾ। ਵਧਦੀ ਸੁਰਤ ਦੀ ਰਫਤਾਰ ਐਨੀ ਤੇਜ਼ ਹੋ ਗਈ ਕਿ ਪਹਿਲਾਂ ਅਸੀਂ 15 ਮਿੰਟ ਵਿਚ ਇਕ ਪਾਠ ਕਰ ਲੈਂਦੇ ਸਾਂ ਫੇਰ ਜਿਉਂ-ਜਿਉਂ ਇਕਾਗਰਤਾ ਵਧੀ ਅਸੀਂ 12 ਮਿੰਟ ਵਿਚ ਇਕ ਸੁਖਮਨੀ ਸਾਹਿਬ ਦਾ ਪਾਠ ਕਰ ਲੈਣਾ ਅਤੇ ਪੰਜ ਪਾਠ ਸੁਖਮਨੀ ਸਾਹਿਬ ਅਤੇ 25 ਪਾਠ ਜਪੁਜੀ ਸਾਹਿਬ ਦਾ ਹਰ ਰੋਜ਼ ਦਾ ਨਿਤਨੇਮ ਰੱਖੇ। ਉਪਰੰਤ ਅਸੀਂ ਸਿਮਰਨ ਵਿਚ ਸੁਰਤ ਨੂੰ ਇਕਾਗਰ ਕਰ ਲਿਆ ਕਰਨਾ ਅਤੇ ਅਸਾਨੂੰ ਐਉਂ ਲਗਣਾ ਜਿਵੇਂ ਪ੍ਰਕਾਸ਼ ਦੇ ਝੂਲੇ ਉਪਰ ਅਸੀਂ ਬੈਠੇ ਹਾਂ ਅਤੇ ਝੂਲਾ ਆਪਣੇ ਆਪ ਹੀ ਝੂਲ ਰਿਹਾ ਹੈ। ਵਿਦਿਆਰਥੀ ਜੀਵਨ ਵਿਚ ਇਹ ਅਵਸਥਾ ਘੱਟ ਹੀ ਕਿਸੇ ਨੂੰ ਪ੍ਰਾਪਤ ਹੋਈ ਹੈ। ਅਨੇਕਾਂ ਮਹਾਂਪੁਰਸ਼ਾਂ ਦੇ ਜੀਵਨ ਪੜ੍ਹੇ ਹਨ ਉਨ੍ਹਾਂ ਨੂੰ ਭਜਨ ਕਰਨ ਦੀ ਲਾਗ ਉਸੇ ਵੇਲੇ ਲੱਗੀ ਜਿਸ ਵਕਤ ਕੋਈ ਪੂਰਨ ਮਹਾਂਪੁਰਸ਼ ਉਨ੍ਹਾਂ ਨੂੰ ਮਿਲਿਆ। ਉਸ ਸਮੇਂ ਉਨ੍ਹਾਂ ਦੀਆਂ ਉਮਰਾਂ ਵੱਡੀਆਂ ਹੋ ਚੁਕੀਆਂ ਹੁੰਦੀਆਂ ਸਨ ਪਰ ਵਿਦਿਆਰਥੀ ਜੀਵਨ ਵਿਚ ਸਿਰਫ ਆਪ ਜੀ ਦਾ ਹੀ ਜ਼ਿਕਰ ਆਉਂਦਾ ਹੈ ਕਿ 14 ਸਾਲ ਦੀ ਉਮਰ ਵਿਚ ਅੱਠਵੀਂ ਜਮਾਤ ਤੋਂ ਲੈ ਕੇ 16-17 ਸਾਲ ਦੀ ਉਮਰ ਤਕ ਸੁਰਤਿ ਸਬਦਿ ਮਾਰਗ ਦੀਆਂ ਉਨ੍ਹਾਂ ਅਵਸਥਾਵਾਂ ਨੂੰ ਅਨੁਭਵ ਕਰਿਆ ਜੋ ਵੱਡੇ-ਵੱਡੇ ਯੋਗੀਆਂ ਨੂੰ ਲੰਮੇ ਯੋਗ ਕਰਨ ਉਪਰੰਤ ਵੀ ਪ੍ਰਾਪਤ ਨਹੀਂ ਹੁੰਦੀਆਂ ਸਨ। ਇਸ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਆਪ ਜੀ ਦਾ ਇਸ ਵਜੂਦ ਵਿਚ ਆਉਣ ਤੋਂ ਪਹਿਲਾਂ ਜੋ ਜੀਵਨ ਸੀ ਉਸ ਦੇ ਪ੍ਰਭਾਵ ਕਰਕੇ ਹੀ ਐਨੀ ਛੋਟੀ ਉਮਰ ਵਿਚ ਅਜਿਹੀਆਂ ਅਵਸਥਾਵਾਂ ਦਾ ਮਾਨਣਾ ਹੋਇਆ ਹੈ। ਜਦੋਂ ਆਪ ਦਸਵੀਂ ਜਮਾਤ ਦੇ ਮੱਧ ਦਿਨਾਂ ਵਿਚ ਸੰਤ ਅਤਰ ਸਿੰਘ ਜੀ ਰੇਰੂ ਸਾਹਿਬ ਵਾਲਿਆਂ ਨੂੰ ਮਿਲੇ ਉਸ ਵੇਲੇ ਉਨ੍ਹਾਂ ਨੇ ਇਕੋ ਨਜ਼ਰ ਨਾਲ ਪਰਖ ਲਿਆ ਕਿ ਇਹ ਗੁਲਾਬ ਦਾ ਫੁੱਲ ਸਾਰੇ ਸੰਸਾਰ ਨੂੰ ਸੁਗੰਧਤ ਕਰਨ ਦੀ ਸਮਰੱਥਾ ਰਖਦਾ ਹੈ। ਆਪ ਦੇ ਮੁਖਾਰਬਿੰਦ ਤੋਂ ਉਚਾਰੇ ਪਹਿਲੇ ਬਚਨ ਸਨ ਕਿ ਕਾਕਾ! ਤੂੰ ਕਿਥੇ ਛੁਪਿਆ ਰਿਹਾ, ਬਹੁਤ ਸਮੇਂ ਤੋਂ ਅਸੀਂ ਤੇਰੀ ਢੂੰਡ ਕਰ ਰਹੇ ਸਾਂ, ਤੇਰਾ ਨਾਮ ਗੁਲਾਬ ਰੱਖਿਆ ਹੈ ਪਰ ਅਸੀਂ ਤੈਨੂੰ ਅੰਮ੍ਰਿਤ ਦੀ ਦਾਤ ਦੇ ਕੇ ਸੰਸਾਰ ਦਾ ਤਾਰਕ ਈਸ਼ਰ ਬਣਾਉਣਾ ਹੈ। ਆਪ ਦਾ ਅੰਮ੍ਰਿਤ ਸੰਸਕਾਰ ਹੋਣ ਉਪਰੰਤ ਨਾਮ ਈਸ਼ਰ ਸਿੰਘ ਰੱਖਿਆ ਗਿਆ। ਪ੍ਰਤੱਖ ਰੂਪ ਵਿਚ ਆਪ ਜੀ

ਨੇ ਉਹ ਘੋਰ ਸਾਧਨਾ ਮਹਾਂਪੁਰਸ਼ਾਂ ਦੇ ਇਸ ਸੰਸਾਰ ਵਿਚ ਸਰੀਰ ਹੁੰਦਿਆਂ ਹੋਇਆਂ ਹੀ ਸ਼ੁਰੂ ਕਰ ਦਿਤੀ ਜੋ ਜੀਵ ਉਪਾਧੀ ਦੂਰ ਕਰਕੇ ਆਤਮ ਤੱਤ ਸ਼ਾਖਸ਼ਾਤ ਕਰ ਦੇਵੇ ਅਤੇ ਇਹ ਜੀਵ ਈਸ਼ਰ ਹੀ ਬਣ ਜਾਵੇ।

ਗੁਰੂ ਨਾਨਕ ਪਾਤਸ਼ਾਹ ਸੰਸਾਰ ਦਾ ਉਧਾਰ ਕਰਦੇ-ਕਰਦੇ ਇਕ ਐਸੇ ਸੰਘਣੇ ਵਣ ਵਿਚੋਂ ਲੰਘ ਰਹੇ ਸਨ ਜਿਸ ਨੂੰ ਦੇਖ ਕੇ ਮਰਦਾਨਾ ਘਬਰਾ ਰਿਹਾ ਸੀ ਅਤੇ ਬਾਰ-ਬਾਰ ਗੁਰੂ ਮਹਾਰਾਜ ਜੀ ਪਾਸ ਬੇਨਤੀਆਂ ਕਰਦਾ ਸੀ ਕਿ ਸੱਚੇ ਪਾਤਸ਼ਾਹ! ਕਿਸੇ ਅਬਾਦੀ ਵਿਚ ਚੱਲੀਏ। ਮੈਂ ਆਪਣੇ ਵਾਸਤੇ ਤਾਂ ਨਹੀਂ ਕਹਿੰਦਾ ਪਰ ਤੁਹਾਡੇ ਸਰੀਰ ਨੂੰ ਕੁਝ ਸੁਖ ਆਰਾਮ ਮਿਲੇ, ਵੇਲੇ ਸਿਰ ਪ੍ਰਸ਼ਾਦਾ ਛਕੋਂ, ਵੇਲੇ ਸਿਰ ਸਵੱਛ ਜਲ ਛਕੋਂ ਅਤੇ ਸੋਹਣੇ ਥਾਂ ਇਨ੍ਹਾਂ ਮੱਛਰਾਂ ਕੀੜਿਆਂ ਤੋਂ ਬਚ ਕੇ ਕਿਸੇ ਪਲੰਘ ਤੇ ਅਰਾਮ ਕਰ ਸਕੋਂ। ਮੇਰੇ ਤੋਂ ਤੁਹਾਡੀ ਇਹ ਕਸ਼ਟ ਭਰੀ ਹਾਲਤ ਸਹਿਨ ਨਹੀਂ ਹੋ ਸਕਦੀ। ਮੈਂ ਤਾਂ ਜੀਵ ਹਾਂ ਮੈਂ ਤਾਂ ਕਲਪਣਾ ਕਰਨੀ ਹੀ ਕਰਨੀ ਹੈ। ਪਰ ਤੁਹਾਡੇ ਵਾਸਤੇ ਇਨ੍ਹਾਂ ਬਿਖੜੇ ਰਾਹਾਂ, ਬਿਖੜਿਆਂ ਹਾਲਾਤ ਵਿਚ ਰਹਿਣਾ ਸਹਿਨ ਨਹੀਂ ਕਰ ਸਕਦਾ। ਗੁਰੂ ਮਹਾਰਾਜ ਜੀ ਜਾ ਰਹੇ ਹਨ ਤਾਂ ਆਪ ਨੇ ਦੇਖਿਆ ਕਿ ਕਿਸੇ ਅਬਾਦੀ ਵਲ ਨੂੰ ਇਕ ਪੁਰਸ਼ ਬਹੁਤ ਕਾਹਲੀ ਨਾਲ ਜਾ ਰਿਹਾ ਹੈ। ਉਸ ਨੇ ਪਿੱਠ ਉਪਰ ਇਕ ਗੱਠੜੀ ਬੰਨ੍ਹੀ ਹੋਈ ਹੈ, ਹੱਥ ਵਿਚ ਇਕ ਸੋਟੀ ਹੈ ਉਸ ਨੂੰ ਦੇਖ ਕੇ ਮਹਾਰਾਜ ਜੀ ਨੇ ਫੁਰਮਾਇਆ ਕਿ ਭਾਈ ਮਰਦਾਨਾ! ਇਸ ਬੰਦੇ ਨੂੰ ਬੁਲਾ ਕੇ ਲਿਆ। ਉਹ ਗੁਰੂ ਮਹਾਰਾਜ ਦੀ ਹਾਜ਼ਰੀ ਵਿਚ ਪੇਸ਼ ਹੋਇਆ। ਮਹਾਰਾਜ ਜੀ ਨੇ ਬੈਠਣ ਦਾ ਇਸ਼ਾਰਾ ਕੀਤਾ। ਸੱਚੇ ਪਾਤਸ਼ਾਹ ਜੀ ਨੇ ਪੁਛਿਆ, "ਪ੍ਰੇਮੀਆਂ! ਤੇਰੇ ਕੋਲ ਬੰਨ੍ਹਿਆ ਹੋਇਆ ਇਸ ਗੱਠੜੀ ਵਿਚ ਕੀ ਹੈ?" ਉਸ ਨੇ ਬੇਨਤੀ ਕੀਤੀ ਕਿ ਮਹਾਂਪੁਰਸ਼ੋ! ਮੈਂ ਆਪਣੇ ਨਿਰਬਾਹ ਵਾਸਤੇ ਵੱਖੋ-ਵੱਖਰੇ ਪਿੰਡਾਂ ਵਿਚ ਫੇਰੀ ਲਾਉਂਦਾ ਹਾਂ। ਇਸ ਵਿਚ ਹਰ ਰੋਜ਼ ਕੰਮ ਆਉਣ ਵਾਲੀ ਖਾਦ-ਖੁਰਾਕ (ਰਾਸ਼ਨ) ਦੀਆਂ ਵਸਤਾਂ ਹਨ। ਨਮਕ ਹੈ, ਮਿਰਚਾਂ ਹਨ, ਇਹ ਹਲਦੀ ਹੈ, ਇਹ ਪੋਟਲੀਆਂ ਦਾਲਾਂ ਦੀਆਂ ਹਨ। ਸੱਚੇ ਪਾਤਸ਼ਾਹ! ਇਹ ਗੁੜ ਹੈ, ਇਹ ਚਾਵਲ ਹਨ, ਮਸਾਲੇ ਹਨ, ਲਸਣ ਹੈ, ਗੰਢੇ ਹਨ; ਇਹ ਸਾਰੀਆਂ ਚੀਜ਼ਾਂ ਘਰ ਵਿਚ ਕੰਮ ਆਉਣ ਵਾਲੀਆਂ ਹਨ। ਇਨ੍ਹਾਂ ਨੂੰ ਵੇਚ ਕੇ ਮੈਂ ਆਪਣਾ ਅਤੇ ਆਪਣੇ ਪਰਿਵਾਰ ਦਾ ਨਿਰਬਾਹ ਕਰਦਾ ਹਾਂ। ਸੱਚੇ ਪਾਤਸ਼ਾਹ ਨੇ ਫੁਰਮਾਇਆ ਕਿ ਪ੍ਰੇਮੀਆਂ! ਸਭ ਦੇ ਨਿਰਬਾਹ ਦੀ ਜ਼ਿੰਮੇਵਾਰੀ ਤਾਂ ਨਿਰੰਕਾਰ ਨੇ ਆਪਣੇ ਸਿਰ ਲਈ ਹੋਈ ਹੈ ਜੀਵ ਤਾਂ ਕਿਰਤ ਦਾ ਬੰਨ੍ਹਿਆ ਹੋਇਆ ਭੱਜਿਆ ਫਿਰਦਾ ਹੈ। ਰਿਜਕ ਦੇਣ ਵਾਲਾ ਤਾਂ ਉਹ ਦਾਤਾ ਹੈ। ਸਾਡਾ ਫਰਜ਼ ਹੈ ਉਸ ਦਾਤੇ ਦੀ ਯਾਦ ਵਿਚ ਰਹਿਣਾ। ਆਪ ਨੇ ਫੁਰਮਾਇਆ ਕਿ -

***ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥***

***ਪੰਨਾ - 2***

ਗੁਰੂ ਮਹਾਰਾਜ ਜੀ ਨੇ ਵੱਟਿਆਂ ਵਲ ਵੇਖਦਿਆਂ ਹੋਇਆਂ ਇਕ ਛੋਟਾ ਜਿਹਾ ਵੱਟਾ ਆਪਣੇ ਹੱਥ ਵਿਚ ਚੁਕ ਲਿਆ। ਉਸ ਫੇਰੀ ਵਾਲੇ ਵਪਾਰੀ ਨੂੰ ਪੁਛਿਆ, ਇਹ ਵੱਟੇ ਕਿਸ ਚੀਜ਼ ਦੇ ਹਨ ਤਾਂ ਉਸ ਨੇ ਕਿਹਾ ਕਿ ਮਹਾਰਾਜ! ਇਹ ਇਕ ਸੇਰੀ ਹੈ, ਇਹ ਅੱਧ ਸੇਰੀ ਹੈ, ਆਪ ਦੇ ਹੱਥ ਵਿਚ ਜੋ ਵੱਟਾ ਹੈ ਇਹ ਪਾਈਆ ਹੈ, ਇਹ ਸਭ ਤੋਂ ਛੋਟਾ ਹੈ। ਇਸ ਤੋਂ ਜੇ ਥੋੜ੍ਹੀ ਚੀਜ਼ ਦੇਣੀ

ਹੋਵੇ ਤਾਂ ਉਹ ਅਸੀਂ ਅੰਦਾਜ਼ੇ ਨਾਲ ਹੀ ਦੇ ਦਿਆ ਕਰਦੇ ਹਾਂ। ਉਸ ਵੇਲੇ ਗੁਰੂ ਮਹਾਰਾਜ ਜੀ ਨੇ ਧੰਨ ਪਾਉ-ਧੰਨ ਪਾਉ-ਧੰਨ ਪਾਉ ਤਿੰਨ ਵਾਰ ਕਿਹਾ। ਉਸ ਵਪਾਰੀ ਨੇ ਕਿਹਾ ਕਿ ਅਜ ਉਸ ਦੇ ਸਾਮ੍ਹਣੇ ਮਹਾਨ ਪੁਰਸ਼ ਹਨ ਜਿਨ੍ਹਾਂ ਦੀ ਚਰਨ ਸ਼ਰਨ ਪਿਆਂ ਬਿਖੜੇ ਭਵਜਲ ਤੋਂ ਤਰ ਜਾਈਦਾ ਹੈ। ਉਸ ਨੇ ਗੁਰੂ ਨਾਨਕ ਪਾਤਸ਼ਾਹ ਦੇ ਚਰਨਾਂ ਉਪਰ ਆਪਣਾ ਸੀਸ ਨਿਵਾ ਦਿਤਾ ਅਤੇ ਡੰਡੇ ਵਾਂਗੂ ਅੱਠ ਅੰਗ ਧਰਤੀ ਨਾਲ ਲਾ ਕੇ ਬਾਰ-ਬਾਰ ਨਮਸ਼ਕਾਰ ਕਰ ਰਿਹਾ ਹੈ ਜਿਸ ਨੂੰ ਡੰਡਉਤ ਬੰਦਨਾ ਆਖਦੇ ਹਾਂ। ਗੁਰੂ ਨਾਨਕ ਪਾਤਸ਼ਾਹ ਜੀ ਨੇ ਉਸ ਦੀ ਅਧੀਨਤਾ ਨੂੰ ਦੇਖ ਕੇ ਅਤੇ ਸ਼ਰਧਾ ਤਕ ਕੇ ਉਸ ਦੇ ਬਜਰ ਕਪਾਟਾਂ ਨੂੰ ਖੋਲ੍ਹ ਦਿਤਾ। ਉਸ ਦੇ ਸੀਸ ਉਪਰ ਆਪਣਾ ਦਸਤੇ ਮੁਬਾਰਕ ਰੱਖ ਕੇ ਉਸ ਨੂੰ ਘਟ-ਘਟ ਵਿਚ ਵਾਹਿਗੁਰੂ ਦਾ ਪ੍ਰਕਾਸ਼ ਦਿਖਾ ਦਿਤਾ। ਅੰਦਰ ਵੀ ਤੇ ਬਾਹਰ ਵੀ ਇਕੋ ਵਾਹਿਗੁਰੂ ਦਾ ਅਨੁਭਵ ਕਰਾ ਦਿਤਾ। ਉਹ ਸਮਾਧੀ ਸਥਿਤ ਹੋ ਗਿਆ, ਬਹੁਤ ਚਿਰ ਸਮਾਧੀ ਸਥਿਤ ਹੋ ਕੇ ਅਕਹਿ ਰਸ ਮਾਣਦਾ ਰਿਹਾ। ਕੁਝ ਸਮੇਂ ਬਾਦ ਗੁਰੂ ਨਾਨਕ ਪਾਤਸ਼ਾਹ ਨੇ ਕਿਹਾ ਕਿ ਗੁਰਸਿੱਖਾ! ਹੁਣ ਤੂੰ ਆਪਣਾ ਕਾਰਜ ਕਰ। ਇਹ ਜੋ ਪ੍ਰਤੱਖ ਅਨੁਭਵ ਤੂੰ ਦੇਖਿਆ ਹੈ ਇਸ ਨੂੰ ਕਦੇ ਨਾ ਵਿਸਾਰੀਂ। ਉਸ ਦੇ ਰੋਮ-ਰੋਮ ਵਿਚ ਵਾਹਿਗੁਰੂ ਮੰਤਰ ਦੀ ਧੁਨ ਉਠ ਰਹੀ ਸੀ। ਉਸ ਦਾ ਅਨੁਭਵ ਪ੍ਰਤੱਖ ਰੂਪ ਵਿਚ ਪਰੀਪੂਰਨ ਜੋਤੀ ਨੂੰ ਅਖੰਡ ਦੇਖ ਰਿਹਾ ਸੀ।

***ਜਿਮੀ ਜਮਾਨ ਕੇ ਬਿਖੈ ਸਮਸਤ ਏਕ ਜੋਤ ਹੈ***
***ਨ ਘਾਟ ਹੈ ਨ ਬਾਢ ਹੈ ਨ ਬਾਢ ਘਾਟ ਹੋਤ ਹੈ॥***

***ਅਕਾਲ ਉਸਤਤਿ***

ਉਹ ਸ਼ਰਸ਼ਾਰ ਹੋ ਕੇ ਨਮਸ਼ਕਾਰਾਂ ਕਰਦਾ ਵਿਦਾ ਹੋਇਆ। ਭਾਈ ਮਰਦਾਨਾ ਇਸ ਸਾਰੇ ਕੌਤਕ ਨੂੰ ਵੇਖ ਰਿਹਾ ਸੀ। ਭਾਈ ਬਾਲਾ ਜੀ ਵੀ ਇਸ ਮਹਾਨ ਬਖਸ਼ਿਸ਼ ਨੂੰ ਅਨੁਭਵ ਕਰ ਰਿਹਾ ਸੀ। ਦੋਹਾਂ ਨੇ ਪੁਛਿਆ ਕਿ ਇਸ ਵਪਾਰੀ ਨੇ ਕਿਹੜਾ ਕਰਮ ਕੀਤਾ ਹੈ ਜਿਸ ਨੂੰ ਐਨੀ ਅਮੁੱਲੀ ਦਾਤ ਇਕ ਦਮ ਬਖਸ਼ ਦਿਤੀ। ਯੋਗੀਆਂ ਨੂੰ ਸਾਰੀ-ਸਾਰੀ ਉਮਰ ਕੰਦਰਾਂ ਵਿਚ ਯੋਗ ਸਾਧਨਾ ਕਰਿਆਂ ਵੀ ਪ੍ਰਾਪਤ ਨਹੀਂ ਹੁੰਦੀ। ਵੱਡੇ-ਵੱਡੇ ਸਾਧਕ ਇਸ ਅਵਸਥਾ ਨੂੰ ਪ੍ਰਾਪਤ ਕਰਨ ਲਈ ਤਰਸਦੇ ਹਨ ਪਰ ਇਸ ਵਪਾਰੀ ਨੇ ਕਿਹੜਾ ਕਰਮ ਕੀਤਾ ਹੈ ਜਿਸ ਕਰਕੇ ਆਪ ਦੀ ਇਤਨੀ ਮਹਾਨ ਦਇਆ ਦਾ ਪਾਤਰ ਬਣਿਆ? ਗੁਰੂ ਮਹਾਰਾਜ ਜੀ ਨੇ ਫੁਰਮਾਇਆ, "ਭਾਈ ਬਾਲਾ! ਇਸ ਨੇ ਪਿਛਲੇ ਜਨਮਾਂ ਵਿਚ ਐਤਨੀ ਮੁਸ਼ੱਕਤ ਘਾਲੀ ਹੈ ਕਿ ਇਹ ਪ੍ਰੇਮ ਅਵਸਥਾ ਦਾ ਅਧਿਕਾਰੀ ਹੋ ਚੁਕਿਆ ਸੀ। ਕੇਵਲ ਆਵਰਨ ਮਾਤਰ ਹੀ ਰਹਿ ਗਿਆ ਸੀ ਜੋ ਸਮਰੱਥ ਗੁਰੂ ਦੀ ਕ੍ਰਿਪਾ ਨਾਲ ਉਤਰ ਜਾਇਆ ਕਰਦਾ ਹੈ। ਜਿਵੇਂ ਕਿਸੇ ਦੀਆਂ ਅੱਖੀਆਂ ਦਾ ਮੋਤੀਆ ਬਿੰਦ, ਸੁਚੱਜਾ ਵੈਦ ਦੂਰ ਕਰ ਦਿਆ ਕਰਦਾ ਹੈ ਇਸ ਤਰ੍ਹਾਂ ਨਾਲ ਅਸੀਂ ਉਸ ਦੇ ਪਿਛਲੇ ਜਨਮਾਂ ਦੀ ਕੀਤੀ ਘਾਲ ਕਮਾਈ ਕਰਕੇ ਪ੍ਰਭੂ ਨਾਲ ਉਸ ਨੂੰ ਅਭੇਦ ਕਰ ਦਿਤਾ ਹੈ।"

ਵੱਡੇ ਭਾਗਾਂ ਵਾਲਾ ਸੀ ਉਹ ਵਪਾਰੀ ਜਿਸ ਦੇ ਉਪਰ ਗੁਰੂ ਨਾਨਕ ਦੀ ਨਦਰ ਹੋਈ। ਇਸੇ ਤਰ੍ਹਾਂ ਨਾਲ ਤਪ ਤਪਸਿਆ ਸਾਧਦੇ ਹੋਏ ਅਸਾਡੇ ਪ੍ਰੇਮ ਸਤਿਕਾਰਯੋਗ ਸਚਮੁਚ ਗੁਲਾਬ ਸਿੰਘ ਦਾ ਰੂਪ ਧਾਰਨ ਕਰਨ ਵਾਲੇ

ਗੁਲਾਬ 1923 ਅਗਸਤ ਵਿਚ ਰੇਰੂ ਸਾਹਿਬ ਪਹੁੰਚੇ। ਉਸ ਵੇਲੇ ਭੂਤ ਭਵਿਖਤ ਤੇ ਵਰਤਮਾਨ ਦੇ ਪ੍ਰਮ ਗਿਆਤਾ ਸੰਤ ਮਹਾਰਾਜ ਬਾਬਾ ਅਤਰ ਸਿੰਘ ਜੀ ਨੇ ਅਤਿ ਉਚੇ ਜੌਹਰੀ ਵਾਂਗੂ ਇਸ ਹੀਰੇ ਦੀ ਕਦਰ ਸਾਲਸਰਾਏ ਜੌਹਰੀ ਵਾਂਗੂ ਪਾਉਂਦਿਆਂ ਫੁਰਮਾਨ ਕੀਤਾ ਕਿ ਭਾਈ! ਅਸਾਡੇ ਪਾਸ ਗੁਰੂ ਦਸ਼ਮੇਸ਼ ਪਿਤਾ ਜੀ ਤੋਂ ਦਿਤੀ ਹੋਈ ਅਮਾਨਤ ਪਈ ਹੈ ਜੋ ਭਾਈ ਦਇਆ ਸਿੰਘ ਜੀ ਨੂੰ ਸਤਿਗੁਰੂ ਜੀ ਨੇ ਸੰਭਾਲੀ, ਉਨ੍ਹਾਂ ਤੋਂ ਬਾਬਾ ਸੋਭਾ ਸਿੰਘ ਜੀ ਨੂੰ, ਬਾਬਾ ਸਾਹਿਬ ਸਿੰਘ ਜੀ ਤੋਂ ਬਾਬਾ ਭਾਗ ਸਿੰਘ ਜੀ, ਬਾਬਾ ਬੀਰ ਸਿੰਘ ਜੀ, ਬਾਬਾ ਮਹਾਰਾਜ ਸਿੰਘ ਜੀ, ਅਤੇ ਸੰਤ ਰਾਮ ਸਿੰਘ ਜੀ ਅਤੇ ਮਹਾਨ ਪੁਰਸ਼ ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲਿਆਂ ਰਾਹੀਂ ਪ੍ਰਾਪਤ ਹੋਈ; ਤੇਰੇ ਲਈ ਸੁਰਖਸ਼ਤ ਪਈ ਹੈ। ਜੋ ਤੇਰੀ ਅਮਾਨਤ ਹੈ, ਤੈਨੂੰ ਸੌਂਪਣੀ ਹੈ। ਇਸ ਮਹਾਨ ਜੌਹਰੀ ਨੇ ਇਸ ਅਮੋਲਕ ਲਾਲ ਦੀ ਕਦਰ ਪਾਈ ਅਤੇ ਭਵਿੱਖ ਵਾਕ ਕਰ ਦਿਤੇ। ਅੰਮ੍ਰਿਤ ਛਕਾਇਆ ਗਿਆ, ਗੁਰੂ ਮਹਾਰਾਜ ਜੀ ਦਾ ਹੁਕਮ –

***ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ॥***

***ਪੰਨਾ – 611***

ਪ੍ਰਕਾਸ਼ਤ ਹੋਇਆ। 'ੲ' ਅੱਖਰ ਤੋਂ ਆਪ ਨੂੰ ਸਚਮੁੱਚ ਈਸ਼ਰ ਬਣਾ ਕੇ ਈਸ਼ਰ ਸਿੰਘ ਨਾਮ ਰੱਖ ਦਿਤਾ ਅਤੇ ਨਾਮ ਦੀਆਂ ਉਕਤੀਆਂ, ਯੁਕਤੀਆਂ ਪੂਰੀ ਤਰ੍ਹਾਂ ਨਾਲ ਸਮਝਾ ਦਿਤੀਆਂ। ਸਚਖੰਡ ਵਾਸੀ ਗਿਆਨੀ ਮੋਹਨ ਸਿੰਘ ਜੀ ਨੇ ਰੂਹਾਨੀ ਸੰਦੇਸ਼ ਵਿਚ ਇਸ ਸਮੇਂ ਦੀ ਵਾਰਤਾ ਦਾ ਜੋ ਵਿਸਥਾਰ ਪੰਨਾ 61 ਤੋਂ 65 ਤੱਕ ਦਿਤਾ ਹੈ, ਉਹ ਭੀ ਆਪ ਜੀ ਨਾਲ ਸਾਂਝਾ ਕਰਨ ਲਈ ਇਸੇ ਲੇਖ ਵਿਚ ਛਾਪਿਆ ਜਾ ਰਿਹਾ ਹੈ ਅਤੇ ਗਿਆਨੀ ਜੀ ਦਾ ਧੰਨਵਾਦ ਕੀਤਾ ਜਾਂਦਾ ਹੈ ਕਿ ਜਿਨ੍ਹਾਂ ਨੇ ਬਹੁਤ ਹੀ ਪ੍ਰੇਰਨਾਦਾਇਕ ਵਿਸਥਾਰ ਕੀਤਾ।

## ਪ੍ਰਮੇਸ਼ਰ ਦਾ ਨਾਮ

***ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨੁ ਜੁ ਏਕੁ॥***
***ਲਾਗਤ ਹੀ ਭੁਇ ਗਿਰਿ ਪਰਿਆ ਪਰਾ ਕਰੇਜੇ ਛੇਕੁ॥***

***ਪੰਨਾ – 1374***

ਸੰਤਾਂ ਨੇ ਉਤਮ ਅਧਿਕਾਰੀ ਜਾਣ ਕੇ ਉਪਦੇਸ਼ ਦਿਤਾ ਕਿ ਮਨ ਰੂਪੀ ਲੋਹਾ ਵਾਸ਼ਨਾ ਰੂਪ ਰੇਤੀ ਦਾ ਰੇਤਿਆ, ਮਾਇਆ ਰੂਪ ਰੇਤ ਵਿਚ ਰਲਿਆ ਹੈ। ਇਸ ਨੂੰ ਇਕੱਠਾ ਕਰਨ ਵਾਸਤੇ ਗੁਰ ਸ਼ਬਦ ਚੁੰਬਕ ਪੱਥਰ ਹੈ। ਨਾਮ ਤੋਂ ਬਗੈਰ ਮਨ ਦੀ ਇਕਾਗਰਤਾ ਨਹੀਂ ਹੁੰਦੀ। ਸ਼ੁਧੀ ਦੇਣ ਵਾਲਾ ਕੇਵਲ ਪ੍ਰਮੇਸ਼ਰ ਦਾ ਨਾਮ ਹੀ ਹੈ।

ਉਸ ਸਮੇਂ (ਸੰਤ) ਈਸ਼ਰ ਸਿੰਘ ਜੀ ਨੇ ਬੇਨਤੀ ਕੀਤੀ, ਗਰੀਬ ਨਿਵਾਜ! ਨਾਮ ਦਾ ਸਰੂਪ ਕੀ ਹੈ? ਬਾਬਾ ਜੀ ਕਹਿਣ ਲੱਗੇ – 1. ਨਾਮ ਦਾ ਸਰੂਪ, 2. ਨਾਮ ਦਾ ਕਾਰਣ 3. ਨਾਮ ਦਾ ਅਭਿਆਸ 4. ਨਾਮ ਦੀ ਅਉਧੀ 5. ਨਾਮ ਦਾ ਫਲ। ਇਹ ਪੰਜੇ ਹੀ ਭਿੰਨ-ਭਿੰਨ ਹਨ, ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ –

1. ਨਾਮ ਦਾ ਸਰੂਪ – ਨਾਮ ਦੋ ਪ੍ਰਕਾਰ ਦਾ ਹੈ – ਵਰਨ ਆਤਮਕ ਅਤੇ ਧੁਨ ਆਤਮਕ। ਅੱਖਾਂ ਨੂੰ ਪਵਿੱਤਰ ਕਰਨ ਵਾਸਤੇ ਵਰਨ ਆਤਮਕ

ਨਾਮ ਹੈ, ਜੋ ਅੱਖਰਾਂ ਨਾਲ ਜਪੀਦਾ ਹੈ (ਅਕਾਰ ਮਕਾਰ) ਅਖਰੀ ਨਾਮੁ ਅਖਰੀ ਸਾਲਾਹ॥ (ਪੰਨਾ – 4)

ਵਾਹਿਗੁਰੂ, ਸਤਿਨਾਮੁ, ਰਾਮ ਇਤਿਆਦਿਕ।

ਕੰਨਾਂ ਦੀ ਪਵਿੱਤਰਤਾ ਧੁਨ ਆਤਮਕ ਨਾਮ ਨਾਲ ਹੁੰਦੀ ਹੈ। ਭਾਵ ਕੰਨਾਂ ਦੁਆਰਾ ਨਾਮ ਦੀ ਧੁਨੀ ਨੂੰ ਸੁਣਨਾ, ਜਿਵੇਂ ਰਾਧਾ ਸੁਆਮੀ ਮਤ ਵਾਲੇ ਮਹਾਂਪੁਰਸ਼ ਵਾਜਿਆਂ ਦੀ ਧੁਨੀ ਦੇ ਸੁਣਨ ਦਾ ਉਪਦੇਸ਼ ਕਰਦੇ ਹਨ।

***ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ***
***ਗੁਰਮੁਖਿ ਅਕਥ ਕਹਾਨੀ॥ ਪੰਨਾ – 879***

ਮੋਖ ਪੰਥ ਪ੍ਰਕਾਸ਼ ਵਿਚ ਨਾਮ ਦਾ ਵਾਚਕ ਅਖੰਡ ਤਤ ਬੋਧ (ਗਿਆਨ) ਕਥਨ ਕੀਤਾ ਹੈ। ਪਤੰਜਲ ਨੇ ਨਾਮ ਨੂੰ ਗਿਆਨ ਸਰੂਪ ਮੰਨਿਆਂ ਹੈ। ਅਰਥਾਤ ਬੁੱਧੀ ਨੂੰ ਨਿਰਮਲ ਕਰਨ ਵਾਲਾ ਮੰਨਦੇ ਹਨ।

2. ਨਾਮ ਦਾ ਕਾਰਣ – ਨਾਮ ਦਾ ਕਾਰਣ ਭੈ ਹੈ। ਜਮਾਂ ਦਾ, ਨਰਕਾਂ ਦਾ, ਚੌਰਾਸੀ ਦੇ ਚੱਕਰਾਂ ਦਾ, ਮਾਤਾ ਦੇ ਗਰਭ ਵਿਚ ਆਉਣ ਦੇ ਦੁੱਖਾਂ ਦਾ ਭੈ ਧਾਰਨ ਕਰੇ ਤਾਂ ਅੰਦਰ ਨਾਮ ਵਸਦਾ ਹੈ। ਭੈ ਸੱਤ ਪ੍ਰਕਾਰ ਦਾ ਮੰਨਦੇ ਹਨ, ਜਿਸ ਦੇ ਅੰਤਰਗਤ ਦੁਨੀਆਂ ਦੇ ਸਾਰੇ ਹੀ ਭੈ ਆ ਜਾਂਦੇ ਹਨ।

***ਯਹ ਭੈ, ਭੈ, ਪ੍ਰਲੋਕ ਭੈ, ਜਨਮ ਵੇਦਨਾ ਜਾਤ।***
***ਅਨ ਰਖਿਆ ਅਰ ਗੁਪਤ ਭੈ, ਅਕਸ ਮਾਤ੍ਰ ਭੈ ਸਾਤ।***

ਯਹ ਭੈ – ਏਸ ਲੋਕ ਵਿਚ ਅਨੇਕ ਪ੍ਰਕਾਰ ਦਾ ਭੈ – ਚੂਹੇ ਨੂੰ ਬਿੱਲੀ ਦਾ ਭੈ, ਬਿੱਲੀ ਨੂੰ ਕੁੱਤੇ ਦਾ ਭੈ, ਸੱਪ, ਸ਼ੇਰ ਦੁਸ਼ਮਣ ਦਾ ਭੈ, ਇਸ ਤਰ੍ਹਾਂ ਸਾਰਾ ਹੀ ਸੰਸਾਰ ਭੈ ਵਿਚ ਹੈ।

***ਡਰਪੈ ਧਰਤਿ ਅਕਾਸੁ ਨਖੵਤ੍ਰਾ ਸਿਰ ਊਪਰਿ ਅਮਰੁ ਕਰਾਰਾ॥***
***ਪਉਣੁ ਪਾਣੀ ਬੈਸੰਤਰੁ ਡਰਪੈ ਡਰਪੈ ਇੰਦ੍ਰੁ ਬਿਚਾਰਾ॥ ਪੰਨਾ – 998***

***ਸਗਲ ਸਮਗ੍ਰੀ ਡਰਹਿ ਬਿਆਪੀ ਬਿਨੁ ਡਰ ਕਰਣੈ ਹਾਰਾ॥***
***ਪੰਨਾ – 999***

ਪ੍ਰਲੋਕ ਦੇ ਦੁਖਾਂ ਦਾ ਭੈ – ਜਨਮ ਦੇ ਸਮੇਂ ਦੀ ਪੀੜਾ ਦਾ ਭੈ, ਉਚ ਜਾਤੀ ਦੇ ਨਿਰਾਦਰਪੁਣੇ ਦਾ ਭੈ। ਅਨ ਰੱਖਿਆ– ਮਾਤਾ ਦੇ ਗਰਭ ਦੇ ਭਿਆਨਕ ਕਸ਼ਟ ਦਾ ਭੈ, ਜਿਥੇ ਕੋਈ ਵੀ ਰਖਿਅਕ ਨਹੀਂ। ਗੁਪਤ – ਅੰਦਰੋਂ ਕਿਸੇ ਚੀਜ਼ ਦਾ ਭੈ ਲਗਣਾ। ਅਚਾਨਕ ਹੀ ਬਾਹਰੋਂ ਡਰ ਆ ਵਾਪਰਨਾ।

***ਭੈ ਪਾਇਐ ਮਨੁ ਵਸਿ ਹੋਆ ਹਉਮੈ ਸਬਦਿ ਜਲਾਇ॥***
***ਪੰਨਾ – 645***

3. ਨਾਮ ਦਾ ਅਭਿਆਸ – ਪਹਿਲਾਂ ਰਸਨਾ ਦੁਆਰਾ ਨਾਮ ਨੂੰ ਜਪਣਾ, ਫੇਰ ਸ੍ਵਾਸਾਂ ਨਾਲ ਸਿਮਰਨ ਕਰਨਾ। ਅਰਥਾਤ ਆਉਂਦੇ ਜਾਂਦੇ ਸ੍ਵਾਸ ਦੁਆਰਾ ਅੰਦਰ ਸਿਮਰਨ ਦੀ ਰੌਂ ਜਾਰੀ ਰਹਿਣੀ।

***ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ॥***
***ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ॥*** ***ਪੰਨਾ – 319***

***ਜਿਨਾ ਸਾਸਿ ਗਿਰਾਸਿ ਨ ਵਿਸਰੈ ਸੇ ਪੂਰੇ ਪੁਰਖ ਪਰਧਾਨ॥***
***ਪੰਨਾ – 313***

***ਜਿਨਾ ਸਾਸਿ ਗਿਰਾਸਿ ਨ ਵਿਸਰੈ ਸੇ ਹਰਿ ਜਨ ਪੂਰੇ ਸਹੀ ਜਾਣਿ॥***
***ਪੰਨਾ – 651***

ਉਪਰੰਤ ਆਪਣੇ ਆਪ ਸੁਰਤੀ ਨਾਲ ਹੋਈ ਜਾਣਾ –

***ਅਜਪਾ ਜਾਪੁ ਨ ਵੀਸਰੈ ਆਦਿ ਜੁਗਾਦਿ ਸਮਾਇ॥*** ***ਪੰਨਾ – 1291***

ਭਾਵ ਫੁਰਨੇ ਨਾਲ ਆਪਣੇ ਆਪ ਹੀ ਹੋਈ ਜਾਂਦਾ ਹੈ। ਫੇਰ ਇਉਂ ਪ੍ਰਗਟ ਹੋ ਜਾਂਦਾ ਹੈ ਜਿਵੇਂ ਚਸ਼ਮੇਂ 'ਚੋਂ ਬਾਹਰ ਜਲ ਆਉਂਦਾ ਹੈ। ਜਿਤਨੇ ਸਰੀਰ ਦੇ ਰੋਮ ਹਨ, ਇਹ ਜ਼ਬਾਨਾਂ ਬਣ ਜਾਂਦੀਆਂ ਹਨ। ਸਾਰਿਆਂ ਰੋਮਾਂ 'ਚੋਂ ਨਾਮ ਦੀ ਆਵਾਜ਼ ਆਉਣ ਲਗ ਜਾਂਦੀ ਹੈ।

***ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ॥*** ***ਪੰਨਾ – 941***

4. ਨਾਮ ਦੀ ਅਉਧੀ – ਜਿਤਨੇ ਵੀ ਜੰਗਲ ਦੇ ਜਾਨਵਰ, ਪਸ਼ੂ ਤੇ ਪੰਛੀ ਹਨ, ਧਰਤੀ ਤੇ ਅਕਾਸ਼ ਪੰਜੇ ਤੱਤਾਂ ਸਮੇਤ ਇਹ ਸਾਰੇ ਹੀ ਨਾਮ ਜਪਦੇ ਜਾਪਣੇ।

***ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ***
***ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ॥*** ***ਪੰਨਾ – 1265***

***ਫਰੀਦਾ ਹਉ ਬਲਿਹਾਰੀ ਤਿਨ ਪੰਖੀਆ ਜੰਗਲਿ ਜਿੰਨਾ ਵਾਸੁ॥***
***ਕਕਰੁ ਚੁਗਨਿ ਥਲਿ ਵਸਨਿ ਰਬ ਨ ਛੋਡਨਿ ਪਾਸੁ॥***
***ਪੰਨਾ – 1383***

***ਧਰਤਿ ਪਾਤਾਲੁ ਆਕਾਸੁ ਹੈ ਮੇਰੀ ਜਿੰਦੁੜੀਏ***
***ਸਭ ਹਰਿ ਹਰਿ ਨਾਮੁ ਧਿਆਵੈ ਰਾਮ॥*** ***ਪੰਨਾ – 540***

5. ਨਾਮ ਦਾ ਫਲ – ਨਾਮ ਨੂੰ ਜਪਣ ਵਾਲੇ ਨਾਮੀ ਦਾ ਹੀ ਰੂਪ ਬਣ ਜਾਂਦੇ ਹਨ।

***ਜਿਨ ਹਰਿ ਜਪਿਆ ਸੇ ਹਰਿ ਹੋਏ***
***ਹਰਿ ਮਿਲਿਆ ਕੇਲ ਕੇਲਾਲੀ॥*** ***ਪੰਨਾ – 667***

***ਹਰਿ ਹਰਿ ਜਨ ਦੁਇ ਏਕ ਹੈ ਬਿਬ ਬਿਚਾਰ ਕਿਛੁ ਨਾਹਿ॥***
***ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ।।*** ***ਪੰਨਾ – 273***

***ਨਾਨਕ ਸਾਧ ਪ੍ਰਭ ਭੇਦੁ ਨ ਭਾਈ॥*** ***ਪੰਨਾ – 272***

***ਸੰਤਾ ਕਉ ਮਤਿ ਕੋਈ ਨਿੰਦਹੁ ਸੰਤ ਰਾਮੁ ਹੈ ਏਕੋ॥*** ***ਪੰਨਾ – 793***

ਇਹ ਭਗਤੀ ਦੀ ਆਖਰੀ ਸਟੇਜ ਹੈ। ਏਥੇ ਆ ਕੇ ਭਗਤੀ ਸਮਾਪਤ ਹੋ ਜਾਂਦੀ ਹੈ। ਦੋ ਤੋਂ ਭਗਤੀ ਸ਼ੁਰੂ ਹੁੰਦੀ ਹੈ– ਸਿੱਖ ਤੇ ਗੁਰੂ, ਈਸ਼ਵਰ ਤੇ

ਭਗਤ। ਇਕ ਤੇ ਆ ਕੇ ਸੰਪੂਰਨ ਹੋ ਜਾਂਦੀ ਹੈ। ਸਿੱਖ ਗੁਰੂ ਦਾ ਅਤੇ ਭਗਤ ਈਸ਼ਵਰ ਦਾ ਰੂਪ ਬਣ ਜਾਂਦਾ ਹੈ।

***ਗੁਰ ਚੇਲੇ ਕੀ ਸੰਧ ਮਿਲਾਈ।***

ਫੇਰ ਗਿਆਨਵਾਨ, ਜੀਵਨ ਮੁਕਤੀ ਦਾ ਅਨੰਦ ਮਾਣਦਾ ਹੈ।

## ਸ਼ੰਕਾ ਅਤੇ ਉਸ ਦਾ ਉਤਰ

ਕਈ ਕੁ ਸੱਜਣਾਂ ਦਾ ਖਿਆਲ ਹੈ ਕਿ ਜਦੋਂ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਛਕਣ ਸਮੇਂ ਨਾਮ ਦੀ ਦਾਤ ਪ੍ਰਾਪਤ ਹੋ ਗਈ। ਨਿਗੁਰੇਪਨ ਦਾ ਦੋਸ਼ ਦੂਰ ਕਰਕੇ ਉਹ ਗੁਰੂ ਵਾਲੇ ਤਾਂ ਬਣ ਗਏ ਫੇਰ ਕਿਸੇ ਮਹਾਂਪੁਰਸ਼ ਤੋਂ ਵੱਖਰਾ ਨਾਮ ਲੈਣਾ ਜਾਂ ਉਸ ਦੀ ਸੰਗਤ ਤੇ ਸੇਵਾ ਕਰਨੀ ਇਹ ਜ਼ਰੂਰੀ ਹੈ ਕਿ ਨਹੀਂ? ਅਤੇ ਉਹ ਨਾਮ (ਜੋ ਅਧਿਕਾਰੀ ਜਾਣ ਕੇ ਇਕੱਲੇ ਸੱਜਣ ਨੂੰ ਦਿੰਦੇ ਹਨ) ਪੰਜਾਂ ਪਿਆਰਿਆਂ ਵਾਲਾ ਹੀ ਹੈ ਜਾਂ ਕੋਈ ਹੋਰ ਵੱਖਰਾ ਹੈ?

ਗੁਰਮਤਿ ਵਿਚ ਨਾਮ ਇਕੋ ਹੀ ਹੈ (ਅੰਮ੍ਰਿਤ ਵੀ ਇਕੋ ਹੈ)

***ਨਾਨਕ ਅੰਮ੍ਰਿਤੁ ਏਕੁ ਹੈ ਦੂਜਾ ਅੰਮ੍ਰਿਤੁ ਨਾਹਿ॥***
***ਨਾਨਕ ਅੰਮ੍ਰਿਤੁ ਮਨੈ ਮਾਹਿ ਪਾਈਐ ਗੁਰ ਪਰਸਾਦਿ॥***

***ਪੰਨਾ - 1238***

ਪਰ ਉਸ ਦੇ ਜਪਣ ਦੇ ਢੰਗ ਤੇ ਉਕਤੀਆਂ ਜੁਗਤੀਆਂ ਅਧਿਕਾਰੀ ਅਨੁਸਾਰ ਵੱਖੋ-ਵੱਖ ਹਨ, ਜੋ ਕਿਸੇ ਨਾਮ ਰਸੀਏ ਮਹਾਂਪੁਰਸ਼ ਪਾਸੋਂ ਹੀ ਮਿਲਦੀਆਂ ਹਨ। ਜਿਵੇਂ ਡਾਕਟਰ ਦੀ ਦੁਕਾਨ ਵਿਚ ਬੇਅੰਤ ਦਵਾਈਆਂ ਪਈਆਂ ਹਨ ਪਰ ਮਰੀਜ਼ ਨੂੰ ਤਾਂ ਪਤਾ ਨਹੀਂ ਕਿ ਇਨ੍ਹਾਂ ਵਿਚੋਂ ਮੇਰੇ ਰੋਗ ਦੀ ਕਿਹੜੀ ਦਵਾਈ ਹੈ। ਇਹ ਤਾਂ ਸਿਰਫ ਉਸ ਦੇ ਰੋਗ ਮੁਤਾਬਿਕ ਡਾਕਟਰ ਹੀ ਦਸ ਸਕਦਾ ਹੈ।

***ਰੋਗੁ ਦਾਰੂ ਦੋਵੈ ਬੁਝੈ ਤਾ ਵੈਦੁ ਸੁਜਾਣੁ॥*** ***ਪੰਨਾ - 148***

ਜੇਕਰ ਕੋਈ ਸੱਜਣ ਪੰਜਾਂ ਪਿਆਰਿਆਂ ਵਿਚੋਂ ਹੀ ਨਾਮ ਰਸੀਆ ਤੇ ਪੂਰਨ ਅਭਿਆਸੀ ਹੈ, ਜੋ ਜਗਿਆਸੂ ਨੂੰ ਉਸ ਦੇ ਪ੍ਰਸ਼ਨ ਦਾ ਉਤਰ ਦੇ ਕੇ ਸ਼ੰਕੇ ਨਵਿਰਤ ਕਰਕੇ ਬ੍ਰਹਮ ਗਿਆਨ ਦੀ ਦਾਤ ਬਖਸ਼ ਕੇ ਸੰਤੁਸ਼ਟ ਕਰ ਸਕੇ ਫੇਰ ਕੋਈ ਜ਼ਰੂਰੀ ਨਹੀਂ ਕਿ ਕਿਸੇ ਹੋਰ ਮਹਾਂਪੁਰਸ਼ ਦੀ ਸੰਗਤ ਕਰੇ ਜਾਂ ਉਸ ਤੋਂ ਨਾਮ ਜਾਪ ਦੀ ਜੁਗਤੀ ਪੁਛੇ। ਪਰ ਜੇਕਰ ਪੰਜ ਪਿਆਰੇ ਕੇਵਲ ਬਾਹਜ ਕਕਾਰਾਂ ਦੀ ਗਿਣਤੀ ਵਾਲੇ ਹੀ ਹਨ, ਉਹ ਵੀ ਗੁਰੂ ਦੀ ਹਜ਼ੂਰੀ ਵਿਚ ਸਤਿਕਾਰ ਯੋਗ ਤੇ ਗੁਰੂ ਸਰੂਪ ਹਨ। ਉਨ੍ਹਾਂ ਦੀ ਬਾਹਰਲੀ ਕ੍ਰਿਆ ਤੱਕ ਕੇ ਕਿਸੇ ਪ੍ਰਕਾਰ ਦੀ ਤਰਕ ਨਹੀਂ ਕਰਨੀ। ਪੂਰਨ ਨਿਸਚਾ ਰੱਖਣਾ ਹੈ ਕਿ ਐਸ ਵੇਲੇ ਮੈਂ ਕਲਗੀਆਂ ਵਾਲੇ ਪਾਤਸ਼ਾਹ ਦੇ ਹੱਥੋਂ ਹੀ ਅੰਮ੍ਰਿਤ ਪਾਨ ਕਰ ਰਿਹਾ ਹਾਂ। ਮਰਯਾਦਾ ਪ੍ਰਸ਼ੋਤਮ ਮਹਾਂਪੁਰਸ਼ ਪਹਿਲਾਂ ਅੰਮ੍ਰਿਤ ਪਾਨ ਕਰਵਾ ਕੇ ਅਧਿਕਾਰੀ ਗੁਰਮੁਖ ਨੂੰ ਬਾਅਦ ਵਿਚ ਨਾਮ ਜਪਣ ਦੀ ਜੁਗਤੀ ਦਸਦੇ ਹਨ। ਗੁਰਮੰਤ੍ਰ ਤੇ ਮੂਲਮੰਤ੍ਰ ਉਹ ਪੰਜਾਂ ਪਿਆਰਿਆਂ ਵਾਲਾ ਹੀ ਹੈ ਜੋ ਪਰੰਪਰਾ ਤੋਂ ਚਲਿਆ ਆਉਂਦਾ ਹੈ। ਪਰ ਉਸ ਦੇ ਅਭਿਆਸ ਕਰਨ ਦੀ ਜੁਗਤੀ, ਮਨ ਦੇ ਰੋਕਣ

ਦਾ ਢੰਗ, ਫੁਰਨਿਆਂ ਤੇ ਕਾਬੂ ਪਾਉਣ ਦਾ ਤਰੀਕਾ ਤਾਂ ਕਿਸੇ ਅਭਿਆਸੀ ਗੁਰਮੁਖ ਸੰਤ ਪੁਰਸ਼ ਦੀ ਸੰਗਤ ਦੁਆਰਾ ਹੀ ਮਿਲ ਸਕਦਾ ਹੈ। ਸੋ ਇਹ ਸ਼ੰਕਾ ਨਹੀਂ ਬਣ ਸਕਦੀ ਕਿ ਅੰਮ੍ਰਿਤ ਛਕਣ ਤੋਂ ਬਾਅਦ ਨਾਮ ਜਪਣ ਦਾ ਤਰੀਕਾ ਕਿਉਂ ਪੁਛਿਆ ਜਾਂਦਾ ਹੈ। ਅੰਮ੍ਰਿਤ ਤਾਂ ਬਹੁਤ ਸਾਰੇ ਛਕ ਲੈਂਦੇ ਹਨ ਪਰ ਜੋ ਗੁਰਮੁਖ ਜਨ ਕਿਸੇ ਸਤਿ ਪੁਰਸ਼ ਦੀ ਸੰਗਤ ਦੁਆਰਾ ਗੁਰ ਸ਼ਬਦ ਦੀ ਕਮਾਈ ਕਰਦੇ ਹਨ ਉਨ੍ਹਾਂ ਦੇ ਦਰਸ਼ਨਾਂ ਵਾਸਤੇ ਦੁਨੀਆਂ ਕਿਉਂ ਉਤਾਵਲੀ ਹੋ ਕੇ ਰਸਤਿਆਂ ਵਲ ਤਕਦੀ ਹੈ? ਇਸ ਦਾ ਕਾਰਣ ਇਹ ਹੈ ਕਿ - ਉਨ੍ਹਾਂ ਨੇ ਸ਼ਬਦ ਸੁਰਤ ਦੇ ਮੇਲ ਦੁਆਰਾ ਨਾਮ ਦੀ ਕਮਾਈ ਕੀਤੀ ਹੈ। ਇਸੇ ਕਰਕੇ ਉਹ ਦੁਨੀਆਂ ਉਤੇ ਸੂਰਜ ਵਾਂਗ ਚਮਕਦੇ ਹਨ।

ਗੁਰੂ ਨਾਨਕ ਦੇਵ ਜੀ ਮਹਾਰਾਜ ਤੋਂ ਲੈ ਕੇ ਸਾਰੇ ਸਤਿਗੁਰਾਂ ਦੇ ਸਮੇਂ ਗੁਰਮੁਖ ਜਨ ਬਾਬਾ ਬੁੱਢਾ ਜੀ ਜੈਸੇ ਬ੍ਰਹਮਗਿਆਨੀ ਅੱਗੇ ਗੁਰਮਤਿ ਦਾ ਪ੍ਰਚਾਰ ਕਰਦੇ ਤੇ ਨਾਮ ਜਪਾਉਂਦੇ ਸਨ। ਗੁਰੂ ਨਾਨਕ ਦੇਵ ਜੀ ਨੇ ਸ਼ਿਵਨਾਭ ਰਾਜੇ ਤੇ ਸਾਲਸਰਾਇ ਜੌਹਰੀ ਵਰਗੇ ਗੁਰਮੁਖ ਪਦਵੀ ਦੇ ਮਾਲਕ ਬਣਾਏ। ਤੀਸਰੇ ਪਾਤਸ਼ਾਹ ਜੀ ਨੇ ਨਾਮ ਜਪਾਉਣ ਵਾਸਤੇ ਗੁਰਮੁਖ ਪਦਵੀ ਦੀਆਂ ਬਾਈ ਮੰਜੀਆਂ ਗੁਰਸਿਖਾਂ ਨੂੰ ਅਤੇ 72 ਪੀਹੜੇ ਮਾਈਆਂ ਨੂੰ ਬਖਸ਼ੇ।

ਚੌਥੇ ਪਾਤਸ਼ਾਹ ਜੀ ਨੇ ਭਾਈ ਗੁਰਦਾਸ ਜੀ ਦੀ ਡਿਊਟੀ ਆਗਰੇ ਦੀ ਸੰਗਤ ਨੂੰ ਉਪਦੇਸ਼ ਕਰਨ ਵਾਸਤੇ ਲਾਈ। ਪੰਜਵੇਂ ਪਾਤਸ਼ਾਹ ਜੀ ਨੇ ਮਾਧੋ ਦਾਸ ਸੋਢੀ ਨੂੰ ਕਸ਼ਮੀਰ ਭੇਜਿਆ। ਛੇਵੇਂ ਪਾਤਸ਼ਾਹ ਜੀ ਦੇ ਸਮੇਂ ਭਾਈ ਗੜ੍ਹੀਆ ਜੀ ਗੁਜਰਾਤ ਵਲ ਗਏ। ਸਤਵੇਂ ਪਾਤਸ਼ਾਹ ਜੀ ਦੇ ਹੁਕਮ ਨਾਲ ਭਾਈ ਗੋਂਦਾ ਕਾਬਲ ਪੁਜਾ ਜਿਸ ਨੇ ਆਪਣੇ ਧਿਆਨ ਨਾਲ ਹਜ਼ੂਰ ਦੇ ਚਰਨਾਂ ਨੂੰ ਜੱਫਾ ਪਾ ਕੇ ਚਾਰ ਪਹਿਰ ਸਿੰਘਾਸਨ ਤੇ ਬਿਠਾਈ ਰੱਖਿਆ। ਇਸੇ ਤਰ੍ਹਾਂ ਨੌਵੇਂ ਪਾਤਸ਼ਾਹ ਜੀ ਨੇ ਭਾਈ ਮੇਹੇਂ ਦੀ ਘਾਲ ਤੇ ਪ੍ਰਸੰਨ ਹੋ ਕੇ ਉਸ ਨੂੰ ਮੰਜੀ ਦਿਤੀ। ਦਸਵੇਂ ਪਾਤਸ਼ਾਹ ਜੀ ਨੇ ਅੰਮ੍ਰਿਤ ਦੀ ਦਾਤ ਬਖਸ਼ ਕੇ ਆਪਣੀ ਮੌਜੂਦਗੀ ਵਿਚ ਪੰਜਾਂ ਪਿਆਰਿਆਂ ਦੀ ਡਿਊਟੀ ਨਾਮ ਜਪਾਉਣ ਤੇ ਅੰਮ੍ਰਿਤ ਛਕਾਉਣ ਤੇ ਲਾਈ।

ਇਉਂ ਗੁਰ-ਇਤਿਹਾਸ ਵਿਚ ਬੇਅੰਤ ਉਦਾਹਰਣ ਮਿਲਦੇ ਹਨ। ਦਸ਼ਮੇਸ਼ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਤਾਂ ਗੁਰਮੁਖਾਂ ਮਹਾਂਪੁਰਸ਼ਾਂ ਦੀ ਸੰਗਤ ਦੁਆਰਾ ਹੀ ਪ੍ਰੇਮੀ ਜਗਿਆਸੂਆਂ ਨੇ ਉਚ ਪਦਵੀਆਂ ਪ੍ਰਾਪਤ ਕੀਤੀਆਂ। ਜਿਵੇਂ ਪੰਜਾਂ ਪਿਆਰਿਆਂ ਦੀਆਂ ਅਤੇ ਭਾਈ ਘਨਈਆ ਜੀ ਜੈਸੇ ਸਤਿਪੁਰਸ਼ਾਂ ਦੀਆਂ ਅੱਗੇ ਸੰਪਰਦਾਵਾਂ ਚਲਦੀਆਂ ਹਨ।

ਨੋਟ - ਬ੍ਰਹਮਗਿਆਨੀ ਗੁਰਮੁਖ ਮਹਾਂਪੁਰਸ਼ ਨੂੰ ਹੀ ਅੱਗੇ ਨਾਮ ਜਪਾਉਣ ਦਾ ਅਧਿਕਾਰ ਹੈ, ਹਰੇਕ ਨੂੰ ਨਹੀਂ।

***ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ***
***ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥*** *ਪੰਨਾ - 306*

1. ਰਸਨਾ ਦੁਆਰਾ ਨਾਮ ਜਪਣਾ।

2. ਆਉਂਦੇ ਜਾਂਦੇ ਸ੍ਵਾਸ ਨਾਲ ਅਭਿਆਸ ਕਰਨਾ। ਇਥੇ ਪੁੱਜ ਕੇ ਤਾਂ ਰਸਨਾ ਵੀ ਨਹੀਂ ਹਿਲਦੀ।

***ਬਿਨੁ ਜਿਹਬਾ ਜੋ ਜਪੈ ਹਿਆਇ॥ ਕੋਈ ਜਾਣੈ ਕੈਸਾ ਨਾਉ॥***

***ਪੰਨਾ – 1256***

ਫੇਰ ਅੱਗੇ ਜਾ ਕੇ ਤਾਂ ਸ੍ਵਾਸਾਂ ਦੀ ਹਰਕਤ ਵੀ ਮੱਧਮ ਪੈ ਜਾਂਦੀ ਹੈ। ਉਥੇ ਤਾਂ ਕੇਵਲ ਸੁਰਤ ਹੀ ਕੰਮ ਕਰਦੀ ਹੈ।

3. ਸੁਰਤੀ ਨਾਲ ਸਿਮਰਨ ਦਾ ਹੋਣਾ।

4. ਇਸ ਤੋਂ ਅੱਗੇ ਤ੍ਰਿਕੁਟੀ ਤੋਂ ਉਪਰ ਜਾ ਕੇ ਕੁਝ ਕਰਨਾ ਵੀ ਨਹੀਂ ਪੈਂਦਾ। ਸਗੋਂ ਚਸ਼ਮੇ 'ਚੋਂ ਜਲ ਵਗਣ ਦੀ ਤਰ੍ਹਾਂ ਆਪਣੇ ਆਪ ਹੋਈ ਜਾਂਦਾ ਹੈ। ਕੇਵਲ ਖਿਆਲ ਦੇ ਰੋਕਣ ਨਾਲ ਸੁਣਨ ਦੀ ਲੋੜ ਹੈ।

5. ਇਸ ਤੋਂ ਅੱਗੇ ਜਾ ਕੇ ਸਰੀਰ ਦੇ ਜਿਤਨੇ ਰੋਮ ਹਨ ਉਨ੍ਹਾਂ ਸਾਰਿਆਂ 'ਚੋਂ ਗੁਰ ਸ਼ਬਦ ਦੀ ਅਵਾਜ਼ ਸੁਣਾਈ ਦਿੰਦੀ ਹੈ।

6. ਫੇਰ ਸਾਰੇ ਤੱਤਾਂ 'ਚੋਂ ਨਾਮ ਦੀ ਧੁਨੀ ਆਉਣ ਲਗ ਜਾਂਦੀ ਹੈ।

ਨੋਟ – ਕਈ ਮਹਾਂਪੁਰਸ਼ ਪਰਾ, ਪਸੰਤੀ, ਮਧਮਾ ਤੇ ਬੈਖਰੀ ਬਾਣੀ ਦੁਆਰਾ, ਅਭਿਆਸ ਕਰਾਉਂਦੇ ਹੋਏ ਸੁਰਤ ਨੂੰ ਨਾਭੀ ਜਾਂ ਹਿਰਦੇ ਵਿਚ ਟਿਕਾਉਣਾ ਦਸਦੇ ਹਨ ਅਤੇ ਕਈ ਉਪਰ ਤ੍ਰਿਕੁਟੀ ਜਾਂ ਦਸਵੇਂ ਦੁਆਰ ਵਿਚ ਸੁਰਤ ਨੂੰ ਲਿਜਾਣ ਦਾ ਉਪਦੇਸ਼ ਕਰਦੇ ਹਨ।

ਇਹ ਨਾਮ ਜਪਣ ਦੀਆਂ ਜੋ ਜੁਗਤੀਆਂ ਹਨ ਉਹ ਮਹਾਂਪੁਰਸ਼ਾਂ ਪਾਸੋਂ ਹੀ ਮਿਲ ਸਕਦੀਆਂ ਹਨ। ਹਾਂ! ਜੋ ਵਿਅਕਤੀ ਅੰਮ੍ਰਿਤ ਛਕਣ ਸਮੇਂ ਪੰਜਾਂ ਪਿਆਰਿਆਂ ਵਲੋਂ ਪ੍ਰਾਪਤ ਹੋਏ ਗੁਰ-ਮੰਤਰ ਤੋਂ ਮੋੜ ਕੇ ਆਪਣਾ ਕੋਈ ਵਖਰਾ ਜਾਪ ਦਸਦਾ ਹੈ ਉਸ ਦੀ ਸੰਗਤ ਕਰਨੀ ਠੀਕ ਨਹੀਂ।

ਗਿਆਨੀ ਮੋਹਨ ਸਿੰਘ ਜੀ ਅਜ਼ਾਦ ਨੇ ਜੋ ਅਨਾਦੀ ਬੰਸਾਵਲੀ ਆਪਣੀ ਪੁਸਤਕ ਵਿਚ ਦਿਤੀ ਹੈ ਉਹ ਵੀ ਇਸ ਲੇਖ ਵਿਚ ਛਾਪਣੀ ਕੁਥਾਂਹ ਨਹੀਂ ਹੋਵੇਗੀ ਜੋ ਉਨ੍ਹਾਂ ਦੇ 'ਰੂਹਾਨੀ ਸੰਦੇਸ਼' ਦੇ ਪੰਨਾ 67 ਉਤੇ ਛਪੀ ਹੈ। ਗਿਆਨੀ ਮੋਹਨ ਸਿੰਘ ਜੀ ਅਜ਼ਾਦ ਦੀਆਂ ਲਿਖੀਆਂ ਹੋਈਆਂ ਪੁਸਤਕਾਂ ਜਿਨ੍ਹਾਂ ਵਿਚ ਸੰਤ ਮਹਾਰਾਜ ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲਿਆਂ, ਅਤੇ ਸੰਤ ਅਤਰ ਸਿੰਘ ਜੀ ਰੇਰੂ ਸਾਹਿਬ ਵਾਲਿਆਂ ਦੇ ਜੀਵਨ ਅੰਕਿਤ ਕੀਤੇ ਗਏ ਹਨ। ਉਹ ਇਕ ਬਹੁਤ ਹੀ ਵੱਡੀ ਦੇਣ ਹੈ ਜਿਸ ਨੂੰ ਕਿਸੇ ਤਰ੍ਹਾਂ ਵੀ ਛੁਟਿਆਇਆ ਨਹੀਂ ਜਾ ਸਕਦਾ। ਕਾਸ਼! ਅੱਜ ਗਿਆਨੀ ਜੀ ਆਪਣੇ ਸਰੀਰ ਵਿਚ ਹੁੰਦੇ ਤਾਂ ਇਹ ਲੇਖ ਅਸੀਂ ਉਨ੍ਹਾਂ ਦੇ ਹੱਥ ਲਿਖਤ ਨਾਲ ਹੀ ਦੇਣੇ ਸਨ। ਪਰ ਫੇਰ ਵੀ ਅਸੀਂ ਧੰਨਵਾਦ ਸਹਿਤ ਸੰਗਤਾਂ ਦੀ ਗਿਆਤ ਲਈ ਇਸ ਮਹਾਨ ਪੁਰਸ਼ ਦੇ ਬਾਰੇ ਜਾਣਨ ਲਈ ਛਾਪ ਰਹੇ ਹਾਂ।

# ਸੰਤ ਸੰਪ੍ਰਦਾਇ ਦੀ ਨਾਦੀ ਬੰਸਾਵਲੀ

**ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ**

ਭਾਈ ਦਯਾ ਸਿੰਘ ਸਾਹਿਬ ਜੀ ਪੰਜਾਂ ਪਿਆਰਿਆਂ ਦੇ ਮੁਖੀ

ਬਾਬਾ ਸੋਭਾ ਸਿੰਘ ਜੀ (ਅਨੰਦਪੁਰ)

ਬਾਬਾ ਸਾਹਿਬ ਸਿੰਘ ਜੀ ਬੇਦੀ (ਊਨਾ ਸਾਹਿਬ)

ਬਾਬਾ ਭਾਗ ਸਿੰਘ ਜੀ (ਸੰਤ) ਕੁਰ੍ਹੀ ਵਾਲੇ

ਬਾਬਾ ਬੀਰ ਸਿੰਘ ਜੀ ਨੌਰੰਗਾਬਾਦ

ਬਾਬਾ ਮਹਾਰਾਜ ਸਿੰਘ ਜੀ ਨੌਰੰਗਾਬਾਦ

ਬਾਬਾ ਖੁਦਾ ਸਿੰਘ ਜੀ (ਲਾਹੌਰ ਵਾਲੇ)

ਬਾਬਾ ਰਾਮ ਸਿੰਘ ਜੀ (ਵਿਰਕਤ) ਨੌਰੰਗਾਬਾਦੀਏ

ਬਾਬਾ ਕਰਮ ਸਿੰਘ ਜੀ ਮਹਾਰਾਜ ਹੋਤੀ ਮਰਦਾਨ ਵਾਲੇ

ਬਾਬਾ ਆਇਆ ਸਿੰਘ (ਮਹੰਤ ਹੋਤੀ ਮਰਦਾਨ)

ਬਾਬਾ ਅਤਰ ਸਿੰਘ ਜੀ ਰੇਰੂ ਸਾਹਿਬ

ਸੰਤ ਰਾਮ ਸਿੰਘ ਜੀ
ਹੋਤੀ ਮਰਦਾਨ

ਸੰਤ ਭਗਵਾਨ ਸਿੰਘ ਜੀ
ਰੇਰੂ ਸਾਹਿਬ

ਸੰਤ ਮਹਾਰਾਜ
**ਈਸ਼ਰ ਸਿੰਘ ਜੀ**
ਰਾੜਾ ਸਾਹਿਬ

ਸੰਤ ਮਹਾਰਾਜ
**ਕਿਸ਼ਨ ਸਿੰਘ ਜੀ**
ਰਾੜਾ ਸਾਹਿਬ

ਬਾਬਾ ਮਾਝਾ ਸਿੰਘ ਜੀ

***ਸੰਤ ਮਹਾਰਾਜ***
***ਵਰਿਆਮ ਸਿੰਘ ਜੀ***

ਸੰਤ ਰੌਸ਼ਨ ਸਿੰਘ ਜੀ (ਅੱਜਕਲ੍ਹ ਮਕਸੂਦਪੁਰ, ਜ਼ਿਲਾ ਕਪੂਰਥਲਾ)

ਪ੍ਰੇਮ ਜੌਹਰੀ ਨੇ ਅਮੁੱਲ ਲਾਲ ਦੀ ਕਦਰ ਪਾਉਂਦਿਆਂ ਉਨ੍ਹਾਂ ਦੀ ਸੁਰਤ, ਸ਼ਬਦ ਦੇ ਨਾਲ ਐਤਨੀ ਗੜੂੰਦ ਕਰ ਦਿਤੀ ਕਿ ਆਪ ਜੀ ਬਹੁਤ ਜ਼ਰੂਰੀ ਕ੍ਰਿਆ ਕਰਨ ਤੋਂ ਇਲਾਵਾ ਸਦਾ ਹੀ ਨੇਤਰ ਬੰਦ ਕਰਕੇ ਅਖੰਡ ਧੁਨੀ ਸੁਣਦੇ ਅਤੇ ਅਖੰਡ ਜੋਤੀ ਦੇ ਪ੍ਰਕਾਸ਼ ਦੀ ਠੰਢ ਅਤੇ ਮਿਠਾਸ ਨੂੰ ਮਾਣਦੇ। ਜੋ ਹੁਕਮ ਸੁਰਤ ਸਬਦਿ ਚੜ੍ਹਾਓ ਲਈ ਮਿਲਿਆ ਉਸ ਦੀ ਪੂਰੀ-ਪੂਰੀ ਤਰ੍ਹਾਂ ਪਾਲਣਾ ਸ਼ੁਰੂ ਕਰ ਦਿਤੀ। ਹੁਕਮ ਨਾਲ ਘਰ ਪਰਤ ਆਏ, ਪੜ੍ਹਾਈ ਪੂਰੀ ਕਰਨੀ ਸੀ ਪਰ ਹੁਣ ਪੁਸਤਕਾਂ ਕੌਣ ਪੜ੍ਹੇ। ਸਦਾ ਹੀ ਸੁਰਤ ਲਿਵ ਅਵਸਥਾ ਵਿਚ ਰਹਿੰਦੀ ਅਤੇ ਸਕੂਲ ਵਾਲੇ ਟੀਚਰ ਪੜ੍ਹਾਈ ਕਰਾਉਂਦੇ ਬਹੁਤ ਸਾਰੇ ਲੈਕਚਰ ਦਿੰਦੇ। ਬਲੈਕ ਬੋਰਡ ਉਪਰ ਅਲਜਬਰੇ ਦੇ ਫਾਰਮੂਲੇ ਦਸਦੇ ਪਰ ਆਪ ਦੀ ਦ੍ਰਿਸ਼ਟੀ ਵਿਚ ਅਨੰਤ ਸਮਾਇਆ ਹੋਇਆ ਸੀ ਉਸ ਬੇਅੰਤ ਦੇ ਲਹਿਰੇ ਵਜਦੇ ਰਹਿੰਦੇ। ਬੈਰਾਗ ਵਿਚ ਹੰਝੂ ਆਪ ਮੁਹਾਰੇ ਹੀ ਚਲਦੇ ਰਹਿੰਦੇ। ਸਾਥੀਆਂ ਨੂੰ ਕੁਝ ਵੀ ਪਤਾ ਨਾ ਚਲਦਾ ਕਿ ਸਾਡੇ ਗੁਲਾਬ ਨੂੰ ਕੀ ਹੋ ਗਿਆ। ਆਪ ਹਾਕੀ ਦੀ eleven team ਵਿਚ ਕੈਪਟਨ ਹੋਇਆ ਕਰਦੇ ਸਨ ਪਰ ਹੁਣ ਖੇਲ੍ਹਣਾ ਹੀ ਭੁੱਲ ਗਿਆ। ਆਪ ਜੀ ਨੇ ਆਪਣੇ ਮਾਤਾ ਪਿਤਾ ਤੋਂ ਆਗਿਆ ਲਈ ਅਤੇ ਘੋਰ ਤਪਸਿਆ ਸਾਧਣ ਲਈ ਰੇਰੂ ਸਾਹਿਬ ਦੀ ਭੂਮੀ ਨੂੰ ਚੁਣਿਆ। ਜਿਥੇ ਗੁਰ ਸੇਵਾ ਕਰਕੇ ਬੇਅੰਤ ਬਰਕਤਾਂ ਦਾ ਮੀਂਹ ਵਰ੍ਹਦਾ ਰਹਿੰਦਾ ਸੀ। ਆਪ ਜੀ ਨੇ ਅਮੀਰੀ ਵਸਤਰ ਅਤੇ ਚੀਰੇ ਵਾਲੀਆਂ ਦਸਤਾਰਾਂ ਦੀ ਥਾਂ ਖੱਦਰ ਨੂੰ ਪਿਆਰ ਕੀਤਾ। ਖੱਦਰ ਦਾ ਕਮੀਜ਼, ਖੱਦਰ ਦੀ ਚਾਦਰ ਅਤੇ ਖੱਦਰ ਦੇ ਆਸਣ ਨੂੰ ਆਪਣਾ ਸਾਥੀ ਬਣਾਇਆ। ਨੀਂਦ ਭੁੱਖ ਦੋਨੋਂ ਹੀ ਆਪ ਦਾ ਸਾਥ ਛੱਡ ਗਈਆਂ ਅਤੇ ਗੱਲਬਾਤ ਪੂਰੀ ਤਰ੍ਹਾਂ ਬੰਦ ਹੋ ਗਈ ਅੰਦਰੋਂ ਬਾਹਰੋਂ ਇਕਾਂਤ ਵਾਸੀ ਹੋ ਗਏ। ਮਹਾਂਪੁਰਸ਼ਾਂ ਨੇ ਕ੍ਰਿਪਾ ਕਰਕੇ ਆਪਣੀ ਸੇਵਾ ਵਿਚ ਪ੍ਰਵਾਨ ਕਰ ਲਿਆ। ਇਕ ਵਾਰੀ ਆਪ ਜੀ ਸਹਿਜ ਨਾਲ ਹੀ ਫੁਰਮਾਨ ਕਰਦੇ ਸਨ ਕਿ ਜਦੋਂ ਅਸੀਂ ਸੈਦੂ ਮਹਾਂਪੁਰਸ਼ਾਂ ਨਾਲ ਗਏ ਤਾਂ ਅਤਿ ਦੀ ਸਰਦੀ ਪੈਂਦੀ ਸੀ। ਮਾਈਨਸ ਡਿਗਰੀ ਮੌਸਮ ਸੀ। ਪਾਣੀ ਜੰਮ ਜਾਇਆ ਕਰਦਾ ਸੀ ਪਰ ਆਪ ਨੇ ਐਨੇ ਠੰਢੇ ਪਾਣੀ ਵਿਚ ਇਸ਼ਨਾਨ ਕਰਕੇ ਵਸਤਰ ਪਹਿਨਣੇ। ਆਪ ਜੀ ਦੇ ਮੁਖਾਰਬਿੰਦ ਤੋਂ ਸੁਣਿਆ ਕਿ ਠੰਢ ਐਨੀ ਸੀ ਕਿ ਜੇ ਤਾਂ ਇਕ ਦਮ ਕਛਹਿਰਾ ਪਹਿਨ ਕੇ ਕਮੀਜ਼ ਦੇ ਬਟਨ ਬੰਦ ਕਰ ਲਓ ਤਾਂ ਹੋ ਜਾਂਦੇ ਸਨ ਨਹੀਂ ਤਾਂ ਹੱਥਾਂ ਵਿਚ ਕੁੜੱਲਾਂ ਪੈ ਕੇ ਖੁਲ੍ਹੇ ਬਟਨ ਹੀ ਚੌਂਕੜਾ ਮਾਰ ਕੇ ਬੈਠ ਜਾਈਦਾ ਸੀ। ਸੰਤ ਮਹਾਰਾਜ ਬਾਬਾ ਅਤਰ ਸਿੰਘ ਜੀ ਰੇਰੂ ਸਾਹਿਬ ਵਾਲੇ, ਬਹੁਤ ਸਖਤ ਤਤਿਕਸ਼ਾ ਆਪ ਕਰਦੇ ਸਨ ਅਤੇ ਆਪਣੇ ਪ੍ਰੇਮੀਆਂ ਤੋਂ ਵੀ ਕਰਵਾਉਂਦੇ ਸਨ। ਆਪ ਜੀ ਨੇ ਫੁਰਮਾਇਆ ਕਿ ਅਸੀਂ ਚੌਂਕੜਾ ਮਾਰ ਕੇ ਬੈਠ ਜਾਣਾ ਪਰ ਜਦੋਂ ਕਾਫੀ ਦਿਨ ਚੜ੍ਹ ਜਾਣਾ, ਸਰੀਰ ਵਿਚ ਨਿੱਘ ਪਰਤਣੀ ਫੇਰ ਉਠ ਕੇ ਉਪਰਲੀ ਖੱਦਰ ਦੀ ਚਾਦਰ ਝਾੜਨੀ ਤਾਂ ਜੰਮੀ ਹੋਈ ਬਰਫ ਦੇ ਕੰਕਰ ਜਿਹੇ ਝੜਨੇ। ਆਪ ਦਾ ਪਹਿਲਾ ਜੀਵਨ ਅਮੀਰ ਘਰਾਣੇ ਦੇ ਬੱਚਿਆਂ ਵਾਂਗੂੰ ਸੁਖ ਸਹਿਜ ਦਾ ਬੀਤਿਆ ਸੀ ਪਰ ਇਕ ਦਮ ਆਪ ਜੀ ਨੇ ਮਹਾਂ ਤਪਸਵੀਆਂ ਵਾਲਾ ਜੀਵਨ ਅਪਣਾਅ ਲਿਆ। ਆਪ ਜੀ ਦੀ ਲਗਨ ਦੇਖ ਕੇ ਵੱਡੇ ਮਹਾਂਪੁਰਸ਼ਾਂ ਨੇ ਇਕ ਕਫਨੀ ਆਪ ਦੇ ਗਲ ਵਿਚ ਪਾ ਕੇ ਕਿਹਾ ਕਿ ਈਸ਼ਰ ਸਿੰਘ! ਅੱਜ ਤੈਨੂੰ ਮੁਰਦਿਆਂ ਵਾਲਾ ਲਿਬਾਸ ਪਹਿਨਾਅ ਦਿਤਾ ਹੈ ਇਹ ਕਫਨੀ ਜਿਉਂਦਿਆਂ ਦੇ ਨਹੀਂ ਪਾਈ ਜਾਂਦੀ, ਮੁਰਦਿਆਂ ਦੇ ਪਾਈ ਜਾਂਦੀ ਹੈ। ਸੰਸਾਰ ਵਿਚ ਤਿੰਨ ਕਿਸਮ ਦੇ ਮੁਰਦੇ ਹਨ, ਦੋ ਨਖਿੱਧ

ਕਿਸਮ ਦੇ ਹਨ ਜਿਨ੍ਹਾਂ ਦਾ ਨਾਮ ਲੈਣਾ ਵੀ ਰਸਨਾ ਨੂੰ ਦੂਸ਼ਿਤ ਕਰਦਾ ਹੈ। ਉਨ੍ਹਾਂ ਵਿਚੋਂ ਇਕ ਉਹ ਹਨ ਜਿਨ੍ਹਾਂ ਦੀ ਚੇਤਨ ਕਲਾ ਸਰੀਰ ਛੱਡ ਜਾਂਦੀ ਹੈ ਅਤੇ ਸਾਰੇ ਅੰਗ ਪ੍ਰਯੰਗ ਹੁੰਦਿਆਂ ਹੋਇਆਂ ਵੀ ਉਹ ਨਾ ਹੀ ਸ੍ਵਾਸ ਲੈ ਸਕਦੇ ਹਨ ਅਤੇ ਨਾ ਹੀ ਹੋਰ ਕੁਝ ਕਰ ਸਕਦੇ ਹਨ। ਉਸ ਦਾ ਸਰੀਰ ਜੇ ਛੇਤੀਂ ਨਾ ਸਮੇਟਿਆ ਜਾਵੇ ਤਾਂ ਜਲਦੀ ਹੀ ਕੀੜਿਆਂ ਵਾਲਾ ਹੋ ਜਾਂਦਾ ਹੈ। ਦੂਸਰਾ ਉਹ ਮੁਰਦਾ ਹੈ ਜੋ ਸੰਸਾਰ ਵਿਚ ਮਾਨਸ ਦੇਹ ਪ੍ਰਾਪਤ ਕਰਕੇ ਮਾਨਸ ਅਖਵਾਉਂਦਾ ਹੈ। ਉਹ ਭਾਵੇਂ ਕਿੰਨਾ ਹੀ ਸੁੰਦਰ ਹੋਵੇ, ਕਿੰਨਾ ਹੀ ਅਮੀਰ ਹੋਵੇ, ਚਤੁਰ ਹੋਵੇ, ਉਚੀ ਕੁਲ ਦਾ ਹੋਵੇ, ਮੌਖਿਕ ਗਿਆਨੀ ਹੋਵੇ, ਵੱਡੀਆਂ-ਵੱਡੀਆਂ ਫਿਲਾਸਫੀਆਂ ਕਥਨ ਕਰਨ ਵਾਲਾ ਹੋਵੇ ਪਰ ਜੇ ਉਸ ਦੇ ਬੁੱਝਣ ਵਿਚ ਪ੍ਰਭੂ ਦੀ ਹੋਂਦ ਦਾ ਵਿਸ਼ਵਾਸ਼ ਅਤੇ ਪਿਆਰ ਨਹੀਂ ਜਾਗਿਆ ਤਾਂ ਉਹ ਵੀ ਸ੍ਵਾਸ ਲੈਣ ਵਾਲਾ, ਰੋਟੀ ਖਾਣ ਵਾਲਾ, ਪਾਣੀ ਪੀਣ ਵਾਲਾ, ਹਸਣ, ਬੋਲਣ ਵਾਲਾ, ਮਾਇਆ ਦੇ ਅੰਬਾਰ ਲਾਉਣ ਵਾਲਾ ਇਕ ਬੁਰੀ ਕਿਸਮ ਦਾ ਮੁਰਦਾ ਹੈ ਕਿਉਂਕਿ ਉਸ ਦੇ ਅੰਦਰ ਪ੍ਰਭੂ ਦੀ ਹੋਂਦ ਉਪਰ ਵਿਸ਼ਵਾਸ਼ ਨਹੀਂ ਜਾਗਿਆ, ਨਾ ਹੀ ਪ੍ਰਭੂ ਨਾਲ ਉਸ ਦੇ ਅੰਦਰ ਪਿਆਰ ਪੈਦਾ ਹੋਇਆ ਹੈ ਜਿਵੇਂ ਕਿ ਫੁਰਮਾਨ ਹੈ -

***ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ॥***
***ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ॥***

***ਪੰਨਾ - 253***

ਗੁਰੂ ਮਹਾਰਾਜ ਜੀ ਨੇ ਜਿਉਂਦੇ ਬੰਦੇ ਉਨ੍ਹਾਂ ਨੂੰ ਹੀ ਆਖਿਆ ਹੈ ਜਿਹੜੇ ਪ੍ਰਭੂ ਦੀ ਲਿਵ ਵਿਚ ਜਿਉਂਦੇ ਹਨ, ਜਿਹੜੇ ਪ੍ਰਭੂ ਦੇ ਸ਼ੁਕਰ ਵਿਚ ਰਹਿੰਦੇ ਹਨ। ਪ੍ਰਭੂ ਪਿਆਰ ਤੋਂ ਵਿਹੂਣਾ ਪੱਤ-ਹੀਣ ਪੁਰਸ਼ ਹੋਇਆ ਕਰਦਾ ਹੈ, ਜਮਦੂਤ ਉਸ ਦੀ ਪੱਤ ਗਵਾ ਕੇ ਲੈ ਜਾਂਦੇ ਹਨ। ਦਰਗਾਹ ਵਿਚ ਉਸ ਨੂੰ ਨਖਿੱਧ ਜੂਨੀਆਂ ਵਿਚ ਸੁੱਟ ਦਿਤਾ ਜਾਂਦਾ ਹੈ। ਅਜਿਹਾ ਬੰਦਾ ਜੀਵਨ ਵਿਚ ਜੋ ਕੁਝ ਖਾਂਦਾ ਹੈ, ਪਹਿਨਦਾ ਹੈ, ਪੀਂਦਾ ਹੈ, ਆਰਾਮ ਕਰਦਾ ਹੈ ਉਹ ਹੱਕ ਦੀ ਥਾਂ ਹਰਾਮ ਹੀ ਖਾਂਦਾ ਪੀਂਦਾ ਹੈ ਜਿਵੇਂ ਕਿ ਫੁਰਮਾਨ ਹੈ -

***ਸੋ ਜੀਵਿਆ ਜਿਸੁ ਮਨਿ ਵਸਿਆ ਸੋਇ॥***
***ਨਾਨਕ ਅਵਰੁ ਨ ਜੀਵੈ ਕੋਇ॥***
***ਜੇ ਜੀਵੈ ਪਤਿ ਲਥੀ ਜਾਇ॥***
***ਸਭੁ ਹਰਾਮੁ ਜੇਤਾ ਕਿਛੁ ਖਾਇ॥***
***ਰਾਜਿ ਰੰਗੁ ਮਾਲਿ ਰੰਗੁ॥***
***ਰੰਗਿ ਰਤਾ ਨਚੈ ਨੰਗੁ॥***
***ਨਾਨਕ ਠਗਿਆ ਮੁਠਾ ਜਾਇ।।***
***ਵਿਣੁ ਨਾਵੈ ਪਤਿ ਗਇਆ ਗਵਾਇ॥*** ***ਪੰਨਾ - 142***

ਤੀਸਰੀ ਕਿਸਮ ਦੇ ਅਤਿ ਉਤਮ ਮੁਰਦੇ ਉਹ ਹੋਇਆ ਕਰਦੇ ਹਨ ਜਿਹੜੇ ਪ੍ਰਭੂ ਪ੍ਰਾਪਤੀ ਵਾਸਤੇ, ਗੁਰੂ ਸੇਵਾ ਕਰਨ ਵਾਸਤੇ ਹਉਮੈ ਵਲੋਂ ਮੁਰਦੇ ਹੋ ਜਾਇਆ ਕਰਦੇ ਹਨ ਜਿਨ੍ਹਾਂ ਦੇ ਅੰਦਰੋਂ ਹੰਗਤਾ ਤੇ ਮਮਤਾ ਦੇ ਭਾਵ ਮਿਟ ਚੁਕੇ ਹੁੰਦੇ ਹਨ ਉਹ ਮੁਰਦਾਪੁਣ ਅਤਿ ਸ੍ਰੇਸ਼ਠ ਹੋਇਆ ਕਰਦਾ ਹੈ ਕਿਉਂਕਿ

ਉਹ ਆਪਣੀ ਹਉਂ ਦਾ ਨਾਸ਼ ਕਰਕੇ ਗੁਰੂ ਤੇ ਵਾਹਿਗੁਰੂ ਵਿਚ ਅਭੇਦ ਹੋ ਜਾਇਆ ਕਰਦਾ ਹੈ ਅਤੇ ਇਕ ਮਹਾਨ ਜੀਵਨ ਦੀ ਸੋਝੀ ਅਤੇ ਪ੍ਰਾਪਤੀ ਉਸ ਨੂੰ ਹੋ ਜਾਇਆ ਕਰਦੀ ਹੈ। ਉਹ ਹਉਮੈ ਦੇ ਮੰਡਲ ਵਿਚੋਂ ਮਰ ਕੇ ਆਤਮ ਮੰਡਲ ਵਿਚ ਸਦਾ ਦਾ ਜੀਵਨ ਪ੍ਰਾਪਤ ਕਰ ਲੈਂਦਾ ਹੈ। ਸੋ ਇਸ ਤਰ੍ਹਾਂ ਦੇ ਨਾਲ ਵੱਡੇ ਮਹਾਂਪੁਰਸ਼ਾਂ ਦੀ ਹਾਜ਼ਰੀ ਵਿਚ ਇਕ ਮੁਰਦੇ ਵਾਂਗੂ ਹੀ ਸੇਵਾ ਕੀਤੀ, ਸਿਮਰਨ ਕੀਤਾ। ਇਸ ਤੱਥ ਨੂੰ ਹੋਰ ਸਮਝਣ ਲਈ ਗਿਆਨੀ ਮੋਹਨ ਸਿੰਘ ਜੀ ਵਲੋਂ ਆਪਣੀ ਪੁਸਤਕ ਵਿਚ ਅੰਕਿਤ ਕੀਤਾ ਹੈ ਕਿ –

***ਚੋਲਾ ਪਹਿਰ ਗਰੀਬੀ ਦਾ ਜਗ, ਸੰਤ ਸੁਖਾਲੇ ਹੋਏ।***
***ਨ ਕਿਸੇ ਰੰਜ ਨ ਆਪ ਰੰਜੀਵਨ ਮਰਨ ਥੀ ਆਗੇ ਮੋਏ।***
***ਨਿੰਦਾ ਕ੍ਰੋਧ ਨੂੰ ਦਈ ਵਿਦੈਗੀ ਬਾਦ ਬਿਬਾਦ ਸਭ ਖੋਏ।***
***ਲਾਲ ਲੱਧਾ ਲੈ ਪੱਲੇ ਬੱਧਾ ਦਾਸ ਸੇਵਾ ਚਰਨ ਤਿਨ ਧੋਏ।***

***ਹਰਦਮ ਖਾਲਕ ਯਾਦ ਜਿਨ੍ਹਾਂ ਨੂੰ ਕਿਉਂ ਕੱਢਣ ਲੋਕਾਂ ਦੀਆਂ ਕਾਣਾ।***
***ਹੱਥ ਜਿਨ੍ਹਾਂ ਦੇ ਪਾਰਸ ਚੜ੍ਹਿਆ ਕਿਉਂ ਮੰਗਣ ਦਾਣਾ ਦਾਣਾ।***
***ਜੋ ਚਿਤਵਣ ਸੋ ਸਾਹਿਬ ਮੰਨੇ ਸਭ ਕਰੇ ਤਿਨ੍ਹਾ ਦਾ ਭਾਣਾ।***
***ਓਹ ਰੱਬ ਦੇ ਤੇ ਰੱਬ ਓਹਨਾਂ ਦਾ ਜਿਨ੍ਹਾਂ ਛੱਡਿਆ ਹਭੋ ਮਾਣਾ।***

ਜਦੋਂ ਆਪ 1983 ਬਿਕ੍ਰਮੀ ਦੀ ਵਿਸਾਖੀ ਤੇ ਵੱਡੇ ਮਹਾਂਪੁਰਸ਼ਾਂ ਨਾਲ ਸੰਤ ਬਾਬਾ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਪਾਸ ਪੁੱਜੇ ਤਾਂ ਆਪ ਜੀ ਨੇ ਮਹਾਂਪੁਰਸ਼ਾਂ ਨੂੰ ਜਦੋਂ ਨਮਸ਼ਕਾਰ ਕੀਤੀ ਉਨ੍ਹਾਂ ਨੇ ਮਸਤਕ ਵੇਖਦਿਆਂ ਹੀ ਵੱਡੇ ਮਹਾਂਪੁਰਸ਼ਾਂ (ਰੇਰੂ ਸਾਹਿਬ ਵਾਲਿਆਂ) ਨੂੰ ਕਿਹਾ ਕਿ ਆਪ ਦੇ ਹੱਥ ਇਹ ਅਣਮੁੱਲਾ ਤੇ ਸੱਚਾ-ਸੁੱਚਾ ਹੀਰਾ ਕਿਥੋਂ ਲਗ ਗਿਆ। ਇਸ ਨੇ ਤਾਂ ਦੇਸ਼ਾਂ-ਵਿਦੇਸ਼ਾਂ ਵਿਚ ਜਾ ਕੇ ਸੰਗਤਾਂ ਨੂੰ ਪ੍ਰਭੂ ਨਾਲ ਜੋੜਨਾ ਹੈ। ਮਸਤੂਆਣੇ ਵਾਲੇ ਸੰਤ ਅਤਰ ਸਿੰਘ ਜੀ ਅਤੇ ਰੇਰੂ ਸਾਹਿਬ ਵਾਲੇ ਸੰਤ ਅਤਰ ਸਿੰਘ ਜੀ ਦਾ ਆਪਸ ਵਿਚ ਅੰਤਰ ਆਤਮੇ ਸਦਾ ਮੇਲ ਵਾਲਾ ਪਿਆਰ ਸੀ। 21 ਜਨਵਰੀ 1927 ਨੂੰ ਜਦੋਂ ਸੰਤ ਈਸ਼ਰ ਸਿੰਘ ਜੀ ਮਹਾਰਾਜ ਦੀ 22 ਸਾਲ ਦੀ ਉਮਰ ਸੀ ਉਸ ਵੇਲੇ ਮਹਾਂਪੁਰਸ਼ਾਂ ਨਾਲ ਸਰੀਰਕ ਵਿਛੋੜੇ ਪੈ ਗਏ। ਇਹ ਐਡੀ ਵੱਡੀ ਅਨਚਿਤਵੀ ਬਿਰਹੁ ਚੋਟ ਸੀ ਜਿਸ ਨੂੰ ਆਪ ਸਹਿਨ ਕਰਨ ਲਈ ਕਿਸੇ ਤਰ੍ਹਾਂ ਵੀ ਪਹਿਲਾਂ ਤਿਆਰ ਨਹੀਂ ਸਨ। ਬਿਰਹੁ ਦਾ ਨਾਦ ਅੰਦਰ ਗੂੰਜਣ ਲਗ ਗਿਆ। ਸਾਰੀ ਪ੍ਰਕ੍ਰਿਤੀ ਦੇ ਕਣ-ਕਣ ਵਿਚੋਂ ਬੈਰਾਗ ਦੀ ਦਿਸ਼ਾ ਪ੍ਰਗਟ ਹੋ ਗਈ। ਨਾ ਹੀ ਖਿੜੇ ਹੋਏ ਫੁੱਲ ਆਪਣੀ ਸੁੰਦਰਤਾ ਪ੍ਰਦਾਨ ਕਰ ਰਹੇ ਸਨ, ਨਾ ਹੀ ਪੰਛੀਆਂ ਦੀ ਚਹਿ-ਚਹਾਵਟ ਵਿਚ ਕੋਈ ਖਿੱਚ ਰਹੀ, ਨਾ ਹੀ ਪ੍ਰੇਮੀਆਂ ਦੇ ਚਿਹਰਿਆਂ ਉਪਰ ਕੋਈ ਮੁਸਕਰਾਹਟ ਰਹੀ ਅਤੇ ਐਸੀ ਅਵਸਥਾ ਹੋ ਗਈ –

***ਕਬੀਰ ਬਿਰਹੁ ਭੁਯੰਗਮੁ ਮਨਿ ਬਸੈ ਮੰਤੁ ਨ ਮਾਨੈ ਕੋਇ॥***
***ਰਾਮ ਬਿਓਗੀ ਨਾ ਜੀਐ ਜੀਐ ਤ ਬਉਰਾ ਹੋਇ॥***

***ਪੰਨਾ – 1368***

ਅਜਿਹੀ ਬਿਰਹੁ ਅਵਸਥਾ ਵਿਚ ਆਪ ਜੀ ਨੇ ਪੰਜ ਛੇ ਮਹੀਨੇ ਰੇਰੂ ਸਾਹਿਬ ਹੀ ਰਹਿ ਕੇ ਗੁਜ਼ਾਰੇ। 1984 ਬਿਕ੍ਰਮੀ ਦੇ ਚੜ੍ਹਦੇ ਹਾੜ੍ਹ ਵਿਚ ਆਪ

ਰੇਰੂ ਸਾਹਿਬ ਤੋਂ ਪ੍ਰੀਤਮ ਪਿਆਰੇ ਦੇ ਬਿਰਹੁ ਕੁਠੇ ਅਣਮਿੱਥੇ ਸਫਰ ਤੇ ਚਲ ਪਏ। ਆਪ ਦੇ ਨਾਲ ਛੋਟੇ ਸੰਤ ਬਾਬਾ ਕਿਸ਼ਨ ਸਿੰਘ ਜੀ ਮਹਾਰਾਜ ਸਨ। ਫਿਰਦੇ-ਫਿਰਾਉਂਦੇ ਆਪ ਜੀਵਾਂ ਦੇ ਪੁੰਨਾਂ ਦੇ ਪ੍ਰੇਰੇ ਹੋਏ ਰਾੜੇ ਸਾਹਿਬ ਦੀ ਢੱਕੀ ਵਿਚ 1928 ਅਗਸਤ ਦੇ ਮਹੀਨੇ ਆ ਬਿਰਾਜੇ। ਇਸ ਥਾਂ ਨੂੰ ਤਪੋ ਭੂਮੀ ਬਣਾ ਲਿਆ। ਆਪ ਨੇ ਇਸ ਦਰਖਤਾਂ ਦੀ ਝਿੜੀ ਨੂੰ ਨਾਮ ਰੰਗ ਤੇ ਪਿਆਰ ਨਾਲ ਭਰ ਦਿਤਾ। ਥੋੜ੍ਹੇ ਸਮੇਂ ਤੋਂ ਬਾਦ ਹੀ ਆਪ ਦੀ ਖਸ਼ਬੂ ਸਾਰੇ ਦੂਰ-ਦੂਰ ਤਕ ਫੈਲ ਗਈ। ਆਪ ਦੀ ਘੋਰ ਤਪਸਿਆ ਦੀ ਸੋਅ ਅਨੇਕਾਂ ਹਿਰਦਿਆਂ ਵਿਚ ਪਹੁੰਚ ਗਈ।

ਜਨਵਰੀ 1929 ਵਿਚ ਮਹਾਂਪੁਰਸ਼ਾਂ ਦੀ ਯਾਦ ਵਿਚ 7 ਮਾਘ ਤੋਂ 9 ਮਾਘ ਤਕ ਸਮਾਗਮ ਸ਼ੁਰੂ ਹੋ ਗਏ। ਪਿਛਲੇ ਪੁੰਨਾਂ ਦੇ ਪ੍ਰੇਰੇ ਹੋਏ ਬਹੁਤ ਪ੍ਰੇਮੀ ***'ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥'*** ਦਾ ਅਵਸਰ ਮਾਨਣ ਲਈ ਰਾੜੇ ਸਾਹਿਬ ਦੀ ਢੱਕੀ ਵਿਚ ਪਹੁੰਚ ਗਏ। ਸੰਤ ਮਹਾਰਾਜ ਜੀ ਦਾ ਢੱਕੀ ਵਿਚ ਰਹਿਣ ਦਾ ਸਮਾਂ ਜਿਨ੍ਹਾਂ ਨੇ ਅੱਖਾਂ ਨਾਲ ਵੇਖਿਆ ਹੈ ਉਹ ਕਦੇ ਇਨ੍ਹਾਂ ਨਜ਼ਾਰਿਆਂ ਨੂੰ ਭੁੱਲ ਹੀ ਨਹੀਂ ਸਕਦੇ। ਸੰਤ ਮਹਾਰਾਜ ਜੀ ਦੇ ਮੌਨ ਵਰਤ ਰਖਣੇ, ਹਰ ਵਕਤ ਪ੍ਰਭੂ ਪਿਆਰ ਵਿਚ ਲੀਨ ਰਹਿਣਾ, ਦੂਸਰੇ ਪ੍ਰੇਮੀਆਂ ਨੇ ਵੀ ਪ੍ਰਭੂ ਪਿਆਰ ਵਿਚ ਆਪਣੀਆਂ ਸੁਰਤਾਂ ਸਬਦਿ ਨਾਲ ਸਦਾ ਹੀ ਜੋੜ ਰੱਖਣੀਆਂ। ਨਾਮ ਦੇ ਚਲਦੇ ਪ੍ਰਵਾਹ ਨੇ ਇਸ ਝਿੜੀ ਨੂੰ ਮਹਾਂ ਪਵਿੱਤਰ ਤਪੋਬਣ ਬਣਾ ਦਿਤਾ ਅਤੇ ਅਨੇਕ ਕਿਸਮ ਦੀਆਂ ਬਰਕਤਾਂ ਦਾ ਮੀਂਹ ਵਰ੍ਹਨ ਲੱਗਿਆ, ਰਿੱਧੀਆਂ-ਸਿੱਧੀਆਂ ਹੱਥ ਜੋੜ ਕੇ ਸੇਵਾ ਲਈ ਤਰਲੇ ਕਰਨ ਲੱਗੀਆਂ ਅਤੇ ਇਕ ਘਟਨਾ ਐਸੀ ਵਿਆਪੀ ਜਿਸ ਨਾਲ ਆਪ ਦਾ ਜਸ ਦੂਰ-ਦਰਾਜ਼ ਤਕ ਫੈਲ ਗਿਆ। ਇਕ ਵਾਰੀ ਐਸਾ ਹੋਇਆ ਕਿ ਰਾਏਪੁਰ ਗੁਜਰਵਾਲ ਦੇ ਕਈ ਮਾਈ ਭਾਈ ਪ੍ਰੇਮੀ ਰਾੜੇ ਸਾਹਿਬ ਵਲ ਦੀ ਹੋ ਕੇ ਜਰਗ ਨੂੰ ਜਾ ਰਹੇ ਸਨ ਉਨ੍ਹਾਂ ਨੇ ਅਸਥਾਨ ਬਾਰੇ ਸੁਣਿਆ। ਇਰਾਦਾ ਬਣਾਇਆ ਕਿ ਜਰਗ ਰੌਣੀ ਮਕਾਣ ਦੇ ਕੇ ਕਲ੍ਹ ਨੂੰ ਮੁੜਦੇ ਹੋਏ ਇਥੇ ਦਰਸ਼ਨ ਕਰਾਂਗੇ। ਇਨ੍ਹਾਂ ਦੇ ਆਉਣ ਤੋਂ ਪਹਿਲਾਂ ਦੂਜੇ ਦਿਨ ਕਿਸੇ ਪ੍ਰੇਮੀ ਨੇ ਤਿੰਨ ਸੇਰ ਘਿਉ ਦਾ ਪ੍ਰਸ਼ਾਦ ਕਰਾਇਆ ਜੋ ਸਵੇਰ ਤੋਂ ਹੀ ਵਰਤਣਾ ਸ਼ੁਰੂ ਹੋ ਗਿਆ। ਦੁਪਹਿਰ ਦੇ ਨੇੜੇ-ਤੇੜੇ ਇਹ ਪ੍ਰੇਮੀ ਦਰਸ਼ਨ ਕਰਨ ਲਈ ਰਾੜੇ ਸਾਹਿਬ ਦੀ ਢੱਕੀ ਵਿਚ ਪੁੱਜ ਗਏ। ਸੰਤ ਮਹਾਰਾਜ ਜੀ ਦੇ ਦਰਸ਼ਨ ਕੀਤੇ, ਸਹਿਜ ਸੁਭਾਅ ਨਾਲ ਮਹਾਂਪੁਰਸ਼ਾਂ ਨੇ ਸੁਖ ਅਨੰਦ ਪੁਛਣ ਪਿਛੋਂ ਫੁਰਮਾਨ ਕੀਤਾ ਕਿ ਲੰਗਰ ਤਿਆਰ ਹੈ ਤੁਸੀਂ ਸਾਰੇ ਛਕ ਕੇ ਜਾਇਓ। ਇਹ ਆਗਿਆ ਪਾ ਕੇ ਲੰਗਰ ਵਿਚ ਪੰਗਤਾਂ ਲਾ ਕੇ ਬੈਠ ਗਏ। ਲੰਗਰ ਵਿਚ ਥੋੜ੍ਹੇ ਜਿਹੇ ਬਚਦੇ ਪ੍ਰਸ਼ਾਦ ਤੋਂ ਬਿਨਾਂ ਹੋਰ ਕੋਈ ਚੀਜ਼ ਤਿਆਰ ਨਹੀਂ ਸੀ ਕਿਉਂਕਿ ਅਜੇ ਨਵਾਂ-ਨਵਾਂ ਹੀ ਲੰਗਰ ਚਲਾਇਆ ਸੀ। ਜੋ ਰਾਸ਼ਨ ਆ ਜਾਇਆ ਕਰਦਾ ਸੀ ਉਸ ਨੂੰ ਪਕਾ ਦਿਆ ਕਰਦੇ ਸਨ। ਲੰਗਰ ਦੇ ਸ੍ਰੀ ਮਾਨ ਜੀ ਨੇ ਜਦੋਂ ਸੰਗਤ ਦਾ ਇਕੱਠ ਦੇਖਿਆ ਤਾਂ ਛੋਟੇ ਸੰਤ ਮਹਾਰਾਜ ਸੰਤ ਕਿਸ਼ਨ ਸਿੰਘ ਜੀ ਪਾਸ ਆਏ ਅਤੇ ਸਾਰੀ ਗੱਲ ਦੱਸੀ ਕਿ ਪ੍ਰਸ਼ਾਦਾ ਛਕਣ ਲਈ ਰਾਏਪੁਰ ਤੇ ਗੁਜਰਵਾਲ ਤੋਂ ਆਏ ਪ੍ਰੇਮੀਆਂ ਦੀ ਪੰਗਤ ਲਗ ਗਈ, ਲੰਗਰ ਵਿਚ ਰਾਸ਼ਨ ਆਉਣ ਵਾਲਾ ਹੈ। ਸਿਰਫ ਥੋੜ੍ਹਾ ਜਿਹਾ ਪ੍ਰਸ਼ਾਦ ਇਕ ਬਾਟੇ ਵਿਚ ਬਚਦਾ ਹੈ ਉਹ ਵੀ ਸਵਾਇਆ-ਸਵਾਇਆ ਦੇ ਕੇ ਵੀ ਪੂਰਾ ਨਹੀਂ ਪੈਂਦਾ। ਉਸ ਵੇਲੇ ਛੋਟੇ ਮਹਾਰਾਜ ਜੀ ਲੰਗਰ ਵਿਚ

ਆਏ, ਆਪ ਨੇ ਕਮਰ ਕਸਾ ਕੀਤਾ ਹੋਇਆ ਸੀ, ਬਾਟੇ ਉਪਰ ਆਪਣਾ ਰੁਮਾਲ ਪਾ ਦਿਤਾ ਅਤੇ ਸੰਗਤ ਨੂੰ ਕਿਹਾ ਕਿ ਦਾਲ ਪ੍ਰਸ਼ਾਦਾ ਤਾਂ ਤੁਸੀਂ ਆਪਣੇ ਘਰਾਂ ਵਿਚ ਰੋਜ਼ ਛਕਦੇ ਹੋ ਅੱਜ ਆਪ ਜੀ ਨੂੰ ਕੜਾਹ ਪ੍ਰਸ਼ਾਦ ਦੇ ਗਫੇ ਲਵਾਏ ਜਾਣਗੇ। ਸੋ ਅੱਜ ਪ੍ਰਸ਼ਾਦ ਛਕੋ। ਲਾਂਗਰੀ ਨੂੰ ਕਿਹਾ ਕਿ ਅਸਾਡਾ ਰੁਮਾਲ ਬਾਟੇ ਉਪਰੋਂ ਨਾ ਲਾਹੀਂ, ਪ੍ਰਸ਼ਾਦ ਕੱਢੀ ਜਾਹ, ਵਰਤਾਈ ਜਾਹ। ਇਸੇ ਤਰ੍ਹਾਂ ਕੀਤਾ ਗਿਆ –

***ਤਿਚਰੁ ਮੂਲਿ ਨ ਥੁੜੀਦੋ ਜਿਚਰੁ ਆਪਿ ਕ੍ਰਿਪਾਲੁ॥***
***ਸਬਦੁ ਅਖੁਟੁ ਬਾਬਾ ਨਾਨਕਾ ਖਾਹਿ ਖਰਚਿ ਧਨੁ ਮਾਲੁ॥***

***ਪੰਨਾ – 1426***

ਦੀ ਖੇਡ ਵਰਤ ਗਈ। ਪ੍ਰਸ਼ਾਦ ਜਿਉਂ-ਜਿਉਂ ਵਰਤਾਂਦੇ ਹਨ ਤਿਉਂ-ਤਿਉਂ ਹੋਰ ਨਿਕਲਦਾ ਹੈ। ਲਾਂਗਰੀ ਸਿੰਘ ਮੂਲਮੰਤ੍ਰ ਦਾ ਪਾਠ ਕਰਦਿਆਂ ਸ਼ਾਮ ਤਕ ਵਰਤਾਈ ਗਏ ਪਰ ਉਸ ਬਾਟੇ ਵਿਚੋਂ ਪ੍ਰਸ਼ਾਦ ਖਤਮ ਨਾ ਹੋਇਆ। ਇਸ ਗੱਲ ਤੋਂ ਬਹੁਤ ਸਾਰੇ ਪ੍ਰੇਮੀ ਬਹੁਤ ਹੈਰਾਨ ਹੋਏ ਅਤੇ ਮੁਖੋਂ ਕਹਿ ਰਹੇ ਸਨ ਕਿ ਧੰਨ ਇਹ ਮਹਾਂਪੁਰਸ਼, ਧੰਨ ਗੁਰੂ ਕਾ ਲੰਗਰ ਜਿਸ ਵਿਚ ਕਦੇ ਵੀ ਤੋਟਾ ਨਹੀਂ ਆਉਂਦਾ, ਵਧਦਾ ਹੀ ਜਾਂਦਾ ਹੈ। ਇਸੇ ਤਰ੍ਹਾਂ ਦੀਆਂ ਘਟਨਾਵਾਂ ਕਈ ਕਰਨੀ ਕਮਾਈ ਵਾਲੇ ਮਹਾਂਪੁਰਸ਼ਾਂ ਦੇ ਡੇਰਿਆਂ ਵਿਚ ਹੁੰਦੀਆਂ ਰਹਿੰਦੀਆਂ ਹਨ।

ਸੰਤ ਮਨੀ ਸਿੰਘ ਜੀ ਦਿਆਲਪੁਰ ਵਾਲਿਆਂ ਦੀ ਇਕ ਵਾਰਤਾ ਆਮ ਪ੍ਰਚਲਤ ਹੈ ਉਨ੍ਹਾਂ ਦੇ ਪਾਸ ਮਸਤੂਆਣੇ ਤੋਂ ਕਾਫੀ ਸੰਗਤ ਆਈ। ਉਸ ਵੇਲੇ ਲੰਗਰ ਵਰਤ ਚੁਕਿਆ ਸੀ। ਮਹਾਂਪੁਰਸ਼ ਜੋ ਕਰਨੀ ਕਮਾਈ ਦੀ ਮੂਰਤ ਸਨ, ਨੇ ਸੋਚਿਆ ਕਿ ਹੁਣ ਇਨ੍ਹਾਂ ਦੀ ਸੇਵਾ ਕਿਸ ਤਰ੍ਹਾਂ ਕੀਤੀ ਜਾਵੇ? ਆਪ ਜੀ ਵਾਹਿਗੁਰੂ ਉਪਰ ਭਰੋਸਾ ਰੱਖ ਕੇ –

***ਕਾਹੇ ਰੇ ਮਨ ਚਿਤਵਹਿ ਉਦਮੁ***
***ਜਾ ਆਹਰਿ ਹਰਿ ਜੀਉ ਪਰਿਆ॥***
***ਸੈਲ ਪਥਰ ਮਹਿ ਜੰਤ ਉਪਾਏ***
***ਤਾ ਕਾ ਰਿਜਕੁ ਆਗੈ ਕਰਿ ਧਰਿਆ॥*** ***ਪੰਨਾ – 10***

ਦੇ ਮਹਾਂਵਾਕ ਤੇ ਪੂਰਨ ਨਿਸ਼ਚਾ ਰਖਦੇ ਹੋਏ ਇਕ ਦਰਖਤ ਦੇ ਥੱਲੇ ਕੱਪੜੇ ਵਿਛਾ ਕੇ ਚੜ੍ਹ ਗਏ। ਇਕ ਟਾਹਣਾ ਹਿਲਾਇਆ ਜਿਸ ਵਿਚੋਂ ਹਰ ਕਿਸਮ ਦੀਆਂ ਮਠਿਆਈਆਂ ਕੱਪੜੇ ਉਪਰ ਗਿਰ ਗਈਆਂ। ਸਭ ਨੂੰ ਮਠਿਆਈ ਛਕਾਈ ਅਤੇ ਸਾਰੇ ਅਨੰਦਿਤ ਹੋਏ। ਇਹ ਗੱਲਬਾਤ ਜਦੋਂ ਮੈਂ ਸਕੂਲ ਵਿਚ ਪੜ੍ਹਦਾ ਸਾਂ ਉਸ ਵੇਲੇ ਅਸਾਡੇ ਪਿੰਡਾਂ ਵਿਚ ਆਮ ਚਰਚਾ ਦਾ ਵਿਸ਼ਾ ਬਣੀ ਹੋਈ ਸੀ ਕਿਉਂਕਿ ਅਸਾਡੇ ਬਜ਼ੁਰਗ ਹਰ ਸਾਲ ਮਸਤੂਆਣੇ ਲੰਗਰ ਲਈ ਅਨਾਜ, ਗੁੜ, ਕਪਾਹ ਆਦਿ ਵਸਤਾਂ ਭੇਜਿਆ ਕਰਦੇ ਸਨ ਅਤੇ ਉਨ੍ਹਾਂ ਦੀ ਉਗਰਾਹੀ ਕਰਨ ਆਏ ਸਿੰਘਾਂ ਤੋਂ ਇਹ ਬਚਨ ਸੁਣਿਆ ਜਾਇਆ ਕਰਦਾ ਸੀ।

ਇਸੇ ਤਰ੍ਹਾਂ ਨਾਲ ਡਾ. ਸੁਆਮੀ ਰਾਮ ਜੀ ਨੇ ਆਪਣੀ ਪੁਸਤਕ 'ਹਿਮਾਲੀਆ ਦੇ ਸੰਤਾਂ ਸੰਗ ਨਿਵਾਸ' ਵਿਚ ਅੰਕਿਤ ਕੀਤਾ ਹੈ ਕਿ ਮੇਰੇ ਗੁਰੂ ਨੇ ਗੰਗਾ ਦੇ ਕਿਨਾਰੇ ਇਕ ਖਾਸ ਥਾਂ ਵਲ ਇਸ਼ਾਰਾ ਕਰਕੇ ਉਥੇ ਤਪ ਕਰਨ ਲਈ ਆਖਿਆ। ਥਾਂ ਬਹੁਤ ਰਮਣੀਕ ਸੀ, ਗੰਗਾ ਆਪਣੇ ਵੇਗ ਵਿਚ ਕਲੋਲਾਂ

ਕਰਦੀ ਬਹਿ ਰਹੀ ਸੀ। ਮੈਂ ਫੈਸਲਾ ਕਰ ਲਿਆ ਕਿ ਕਿਸੇ ਤੋਂ ਖਾਣ ਪੀਣ ਦੀਆਂ ਵਸਤਾਂ ਮੰਗਣ ਲਈ ਬਸਤੀਆਂ ਵਿਚ ਨਹੀਂ ਜਾਣਾ। ਕੁਝ ਦਿਨਾਂ ਵਿਚ ਹੀ ਮੈਨੂੰ ਭੁੱਖ ਨੇ ਬੇਹਬਲ ਕਰ ਲਿਆ। ਗੰਗਾ ਦਾ ਪਾਣੀ ਪੀ ਕੇ ਹੀ ਮੈਂ ਆਪਣਾ ਨਿਰਬਾਹ ਕਰਦਾ ਸੀ ਤਾਂ ਅਚਾਨਕ ਆਵਾਜ਼ ਆਈ ਕਿ ਗੰਗਾ ਵਿਚ ਇਕ ਪਿਆਲਾ ਪਾਣੀ ਦੇ ਉਤੇ ਰੁੜ੍ਹਿਆ ਆ ਰਿਹਾ ਹੈ ਉਹ ਫੜ ਲੈ, ਉਸ ਵਿਚੋਂ ਤੂੰ ਹਰ ਰੋਜ਼ ਆਪਣੀ ਭੁੱਖ ਨਵਿਰਤ ਕਰ ਲਿਆ ਕਰ। ਉਹ ਪਿਆਲਾ ਮੇਰੇ ਪਾਸ ਆ ਗਿਆ। ਮੈਂ ਉਸ ਵਿਚੋਂ ਜੋ ਵੀ ਇਛਿਆ ਹੁੰਦੀ, ਪ੍ਰਾਥਨਾ ਕਰਕੇ ਮੰਗ ਲੈਂਦਾ ਉਹੋ ਚੀਜ਼ ਮਿਲ ਜਾਂਦੀ। ਹੌਲੀ-ਹੌਲੀ ਮੇਰੇ ਆਲੇ-ਦੁਆਲੇ ਇਕੱਠ ਹੋਣਾ ਸ਼ੁਰੂ ਹੋ ਗਿਆ। ਪ੍ਰਸ਼ਾਦ ਮੇਰੇ ਪਾਸ ਹੈ ਹੀ ਨਹੀਂ ਸੀ ਮੈਂ ਉਸ ਪਿਆਲੇ ਵਿਚੋਂ ਹੀ ਜਿਸ ਚੀਜ਼ ਦੀ ਮੈਨੂੰ ਇਛਿਆ ਹੁੰਦੀ ਮੁੱਠੀ ਭਰ ਕੇ ਦੇ ਦਿੰਦਾ। ਇਸ ਗੱਲ ਦੀ ਚਰਚਾ ਨੇੜੇ-ਤੇੜੇ ਦੇ ਲੋਕਾਂ ਵਿਚ ਫੈਲ ਗਈ ਅਤੇ ਮੇਰੇ ਦੁਆਲੇ ਬਹੁਤ ਹੀ ਇਕੱਠ ਹੋਣਾ ਸ਼ੁਰੂ ਹੋ ਗਿਆ। ਮੈਨੂੰ ਵੀ ਕਾਫੀ ਅਭਿਮਾਨ ਹੋ ਗਿਆ ਕਿ ਮੇਰੇ ਵਿਚ ਕਿੱਡੀ-ਵੱਡੀ ਸ਼ਕਤੀ ਪ੍ਰਵੇਸ਼ ਕਰ ਗਈ ਹੈ ਕਿ ਹਜ਼ਾਰਾਂ ਬੰਦਿਆਂ ਨੂੰ ਪ੍ਰਸ਼ਾਦ ਵੰਡਣ ਉਪਰੰਤ ਪਿਆਲਾ ਖਾਲੀ ਨਹੀਂ ਹੁੰਦਾ। ਸੈਂਕੜੇ ਹਜ਼ਾਰਾਂ ਦੀ ਗਿਣਤੀ ਵਿਚ ਤਮਾਸ਼ਬੀਨ ਲੋਕ ਆ ਕੇ ਬੈਠ ਜਾਇਆ ਕਰਦੇ। ਇਕ ਦਿਨ ਮੇਰੇ ਗੁਰੂ ਜੀ ਆ ਗਏ ਅਤੇ ਕਹਿਣ ਲੱਗੇ, "ਸਵਾਮੀ ਰਾਮ ਜੀ! ਤੂੰ ਰਿਧੀਆਂ-ਸਿੱਧੀਆਂ ਦੇ ਚੱਕਰ ਵਿਚ ਫਸ ਗਿਆ ਹੈਂ, ਇਸ ਪਿਆਲੇ ਨੂੰ ਗੰਗਾ ਵਿਚ ਵਗਾਹ ਕੇ ਮਾਰ ਤੇ ਮੇਰੇ ਨਾਲ ਚਲ।" ਮੇਰੇ ਮਨ ਉਤੋਂ ਮੇਰੇ ਗੁਰੂ ਨੇ ਬੇਮਤਲਬਾ ਪਿਆ ਪਰਦਾ ਦੂਰ ਕਰ ਦਿਤਾ। ਮੈਂ ਨਾਮ ਦਾ ਮਹਾਂਰਸ ਅਨੁਭਵ ਕੀਤਾ। ਉਨ੍ਹਾਂ ਦੇ ਹੁਕਮ ਵਿਚ ਮੈਂ ਸਾਰੀ ਖੇਡ ਇਥੇ ਹੀ ਛੱਡ ਕੇ ਚਲਿਆ ਗਿਆ।

ਸੋ ਇਸ ਤਰ੍ਹਾਂ ਕਈ ਇਸ ਨੂੰ ਕਰਾਮਾਤ ਆਖਣਗੇ, ਕਈ ਰਿੱਧੀ-ਸਿੱਧੀ ਆਖਣਗੇ ਪਰ ਗੁਰੂ ਘਰ ਦੇ ਮਹਾਂਪੁਰਸ਼ਾਂ ਵਿਚ ਇਹ ਦੋਵੇਂ ਚੀਜ਼ਾਂ ਨਹੀਂ ਹੋਇਆ ਕਰਦੀਆਂ, ਉਨ੍ਹਾਂ ਦਾ ਜੀਵਨ ਅਰਦਾਸ ਵਿਚ ਲੰਘਦਾ ਹੈ ਉਹ ਆਪ ਕੁਝ ਵੀ ਨਹੀਂ ਬਣਦੇ। ਅਰਦਾਸ ਦਾ ਸਹਾਰਾ ਲੈਂਦੇ ਹਨ ਅਤੇ ਬਰਕਤਾਂ ਲਈ ਗੁਰੂ ਮਹਾਰਾਜ ਵਲ ਧਿਆਨ ਕਰਦੇ ਹਨ। ਇਸ ਬਾਟੇ ਵਿਚੋਂ ਦੇਗ ਦਾ ਨਾ ਮੁਕਣਾ ਕੋਈ ਕਰਾਮਾਤ ਨਹੀਂ ਸੀ, ਨਾ ਹੀ ਕੋਈ ਰਿਧੀ ਸਿੱਧੀ ਸੀ ਕਿਉਂਕਿ ਮਹਾਂਪੁਰਸ਼ ਰਿਧੀ ਸਿੱਧੀ ਨੂੰ ਪਿਆਰ ਨਹੀਂ ਕਰਦੇ। ਜਿਵੇਂ ਕਿ ਹੁਕਮ ਹੈ -

***ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ॥***
***ਗੁਰ ਸੇਵਾ ਤੇ ਮਨੁ ਨਿਰਮਲੁ ਹੋਵੈ ਅਗਿਆਨੁ ਅੰਧੇਰਾ ਜਾਇ॥***

***ਪੰਨਾ - 593***

ਉਹ ਲੰਗਰ ਤਿਆਰ ਕਰਕੇ ਹਰ ਰੋਜ਼ ਅਰਦਾਸ ਕਰਦੇ ਹਨ ਕਿ ਪਾਤਸ਼ਾਹ! ਲੰਗਰ ਤੇਰਾ ਹੈ ਇਹ ਗੁਰੂ ਨਾਨਕ ਦਾ ਲੰਗਰ ਕਹਾਉਂਦਾ ਹੈ ਅਸੀਂ ਤਾਂ ਇਸ ਵਿਚ ਸੇਵਾਦਾਰ ਹਾਂ। ਤੂੰ ਸਰਬ ਕਲਾਂ ਸਮਰੱਥ ਹੈਂ, ਤੂੰ ਬਖਸ਼ਿਸ਼ ਕਰ, ਬਰਕਤ ਪਾ ਕਿ ਇਹ ਲੰਗਰ ਹਜ਼ਾਰਾਂ ਪ੍ਰੇਮੀਆਂ ਦੇ ਆ ਜਾਣ ਤੇ ਅਤੁੱਟ ਵਰਤਦਾ ਰਹੇ। ਬਾਟੇ ਵਿਚ ਪ੍ਰਸ਼ਾਦ ਦਾ ਵਧ ਜਾਣਾ ਗੁਰੂ ਕੇ ਲੰਗਰ ਵਾਲੇ ਦੀ ਯਾਨਿ ਕਿ ਗੁਰੂ ਨਾਨਕ ਪਾਤਸ਼ਾਹ ਦੀ ਬਖਸ਼ਿਸ਼ ਸੀ। ਬਹੁਤ ਵਾਰੀ ਮਹਾਂਪੁਰਸ਼ ਦਸਿਆ ਕਰਦੇ ਸਨ ਕਿ ਇਨ੍ਹਾਂ ਰਿਧੀਆਂ-ਸਿਧੀਆਂ ਨਾਲ ਅਸਾਨੂੰ

ਕੋਈ ਲਗਾਓ ਨਹੀਂ ਹੈ। ਜੋ ਕੁਝ ਵੀ ਤੁਹਾਨੂੰ ਸ਼ਕਤੀਆਂ ਦੇ ਰੂਪ ਵਿਚ ਨਜ਼ਰ ਆਉਂਦਾ ਹੈ ਇਹ ਸਭ ਨਾਮ ਦੀ ਸੁਤੇ ਸਿਧ ਵਰਤ ਰਹੀ ਬਖਸ਼ਿਸ਼ ਹੈ ਉਹ ਨਾਮ ਦੇ ਮਾਲਕ ਨਾਮੀ ਹੀ ਕਰਦੇ ਹਨ। ਅਸੀਂ ਤਾਂ ਆਪਣੇ ਆਪ ਨੂੰ ਖਤਮ ਕਰਕੇ ਫਿਨਾਹ-ਫਿਲਾਹ ਦੀ ਅਵਸਥਾ ਯਾਨਿ ਕਿ ਅਭੇਦ ਅਵਸਥਾ ਦੇ ਵਿਚ ਵਿਚਰ ਰਹੇ ਹਾਂ, ਆਪਣਾ ਆਪ ਹੀ ਭੁਲੇ ਹੋਏ ਹਾਂ। ਅਸੀਂ ਕੁਝ ਨਹੀਂ ਕਰ ਰਹੇ, ਸਭ ਹੁਕਮ ਹੀ ਵਰਤ ਰਿਹਾ ਹੈ।

ਓਨਾਂ ਦਿਨਾਂ ਵਿਚ ਪੂਰਬਲੇ ਕਰਮਾਂ ਦੇ ਪ੍ਰੇਰੇ ਹੋਏ ਉਹ ਪ੍ਰੇਮੀ ਜਿਨ੍ਹਾਂ ਨੇ ਆਪਣੀ ਮੰਜ਼ਲ ਤੇ ਪਹੁੰਚਣ ਲਈ ਮਨੁੱਖ ਦੇਹੀ ਪ੍ਰਾਪਤ ਕੀਤੀ ਸੀ ਤੱਤ ਬੇਤੇ ਮਹਾਂਪੁਰਸ਼ਾਂ ਦੀ ਸ਼ਰਨ ਵਿਚ ਆ ਰਹੇ ਸਨ ਕਿਉਂਕਿ ਪੂਰਨ ਮਹਾਤਮਾ ਤੋਂ ਬਗੈਰ ਗੁਰੂ ਗ੍ਰੰਥ ਸਾਹਿਬ ਜੀ ਦਾ ਨਿੱਕੇ ਤੋਂ ਨਿੱਕਾ ਸਿਧਾਂਤ ਵੀ ਬੁੱਝਿਆ ਨਹੀਂ ਜਾ ਸਕਦਾ, ਸਮਝਣ ਨੂੰ ਤਾਂ ਪੜ੍ਹੇ ਲਿਖੇ ਗਿਆਨੀ ਪ੍ਰਚਾਰਕ, ਪਾਠੀ, ਕਥਾਕਾਰ, ਟੀਕਾਕਾਰ ਸਮਝ ਲੈਂਦੇ ਹਨ ਪਰ ਬੁੱਝਣ ਵਾਲਾ ਲੱਖਾਂ ਵਿਚੋਂ ਸ਼ਾਇਦ ਇਕ ਹੀ ਨਿਕਲੇ। ਗੁਰੂ ਮਹਾਰਾਜ ਜੀ ਨੇ ਪੜ੍ਹਾਈ ਨੂੰ ਕੋਈ ਮਹਾਨਤਾ ਨਹੀਂ ਦਿਤੀ। ਕੇਵਲ ਪੜ੍ਹੇ ਹੋਏ ਬੰਦੇ ਵਿਚ ਜੇ ਹਉਮੈ ਦਾ ਹਨ੍ਹੇਰਾ ਹੈ ਤਾਂ ਉਹ ਉਸ ਤੋਂ ਉਪਜੇ ਭਰਮ ਦੀ ਜਿਲ੍ਹਣ ਵਿਚ ਫਸਿਆ ਹੋਇਆ ਹੈ। ਜਿਸ ਦੇ ਅੰਦਰੋਂ ਅਜੇ ਕਾਮ ਵਰਗੇ ਮਾਰੂ ਸ਼ਤਰੂ ਅਤੇ ਕ੍ਰੋਧ ਵਰਗੇ ਦੁੰਦਰ, ਖੌਰੂ ਪਾਉਣ ਵਾਲੇ ਮਹਾਂ ਭਿਆਨਕ ਵਿਕਰਾਲ ਰੂਪ ਵਾਲੇ ਜਿੰਨ ਅਤੇ ਲੋਭ, ਮੋਹ, ਅਹੰਕਾਰ ਵਰਗੇ ਅਜਿੱਤ ਸੂਰਮੇ ਅੰਤਸ਼ਕਰਣ ਨੂੰ ਖੌਰੂ ਪਾ ਕੇ ਮਲੀਨ ਕਰ ਰਹੇ ਹਨ ਤਾਂ ਉਹ ਪੜ੍ਹਿਆ ਹੋਇਆ ਬੰਦਾ ਸੰਘਰਸ਼ ਕਰਨ ਦੀ ਥਾਂ ਉਨ੍ਹਾਂ ਨਾਲ ਸਮਝੌਤਾ ਕਰਕੇ ਜੀਵਨ ਬਤੀਤ ਕਰ ਰਿਹਾ ਹੈ ਇਸ ਲਈ ਮਹਾਰਾਜ ਜੀ ਨੇ ਉਸ ਪੜ੍ਹੇ ਹੋਏ ਨੂੰ ਮੂਰਖਾਂ ਦੀ ਲਾਇਨ ਵਿਚ ਖੜ੍ਹਾ ਕੀਤਾ ਹੈ ਜਿਵੇਂ ਕਿ -

***ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ॥ ਪੰਨਾ - 140***

ਲਾਇਬ੍ਰੇਰੀ ਦੀਆਂ ਪੁਸਤਕਾਂ ਪੜ੍ਹ ਦਿਤੀਆਂ, ਸੰਸਾਰ ਵਿਚ ਪੜ੍ਹ ਕੇ ਮਾਣ ਪ੍ਰਾਪਤ ਕੀਤਾ ਪਰ ਆਪਣੀ ਵਿਦਿਆ ਨੂੰ ਵੇਚਣਾ ਸ਼ੁਰੂ ਕਰ ਦਿਤਾ, ਉਹ ਪੜ੍ਹਿਆ ਹੋਇਆ ਕਿਸ ਕੰਮ ਜਿਸ ਨੇ ਇਸ ਸੰਸਾਰ ਦੇ ਭੇਦ ਨੂੰ ਹੀ ਨਹੀਂ ਜਾਣਿਆ? ਰੋਜ਼ੀ ਤਾਂ ਵਾਹਿਗੁਰੂ ਜੀ ਦਿੰਦੇ ਹਨ ਪਰ ਜੇ ਮੋਤੀਆਂ ਨੂੰ ਕੌਡੀਆਂ ਦੇ ਭਾਅ ਵੇਚ ਕੇ ਆਪਣਾ ਰੁਜ਼ਗਾਰ ਦਾ ਸਾਧਨ ਬਣਾਇਆ, ਆਪਣੀ ਕਲਾ ਨੂੰ, ਆਪਣੀ ਕਾਬਲੀਅਤ ਨੂੰ ਮੁੱਲ ਵੇਚਦਾ ਹੈ ਉਹ ਆਸਾ, ਤ੍ਰਿਸ਼ਨਾ, ਵਿਸ਼ਿਆਂ ਦੇ ਘੇਰੇ ਵਿਚ ਬੁਰੀ ਤਰ੍ਹਾਂ ਘਿਰਿਆ ਹੋਇਆ ਹੈ ਤਾਂ ਗੁਰਮਤਿ ਦੇ ਸਿਧਾਂਤ ਅਨੁਸਾਰ ਉਸ ਦੀ ਪੜ੍ਹਾਈ ਕਿਸੇ ਵੀ ਲੇਖੇ ਵਿਚ ਨਹੀਂ ਪੈਂਦੀ ਕਿਉਂਕਿ ਗੁਰੂ ਦੀ ਮਤ ਨੂੰ ਛੱਡ ਕੇ ਆਪਣੇ ਮਨ ਦੀ ਮਤ ਪਿਛੇ ਲੱਗ ਕੇ ਬਿਖ ਬੀਜ ਰਿਹਾ ਹੈ, ਬਿਖ ਖਾ ਰਿਹਾ ਹੈ, ਬਿਖ ਵਿਹਾਝ ਰਿਹਾ ਹੈ ਅਤੇ ਆਪਣਾ ਅਮੁੱਲ ਜਨਮ ਇਕ ਕੌਡੀ ਦੇ ਬਦਲੇ ਗਵਾ ਰਿਹਾ ਹੈ। ਆਸ਼ਾ, ਤ੍ਰਿਸ਼ਨਾ ਰੂਪੀ ਡੈਣਾਂ ਅੰਦਰ ਵਸਦੀਆਂ ਹਨ, ਆਦਮੀ ਨੂੰ ਚੂੰਡ-ਚੂੰਡ ਖਾਂਦੀਆਂ ਹਨ, ਉਹ ਪੜ੍ਹਿਆ ਕਾਹਦਾ ਜਿਹੜਾ ਇਨ੍ਹਾਂ ਡੈਣਾਂ ਤੋਂ ਹੀ ਨਾ ਛੁਟ ਸਕਿਆ। ਗੁਰੂ ਮਹਾਰਾਜ ਨੇ ਮੂਰਖ ਇਸ ਲਈ ਕਿਹਾ ਹੈ ਕਿ ਉਹ ਮਨ ਦੇ ਪਿਛੇ ਲਗ ਕੇ ਉਨ੍ਹਾਂ ਵੈਰੀਆਂ ਨਾਲ ਮਿਤ੍ਰਤਾ ਗੰਢਦਾ ਹੈ ਜਿਨ੍ਹਾਂ ਨੇ ਇਸ ਨੂੰ ਅਰਬਾਂ ਖਰਬਾਂ ਜਨਮਾਂ ਤੋਂ ਦੁਖ ਵਿਚ ਪਾਇਆ ਹੈ ਜਿਵੇਂ ਕਿ ਫੁਰਮਾਨ ਹੈ -

***ਸੰਗਿ ਸਹਾਈ ਸੁ ਆਵੈ ਨ ਚੀਤ॥ ਜੋ ਬੈਰਾਈ ਤਾ ਸਿਉ ਪ੍ਰੀਤਿ॥***
***ਪੰਨਾ - 267***

ਮਨਮੁਖ ਹੋ ਕੇ ਗੁਰੂ ਦੇ ਸਿਧਾਂਤ ਉਪਰ ਕਿੰਤੂ ਕਰਦਾ ਹੈ ਆਪਣੀ ਅਲਪੱਗ ਅਕਲ ਅਤੇ ਤਰਕ ਦੇ ਨਾਲ ਜੀਵਾਂ ਨੂੰ ਗੁਮਰਾਹ ਕਰਦਾ ਹੈ ਅਤੇ ਪੈਸੇ ਦੇ ਕਾਰਨ ਵਿਦਿਆ ਵੇਚਦਾ ਹੈ। ਕਿਤਾਬਾਂ ਲਿਖ-ਲਿਖ ਵੇਚਦਾ ਹੈ ਨਾਮ ਦੀਆਂ ਉਚੀਆਂ ਫਿਲਾਸਫੀਆਂ ਉਨ੍ਹਾਂ ਪੁਸਤਕਾਂ ਵਿਚ ਕਥਨ ਕਰਦਾ ਹੈ। ਉਸ ਦੇ ਜੀਵਨ ਨੂੰ ਗੁਰੂ ਮਹਾਰਾਜ ਜੀ ਨੇ ਧ੍ਰਿਗ ਆਖਿਆ ਹੈ। ਫੁਰਮਾਨ ਹੈ -

***ਧ੍ਰਿਗੁ ਤਿਨਾ ਕਾ ਜੀਵਿਆ ਜਿ ਲਿਖਿ ਲਿਖਿ ਵੇਚਹਿ ਨਾਉ॥***
***ਖੇਤੀ ਜਿਨ ਕੀ ਉਜੜੈ ਖਲਵਾੜੇ ਕਿਆ ਥਾਉ॥***
***ਸਚੈ ਸਰਮ ਬਾਹਰੇ ਅਗੈ ਲਹਹਿ ਨ ਦਾਦਿ॥ ਪੰਨਾ - 1245***

ਜਦੋਂ ਖੇਤ ਹੀ ਉਜਾੜ ਲਿਆ ਫਿਰ ਖਿਲਵਾੜੇ ਵਿਚ ਥਾਉਂ ਕਿਉਂ ਭਾਲਦਾ ਹੈਂ। ਕਿਸਾਨ ਕਣਕ ਬੀਜਦਾ ਹੈ, ਵੱਢਦਾ ਹੈ, ਪਿਛਲੇ ਸਮਿਆਂ ਵਿਚ ਲਿਪ ਕੇ ਪਿੜ ਤਿਆਰ ਕਰਿਆ ਕਰਦਾ ਸੀ, ਉਸ ਨੂੰ ਮੋਗਰੀਆਂ ਨਾਲ ਕੁਟਿਆ ਜਾਂਦਾ ਸੀ ਅਤੇ ਇਸ ਹਾਲਤ ਵਿਚ ਬਣਾ ਲਿਆ ਜਾਂਦਾ ਸੀ ਕਿ ਦਾਣਿਆਂ ਵਿਚ ਮਿੱਟੀ ਦੀ ਇਕ ਵੀ ਡਲੀ ਨਾ ਰਲੇ। ਖੁਲ੍ਹੇ ਥਾਂ ਜਾਂ ਪਿੰਡ ਦੇ ਨੇੜੇ ਆਪਣੇ-ਆਪਣੇ ਥਾਂ ਮਿੱਥ ਕੇ ਖਿਲਵਾੜੇ ਲਾਇਆ ਜਾਇਆ ਕਰਦੇ ਸਨ ਅਤੇ ਆਪਣੀ ਸਹੂਲਤ ਦੇ ਮੁਤਾਬਿਕ ਫਲ੍ਹਾ ਬਣਾ ਕੇ ਲਾਂਗ (ਟਾਂਗਰ) ਵਿਛਾ ਕੇ ਉਤੇ ਫਲ੍ਹਾ ਘੁਮਾਇਆ ਜਾਂਦਾ ਸੀ। ਬਲਦ ਖਿਚਿਆ ਕਰਦੇ ਸਨ ਜਦੋਂ ਫਲ੍ਹੇ ਦੇ ਨਾਲ ਤੂੜੀ ਬਰੀਕ ਹੋ ਜਾਂਦੀ ਤਾਂ ਧੜ ਲਾ ਕੇ ਤੰਗਲੀਆਂ ਲੈ ਕੇ ਉਸ ਧੜ ਨੂੰ ਉਡਾਇਆ ਜਾਂਦਾ। ਹਵਾ ਦੇ ਰੁਖ ਨਾਲ ਤੂੜੀ ਉਡ ਕੇ ਦੂਰ ਚਲੀ ਜਾਂਦੀ ਅਤੇ ਦਾਣੇ ਦੂਸਰੇ ਪਾਸੇ ਜਮ੍ਹਾਂ ਹੁੰਦੇ ਰਹਿੰਦੇ। ਉਨ੍ਹਾਂ ਦਾਣਿਆਂ ਨੂੰ ਛੱਜਾਂ ਵਿਚ ਪਾ ਕੇ ਉਡਾ ਲਿਆ ਜਾਂਦਾ ਫਿਰ ਉਹ ਮੋਤੀਆਂ ਵਰਗੇ ਨਿਕਲੇ ਦਾਣੇ ਸੰਭਾਲੇ ਜਾਇਆ ਕਰਦੇ ਸਨ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਜਿਨ੍ਹਾਂ ਨੇ ਪ੍ਰਭੂ ਦਾ ਨਾਮ ਹੀ ਵੇਚ ਦਿਤਾ, ਪ੍ਰਭੂ ਤੋਂ ਪ੍ਰਾਪਤ ਕੀਤਾ ਅਮੁੱਲ ਗਿਆਨ ਪੈਸਿਆਂ ਦੇ ਬਦਲੇ ਵੇਚ ਦਿਤਾ ਉਨ੍ਹਾਂ ਦੇ ਜੀਵਨ ਨੂੰ ਫਿਟਕਾਰਾਂ ਪੈਂਦੀਆਂ ਹਨ, ਜੇ ਸੌ ਵਾਰੀ ਫਿੱਟੇ ਮੂੰਹ ਕਹੋ ਤਾਂ ਇਕ ਵਾਰੀ ਧ੍ਰਿਗ ਕਿਹਾ ਹੋਇਆ ਬਰਾਬਰ ਹੋ ਜਾਇਆ ਕਰਦਾ ਹੈ ਕਿਉਂਕਿ ਅਜਿਹੇ ਮੂਰਖ ਪ੍ਰਾਣੀਆਂ ਨੇ ਆਪਣੀ ਨਾਮ ਰੂਪੀ ਖੇਤੀ ਉਜਾੜ ਲਈ ਅਤੇ ਖਿਲਵਾੜੇ ਥਾਂ ਮੰਗਦੇ ਫਿਰਦੇ ਹਨ। ਅਕਲ ਇਹ ਨਹੀਂ ਹੋਇਆ ਕਰਦੀ ਕਿ ਵਾਦ ਵਿਵਾਦ ਕਰਕੇ, ਕਿਸੇ ਦੀ ਨਿੰਦਿਆ, ਕਿਸੇ ਦੀ ਉਸਤਤੀ, ਆਪਣੇ ਪੱਖ ਵਿਚ ਗੱਲਾਂ ਕਰਕੇ ਦੂਜੇ ਨੂੰ ਕੁ-ਸ਼ਬਦ ਆਖ ਕੇ ਫੇਰ ਅਕਲਮੰਦ ਬਣਨਾ। ਐਸੀ ਅਕਲ ਨੂੰ ਮਹਾਰਾਜ ਜੀ ਨੇ ਪ੍ਰਵਾਨ ਹੀ ਨਹੀਂ ਕੀਤਾ। ਅਸਲੀ ਅਕਲ ਓਹੀ ਹੈ ਜਿਸ ਅਕਲ ਦੇ ਰਾਹੀਂ ਗੁਰਮਤਿ ਸਿਧਾਂਤ ਨੂੰ ਬੁਝਿਆ ਜਾਂਦਾ ਹੈ ਅਤੇ ਉਸ ਦੇ ਅੰਤਮ ਲਕਸ਼ ਨੂੰ ਪ੍ਰਾਪਤ ਕੀਤਾ ਜਾਵੇ ਉਹ ਅਕਲ ਪ੍ਰਵਾਨ ਹੈ। ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਇਹ ਰਸਤਾ ਗੁਰਮੁਖਾਂ ਦਾ ਹੈ, ਵਾਹਿਗੁਰੂ ਦੇ ਦਰ ਤੇ ਪ੍ਰਵਾਨ ਹੈ, ਨਹੀਂ ਤਾਂ ਇਸ ਅੰਤ੍ਰੀਵੀ ਭਾਵਨਾ ਤੋਂ ਬਿਨਾਂ ਪੜ੍ਹਿਆ ਲਿਖਿਆ ਸ਼ੈਤਾਨੀ ਦੀਆਂ ਗੱਲਾਂ ਕਰਦਾ ਹੋਇਆ ਸ਼ੈਤਾਨ ਦਾ

ਰੂਪ ਹੈ। ਇਸਲਾਮ ਮਤ ਅਨੁਸਾਰ ਸ਼ੈਤਾਨ ਉਸ ਫਰਿਸ਼ਤੇ ਨੂੰ ਆਖਿਆ ਗਿਆ ਹੈ ਜਿਸ ਨੇ ਇਹ ਐਲਾਨ ਕੀਤਾ ਕਿ ਅੱਲਾ ਤਾਲਾਹ! ਮੈਂ ਤੇਰੇ ਮਨੁੱਖ ਨੂੰ ਕਦੇ ਵੀ ਤੇਰੇ ਰਸਤੇ ਨਹੀਂ ਪੈਣ ਦੇਵਾਂਗਾ, ਸਦਾ ਹੀ ਭੁਲ ਵਿਚ ਪਾ ਕੇ ਰਖਾਂਗਾ। ਤੂੰ ਤਾਂ ਇਹ ਫੁਰਮਾਨ ਕੀਤਾ ਹੈ ਕਿ ਮੈਂ ਇਸ ਨੂੰ ਸਿਜਦਾ ਕਰਾਂ ਪਰ ਮੈਂ ਇਸ ਦੀ ਅਕਲ ਉਤੇ ਨਫਸ ਦਾ ਉਹ ਜਾਦੂ ਕਰਾਂਗਾ ਜਿਸ ਕਰਕੇ ਇਹ ਦੋਜਕਾਂ ਦੀ ਅਗਨ ਵਿਚ ਸਦਾ ਹੀ ਜਲਦਾ ਪੁਕਾਰਾਂ ਕਰਦਾ ਰਹੇ। ਆਪ ਦਾ ਫੁਰਮਾਨ ਹੈ –

***ਅਕਲਿ ਏਹ ਨ ਆਖੀਐ ਅਕਲਿ ਗਵਾਈਐ ਬਾਦਿ॥***
***ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨੁ॥***
***ਅਕਲੀ ਪੜਿ੍ ਕੈ ਬੁਝੀਐ ਅਕਲੀ ਕੀਚੈ ਦਾਨੁ॥***
***ਨਾਨਕੁ ਆਖੈ ਰਾਹੁ ਏਹੁ ਹੋਰਿ ਗਲਾਂ ਸੈਤਾਨੁ॥ ਪੰਨਾ – 1245***

ਸੋ ਮੈਂ ਬੇਨਤੀ ਕਰਦਾ ਸੀ ਕਿ ਪੜ੍ਹ-ਪੜ੍ਹ ਕੇ ਲਾਇਬ੍ਰੇਰੀਆਂ ਸਾਰੀਆਂ ਮੁਕਾ ਦਿਤੀਆਂ। ਬੇਅੰਤ ਲਿਖਾਰੀਆਂ ਦੇ ਬਚਨ ਆਪਣੀਆਂ ਡਾਇਰੀਆਂ ਵਿਚ ਅੰਕਿਤ ਕਰ ਲਏ। ਬੇਅੰਤ ਲੋਕਾਂ ਨੂੰ ਸੁਣਾ ਕੇ ਉਥੋਂ ਦਾਦ ਵੀ ਪ੍ਰਾਪਤ ਕੀਤੀ। ਪ੍ਰਭੂ ਨਾਲ ਆਪ ਹੀ ਨਾ ਜੁੜਿਆ ਹੋਣ ਕਰਕੇ ਕਿਸੇ ਨੂੰ ਨਹੀਂ ਜੋੜ ਸਕਦਾ। ਗੁਰੂ ਮਹਾਰਾਜ ਜੀ 'ਆਸਾ ਦੀ ਵਾਰ' ਵਿਚ ਫੁਰਮਾਉਂਦੇ ਹਨ–

***ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ॥***
***ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ॥***
***ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ॥***
***ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ॥ ਪੰਨਾ – 467***

ਐਨਾ ਕੁਛ ਦੱਸ ਕੇ ਆਪ ਨੇ ਨਿਰਨਾ ਕੀਤਾ –

***ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ॥ ਪੰਨਾ – 467***

ਇਹ ਪੜ੍ਹੇ ਹੋਏ ਵਿਹਾਰਕ ਤੇ ਵਪਾਰਕ ਨਜ਼ਰੀਏ ਦੇ ਨਾਲ ਪਹਿਲੇ ਆਚਾਰੀਆਂ ਦੇ ਖਿਆਲ, ਲਿਖਤਾਂ, ਚੋਰੀ ਕਰਕੇ ਆਪਣੇ ਲੇਖ ਤਿਆਰ ਕਰਦੇ ਹਨ ਅਤੇ ਵੱਡੇ-ਵੱਡੇ award (ਇਨਾਮ) ਪ੍ਰਾਪਤ ਕਰਦੇ ਹਨ। ਇਹ ਅਨੁਭਵ ਤੋਂ ਬਿਲਕੁਲ ਕੋਰੇ ਹੋਣ ਕਰਕੇ ਵਾਹਿਗੁਰੂ ਦੇ ਦਰ ਤੇ ਪ੍ਰਵਾਨ ਨਹੀਂ ਹੋ ਸਕਦੇ ਕਿਉਂਕਿ ਇਨ੍ਹਾਂ ਦਾ ਅੰਤ੍ਰੀਵੀ ਰੁਖ ਅਜੇ ਮਨ ਵਲ ਹੈ, ਗੁਰੂ ਵਲ 1% ਵੀ ਨਹੀਂ ਹੋਇਆ ਭਾਵੇਂ ਦਿਨ ਰਾਤ ਗੁਰੂ ਦੇ ਬਚਨ ਕਰਦੇ ਹਨ, ਗੁਰੂ ਦੀ ਸਿਖਿਆ ਦਿੰਦੇ ਹਨ, ਗੁਰੂਆਂ ਦੀ ਬਾਣੀ ਪੜ੍ਹ-ਪੜ੍ਹ ਕੇ ਕਥਾ ਕਰਦੇ ਹਨ ਪਰ ਮਨ ਦੀ ਰੁਚੀ ਮਾਇਆਕਾਰ ਹੋਣ ਕਰਕੇ ਬ੍ਰਹਮਾਕਾਰ ਨਹੀਂ ਹੁੰਦੀ ਅਤੇ ਆਤਮਾ ਨੂੰ ਵਿਸ਼ੇ ਕਰਨ ਵਾਲੀ ਬੁੱਧੀ ਪ੍ਰਾਪਤ ਨਹੀਂ ਹੁੰਦੀ। ਉਨ੍ਹਾਂ ਮਨਮੁਖਾਂ ਦੀ ਵਿਦਿਆ ਨੂੰ ਗੁਰੂ ਮਹਾਰਾਜ ਜੀ ਨੇ ਜ਼ਹਿਰ ਨਾਲ ਤੁਲਨਾ ਦਿਤੀ ਹੈ –

***ਮਨਮੁਖੁ ਬਿਦਿਆ ਬਿਕ੍ਰਦਾ ਬਿਖੁ ਖਟੇ ਬਿਖੁ ਖਾਇ॥***
***ਮੂਰਖੁ ਸਬਦੁ ਨ ਚੀਨਈ ਸੂਝ ਬੂਝ ਨਹ ਕਾਇ॥ ਪੰਨਾ – 938***

ਵਿਦਵਾਨ ਉਸ ਨੂੰ ਗਿਣਿਆ ਜਾਂਦਾ ਹੈ ਜੋ ਸ਼ਾਂਤ ਹੋ ਕੇ ਵਿਦਿਆ ਨੂੰ ਅੰਦਰੋਂ ਸੋਧ ਕੇ ਤੱਤ ਤਕ ਪਹੁੰਚਦਾ ਹੈ ਅਤੇ ਉਸ ਤੱਤ ਵਿਚ ਲਿਵ

ਲਾ ਕੇ ਆਪਣੇ ਆਪੇ ਨੂੰ ਪੂਰੀ ਤਰ੍ਹਾਂ ਨਾਲ ਪ੍ਰਭੂ ਵਿਚ ਮਿਲਾ ਦਿੰਦਾ ਹੈ ਅਤੇ ਆਪ ਕੁਛ ਵੀ ਨਹੀਂ ਰਹਿੰਦਾ। ਉਸ ਨੂੰ ਗੁਰਮਤਿ ਅਨੁਸਾਰ ਪੜ੍ਹਿਆ ਆਖਿਆ ਗਿਆ ਹੈ, ਅਕਲ ਵਾਲਾ ਆਖਿਆ ਗਿਆ ਹੈ –

*ਪਾਧਾ ਗੁਰਮੁਖਿ ਆਖੀਐ ਚਾਟੜਿਆ ਮਤਿ ਦੇਇ॥*
*ਨਾਮੁ ਸਮਾਲਹੁ ਨਾਮੁ ਸੰਗਰਹੁ ਲਾਹਾ ਜਗ ਮਹਿ ਲੇਇ॥*
*ਪੰਨਾ – 938*

ਅਤੇ ਗੁਰੂ ਦੇ ਸਿਧਾਂਤ ਨੂੰ ਜੀਵਨ ਵਿਚ ਘਟਾ ਕੇ ਭਰਮ ਦਾ ਨਾਸ਼ ਕਰਕੇ ਚਲਣ ਵਾਲੀ ਅਭੇਦ ਹਸਤੀ ਗੁਰੂ ਦੇ ਸਿਧਾਂਤ ਨੂੰ ਸੰਸਾਰ ਵਿਚ ਜਗਿਆਸੂਆਂ ਨੂੰ ਪੱਥ ਪ੍ਰਦਰਸ਼ਨ ਕਰਾਉਣ ਲਈ ਮਤ ਦਿੰਦੀ ਹੈ। ਨਾਮ ਸੰਭਾਲਣ ਵਾਲਾ ਤੇ ਨਾਮ ਇਕੱਠਾ ਕਰਨ ਵਾਲਾ ਜਗ ਵਿਚ ਲਾਹਾ ਲੈ ਲੈਂਦਾ ਹੈ। ਆਪਣੇ ਅੰਦਰ ਸੱਚ ਵਿਚ ਸਮਾਈ ਕਰਨ ਵਾਲਾ ਸ਼ਬਦ ਦੇ ਤੱਤ ਨੂੰ ਲੱਭ ਲੈਣ ਵਾਲਾ ਜੋ ਪੜ੍ਹਿਆ ਹੋਇਆ ਹੈ, Ph.D., D.lit ਹੈ ਜਾਂ ਕਹੋ ਪੰਡਤ ਤੇ ਗਿਆਨੀ ਹੈ ਉਹ ਅਸਲ ਪੜ੍ਹਿਆ ਹੋਇਆ ਸਿਆਣਾ ਪੁਰਸ਼ ਹੈ ਜੋ ਹਰ ਵਕਤ ਰਾਮ ਨਾਮ ਵਿਚ ਸਮਾਇਆ ਰਹਿੰਦਾ ਹੈ ਅਤੇ ਮਾਇਆ ਦੇ ਆਵਰਣ ਦਾ ਨਾਸ਼ ਜਿਸ ਦੇ ਧੁਰ ਅੰਦਰੋਂ ਹੋ ਚੁਕਿਆ ਹੁੰਦਾ ਹੈ ਅਤੇ ਜਿਸ ਦਾ ਇਹ ਮਤ ਹੁੰਦਾ ਹੈ –

*ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ॥*
*ਅਨਲ ਅਗਮ ਜੈਸੇ ਲਹਰਿ ਮਇ ਓਦਧਿ*
*ਜਲ ਕੇਵਲ ਜਲ ਮਾਂਹੀ॥* *ਪੰਨਾ – 657*

ਉਸ ਨੂੰ ਪੜ੍ਹਿਆ ਹੋਇਆ ਆਖਿਆ ਜਾ ਸਕੀਦਾ ਹੈ –

*ਪਾਧਾ ਗੁਰਮੁਖਿ ਆਖੀਐ ਚਾਟੜਿਆ ਮਤਿ ਦੇਇ॥*
*ਨਾਮੁ ਸਮਾਲਹੁ ਨਾਮੁ ਸੰਗਰਹੁ ਲਾਹਾ ਜਗ ਮਹਿ ਲੇਇ॥*
*ਸਚੀ ਪਟੀ ਸਚੁ ਮਨਿ ਪੜੀਐ ਸਬਦੁ ਸੁ ਸਾਰੁ॥*
*ਨਾਨਕ ਸੋ ਪੜਿਆ ਸੋ ਪੰਡਿਤੁ ਬੀਨਾ*
*ਜਿਸੁ ਰਾਮ ਨਾਮੁ ਗਲਿ ਹਾਰੁ॥* *ਪੰਨਾ – 938*

ਸੋ ਪੜ੍ਹ-ਪੜ੍ਹ ਕੇ ਭੇਦ ਬੁਝਿਆ ਨਹੀਂ ਜਾਂਦਾ। ਬੁੱਧੀ ਮੰਡਲ ਦੀ ਅਕਲ ਆਮ ਮਨੁੱਖ ਨੂੰ ਪ੍ਰਾਪਤ ਹੈ ਇਹ ਬੁੱਧੀ ਦੀ ਸਮਝ, ਬੁੱਧੀ ਦਾ ਚਾਨਣਾ ਇਕ ਛੋਟੇ ਜਿਹੇ ਦਾਇਰੇ ਵਿਚ ਹੁੰਦਾ ਹੈ ਕਿਉਂਕਿ ਬੁੱਧੀ ਜੜ੍ਹ ਹੋਣ ਕਰਕੇ ਪ੍ਰਕ੍ਰਿਤੀ ਦੀ ਅੰਤਮ ਹੱਦ ਨੂੰ ਪਾਰ ਨਹੀਂ ਕਰ ਸਕਦੀ। ਸੱਚ ਨੂੰ ਬੁਝਣ ਲਈ ਸੱਚ ਦੀ ਖੋਜ ਵਿਚ ਪਿਆਂ ਨਾਮ ਦਾ ਬਲ ਪ੍ਰਾਪਤ ਕਰਕੇ ਬੁੱਧੀ ਦੀ ਘਾੜਤ ਹੁੰਦੀ ਹੈ, ਸੁਰਤ ਮਨ ਤੇ ਮੱਤ ਦੀ ਘਾੜਤ ਹੁੰਦੀ ਹੈ ਅਤੇ ਦੇਵਤਿਆਂ ਦੀ ਬੁੱਧੀ ਪ੍ਰਾਪਤ ਹੋ ਕੇ ਆਤਮ ਵਿਸ਼ਾਇਣੀ ਬੁੱਧੀ ਅੰਤ ਵਿਚ ਪ੍ਰਾਪਤ ਹੋ ਜਾਂਦੀ ਹੈ। ਆਤਮ ਵਿਸ਼ਾਇਣੀ ਬੁੱਧੀ ਅਨੰਤ ਹੈ, ਅਥਾਹ ਹੈ, ਅਗੰਮ ਹੈ, ਅਗੋਚਰ ਹੈ ਇਹ ਅਗੰਮ ਅਗੋਚਰ ਵਿਚ ਅਭੇਦ ਹੋ ਸਕਦਾ ਹੈ। ਇਸ ਅਵਸਥਾ ਨੂੰ ਗੁਰੂ ਮਹਾਰਾਜ ਜੀ ਬੁਝਣਾ ਆਖਦੇ ਹਨ। ਆਮ ਗਿਆਨ ਨਿਜੀ ਤਜਰਬਿਆਂ, ਪ੍ਰਕ੍ਰਿਤੀ ਦੇ ਤਜਰਬਿਆਂ, ਸਿਖਲਾਈ ਤੋਂ ਪ੍ਰਾਪਤ ਹੋ ਜਾਇਆ ਕਰਦਾ ਹੈ ਪਰ ਬੁੱਝਣਾ ਅਕਲ ਤੋਂ ਕ੍ਰੋੜਾਂ ਕੋਹ ਦੂਰ ਹੈ।

***ਕੇਤੇ ਕਹਹਿ ਵਖਾਣ ਕਹਿ ਕਹਿ ਜਾਵਣਾ॥***
***ਵੇਦ ਕਹਹਿ ਵਖਿਆਣ ਅੰਤੁ ਨ ਪਾਵਣਾ॥***
***ਪੜਿਐ ਨਾਹੀ ਭੇਦੁ ਬੁਝਿਐ ਪਾਵਣਾ॥***
***ਖਟੁ ਦਰਸਨ ਕੈ ਭੇਖਿ ਕਿਸੈ ਸਚਿ ਸਮਾਵਣਾ॥ ਪੰਨਾ - 148***

ਸੋ ਜਦੋਂ ਤਕ ਨਾਮ ਦੀ ਮਹਾਨਤਾ ਹਿਰਦੇ ਵਿਚ ਪ੍ਰਗਟ ਨਹੀਂ ਹੁੰਦੀ, ਆਤਮ ਮੰਡਲ ਦੀ ਪ੍ਰਾਪਤੀ ਨਹੀਂ ਹੁੰਦੀ ਉਨੀ ਦੇਰ ਤਕ ਪੁਸਤਕਾਂ ਦੀ ਪੜ੍ਹਾਈ ਨੂੰ ਗੁਰਮਤਿ ਵਿਚ ਪ੍ਰਵਾਨ ਨਹੀਂ ਕੀਤਾ ਗਿਆ। ਇਹ ਇਕ ਪਾਣੀ ਰਿੜਕਣ ਵਾਲੀ ਗੱਲ ਹੈ, ਜਗਿਆਸੂ ਨੂੰ ਘੁੰਮਣ ਘੇਰੀਆਂ ਵਿਚ ਫਸਾਉਣ ਵਾਲੀ ਗੱਲ ਹੈ ਕਿਉਂਕਿ ਉਹ ਆਪ ਭੀ ਅੰਨਾ ਹੈ, ਅੰਨੇ ਦਾ ਦੱਸਿਆ ਰਾਹ ਕਿਸੇ ਮੰਜ਼ਲ ਤੇ ਨਹੀਂ ਪਹੁੰਚਾਉਂਦਾ। ਅੰਨੇ ਨੂੰ ਕਿਸੇ ਮਾਰਗ ਦਾ ਪਤਾ ਨਹੀਂ ਹੁੰਦਾ ਇਸ ਲਈ ਅੰਨੇ ਦਾ ਲੱਗਿਆ ਹੋਇਆ ਸਾਥ ਨੇਤਰ ਵਿਹੂਣ ਹੋ ਕੇ ਭਵਸਾਗਰ ਦੀਆਂ ਅਥਾਹ ਲਹਿਰਾਂ ਵਿਚ ਗੋਤੇ ਖਾ ਕੇ ਆਪਣਾ ਦਮ ਤੋੜਦਾ ਹੈ।

ਸੋ ਮੈਂ ਬੇਨਤੀ ਕਰਦਾ ਸੀ ਕਿ ਤੱਤ ਬੇਤੇ ਮਹਾਂਪੁਰਸ਼ਾਂ ਦੀ ਸੰਗਤ ਤੋਂ ਬਗੈਰ ਸਤਿ ਦੀ ਸੂਝ ਹਿਰਦੇ ਵਿਚ ਨਹੀਂ ਜਾਗਦੀ। ਜੋ ਪ੍ਰਚਲਤ ਵਿਦਿਆ ਦੇ ਬਲ ਕਰਕੇ ਅਨੁਮਾਨ ਲਾਉਂਦਾ ਹੈ ਉਸ ਦੇ ਸਾਰੇ ਅਨੁਮਾਨ ਅਧੂਰੇ ਹੁੰਦੇ ਹਨ। ਗੁਰੂ ਨਾਨਕ ਪਾਤਸ਼ਾਹ ਨੇ ਸਿੱਖੀ ਦਾ ਪ੍ਰਮ ਸਿਧਾਂਤ ਜਿਸ ਦੀ ਵਿਆਖਿਆ ਪੂਰੇ ਗੁਰੂ ਗ੍ਰੰਥ ਸਾਹਿਬ ਜੀ ਵਿਚ ਕੀਤੀ ਹੈ ਜਿਸ ਨੂੰ ਪ੍ਰਾਪਤ ਕਰਨ ਲਈ ਸੰਪੂਰਨ ਗੁਰੂ ਗ੍ਰੰਥ ਸਾਹਿਬ ਜੀ ਵਿਚ ਮਾਰਗ ਦਰਸ਼ਨ ਕੀਤਾ ਗਿਆ ਹੈ। ਉਹ ਪੂਰਨ ਤੱਤ ਬੇਤੇ ਮਹਾਂਪੁਰਸ਼ਾਂ ਦੀ ਦਿਆਲਤਾ ਤੋਂ ਬਿਨਾਂ ਬੁੱਝਣਾ ਅਤੀ ਕਠਿਨ ਹੈ। ਜਾਣਦੇ ਅਸੀਂ ਸਾਰੇ ਹਾਂ ਪਰ ਬੁੱਝਣ ਵਾਲਾ ਕ੍ਰੋੜਾਂ ਵਿਚ ਸ਼ਾਇਦ ਇਕ ਹੀ ਹੋਵੇ ਉਹ ਹੈ -

***ਆਦਿ ਸਚੁ ਜੁਗਾਦਿ ਸਚੁ॥***
***ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥ ਪੰਨਾ - 1***

ਅਤੇ ਵਿਦਵਾਨ ਇਸ ਸੱਚ ਨੂੰ truth ਕਰਕੇ ਲਿਖਦੇ ਹਨ ਸੱਚ ਅਤੇ truth ਦਾ ਅਰਬਾਂ ਮੀਲਾਂ ਦਾ ਫਾਸਲਾ ਹੈ। truth ਅਤੇ ਝੂਠ ਦੋ ਪੱਖ ਹਨ ਇਹ ਇਕ ਦੁਵੰਧ ਹੈ ਝੂਠ ਦੇ ਵਿਪਰੀਤ truth ਹੁੰਦਾ ਹੈ ਪਰ ਇਹ ਸਤਿ ਦੀ ਹਸਤੀ ਤਕ ਨਹੀਂ ਪਹੁੰਚਦਾ। ਇਹ ਮਨੁੱਖ ਦੀ ਬੁੱਧੀ ਦੀ ਕਿਰਤ ਹੈ ਪਰ ਜੋ ਸੱਚ ਹੈ ਉਹ being (ਹਸਤੀ) ਹੈ, ਉਸ ਦਾ ਨਾਮ ਸਤਿ ਹੈ ਉਸ ਵਿਚ ਅਨੰਤ ਸ਼ਕਤੀਆਂ ਹਨ ਅਗੰਮ ਤੇ ਅਗੋਚਰ ਹੋਣ ਕਰਕੇ ਉਸ ਸੱਚ being (ਹਸਤੀ) ਤਕ ਅਸੀਂ ਨਹੀਂ ਪਹੁੰਚ ਸਕਦੇ, ਵਿਦਵਾਨ ਉਸ ਨੂੰ truth ਇਸ ਵਾਸਤੇ ਆਖਦੇ ਹਨ ਕਿ ਜਾਂ ਤਾਂ ਉਨ੍ਹਾਂ ਨੂੰ ਸਤਿ ਦਾ ਅਨੁਭਵ ਨਹੀਂ ਹੈ ਜਾਂ ਉਨ੍ਹਾਂ ਕੋਲ ਵਿਦੇਸ਼ੀ ਜ਼ੁਬਾਨ ਵਿਚ ਅੱਖਰ ਨਹੀਂ ਜਿਸ ਨਾਲ ਉਹ ਸਤਿਨਾਮ ਦੀ ਵਿਆਖਿਆ ਕਰ ਸਕਦੇ ਹੋਣ। Truth ਇਕ ਕਰਤੱਵ ਹੈ ਜੋ ਉਚੇ ਮਨੁੱਖ ਨੇ ਅਪਣਾਇਆ ਹੁੰਦਾ ਹੈ ਇਸ Truth ਵਿਚ ਸਤਿ ਚਿਤ ਅਨੰਦ ਅਤੇ ਪਿਆਰ ਦੀ ਕੋਈ ਅੰਸ ਨਹੀਂ ਹੁੰਦੀ ਇਹ ਅੰਸ ਕੇਵਲ, ਸਤਿ (being) ਵਿਚ ਹੀ ਹੈ। ਸਤਿ ਅਨੰਤ ਪਸਾਰੇ ਦਾ ਮੂਲ ਹੈ। ਉਹ ਆਪ ਹੀ ਇਕ ਤੋਂ ਅਨੇਕ ਹੋਇਆ ਹੋਇਆ ਹੈ। ਇਸ ਵਿਚ ਦੂਜੇ ਦਾ ਕੋਈ ਥਾਂ ਨਹੀਂ। ਅਸੀਂ ਖੰਡਾਂ ਨੂੰ ਵੇਖਦੇ ਹਾਂ ਉਹ ਵੀ ਸਤਿ ਤੋਂ ਬਿਨਾਂ ਹੋਰ ਕੁਝ ਨਹੀਂ। ਜੇ ਅਸੀਂ

ਬ੍ਰਹਿਮੰਡਾਂ ਨੂੰ ਦੇਖਦੇ ਹਾਂ ਉਹ ਵੀ ਸਤਿ ਤੋਂ ਬਿਨਾਂ ਹੋਰ ਕੁਝ ਨਹੀਂ, ਜੇ ਖਾਲੀ ਆਕਾਸ਼ ਨੂੰ ਵੇਖਦੇ ਹਾਂ ਤਾਂ ਉਹ ਵੀ ਸਤਿ ਤੋਂ ਬਿਨਾਂ ਹੋਰ ਕੋਈ ਚੀਜ਼ ਨਹੀਂ। ਜੋ ਕੁਝ ਵੀ ਦ੍ਰਿਸ਼ਟਮਾਨ ਹੁੰਦਾ ਹੈ ਉਹ ਸਤਿ ਹੀ ਹੈ-

*ਆਪਿ ਸਤਿ ਕੀਆ ਸਭੁ ਸਤਿ॥*
*ਤਿਸੁ ਪ੍ਰਭ ਤੇ ਸਗਲੀ ਉਤਪਤਿ॥*
*ਤਿਸੁ ਭਾਵੈ ਤਾ ਕਰੇ ਬਿਸਥਾਰੁ॥*
*ਤਿਸੁ ਭਾਵੈ ਤਾ ਏਕੰਕਾਰੁ॥*
*ਅਨਿਕ ਕਲਾ ਲਖੀ ਨਹ ਜਾਇ॥*
*ਜਿਸੁ ਭਾਵੈ ਤਿਸੁ ਲਏ ਮਿਲਾਇ॥*
*ਕਵਨ ਨਿਕਟਿ ਕਵਨ ਕਹੀਐ ਦੂਰਿ॥*
*ਆਪੇ ਆਪਿ ਆਪ ਭਰਪੂਰਿ॥*
*ਅੰਤਰਗਤਿ ਜਿਸੁ ਆਪਿ ਜਨਾਏ॥*
*ਨਾਨਕ ਤਿਸੁ ਜਨ ਆਪਿ ਬੁਝਾਏ॥* *ਪੰਨਾ - 294*

ਇਸ ਤੋਂ ਅੱਗੇ ਗੁਰੂ ਮਹਾਰਾਜ ਜੀ ਹੋਰ ਫੁਰਮਾਨ ਕਰਦੇ ਹਨ-

*ਸਰਬ ਭੂਤ ਆਪਿ ਵਰਤਾਰਾ॥*
*ਸਰਬ ਨੈਨ ਆਪਿ ਪੇਖਨਹਾਰਾ॥*
*ਸਗਲ ਸਮਗ੍ਰੀ ਜਾ ਕਾ ਤਨਾ॥*
*ਆਪਨ ਜਸੁ ਆਪ ਹੀ ਸੁਨਾ।।* *ਪੰਨਾ - 294*

ਸੋ ਇਸ ਤਰ੍ਹਾਂ ਨਾਲ ਇਕ ਹੀ ਅਨੇਕ ਹੋ ਕੇ ਪਸਰ ਰਿਹਾ ਹੈ ਅਕਲ ਨਾਲ ਤਾਂ ਅਸੀਂ ਜਾਣ ਜਾਵਾਂਗੇ ਕੋਈ ਔਖੀ ਗੱਲ ਨਹੀਂ, ਇਸ ਉਪਰ ਵੱਡੇ-ਵੱਡੇ ਭਾਸ਼ਣ ਵੀ ਲਿਖ ਦੇਵਾਂਗੇ ਪਰ ਅਸਾਡੀ ਵਖਰੀ ਹਸਤੀ ਜੋ ਹਉਮੈ ਦੇ ਬਲਪੋਤੇ ਤੇ ਕਾਇਮ ਹੋਈ ਹੋਈ ਹੈ ਉਹ ਕਿਸੇ ਤਰ੍ਹਾਂ ਵੀ ਲੀਨ ਨਹੀਂ ਹੋ ਸਕਦੀ। ਮਹਾਰਾਜ ਜੀ ਫੁਰਮਾਨ ਕਰਦੇ ਹਨ -

*ਸਤਿ ਕਰਮੁ ਜਾ ਕੀ ਰਚਨਾ ਸਤਿ॥*
*ਮੂਲੁ ਸਤਿ ਸਤਿ ਉਤਪਤਿ॥*
*ਸਤਿ ਕਰਣੀ ਨਿਰਮਲ ਨਿਰਮਲੀ॥*
*ਜਿਸਹਿ ਬੁਝਾਏ ਤਿਸਹਿ ਸਭ ਭਲੀ।।*
*ਸਤਿ ਨਾਮੁ ਪ੍ਰਭ ਕਾ ਸੁਖਦਾਈ॥*
*ਬਿਸ੍ਵਾਸੁ ਸਤਿ ਨਾਨਕ ਗੁਰ ਤੇ ਪਾਈ॥* *ਪੰਨਾ - 284*

ਅਤੇ ਹੋਰ ਫੁਰਮਾਉਂਦੇ ਹਨ -

*ਆਪਿ ਸਤਿ ਕੀਆ ਸਭੁ ਸਤਿ॥*
*ਆਪੇ ਜਾਨੈ ਅਪਨੀ ਮਿਤਿ ਗਤਿ॥*
*ਜਿਸ ਕੀ ਸ੍ਰਿਸਟਿ ਸੁ ਕਰਣੈਹਾਰੁ॥*
*ਅਵਰ ਨ ਬੂਝਿ ਕਰਤ ਬੀਚਾਰੁ॥* *ਪੰਨਾ - 284*

ਸੋ ਇਸ ਤਰ੍ਹਾਂ ਇਸ ਸਤਿ ਨੂੰ truth ਲਿਖਣਾ, truth ਕਹਿਣਾ ਇਸ

ਭਾਵ ਤੋਂ ਦੂਰ ਰਖਦਾ ਹੈ। ਅੰਗ੍ਰੇਜ਼ੀ ਜ਼ੁਬਾਨ ਅਧਿਆਤਮਵਾਦ ਤੋਂ ਬਿਲਕੁਲ ਕੌਂਗੀ ਹੈ ਇਸ ਰਾਹੀਂ ਅਸੀਂ ਸਤਿ ਦੀ ਵਿਆਖਿਆ ਕਿਸੇ ਤਰ੍ਹਾਂ ਵੀ ਨਹੀਂ ਕਰ ਸਕਦੇ। ਸੋ ਇਸ ਸਿਧਾਂਤ ਨੂੰ ਬੁਝਣਾ ਤੱਤ ਬੇਤੇ ਮਹਾਂਪੁਰਸ਼ਾਂ ਦੀ ਸੰਗਤ ਦੀ ਪ੍ਰਾਪਤੀ ਤੋਂ ਬਿਨਾਂ ਗਿਆਨੀਆਂ ਦੇ ਹਿੱਸੇ ਨਹੀਂ ਆਇਆ ਕਰਦਾ ਕਿਉਂਕਿ ਗਿਆਨੀ ਦੀ ਦ੍ਵੈਤ ਕਦੇ ਵੀ ਨਹੀਂ ਮਰਦੀ ਉਹ ਪੜ੍ਹ-ਪੜ੍ਹ ਕੇ ਲੋਕਾਂ ਨੂੰ ਸੁਣਾਉਣ ਦੀ ਤਾਂ ਬੜੀ ਮਹਾਰਤ ਰਖਦਾ ਹੈ ਪਰ ਆਪ ਸਤਿ ਦੇ ਪ੍ਰਕਾਸ਼ ਤੋਂ ਅਛੋਹ ਹੈ। ਆਵਰਨ ਵਿਚ ਵਸਦਾ ਹੋਇਆ ਜੀਵ ਭਰਮ ਦੇ ਪਰਦੇ ਨਹੀਂ ਤੋੜ ਸਕਿਆ ਕਰਦਾ। ਗੁਰੂ ਦੀ ਕ੍ਰਿਪਾ ਨਾਲ ਜਦੋਂ ਆਪਾ ਚੀਨਦਾ ਹੈ ਫੇਰ ਇਹ ਭਰਮ ਦੀ ਕਾਈ ਮਿਟਦੀ ਹੈ ਫਿਰ ਪ੍ਰਤੱਖ ਦੇਖਦਾ ਹੈ -

***ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ॥***
***ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ॥***
***ਬਾਹਰਿ ਭੀਤਰਿ ਏਕੋ ਜਾਨਹੁ ਇਹੁ ਗੁਰ ਗਿਆਨੁ ਬਤਾਈ॥***
***ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ॥***
***ਪੰਨਾ - 684***

ਸੋ ਇਸ ਤਰ੍ਹਾਂ ਬਹੁਤ ਸਾਰੇ ਜਗਿਆਸੂ ਜਿਨ੍ਹਾਂ ਦੇ ਪੂਰਬਲੇ ਕਰਮ ਪੁੰਨ ਦੇਣ ਵਾਸਤੇ ਤਤਪਰ ਹੋ ਚੁਕੇ ਸਨ ਉਹ ਤੱਤ ਬੇਤੇ ਮਹਾਂਪੁਰਸ਼ ਸੰਤ ਮਹਾਰਾਜ ਸ੍ਰੀ 108 ਸੰਤ ਈਸ਼ਰ ਸਿੰਘ ਜੀ ਮਹਾਰਾਜ ਦੀ ਤਪੋ ਭੂਮੀ ਵਿਚ ਆ ਕੇ ਸਤਿ ਦੀ ਖੋਜ ਵਿਚ ਜੁਟ ਗਏ। ਉਨ੍ਹਾਂ ਨੂੰ ਸੰਸਾਰ ਭੁਲ ਗਿਆ, ਖਾਣ ਪੀਣ ਦੇ ਸਵਾਦ ਵਿਸਰ ਗਏ। ਇਕ ਤਤਕਿਸ਼ਾ ਹੀ ਉਨ੍ਹਾਂ ਦਾ ਜੀਵਨ ਬਣ ਗਈ। ਸਿਆਲ ਹੋਵੇ ਜਾਂ ਹਾੜ ਹੋਵੇ, ਠੰਢੀ ਹਵਾ ਚਲਦੀ ਹੋਵੇ ਜਾਂ ਅਤਿ ਦੀਆਂ ਗਰਮ ਲੋਆਂ ਚਲਦੀਆਂ ਹੋਣ ਉਨ੍ਹਾਂ ਦੇ ਜੀਵਨ ਸੰਗਰਾਮ ਵਿਚ ਕੋਈ ਫਰਕ ਨਹੀਂ ਪਾ ਰਹੀਆਂ ਸਨ। ਉਨ੍ਹਾਂ ਨੇ ਇਕ ਵਜੇ ਉਠਣਾ, ਪਹਿਲਾਂ-ਪਹਿਲਾਂ, ਨਾਲ ਚਲਦੀ ਨਹਿਰ ਵਿਚ ਇਸ਼ਨਾਨ ਕਰਨਾ ਅਤੇ ਉਸ ਦੇ ਕੰਢੇ ਉਪਰ ਹੀ ਦਿਨ ਚੜ੍ਹੇ ਤਕ ਗੁਰਮੰਤ੍ਰ ਦੇ ਬਲ ਨਾਲ ਅੰਦਰ ਦੀ ਖੋਜ ਕਰਨਾ ਅਤੇ ਸੁਰਤਾਂ ਨੇ ਅਨਹਦ ਸ਼ਬਦ ਅਤੇ ਬੇਅੰਤ ਕਿਸਮ ਦੇ ਪ੍ਰਕਾਸ਼ਾਂ ਦੇ ਅਨੁਭਵ ਪ੍ਰਾਪਤ ਕਰਨੇ, ਬਹੁਤਿਆਂ ਦੇ ਅੰਦਰ ਜੋਤ ਦਾ ਪ੍ਰਕਾਸ਼ ਹੋ ਗਿਆ ਅਤੇ ਸੰਸਾਰੀ ਬੁੱਧੀ ਪਲਟ ਕੇ ਆਤਮ ਵਿਸ਼ਾਇਣੀ ਬੁੱਧੀ ਬਣ ਗਈ। ਮਹਾਂਪੁਰਸ਼ਾਂ ਨੇ ਸਮੇਂ-ਸਮੇਂ ਇਸ ਸਤਿ ਦਾ ਨਿਰਨਾ ਕਰਨਾ ਅਤੇ ਜਗਿਆਸੂਆਂ ਦੇ ਸੰਸੇ ਨਵਿਰਤ ਕਰਕੇ ਉਨ੍ਹਾਂ ਦੇ ਅਨੁਭਵ ਵਿਚ ਪ੍ਰਕਾਸ਼ ਦੀ ਜੋਤ ਜਗਾਉਣੀ। ਇਸ ਮਹਾਨ ਘਾਲ ਦੀ ਮਹਿਮਾ ਸੰਸਾਰ ਭਰ ਵਿਚ ਪਸਰ ਗਈ ਉਸ ਸਮੇਂ ਐਸੀਆਂ ਅੰਤਰੀਵ ਰੂਹਾਨੀ ਸ਼ਕਤੀਆਂ ਪ੍ਰਤੱਖ ਰੂਪ ਵਿਚ ਭਾਸਣ ਲੱਗੀਆਂ। ਜਦੋਂ ਮਹਾਂਪੁਰਸ਼ਾਂ ਨੇ ਸੂਰਜ ਛਿਪਦੇ ਨਾਲ ਹੀ ਕੀਰਤਨ ਸ਼ੁਰੂ ਕਰਕੇ ਸੂਰਜ ਚੜ੍ਹਦੇ ਤਕ ਸਾਰੀ ਰਾਤ ਖੜ੍ਹੇ ਹੋ ਕੇ ਕੀਰਤਨ ਕਰਨਾ ਤਾਂ ਸਰੋਤਿਆਂ ਦੇ ਰੋਮ-ਰੋਮ ਵਿਚ ਕੋਈ ਅਕਹਿ ਰਸ ਭਰ ਜਾਣਾ ਅਤੇ ਪਾਪਾਂ ਦੇ ਸਮੂੰਹ ਸਰੀਰ ਨੂੰ ਛੱਡ ਕੇ ਨੱਠਦੇ ਪ੍ਰਤੀਤ ਦੇਣੇ। ਆਪ ਦੀ ਅਵਾਜ਼ ਵਿਚ ਐਨਾ ਜ਼ੋਰ ਸੀ ਕਿ ਉਹ ਸਰੀਰ ਦੇ ਰੋਮ-ਰੋਮ ਵਿਚੋਂ ਪਾਰ ਹੁੰਦੀ ਅਨੁਭਵ ਹੋਣੀ। ਬਹੁਤ ਸਮਾਂ ਲੰਘਣ ਤੋਂ ਪਿਛੋਂ ਮੈਨੂੰ ਪਤਾ ਲੱਗਿਆ ਕਿ ਇਹ ਅਵਾਜ਼ magnetic (ਮਿਕਨਾਤੀਸੀ)

ਲਹਿਰਾਂ ਦੇ ਵਿਚ ਪੂਰੀ ਤਰ੍ਹਾਂ ਗੜੂੰਦ ਹੁੰਦੀ ਹੈ। ਉਸ ਵਿਚ ਐਨਾ ਜ਼ੋਰ ਹੁੰਦਾ ਹੈ ਕਿ ਉਹ ਸਰੋਤਿਆਂ ਦੇ ਅੰਦਰੋਂ ਬਜਰ ਕਪਾਟ ਤੋੜਦੀ ਪ੍ਰਤੀਤ ਦਿੰਦੀ ਹੈ। ਇਸੇ ਅਵਾਜ਼ ਨੂੰ ਸੁਣ ਕੇ ਬੇਅੰਤ ਸੰਗਤਾਂ ਆਪਣਾ ਤਨ ਮਨ ਧਨ ਉਸੇ ਢੱਕੀ ਵਿਚ ਤਪ ਕਰ ਰਹੇ ਮਹਾਨ ਤਪਸਵੀ ਦੇ ਚਰਨਾਂ ਵਿਚ ਭੇਟ ਕਰ ਦਿੰਦੇ ਸਨ। ਜੇ ਅੱਜ ਉਨ੍ਹਾਂ ਦਿਨਾਂ ਦੀ ਗੱਲ ਕੀਤੀ ਜਾਵੇ ਤਾਂ ਉਸ ਦੇ ਅੰਸ ਵਜੋਂ ਕਹਿਣ ਸੁਣਨ ਨੂੰ ਕੁਝ ਵੀ ਨਹੀਂ ਕੇਵਲ ਹੰਝੂਆਂ ਦੀ ਧਾਰ ਵਹਿ ਤੁਰਦੀ ਹੈ। ਇਹ ਮਹਾਨ ਤਪਸਵੀ ਦਿਨੋ-ਦਿਨ ਅਕਾਸ਼ਾਂ ਵਰਗੀ ਉਚਾਈ ਵਿਚ ਉਚਾ ਉਠਦਾ ਗਿਆ ਅਤੇ ਬੇਅੰਤ ਸੰਗਤਾਂ ਨੂੰ ਆਪਣੇ ਪਿਆਰ ਵਿਚ ਜੋੜ ਕੇ ਜੀਵ ਭਾਵ ਤੋਂ ਚੁਕ ਕੇ ਆਤਮ ਮੰਡਲ ਵਿਚ ਪਹੁੰਚਾਉਂਦਾ ਗਿਆ। ਇਥੇ ਮੈਂ ਇਕ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਅਸੀਂ ਅਗਿਆਨਤਾ ਨਾਲ ਇਹ ਕਹਿ ਦਿੰਦੇ ਹਾਂ ਕਿ ਸੰਤ ਗੁਰੂ ਨਾਨਕ ਦੇਵ ਨਾਲ ਨਹੀਂ ਜੋੜਦੇ ਪਰ ਆਪਣੇ ਨਾਲ ਜੋੜਦੇ ਹਨ। ਇਹ ਸਾਡਾ ਪੂਰੀ ਤਰ੍ਹਾਂ ਨਾਲ ਅਣਜਾਣਪੁਣਾ ਹੈ। ਅਸੀਂ ਵਿਚਾਰ ਤੋਂ ਹੀਣੇ ਹੋ ਕੇ ਇਹ ਗੱਲ ਆਖਦੇ ਹਾਂ। ਇਸ ਦਾ ਮੁਖ ਕਾਰਨ ਇਹ ਹੈ ਕਿ ਅਸੀਂ ਨਹੀਂ ਸਮਝਦੇ ਕਿ ਸੰਤ ਕੀ ਹੁੰਦਾ ਹੈ, ਸੰਤ ਨੂੰ ਅਸੀਂ ਉਸ ਦੇ ਰੱਖੇ ਹੋਏ ਮਾਂ-ਬਾਪ ਦੇ ਨਾਮ ਨਾਲ ਅਤੇ ਉਸ ਦੇ ਪ੍ਰਾਪਤ ਹੋਏ ਸਰੀਰ ਨਾਲ ਜੁੜਿਆ ਜਾਣ ਕੇ ਵਖਰੀ ਹਸਤੀ ਜਾਣਦੇ ਹਾਂ ਪਰ ਜਦੋਂ ਗੁਰੂ ਮਹਾਰਾਜ ਜੀ ਨੂੰ ਅਸੀਂ ਪੁਛਦੇ ਹਾਂ ਕਿ ਆਪ ਨਿਰਨਾ ਕਰੋ ਕਿ ਸੰਤ ਕੀ ਹੁੰਦਾ ਹੈ? ਤਾਂ ਆਪ ਦਾ ਫੁਰਮਾਨ ਹੈ -

***ਸੰਤ ਅਨੰਤਹਿ ਅੰਤਰੁ ਨਾਹੀ॥*** ***ਪੰਨਾ - 486***

***ਜਿਨਾ ਨਾ ਵਿਸਰੈ ਨਾਮੁ ਸੇ ਕਿਨੇਹਿਆ॥***
***ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ॥*** ***ਪੰਨਾ - 397***

***ਆਤਮ ਰਸ ਜਿਹ ਜਾਨਹੀ, ਸੋ ਹੈ ਖ਼ਾਲਸ ਦੇਵ॥***
***ਪ੍ਰਭ ਮਹਿ, ਮੋ ਮਹਿ, ਤਾਸ ਮਹਿ, ਰੰਚਕ ਨਾਹਨ ਭੇਵ॥***
***ਸਰਬ ਲੋਹ ਗ੍ਰੰਥ***

ਅਸੀਂ ਗੁਰੂ ਨਾਨਕ ਪਾਤਸ਼ਾਹ ਨੂੰ ਵਾਹਿਗੁਰੂ ਜੀ ਤੋਂ ਅੱਡ ਜਾਣ ਕੇ ਇਕ ਵੱਖਰੀ ਹਸਤੀ ਗਿਣਦੇ ਹਾਂ ਇਹ ਸਾਡੀ ਬਹੁਤ ਵੱਡੀ ਭੁੱਲ ਹੈ। ਗੁਰੂ ਸਦਾ-ਸਦਾ ਤੋਂ ਪ੍ਰਮੇਸ਼ਰ ਦੀ ਜੋਤ ਹੋਇਆ ਕਰਦਾ ਹੈ। ਗੁਰੂ ਅਤੇ ਪ੍ਰਮੇਸ਼ਰ ਵਿਚ ਕੋਈ ਵੀ ਫਰਕ ਗਿਣਨਾ ਆਪਣੀ ਮਨਮਤਿ ਹੋਇਆ ਕਰਦੀ ਹੈ। ਜਦੋਂ ਅਸੀਂ ਸਤਿਗੁਰੂ ਪਦਵੀ ਵਿਚਾਰਦੇ ਹਾਂ ਗੁਰੂ ਗ੍ਰੰਥ ਸਾਹਿਬ ਜੀ ਦਾ ਫੁਰਮਾਨ ਹੈ ਕਿ -

***ਬ੍ਰਹਮੁ ਬਿੰਦੇ ਸੋ ਸਤਿਗੁਰੁ ਕਹੀਐ***
***ਹਰਿ ਹਰਿ ਕਥਾ ਸੁਣਾਵੈ॥***
***ਤਿਸੁ ਗੁਰ ਕਉ ਛਾਦਨ ਭੋਜਨ ਪਾਟ ਪਟੰਬਰ***
***ਬਹੁ ਬਿਧਿ ਸਤਿ ਕਰਿ ਮੁਖਿ ਸੰਚਹੁ***
***ਤਿਸੁ ਪੁੰਨ ਕੀ ਫਿਰਿ ਤੋਟਿ ਨ ਆਵੈ॥***
***ਸਤਿਗੁਰੁ ਦੇਉ ਪਰਤਖਿ ਹਰਿ ਮੂਰਤਿ***

***ਜੋ ਅੰਮ੍ਰਿਤ ਬਚਨ ਸੁਣਾਵੈ॥*** ***ਪੰਨਾ - 1264***

***ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ***
***ਇਕ ਵਸਤੁ ਅਨੂਪ ਦਿਖਾਈ॥***
***ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ***
***ਨਾਨਕ ਭੇਦ ਨ ਭਾਈ॥*** ***ਪੰਨਾ - 442***

ਸੋ ਗੁਰੂ ਪੂਰਾ ਨਰਾਇਣ ਹੀ ਹੋਇਆ ਕਰਦਾ ਹੈ -

***ਗੁਰ ਗੋਬਿੰਦ ਗੋਪਾਲ ਗੁਰ ਗੁਰ ਪੂਰਨ ਨਾਰਾਇਣਹ॥***
***ਗੁਰ ਦਇਆਲ ਸਮਰਥ ਗੁਰ***
***ਗੁਰ ਨਾਨਕ ਪਤਿਤ ਉਧਾਰਣਹ॥*** ***ਪੰਨਾ - 710***

ਅਤੇ ਫਿਰ ਫੁਰਮਾਨ ਹੈ -

***ਨਾਨਕ ਸੋਧੇ ਸਿੰਮ੍ਰਿਤਿ ਬੇਦ॥***
***ਪਾਰਬ੍ਰਹਮ ਗੁਰ ਨਾਹੀ ਭੇਦ॥*** ***ਪੰਨਾ - 1142***

ਇਸੇ ਤਰ੍ਹਾਂ ਨਾਲ -

***ਪਾਰਬ੍ਰਹਮੁ ਪ੍ਰਮੇਸਰੁ ਅਨੂਪੁ॥***
***ਸਫਲ ਮੂਰਤਿ ਗੁਰੁ ਤਿਸ ਕਾ ਰੂਪੁ॥*** ***ਪੰਨਾ - 1152***

***ਸਤਿਗੁਰ ਜੇਵਡੁ ਅਵਰੁ ਨ ਕੋਇ॥***
***ਗੁਰੁ ਪਾਰਬ੍ਰਹਮੁ ਪਰਮੇਸਰੁ ਸੋਇ॥*** ***ਪੰਨਾ - 1271***

***ਗੁਰ ਕੀ ਮਹਿਮਾ ਕਿਆ ਕਹਾ ਗੁਰੁ ਬਿਬੇਕ ਸਤ ਸਰੁ॥***
***ਓਹੁ ਆਦਿ ਜੁਗਾਦੀ ਜੁਗਹ ਜੁਗੁ ਪੂਰਾ ਪਰਮੇਸਰੁ॥ ਪੰਨਾ - 397***

ਇਨ੍ਹਾਂ ਗੁਰ ਬਚਨਾਂ ਦੇ ਹੁੰਦਿਆਂ ਅਸੀਂ ਗੁਰੂ ਦੀ ਹਸਤੀ ਨੂੰ ਵੱਖਰਾ ਨਾਮ ਦੇ ਕੇ ਦ੍ਵੈਤ ਪੈਦਾ ਕਰਦੇ ਹਾਂ। ਗੁਰੂ, ਪਾਤਸ਼ਾਹ ਆਪ ਹੀ ਹੋਇਆ ਕਰਦਾ ਹੈ। ਦੂਜੇ ਪਾਸੇ ਮਹਾਂਪੁਰਸ਼ਾਂ ਵਿਚ ਆਪੇ ਦਾ ਨਾਮ ਨਿਸ਼ਾਨ ਹੀ ਨਹੀਂ ਬਚਿਆ ਹੁੰਦਾ ਹੈ। ਉਹ ਖੁਲ੍ਹ ਕੇ ਕਹਿੰਦੇ ਹਨ -

***ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ॥***
***ਅਨਲ ਅਗਮ ਜੈਸੇ ਲਹਰਿ ਮਇ ਓਦਧਿ ਜਲ ਕੇਵਲ ਜਲ ਮਾਂਹੀ॥***
***ਪੰਨਾ - 657***

ਸਮੁੰਦਰ ਦੀ ਲਹਿਰ ਦੀ ਮੂਰਖਤਾ ਹੈ ਕਿ ਜੇ ਉਹ ਸਮਝੇ ਕਿ ਮੈਂ ਹੋਰ ਹਾਂ ਤੇ ਸਮੁੰਦਰ ਹੋਰ ਹੈ ਪਰ ਮਨੁੱਖ ਦੀ ਬਹੁਤ ਵੱਡੀ ਚਤੁਰਤਾ ਹੈ ਕਿ ਜਦੋਂ ਇਹ ਸਮਝਦਾ ਹੈ ਕਿ ਮੈਂ ਹੋਰ ਹਾਂ ਤੇ ਪ੍ਰਮੇਸ਼ਰ ਹੋਰ ਹੈ। ਉਸ ਨੂੰ 'ਆਦਿ ਸਚੁ ਜੁਗਾਦਿ ਸਚੁ ਹੈਭੀ ਸਚੁ ਨਾਨਕੁ ਹੋਸੀ ਭੀ ਸਚੁ॥" ਦਾ ਸਿਧਾਂਤ ਮੰਨਣਾ ਔਖਾ ਲਗਦਾ ਹੈ। ਸੋ ਸੰਤ ਆਪਣੇ ਨਾਲ ਕੋਈ ਨਹੀਂ ਜੋੜਦਾ, ਜੋ ਆਪਣੇ ਨਾਲ ਜੋੜਦਾ ਹੈ ਉਹ ਸੰਤ ਨਹੀਂ ਹੈ ਉਹ ਇਕ ਚਲਾਕ ਬੰਦਾ ਹੈ ਜਿਸ ਨੇ ਸੰਤ ਦਾ ਬਾਣਾ ਪਾ ਕੇ ਦੁਨੀਆਂ ਨੂੰ ਗੁਮਰਾਹ ਕੀਤਾ ਹੋਇਆ ਹੈ, ਅਗਿਆਨੀ

ਹੈ ਕਿਉਂਕਿ ਸੰਤ ਦੀ ਕੋਈ ਹੋਂਦ ਹੋਇਆ ਹੀ ਨਹੀਂ ਕਰਦੀ। ਉਹ ਫਿਨਾਹ-ਫਿਲਾਹ ਅਵਸਥਾ ਵਿਚ ਆਪਣੀ ਹਸਤੀ ਗਵਾ ਕੇ ਪ੍ਰਭੂ ਰੂਪ ਹੋਇਆ ਸਰੀਰ ਵਿਚ ਵਿਚਰਨ ਵਾਲਾ ਪ੍ਰਤੱਖ ਗੋਬਿੰਦ ਹੀ ਹੋਇਆ ਕਰਦਾ ਹੈ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ -

***ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ॥***
***ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ॥*** ***ਪੰਨਾ - 273***

ਸੋ ਐਸੀਆਂ ਬੇਵਕੂਫੀਆਂ ਗੱਲਾਂ ਕਰਨ ਵਾਲਾ ਬੰਦਾ ਗੁਰਮਤਿ ਸਿਧਾਂਤਾਂ ਤੋਂ ਪੂਰੀ ਤਰ੍ਹਾਂ ਅਣਜਾਣ ਹੈ ਉਹ ਅਗਿਆਨੀਆਂ ਵਿਚ ਕਿੰਨਾ ਹੀ ਰੌਲਾ-ਘਚੋਲਾ ਪਾਵੇ ਪਰ ਆਤਮ ਦਰਸ਼ੀਆਂ ਵਿਚ ਉਸ ਦਾ ਕੋਈ ਮਾਣ ਸਤਿਕਾਰ ਨਹੀਂ ਹੋਇਆ ਕਰਦਾ ਕਿਉਂਕਿ ਉਹ ਸਤਿ ਨੂੰ ਬੁੱਝਣ ਤੋਂ ਕ੍ਰੋੜਾਂ ਕੋਹਾਂ ਦੂਰ ਹੈ।

ਸੰਤ ਮਹਾਰਾਜ ਜੀ ਨੇ ਸਤਿ ਨੂੰ ਪੂਰੀ ਤਰ੍ਹਾਂ ਅਨੁਭਵ ਕਰਕੇ ਆਪਣੀ ਹੋਂਦ ਨੂੰ ਪੂਰੀ ਤਰ੍ਹਾਂ ਨਾਲ ਅਣਹੋਂਦ ਵਿਚ ਬਦਲ ਕੇ ਪ੍ਰਮੇਸ਼ਰ ਨਾਲ ਅਭੇਦ ਅਵਸਥਾ ਪ੍ਰਾਪਤ ਕਰ ਲਈ। ਇਕ ਤਰ੍ਹਾਂ ਨਾਲ ਉਸ ਸਰੀਰ ਵਿਚ ਪ੍ਰਭੂ ਦਾ ਹੁਕਮ ਪੂਰੀ ਤਰ੍ਹਾਂ ਪ੍ਰਤੱਖ ਹੋ ਕੇ ਵਰਤ ਰਿਹਾ ਸੀ ਅਤੇ ਆਪ ਹੀ ਆਪਣਾ ਕੌਤਕ ਉਸ ਵਜੂਦ ਵਿਚ ਕਰਕੇ ਸੰਸਾਰ ਦੇ ਰੰਗ ਮੰਚ ਉਪਰ ਨਾਟ ਕਰ ਰਿਹਾ ਸੀ। ਅਸਾਨੂੰ ਸਤਿ ਅਵਸਥਾ ਨੂੰ ਸਮਝਣਾ ਚਾਹੀਦਾ ਹੈ। ਇਹ ਬਚਨ ਬਹੁਤ ਹੀ ਗੰਭੀਰਤਾ ਨਾਲ ਵਿਚਾਰਨ ਵਾਲੇ ਹਨ ਤਾਂ ਕਿ ਸਾਡੇ ਮਨਾਂ ਵਿਚ ਪਈ ਹੋਈ ਦ੍ਵੈਤ ਜੋ ਸਾਨੂੰ ਹਰ ਸਮੇਂ ਪ੍ਰਭੂ ਨਾਲੋਂ ਵਿਛੋੜ ਕੇ ਰਖਦੀ ਹੈ ਦੂਰ ਹੋ ਜਾਵੇ ਅਤੇ ਅਸੀਂ 'ਆਦਿ ਸਚੁ' ਦਾ ਪ੍ਰਤੱਖ ਅਨੁਭਵ ਕਰ ਸਕੀਏ।

ਮੈਂ ਇਕ ਹੋਰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਬਹੁਤ ਸਾਰੇ ਪ੍ਰੇਮੀਆਂ ਦੇ ਇਹ ਮਤ ਬਣ ਗਏ ਹਨ ਕਿ ਗੁਰੂ ਘਰ ਵਿਚ ਕੋਈ ਵੀ ਪ੍ਰੇਮੀ ਸਿੱਖ ਤੋਂ ਤਰੱਕੀ ਕਰਕੇ ਸੰਤ ਨਹੀਂ ਬਣ ਸਕਦਾ ਅਤੇ ਸੰਤ ਕੇਵਲ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਖਿਆ ਜਾ ਸਕਦਾ ਹੈ। ਇਸ ਤੇ ਵੀ ਜਦੋਂ ਅਸੀਂ ਵਿਚਾਰ ਕਰਦੇ ਹਾਂ ਤਾਂ ਇਹ ਕੁਝ ਖਿਚਾ-ਖਿਚੀ ਹੀ ਮਾਲੂਮ ਦਿੰਦੀ ਹੈ ਕਿਉਂਕਿ ਗੁਰੂ ਗ੍ਰੰਥ ਸਾਹਿਬ ਜੀ ਵਾਹਿਗੁਰੂ ਜੀ ਦੀ ਧੁਰ ਤੋਂ ਆਈ ਹੋਈ ਬਾਣੀ ਹੈ ਇਹ ਸ਼ਬਦ ਬ੍ਰਹਮ ਹੈ ਅਤੇ ਇਹ ਵਾਹਿਗੁਰੂ ਜੀ ਦਾ ਸਰੂਪ ਹੀ ਹੈ। ਦੂਜਾ ਸਾਡੇ ਮਨਾਂ ਵਿਚ ਇਹ ਖਿਆਲ ਹੁੰਦਾ ਹੈ ਕਿ ਸਤਿਗੁਰੂਆਂ ਨੇ ਜੋ ਬਾਣੀ ਉਚਾਰਣ ਕੀਤੀ ਹੈ ਜਿਥੇ ਸੰਤ ਪਦ ਵਰਤਿਆ ਹੈ ਉਥੇ ਉਨ੍ਹਾਂ ਦਾ ਮਤਲਬ ਪਹਿਲੇ ਸਤਿਗੁਰੂਆਂ ਵਲ ਹੀ ਹੋਇਆ ਕਰਦਾ ਹੈ। ਐਸੀਆਂ ਅਨੇਕ ਭਾਵਨਾਵਾਂ ਅਸਾਡੇ ਅੰਦਰ ਦ੍ਵੈਤ ਦੀ ਖਲਬਲੀ ਮਚਾ ਕੇ ਰਖਦੀਆਂ ਹਨ ਉਸ ਦਾ ਕਾਰਨ ਇਹ ਹੈ ਕਿ ਅਸਾਡੀਆਂ ਅੱਖਾਂ ਵਿਚ ਅਜੇ ਦ੍ਵੈਤ ਦਾ ਮੋਤੀਆਂ ਬਿੰਦ ਹੈ। ਕਬੀਰ ਜੀ ਨੂੰ ਅਸੀਂ ਬਾਣੀ ਵਿਚ ਲਿਖੇ ਸੰਤ ਸ਼ਬਦ ਨਾਲ ਸੰਬੋਧਨ ਕਰਦੇ ਹਾਂ ਜਿਵੇਂ ਕਿ-

***ਕਿਆ ਅਪਰਾਧੁ ਸੰਤ ਹੈ ਕੀਨਾ॥***
***ਬਾਂਧਿ ਪੋਟ ਕੁੰਚਰ ਕਉ ਦੀਨਾ॥*** ***ਪੰਨਾ - 871***

ਪ੍ਰਹਿਲਾਦ ਜੀ ਨੂੰ ਸੰਤ ਪਦਵੀ ਨਾਲ ਸੰਬੋਧਨ ਕਰਦੇ ਫੁਰਮਾਨ ਹੈ -

***ਸੰਤ ਪ੍ਰਹਲਾਦ ਕੀ ਪੈਜ ਜਿਨਿ ਰਾਖੀ ਹਰਨਾਖਸੁ ਨਖ ਬਿਦਰਿਓ॥***
***ਘਰ ਕੇ ਦੇਵ ਪਿਤਰ ਕੀ ਛੋਡੀ ਗੁਰ ਕੋ ਸਬਦੁ ਲਇਓ॥***
***ਕਹਤੁ ਕਬੀਰੁ ਸਗਲ ਪਾਪ ਖੰਡਨੁ ਸੰਤਹ ਲੈ ਉਧਰਿਓ॥***
***ਪੰਨਾ - 856***

ਅੱਜ ਅਸਾਡੇ ਗੁਰੂ ਕੇਵਲ ਗੁਰੂ ਗ੍ਰੰਥ ਸਾਹਿਬ ਜੀ ਹਨ, ਨਾ ਹੀ ਤਾਂ ਸਾਨੂੰ ਕਿਸੇ ਪਰੰਪਰਾ ਦੀ ਚਲੀ ਆ ਰਹੀ ਰਵਾਇਤ ਮੰਨਣੀ ਚਾਹੀਦੀ ਹੈ ਕਿਉਂਕਿ ਅਸੀਂ ਗੁਰਮਤਿ ਦੇ ਪ੍ਰਕਾਸ਼ ਵਿਚ ਬੇਅੰਤ ਚਲੀਆਂ ਆ ਰਹੀਆਂ ਪਰੰਪਰਾਵਾਂ ਨੂੰ ਅਪਣਾਇਆ ਨਹੀਂ ਸਾਨੂੰ ਜੋ ਕੁਝ ਵੀ ਚਾਹੀਦਾ ਹੈ ਉਹ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਪ੍ਰਕਾਸ਼ ਵਿਚੋਂ ਚਾਹੀਦਾ ਹੈ ਅਤੇ ਨਾ ਹੀ ਸਾਨੂੰ ਇਹ ਸੋਚਣਾ ਚਾਹੀਦਾ ਹੈ ਕਿ ਅਸਾਡੇ ਇਤਿਹਾਸਕਾਰਾਂ ਨੇ 'ਸੰਤ' ਪਦ ਲਿਖਿਆ ਹੀ ਨਹੀਂ ਹੈ, ਉਸ ਦੀ ਥਾਂ ਤੇ 'ਭਾਈ' ਪਦ ਲਿਖਿਆ ਮਿਲਦਾ ਹੈ। ਗੁਰੂ ਗ੍ਰੰਥ ਸਾਹਿਬ ਜੀ ਵਿਚ 'ਭਾਈ' ਦੀ ਵਿਆਖਿਆ ਦੋ ਤਰ੍ਹਾਂ ਦੀ ਆਉਂਦੀ ਹੈ ਇਕ ਤਾਂ ਸਾਕ ਸਬੰਧ ਵਿਚ ਮਾਂ ਜਾਇਆ ਭਰਾ ਹੋਵੇ ਅਸੀਂ ਉਸ ਨੂੰ ਭਾਈ ਆਖਦੇ ਹਾਂ। ਜਦੋਂ ਅਸੀਂ ਅਧਿਆਤਮਵਾਦ ਵਿਚ ਰਿਸ਼ਤਾ ਕਾਇਮ ਕਰਦੇ ਹਾਂ ਤਾਂ ਅਸੀਂ ਉਸ ਨਾਲ ਰੂਹਾਨੀ ਰਿਸ਼ਤਾ ਜੋੜਦੇ ਹਾਂ ਅਤੇ ਬੜੇ ਸਤਿਕਾਰ ਨਾਲ ਕਹਿੰਦੇ ਹਾਂ–

***ਮੇਰੇ ਹਰਿ ਪ੍ਰੀਤਮ ਕੀ ਕੋਈ ਬਾਤ ਸੁਨਾਵੈ***
***ਸੋ ਭਾਈ ਸੋ ਮੇਰਾ ਬੀਰ॥ ਪੰਨਾ - 862***

ਭਾਈ ਤੇ ਬੀਰ ਇਕੋ ਅਰਥ ਦੇਣ ਵਾਲੇ ਹਨ। ਭਾਈ ਸਮੂੰਹ ਨੂੰ ਵੀ ਆਖਿਆ ਜਾਂਦਾ ਹੈ। ਜਿਸ ਤਰ੍ਹਾਂ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ –

***ਭਾਈ ਏਹੁ ਤਪਾ ਨ ਹੋਵੀ***
***ਬਗੁਲਾ ਹੈ ਬਹਿ ਸਾਧ ਜਨਾ ਵੀਚਾਰਿਆ॥ ਪੰਨਾ - 315***

ਇਸ ਤਰ੍ਹਾਂ ਨਾਲ –

***ਭਾਈ ਰੇ ਅਵਰੁ ਨਾਹੀ ਮੈ ਥਾਉ॥ ਪੰਨਾ - 58***
***ਭਾਈ ਰੇ ਇਉ ਸਿਰਿ ਜਾਣਹੁ ਕਾਲੁ॥***

***ਜਿਉ ਮਛੀ ਤਿਉ ਮਾਣਸਾ ਪਵੈ ਅਚਿੰਤਾ ਜਾਲੁ॥ ਪੰਨਾ - 55***

***ਭਾਈ ਰੇ ਇਸੁ ਮਨ ਕਉ ਸਮਝਾਇ॥ ਪੰਨਾ - 28***

ਗੁਰੂ ਮਹਾਰਾਜ ਵੀ ਭਾਈ ਕਹਿ ਕੇ ਹੀ ਬੁਲਾਉਂਦੇ ਹਨ। ਗੁਰੂ ਮਹਾਰਾਜ ਕਹਿੰਦੇ ਹਨ –

***ਭਾਈ ਰੇ ਸੰਤ ਜਨਾ ਕੀ ਰੇਣੁ॥***
***ਸੰਤ ਸਭਾ ਗੁਰੁ ਪਾਈਐ ਮੁਕਤਿ ਪਦਾਰਥੁ ਧੇਣੁ॥ ਪੰਨਾ - 18***

***ਭਾਈ ਰੇ ਗੁਰ ਬਿਨੁ ਗਿਆਨੁ ਨ ਹੋਇ॥***
***ਪੂਛਹੁ ਬ੍ਰਹਮੇ ਨਾਰਦੈ ਬੇਦ ਬਿਆਸੈ ਕੋਇ॥ ਪੰਨਾ - 59***

ਗੁਰੂ ਮਹਾਰਾਜ ਜੀ ਸੰਤ ਪਦ ਦੀ ਵਿਆਖਿਆ ਕਰਦੇ ਹੋਏ ਫੁਰਮਾਨ ਕਰਦੇ ਹਨ –

***ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ॥***
***ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ॥*** ***ਪੰਨਾ – 319***

ਇਸੇ ਤਰ੍ਹਾਂ ਸੰਤਾਂ ਬਾਰੇ ਅੱਗੇ ਫੁਰਮਾਨ ਹੈ –

***ਸੋਈ ਸੰਤੁ ਜੋ ਭਾਵੈ ਰਾਮ॥***
***ਸੰਤ ਗੋਬਿੰਦ ਕੈ ਏਕੈ ਕਾਮ॥*** ***ਪੰਨਾ – 867***

ਇਹ ਸਾਰੇ universe (ਵਿਸ਼ਵ) ਵਿਚ ਲਾਗੂ ਹੋਣ ਵਾਲਾ ਸਿਧਾਂਤ ਅਸੀਂ ਖਿਚਾ-ਖਿਚੀ ਵਿਚ ਕੁਝ ਦਾ ਕੁਝ ਕਰ ਦਿੰਦੇ ਹਾਂ। ਗੁਰੂ ਮਹਾਰਾਜ ਨੇ ਤਾਂ ਫੁਰਮਾਨ ਕਰ ਦਿਤਾ ਕਿ-

***ਜਿਨਾ ਨ ਵਿਸਰੈ ਨਾਮੁ ਸੇ ਕਿਨੇਹਿਆ॥***
***ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ॥*** ***ਪੰਨਾ – 397***

ਫੇਰ ਫੁਰਮਾਨ ਕਰਦੇ ਹਨ –

***ਸੋ ਸਾਧੂ ਬੈਰਾਗੀ ਸੋਈ ਹਿਰਦੈ ਨਾਮੁ ਵਸਾਏ॥***
***ਅੰਤਰਿ ਲਾਗਿ ਨ ਤਾਮਸੁ ਮੂਲੇ ਵਿਚਹੁ ਆਪੁ ਗਵਾਏ॥***
***ਪੰਨਾ – 29***

ਇਸੇ ਤਰ੍ਹਾਂ ਨਾਲ ਅੱਗੇ ਫੁਰਮਾਨ ਹੈ –

***ਹਰਿ ਕਾ ਸੰਤੁ ਹਰਿ ਕੀ ਹਰਿ ਮੂਰਤਿ***
***ਜਿਸੁ ਹਿਰਦੈ ਹਰਿ ਨਾਮੁ ਮੁਰਾਰਿ॥*** ***ਪੰਨਾ – 1135***

***ਜਿਨ ਕੈ ਹੀਅਰੈ ਬਸਿਓ ਮੇਰਾ ਸਤਿਗੁਰੁ***
***ਤੇ ਸੰਤ ਭਲੇ ਭਲ ਭਾਂਤਿ॥*** ***ਪੰਨਾ – 1264***

***ਤਿਨ ਦੇਖੇ ਮੇਰਾ ਮਨੁ ਬਿਗਸੈ***
***ਹਉ ਤਿਨ ਕੈ ਸਦ ਬਲਿ ਜਾਂਤ॥*** ***ਪੰਨਾ – 1264***

ਜਿਨ੍ਹਾਂ ਦੇ ਹਿਰਦੇ ਵਿਚ ਸਤਿਗੁਰੂ ਦਾ ਨਿਵਾਸ ਹੋ ਗਿਆ ਹੈ ਉਹ ਸੰਤ ਭਲੀ ਪ੍ਰਕਾਰ ਭਲੇ ਹਨ। ਸੰਤ ਦੇ ਕਾਰਜ ਖੇਤਰ ਬਾਰੇ ਜਾਣਕਾਰੀ ਦਿੰਦਿਆਂ ਗੁਰੂ ਮਹਾਰਾਜ ਜੀ ਫੁਰਮਾਉਂਦੇ ਹਨ-

***ਹਰਿ ਕੇ ਦਾਸ ਸਾਧ ਸਖਾ ਜਨ***
***ਜਿਨ ਮਿਲਿਆ ਲਹਿ ਜਾਇ ਭਰਾਂਤਿ॥***
***ਜਿਉ ਜਲ ਦੁਧ ਭਿੰਨ ਭਿੰਨ ਕਾਢੈ ਚੁਣਿ ਹੰਸੁਲਾ***
***ਤਿਉ ਦੇਹੀ ਤੇ ਚੁਣਿ ਕਾਢੈ ਸਾਧੂ ਹਉਮੈ ਤਾਤਿ॥*** ***ਪੰਨਾ – 1264***

ਸੋ ਇਸ ਤਰ੍ਹਾਂ ਨਾਲ ਜਿਸ ਸਰੀਰ ਉਪਰ 'ਸੰਤ' ਦੀ ਦੱਸੀ ਹੋਈ ਰਹਿਤ ਪੂਰੀ ਤਰ੍ਹਾਂ ਲਾਗੂ ਹੁੰਦੀ ਹੈ ਉਹ ਸੰਤ ਸਤਿਕਾਰ ਯੋਗ ਹੋਇਆ ਕਰਦਾ ਹੈ। ਸੰਤਾਂ ਦਾ ਕੰਮ ਆਪ ਨਾਮ ਜਪਣਾ ਅਤੇ ਸੰਸਾਰ ਨੂੰ ਵਾਹਿਗੁਰੂ ਨਾਲ ਜੋੜਨਾ ਆਦਿ ਜੁਗਾਦਿ ਤੋਂ ਹੀ ਚਲਿਆ ਆਉਂਦਾ ਹੈ। ਜਿਸ ਵਰਗ ਵਿਚ, ਜਿਸ

ਸੰਪਰਦਾ ਵਿਚ ਇਕ ਵੀ ਅਜਿਹਾ ਨਾ ਮਿਲੇ ਜਿਸ ਦੀ ਲਿਵ ਸਾਸ ਗ੍ਰਾਸ ਪ੍ਰਭੂ ਨਾਲ ਲੱਗੀ ਹੋਈ ਹੋਵੇ ਤਾਂ ਉਸ ਸੰਪਰਦਾ ਦੇ ਵਿਚ ਜ਼ਰੂਰ ਕੋਈ ਨੁਕਸ ਹੈ ਜੋ ਆਪਣੇ ਜਗਿਆਸੂ ਨੂੰ ਲਿਵ ਅਵਸਥਾ ਤਕ ਪਹੁੰਚਾ ਨਹੀਂ ਸਕਦੀ। ਗੱਲ ਬਿਲਕੁਲ ਸਿੱਧੀ ਹੈ ਕਿ ਜਦੋਂ ਆਤਮ ਗਿਆਨ ਦਾ ਪ੍ਰਕਾਸ਼ ਹੋ ਗਿਆ ਅਤੇ ਮਾਇਆ ਦੀ ਅਸਲੀਅਤ ਨੂੰ ਸਮਝ ਲਿਆ, ਪੰਜੇ ਭਰਮਾਂ ਦਾ ਪੂਰੀ ਤਰ੍ਹਾਂ ਨਾਸ਼ ਹੋ ਗਿਆ ਫਿਰ ਧਿਆਨ, ਸੁਰਤ ਪ੍ਰਭੂ ਵਿਚ ਹੀ ਲੱਗੀ ਰਹਿੰਦੀ ਹੈ। ਐਸੀ ਜੋ ਬਿਰਤੀ ਹੈ ਉਹ ਸੰਤ ਪਦਵੀ ਦੀ ਲਖਾਇਕ ਹੈ ਇਸ ਕਰਕੇ ਫੁਰਮਾਨ ਹੈ –

***ਸੰਤਾ ਕਉ ਮਤਿ ਕੋਈ ਨਿੰਦਹੁ ਸੰਤ ਰਾਮੁ ਹੈ ਏਕੋੁ॥***
***ਕਹੁ ਕਬੀਰ ਮੈ ਸੋ ਗੁਰੁ ਪਾਇਆ ਜਾ ਕਾ ਨਾਉ ਬਿਬੇਕੋੁ॥ ਪੰਨਾ–793***

ਗੁਰੂ ਘਰ ਵਿਚ ਸਦੀਵ ਗੁਰੂ ਨਾਲ ਜੁੜੀਆਂ ਰਹਿਣ ਵਾਲੀਆਂ ਉਚ ਵਿਅਕਤੀਆਂ ਸਦਾ ਤੋਂ ਹੁੰਦੀਆਂ ਆਈਆਂ ਹਨ ਅਤੇ ਸੰਤ ਰਹਿਤ ਦੀ ਪੂਰੀ ਤਰ੍ਹਾਂ ਪਾਲਣਾ ਕਰਨ ਵਾਲੀਆਂ ਹਸਤੀਆਂ ਹੀ ਸੰਤ ਕਹਾਉਂਦੀਆਂ ਹਨ। ਕਲੁਜੱਗ ਦਾ ਸਮਾਂ, ਮਾਇਆ ਦਾ ਪਸਾਰਾ ਅੰਧਕਾਰ ਪੈਦਾ ਕਰ ਰਿਹਾ ਹੈ ਅਤੇ ਆਪਣੇ ਆਪ ਨੂੰ ਸੰਤ ਕਹਾਉਣ ਦੀ ਲਾਲਸਾ ਅਜਿਹੇ ਪ੍ਰੇਮੀਆਂ ਵਿਚ ਵੀ ਵਧ ਰਹੀ ਹੈ ਜਿਹੜੇ ਅਜੇ ਪੂਰੀ ਤਰ੍ਹਾਂ ਨਾਲ ਸਿੱਖ ਵੀ ਨਹੀਂ ਬਣੇ, ਸੇਵਕ ਵੀ ਨਹੀਂ ਬਣੇ। ਜਿਨ੍ਹਾਂ ਨੂੰ ਇਸ ਗੱਲ ਦਾ ਪਤਾ ਹੀ ਨਹੀਂ ਹੈ –

***ਮਨੁ ਬੇਚੈ ਸਤਿਗੁਰ ਕੈ ਪਾਸਿ॥ ਤਿਸੁ ਸੇਵਕ ਕੇ ਕਾਰਜ ਰਾਸਿ॥***
***ਸੇਵਾ ਕਰਤ ਹੋਇ ਨਿਹਕਾਮੀ॥ ਤਿਸ ਕਉ ਹੋਤ ਪਰਾਪਤਿ ਸੁਆਮੀ॥***
***ਪੰਨਾ – 287***

ਇਨ੍ਹਾਂ ਗੱਲਾਂ ਨੂੰ ਮੁੱਖ ਰੱਖ ਕੇ ਵਾਦ-ਵਿਵਾਦ ਵਿਚ ਪੈਣਾ, ਆਪਣਾ ਸਮਾਂ ਨਸ਼ਟ ਕਰਨ ਦੇ ਬਰਾਬਰ ਹੈ।

ਅਸਾਡੇ ਮਿਸ਼ਨ ਦੇ ਕੁਝ ਪ੍ਰੇਮੀ ਅਨੰਦਪੁਰ ਸਾਹਿਬ ਗਏ। ਉਥੇ ਇਕ ਪ੍ਰੇਮੀ ਪੂਰੇ ਜ਼ੋਰ ਨਾਲ ਕਹਿ ਰਿਹਾ ਸੀ ਕਿ ਕੋਈ ਵੀ ਕਿਸੇ ਨੂੰ ਸੰਤ ਨਾ ਕਹੇ, ਸੰਤ ਪਦ ਪੂਰੀ ਤਰ੍ਹਾਂ ਨਾਲ ਕਿਸੇ ਵਿਅਕਤੀ ਨਾਲ ਜੋੜਨ ਤੋਂ ਵਰਜਿਤ ਕਰ ਦੇਣਾ ਚਾਹੀਦਾ ਹੈ। ਗੁਰੂ ਦੇ ਸਿਧਾਂਤ ਤੋਂ ਦੂਰ ਹੋ ਕੇ ਜੋ ਮਰਜ਼ੀ ਕਿਹਾ ਜਾਵੇ ਉਹਦਾ ਹੱਕ ਹੈ ਪਰ ਜੇ ਉਹ ਚਾਨਣੇ ਨੂੰ ਅੰਧਕਾਰ ਦੱਸੇ ਤਾਂ ਪ੍ਰਕਾਸ਼ ਦੇ ਅਰਥ ਨਹੀਂ ਬਦਲਿਆ ਕਰਦੇ। ਪ੍ਰਕਾਸ਼ ਚਾਨਣਾ ਹੀ ਹੁੰਦਾ ਹੈ, ਹਨ੍ਹੇਰੇ ਨੇ ਕਾਲੀ ਬੋਲੀ ਰਾਤ ਹੀ ਪਾਉਣੀ ਹੈ ਪਰ ਅਵਸਥਾ ਤੋਂ ਹੀਣੇ ਰਾਗ ਤੇ ਦ੍ਵੈਸ਼ ਵਿਚ ਪਏ ਹੋਏ ਮਾਇਆ ਤੇ ਮੋਹ ਦੇ ਸੰਗਲਾਂ ਵਿਚ ਜਕੜੇ ਹੋਏ ਪ੍ਰੇਮੀਆਂ ਨੂੰ ਬੇਨਤੀ ਹੈ ਕਿ ਸੰਤ ਪਦ ਦੀ ਵਰਤੋਂ ਨਾ ਕਰਨ ਤਾਂ ਚੰਗਾ ਹੀ ਹੈ। ਮੈਂ ਕਦੇ ਵੀ ਆਪਣੇ ਆਪ ਨੂੰ ਨਾ ਸੰਤ ਆਖਿਆ ਹੈ, ਨਾ ਕਿਹਾ ਹੋਇਆ ਪਸੰਦ ਕਰਦਾ ਹਾਂ। ਗੁਰੂ ਮਹਾਰਾਜ ਜੀ ਨੇ ਸਰਦਾਰੀ ਬਖਸ਼ੀ ਹੈ, ਚੰਡੀਗੜ੍ਹ ਆਉਣ ਤੋਂ ਪਹਿਲਾਂ ਸਰਦਾਰ ਜੀ ਹੀ ਕਹਿ ਕੇ ਦੂਜੇ ਅਨਮਤਾਂ ਦੇ ਅਨੁਆਈ ਬੁਲਾਇਆ ਕਰਦੇ ਸਨ ਪਰ ਇਥੇ ਆ ਕੇ ਲੋਕੀ ਸੰਤ-ਸੰਤ ਕਰੀ ਜਾਂਦੇ ਸਨ ਅਤੇ ਮੇਰੇ ਰੋਕਦੇ-ਰੋਕਦੇ ਨਾਮ ਹੀ ਪੈ ਗਿਆ। ਹੁਣ ਮੇਰੇ ਲੱਖ ਰੋਕਣ ਤੇ ਵੀ

ਇਹ ਵਿਆਧੀ ਨਹੀਂ ਲਹਿੰਦੀ। ਸੰਸਾਰ ਵਿਚ ਆਪਣੀ ਹੋਂਦ ਮਿਟਾਉਣੀ ਹੈ ਹੋਰ ਵਧਾਉਣੀ ਨਹੀਂ ਹੈ ਜਿੰਨੀਆਂ ਉਪਾਧੀਆਂ ਇਕ ਨਾਮ ਨਾਲ ਲਾਓਂਗੇ, ਉਨਾਂ ਹੀ ਮਾਇਆ ਦਾ ਜਾਲ ਪਸਰੇਗਾ। ਜਿੰਨੇ ਹਲਕੇ-ਫੁਲਕੇ ਹੋ ਕੇ ਸੁਤੰਤਰ ਰਹੋਂਗੇ ਉਨਾਂ ਹੀ ਛੁਟਕਾਰਾ ਛੇਤੀ ਹੋਵੇਗਾ। ਜੇ ਸਚਮੁੱਚ ਸੰਤ ਬਣਨ ਦਾ ਸ਼ੌਕ ਹੈ ਤਾਂ ਜੀਅ ਭਰ ਕੇ ਬਣੋ ਪਰ ਸੰਤ ਬਣੋ ਸੰਤ ਮਹਾਰਾਜ ਜੀ ਰਾੜਾ ਸਾਹਿਬ ਵਾਲਿਆਂ ਵਰਗੇ, ਸੰਤ ਅਤਰ ਸਿੰਘ ਜੀ ਰੇਰੂ ਸਾਹਿਬ ਵਾਲਿਆਂ ਵਰਗੇ, ਸੰਤ ਜਵਾਲਾ ਸਿੰਘ ਜੀ ਵਰਗੇ, ਸੰਤ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਵਰਗੇ, ਸੰਤ ਮਹਾਰਾਜ ਬਾਬਾ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਵਰਗੇ ਜਿਨ੍ਹਾਂ ਨੇ ਆਪਣਾ ਜੀਵਨ ਸੰਸਾਰ ਨੂੰ ਪ੍ਰਮੇਸ਼ਰ ਰੂਪ ਜਾਣ ਕੇ ਉਸ ਦੇ ਭਲੇ ਲਈ ਅਰਪ ਦਿਤਾ। ਬਾਬਾਣੀਆਂ ਕਹਾਣੀਆਂ ਵਿਚ ਅਸੀਂ ਉਨ੍ਹਾਂ ਪਵਿੱਤਰ ਹਸਤੀਆਂ ਦਾ ਜ਼ਿਕਰ ਕਰ ਰਹੇ ਹਾਂ ਜਿਹੜੀਆਂ ਆਪ ਪ੍ਰਭੂ ਨਾਲ ਮਿਲੀਆਂ ਹੋਈਆਂ ਸਨ ਅਤੇ ਪਿਛਲੇ ਜਨਮਾਂ ਤੋਂ ਆ ਰਹੇ ਯੋਗ ਭਰਿਸ਼ਟਾਂ (ਜਿਹੜੇ ਰੂਹਾਨੀ ਪ੍ਰਾਪਤੀ ਵਿਚ ਅਧੂਰੇ ਰਹੇ ਸਨ) ਨੂੰ ਪ੍ਰਕਾਸ਼ਮਈ ਰਸਤਾ ਦਿਖਾਉਣ ਦੇ ਸਮਰੱਥ ਸਨ। ਜਦੋਂ ਉਨ੍ਹਾਂ ਬਾਰੇ ਸੋਚਿਆ ਜਾਂਦਾ ਹੈ ਤਾਂ ਹੈਰਾਨ ਹੋ ਜਾਈਦਾ ਹੈ। ਬਾਬਾ ਜਵਾਲਾ ਸਿੰਘ ਜੀ ਹਰਖੋਵਾਲ ਵਾਲਿਆਂ ਦੇ ਨਿਤਨੇਮ ਬਾਰੇ ਜੇ ਸੋਚੀਏ ਤਾਂ ਹੈਰਾਨ ਹੋ ਜਾਈਦਾ ਹੈ ਤੇ ਜਦੋਂ ਉਨ੍ਹਾਂ ਦੀ ਪ੍ਰਾਪਤੀ ਬਾਰੇ ਜਾਣਿਆ ਜਾਵੇ ਤਾਂ ਵੀ ਬਹੁਤ ਹੈਰਾਨ ਹੋ ਜਾਈਦਾ ਹੈ ਕਿ ਐਡੀਆਂ-ਐਡੀਆਂ ਹਸਤੀਆਂ ਵਾਲੇ ਮਹਾਂਪੁਰਸ਼ ਖੱਦਰ ਦੇ ਕੱਪੜੇ ਪਹਿਨ ਕੇ ਸਧਾਰਣ ਜੀਵਨ ਗੁਜ਼ਾਰਦੇ ਹੋਏ, ਆਪਣਾ ਭੇਤ ਨਾ ਦਿੰਦੇ ਹੋਏ ਪ੍ਰਮੇਸ਼ਰ ਰੂਪ ਹੋ ਕੇ ਵਿਚਰਦੇ ਰਹੇ। ਉਨ੍ਹਾਂ ਦਾ ਇਕ ਪਿਆਰਾ ਸਿੰਘ ਜਿਸ ਦਾ ਨਾਮ ਨਿਹੰਗ ਟਹਿਲ ਸਿੰਘ ਸੀ, ਇਕ ਵਾਰੀ ਮੈਨੂੰ ਦੱਸਣ ਲੱਗਿਆ ਕਿ ਬਾਬਾ ਜੀ ਅਥਾਹ ਸ਼ਕਤੀਆਂ ਦੇ ਮਾਲਕ ਸਨ। ਉਸ ਨੇ ਆਪਣੀ ਹੱਡਬੀਤੀ ਦੱਸੀ ਕਿ ਇਕ ਵਾਰੀ ਅਸੀਂ ਬਾਬਾ ਜੀ ਨਾਲ ਕੋਠੇ ਪਿੰਡ ਗਏ ਹੋਏ ਸੀ, ਉਥੇ ਅਖੰਡਪਾਠ ਹੋ ਰਿਹਾ ਸੀ। ਮੱਧ ਵਾਲੇ ਦਿਨ ਵਿਚ ਬਾਬਾ ਜੀ ਮੈਨੂੰ ਬਾਹਰ ਤੁਰਨ ਫਿਰਨ ਲਈ ਲੈ ਕੇ ਚਲੇ ਗਏ। ਇਕ ਵਗਦੇ ਖੂਹ ਉਪਰ ਮਹਾਤਮਾ ਵਸਤਰ ਧੋ ਰਹੇ ਸਨ, ਉਥੇ ਕੁਝ ਪਾਣੀ ਦਾ ਚਿੱਕੜ ਸੀ ਮੇਰੀ ਬਾਂਹ ਫੜ ਕੇ ਕਹਿਣ ਲੱਗੇ, "ਨਿਹੰਗ ਸਿੰਘਾ! ਛਾਲ ਮਾਰ, ਤਾਂ ਕਿ ਤੇਰਾ ਪੈਰ ਪਾਣੀ ਵਿਚ ਨਾ ਪੈ ਜਾਵੇ।" ਜਦੋਂ ਮੈਂ ਛਾਲ ਮਾਰੀ ਮੈਂ ਹੈਰਾਨ ਹੋ ਗਿਆ ਕਿ ਚਿੱਕੜ ਤੇ ਵਸਤਰ ਧੋਣ ਵਾਲੇ ਸਿੰਘ ਕਿਥੇ ਚਲੇ ਗਏ? ਬਾਬਾ ਜੀ ਕਾਹਲੀ-ਕਾਹਲੀ ਜਾ ਰਹੇ ਹਨ। ਇਕ ਪਿੰਡ ਸਾਮ੍ਹਣੇ ਨਜ਼ਰ ਆ ਰਿਹਾ ਸੀ ਮੈਂ ਇਕ ਤਰ੍ਹਾਂ ਨਾਲ ਭਮਤ੍ਰ ਗਿਆ ਸੀ ਮੈਨੂੰ ਕੁਝ ਵੀ ਸਮਝ ਨਹੀਂ ਸੀ ਆ ਰਿਹਾ ਕਿ ਮੇਰੇ ਨਾਲ ਇਹ ਕੀ ਹੋ ਗਿਆ। ਮੈਨੂੰ ਸ਼ੱਕ ਪੈ ਗਿਆ ਕਿ ਕਿਤੇ ਮੇਰਾ ਦਿਮਾਗ ਹੀ ਨਾ ਖਰਾਬ ਹੋ ਗਿਆ ਹੋਵੇ, ਪਹਿਲਾ ਵਾਤਾਵਰਣ ਖਤਮ ਹੋ ਚੁਕਿਆ ਸੀ, ਨਵੇਂ ਵਾਤਾਵਰਣ ਵਿਚ ਅਸੀਂ ਜਾ ਰਹੇ ਸੀ। ਬਾਬਾ ਜੀ ਦਾ ਜਲਾਲ ਐਨਾ ਵਧਿਆ ਹੋਇਆ ਸੀ ਕਿ ਮੈਂ ਕੋਈ ਵੀ ਗੱਲ ਮੁੱਖ ਤੋਂ ਨਹੀਂ ਕੱਢ ਸਕਦਾ ਸੀ। ਮੈਂ ਆਪਣੇ ਆਪ ਵਿਚ ਹੀ ਸੋਚਾਂ ਵਿਚ ਡੁਬਿਆ ਹੋਇਆ ਸੀ। ਪਤਾ ਉਦੋਂ ਹੀ ਲੱਗਿਆ ਕਿ ਕੋਠੇ ਪਿੰਡ ਤੋਂ 40 ਮੀਲ ਪਿੰਡ ਰਾਮਗੜ੍ਹ ਵਿਚ ਅਸੀਂ ਜਾਣੀਆਂ ਪਛਾਣੀਆਂ ਗਲੀਆਂ ਵਿਚ ਜਾ ਰਹੇ ਸੀ। ਆਪ ਆਪਣੇ ਸ਼ਰਧਾਲੂ ਕਰਤਾਰ ਸਿੰਘ ਦੇ ਘਰ ਪਹੁੰਚ ਗਏ। ਜਿਥੇ ਉਹ ਆਖਰੀ ਸੁਆਸਾਂ ਤੇ ਸਤਿਗੁਰ ਚਰਨਾਂ ਵਿਚ ਪੁਜਣ ਦੀ ਉਡੀਕ ਕਰ ਰਿਹਾ ਸੀ। ਬਾਬਾ ਜੀ ਨੇ ਜਾਂਦਿਆਂ ਹੀ ਉਚੀ

ਆਵਾਜ਼ ਵਿਚ 'ਵਾਹਿਗੁਰੂ' ਸ਼ਬਦ ਦਾ ਉਚਾਰਨ ਕੀਤਾ। ਸਾਰੀਆਂ ਸੰਗਤਾਂ ਖੜ੍ਹੀਆਂ ਹੋ ਗਈਆਂ। ਬਾਬਾ ਜੀ ਉਸ ਦੇ ਪਲੰਘ ਤੇ ਬੈਠ ਗਏ ਅਤੇ ਉਸ ਦਾ ਸੀਸ ਆਪਣੀ ਗੋਦੀ ਵਿਚ ਰੱਖ ਕੇ 10 ਵਾਰ ਵਾਹਿਗੁਰੂ ਮੰਤ੍ਰ ਦਾ ਉਚਾਰਨ ਕਰਾਇਆ, ਉਸ ਤੋਂ ਬਾਦ ਉਸ ਦੇ ਸੁਆਸਾਂ ਦਾ ਅੰਤ ਹੋ ਗਿਆ। ਆਪ ਨੇ ਆਪਣੇ ਦਸਤੇਮੁਬਾਰਕ ਨਾਲ ਉਸ ਦਾ ਸਸਕਾਰ ਕੀਤਾ। ਕੀਰਤਨ ਸੋਹਿਲਾ ਪੜ੍ਹਿਆ। ਥੋੜ੍ਹਾ ਚਿਰ ਅੰਗੀਠੇ ਪਾਸ ਰੁਕ ਕੇ ਸੰਗਤ ਨੂੰ ਕਿਹਾ ਕਿ ਭਾਈ ਤੁਸੀਂ ਗੁਰਦੁਆਰਾ ਸਾਹਿਬ ਪਹੁੰਚੋ। ਪੰਜ ਇਸ਼ਨਾਨਾ ਕਰਕੇ ਮਹਾਰਾਜ ਜੀ ਦਾ ਅਲ੍ਹਾਣੀਆਂ ਦਾ ਪਾਠ ਸੁਣੋ ਅਤੇ ਦੇਗ ਵਰਤਾਉ। ਸਾਰੀ ਸੰਗਤ ਚਲੀ ਗਈ। ਬਾਬਾ ਜੀ ਨੇ ਮੈਨੂੰ ਕਿਹਾ ਕਿ ਆ ਨਿਹੰਗ ਸਿੰਘਾ! ਕਹਿ ਕੇ ਮੇਰੀ ਬਾਂਹ ਫੜ ਲਈ ਅਤੇ ਉਸੇ ਤਰ੍ਹਾਂ ਜਦ ਮੈਂ ਇਕ ਲਾਂਘ ਪੁੱਟੀ ਤਾਂ ਮੈਂ ਹੈਰਾਨ ਹੋ ਗਿਆ ਕਿ ਉਸੇ ਖੂਹ ਉਪਰ ਅਸੀਂ ਕੋਠੇ ਪਿੰਡ ਪਹੁੰਚ ਗਏ। ਸਾਰੀ ਰਾਤ ਮੈਂ ਇਸ ਗੱਲ ਨੂੰ ਵਿਚਾਰਦਾ ਰਿਹਾ।

ਦੂਸਰੇ ਦਿਨ ਮਹਾਂਪੁਰਸ਼ਾਂ ਨੇ ਮੈਨੂੰ ਹੁਕਮ ਕੀਤਾ ਕਿ ਪਾਰਸ ਭਾਗ ਦੀ ਕਥਾ ਕਰ। ਜਦੋਂ ਮੈਂ ਕਥਾ ਕਰ ਰਿਹਾ ਸੀ ਤਾਂ ਉਸ ਵਿਚ ਆਇਆ ਕਿ ਮਹਾਂਪੁਰਸ਼ ਆਪਣੇ ਬਚਨ ਤੋਂ ਨਹੀਂ ਹਾਰਦੇ। ਜੇ ਉਨ੍ਹਾਂ ਨੂੰ ਆਪਣਾ ਬਚਨ ਕਿਸੇ ਹਾਲਤ ਵਿਚ ਪੂਰਾ ਹੁੰਦਾ ਨਜ਼ਰ ਨਾ ਆਵੇ ਤਾਂ ਉਹ ਸ਼ਕਤੀ ਦੀ ਵਰਤੋਂ ਕਰ ਲਿਆ ਕਰਦੇ ਹਨ। ਇਸ ਤਰ੍ਹਾਂ ਸ਼ਕਤੀ ਦੀ ਵਰਤੋਂ ਕਰਨਾ ਕੋਈ ਦੋਸ਼ ਨਹੀਂ ਹੋਇਆ ਕਰਦਾ ਸਗਮਾਂ ਦੂਸਰੇ ਦਾ ਭਲਾ ਹੀ ਹੋਇਆ ਕਰਦਾ ਹੈ। ਆਪ ਨੇ ਮੇਰੇ ਵਲ ਵੇਖ ਕੇ ਕਿਹਾ ਕਿ ਅਸੀਂ ਅੰਤ ਸਮੇਂ ਸਾਮ੍ਹਣੇ ਹੋਣ ਦਾ ਬਚਨ ਦਿਤਾ ਹੋਇਆ ਸੀ ਸੋ ਤੂੰ ਹੈਰਾਨ ਨਾ ਹੋ। ਆਮ ਹਾਲਤਾਂ ਵਿਚ ਮਹਾਤਮਾਂ ਆਪਣੇ ਆਪ ਨੂੰ ਗੁਪਤ ਹੀ ਰੱਖਿਆ ਕਰਦੇ ਹਨ। ਇਸੇ ਤਰ੍ਹਾਂ ਨਾਲ ਗੁਰਸਿੱਖ ਫੁਲਵਾੜੀ ਵਿਚ ਬੇਅੰਤ ਐਸੇ ਮਹਾਤਮਾ ਹੋਏ ਹਨ ਜਿਨ੍ਹਾਂ ਵਿਚ ਸ਼ਕਤੀਆਂ ਦਾ ਅਥਾਹ ਪ੍ਰਵਾਹ ਚਲਦਾ ਸੀ ਪਰ ਉਹ ਉਸ ਨੂੰ ਪੂਰੀ ਤਰ੍ਹਾਂ ਨਾਲ ਜਰ ਕੇ ਪ੍ਰਗਟ ਨਹੀਂ ਕਰਦੇ ਸਨ। ਸੋ ਇਹ ਨਵੀਂ ਪਨੀਰੀ ਦੇ ਸੰਤਾਂ ਨੂੰ ਮੇਰੀ ਬੇਨਤੀ ਹੈ ਕਿ ਤੁਸੀਂ ਐਨੀ ਛੇਤੀ ਆਪਣੇ ਆਪ ਨੂੰ ਸੰਤ ਨਾ ਅਖਵਾਓ ਕਿਉਂਕਿ ਹੋ ਸਕਦਾ ਹੈ ਕਿ ਬਹੁਤਿਆਂ ਪਾਸ ਉਸ ਰਹਿਤ ਤੇ ਚਲਣ ਦੀ ਸ਼ਕਤੀ ਨਾ ਹੋਵੇ ਜੋ ਸੰਤ ਰਹਿਤ ਵਿਚ ਦਸੇ –

***ਸੰਤ ਰਹਤ ਸੁਨਹੁ ਮੇਰੇ ਭਾਈ॥***
***ਉਆ ਕੀ ਮਹਿਮਾ ਕਥਨੁ ਨ ਜਾਈ॥*** ***ਪੰਨਾ – 392***

ਵਾਲੇ ਗੁਣ ਨਾ ਹੋਣ। ਉਹ ਸੰਤ ਕਹਾਉਣ ਤੋਂ ਦੂਰ ਰਹਿਣ, ਦੂਜੇ ਪਾਸੇ ਜਿਨ੍ਹਾਂ ਨੇ ਆਪਣਾ ਪੇਸ਼ਾ ਹੀ ਸੰਤਾਂ ਨੂੰ ਨਿੰਦਣ ਦਾ ਬਣਾਇਆ ਹੋਇਆ ਹੈ ਉਹ ਵੀ ਹਟ ਜਾਣਗੇ ਅਤੇ ਜੋ ਅਸਾਨੂੰ ਮਲੋ-ਮੱਲੀ ਭਰਮ ਹੋਇਆ ਹੋਇਆ ਹੈ ਕਿ ਮੈਂ 'ਸੰਤ' ਹਾਂ ਇਸ ਦੋਸ਼ ਤੋਂ ਵੀ ਬਚ ਜਾਵਾਂਗੇ। ਜਿਹੜੇ ਪ੍ਰੇਮੀ ਸੰਤਾਂ ਮਗਰ ਹੱਥ ਧੋ ਕੇ ਹੀ ਪਏ ਹੋਏ ਹਨ ਉਹ ਵੀ ਵਾਹਿਗੁਰੂ ਜੀ ਪਾਸ ਅਰਦਾਸ ਕਰਕੇ ਆਪਣੇ ਨੇਤਰਾਂ ਤੋਂ ਅਗਿਆਨ ਦਾ ਪੜ੍ਹਦਾ ਦੂਰ ਕਰਨ ਲਈ ਗਿਆਨ ਅੰਜਨ ਦੀ ਦਾਤ ਮੰਗਣ ਅਤੇ ਹਰੀ, ਕ੍ਰਿਪਾ ਕਰਕੇ ਉਨ੍ਹਾਂ ਨੂੰ ਸੰਤ ਦੀ ਸੰਗਤ ਬਖਸ਼ ਦੇਵੇ ਅਤੇ ਉਨ੍ਹਾਂ ਦੇ ਮਨ ਦਾ ਹਨ੍ਹੇਰਾ ਦੂਰ ਹੋ ਜਾਵੇ। ਜੇ ਅਸੀਂ ਦੋਵੇਂ ਧਿਰਾਂ extreme ਤੇ ਖੜ੍ਹੇ ਹੋ ਕੇ ਆਪਣੇ ਹੱਠ ਤੇ ਤੁਲੇ ਰਹਾਂਗੇ ਤਾਂ ਇਹ

ਵਾਦ-ਵਿਵਾਦ ਜਿਹਾ ਚਲਦਾ ਹੀ ਰਹਿਣਾ ਹੈ। ਇਹ ਕੁਝ ਵੇਰਵੇ ਮੈਂ ਇਸ ਲਈ ਦਿਤੇ ਹਨ ਕਿ ਅਸੀਂ ਸਭ ਕੁਝ ਨੂੰ ਨਜ਼ਰ ਅੰਦਾਜ਼ (ਅੱਖੋ ਪਰੋਖੇ ਕਰਕੇ) 'ਆਤਮ ਮਾਰਗ' ਤੇ ਚਲ ਸਕੀਏ ਅਤੇ ਆਪਣੇ ਨੈਣਾਂ ਵਿਚ ਪਿਆ ਹੋਇਆ ਮੋਤੀਆ ਬਿੰਦ ਕਿਸੇ ਸੁਘੜ ਸੰਤ ਵੈਦ ਤੋਂ ਦੂਰ ਕਰਵਾ ਕੇ ਸਭ ਘਟ ਵਿਚ ਵਸਦੇ ਹਰੀ ਨੂੰ ਤਕ ਕੇ ਆਪਣੇ ਪ੍ਰੇਮ ਮਨੋਰਥ ਨੂੰ ਪ੍ਰਾਪਤ ਕਰ ਸਕੀਏ।

ਰਾੜੇ ਸਾਹਿਬ ਵਾਲੇ ਮਹਾਂਪੁਰਸ਼ਾਂ ਦਾ ਜੀਵਨ ਬਹੁਤ ਹੀ ਗੁਪਤ ਵਰਤੋਂ ਵਿਚ ਲੰਘਿਆ ਹੈ। ਉਨ੍ਹਾਂ ਦੀ ਤਪ ਤਪਸਿਆ ਦਾ ਫਲ ਦੇਖਣਾ ਹੋਵੇ ਤਾਂ ਅੱਜ ਦੇਖੋ ਉਨ੍ਹਾਂ ਦੇ ਪਾਸ ਰਹਿਣ ਵਾਲੇ ਪ੍ਰੇਮੀ ਉਨ੍ਹਾਂ ਦੀ ਦਿਤੀ ਹੋਈ ਆਤਮ ਸੂਝ ਨੂੰ ਸੰਸਾਰ ਵਿਚ ਵੰਡ ਰਹੇ ਹਨ, ਜਿਨ੍ਹਾਂ ਵਿਚ ਜਰਗ ਵਾਲੇ ਮਹਾਂਪੁਰਸ਼ ਬਾਬਾ ਭੁਪਿੰਦਰ ਸਿੰਘ ਜੀ, ਸੰਤ ਬਾਬਾ ਮਹਿੰਦਰ ਸਿੰਘ ਜੀ ਜਥੇਦਾਰ, ਸੰਤ ਤੀਰਥ ਸਿੰਘ ਜੀ ਸ਼ਾਮ ਚੁਰਾਸੀ, ਸੰਤ ਬਾਬਾ ਬਲਵੰਤ ਸਿੰਘ ਜੀ ਰਾੜਾ ਸਾਹਿਬ, ਲੰਗਰ ਦੇ ਸ੍ਰੀ ਮਾਨ; ਸੰਤ ਬਾਬਾ ਤੇਜਾ ਸਿੰਘ ਜੀ ਭੌਰੇ ਵਾਲੇ, ਸੰਤ ਸੁਖਦੇਵ ਸਿੰਘ ਜੀ ਅਲੋਰਾਂ ਵਾਲੇ, ਸੰਤ ਸਾਧੂ ਸਿੰਘ ਜੀ ਸੰਗਰੂਰ ਵਾਲੇ ਅਤੇ ਹੋਰ ਅਨੇਕ ਮਹਾਤਮਾਵਾਂ ਦਾ ਜ਼ਿਕਰ ਆਉਂਦਾ ਹੈ। ਮੈਨੂੰ ਕਿਸੇ ਨੇ ਦੱਸਿਆ ਕਿ ਸੰਤ ਭੁਪਿੰਦਰ ਸਿੰਘ ਜੀ ਅਮਰੀਕਾ ਗਏ, ਕਿਸੇ ਗੁਰਦੁਆਰੇ ਵਿਚ ਉਨ੍ਹਾਂ ਦਾ ਕੀਰਤਨ ਚਲ ਰਿਹਾ ਸੀ ਅਤੇ ਉਨ੍ਹਾਂ ਨੇ ਨਾ ਤਾਂ ਆਪਣੇ ਵਾਜੇ ਉਪਰ ਕਿਸੇ ਨੂੰ ਪੈਸੇ ਰੱਖਣ ਦਿਤੇ ਅਤੇ ਨਾ ਹੀ ਗੁਰਦੁਆਰਾ ਸਾਹਿਬ ਤੋਂ ਕੋਈ ਸਰੋਪਾ ਲਿਆ। ਇਸ ਘਟਨਾ ਬਾਰੇ ਮੈਨੂੰ ਅਮਰੀਕਾ ਤੋਂ ਟੈਲੀਫੂਨ ਤੇ ਦਸਿਆ ਤੇ ਮੈਨੂੰ ਸੁਣ ਕੇ ਬਹੁਤ ਪ੍ਰਸੰਨਤਾ ਹੋਈ ਕਿ ਆਪ ਡਾਲਰਾਂ ਦੇ ਲੋਭ ਵਿਚ ਨਾ ਆਏ ਸਗਮਾਂ ਮਹਾਂਪੁਰਸ਼ਾਂ ਦੀ ਚਲਾਈ ਹੋਈ ਪਰੰਪਰਾ ਨੂੰ ਸਰਵੋਤਮ ਜਾਣਦੇ ਹੋਏ ਸਾਰੇ ਪੈਸੇ ਵਾਪਸ ਕਰ ਦਿਤੇ। ਅਜਿਹੇ ਮਹਾਂਪੁਰਸ਼ਾਂ ਨੂੰ ਕਿਸ ਤਰ੍ਹਾਂ ਨਿੰਦਿਆ ਜਾਵੇ ਅਤੇ ਇਨ੍ਹਾਂ ਨੂੰ ਵੀ ਇਸ ਰੱਸੇ ਵਿਚ ਵਲੇਟ ਲਿਆ ਜਿਸ ਵਿਚ ਕਈ ਭੇਖੀ ਬੁਰੀ ਤਰ੍ਹਾਂ ਫਸੇ ਪਏ ਹਨ?

ਜਥੇਦਾਰ ਮਹਿੰਦਰ ਸਿੰਘ ਜੀ ਦਾ ਜੀਵਨ ਇਕ ਆਦਰਸ਼ਕ ਜੀਵਨ ਹੈ, ਉਹ ਬਚਪਨ ਵਿਚ ਹੀ ਮਹਾਰਾਜ ਜੀ ਪਾਸ ਰਾੜਾ ਸਾਹਿਬ ਆ ਗਏ ਸਨ। ਜਦੋਂ ਮੈਂ ਸੰਤ ਮਹਾਰਾਜ ਦੀ ਸੇਵਾ ਵਿਚ ਪਹੁੰਚਿਆ ਸੀ ਉਨ੍ਹਾਂ ਨੂੰ ਆਇਆਂ ਅਜੇ ਥੋੜ੍ਹੇ ਦਿਨ ਹੀ ਹੋਏ ਸਨ। ਉਸ ਵੇਲੇ ਉਹ ਸਿੱਧੇ-ਸਾਦੇ ਸੁਭਾਅ ਦੇ ਜਗਿਆਸੂ ਸਨ ਪਰ ਉਨ੍ਹਾਂ ਵਿਚ ਐਸੀ ਦ੍ਰਿੜ੍ਹਤਾ ਪਾਈ ਗਈ ਕਿ ਸੰਤ ਮਹਾਰਾਜ ਜੀ ਦਾ ਇਕ-ਇਕ ਬਚਨ ਦ੍ਰਿੜ੍ਹਤਾ ਅਤੇ ਦਲੇਰੀ ਨਾਲ ਕਮਾਇਆ, ਉਨ੍ਹਾਂ ਦੀ ਬੰਦਗੀ ਇਕ ਰਸ ਚਲਦੀ ਰਹੀ। ਭਾਵੇਂ ਉਨ੍ਹਾਂ ਨੇ ਸਕੂਲੀ ਪੜ੍ਹਾਈ ਘਟ ਹੀ ਕੀਤੀ ਸੀ ਪਰ ਸੰਤ ਮਹਾਰਾਜ ਜੀ ਦਾ ਇਕ-ਇਕ ਬਚਨ ਉਨ੍ਹਾਂ ਦੀ ਯਾਦ ਵਿਚ ਸਮਾਅ ਗਿਆ, ਜਿਸ ਨੂੰ ਸੰਤ ਮਹਾਰਾਜ ਜੀ ਦੇ ਬ੍ਰਹਮਲੀਨ ਹੋਣ ਪਿਛੋਂ ਸੰਗਤਾਂ ਨੇ ਸੁਣ ਕੇ ਓਹੀ ਅਨੰਦ ਮਾਣਿਆ ਜੋ ਸੰਤ ਮਹਾਰਾਜ ਜੀ ਦੇ ਸਰੀਰਧਾਰੀ ਹੁੰਦਿਆਂ ਮਾਣਿਆਂ ਕਰਦੀਆਂ ਸਨ।

ਇਸੇ ਤਰ੍ਹਾਂ ਨਾਲ ਬਾਬੂ ਰਲਾ ਸਿੰਘ ਜੀ ਦਭਲਾਨ ਵਾਲਿਆਂ ਦਾ ਜੀਵਨ ਭਗਤੀ ਦਾ ਅਵਤਾਰ ਸੀ। ਉਹ ਸਾਰੀ ਜ਼ਿੰਦਗੀ ਆਪਣੇ ਪ੍ਰੀਤਮ ਦੇ ਪਿਆਰ ਵਿਚ ਖਿਚ ਭਰੇ ਜੀਵਨ ਵਿਚ ਸੁਆਸ ਲੈਂਦੇ ਰਹੇ ਅਤੇ ਭਗਤੀ ਦਾ ਨਮੂਨਾ ਸਾਡੇ ਵਰਗਿਆਂ ਨੂੰ ਦਿਤਾ। ਜਦੋਂ ਤੋਂ ਉਹ ਸੰਤ ਮਹਾਰਾਜ ਦੀ ਸੇਵਾ ਵਿਚ ਆਏ ਉਸ

ਸਮੇਂ ਤੋਂ ਹੀ ਉਨ੍ਹਾਂ ਦਾ ਜੀਵਨ ਕਠਨ ਤਤਿਕਸ਼ਾ ਵਿਚ ਲੰਘਿਆ। ਸੰਤ ਮਹਾਰਾਜ ਜੀ ਦੇ ਭੋਰੇ ਦੇ ਮੁਖ ਦਰਵਾਜ਼ੇ ਦੇ ਸਾਮ੍ਹਣੇ ਇਕ ਬੋਰੀ ਵਿਛਾ ਕੇ ਪੈਂਦੇ ਰਹੇ ਅਤੇ ਸੇਵਾ ਤੋਂ ਕਦੇ ਵੀ ਗਫਲਤ ਨਾ ਕੀਤੀ। ਹਰ ਵਕਤ ਬੈਰਾਗ ਦੀ ਗਹਿਰੀ ਅਵਸਥਾ ਵਿਚ ਰਿਹਾ ਕਰਦੇ ਸਨ। ਉਨ੍ਹਾਂ ਦੇ ਸਾਰੇ ਸ੍ਵਾਸ ਭਜਨ ਰੂਪ ਬਣੇ ਹੋਏ ਸਨ ਕਿਉਂਕਿ ਉਹ ਪਿਆਰੇ ਤੋਂ ਬਿਨਾਂ ਇਕ ਛਿਨ ਮਾਤਰ ਵੀ ਜਿਉਂ ਨਹੀਂ ਸਕਦੇ ਸਨ। ਉਨ੍ਹਾਂ ਦੀ ਹਾਲਤ ਸੀ ਜਿਵੇਂ ਮੱਛੀ ਦੀ ਪਾਣੀ ਤੋਂ ਬਗੈਰ ਹੋਇਆ ਕਰਦੀ ਹੈ ਉਨ੍ਹਾਂ ਨੇ ਆਪਣੇ ਪਾਸ ਆਪਣੇ ਨਿਜ ਦਾ ਕੁਝ ਵੀ ਨਾ ਰੱਖਿਆ। ਸਾਰੀ ਜਾਇਦਾਦ ਦਭਲਾਨ ਦੇ ਆਸ਼ਰਮ ਵਿਚ ਭੇਟ ਕਰ ਦਿਤੀ। ਸੰਤ ਮਹਾਰਾਜ ਜੀ ਦੇ ਸਰੀਰ ਛੱਡਣ ਪਿਛੋਂ ਆਪ ਜੀ ਨੇ ਦਭਲਾਨ ਵਿਚ ਡਟ ਕੇ ਉਚ ਆਦਰਸ਼ ਦੀ ਪੂਰਤੀ ਲਈ ਪਹਿਰਾ ਦਿਤਾ। ਮੇਰੇ ਨਾਲ ਤਾਂ ਜਦੋਂ ਵੀ ਉਨ੍ਹਾਂ ਦਾ ਮਿਲਾਪ ਹੁੰਦਾ ਸੀ ਉਹ ਬਿਰਹੇ ਦੀ ਸਾਖਸ਼ਾਤ ਮੂਰਤੀ ਹੀ ਨਜ਼ਰ ਆਇਆ ਕਰਦੇ ਸਨ। ਹੋਰ ਗੱਲਾਂ ਤਾਂ ਕੀ ਕਰਨੀਆਂ ਸਨ ਉਨ੍ਹਾਂ ਦੇ ਸਾਰੇ ਬਚਨ ਸੰਤ ਮਹਾਰਾਜ ਜੀ ਦੇ ਵਜੂਦ ਦੁਆਲੇ ਘੁੰਮਦੇ ਰਹਿੰਦੇ ਸਨ। ਉਨ੍ਹਾਂ ਨੇ ਵੱਡੀ ਉਮਰ ਭੋਗੀ, ਪਰ ਇਕ ਸ੍ਵਾਸ ਵਾਸਤੇ ਵੀ ਕਦੇ ਸੰਤ ਮਹਾਰਾਜ ਜੀ ਦੀ ਲਿਵ ਤੋਂ ਬਾਹਰ ਨਾ ਆਏ। ਉਨ੍ਹਾਂ ਦਾ ਜੀਵਨ ਸਚਮੁਚ ਹੀ ਇਸ ਮਹਾਂਵਾਕ ਦੇ ਅਨੁਕੂਲ ਢੁਕਦਾ ਸੀ –

***ਸਾਚੁ ਕਹੌਂ ਸੁਨ ਲੇਹੁ ਸਭੈ***
***ਜਿਨ ਪ੍ਰੇਮੁ ਕੀਓ ਤਿਨ ਹੀ ਪ੍ਰਭੁ ਪਾਇਓ।***

ਇਸੇ ਤਰ੍ਹਾਂ ਨਾਲ ਬਹੁਤ ਸਾਰੇ ਪ੍ਰੇਮੀਆਂ ਦੇ ਜੀਵਨ ਲੰਘੇ ਹਨ ਜਿਹੜੇ ਮਹਾਂਪੁਰਸ਼ਾਂ ਦੀ ਛਤਰ ਛਾਇਆ ਅਤੇ ਸੰਗਤ ਪ੍ਰਾਪਤ ਕਰਕੇ ਲਿਵ ਦੀ ਅਵਸਥਾ ਵਿਚ ਸੰਸਾਰ ਵਿਚ ਵਿਚਰੇ। ਜਿਨ੍ਹਾਂ ਵਿਚ ਸੰਤ ਮਹਿੰਦਰ ਸਿੰਘ ਜੀ (ਪਟਵਾਰੀ), ਸੰਤ ਉਜਾਗਰ ਸਿੰਘ ਜੀ, ਭਾਈ ਸਾਹਿਬ ਸੰਤ ਗੁਰਬਚਨ ਸਿੰਘ ਜੀ ਦੇ ਨਾਮ ਵਰਣਨਯੋਗ ਹਨ ਅਤੇ ਅਜਕਲ੍ਹ ਸੰਤ ਨਿਧਾਨ ਸਿੰਘ ਜੀ, ਸੰਤ ਤ੍ਰਿਲੋਕ ਸਿੰਘ ਜੀ, ਸੰਤ ਜਸਵੰਤ ਸਿੰਘ ਜੀ ਉਨ੍ਹਾਂ ਅਸੂਲਾਂ ਉਪਰ ਹੀ ਆਪਣਾ ਜੀਵਨ ਗੁਰੂ ਸੇਵਾ ਵਿਚ ਲੰਘਾ ਰਹੇ ਹਨ। ਉਨ੍ਹਾਂ ਦੇ ਨਾਮ ਸਿਮਰਨ ਦੀਆਂ ਅਵਸਥਾਵਾਂ ਨੂੰ ਮੈਂ ਜਾਣਦਾ ਹਾਂ ਉਹ ਚੰਗੇ ਸੰਤਾਂ ਵਰਗੇ ਗੁਪਤ ਰੂਪ ਵਿਚ ਵਰਤ ਰਹੇ ਹਨ। ਸੰਤ ਰਣਜੋਧ ਸਿੰਘ ਜੀ ਪਟਿਆਲੇ ਨੇੜੇ ਡੈਂਠਲ ਵਿਚ ਸੇਵਾ ਕਰ ਰਹੇ ਹਨ। ਜਿਨ੍ਹਾਂ ਦਾ ਮੈਂ ਉਪਰ ਜ਼ਿਕਰ ਕੀਤਾ ਹੈ ਉਹ ਸਾਰੇ ਆਪਣਾ ਜੀਵਨ ਸਮਰਪਣ ਕਰਕੇ ਉਚੀਆਂ ਅਵਸਥਾਵਾਂ ਵਿਚ ਵਿਚਰ ਰਹੇ ਹਨ। ਉਨ੍ਹਾਂ ਵਿਚ ਰਾਗ ਦ੍ਵੈਸ਼ ਦੀ ਕੋਈ ਅੰਸ ਦਿਸਦੀ ਹੀ ਨਹੀਂ ਹੈ, ਨਾ ਹੀ ਉਨ੍ਹਾਂ ਨੂੰ ਕੋਈ ਅਭਿਮਾਨ ਹੈ। ਉਹ ਮਹਾਂਪੁਰਸ਼ਾਂ ਦੇ ਪਿਆਰ ਵਿਚ ਵਸਦੇ ਹਰ ਵਕਤ ਹਰੀ ਰਸ ਵਿਚ ਲਿਵਤਾਰ ਰਹਿੰਦੇ ਹਨ ਅਤੇ ਗੁਪਤ ਰਹਿ ਕੇ ਇਕ ਮਾਰਗ ਪ੍ਰਦਰਸ਼ਨ ਕਰ ਰਹੇ ਹਨ। ਇਹ ਸਭ ਸੰਤ ਮਹਾਰਾਜ ਸ੍ਰੀ 108 ਸੰਤ ਈਸ਼ਰ ਸਿੰਘ ਜੀ ਦੀ ਘਾਲ ਕਮਾਈ, ਤਪ ਤਪਸਿਆ ਅਤੇ ਕਰਨੀ ਕਮਾਈ ਦੇ ਫਲਸਰੂਪ ਹੈ। ਸੰਤ ਮਹਾਰਾਜ ਬਾਬਾ ਕਿਸ਼ਨ ਸਿੰਘ ਜੀ ਜਿਨ੍ਹਾਂ ਨੂੰ ਛੋਟੇ ਸੰਤ ਕਿਹਾ ਜਾਂਦਾ ਸੀ ਉਨ੍ਹਾਂ ਨੇ ਕਰਮਯੋਗ ਵਿਚ ਰਹਿ ਕੇ ਪ੍ਰਭੂ ਪ੍ਰਾਪਤੀ ਦਾ ਅਨੰਦ ਮਾਣਦਿਆਂ ਹੋਇਆਂ ਅਨੇਕਾਂ ਭੁੱਲੜ ਬੰਦਿਆਂ ਨੂੰ ਪ੍ਰਭੂ ਨਾਲ ਜੋੜਿਆ। ਉਨ੍ਹਾਂ ਦੇ ਬਚਨ ਅਮੋਘ ਬਾਣ ਹੋਇਆ ਕਰਦੇ ਸਨ। ਜਦੋਂ ਉਨ੍ਹਾਂ ਦਾ ਜ਼ਿਕਰ ਆਇਆ ਤਾਂ ਖੋਲ੍ਹ ਕੇ ਉਨ੍ਹਾਂ ਦੀ ਕਹਾਣੀ ਵੀ ਸੰਗਤ ਨਾਲ ਸਾਂਝੀ ਕੀਤੀ ਜਾਵੇਗੀ।

ਰਾੜੇ ਵਾਲੇ ਵੱਡੇ ਮਹਾਂਪੁਰਸ਼ਾਂ ਨੇ ਜੋ ਕਮਾਈ ਕੀਤੀ ਉਹ ਸਦਾ ਹੀ ਸੰਸਾਰ ਵਿਚ ਪ੍ਰਕਾਸ਼ ਕਰਦੀ ਰਹੇਗੀ। ਮੇਰੇ ਵਰਗੇ ਅਣਜਾਣ ਬੰਦੇ ਵੀ ਉਨ੍ਹਾਂ ਦੀ ਰਹਿਮਤ ਸਦਕੇ ਗ੍ਰਹਿਸਤ ਵਿਚ ਉਲਝੇ ਹੋਏ ਵੀ ਆਤਮ ਮਾਰਗ ਦੇ ਪ੍ਰਕਾਸ਼ ਵਿਚ ਚਲਣਯੋਗ ਬਣਾ ਦਿਤੇ।

ਇਸ ਲੇਖ ਵਿਚ ਪ੍ਰਮ ਸੰਤ ਸ੍ਰੀ 108 ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜੇ ਵਾਲਿਆਂ ਦਾ ਜ਼ਿਕਰ ਚਲ ਰਿਹਾ ਹੈ। ਆਪ ਨੇ ਜੋ ਘਾਲ ਕਮਾਈ 'ਆਦਿ ਸਚੁ ਜੁਗਾਦਿ ਸਚੁ' ਦੀ ਪ੍ਰਾਪਤੀ ਲਈ ਕੀਤੀ ਉਹ ਅਨੇਕਾਂ ਜਗਿਆਸੂਆਂ ਨੂੰ ਮਾਰਗ ਦਰਸ਼ਨ ਕਰਵਾਉਂਦੀ ਹੈ। ਮਹਾਂਪੁਰਸ਼ਾਂ (ਸੰਤ ਅਤਰ ਸਿੰਘ ਜੀ ਰੇਰੂ ਸਾਹਿਬ) ਦੀ ਹਜ਼ੂਰੀ ਵਿਚ ਉਨ੍ਹਾਂ ਦੀ ਇਹ ਹਾਲਤ ਸੀ ਕਿ ਸੌਣਾ, ਪੇਟ ਭਰ ਕੇ ਛਕਣਾ ਭੁੱਲ ਹੀ ਗਏ ਸਨ। ਮਹਾਂਪੁਰਸ਼ਾਂ ਦੀ ਅਤਿ ਕਰੜੀ ਸੇਵਾ ਵਿਚ ਹਰ ਸਮੇਂ ਲੀਨ ਰਹਿਣਾ ਅਤੇ ਰਾਤ ਨੂੰ ਚੌਂਕੜਾ ਮਾਰ ਕੇ ਜੇ ਨੀਂਦ ਦਾ ਬਹੁਤ ਜ਼ੋਰ ਪਵੇ ਤਾਂ ਉਸੇ ਤਰ੍ਹਾਂ ਬਿਨਾਂ ਧਰਤੀ ਤੇ ਪਿੱਠ ਲਾਇਆਂ ਆਪਣੀ ਨੀਂਦ ਪੂਰੀ ਕਰ ਲੈਣੀ।

ਇਕ ਵਾਰੀ ਮਹਾਰਾਜ ਜੀ ਮੈਨੂੰ ਸਹਿਜ ਨਾਲ ਹੀ ਦਸਦੇ ਸਨ ਕਿ ਜੀਵਨ ਵਿਚ ਬਾਹਰਲੀਆਂ ਘਟਨਾਵਾਂ ਤਾਂ ਦਰਜ ਕੀਤੀਆਂ ਜਾ ਸਕਦੀਆਂ ਹਨ ਪਰ ਅੰਤਰ ਆਤਮੇ ਜੋ ਕਰੜਾ ਸੰਘਰਸ਼ ਕਲਜੁੱਗ ਨਾਲ ਕਰਨਾ ਪੈਂਦਾ ਹੈ ਉਸ ਨੂੰ ਕੋਈ ਹੀ ਜਾਣਦਾ ਹੈ। ਇਸ ਮਾਰਗ ਵਿਚ ਆਲਸ ਬਹੁਤ ਵਿਘਨਕਾਰੀ ਹੋਇਆ ਕਰਦੀ ਹੈ।

ਇਕ ਕਥਾ ਤੁਸੀਂ ਸੁਣੀ ਹੋਵੇਗੀ ਕਿ ਗੁਰੂ ਨਾਨਕ ਦੇਵ ਜੀ, ਭਾਈ ਬਾਲਾ ਤੇ ਮਰਦਾਨਾ ਸਮੇਤ ਇਕ ਸੋਹਣਾ ਸਵੱਸਥ, ਸਾਫ-ਸੁਥਰਾ ਥਾਂ ਦੇਖ ਕੇ ਬਿਰਾਜਮਾਨ ਹਨ। ਇਕ ਵੱਡੇ ਵਿਕਰਾਲ ਕੱਦ ਵਾਲਾ ਪ੍ਰੇਮੀ, ਬਹੁਤ ਵੱਡਾ ਬੋਝਾ ਉਠਾਈਂ ਕੋਲੋਂ ਦੀ ਲੰਘ ਰਿਹਾ ਹੈ। ਭਾਈ ਮਰਦਾਨਾ ਜੀ ਨੇ ਅਨੁਮਾਨ ਲਾਇਆ ਕਿ ਕੌਣ ਹੋ ਸਕਦਾ ਹੈ। ਜਦੋਂ ਉਸ ਨੂੰ ਨਾ ਪਤਾ ਲੱਗਿਆ ਤਾਂ ਗੁਰੂ ਮਹਾਰਾਜ ਜੀ ਪਾਸ ਬੇਨਤੀ ਕੀਤੀ ਕਿ ਪਾਤਸ਼ਾਹ! ਇਹ ਕੌਣ ਹੈ? ਆਪ ਜੀ ਨੇ ਫੁਰਮਾਨ ਕੀਤਾ ਕਿ ਭਾਈ ਮਰਦਾਨਾ! ਇਹ ਕਲਜੁਗ ਹੈ।

ਸੱਚੇ ਪਾਤਸ਼ਾਹ! "ਇਹ ਕੀ ਚੁਕੀਂ ਜਾ ਰਿਹਾ ਹੈ?"

ਕਹਿਣ ਲੱਗੇ, "ਆਵਾਜ਼ ਦੇ ਕੇ ਪੁਛ ਲੈ ਅਤੇ ਆਪਣਾ ਸ਼ੰਕਾ ਦੂਰ ਕਰ ਲੈ।"

ਉਸ ਵੇਲੇ ਭਾਈ ਮਰਦਾਨਾ ਜੀ ਨੇ ਆਵਾਜ਼ ਦਿਤੀ, ਪ੍ਰੇਮੀਆਂ! ਜ਼ਰਾ ਦਰਸ਼ਨ ਦੇਣ ਦੀ ਕ੍ਰਿਪਾ ਕਰ ਮੈਂ ਕੁਝ ਆਪ ਤੋਂ ਪੁਛਣਾ ਚਾਹੁੰਦਾ ਹਾਂ। ਕਲਜੁਗ ਨੇ ਆ ਕੇ ਜੁੱਲੜ ਰੱਖ ਦਿਤਾ ਅਤੇ ਨਮਸਕਾਰ ਕਰਕੇ ਬੈਠ ਗਿਆ। ਆਪਣਾ ਪਰੀਚਾ ਦਿੰਦੇ ਹੋਏ ਭਾਈ ਮਰਦਾਨਾ ਨੂੰ ਕਿਹਾ ਕਿ ਮੈਂ ਇਸ ਜੁੱਗ ਦਾ ਰਾਜਾ ਹਾਂ। ਮੇਰੇ ਰਾਜ ਦਾ ਸਮਾਂ 4 ਲੱਖ 32 ਹਜ਼ਾਰ ਸਾਲ ਹੈ। ਮੇਰੇ ਤੋਂ ਪਹਿਲਾਂ ਮੇਰੇ ਤਿੰਨ ਭਾਈ ਰਾਜ ਕਰ ਚੁੱਕੇ ਹਨ। ਸਾਰਾ ਮਿਲਾ ਕੇ ਸਾਡੇ ਚਾਰਾਂ ਭਰਾਵਾਂ ਦਾ ਸਮਾਂ 43 ਲੱਖ 20 ਹਜ਼ਾਰ ਸਾਲ ਹੈ। ਅਸੀਂ ਵਾਰੀ-ਵਾਰੀ ਆਪਣੇ ਸਮੇਂ ਅਨੁਸਾਰ ਰਾਜ ਕਰਦੇ ਹਾਂ। ਸਮਾਂ ਆਉਣ ਤੇ, ਪਹਿਲਾ ਭਰਾ ਪਾਸੇ ਹਟ ਜਾਂਦਾ ਹੈ, ਦੂਸਰਾ ਤਖਤ ਤੇ ਬੈਠ ਕੇ ਰਾਜ ਕਰਦਾ ਹੈ। ਮੇਰੇ ਸਭ

ਤੋਂ ਵੱਡੇ ਭਰਾ ਜਿਸ ਨੂੰ 'ਸਤਿਜੁਗ' ਕਹਿੰਦੇ ਹਨ ਉਸ ਦਾ ਰਾਜ ਸੰਸਾਰ ਉਪਰ 17 ਲੱਖ 32 ਹਜ਼ਾਰ ਸਾਲ ਰਿਹਾ। ਉਸ ਦੇ ਰਾਜ ਵਿਚ ਜੋ ਮਨੁੱਖ ਰਹਿੰਦੇ ਸਨ ਉਨ੍ਹਾਂ ਦਾ ਜੀਵਨ ਬਹੁਤ ਉਚਾ ਸੀ। ਉਹ ਸੱਚ ਬੋਲਦੇ ਸਨ, ਕੋਈ ਵੀ ਪੁਰਸ਼ ਨਿਗੁਰਾ ਨਹੀਂ ਸੀ ਹੋਇਆ ਕਰਦਾ, ਧਰਮ ਦੇ ਚਾਰੇ ਪੈਰ ਕਾਇਮ ਸਨ, ਉਸ ਵੇਲੇ ਸਾਰੇ ਹੀ ਸੱਚ ਬੋਲਦੇ ਸਨ, ਝੂਠ ਨਾਮ ਦੀ ਕੋਈ ਚੀਜ਼ ਹੁੰਦੀ ਹੀ ਨਹੀਂ ਸੀ। ਪ੍ਰਮੇਸ਼ਰ ਦੀ ਭਗਤੀ ਕਰਦੇ ਸਨ, ਆਪਣੇ ਗੁਰੂ ਦੀ ਸੇਵਾ ਕਰਕੇ ਆਪਣਾ ਜੀਵਨ ਸਫਲ ਕਰਦੇ ਸਨ। ਇੰਨਾਂ ਸਮਾਂ ਗੁਜ਼ਰ ਜਾਣ ਤੇ ਇਕ ਸ਼ਕਤੀ (ਪੈਰ) ਧਰਮ ਦੀ ਦੂਰ ਹੋ ਗਈ, ਸੰਸਾਰ ਵਿਚ ਦਿਖਾਵਾ ਵਧ ਗਿਆ ਅਤੇ ਪਾਖੰਡ ਨੇ ਜੀਵਨ ਵਿਚ ਪ੍ਰਵੇਸ਼ ਕਰ ਲਿਆ। ਸਤਿਜੁਗ ਵਿਚ ਸਾਰੇ ਜਾਣਦੇ ਸਨ ਕਿ ਵਾਹਿਗੁਰੂ ਜੀ ਹਾਜ਼ਰ ਨਾਜ਼ਰ, ਘਟ-ਘਟ ਵਿਚ ਵਿਆਪਕ ਹਨ, ਉਹ ਹਰ ਤੱਤ ਵਿਚ ਪੂਰੀ ਤਰ੍ਹਾਂ ਨਾਲ ਵਿਆਪਕ ਹਨ। ਉਹ ਆਪ ਹੀ ਇਕ ਤੋਂ ਅਨੇਕ ਰੂਪ ਹੋ ਕੇ ਸੰਸਾਰ ਵਿਚ ਆਪਣਾ ਖੇਲ੍ਹ ਕਰ ਰਹੇ ਹਨ। ਉਹ ਨਾਮ ਦੀ ਪ੍ਰਮ ਉਚੀ ਅਵਸਥਾ ਵਿਚ ਆਪਣਾ ਜੀਵਨ ਬਤੀਤ ਕਰਿਆ ਕਰਦੇ ਸਨ ਪਰ 'ਤ੍ਰੇਤੇ' ਵਿਚ ਵਾਹਿਗੁਰੂ ਜੀ ਵਲੋਂ ਭੁੱਲ ਪੈਣੀ ਸ਼ੁਰੂ ਹੋਈ ਅਤੇ ਉਸ ਨੂੰ ਦੂਰ ਜਾਣਿਆ ਗਿਆ। ਜੇਕਰ ਕੋਈ ਸਮਰੱਥ ਗੁਰੂ ਦੀ ਸੇਵਾ ਕਰਦਾ ਸੀ, ਉਸ ਨੂੰ ਇਸ ਗਿਆਨ ਦੀ ਸੋਝੀ ਹੋਇਆ ਕਰਦੀ ਸੀ ਅਤੇ ਨਾਮ ਦੀ ਅਵਸਥਾ ਪ੍ਰਾਪਤ ਕਰਕੇ ਸੁਖੀ ਹੋਇਆ ਕਰਦਾ ਸੀ। 12 ਲੱਖ 96 ਹਜ਼ਾਰ ਸਾਲ ਦਾ ਸਮਾਂ ਬੀਤਣ ਉਪਰੰਤ ਤੀਜੇ ਭਰਾ ਦੀ ਵਾਰੀ ਆਈ ਜਿਸ ਦਾ ਨਾਮ 'ਦੁਆਪਰ' ਹੈ ਇਸ ਜੁੱਗ ਦੇ ਅੰਦਰ ਮਾਨਸਿਕ ਅਵਸਥਾ ਹੋਰ ਨੀਵੀਂ ਪੱਧਰ ਤੇ ਆ ਗਈ ਅਤੇ ਮਨ ਵਿਚ ਦੁਬਿਧਾ ਪੈਦਾ ਹੋ ਗਈ। ਪ੍ਰਤੱਖ ਵਸਦੇ ਵਾਹਿਗੁਰੂ ਉਪਰ ਸ਼ੰਕਾ ਪੈਦਾ ਹੋ ਗਿਆ ਕਿ ਵਾਹਿਗੁਰੂ ਜੀ ਆਪ ਹੀ ਆਪ ਹਨ ਜਾਂ ਵਾਹਿਗੁਰੂ ਜੀ ਦੇ ਨਾਲ ਇਕ ਹੋਰ ਸ਼ਕਤੀ ਜਿਸ ਨੂੰ ਮੂਲ ਪ੍ਰਕ੍ਰਿਤੀ ਆਖਿਆ ਜਾਂਦਾ ਹੈ, ਉਸ ਦੀ ਵੀ ਹੋਂਦ ਕਾਇਮ ਹੈ? ਇਸ ਜੁੱਗ ਵਿਚ ਇਕ ਤੋਂ ਦੋ ਬਣ ਗਏ। ਦੋਨੋਂ ਹੀ ਅਨਾਦੀ ਚੇਤਨ ਤੱਤ ਆਪਣੀ-ਆਪਣੀ ਥਾਂ ਤੇ ਅਨਾਦੀ ਸਨ। ਮੂਲ ਪ੍ਰਕ੍ਰਿਤੀ ਆਪਣੀ ਥਾਂ ਤੇ ਅਨਾਦੀ ਸੀ। ਦੋਹਾਂ ਤੱਤਾਂ ਨੇ ਸੰਸਾਰ ਵਿਚ ਦ੍ਵੈਤ ਵਰਤਾਅ ਦਿਤੀ ਅਤੇ ਭੇਦ ਭਰਮ, ਸੰਗ ਭਰਮ, ਕਰਤਤ੍ਵ ਭਰਮ ਮਨ ਵਿਚ ਪੂਰੀ ਤਰ੍ਹਾਂ ਨਾਲ ਆਪਣਾ ਹਨ੍ਹੇਰਾ ਲੈ ਕੇ ਛਾ ਗਏ ਅਤੇ ਸ਼ੱਕ ਪੈ ਗਿਆ ਕਿ ਵਾਹਿਗੁਰੂ ਜੀ ਹੋਰ ਹਨ, ਮੂਲ ਪ੍ਰਕ੍ਰਿਤੀ ਹੋਰ ਹੈ; ਸੰਸਾਰ ਹੋਰ ਹੈ, ਪ੍ਰਭੂ ਹੋਰ ਹੈ। ਇਸ ਤੋਂ ਵੀ ਅੱਗੇ ਸੰਸਾਰ ਨੂੰ ਹਰੀ ਦਾ ਰੂਪ ਜਾਨਣ ਦੀ ਥਾਂ ਦੁਖਾਂ ਦਾ ਘਰ ਜਾਣ ਕੇ ਇਸ ਨੂੰ ਪ੍ਰਭੂ ਦਾ ਬਿਕਾਰ ਸਮਝਿਆ ਗਿਆ। ਗਿਆਨ ਦਾ ਅਨੁਭਵ ਦੂਰ ਰਹਿ ਗਿਆ। ਇਸ ਵਿਚ ਸਮਰੱਥ ਗੁਰੂ ਰਾਹੀਂ ਕਰਮ, ਉਪਾਸ਼ਨਾ ਅਤੇ ਗਿਆਨ ਦੇ ਸਾਧਨ ਕਰਕੇ ਵਿਰਲਿਆਂ-ਵਿਰਲਿਆਂ ਨੂੰ ਗਿਆਨ ਦਾ ਪ੍ਰਕਾਸ਼ ਹੋਣ ਲੱਗਿਆ। ਸੰਸਾਰ ਕਰਮ ਕਾਂਡ ਵਿਚ ਰੁਝ ਗਿਆ, ਧਰਮ ਦੇ ਦੋ ਪੈਰ ਕਾਇਮ ਰਹਿ ਗਏ। ਸੰਸਾਰ ਦੇ ਜੋ ਸਾਧਨ ਸਨ ਉਨ੍ਹਾਂ ਵਿਚ ਸਤਿਜੁਗ ਵਿਚ ਸਤਿ ਦਾ ਬੋਲਬਾਲਾ ਸੀ, ਤ੍ਰੇਤੇ ਵਿਚ ਅਨੇਕ ਕਿਸਮ ਦੇ ਯੱਗ ਕੀਤੇ ਜਾਂਦੇ ਸਨ। ਦੁਆਪਰ ਵਿਚ ਪੂਜਾ ਦਾ ਰਿਵਾਜ਼ ਹੋਇਆ। ਇਸ ਵਿਚ ਸਮਰੱਥ ਗੁਰੂ ਦੀ ਬਹੁਤ ਹੀ ਜ਼ਰੂਰਤ ਮਹਿਸੂਸ ਹੋਈ ਕਿਉਂਕਿ ਨਾਮ ਨੂੰ ਦ੍ਰਿੜ੍ਹ ਕਰਨ ਵਾਸਤੇ ਉਸ ਦੀ ਦਇਆ ਦੀ ਲੋੜ ਸੀ। ਸੋ ਭਾਈ ਮਰਦਾਨਾ ਜੀ! ਇਹ ਵਾਰਤਾ ਜੋ ਸਾਡੇ ਭਰਾਵਾਂ ਦੀ ਜੁਗਾਂ ਦੇ ਰੂਪ ਵਿਚ ਚਲਦੀ ਆ ਰਹੀ ਹੈ ਇਸ ਨੂੰ

ਤੁਸੀਂ ਸਮਾਂ ਕਹੋ ਅਤੇ ਜੋ ਨਾਮ ਮੈਂ ਦਿਤੇ ਹਨ ਉਹ ਕਹੋ ਜਾਂ ਇਹ ਸਮਝੋ ਕਿ ਮਨੁੱਖ ਕਰਤਾ ਪੁਰਖ ਨੂੰ ਭੁੱਲ ਗਿਆ ਅਤੇ ਉਸ ਦੇ ਮਨ ਤੇ ਮਾਇਆ ਦਾ ਅਸਰ ਹੋ ਗਿਆ। ਉਹ ਆਪਣੀ ਮੂਲ ਅਵਸਥਾ ਤੋਂ ਹੌਲੀ-ਹੌਲੀ ਐਨਾ ਹੇਠਲੀਆਂ ਪੜ੍ਹਤਾਂ ਤੇ ਪਹੁੰਚ ਗਿਆ ਕਿ ਮੇਰੇ ਜੁੱਗ ਤਕ ਪਹੁੰਚਦਾ-ਪਹੁੰਚਦਾ ਉਹ ਪੂਰੀ ਤਰ੍ਹਾਂ ਨਾਲ ਪ੍ਰੇਤ ਬਣ ਗਿਆ।

ਗੁਰੂ ਤੀਸਰੇ ਪਾਤਸ਼ਾਹ ਮਹਾਰਾਜ ਜੀ ਨੇ ਇਸ ਅਵਸਥਾ ਬਾਰੇ ਫੁਰਮਾਨ ਕੀਤਾ ਹੈ ਕਿ ਸਮੇਂ-ਸਮੇਂ ਮਨੁੱਖ ਦੇ ਸੁਭਾਅ ਬਦਲਦੇ ਰਹਿੰਦੇ ਹਨ। ਸਤਿਜੁਗ ਵਿਚ ਤਿਆਗੀ ਤੇ ਵਿਚਾਰਵਾਨ ਲੋਕ ਸਨ ਅਤੇ ਪੂਰਨ ਗਿਆਨ ਵਿਚ ਪ੍ਰਭੂ ਨੂੰ ਘਟ-ਘਟ ਵਿਚ ਵਿਆਪਕ ਦੇਖਦੇ ਸਨ ਅਤੇ ਸ੍ਰਿਸ਼ਟੀ ਨੂੰ ਪ੍ਰਭੂ ਕਰਕੇ ਹੀ ਦੇਖਦੇ ਸਨ। ਅਗਿਆਨ ਦਾ ਕੋਈ ਵੀ ਅੰਸ ਉਨ੍ਹਾਂ ਦੇ ਮਨ ਵਿਚ ਨਹੀਂ ਸੀ। ਸਾਰੀਆਂ ਬੁਰਿਆਈਆਂ ਤੋਂ ਸਾਫ ਸੁਥਰੇ ਸਨ ਅਤੇ ਵਾਹਿਗੁਰੂ ਜੀ ਦੇ ਨਾਮ ਰਸ ਵਿਚ ਜੁੜੇ ਆਪਣਾ ਜੀਵਨ ਬਤੀਤ ਕਰਦੇ ਸਨ। ਲੋੜਾਂ ਬਹੁਤ ਹੀ ਘੱਟ ਸਨ, ਵਾਸ਼ਨਾਵਾਂ ਤੋਂ ਛੁਟਕਾਰਾ ਪਾਇਆ ਹੋਇਆ ਸੀ। ਰਾਜੇ ਲੋਕ ਧਰਮ ਦਾ ਰਾਜ ਕਰਦੇ ਸਨ, ਹਰ ਵਰਗ ਸੁਖਾਂ ਵਿਚ ਵਾਹਿਗੁਰੂ ਨਾਲ ਜੁੜਿਆ ਹੋਇਆ ਆਪਣਾ ਸਮਾਂ ਬਤੀਤ ਕਰਦਾ ਸੀ। ਦੁਆਪਰ ਤੇ ਤ੍ਰੇਤੇ ਜੁਗ ਵਿਚ ਮਨੁੱਖ ਇਸ ਦੇਵ ਪਦਵੀ ਤੋਂ ਹੇਠਾਂ ਤਿਲਕਿਆ, ਵਾਹਿਗੁਰੂ ਜੀ ਦੇ ਗਿਆਨ ਵਿਚੋਂ ਦਿਸਣ ਵਾਲੀ ਮਾਇਆ ਵਿਚ ਪਰਚਣ ਲੱਗਿਆ ਅਤੇ ਮਨੁੱਖ ਦੀ ਹਾਲਤ ਵਿਚ ਪ੍ਰਗਟ ਹੋਇਆ। ਪਰ ਸੱਚ ਵਲ ਬਹੁਤ ਝੁਕਾਅ ਰਹਿੰਦਾ ਸੀ ਜੀਵਨ ਸਤਿ ਤੇ ਅਧਾਰਤ ਸੀ। ਕਲਜੁੱਗ ਵਿਚ ਮਨੁੱਖ ਦੀ ਸੁਰਤ ਐਨੀ ਨੀਵੀਂ ਹੋ ਗਈ ਕਿ ਉਹ ਭੂਤਨਾ ਹੀ ਬਣ ਗਿਆ ਜਿਵੇਂ ਕਿ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ –

***ਕਲੀ ਅੰਦਰਿ ਨਾਨਕਾ ਜਿੰਨਾਂ ਦਾ ਅਉਤਾਰੁ॥***
***ਪੁਤੁ ਜਿਨੂਰਾ ਧੀਅ ਜਿੰਨੂਰੀ ਜੋਰੂ ਜਿੰਨਾ ਦਾ ਸਿਕਦਾਰੁ॥***

***ਪੰਨਾ – 556***

ਹਉਮੈ ਦਾ ਫੈਲਾਓ ਦਿਨੋ-ਦਿਨ ਵਧਦਾ ਗਿਆ ਅਤੇ ਜੀਵ ਨੇ ਆਪਣੇ ਆਪ ਦੀ ਹਸਤੀ ਪੂਰੀ ਤਰ੍ਹਾਂ ਨਾਲ ਕਾਇਮ ਕਰਕੇ ਆਪ ਨੂੰ ਪ੍ਰਮੇਸ਼ਰ ਦੀ ਸਰਬ ਸਮਰੱਥਾ ਤੋਂ ਵੱਖਰਾ ਕਰ ਲਿਆ। ਕਲਜੁਗ ਬਾਰੇ ਫੁਰਮਾਨ ਹੈ –

***ਕਲਿ ਮਹਿ ਪ੍ਰੇਤ ਜਿਨੀ ਰਾਮੁ ਨ ਪਛਾਤਾ***
***ਸਤਜੁਗਿ ਪਰਮ ਹੰਸ ਬੀਚਾਰੀ॥***
***ਦੁਆਪੁਰਿ ਤ੍ਰੇਤੈ ਮਾਣਸ ਵਰਤਹਿ ਵਿਰਲੈ ਹਉਮੈ ਮਾਰੀ॥***

***ਪੰਨਾ – 1131***

ਸਾਰੇ ਜੁਗਾਂ ਦੇ ਵਿਚ ਨਾਮ ਦੀ ਵਡਿਆਈ ਹੀ ਪ੍ਰਮੁੱਖ ਮੰਨੀ ਗਈ ਹੈ, ਨਾਮ ਜਪ ਕੇ ਹੀ ਪ੍ਰਮ ਗਤੀ ਨੂੰ ਪ੍ਰਾਪਤ ਹੋਈਦਾ ਹੈ। ਨਾਮ ਤੋਂ ਬਿਨਾਂ ਕਿਸੇ ਜੁੱਗ ਵਿਚ ਵੀ ਸ਼ਕਤੀ ਨਹੀਂ ਹੁੰਦੀ, ਸਾਰੇ ਜੁੱਗਾਂ ਵਿਚ ਨਾਮ ਦੀ ਹੀ ਵਡਿਆਈ ਹੋਣ ਕਰਕੇ ਗੁਰਮੁਖ ਰਾਹੀਂ ਨਾਮ ਹਿਰਦੇ ਵਿਚ ਵਸਦਾ ਹੈ। ਜਿਸਨੇ ਵੀ ਰਾਮ ਦੇ ਨਾਮ ਨਾਲ ਲਿਵ ਲਾ ਲਈ ਅਤੇ ਨਾਮ ਮੰਡਲ ਵਿਚ ਜਾਂ ਇਉਂ ਕਹੋ ਆਤਮ ਮੰਡਲ ਵਿਚ ਪ੍ਰਵੇਸ਼ ਕਰ ਲਿਆ ਅਤੇ ਆਪਣੀ ਦ੍ਵੈਤ ਦਾ

ਪੂਰੀ ਤਰ੍ਹਾਂ ਨਾਸ਼ ਕਰਕੇ ਪ੍ਰਭੂ ਵਿਚ ਅਭੇਦ ਅਵਸਥਾ ਨਾਲ ਜੁੜ ਗਿਆ ਉਹ ਨਾਮ ਦੇ ਮੰਡਲ ਦਾ ਵਾਸੀ ਹੋ ਕੇ ਵਾਹਿਗੁਰੂ ਜੀ ਦਾ ਰੂਪ ਹੀ ਬਣ ਜਾਇਆ ਕਰਦਾ ਹੈ। ਫੁਰਮਾਨ ਹੈ –

*ਕਲਿ ਮਹਿ ਰਾਮ ਨਾਮਿ ਵਡਿਆਈ॥*
*ਜੁਗਿ ਜੁਗਿ ਗੁਰਮੁਖਿ ਏਕੋ ਜਾਤਾ ਵਿਣੁ ਨਾਵੈ ਮੁਕਤਿ ਨ ਪਾਈ॥*
*ਹਿਰਦੈ ਨਾਮੁ ਲਖੈ ਜਨੁ ਸਾਚਾ ਗੁਰਮੁਖਿ ਮੰਨਿ ਵਸਾਈ॥*
*ਆਪਿ ਤਰੇ ਸਗਲੇ ਕੁਲ ਤਾਰੇ ਜਿਨੀ ਰਾਮ ਨਾਮਿ ਲਿਵ ਲਾਈ॥*

*ਪੰਨਾ – 1132*

ਕਲਜੁੱਗ ਕਹਿਣ ਲੱਗਿਆ, "ਮੇਰੇ ਜੁੱਗ ਵਿਚ ਸਿਰਫ ਇਕ ਕਲਾ ਧਰਮ ਦੀ ਰਹਿ ਗਈ ਹੈ ਉਹ ਹੈ 'ਨਾਮ'। ਪਰ ਪੂਰੇ ਸਤਿਗੁਰੂ ਦੇ ਮਿਲਾਪ ਤੋਂ ਬਿਨਾਂ ਇਹ ਨਾਮ ਪ੍ਰਾਪਤ ਨਹੀਂ ਹੋ ਸਕਦਾ। ਵਾਹਿਗੁਰੂ ਤਾਂ ਸਾਰੇ ਜੁਗਾਂ ਵਿਚ ਇਕੋ ਹੈ ਸਾਰਿਆਂ ਦੇ ਵਿਚ ਇਕੋ ਹੀ ਸਮਾਅ ਰਿਹਾ ਹੈ ਅਤੇ ਦੂਜਾ ਕੋਈ ਹੈ ਹੀ ਨਹੀਂ ਪਰ ਹਉਮੈ ਦਾ ਪ੍ਰਭਾਵ ਮਨੁੱਖੀ ਸੁਰਤ ਉਤੇ ਐਨਾ ਹਾਵੀ ਹੋ ਗਿਆ ਕਿ ਉਹ ਮਹਾਨ ਅੰਧਕਾਰ ਵਿਚ ਗਿਰ ਪਿਆ ਹੈ। ਸਾਰੇ ਜੁਗਾਂ ਵਿਚ ਨਾਮ ਉਤਮ ਕਰਮ ਰਿਹਾ ਹੈ ਗੁਰੂ ਦੇ ਰਾਹੀਂ ਕੋਈ ਵਿਰਲਾ ਹੀ ਇਸ ਗੱਲ ਨੂੰ ਬੁਝਦਾ ਹੈ।" ਗੁਰੂ ਤੀਸਰੇ ਪਾਤਸ਼ਾਹ ਮਹਾਰਾਜ ਜੀ ਨੇ ਉਪਰੋਕਤ ਸਾਰੇ ਸਿਧਾਂਤ ਦੀ ਪੁਸ਼ਟੀ ਕਰਦਿਆਂ ਫੁਰਮਾਇਆ ਹੈ –

*ਸਤਜੁਗਿ ਸਚੁ ਕਹੈ ਸਭੁ ਕੋਈ॥*
*ਘਰਿ ਘਰਿ ਭਗਤਿ ਗੁਰਮੁਖਿ ਹੋਈ॥*
*ਸਤਜੁਗਿ ਧਰਮੁ ਪੈਰ ਹੈ ਚਾਰਿ॥*
*ਗੁਰਮੁਖਿ ਬੂਝੈ ਕੋ ਬੀਚਾਰਿ॥*
*ਜੁਗ ਚਾਰੇ ਨਾਮਿ ਵਡਿਆਈ ਹੋਈ॥*
*ਜਿ ਨਾਮਿ ਲਾਗੈ ਸੋ ਮੁਕਤਿ ਹੋਵੈ*
*ਗੁਰ ਬਿਨੁ ਨਾਮੁ ਨ ਪਾਵੈ ਕੋਈ॥*
*ਤ੍ਰੇਤੈ ਇਕ ਕਲ ਕੀਨੀ ਦੂਰਿ॥*
*ਪਾਖੰਡੁ ਵਰਤਿਆ ਹਰਿ ਜਾਣਨਿ ਦੂਰਿ॥*
*ਗੁਰਮੁਖਿ ਬੂਝੈ ਸੋਝੀ ਹੋਈ॥*
*ਅੰਤਰਿ ਨਾਮੁ ਵਸੈ ਸੁਖੁ ਹੋਈ॥*
*ਦੁਆਪੁਰਿ ਦੂਜੈ ਦੁਬਿਧਾ ਹੋਇ॥*
*ਭਰਮਿ ਭੁਲਾਨੇ ਜਾਣਹਿ ਦੋਇ॥*
*ਦੁਆਪੁਰਿ ਧਰਮਿ ਦੁਇ ਪੈਰ ਰਖਾਏ॥*
*ਗੁਰਮੁਖਿ ਹੋਵੈ ਤ ਨਾਮੁ ਦ੍ਰਿੜਾਏ॥*
*ਕਲਜੁਗਿ ਧਰਮ ਕਲਾ ਇਕ ਰਹਾਏ॥*
*ਇਕ ਪੈਰਿ ਚਲੈ ਮਾਇਆ ਮੋਹੁ ਵਧਾਏ॥*
*ਮਾਇਆ ਮੋਹੁ ਅਤਿ ਗੁਬਾਰੁ॥*
*ਸਤਗੁਰ ਭੇਟੈ ਨਾਮਿ ਉਧਾਰੁ॥*

***ਸਭ ਜੁਗ ਮਹਿ ਸਾਚਾ ਏਕੋ ਸੋਈ॥***
***ਸਭ ਮਹਿ ਸਚੁ ਦੂਜਾ ਨਹੀ ਕੋਈ॥***
***ਸਾਚੀ ਕੀਰਤਿ ਸਚੁ ਸੁਖੁ ਹੋਈ॥***
***ਗੁਰਮੁਖਿ ਨਾਮੁ ਵਖਾਣੈ ਕੋਈ॥***
***ਸਭ ਜੁਗ ਮਹਿ ਨਾਮੁ ਊਤਮੁ ਹੋਈ॥***
***ਗੁਰਮੁਖਿ ਵਿਰਲਾ ਬੂਝੈ ਕੋਈ॥***
***ਹਰਿਨਾਮੁ ਧਿਆਏ ਭਗਤੁ ਜਨੁ ਸੋਈ॥***
***ਨਾਨਕ ਜੁਗਿ ਜੁਗਿ ਨਾਮਿ ਵਡਿਆਈ ਹੋਈ॥ ਪੰਨਾ – 880***

ਸੋ ਕਲਜੁੱਗ ਨੇ ਕਿਹਾ ਕਿ ਭਾਈ ਮਰਦਾਨਾ! ਮੇਰੇ ਜੁਗ ਵਿਚ ਗੁਰੂ ਨਾਨਕ ਆਪ ਪ੍ਰਮੇਸ਼ਰ ਰੂਪ ਆਪਣੀਆਂ ਅਨਕ ਕਲਾਂ ਨਾਲ ਗੁਰੂ ਰੂਪ ਧਾਰ ਕੇ ਪ੍ਰਗਟਿਆ ਹੈ। ਮੇਰੇ ਜੋ ਕਰਮ ਹਨ ਉਹ ਬਹੁਤ ਹੀ ਨਖਿੱਧ ਹਨ, ਨਿੰਦਣਯੋਗ ਹਨ ਕਿਉਂਕਿ ਮੈਂ ਮਨੁੱਖ ਨੂੰ ਪੂਰੀ ਤਰ੍ਹਾਂ ਨਾਲ ਮੋਹਣੀ ਮਾਇਆ ਦੇ ਵਸ ਵਿਚ ਕਰ ਦਿਤਾ ਹੈ, ਇਹ ਮੋਹਣੀ ਮਾਇਆ ਬਗੈਰ ਦੰਦਾਂ ਤੋਂ ਇਸ ਸੰਸਾਰ ਨੂੰ ਖਾ ਰਹੀ ਹੈ।

***ਮਾਇਆ ਮਮਤਾ ਮੋਹਣੀ ਜਿਨਿ ਵਿਣੁ ਦੰਤਾ ਜਗੁ ਖਾਇਆ॥***
***ਮਨਮੁਖ ਖਾਧੇ ਗੁਰਮੁਖਿ ਉਬਰੇ ਜਿਨੀ ਸਚਿ ਨਾਮਿ ਚਿਤੁ ਲਾਇਆ॥***
***ਪੰਨਾ – 643***

ਨਾ ਮੈਂ ਕਿਸੇ ਜਪੀ ਦਾ ਜਪ ਪੂਰਾ ਹੋਣ ਦਿੰਦਾ ਹਾਂ, ਨਾ ਕਿਸੇ ਤਪੀ ਦਾ ਤਪ ਸਿਰੇ ਚੜ੍ਹਨ ਦਿੰਦਾ ਹਾਂ ਜੇ ਕੋਈ ਨਾਮ ਵਲ ਲਗਦਾ ਹੈ ਤਾਂ ਮੈਂ ਉਸ ਦੀ ਬਦਨਾਮੀ ਕਰਾਉਂਦਾ ਹਾਂ। ਮਾਇਆ ਦੇ ਕਰਿਸ਼ਮੇ ਮੇਰੇ ਜੁੱਗ ਵਿਚ ਐਨੇ ਵਧ ਗਏ ਹਨ ਕਿ ਇਕ ਵੀ ਬੰਦਾ ਮੇਰੀ ਭੁਲਾਉਣ ਵਾਲੀ ਸ਼ਕਤੀ ਤੋਂ ਬਚ ਨਹੀਂ ਸਕਦਾ ਪਰ ਭਾਈ ਮਰਦਾਨਾ! ਗੁਰੂ ਨਾਨਕ ਪਾਤਸ਼ਾਹ ਜੀ ਨੇ 'ਗੁਰਮੁਖ ਨਾਮ ਦਾਨੁ ਇਸ਼ਨਾਨ' ਦੀ ਵਰਤੋਂ ਕਰਾ ਕੇ ਸਤਿ ਦੇ ਮਾਰਗ ਤੇ ਚਲਣ ਲਈ ਨਾਮ ਦਾ ਮਹਾਤਮ ਐਨਾ ਅਮੁੱਲ ਕਰ ਦਿਤਾ ਹੈ ਕਿ ਜੇ ਕੋਈ ਇਸ ਅਮੁੱਲ ਨਾਮ ਵਲ ਇਕ ਅੱਖ ਦੇ ਝਮਕਣ ਜਿੰਨੇ ਚਿਰ ਤਾਈਂ ਚਿੱਤ ਜੋੜ ਲਵੇ ਤਾਂ ਉਸ ਦੇ ਕੀਤੇ ਹੋਏ ਸਾਰੇ ਪਾਪਾਂ ਦਾ ਨਾਸ਼ ਐਉਂ ਹੋ ਜਾਂਦਾ ਹੈ ਜਿਵੇਂ ਕ੍ਰੋੜਾਂ ਮਣ ਲੱਕੜਾਂ ਵਿਚ ਇਕ ਅੱਗ ਦੀ ਚੰਗਿਆੜੀ ਸੁੱਟ ਦਿਤੀ ਜਾਵੇ ਤਾਂ ਉਹ ਸਾਰੀ ਲੱਕੜ ਜਲ ਕੇ ਸੁਆਹ ਬਣ ਜਾਂਦੀ ਹੈ। ਮੇਰੇ ਜੁੱਗ ਵਿਚ ਨਾਮ ਦੀ ਵਡਿਆਈ ਐਨੀ ਵਧ ਗਈ ਹੈ ਕਿ ਗੁਰੂ ਦੀ ਕ੍ਰਿਪਾ ਦੇ ਨਾਲ ਜਦੋਂ ਨਾਮ ਮਨ ਵਿਚ ਵਸਦਾ ਹੈ ਤਾਂ ਉਸ ਉਪਰ ਮੇਰਾ ਕੋਈ ਵਸ ਨਹੀਂ ਚਲਦਾ। ਗੁਰੂ ਨਾਨਕ ਨੇ 'ਨਾਮ' ਪ੍ਰੇਮੀਆਂ ਲਈ ਸਤਿਸੰਗ ਦਾ ਮਜ਼ਬੂਤ ਕਿਲਾ ਬਣਾ ਦਿਤਾ ਹੈ ਜਿਥੇ ਮੇਰਾ ਵਸ ਨਹੀਂ ਚਲਦਾ। ਸਤਿਗੁਰੂ ਤੋਂ ਵਰੋਸਾਏ ਹੋਏ ਗੁਰਮੁਖ ਪਦਵੀ ਦੇ ਸੰਤ, ਮਹਾਂਪੁਰਸ਼ ਸੰਸਾਰ ਨੂੰ ਨਾਮ ਦ੍ਰਿੜ੍ਹ ਕਰਾਉਂਦੇ ਹਨ, ਉਨ੍ਹਾਂ ਦਾ ਉਪਦੇਸ਼ ਵੀ ਗੁਰਮੁਖ ਨਾਮ ਦਾਨ ਇਸ਼ਨਾਨ ਹੀ ਹੈ। ਭਾਈ ਮਰਦਾਨਾ ਜੀ! ਦੋ ਚੀਜ਼ਾਂ ਉਪਰ ਤਾਂ ਮੇਰਾ ਜ਼ੋਰ ਚਲਦਾ ਹੈ – ਦਾਨ ਲੋਕੀ ਕਰਦੇ ਹਨ ਪਰ ਮੈਂ ਉਨ੍ਹਾਂ ਦੇ ਮਨ ਬਦਲ ਦਿੰਦਾ ਹਾਂ, ਉਹ ਦਾਨ ਦੇ ਬਦਲੇ ਥੋੜ੍ਹਾ ਜਿਹਾ ਦਾਨ ਕਰਕੇ ਹਜ਼ਾਰਾਂ ਗੁਣਾਂ ਫਲ ਮੰਗਦੇ ਹਨ। ਆਪਣੇ ਦਿਤੇ ਹੋਏ ਦਾਨ ਦੀ ਵਡਿਆਈ ਕਰਦੇ ਹਨ, ਆਪਣੇ ਨਾਮ ਦੇ ਪੱਥਰ ਅਤੇ ਦਿਤੀ

ਹੋਈ ਰਕਮ ਉਸ ਥਾਂ ਲਗਵਾਉਂਦੇ ਹਨ ਜਿਥੇ ਸਾਰੇ ਉਸ ਨੂੰ ਪੜ੍ਹ ਕੇ ਲੰਘਣ ਅਤੇ ਵਡਿਆਉਣ। ਪਰ ਮੂਰਖ ਲੋਕਾਂ ਨੂੰ ਪਤਾ ਹੀ ਨਹੀਂ ਕਿ ਮੈਂ ਹੀ ਉਸ ਦੀ ਬੁੱਧੀ ਵਿਪਰੀਤ ਕਰ ਦਿਤੀ, ਉਸ ਦੇ ਮਨ ਵਿਚ ਕੀਤੇ ਦਾਨ ਦਾ ਗੁਮਾਨ ਪੈਦਾ ਕਰ ਦਿਤਾ। ਤੀਰਥਾਂ ਤੇ ਜਾ ਕੇ ਇਸ਼ਨਾਨ ਕਰਨਾ ਦੂਜਾ ਕਰਮ ਸੀ। ਮੈਂ ਸਾਰੇ ਤੀਰਥ ਹੀ ਭਰਿਸ਼ਟ ਕਰ ਦਿਤੇ ਉਸ ਥਾਂ ਦੇ ਉਤੇ ਤੱਤ ਬੇਤੇ, ਪ੍ਰਭੂ ਨਾਲ ਇਕ-ਮਿਕ ਹੋਏ ਮਹਾਂਪੁਰਸ਼ਾਂ ਦੀ ਹੋਂਦ ਹੀ ਨਾ ਰਹਿਣ ਦਿਤੀ। ਉਸ ਦੀ ਥਾਂ ਦੂਜੇ ਦੇ ਧਨ ਨੂੰ ਆਪਣਾ ਬਣਾਉਣ ਵਾਲੇ, ਉਹ ਕੀਤੇ ਦਾਨ ਨੂੰ ਪ੍ਰਾਪਤ ਕਰਕੇ ਆਪਣੀ ਨਿਜੀ ਐਸ਼ ਲਈ ਦਾਨ ਦਾ ਪੈਸਾ ਖਰਚ ਕਰਦੇ ਹਨ। ਤੀਰਥ ਦਾ ਇਸ਼ਨਾਨ ਵੀ ਮੈਂ ਦੂਸ਼ਿਤ ਕਰ ਦਿਤਾ। ਪਹਿਲੇ ਸਮਿਆਂ ਵਿਚ ਲੋਕ ਵਰਤ ਦੀ ਪ੍ਰਥਾ ਨੂੰ ਅਪਣਾਉਂਦੇ ਸਨ, ਕੋਈ ਵਰਤ ਰਖਦਾ ਸੀ ਕਿ ਮੈਂ ਝੂਠ ਨਹੀਂ ਬੋਲਣਾ, ਕੋਈ ਵਰਤ ਰਖਦਾ ਸੀ ਕਿ ਮੈਂ ਪਰ ਤ੍ਰਿਅ ਰਮਣ ਨਹੀਂ ਕਰਨਾ, ਕੋਈ ਵਰਤ ਰਖਦਾ ਸੀ ਕਿ ਮੈਂ ਨਿੰਦਿਆ, ਚੋਰੀ ਵਿਚ ਪ੍ਰਵੇਸ਼ ਨਹੀਂ ਹੋਣਾ। ਇਸ ਤਰ੍ਹਾਂ ਦੇ ਹੋਰ ਅਨੇਕ ਵਰਤ ਜਿਵੇਂ ਕਿ 'ਬ੍ਰਹਮਚਰੀਅ' ਦਾ ਵਰਤ ਭੀਸ਼ਮ ਪਿਤਾਮਾ ਨੇ ਰੱਖਿਆ ਸੀ। ਸਤਿ ਬੋਲਣ ਦਾ ਵਰਤ ਪਾਂਡਵਾਂ ਦੇ ਵੱਡੇ ਭਰਾ ਯੁਧਿਸ਼ਟਰ ਨੇ ਰੱਖਿਆ ਹੋਇਆ ਸੀ। ਉਸ ਤਰ੍ਹਾਂ ਦੇ ਵਰਤ ਮੈਂ ਪੂਰੇ ਨਹੀਂ ਹੋਣ ਦਿੰਦਾ ਕਿਉਂਕਿ ਛੋਟਾ ਜਿਹਾ ਵਰਤ ਰੱਖ ਕੇ ਮਨ ਵਿਚ ਗੁਮਾਨ ਪੈਦਾ ਕਰ ਲੈਂਦੇ ਹਨ ਜਿਵੇਂ ਕਿ ਗੁਰਬਾਣੀ ਵਿਚ ਫੁਰਮਾਨ ਹੈ -

***ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ ॥***
***ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ ॥***

***ਪੰਨਾ - 1428***

ਸੋ ਭਾਈ ਮਰਦਾਨਾ! ਮੇਰੇ ਜੁੱਗ ਦੇ ਅੰਦਰ ਇਕ ਵੀ ਸਰਵਣ ਪੁਤਰ ਨਹੀਂ ਹੋਵੇਗਾ। ਮਾਂ-ਬਾਪ ਤੋਂ ਧਨ ਖੋਹਣ ਲਈ ਬੱਚੇ ਮਾਂ-ਬਾਪ ਦਾ ਗਲ ਘੁੱਟਣਗੇ। ਮਾਂ-ਬਾਪ ਦੀ ਸੇਵਾ ਤਾਂ ਕੀ ਕਰਨਾ ਹੈ, ਮਾਂ-ਬਾਪ ਨਾਲ ਵੈਰ ਰਖਣਗੇ ਤੇ ਉਨ੍ਹਾਂ ਦੀ ਬੇ-ਬਸੀ ਦਾ ਨਜ਼ਾਇਜ ਫਾਇਦਾ ਉਠਾਦਿਆਂ ਹੋਇਆਂ ਉਨ੍ਹਾਂ ਨਾਲ ਗਲਤ ਕਰਤੂਤਾਂ ਨਾਲ ਪੇਸ਼ ਆਉਂਗੇ। ਲੜਕੀਆਂ ਆਪਣੇ ਮਾਂ-ਬਾਪ ਦੇ ਸਾਮ੍ਹਣੇ ਅਜਿਹੀਆਂ ਕਰਤੂਤਾਂ ਕਰਨਗੀਆਂ ਜੋ ਦੇਖਣੀਆਂ ਵੀ ਬਹੁਤ ਔਖੀਆਂ ਹਨ। ਕਰਮ ਧਰਮ ਵਿਚ ਕੋਈ ਬੰਦਾ ਨਹੀਂ ਰਹੇਗਾ, ਪ੍ਰਮੇਸ਼ਰ ਦੀ ਹਸਤੀ ਨੂੰ ਬਿਲਕੁਲ ਭੁੱਲ ਜਾਵੇਗਾ ਅਤੇ ਨਾਮ ਦੇ ਮਾਰਗ ਨੂੰ ਕੋਈ ਵੀ ਨਹੀਂ ਅਪਣਾਵੇਗਾ ਅਤੇ ਉਸ ਦੀ ਥਾਂ ਜੋ ਪੂਜਾ ਪਾਠ ਕੀਤੇ ਜਾਣਗੇ ਉਹ ਭੀ ਆਪਣੀਆਂ ਵਾਸ਼ਨਾਵਾਂ ਦੀ ਪੂਰਤੀ ਲਈ ਕੀਤੇ ਜਾਇਆ ਕਰਨਗੇ। ਜਿਹੜੇ ਪ੍ਰਭੂ ਦੇ ਰਸਤੇ ਲੱਗਣਗੇ ਉਨ੍ਹਾਂ ਨੂੰ ਮੈਂ ਮਾਇਆ ਦੀ ਪ੍ਰਭਤਾ ਨਾਲ ਮੋਹ ਕੇ ਅੰਧਕਾਰ ਵਿਚ ਸੁੱਟ ਦੇਵਾਂਗਾ। ਸਾਧੂ, ਸੰਤ ਮੇਰੇ ਜੁੱਗ ਦੇ ਪਾਖੰਡੀ ਹੋਣਗੇ ਅਤੇ ਪੈਸਾ ਕਮਾਉਣ ਨੂੰ ਹੀ ਆਪਣਾ ਮੁੱਖ ਮੰਤਵ ਜਾਣ ਕੇ ਅਨੇਕ ਤਰ੍ਹਾਂ ਦੇ ਪਾਖੰਡ ਰਚਣਗੇ। ਉਪਰੋਂ ਜਤੀ ਕਹਾਉਣਗੇ ਪਰ ਅੰਦਰੋਂ ਪਰ-ਇਸਤ੍ਰੀਆਂ ਨਾਲ ਪ੍ਰਵਿਰਤ ਰਹਿਣਗੇ। ਉਪਰੋਂ ਸਤਿ ਦਾ ਪ੍ਰਚਾਰ ਕਰਨਗੇ ਪਰ ਆਪ ਅਸਤਿ ਵਿਚ ਰਹਿਣਗੇ। ਇਸਤ੍ਰੀ ਤੇ ਪਤੀ ਦਾ ਪਿਆਰ ਕੇਵਲ ਪੈਸੇ ਨਾਲ ਹੀ ਜੁੜਿਆ ਰਹੇਗਾ। ਪਤੀਵਰਤਾ ਦੇ ਅਸੂਲ ਪੂਰਨ ਰੂਪ ਵਿਚ ਭੁਲਾ ਦਿਤੇ ਜਾਣਗੇ। ਪਾਖੰਡੀ ਗੁਰੂਆਂ ਦੀਆਂ ਧਾੜਾਂ ਸੰਸਾਰ ਨੂੰ ਧੋਖਾ ਦਿੰਦੀਆਂ ਅਨੇਕ ਤਰ੍ਹਾਂ ਦੇ ਵੇਸ ਭੂਸ਼ਣ ਧਾਰਨ ਕਰਕੇ ਭੋਲੇ-ਭਾਲੇ ਜਗਿਆਸੂਆਂ ਨੂੰ

ਆਪਣੇ ਜਾਲ ਵਿਚ ਫਸਾਉਣਗੀਆਂ। ਪਾਖੰਡੀ ਗੁਰੂ ਆਪਣੇ ਜਾਲ ਵਿਚ ਫਸਾਉਣ ਲਈ ਧਰਮ ਤੋਂ ਪਤਿਤ ਹੋਏ-ਹੋਏ ਪਾਖੰਡੀਆਂ ਨੂੰ ਆਪਣੇ ਨਿਕਟਵਰਤੀ ਹੋਣ ਦਾ ਮਾਣ ਦੇਣਗੇ। ਰਾਜਾ ਕਸਾਈ ਵਰਗਾ ਹੋ ਜਾਵੇਗਾ। ਪ੍ਰਜਾ ਨੂੰ ਪਾਲਣ ਦੀ ਥਾਂ, ਪ੍ਰਜਾ ਦੇ ਹਿਤ ਵਿਚ ਧਨ ਲਾਉਣ ਦੀ ਥਾਂ ਸਾਰਾ ਪੈਸਾ ਆਪ ਹੀ ਖਾ ਜਾਇਆ ਕਰੇਗਾ। ਸਾਰੇ ਸੰਸਾਰ ਦੀ ਮਰਿਯਾਦਾ ਮੈਂ ਖਤਮ ਕਰ ਦੇਵਾਂਗਾ ਜੀਵ ਭਟਕਦੇ ਫਿਰਨਗੇ। ਰਾਜੇ ਜਨਕ ਦੇ ਖਾਲੀ ਕੀਤੇ ਹੋਏ ਨਰਕ ਮੈਂ ਦੁਬਾਰਾ ਫੇਰ ਭਰਾਂਗਾ। ਭਾਈ ਮਰਦਾਨਾ ਜੀ! ਇਹ ਵਾਰਤਾ ਮੈਂ ਤੈਨੂੰ ਖੋਲ੍ਹ ਕੇ ਦਸ ਦਿਤੀ ਹੈ, ਇਹ ਮੈਂ ਪਹਿਲਾਂ ਵੀ ਦੱਸੀ ਸੀ ਜਦੋਂ ਮੈਂ ਨਗਨ ਰੂਪ ਵਿਚ ਤੁਹਾਨੂੰ ਡਰਾਉਣ ਲਈ ਬਹੁਤ ਉਪਦ੍ਰਵ ਕੀਤੇ ਸਨ ਪਰ ਗੁਰੂ ਨਾਨਕ ਪਾਤਸ਼ਾਹ ਅੱਗੇ ਮੇਰਾ ਜ਼ੋਰ ਨਹੀਂ ਚਲਦਾ ਇਨ੍ਹਾਂ ਦੀ ਰਹਿਮਤ ਮੈਂ ਵੀ ਲੋਚਦਾ ਹਾਂ ਕਿਉਂਕਿ ਇਨ੍ਹਾਂ ਨੇ ਫੁਰਮਾਨ ਕੀਤਾ ਸੀ ਕਿ ਕਲੁਜਗ! ਹੁਣ ਤੂੰ ਆਪਣੀਆਂ ਮਨ-ਮਰਜ਼ੀਆਂ ਕਰ ਲੈ ਪਰ ਜਦੋਂ ਦਰਗਾਹ ਵਿਚ ਲੇਖਾ ਹੋਵੇਗਾ ਉਸ ਵੇਲੇ ਮੈਂ ਹੀ ਤੈਨੂੰ ਜੰਜੀਰਾਂ ਪਾਵਾਂਗਾ। ਅਸੀਂ ਨਿਰੰਕਾਰ ਦੇ ਚਾਕਰ ਹਾਂ ਤੂੰ ਧਿਆਨ ਨਾਲ ਸੁਣ -

***ਜਿਸੁ ਸਿਕਦਾਰੀ ਤਿਸਹਿ ਖੁਆਰੀ ਚਾਕਰ ਕੇਹੇ ਡਰਣਾ॥***
***ਜਾ ਸਿਕਦਾਰੈ ਪਵੈ ਜੰਜੀਰੀ ਤਾ ਚਾਕਰ ਹਥਹੁ ਮਰਣਾ॥***

***ਪੰਨਾ - 902***

ਸੋ ਭਾਈ ਮਰਦਾਨਾ ਜੀ! ਇਸ ਵਿਚ ਮੇਰਾ ਕਸੂਰ ਨਹੀਂ ਹੈ। ਮਾਇਆ ਨੇ ਆਪਣਾ ਅਸਲੀ ਰੂਪ ਵਿਖਾ ਕੇ ਇਸ ਮਨੁੱਖ ਦੀ ਸੁਰਤੀ-ਬਿਰਤੀ ਪ੍ਰੇਤ ਦੀ ਬਣਾ ਦਿਤੀ ਹੈ, ਮੇਰੇ ਉਪਰ ਤਾਂ ਦੋਸ਼ ਐਵੇਂ ਹੀ ਮੜ੍ਹਿਆ ਜਾ ਰਿਹਾ ਹੈ। ਮੈਂ ਤੈਨੂੰ ਦੱਸ ਹੀ ਚੁਕਿਆ ਹਾਂ ਕਿ ਮੇਰੇ ਜੁੱਗ ਅੰਦਰ ਨਾਮ ਦੀ ਫਸਲ ਐਨੀ ਭਰਪੂਰ ਹੈ ਕਿ ਜੇ ਕੋਈ ਰਾਮ ਦੇ ਨਾਮ ਵਲ ਅੰਤ ਸਮੇਂ ਧਿਆਨ ਦੇ ਦੇਵੇ ਤਾਂ ਉਸ ਦੇ ਗਲ ਵਿਚੋਂ ਪਏ ਹੋਏ ਜਮਦੂਤਾਂ ਦੇ ਸੰਗਲ ਖੁਲ੍ਹ ਜਾਣਗੇ ਅਤੇ ਉਹ ਨਾਮ ਸਾਰੇ ਪਾਪਾਂ ਦੇ ਨਾਸ਼ ਕਰਨ ਨੂੰ ਸਮਰੱਥ ਹੋਵੇਗਾ। ਇਸੇ ਲਈ ਸਤਿਗੁਰੂ ਸੱਚੇ ਪਾਤਸ਼ਾਹ ਸੰਸਾਰ ਨੂੰ ਦਸ ਰਹੇ ਹਨ -

***ਅਬ ਕਲੂ ਆਇਓ ਰੇ॥ ਇਕੁ ਨਾਮੁ ਬੋਵਹੁ ਬੋਵਹੁ॥***
***ਅਨ ਰੂਤਿ ਨਾਹੀ ਨਾਹੀ॥ ਮਤੁ ਭਰਮਿ ਭੂਲਹੁ ਭੂਲਹੁ॥***

***ਪੰਨਾ - 1185***

ਸੋ ਇਹ ਹੈ ਵਾਰਤਾ ਭਾਈ ਮਰਦਾਨਾ ਜੀ ਜੋ ਤੁਸੀਂ ਮੇਰੇ ਤੋਂ ਪੁਛੀ ਹੈ ਕਿ ਤੂੰ ਕੀ ਕੰਮ ਕਰਦਾ ਹੈਂ? ਮੈਂ ਤੈਨੂੰ ਖੋਲ੍ਹ ਕੇ ਦੱਸ ਦਿਤਾ ਹੈ। ਮਰਦਾਨਾ ਜੀ ਨੇ ਕਿਹਾ ਕਿ ਐ ਕਲਜੁੱਗ! ਐਡਾ ਵੱਡਾ ਜੁਲੜ ਤੂੰ ਕਿਉਂ ਚੁਕੀਂ ਫਿਰਦਾ ਹੈਂ। ਤੇਰੇ ਹੱਥ ਵਿਚ ਇਹ ਛੁਰੀਆਂ ਕਿਉਂ ਹਨ? ਤਾਂ ਕਲਜੁਗ ਨੇ ਕਿਹਾ ਭਾਈ ਮਰਦਾਨਾ! ਇਹ ਵੀ ਬੜੇ ਭੇਤ ਦੀ ਗੱਲ ਹੈ। ਨਾਮ ਜਪਣ ਦਾ ਵੇਲਾ ਜਦੋਂ ਚਿਤ ਕੁਦਰਤੀ ਤੌਰ ਤੇ ਇਕਾਗਰ ਹੁੰਦਾ ਹੈ, ਉਹ ਸੁਭਾਹ ਦਾ ਚੌਥਾ ਪਹਿਰ ਹੁੰਦਾ ਹੈ ਉਸ ਵੇਲੇ ਉਦਮੀ ਪੁਰਸ਼ ਉਠ ਕੇ ਇਸ਼ਨਾਨ ਕਰਦੇ ਹਨ ਅਤੇ ਪ੍ਰਭੂ ਨਾਲ ਜੁੜਦੇ ਹਨ ਜਿਵੇਂ ਕਿ ਫੁਰਮਾਨ ਹੈ -

***ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ॥***

***ਤਿਨਾ ਦਰੀਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ॥***

***ਪੰਨਾ – 146***

ਅਤੇ ਗੁਰਬਾਣੀ ਵਿਚ ਹੋਰ ਫੁਰਮਾਨ ਹੈ –

***ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ ਮਨ ਤਨ ਭਏ ਅਰੋਗਾ॥***

***ਪੰਨਾ – 611***

ਸੋ ਮੇਰੇ ਹੱਥ ਵਿਚ ਜੋ ਛੁਰੀਆਂ ਹਨ ਇਹ ਵਿਕਾਰੀ ਪੁਰਸ਼ਾਂ ਨੂੰ ਪਹਿਲੀ ਰਾਤ ਜਾਗਦੇ ਰੱਖਣ ਵਾਸਤੇ ਹਨ ਉਹ ਵਿਸ਼ੇ-ਵਿਕਾਰਾਂ ਵਿਚ ਮਸਤ ਹੋਏ ਰਾਤ ਦੇ ਦੋ ਪਹਿਰ ਰੰਗ ਰਲੀਆਂ ਮਾਣਦੇ ਗਵਾ ਦਿੰਦੇ ਹਨ। ਮੈਂ ਉਨ੍ਹਾਂ ਦੇ ਛੁਰੀਆਂ ਮਾਰਦਾ ਰਹਿੰਦਾ ਹਾਂ। ਉਨ੍ਹਾਂ ਨੂੰ ਸੌਣ ਨਹੀਂ ਦਿੰਦਾ। ਜਦੋਂ ਚੌਥੇ ਪਹਿਰ ਸੁਰਤਿਆਂ ਨੂੰ, ਪ੍ਰਭੂ ਪਿਆਰਿਆਂ ਨੂੰ ਚਾਓ ਉਠਦਾ ਹੈ ਤਾਂ ਉਹ ਉਸ ਸਮੇਂ ਘੂਕ ਨੀਂਦ ਵਿਚ ਸੁੱਤੇ ਪਏ ਹੁੰਦੇ ਹਨ, ਇਹ ਆਲਸ ਦਾ ਜੁਲੜ ਮੈਂ ਸੰਸਾਰ ਉਤੇ ਪਾਇਆ ਹੁੰਦਾ ਹੈ। ਨਾਮ ਜਪਣ ਲਈ ਅੰਮ੍ਰਿਤ ਵੇਲਾ ਸ੍ਰੇਸ਼ਟ ਸਮਾਂ ਹੈ। ਮੈਂ ਉਸ ਸਮੇਂ ਆਲਸ ਦਾ ਜੁਲੜ ਸੁੱਟ ਦਿੰਦਾ ਹਾਂ ਤਾਂ ਕਿ ਕੋਈ ਜਾਗ ਕੇ ਇਸ਼ਨਾਨ ਨਾ ਕਰ ਸਕੇ ਅਤੇ ਨਾਮ ਵਿਚ ਲਿਵ ਨਾ ਲਾ ਸਕੇ। ਮਰਦਾਨਾ ਜੀ ਨੇ ਪੁਛਿਆ ਕਿ ਭਾਈ! ਇਸ ਜੁਲੜ ਵਿਚ ਇਹ ਗਲੀਆਂ ਕਿਉਂ ਹਨ? ਤਾਂ ਉਸ ਨੇ ਦਸਿਆ ਕਿ ਭਾਈ ਮਰਦਾਨਾ ਜੀ! ਜੋ ਪ੍ਰਭੂ ਨੂੰ ਪਿਆਰ ਕਰਨ ਵਾਲੇ, ਸਮਰੱਥ ਗੁਰੂ ਤੋਂ ਨਾਮ ਪ੍ਰਾਪਤ ਕਰਕੇ ਅੰਮ੍ਰਿਤ ਵੇਲੇ ਉਠਦੇ ਹਨ ਉਹ ਮੇਰੇ ਜੁਲੜ ਨੂੰ ਪਾੜ ਦਿੰਦੇ ਹਨ ਉਨ੍ਹਾਂ ਉਪਰ ਮੇਰਾ ਵਸ ਨਹੀਂ ਚਲਦਾ ਕਿਉਂਕਿ ਉਨ੍ਹਾਂ ਉਪਰ ਸਮਰੱਥ ਗੁਰੂ ਦਾ ਹੱਥ ਹੁੰਦਾ ਹੈ। ਇਸ ਕਰਕੇ ਇਹ ਗਲੀਆਂ ਹਨ। ਕਲਜੁਗ ਨੇ ਐਨੀ ਵਾਰਤਾ ਦੱਸੀ ਤੇ ਗੁਰੂ ਨਾਨਕ ਪਾਤਸ਼ਾਹ ਨੂੰ ਨਮਸਕਾਰਾਂ ਕਰਦਾ ਹੋਇਆ ਅਲੋਪ ਹੋ ਗਿਆ। ਇਹ ਸਾਖੀ ਪੂਰਨ ਰੂਪ ਵਿਚ ਅੱਜ ਵਰਤ ਰਹੀ ਹੈ ਆਪਣੇ ਆਪ ਦੀ ਆਪ ਹੀ ਪੜਚੋਲ ਕਰਨੀ ਚਾਹੀਦੀ ਹੈ।

ਮੈਂ ਬੇਨਤੀ ਕਰ ਰਿਹਾ ਸੀ ਕਿ ਸੰਤ ਮਹਾਰਾਜ ਜੀ ਨੇ ਇਸ ਆਲਸ ਨੂੰ ਨੇੜੇ ਨਾ ਆਉਣ ਦਿਤਾ। ਉਹ ਅਵਸਥਾ ਪ੍ਰਾਪਤ ਕਰ ਲਈ –

***ਗੁਰਮੁਖਿ ਜਾਗਿ ਰਹੇ ਦਿਨ ਰਾਤੀ॥***
***ਸਾਚੇ ਕੀ ਲਿਵ ਗੁਰਮਤਿ ਜਾਤੀ॥***
***ਮਨਮੁਖ ਸੋਇ ਰਹੇ ਸੇ ਲੂਟੇ ਗੁਰਮੁਖਿ ਸਾਬਤੁ ਭਾਈ ਹੇ॥***

***ਪੰਨਾ – 1024***

ਕਈ ਪ੍ਰੇਮੀਆਂ ਦਾ ਇਹ ਖਿਆਲ ਹੈ ਕਿ ਨੀਂਦ ਤੋਂ ਬਗੈਰ ਸਰੀਰ ਦਾ ਸਵਸੱਥ ਰੱਖਣਾ ਬਿਲਕੁਲ unscientific (ਗੈਰ ਕੁਦਰਤੀ) ਸਿਧਾਂਤ ਹੈ ਅਤੇ ਇਸ ਜਾਗ ਸ਼ਬਦ ਨੂੰ ਉਹ ਇਸ ਤਰ੍ਹਾਂ ਅਰਥਾਉਂਦੇ ਹਨ ਕਿ ਗੁਰਮੁਖ ਮਾਇਆ ਦੀ ਨੀਂਦ ਵਿਚ ਨਹੀਂ ਸੌਂਦੇ ਅਤੇ ਸਦਾ ਹੀ ਸੁਚੇਤ ਰਹਿੰਦੇ ਹਨ। ਇਸ ਬਾਰੇ ਮੈਂ ਇਕ ਬੇਨਤੀ ਕਰਦਾ ਹਾਂ ਕਿ ਗੁਰਬਾਣੀ ਵਿਚ ਆਉਂਦਾ ਹੈ–

***ਗੁਰਮੁਖਿ ਅੰਤਰਿ ਸਹਜੁ ਹੈ ਮਨੁ ਚੜਿਆ ਦਸਵੈ ਆਕਾਸਿ॥***
***ਤਿਥੈ ਊਂਘ ਨ ਭੁਖ ਹੈ ਹਰਿ ਅੰਮ੍ਰਿਤ ਨਾਮੁ ਸੁਖ ਵਾਸੁ॥***

***ਨਾਨਕ ਦੁਖੁ ਸੁਖੁ ਵਿਆਪਤ ਨਹੀ ਜਿਥੈ ਆਤਮ ਰਾਮ ਪ੍ਰਗਾਸੁ॥***
***ਪੰਨਾ - 1414***

ਉਨ੍ਹਾਂ ਦਾ ਸੋਚਣਾ ਵੀ ਠੀਕ ਹੈ ਕਿਉਂਕਿ ਸਾਰਾ ਹੀ ਸੰਸਾਰ ਤਿੰਨਾਂ ਗੁਣਾਂ ਵਿਚ ਭਰਮ ਕੇ ਸੁੱਤਾ ਪਿਆ ਹੈ, ਸੁਰਤ ਸੁਤੀ ਪਈ ਹੈ ਜਿਸ ਨੂੰ ਹਉਮੈ ਦੀ ਸੁਰਤ ਆਖਦੇ ਹਨ। ਮਹਾਰਾਜ ਜੀ ਫੁਰਮਾਨ ਕਰਦੇ ਹਨ -

***ਸਿਮ੍ਰਿਤਿ ਸਾਸਤ੍ਰ ਪੁੰਨ ਪਾਪ ਬੀਚਾਰਦੇ ਤਤੈ ਸਾਰ ਨ ਜਾਣੀ॥***
***ਤਤੈ ਸਾਰ ਨ ਜਾਣੀ ਗੁਰੂ ਬਾਝਹੁ ਤਤੈ ਸਾਰ ਨ ਜਾਣੀ॥***
***ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ॥***
***ਪੰਨਾ - 920***

ਸਾਰੀ ਜ਼ਿੰਦਗੀ ਮਾਇਆ ਵਿਚ ਸੁੱਤੇ ਦੀ ਬਤੀਤ ਹੋ ਜਾਂਦੀ ਹੈ, ਇਹ ਅਰਥ ਵੀ ਬਿਲਕੁਲ ਠੀਕ ਹੈ ਪਰ ਬੰਦਗੀ ਕਰਨ ਵਾਲਿਆਂ ਨੇ ਇਸ ਨੀਂਦ ਦਾ ਪ੍ਰਤੱਖ ਰੂਪ ਵਿਚ ਰੂਪ ਤੱਕਿਆ ਹੈ। ਸਰੀਰ ਵਿਚ ਦੋ ਤਰ੍ਹਾਂ ਦੀ ਨੀਂਦ ਹੁੰਦੀ ਹੈ। ਇਕ ਨੀਂਦ ਉਹ ਹੈ ਜੋ ਸਰੀਰ ਨੂੰ ਆਇਆ ਕਰਦੀ ਹੈ। ਇਕ ਨੀਂਦ ਉਹ ਹੈ ਜੋ ਸੁਰਤ ਨੂੰ ਆਇਆ ਕਰਦੀ ਹੈ। ਜਦੋਂ ਸੁਰਤ ਅਤੇ ਸਰੀਰ ਦੋਨੋਂ ਇਕੱਠੇ ਸੌਂ ਜਾਣ ਫੇਰ ਘੂਕ ਨੀਂਦ ਭੀ ਆਉਂਦੀ ਹੈ ਅਤੇ ਸੁਪਨਿਆਂ ਵਾਲੀ ਵੀ ਆਉਂਦੀ ਹੈ। ਸੁਪਨਾ ਅਗਿਆਨ ਦਾ ਰੂਪ ਹੋਇਆ ਕਰਦਾ ਹੈ, ਜਦੋਂ ਤੱਕ ਸੁਪਨੇ ਆਉਂਦੇ ਹਨ ਸੰਪੂਰਨ ਗਿਆਨ ਦੀ ਪ੍ਰਾਪਤੀ ਨਹੀਂ ਹੁੰਦੀ ਕਿਉਂਕਿ ਸੁਪਨੇ ਵਿਚ ਕਈ ਉਤਮ ਨੀਚ ਘਟਨਾਵਾਂ ਵਰਤਦੀਆਂ ਹਨ ਜਿਵੇਂ ਕਿ -

***ਨਰਪਤਿ ਏਕੁ ਸਿੰਘਾਸਨਿ ਸੋਇਆ ਸੁਪਨੇ ਭਇਆ ਭਿਖਾਰੀ॥***
***ਅਛਤ ਰਾਜ ਬਿਛੁਰਤ ਦੁਖੁ ਪਾਇਆ ਸੋ ਗਤਿ ਭਈ ਹਮਾਰੀ॥***
***ਪੰਨਾ - 657***

ਪਰ ਜਦੋਂ ਨਾਮ ਅਭਿਆਸ ਵਧ ਜਾਂਦਾ ਹੈ ਤਾਂ ਇਕ ਸੁਰਤ ਅੰਦਰ ਹੋਰ ਜਾਗਦੀ ਹੈ ਜਿਸ ਉਪਰ ਮਾਇਆ ਦਾ ਕੋਈ ਲੇਪ ਨਹੀਂ ਹੁੰਦਾ। ਉਸ ਨੂੰ ਕਦੇ ਵੀ ਨੀਂਦ ਨਹੀਂ ਆਉਂਦੀ। ਉਹ ਸੁਰਤ ਮਾਇਆ ਦੀ ਨੀਂਦ ਤੋਂ ਵਿਲੱਖਣ ਹੋਇਆ ਕਰਦੀ ਹੈ। ਉਸ ਵਿਚ ਸਰੀਰ ਤਾਂ ਸੌਂ ਜਾਂਦਾ ਹੈ ਪਰ ਸੁਰਤ ਆਪਣੇ ਸਰੂਪ ਵਿਚ ਲੀਨ ਹੋ ਕੇ ਜਾਗਦੀ ਹੈ ਉਥੇ ਅਗਿਆਨ ਦੀ ਕੋਈ ਅੰਸ ਨਹੀਂ ਹੁੰਦੀ, ਉਹ ਸਦੀਵੀ ਜਾਗ ਵਿਚ ਰਹਿੰਦਾ ਹੈ। ਸਰੀਰ ਆਪਣੀ ਨੀਂਦ ਪੂਰੀ ਕਰਕੇ ਤਤਪਰ ਹੋ ਜਾਂਦਾ ਹੈ। ਸੁਰਤ ਸਦਾ ਹੀ ਜਾਗਣ ਕਰਕੇ ਨੀਂਦ ਨਾਲ ਕੋਈ ਵੀ ਸਬੰਧ ਨਹੀਂ ਰਖਦੀ। ਇਹ ਇਕ ਬਹੁਤ ਬਿਖੜਾ ਅਨੁਭਵ ਹੈ ਜਿਸ ਨੂੰ ਛੇਤੀ-ਛੇਤੀ ਮੰਨਿਆ ਨਹੀਂ ਜਾ ਸਕਦਾ। ਸਿੱਖ ਸੰਪਰਦਾ ਵਿਚ ਹੀ ਅਨੇਕ ਮਹਾਤਮਾ ਹੋਏ ਹਨ ਜਿਹੜੇ ਸਦੀਵ ਹੀ ਜਾਗਦੇ ਰਹਿੰਦੇ ਸਨ। ਦੇਹ ਹੰਗਤਾ, ਉਨ੍ਹਾਂ ਵਿਚ ਨਾ ਹੋਣ ਕਰਕੇ ਸਰੀਰ ਦੇ ਜਾਗਣ ਜਾਂ ਸੌਂ ਜਾਣ ਨਾਲ ਉਨ੍ਹਾਂ ਨੂੰ ਕੋਈ ਮਤਲਬ ਨਹੀਂ ਸੀ, ਉਹ ਆਤਮ ਪਦ ਵਿਚ ਅਰੂੜ ਹੋਏ-ਹੋਏ ਨਾ ਹੀ ਸਰੀਰਕ ਨੀਂਦ ਵਿਚ ਆਉਂਦੇ ਹਨ, ਨਾ ਹੀ ਮਾਇਕ ਨੀਂਦ ਦਾ ਭੁਲੇਖਾ ਖਾਂਦੇ ਹਨ। ਨਾਮ ਦੇ ਬਲ ਕਰਕੇ ਜਾਂ ਯੋਗ ਸਾਧਨ ਦੇ ਬਲ ਕਰਕੇ ਨੀਂਦ ਉਪਰ ਪੂਰੀ ਤਰ੍ਹਾਂ ਫਤਹਿ ਪਾਈ ਜਾ ਸਕਦੀ ਹੈ, ਇਹ ਅਵਸਥਾਵਾਂ ਬੰਦਗੀ ਕਰਨ ਵਾਲਿਆਂ ਨੇ ਪ੍ਰਤੱਖ ਰੂਪ ਵਿਚ ਦੇਖੀਆਂ ਹਨ। ਸਮਾਧੀ ਨੀਂਦ ਨਹੀਂ

ਹੋਇਆ ਕਰਦੀ, ਪੂਰੀ ਤਰ੍ਹਾਂ ਨਾਲ ਜਾਗਰਤ ਅਵਸਥਾ ਹੋਇਆ ਕਰਦੀ ਹੈ। ਮਨੋਵਿਗਿਆਨੀ ਮਨ ਦੇ ਤਿੰਨ ਹਿੱਸੇ ਕਰਦੇ ਹਨ। ਇਕ ਨੂੰ ਉਹ 'ਸੁਜਾਗ' ਆਖਦੇ ਹਨ। ਇਹ ਉਹ ਮਨ ਹੁੰਦਾ ਹੈ ਜਿਹੜਾ ਸੰਸਾਰ ਨਾਲ ਸਬੰਧਤ ਹੁੰਦਾ ਹੈ। ਦੂਸਰੇ ਨੂੰ 'ਅਰਧ ਚੇਤਨ' ਤੇ ਤੀਸਰੇ ਨੂੰ 'ਬੇਹੋਸ਼ ਮਨ' ਆਖਦੇ ਹਨ ਪਰ ਗੁਰਮੁਖਾਂ ਦਾ ਵਿਚਾਰ ਇਸ ਦੇ ਵਿਪਰੀਤ ਹੈ ਜੋ ਗੁਰਮਤਿ ਦੇ ਅਨੁਕੂਲ ਹੈ ਉਹ ਇਹ ਹੈ ਕਿ ਇਹ ਸੰਸਾਰ ਨਾਲ ਸਬੰਧ ਰੱਖਣ ਵਾਲਾ ਮਨ ਅਰਬਾਂ-ਖਰਬਾਂ ਸਾਲਾਂ ਤੋਂ ਮਾਇਆ ਦੀ ਨੀਂਦ ਵਿਚ ਸੁੱਤਾ ਪਿਆ ਹੈ ਅਤੇ ਸੁਪਨਮਈ ਅਵਸਥਾ ਵਿਚ ਜੀਵਨ ਗੁਜ਼ਾਰ ਰਿਹਾ ਹੈ। ਇਸ ਬਾਰੇ ਫੁਰਮਾਨ ਹੈ -

***ਸੁਪਨੇ ਸੇਤੀ ਚਿਤੁ ਮੂਰਖਿ ਲਾਇਆ॥***
***ਬਿਸਰੇ ਰਾਜ ਰਸ ਭੋਗ ਜਾਗਤ ਭਖਲਾਇਆ॥***
***ਆਰਜਾ ਗਈ ਵਿਹਾਇ ਧੰਧੈ ਧਾਇਆ॥***
***ਪੂਰਨ ਭਏ ਨ ਕਾਮ ਮੋਹਿਆ ਮਾਇਆ॥***
***ਕਿਆ ਵੇਚਾਰਾ ਜੰਤੁ ਜਾ ਆਪਿ ਭੁਲਾਇਆ॥*** ***ਪੰਨਾ - 707***

ਮਨ ਦਾ ਦੂਸਰਾ ਹਿੱਸਾ ਜਿਸ ਨੂੰ ਅਰਧ ਚੇਤਨ ਆਖਦੇ ਹਨ, ਉਹ ਅਵਸਥਾ ਹੁੰਦੀ ਹੈ ਜਿਸ ਵਿਚ ਮਨ ਦੀਆਂ ਵਾਸ਼ਨਾਵਾਂ, ਫੁਰਨੇ ਰੁਕ ਜਾਣ ਅਤੇ ਨਾਮ ਰਸ ਵਿਚ ਮਨ ਦੀ ਚੇਤਨਤਾ ਲੀਨ ਹੋ ਜਾਵੇ। ਉਸ ਵੇਲੇ ਉਸ ਨੂੰ ਸੰਸਾਰ ਭੁਲਿਆ ਹੋਣ ਕਰਕੇ ਅਰਧ ਚੇਤਨ ਮਨ ਕਿਹਾ ਜਾਂਦਾ ਹੈ। ਮਨ ਦਾ ਤੀਜਾ ਹਿੱਸਾ ਪ੍ਰਭੂ ਨਾਲ ਜੁੜਿਆ ਹੁੰਦਾ ਹੈ। ਮਨ ਨੂੰ ਦਿਸਣ ਵਾਲਾ ਸੰਸਾਰ ਪ੍ਰਭੂ ਰੂਪ ਹੋ ਕੇ ਦਿਸਦਾ ਹੈ। ਸਤਿ ਦਾ ਪ੍ਰਤੱਖ ਅਨੁਭਵ ਉਸ ਅਵਸਥਾ ਵਿਚ ਜਾਗਦਾ ਹੈ। ਮਾਇਆ ਦੇ ਇਕ-ਇਕ ਤੰਦ ਨੂੰ ਆਪਾ ਚੀਨ ਕੇ ਖਤਮ ਕਰ ਦਿੰਦਾ ਹੈ। ਉਹ ਸਦਾ ਦਾ ਜਾਗਣ ਵਾਲਾ ਮਨ ਹੋਇਆ ਕਰਦਾ ਹੈ ਇਸ ਤਰ੍ਹਾਂ ਨਾਲ ਸਰੀਰ ਤਾਂ ਸੌਂਦਾ ਹੈ ਪਰ ਜੋ ਆਤਮਕ ਸੁਰਤ ਹੈ ਉਹ ਨਹੀਂ ਸੌਂਇਆ ਕਰਦੀ। ਜੇ ਕੋਈ ਕਹੇ ਕਿ ਸਾਰਾ ਕੁਝ ਆਦਮੀ ਦੇ brain (ਦਿਮਾਗ) ਵਿਚ ਹੀ ਵਰਤਦਾ ਹੈ ਤਾਂ ਇਹ ਵੀ ਠੀਕ ਨਹੀਂ ਕਿਉਂਕਿ ਜੀਵ ਸਰੀਰ ਨਹੀਂ ਹੈ। ਸਰੀਰ ਵਿਚ ਵਸਣ ਵਾਲਾ ਅਗਿਆਨ ਦਾ ਵੇੜਿਆ ਹੋਇਆ ਚੇਤਨ ਬਿੰਬ ਹੈ, ਚੇਤਨ ਤੱਤ ਨਹੀਂ ਹੈ ਉਸ ਦਾ ਪਰਛਾਵਾਂ ਹੈ। ਪਰ ਇਹ ਮਨ ਜਦੋਂ ਉਨਮਨੀ ਅਵਸਥਾ ਵਿਚ ਬਦਲ ਜਾਂਦਾ ਹੈ ਤਾਂ ਇਹ brain (ਦਿਮਾਗ) ਤੋਂ ਉਪਰ ਉਸ ਤਰ੍ਹਾਂ ਕੰਮ ਕਰਦਾ ਹੈ ਜਿਸ ਤਰ੍ਹਾਂ ਸਰੀਰ ਛੱਡਣ ਪਿਛੋਂ ਜੀਵ ਨੂੰ ਸੋਝੀ ਹੁੰਦੀ ਹੈ, ਉਸ ਦੀ ਹੋਂਦ ਖਤਮ ਨਹੀਂ ਹੋਇਆ ਕਰਦੀ ਸੰਸਾਰੀ ਸੁਰਤ ਉਸ ਦੀ ਮਰ ਜਾਂਦੀ ਹੈ ਪਰ ਯਾਦਦਾਸ਼ਤ ਵਿਚ ਪਏ ਹੋਏ ਪ੍ਰਭਾਵ ਨਹੀਂ ਮਰਿਆ ਕਰਦੇ। ਚੰਗੇ-ਮੰਦੇ ਪ੍ਰਭਾਵ ਲੈ ਕੇ ਉਹ ਦਰਗਾਹ ਵਿਚ ਜਾਇਆ ਕਰਦਾ ਹੈ ਜਦੋਂ ਜੀਵ ਆਪਣੇ ਜੋਤੀ ਸਰੂਪ ਨੂੰ (ਗਿਆਨ ਸਰੂਪ ਨੂੰ) ਆਪਣਾ ਆਪਾ ਮੰਨ ਲੈਂਦਾ ਹੈ ਤਾਂ ਇਸ ਗਿਆਨ ਨੂੰ ਕਦੇ ਸੰਸਾਰਕ ਨੀਂਦ ਨਹੀਂ ਆਇਆ ਕਰਦੀ। ਇਹ ਸਦਾ ਹੀ ਜਾਗਣ ਵਾਲਾ ਤੱਤ ਹੈ, ਨਾ ਵਾਹਿਗੁਰੂ ਜੀ ਨੂੰ ਨੀਂਦ ਆਉਂਦੀ ਹੈ, ਨਾ ਆਤਮਾ ਨੂੰ ਨੀਂਦ ਆਉਂਦੀ ਹੈ ਕਿਉਂਕਿ ਆਤਮਾ, ਪ੍ਰਮਾਤਮਾ ਇਕੋ ਰੂਪ ਹਨ। ਦੋਹਾਂ ਦਾ ਗਿਆਨ ਪੂਰਨ ਹੈ, ਇਹ ਗਿਆਨ ਵੀ ਉਸੇ ਗਿਆਨ ਦਾ ਅਤੁੱਟ ਹਿੱਸਾ ਹੈ ਇਸ ਗੱਲ ਨੂੰ ਸਮਝਣ ਲਈ ਕਠਨ ਮਿਹਨਤ ਕਰਨੀ ਪੈਂਦੀ ਹੈ। ਲਗਾਤਾਰੀ ਨਾਮ ਲਿਵ ਪ੍ਰਾਪਤ ਹੋਣ ਨਾਲ ਸਹਿਜ ਸਮਾਧ ਲਗ ਜਾਂਦੀ ਹੈ ਅਤੇ ਸਦਾ ਦੀ ਜਾਗ

ਪ੍ਰਾਪਤ ਹੋ ਜਾਂਦੀ ਹੈ। ਜੇ ਕੋਈ ਇਹ ਵਿਚਾਰ ਕਰੇ ਕਿ ਨੀਂਦ ਤੋਂ ਬਗੈਰ ਸਰੀਰ ਰਿਸ਼ਟ-ਪੁਸ਼ਟ ਨਹੀਂ ਰਹਿੰਦਾ ਉਸ ਦੀ ਇਹ ਗੱਲ ਵੀ ਠੁਕਰਾਈ ਨਹੀਂ ਜਾਂਦੀ। ਪਰ ਜਿਵੇਂ ਮੈਂ ਪਹਿਲਾਂ ਦੱਸਿਆ ਹੈ ਕਿ ਆਦਮੀ ਦੇ ਅੰਦਰ ਸੁਰਤ ਦੇ ਉਚੇ ਦਰਜੇ ਹਨ। ਜਦੋਂ ਕੋਈ ਸੁਰਤ ਨਾਮ ਐਨਰਜੀ ਦੇ ਮੰਡਲ ਵਿਚ ਪਹੁੰਚ ਪ੍ਰਾਪਤ ਕਰ ਲੈਂਦੀ ਹੈ ਤਾਂ ਉਹ ਨਾਮ ਐਨਰਜੀ ਜਿਸ ਬਾਰੇ ਗੁਰੂ ਮਹਾਰਾਜ ਨੇ ਫੁਰਮਾਨ ਕੀਤਾ ਹੈ -

***ਹਰਿ ਅਉਖਧੁ ਸਭ ਘਟ ਹੈ ਭਾਈ॥***
***ਗੁਰ ਪੂਰੇ ਬਿਨੁ ਬਿਧਿ ਨ ਬਨਾਈ॥***
***ਗੁਰਿ ਪੂਰੈ ਸੰਜਮੁ ਕਰਿ ਦੀਆ॥***
***ਨਾਨਕ ਤਉ ਫਿਰਿ ਦੂਖ ਨ ਥੀਆ॥*** ***ਪੰਨਾ - 259***

ਅਤੇ ਸੁਖਮਨੀ ਸਾਹਿਬ ਵਿਚ ਫੁਰਮਾਨ ਕਰਦੇ ਹਨ -

***ਸਰਬ ਰੋਗ ਕਾ ਅਉਖਦੁ ਨਾਮੁ॥*** ***ਪੰਨਾ - 274***

ਇਸ ਸਰੀਰ ਨੂੰ ਸਵਸਥ ਰਖਦੀ ਹੈ ਜਿਸ ਸਰੀਰ ਵਿਚ ਨਾਮ ਐਨਰਜੀ ਘਟ ਜਾਂਦੀ ਹੈ ਉਹ ਸੈਂਕੜੇ ਹਜ਼ਾਰਾਂ ਦਵਾਈਆਂ ਵਰਤਣ ਨਾਲ ਵੀ ਸਵਸੱਥ ਨਹੀਂ ਰਿਹਾ ਕਰਦਾ ਕਿਉਂਕਿ ਉਸ ਨਾਮ ਕਰੰਟ ਨਾਲੋਂ ਟੁੱਟ ਕੇ ਸਰੀਰ ਦੇ ਅੰਦਰੋਂ ਤਾਜ਼ਗੀ ਦੀ ਲਹਿਰ ਆਉਣੀ ਬੰਦ ਹੋ ਜਾਂਦੀ ਹੈ। ਜੋ ਸਰੀਰ ਦੇ ਇਕ-ਇਕ ਸੈਲ ਨੂੰ ਜੀਵਨ ਪ੍ਰਦਾਨ ਕਰਦੀ ਸੀ ਜਦੋਂ ਉਸ ਕਰੰਟ ਨਾਲੋਂ ਜੀਵ ਦੂਰ ਹੁੰਦਾ ਹੈ ਤਾਂ ਰੋਗ ਸਰੀਰ ਨੂੰ ਗ੍ਰਸ ਲਿਆ ਕਰਦੇ ਹਨ ਜਿਵੇਂ ਕਿ ਫੁਰਮਾਨ ਹੈ -

***ਖਸਮੁ ਵਿਸਾਰਿ ਕੀਏ ਰਸ ਭੋਗ॥***
***ਤਾਂ ਤਨਿ ਉਠਿ ਖਲੋਏ ਰੋਗ॥*** ***ਪੰਨਾ - 1256***

***ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ॥*** ***ਪੰਨਾ - 135***

ਸੋ ਇਸ ਕਰਕੇ ਉਪਰਲੇ ਸਿਧਾਂਤ ਨੂੰ ਸਮਝਣ ਲਈ ਨਾਮ ਦੀ ਕਮਾਈ ਕਰਨ ਦੀ ਅਤੀ ਲੋੜ ਹੈ।

ਸੋ ਮੈਂ ਰਾੜੇ ਵਾਲੇ ਮਹਾਂਪੁਰਸ਼ਾਂ ਦੀ ਗੱਲ ਕਰ ਰਿਹਾ ਸੀ ਉਨ੍ਹਾਂ ਨੇ ਦੱਸਿਆ ਕਿ ਜਦੋਂ ਸਦਾ ਦੀ ਜਾਗ ਦੀ ਅਵਸਥਾ ਪ੍ਰਾਪਤ ਹੋਈ ਉਸ ਵੇਲੇ ਸਦੀਵੀ ਜਾਗ ਨੂੰ ਅਨੁਭਵ ਕੀਤਾ। ਅਸੀਂ ਮਾਇਆ ਦੇ ਕੁੱਠੇ ਹੋਏ ਜੀਵ ਹਾਂ ਅਸੀਂ ਬ੍ਰਹਮ ਬੇਤਿਆਂ ਬਾਰੇ ਕੋਈ ਅਨੁਮਾਨ ਨਹੀਂ ਲਾ ਸਕਦੇ। ਸੋ ਸੰਤ ਮਹਾਰਾਜ ਜੀ ਨੇ ਜੋ ਘਾਲ ਕਮਾਈ ਰਾੜੇ ਸਾਹਿਬ ਕੀਤੀ ਉਸ ਬਾਰੇ ਕੁਝ ਕਹਿਣਾ ਮੁਸ਼ਕਲ ਹੀ ਹੈ ਕਿਉਂਕਿ ਮਹਾਂਪੁਰਸ਼ ਵਾਹਿਗੁਰੂ ਦੇ ਨੇੜੇ ਹੁੰਦੇ ਹੋਏ ਵੀ ਕੋਈ ਭੇਤ ਨਹੀਂ ਦਿੰਦੇ।

***ਸਬਰ ਅੰਦਰਿ ਸਾਬਰੀ ਤਨੁ ਏਵੈ ਜਾਲੇਨਿ॥***
***ਹੋਨਿ ਨਜੀਕਿ ਖੁਦਾਇ ਦੈ ਭੇਤੁ ਨ ਕਿਸੈ ਦੇਨਿ॥*** ***ਪੰਨਾ - 1384***

ਸੋ ਸੰਤ ਮਹਾਰਾਜ ਜੀ ਕਹਿਣ ਲੱਗੇ ਕਿ ਸੰਤਾਂ ਦਾ ਜੋ ਜੀਵਨ ਹੈ ਉਸ ਨੂੰ ਸੰਤ ਆਪ ਇਸ ਕਰਕੇ ਨਹੀਂ ਲਿਖਦੇ ਕਿਉਂਕਿ ਇਨ੍ਹਾਂ ਵਿਚ ਗੋਹਝ ਭੇਤ ਹੁੰਦੇ ਹਨ ਜੋ ਅਨਅਧਿਕਾਰੀਆਂ ਦੇ ਹੱਥਾਂ ਵਿਚ ਨਹੀਂ ਜਾਣੇ ਚਾਹੀਦੇ। ਦੂਸਰਾ ਉਹ ਆਪਣੀ ਅਵਸਥਾ ਨੂੰ ਆਪ ਨਸ਼ਰ (ਵਰਨਣ) ਨਹੀਂ ਕਰਦੇ।

ਦੂਸਰੇ ਲੋਕ ਜਦੋਂ ਮਹਾਂਪੁਰਸ਼ਾਂ ਦਾ ਜੀਵਨ ਲਿਖਦੇ ਹਨ ਤਾਂ ਉਹ ਵੀ ਠੀਕ ਨਹੀਂ ਲਿਖ ਸਕਿਆ ਕਰਦੇ। ਦੂਸਰੇ ਨੂੰ ਇਹ ਪਤਾ ਨਹੀਂ ਲਗਦਾ ਕਿ ਸੰਤਾਂ ਦੇ ਸਰੀਰ ਦੇ ਅੰਦਰ ਕਮਲ ਉਲਟ ਕੇ ਕਦੋਂ ਅੰਮ੍ਰਿਤ ਨਾਲ ਭਰ ਜਾਇਆ ਕਰਦਾ ਹੈ ਅਤੇ ਉਸ ਅੰਮ੍ਰਿਤ ਦਾ ਕੀ ਸਵਾਦ ਹੁੰਦਾ ਹੈ, ਉਹ ਅੰਮ੍ਰਿਤ ਰਸ ਕਿਹੋ ਜਿਹਾ ਹੁੰਦਾ ਹੈ, ਉਹ ਸਰੀਰ ਨੂੰ ਕਿਵੇਂ ਖੇੜਾ ਪ੍ਰਦਾਨ ਕਰਦਾ ਹੈ ਅਤੇ ਸਰੀਰ ਵਿਚ ਕਿਵੇਂ ਤਾਜ਼ਗੀ ਕਾਇਮ ਰਹਿੰਦੀ ਹੈ, ਉਸ ਦਾ ਪ੍ਰਭਾਵ ਸਰੀਰ ਨੂੰ ਇਕ ਰਸ ਰਹਿਣ ਲਈ ਕਿਵੇਂ ਵਰਤਦਾ ਹੈ। ਨਾਮ ਨਿਵਾਸ ਦੇ ਨਾ ਜਰੇ ਜਾਣ ਵਾਲੇ ਅਸਰ ਨੂੰ ਕਿਵੇਂ ਜਰਦਾ ਹੈ ਕਿਉਂਕਿ ਪਹਿਲਾਂ ਦਸਿਆ ਜਾ ਚੁਕਿਆ ਹੈ ਕਿ ਕਈ ਵਾਰੀ ਨਾਮ ਦਾ ਐਨਾ ਪ੍ਰਬਲ ਵਹਿਣ ਸਰੀਰ ਅੰਦਰ ਵਰਤਦਾ ਹੈ ਕਿ ਉਹ ਸਰੀਰ ਨੂੰ weightless (ਭਾਰ ਰਹਿਤ) ਕਰ ਦਿੰਦਾ ਹੈ Gravity ਦਾ ਸਬੰਧ ਸਰੀਰ ਨਾਲੋਂ ਤੋੜ ਦਿੰਦਾ ਹੈ। ਸਰੀਰ ਉਚਾ ਉਡ ਜਾਇਆ ਕਰਦਾ ਹੈ। ਇਕ ਵਾਰਤਾ ਮੈਨੂੰ ਕਿਸੇ ਮਹਾਂਪੁਰਸ਼ਾਂ ਨੇ ਦੱਸੀ ਕਿ ਇਕ ਬੀਬੀ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਸਿਮਰਨ ਵਿਚ ਬੈਠਿਆ ਕਰਦੀ ਸੀ। ਉਸ ਦੀ ਅਵਸਥਾ ਚੜ੍ਹ ਗਈ, ਉਸ ਦੀ ਸੁਰਤ ਨਾਮ ਮੰਡਲ ਵਿਚ ਪ੍ਰਵੇਸ਼ ਕਰ ਗਈ। ਨਾਮ ਮੰਡਲ ਦਾ ਸ਼ਕਤੀਸ਼ਾਲੀ ਵੇਗ ਉਸ ਨੂੰ ਚੁਕ ਕੇ ਦੂਰ ਖੇਤਾਂ ਵਿਚ ਲੈ ਗਿਆ ਅਤੇ ਉਹ ਸਹਿਜੇ ਹੀ ਹੇਠਾਂ ਫਸਲ ਵਿਚ ਉਤਰ ਆਈ। ਉਥੇ ਜੋ ਪ੍ਰੇਮੀ ਆਪਣੇ ਖੇਤ ਨੂੰ ਪਾਣੀ ਲਾਉਂਦਾ ਸੀ ਉਹ ਇਸ ਕੌਤਕ ਨੂੰ ਦੇਖ ਕੇ ਡਰ ਗਿਆ, ਪਰ ਹਿੰਮਤ ਕਰਕੇ ਪੁਛਿਆ ਕਿ ਭਾਈ! ਤੂੰ ਕੌਣ ਹੈਂ? ਭੂਤਾਂ, ਪ੍ਰੇਤਾਂ ਵਾਲਾ ਡਰ ਤਾਂ ਤੇਰੇ ਤੋਂ ਮੈਨੂੰ ਨਹੀਂ ਲੱਗਿਆ, ਕੁਝ ਖੇੜਾ ਮੈਂ ਵੀ ਮਹਿਸੂਸ ਕੀਤਾ ਹੈ, ਤੂੰ ਜ਼ਰੂਰ ਕੋਈ ਚੰਗੀ ਰੂਹ ਹੈਂ ਕੋਈ ਰੱਬ ਦਾ ਕਰਿਸ਼ਮਾ ਵਰਤਿਆ ਹੈ ਇੰਨਾਂ ਤਾਂ ਦੱਸ ਕਿ ਤੂੰ ਕੌਣ ਹੈਂ? ਉਸ ਵੇਲੇ ਉਸ ਵਜੂਦ ਵਿਚੋਂ ਅਵਾਜ਼ ਆਈ ਕਿ ਭਾਈ! ਮੈਨੂੰ ਇਹ ਦੱਸ ਕਿ ਮੈਂ ਕਿਥੇ ਪਹੁੰਚ ਗਈ ਤੇ ਇਥੇ ਕਿਵੇਂ ਆ ਗਈ? ਉਸ ਨੇ ਦੱਸਿਆ ਕਿ ਇਹ ਅਸਾਡਾ ਖੇਤ ਹੈ, ਮੈਂ ਇਸੇ ਪਿੰਡ ਦਾ ਰਹਿਣ ਵਾਲਾ ਹਾਂ। ਤੁਹਾਡਾ ਸਰੀਰ ਹਵਾ ਵਿਚ ਉਡਦਾ ਹੌਲੀ-ਹੌਲੀ ਆ ਰਿਹਾ ਸੀ ਤੇ ਇਥੇ ਫਸਲ ਵਿਚ ਆ ਕੇ ਟਿਕ ਗਿਆ। ਉਸ ਬੀਬੀ ਨੇ ਆਪਣਾ ਪਰੀਚਾ ਦਿਤਾ। ਉਸ ਪ੍ਰੇਮੀ ਨੇ ਉਸ ਨੂੰ ਆਪਣਾ ਸਹਾਰਾ ਦੇ ਕੇ ਉਸ ਦੇ ਘਰ ਪਹੁੰਚਾ ਦਿਤਾ। ਆਮ ਆਦਮੀਆਂ ਨੂੰ ਇਸ ਦੀ ਸੋਝੀ ਨਹੀਂ ਆਉਂਦੀ ਕਿ ਇਹ ਘਟਨਾ ਕੀ ਵਾਪਰੀ ਪਰ ਨਾਮ ਦੀ ਘਾਲ ਕਮਾਈ ਕਰਨ ਵਾਲਿਆਂ ਨੂੰ ਪਤਾ ਹੈ ਕਿ ਜਦੋਂ ਨਾਮ ਐਨਰਜੀ ਵਿਚ ਸੁਰਤ ਪੂਰੀ ਤਰ੍ਹਾਂ ਪ੍ਰਵੇਸ਼ ਕਰ ਜਾਵੇ ਤਾਂ ਅਜਿਹੀਆਂ ਘਟਨਾਵਾਂ ਆਮ ਵਰਤ ਜਾਇਆ ਕਰਦੀਆਂ ਹਨ। ਜਿਸ ਦੇ ਅੰਦਰ ਨਾਮ ਦੀ ਸ਼ਕਤੀ ਪੈਦਾ ਹੋ ਜਾਵੇ ਉਸ ਦਾ ਓਰਾ ਦੂਰ ਤਕ ਫੈਲ ਜਾਂਦਾ ਹੈ, ਉਸ ਨੂੰ ਪਾਣੀ ਡੋਬ ਨਹੀਂ ਸਕਿਆ ਕਰਦਾ, ਅੱਗ ਉਸ ਨੂੰ ਜਾਲ ਨਹੀਂ ਸਕਿਆ ਕਰਦੀ, ਕੋਈ ਸਸ਼ਤਰ ਉਸ ਨੂੰ ਕੱਟ ਨਹੀਂ ਸਕਦਾ। ਪ੍ਰਹਿਲਾਦ ਬਾਰੇ ਸਾਰੇ ਜਾਣਦੇ ਹਨ, ਭਾਈ ਗੁਰਦਾਸ ਜੀ ਨੇ ਫੁਰਮਾਨ ਕੀਤਾ ਹੈ -

***ਘਰ ਹਰਨਾਖਸ਼ ਦੈਤ ਦੇ ਕੱਲਰ ਕਵਲ ਭਗਤ ਪ੍ਰਹਿਲਾਦ॥***
***ਪੜ੍ਹਨ ਪਠਾਯਾ ਚਾਟਸਾਲ ਪਾਂਧੇ ਚਿਤ ਹੋਆ ਅਹਿਲਾਦ॥***
***ਸਿਮਰੈ ਮਨ ਵਿਚ ਰਾਮ ਨਾਮ ਗਾਵੈ ਸ਼ਬਦ ਅਨਾਹਦ ਨਾਦ॥***
***ਭਗਤਿ ਕਰਨ ਸਭ ਚਾਟੜੇ ਪਾਂਧੇ ਹੋਇ ਰਹੇ ਵਿਸਮਾਦ॥***

***ਰਾਜੇ ਪਾਸ ਰੂਆਇਆ ਦੋਖੀ ਦੈਤ ਵਧਾਯਾ ਵਾਦ॥***
***ਜਲ ਅਗਨੀ ਵਿਚ ਘੱਤਿਆ ਜਲੈ ਨ ਡੁੱਬੈ ਗੁਰ ਪਰਸਾਦ॥***
***ਕੱਢ ਖੜਗ ਸੱਦ ਪੁਛਿਆ ਕਉਣ ਸੁ ਤੇਰਾ ਹੈ ਉਸਤਾਦ॥***
***ਥੰਮ ਪਾੜ ਪਰਗਟਿਆ ਨਰਸਿੰਘ ਰੂਪ ਅਨੂਪ ਅਨਾਦਿ॥***
***ਬੇਮੁਖ ਪਕੜ ਪਛਾੜਿਅਨੁ ਸੰਤ ਸਹਾਈ ਆਦਿ ਜੁਗਾਦਿ॥***
***ਜੈ ਜੈ ਕਾਰ ਕਰਨ ਬ੍ਰਹਮਾਦਿ॥ ਭਾਈ ਗੁਰਦਾਸ ਜੀ, ਵਾਰ 10/2***

ਅਤੇ ਗੁਰਬਾਣੀ ਵਿਚ ਇਸ ਘਟਨਾ ਦਾ ਸੰਕੇਤ ਦਿੰਦੇ ਹੋਏ ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ ਕਿ –

***ਦੁਸਟ ਸਭਾ ਮਿਲਿ ਮੰਤਰ ਉਪਾਇਆ ਕਰਸਹ ਅਉਧ ਘਨੇਰੀ।॥***
***ਗਿਰਿ ਤਰ ਜਲੁ ਜੁਆਲਾ ਭੈ ਰਾਖਿਓ ਰਾਜਾ ਰਾਮਿ ਮਾਇਆ ਫੇਰੀ॥***
***ਪੰਨਾ – 1165***

ਪ੍ਰਕ੍ਰਿਤੀ ਦਾ ਸੁਭਾਅ ਹੀ ਨਾਮ ਸ਼ਕਤੀ ਦੇ ਅੱਗੇ ਟਿਕ ਨਾ ਸਕਿਆ। ਇਸੇ ਤਰ੍ਹਾਂ ਦੀ ਹੋਰ ਘਟਨਾ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਵਿਚ ਆਉਂਦੀ ਹੈ ਕਿ ਕਬੀਰ ਸਾਹਿਬ ਦੇ ਖਿਲਾਫ ਦੋਖੀਆਂ ਨੇ ਬਹੁਤ ਚੁਗਲੀਆਂ ਕੀਤੀਆਂ ਜਿਨ੍ਹਾਂ ਵਿਚ ਦ੍ਵੈਸ਼ ਦੇ ਭਰੇ ਹੋਏ ਅਖਾਉਤੀ ਪੰਡਤ ਵੀ ਸਨ ਤੇ ਕਾਜ਼ੀ ਤੇ ਮੁਲਾਣੇ ਵੀ ਸਨ। ਉਨ੍ਹਾਂ ਨੇ ਬਾਦਸ਼ਾਹ ਨੂੰ ਕਿਹਾ ਕਿ ਕਾਸ਼ੀ ਵਿਚ ਅਜਿਹਾ ਕਾਫਰ ਪੈਦਾ ਹੋਇਆ ਹੈ ਜੋ ਕਿਸੇ ਧਰਮ ਦੀ ਮਰਿਆਦਾ ਨੂੰ, ਸਰ੍ਹਾ, ਸ਼ਰੀਅਤ ਨੂੰ ਨਹੀਂ ਮੰਨਦਾ। ਉਹ ਹਿੰਦੂਆਂ ਦੇ ਧਰਮ ਵਿਚ ਵੀ ਦਖਲ ਦਿੰਦਾ ਹੈ ਅਤੇ ਇਸਲਾਮ ਦੀ ਵੀ ਤੌਹੀਨ ਕਰਦਾ ਹੈ। ਉਹ ਇਹ ਕਹਿੰਦਾ ਹੈ ਕਿ ਹਿੰਦੂ ਤੇ ਤੁਰਕ ਕਿਥੋਂ ਆ ਗਏ? ਕਿਸ ਨੇ ਇਹ ਦੋਵੇਂ ਰਸਤੇ ਚਲਾ ਦਿਤੇ? ਹੇ ਬੁਰੀ ਤਰ੍ਹਾਂ ਝਗੜਨ ਵਾਲਿਓ, ਵਾਦ ਵਿਵਾਦ ਕਰਨ ਵਾਲਿਓ! ਤੁਸੀਂ ਇਹ ਦਸੋ ਤਾਂ ਸਹੀ ਬਹਿਸ਼ਤ ਤੇ ਦੋਜਕ ਕਿਸਨੂੰ ਮਿਲਦਾ ਹੈ। ਕਾਜ਼ੀਆਂ ਨੂੰ ਮੁਖਾਤਬ ਕਰਕੇ ਆਖਦਾ ਹੈ ਕਿ ਐ ਕਾਜ਼ੀ! ਤੂੰ ਕਿਹੜੀ ਕਿਤਾਬ ਪੜ੍ਹੀ ਹੈ, ਕਿਸ ਕਿਤਾਬ ਵਿਚ ਕਥਨ ਕੀਤਾ ਅਤੇ ਤੂੰ ਕਿਹੜੀ ਕਿਤਾਬ ਵਿਚਾਰ ਕੇ ਸੁਣਾਈ ਹੈ? ਤੇਰੇ ਜਿਹੇ ਇਨ੍ਹਾਂ ਕਿਤਾਬਾਂ ਨੇ ਮਾਰ ਲਏ ਹਨ ਅਤੇ ਦਰਗਾਹ ਵਿਚ ਤੈਨੂੰ ਖੁਆਰ ਹੋਣਾ ਪਵੇਗਾ। ਤੁਸੀਂ ਸੁੰਨਤ ਦੀ ਗੱਲ ਕਰਦੇ ਹੋ ਇਹ ਹਜ਼ਰਤ ਨੇ ਆਪਣੀ ਵਹੁਟੀ ਸਾਹਰਾ ਦੇ ਗੁੱਸੇ ਨੂੰ ਦੂਰ ਕਰਨ ਲਈ ਸੁੰਨਤ ਕਰਾਈ ਸੀ ਕਿਉਂਕਿ ਉਹ ਆਪਣੀ ਦੂਸਰੀ ਇਸਤ੍ਰੀ ਹਾਜਿਰਾ ਨਾਲ ਸੰਗ ਕਰ ਬੈਠਾ ਸੀ। ਹਜ਼ਰਤ ਇਬਰਾਹੀਮ ਨੇ ਆਪਣੀ ਨਵੀਂ ਵਹੁਟੀ ਸਾਹਰਾ ਨੂੰ ਵਚਨ ਦਿਤਾ ਸੀ ਕਿ ਮੇਰਾ ਸਿਰਫ ਤੇਰੇ ਨਾਲ ਪਿਆਰ ਹੈ ਜੇ ਮੈਂ ਕਿਸੇ ਹੋਰ ਨਾਲ ਪਿਆਰ ਕਰਾਂ ਤਾਂ ਤੂੰ ਮੇਰੇ ਸਾਰੇ ਅੰਗ ਕੱਟ ਸਕਦੀ ਹੈਂ ਜੋ ਉਸ ਨੂੰ ਛੋਹਣਗੇ। ਸੋ ਸਾਹਰਾ ਨੇ ਉਸ ਦੀ ਸਜ਼ਾ ਨੂੰ ਘੱਟ ਕਰ ਦਿਤਾ। ਮੁੱਛਾਂ ਵਿਚੋਂ ਲਬਾਂ, ਛਾਤੀ 'ਚੋਂ ਬਾਲ ਕੱਟ ਲਏ ਅਤੇ ਸੁੰਨਤ ਕਰ ਦਿਤੀ। ਪਰ ਤੂੰ ਦੱਸ ਇਹ ਤਾਂ ਇਕ ਸਜ਼ਾ ਦੇ ਤੌਰ ਤੇ ਕੀਤੀ ਗਈ ਵਾਰਤਾ ਹੈ ਜੋ ਪਿਆਰ ਦੇ ਵਸ ਹੋਈ ਹੈ। ਮੈਨੂੰ ਇਹ ਸਾਰੀ ਅਸਲੀਅਤ ਦਾ ਪਤਾ ਹੈ ਮੈਂ ਕਿਉਂ ਆਪਣੀ ਸੁੰਨਤ ਕਰਾਵਾਂ, ਇਹਦੇ ਵਿਚ ਕੀ ਰੂਹਾਨੀ ਭੇਤ ਛੁਪਿਆ ਹੈ। ਅੱਛਾ ਭਲਾ, ਜੇ ਖੁਦਾ ਨੇ ਸੁੰਨਤ ਕਰਕੇ ਮੈਨੂੰ ਤੁਰਕ ਬਣਾਉਣਾ ਸੀ ਤਾਂ ਮੇਰੀ ਸੁੰਨਤ ਕੀਤੀ ਕਰਾਈ ਆਉਣੀ ਚਾਹੀਦੀ ਸੀ। ਜੇ ਭਲਾ ਸੁੰਨਤ ਕਰੇ ਤੇ ਤੁਰਕ ਬਣਦਾ ਹੈ ਤਾਂ

ਇਹ ਦੱਸ ਉਹ ਆਪਣੀ ਇਸਤ੍ਰੀ ਦੀ ਸੁੰਨਤ ਕਿਵੇਂ ਕਰੇਗਾ, ਉਹ ਤਾਂ ਫੇਰ ਹਿੰਦੂ ਹੀ ਰਹੀ ਅਤੇ ਫੇਰ ਸਲਾਹ ਦਿੰਦਾ ਹੈ ਕਿ ਕਿਉਂ ਸ਼ੁਦਾਈ ਹੋਏ ਹੋਂ, ਅਸਲ ਗੱਲ ਤਾਂ ਇਹ ਹੈ ਕਿ ਖੁਦਾ ਦੀ ਬੰਦਗੀ ਕਰੋ, ਨਫਸ ਉਤੇ ਕਾਬੂ ਪਾਓ ਅਤੇ ਅੱਲਾਹ ਦਾ ਨਾਮ ਜਪ ਕੇ ਅੱਲਾਹ ਵਿਚ ਅਭੇਦ ਹੋ ਜਾਵੋਂ, ਇਹ ਤੁਹਾਡੀਆਂ ਸ਼ਗ੍ਰਾ ਦੀਆਂ ਗੱਲਾਂ ਮੈਂ ਨਹੀਂ ਮੰਨਦਾ। ਇਸੇ ਤਰ੍ਹਾਂ ਉਹ ਬ੍ਰਾਹਮਣਾਂ ਨੂੰ ਵੰਗਾਰਦਾ ਹੈ ਕਿ ਜੇ ਤੂੰ ਆਪਣੇ ਆਪ ਨੂੰ ਬ੍ਰਾਹਮਣ ਕਹਿੰਦਾ ਹੈਂ ਤਾਂ ਤੂੰ ਮੇਰੇ ਵਾਂਗੂੰ ਕਿਉਂ ਪੈਦਾ ਹੋਇਆ, ਜਿਸ ਥਾਂ ਤੋਂ ਮੇਰਾ ਜਨਮ ਹੋਇਆ ਉਸੇ ਤੋਂ ਤੇਰਾ ਹੋਇਆ। ਮੈਨੂੰ ਦੱਸ, ਤੇਰੇ ਲਹੂ ਦੀ ਥਾਂ ਦੁਧ ਵਗ ਰਿਹਾ ਹੈ? ਤੇਰੇ ਵਿਚ ਵੀ ਓਹੀ ਖ਼ੂਨ ਹੈ, ਓਹੀ ਸੁਭਾਅ ਹੈ ਫੇਰ ਤੂੰ ਉਚਾ ਕਿਸ ਤਰ੍ਹਾਂ ਹੋ ਗਿਆ? ਪੂਰਾ ਸ਼ਬਦ ਇਸ ਤਰ੍ਹਾਂ ਹਨ –

***ਹਿੰਦੂ ਤੁਰਕ ਕਹਾ ਤੇ ਆਏ ਕਿਨਿ ਏਹ ਰਾਹ ਚਲਾਈ॥***
***ਦਿਲ ਮਹਿ ਸੋਚਿ ਬਿਚਾਰਿ ਕਵਾਦੇ ਭਿਸਤ ਦੋਜਕ ਕਿਨਿ ਪਾਈ॥***
***ਕਾਜੀ ਤੈ ਕਵਨ ਕਤੇਬ ਬਖਾਨੀ॥***
***ਪੜ੍ਹਤ ਗੁਨਤ ਐਸੇ ਸਭ ਮਾਰੇ ਕਿਨਹੂੰ ਖਬਰਿ ਨ ਜਾਨੀ॥***
***ਸਕਤਿ ਸਨੇਹੁ ਕਰਿ ਸੁੰਨਤਿ ਕਰੀਐ ਮੈ ਨ ਬਦਉਗਾ ਭਾਈ॥***
***ਜਉ ਰੇ ਖੁਦਾਇ ਮੋਹਿ ਤੁਰਕੁ ਕਰੈਗਾ ਆਪਨ ਹੀ ਕਟਿ ਜਾਈ॥***
***ਸੁੰਨਤਿ ਕੀਏ ਤੁਰਕੁ ਜੇ ਹੋਇਗਾ ਅਉਰਤ ਕਾ ਕਿਆ ਕਰੀਐ॥***
***ਅਰਧ ਸਰੀਰੀ ਨਾਰਿ ਨ ਛੋਡੈ ਤਾ ਤੇ ਹਿੰਦੂ ਹੀ ਰਹੀਐ॥***
***ਛਾਡਿ ਕਤੇਬ ਰਾਮੁ ਭਜੁ ਬਉਰੇ ਜੁਲਮ ਕਰਤ ਹੈ ਭਾਰੀ॥***
***ਕਬੀਰੈ ਪਕਰੀ ਟੇਕ ਰਾਮ ਕੀ ਤੁਰਕ ਰਹੇ ਪਚਿਹਾਰੀ॥***

***ਪੰਨਾ – 477***

***ਗਰਭ ਵਾਸ ਮਹਿ ਕੁਲੁ ਨਹੀ ਜਾਤੀ॥***
***ਬ੍ਰਹਮ ਬਿੰਦੁ ਤੇ ਸਭ ਉਤਪਾਤੀ॥***
***ਕਹੁ ਰੇ ਪੰਡਿਤ ਬਾਮਨ ਕਬ ਕੇ ਹੁਏ॥***
***ਬਾਮਨ ਕਹਿ ਕਹਿ ਜਨਮੁ ਮਤ ਖੋਏ॥***
***ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ॥***
***ਤਉ ਆਨ ਬਾਟ ਕਾਹੇ ਨਹੀ ਆਇਆ॥***
***ਤੁਮ ਕਤ ਬ੍ਰਾਹਮਣ ਹਮ ਕਤ ਸੂਦ॥***
***ਹਮ ਕਤ ਲੋਹੂ ਤੁਮ ਕਤ ਦੂਧ॥***
***ਕਹੁ ਕਬੀਰ ਜੋ ਬ੍ਰਹਮੁ ਬੀਚਾਰੈ॥***
***ਸੋ ਬ੍ਰਾਹਮਣੁ ਕਹੀਅਤੁ ਹੈ ਹਮਾਰੈ॥*** ***ਪੰਨਾ – 324***

ਦੋਹਾਂ ਮਜ਼੍ਹਬਾਂ ਦੇ ਪ੍ਰੇਮੀ ਦਿੱਲੀ ਦੇ ਬਾਦਸ਼ਾਹ ਦੇ ਅੱਗੇ, ਜਦੋਂ ਉਹ ਆਪਣੇ ਦੌਰੇ ਤੇ ਕਾਸ਼ੀ ਆਇਆ ਸੀ, ਰਲ ਕੇ ਸ਼ਕਾਇਤ ਕਰ ਰਹੇ ਸਨ। ਉਸ ਵੇਲੇ ਬਾਦਸ਼ਾਹ ਨੇ ਸਜ਼ਾ ਸੁਣਾ ਦਿਤੀ ਕਿ ਇਸ ਕਾਫਰ ਨੂੰ, ਜੋ ਸੰਸਾਰ ਵਿਚ ਕੁਫਰ ਫੈਲਾ ਰਿਹਾ ਹੈ, ਪਾਣੀ ਵਿਚ ਡਬੋ ਕੇ ਮਾਰ ਦਿਓ ਅਤੇ ਇਸ ਨੂੰ ਪੱਥਰ ਅਤੇ ਭਾਰੇ ਸੰਗਲ ਵਲੇਟ ਕੇ ਗੰਗਾ ਦੇ ਵਿਚ ਡੋਬ ਦਿਤਾ ਗਿਆ। ਸਾਰੇ ਲੋਕ ਖੜ੍ਹੇ ਇਸ ਦ੍ਰਿਸ਼ ਨੂੰ ਵੇਖ ਰਹੇ ਸਨ ਅਤੇ ਮਨ ਹੀ ਮਨ ਵਿਚ ਬੇਨਤੀਆਂ ਕਰ ਰਹੇ ਸਨ ਕਿ ਹੇ ਪ੍ਰਭੂ!

ਇਸ ਮਹਾਨ ਭਗਤ ਨੂੰ ਇਹ ਕੱਟੜ ਲੋਕ ਸ਼ਰਾ ਸ਼ਰੀਅਤ ਵਿਚ ਫਸੇ ਹੋਏ ਕਾਫਰ-ਕਾਫਰ ਕਹਿ ਕੇ ਭਿਆਨਕ ਸਜ਼ਾ ਦੁਆ ਰਹੇ ਹਨ, ਕਬੀਰ ਜੀ ਨੂੰ ਬੇੜੀ ਵਿਚ ਬਿਠਾਇਆ ਗਿਆ ਅਤੇ ਗੰਗਾ ਦੀ ਵਿਚਕਾਰਲੀ ਧਾਰ ਬਹੁਤ ਡੂੰਘੀ ਵਗ ਰਹੀ ਸੀ। ਕਬੀਰ ਜੀ ਨੂੰ ਬੇੜੀ ਵਿਚੋਂ ਚੁਕ ਕੇ ਭਾਰੇ ਸੰਗਲਾਂ ਅਤੇ ਪੱਥਰਾਂ ਸਮੇਤ ਗੰਗਾ ਵਿਚ ਸੁੱਟ ਦਿਤਾ। ਬੇੜੀ ਅੱਗੇ ਰੁੜ ਗਈ, ਸਾਰਿਆਂ ਨੂੰ ਬਹੁਤ ਹੈਰਾਨੀ ਹੋਈ ਕਿ ਕਬੀਰ ਜੀ ਤਾਂ ਪਾਣੀ ਵਿਚ ਚੌਂਕੜਾ ਮਾਰੀ ਬੈਠੇ ਹਨ, ਉਨ੍ਹਾਂ ਨਾਲ ਬੰਨ੍ਹੇ ਸੰਗਲ ਤੇ ਪੱਥਰ ਪਾਣੀ ਵਿਚ ਹੀ ਬਹਿ ਗਏ ਹਨ ਅਤੇ ਕਬੀਰ ਸਾਹਿਬ ਮ੍ਰਿਗਸ਼ਾਲਾ ਉਹ ਬੈਠੇ ਹਨ। ਇਸ ਹੱਡ ਬੀਤੀ ਨੂੰ ਕਬੀਰ ਜੀ ਨੇ ਬਾਣੀ ਵਿਚ ਇਉਂ ਲਿਖਿਆ ਹੈ-

***ਗੰਗ ਗੁਸਾਇਨਿ ਗਹਿਰ ਗੰਭੀਰ॥***
***ਜੰਜੀਰ ਬਾਂਧਿ ਕਰਿ ਖਰੇ ਕਬੀਰ॥***
***ਮਨੁ ਨ ਡਿਗੈ ਤਨੁ ਕਾਹੇ ਕਉ ਡਰਾਇ॥***
***ਚਰਨ ਕਮਲ ਚਿਤੁ ਰਹਿਓ ਸਮਾਇ॥ ਰਹਾਉ॥***
***ਗੰਗਾ ਕੀ ਲਹਰਿ ਮੇਰੀ ਟੁਟੀ ਜੰਜੀਰ॥***
***ਮ੍ਰਿਗਛਾਲਾ ਪਰ ਬੈਠੇ ਕਬੀਰ॥***
***ਕਹਿ ਕੰਬੀਰ ਕੋਊ ਸੰਗ ਨ ਸਾਥ॥***
***ਜਲ ਥਲ ਰਾਖਨ ਹੈ ਰਘੁਨਾਥ॥*** ***ਪੰਨਾ - 1162***

ਇਕ ਹੋਰ ਘਟਨਾ ਆਪ ਜੀ ਦੇ ਨਾਲ ਐਸੀ ਹੀ ਵਰਤੀ, ਜਿਸ ਬਾਰੇ ਗੁਰਬਾਣੀ ਵਿਚ ਅੰਕਿਤ ਹੈ ਕਿ ਸਿਕੰਦਰ ਲੋਧੀ ਦੇ ਸਮੇਂ ਬਨਾਰਸ ਵਿਚ ਇਸਲਾਮ ਦੇ ਮੁੱਲਾਂ-ਮੁਲਾਣਿਆਂ ਨੇ ਬਹੁਤ ਹੀ ਕਸ਼ਟ ਦਿਤਾ। ਕਬੀਰ ਜੀ ਨੂੰ ਬਾਹਾਂ ਤੋਂ ਬੰਨ੍ਹ ਲਿਆ ਗਿਆ ਅਤੇ ਪੋਟਲੀ ਵਾਂਗੂੰ ਬਣਾ ਕੇ ਮੈਦਾਨ ਵਿਚ ਰੱਖ ਦਿਤਾ, ਇਨ੍ਹਾਂ ਨੂੰ ਮਾਰਨ ਲਈ ਮਸਤ ਹਾਥੀ ਜੋ ਸ਼ਰਾਬ ਦੇ ਨਸ਼ੇ ਵਿਚ ਝੂੰਮ ਰਿਹਾ ਸੀ, ਨੂੰ ਛਡਿਆ ਗਿਆ। ਮਹਾਵਤ ਗੁੱਸੇ ਵਿਚ ਆ ਕੇ ਹਾਥੀ ਦੇ ਸਿਰ ਵਿਚ ਅੰਕੁਸ ਮਾਰਦਾ ਹੈ, ਉਹ ਕਬੀਰ ਜੀ ਵਲ ਆਉਂਦਾ ਹੀ ਨਹੀਂ ਚੀਕਾਂ ਮਾਰ ਕੇ ਨੱਠ ਜਾਂਦਾ ਹੈ। ਕਾਜ਼ੀ ਨੇ ਹੁਕਮ ਦਿਤਾ ਕਿ ਹਾਥੀ ਨੂੰ ਅੱਗੇ ਤੋਰ ਨਹੀਂ ਤੈਨੂੰ ਇਥੇ ਹੀ ਕੱਟ ਕੇ ਮਾਰ ਦਿਤਾ ਜਾਵੇਗਾ। ਤੂੰ ਇਸ ਹਾਥੀ ਦੇ ਅੰਕੁਸ ਨਾਲ ਸੱਟ ਮਾਰ ਤਾਕਿ ਇਹ ਅੱਗੇ ਤੁਰੇ। ਹਾਥੀ ਚੀਕਾਂ ਮਾਰਦਾ ਉਸ ਗੱਠੜੀ ਰੂਪ ਵਿਚ ਬੰਨ੍ਹੇ ਕਬੀਰ ਜੀ ਪਾਸ ਆ ਗਿਆ। ਉਸ ਨੇ ਆਪਣੀ ਸੁੰਡ ਨਾਲ ਕਬੀਰ ਜੀ ਨੂੰ ਚੁਕਿਆ ਅਤੇ ਆਪਣੇ ਮੱਥੇ ਤੇ ਬਾਰ-ਬਾਰ ਲਾਉਂਦਾ ਹੈ। ਕਾਜ਼ੀ ਅੰਨ੍ਹੇ ਨੇ ਇਸ ਗੱਲ ਨੂੰ ਬੁੱਝਣ ਦੀ ਕੋਸ਼ਿਸ਼ ਹੀ ਨਾ ਕੀਤੀ। ਐਸਾ ਕਠੋਰ ਸੀ ਉਹ ਕਾਜ਼ੀ, ਕਿ ਇਸ ਉਤੇ ਦਰਗਾਹੀ ਵਰਤਣ ਵਾਲੇ ਕੌਤਕ ਦਾ ਕੋਈ ਅਸਰ ਨਾ ਹੋਇਆ। ਸਖਤ ਦਿਲ ਨੂੰ ਅਜੇ ਵੀ ਤਸੱਲੀ ਨਾ ਆਈ। ਕਬੀਰ ਜੀ ਫੁਰਮਾਨ ਕਰਦੇ ਹਨ ਕਿ ਪ੍ਰਭੂ ਪਿਆਰਿਆਂ ਦੀ ਵਾਹਿਗੁਰੂ ਜੀ ਜਿੰਦ ਹੁੰਦੇ ਹਨ -

***ਭੁਜਾ ਬਾਂਧਿ ਭਿਲਾ ਕਰਿ ਡਾਰਿਓ॥ ਹਸਤੀ ਕ੍ਰੋਪਿ ਮੂੰਡ ਮਹਿ ਮਾਰਿਓ॥***
***ਹਸਤਿ ਭਾਗਿ ਕੈ ਚੀਸਾ ਮਾਰੈ॥ ਇਆ ਮੂਰਤਿ ਕੈ ਹਉ ਬਲਿਹਾਰੈ॥***
***ਆਹਿ ਮੇਰੇ ਠਾਕੁਰ ਤੁਮਰਾ ਜੋਰੁ॥ ਕਾਜੀ ਬਕਿਬੋ ਹਸਤੀ ਤੋਰੁ॥***
***ਰੇ ਮਹਾਵਤ ਤੁਝੁ ਡਾਰਉ ਕਾਟਿ॥ ਇਸਹਿ ਤੁਰਾਵਹੁ ਘਾਲਹੁ ਸਾਟਿ॥***

***ਹਸਤਿ ਨ ਤੋਰੈ ਧਰੈ ਧਿਆਨੁ ॥ ਵਾ ਕੈ ਰਿਦੈ ਬਸੈ ਭਗਵਾਨੁ ॥***
***ਕਿਆ ਅਪਰਾਧੁ ਸੰਤ ਹੈ ਕੀਨਾ ॥ ਬਾਂਧਿ ਪੋਟ ਕੁੰਚਰ ਕਉ ਦੀਨਾ ॥***
***ਕੁੰਚਰੁ ਪੋਟ ਲੈ ਲੈ ਨਮਸਕਾਰੈ ॥ ਬੂਝੀ ਨਹੀ ਕਾਜੀ ਅੰਧਿਆਰੈ ॥***
***ਤੀਨਿ ਬਾਰ ਪਤੀਆ ਭਰਿ ਲੀਨਾ ॥ ਮਨ ਕਠੋਰੁ ਅਜਹੂ ਨ ਪਤੀਨਾ ॥***
***ਕਹਿ ਕਬੀਰ ਹਮਰਾ ਗੋਬਿੰਦੁ ॥ ਚਉਥੇ ਪਦ ਮਹਿ ਜਨ ਕੀ ਜਿੰਦੁ ॥***
***ਪੰਨਾ - 870-71***

ਕਬੀਰ ਜੀ ਦੀ ਦ੍ਰਿਸ਼ਟੀ ਵਿਚ ਵਾਹਿਗੁਰੂ ਜੀ ਆਪ ਹੀ ਪਵਣ ਰੂਪ ਹੋ ਕੇ ਵਰਤ ਰਹੇ ਹਨ, ਆਪੇ ਹੀ ਪਾਣੀ ਰੂਪ ਹੋ ਕੇ ਵਗ ਰਹੇ ਹਨ, ਆਪੇ ਹੀ ਅਗਨ ਰੂਪ ਹੋ ਕੇ ਚੀਜ਼ਾਂ ਨੂੰ ਸਾੜ ਰਹੇ ਹਨ, ਜਿਸ ਵਿਚ ਆਪ ਜੀ ਸਪਸ਼ਟ ਕਰਕੇ ਦੱਸ ਰਹੇ ਹਨ ਕਿ ਜੋ ਪ੍ਰਭੂ ਦਾ ਭਜਨ ਕਰਦੇ ਹਨ ਉਨ੍ਹਾਂ ਨੂੰ ਅੱਗ ਜਾਲ ਨਹੀਂ ਸਕਦੀ, ਉਨ੍ਹਾਂ ਦੀ ਦ੍ਰਿਸ਼ਟੀ ਵਿਚ ਨਾ ਕੁਝ ਜਲਦਾ ਹੈ, ਨਾ ਕੁਝ ਜਲ ਰਿਹਾ ਹੈ ਇਹ ਤਾਂ ਵਾਹਿਗੁਰੂ ਜੀ ਜਾਦੂਗਰ ਨਿਆਈਂ ਆਪ ਹੀ ਅਨੇਕਾਂ ਕੌਤਕ ਕਰ ਰਹੇ ਹਨ। ਰਾਮ ਦੇ ਨਾਮ ਦੇ ਅੱਖਰ ਜਪੋ, ਵਾਹਿਗੁਰੂ ਜੀ ਆਪ ਹੀ ਰੱਖ ਲੈਣਗੇ। ਪੂਰਾ ਸ਼ਬਦ ਇਸ ਤਰ੍ਹਾਂ ਹੈ -

***ਆਪੇ ਪਾਵਕੁ ਆਪੇ ਪਵਨਾ ॥ ਜਾਰੈ ਖਸਮੁ ਤ ਰਾਖੈ ਕਵਨਾ ॥***
***ਰਾਮੁ ਜਪਤ ਤਨੁ ਜਰਿ ਕੀਨ ਜਾਇ ॥ ਰਾਮਨਾਮ ਚਿਤੁ ਰਹਿਆ ਸਮਾਇ ॥***
***ਕਾ ਕੋ ਜਰੈ ਕਾਹਿ ਹੋਇ ਹਾਨਿ ॥ ਨਟ ਵਟ ਖੇਲੈ ਸਾਰਿਗਪਾਨਿ ॥***
***ਕਹੁ ਕਬੀਰ ਅਖਰ ਦੁਇ ਭਾਖਿ ॥ ਹੋਇਗਾ ਖਸਮੁ ਤ ਲੇਇਗਾ ਰਾਖਿ ॥***
***ਪੰਨਾ - 329***

ਨਾਮ ਜਪਣ ਦੀਆਂ ਅਨੇਕਾਂ ਅਵਸਥਾਵਾਂ ਵਿਚੋਂ ਇਹ ਵੀ ਇਕ ਅਵਸਥਾ ਹੈ ਜਿਥੇ ਜਲ ਡਬੋ ਨਹੀਂ ਸਕਦਾ, ਅੱਗ ਜਾਲ ਨਹੀਂ ਸਕਦੀ, ਸਾਰੇ ਆਪ ਹੀ ਪ੍ਰਭੂ ਦ੍ਰਿਸ਼ਟੀਗੋਚਰੇ ਹੁੰਦਾ ਹੈ ਉਸ ਦੀ ਦ੍ਰਿਸ਼ਟੀ ਵਿਚ -

***ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥ ਪੰਨਾ - 275***

ਦਾ ਵਰਤਾਰਾ ਵਰਤ ਰਿਹਾ ਹੁੰਦਾ ਹੈ। ਇਸ ਤੁੱਕ ਦੇ ਅੰਤ੍ਰੀਵ ਭਾਵ ਉਪਰ ਵੀ ਕਈ ਪ੍ਰੇਮੀਆਂ ਨੂੰ ਸ਼ੰਕਾ ਹੋ ਸਕਦਾ ਹੈ ਕਿ ਬਿਖ ਤਾਂ ਸਰੀਰਕ ਨਿਯਮਾਂ ਅਨੁਸਾਰ ਆਪਣਾ ਅਵੱਸ਼ ਕੰਮ ਕਰਦੀ ਹੈ ਜੋ ਖਾ ਲੈਂਦਾ ਹੈ ਉਸ ਦੇ ਰੋਮ-ਰੋਮ ਵਿਚ ਜ਼ਹਿਰ ਦਾ ਫੈਲਾਓ ਹੋ ਜਾਂਦਾ ਹੈ। ਉਸ ਦੇ brain (ਦਿਮਾਗ) ਵਿਚ ਜਾ ਕੇ brain ਦਾ ਕੰਮ ਬੰਦ ਹੋ ਜਾਂਦਾ ਹੈ, ਉਸ ਦਾ ਖ਼ੂਨ ਨੀਲਾ ਹੋ ਜਾਂਦਾ ਹੈ ਫੇਰ ਅੰਮ੍ਰਿਤ ਤੇ ਬਿਖ ਕਿਵੇਂ ਇਕ ਸਮਝੀ ਜਾ ਸਕਦੀ ਹੈ। ਅਸੀਂ ਹਰ ਗੱਲ ਦਾ ਉਤਰ ਪ੍ਰਤੱਖ ਮਿਸਾਲ ਵਿਚੋਂ ਭਾਲਦੇ ਹਾਂ, ਜਿਸ ਦੇ ਲਈ ਮਹਾਂਪੁਰਸ਼ਾਂ ਤੋਂ ਸੁਣੀਆਂ ਹੋਈਆਂ ਕਥਾਵਾਂ ਵਿਚੋਂ ਇਕ ਕਥਾ ਦਾ ਜ਼ਿਕਰ ਇਥੇ ਕੀਤਾ ਜਾਂਦਾ ਹੈ।

ਬਾਬਾ ਖੁਦਾ ਸਿੰਘ ਜੀ ਮਹਾਰਾਜ ਜਿਨ੍ਹਾਂ ਦਾ ਅਸਲੀ ਨਾਮ ਭਾਈ ਜਸਵੰਤ ਸਿੰਘ ਸੀ ਅਤੇ ਉਹ ਅੱਜਕਲ੍ਹ ਦੇ ਹਰਿਆਣਾ ਰਾਜ ਵਿਚ ਕੈਂਥਲ ਦੇ ਪਰਗਣੇ ਦੇ ਠਾਣੇਦਾਰ ਸਨ। ਆਪ ਨੂੰ ਸ੍ਰੀ ਮਾਨ 108 ਬਾਬਾ ਬੀਰ ਸਿੰਘ ਜੀ ਨੌਰੰਗਾਬਾਦ ਤੋਂ ਲਗਨ ਲੱਗੀ। ਆਪ ਆਪਣਾ ਸਾਰਾ ਕਾਰੋਬਾਰ ਸੰਕੋਚ ਕੇ, ਨੌਕਰੀ ਤੋਂ ਅਸਤੀਫਾ ਦੇ ਕੇ ਆਪਣੀ ਪਤਨੀ ਸਮੇਤ ਨੌਰੰਗਾਬਾਦ ਪਹੁੰਚ

ਗਏ। ਬਾਬਾ ਬੀਰ ਸਿੰਘ ਜੀ ਨੂੰ ਮਿਲ ਕੇ ਆਪ ਨੇ ਪੂਰਨ ਰੂਪ ਦੇ ਅੰਦਰ ਦ੍ਵੈਤ ਦਾ ਨਾਸ਼ ਕਰ ਦਿਤਾ। ਆਪ ਜੀ ਸਰੀਰ ਉਪਰ ਕੇਵਲ ਕਛਹਿਰਾ ਪਹਿਨਦੇ ਸਨ, ਸਿਰ ਉਪਰ ਭੂਰੀ ਪਹਿਨਦੇ ਸਨ ਅਤੇ ਸਰੀਰ ਉਪਰ ਤੇੜ ਚਾਦਰ ਰੱਖਿਆ ਕਰਦੇ ਸਨ। ਆਪ ਮੌਜ ਵਿਚ ਵਿਚਰਦੇ ਅਫਗਾਨਿਸਤਾਨ ਵਿਚ ਕਾਬਲ ਪਹੁੰਚ ਗਏ। ਉਥੇ ਆਪ ਇਕ ਦਿਨ ਮਸਜਿਦ ਵਿਚ ਚਲੇ ਗਏ ਜਿਥੇ ਨਮਾਜ਼ੀ ਆਪਣੀ ਹਫਤਾਵਾਰੀ ਨਮਾਜ਼ ਪੜ੍ਹ ਰਹੇ ਸਨ। ਆਪ ਜੀ ਨੇ ਮਸਜਿਦ ਵਿਚ ਨਮਾਜ਼ ਪੜ੍ਹਨ ਵਾਲੇ ਕਈ ਪ੍ਰੇਮੀਆਂ ਨੂੰ ਧੱਕੇ ਮਾਰ ਕੇ ਤਾੜਨਾ ਕੀਤੀ ਕਿ ਤੂੰ ਨਮਾਜ਼ ਕਿਉਂ ਨਹੀਂ ਪੜ੍ਹ ਰਿਹਾ? ਨਮਾਜ਼ ਪੜ੍ਹੇ ਜਾਣ ਉਪਰੰਤ ਮੁਲਾਂ-ਮੁਲਾਣਿਆਂ ਨੇ ਉਨ੍ਹਾਂ ਨੂੰ ਘੇਰ ਲਿਆ। ਉਸ ਦਿਨ ਕਾਬਲ ਦਾ ਬਾਦਸ਼ਾਹ ਸ਼ਾਹੀ ਮਸਜਿਦ ਵਿਚ ਨਮਾਜ਼ ਪੜ੍ਹਨ ਆਇਆ ਹੋਇਆ ਸੀ। ਉਸ ਦੇ ਰੂ-ਬ-ਰੂ ਜਦੋਂ ਪੁਛਿਆ ਕਿ ਤੂੰ ਨਮਾਜ਼ ਪੜ੍ਹਨ ਵਾਲਿਆਂ ਨੂੰ ਧੱਕੇ ਕਿਉਂ ਮਾਰੇ? ਤਾਂ ਬਾਬਾ ਜੀ ਨੇ ਉਨ੍ਹਾਂ ਨਮਾਜ਼ੀਆਂ ਦੀ ਮਾਨਸਿਕ ਅਵਸਥਾ ਦਸਦੇ ਹੋਏ ਫੁਰਮਾਇਆ ਕਿ ਇਹ ਸਿਜਦਾ ਕਰ ਰਹੇ ਸਨ, ਦੁਆ ਵੀ ਕਰ ਰਹੇ ਸੀ, ਇਨ੍ਹਾਂ ਦੇ ਸਰੀਰ ਮਸਜਿਦ ਵਿਚ ਸਨ ਪਰ ਰੂਹ ਇਨ੍ਹਾਂ ਦੀ ਨਫਸ ਦੇ ਅਧੀਨ ਹੋਈ ਬਹੁਤ ਬੁਰੀਆਂ ਗੱਲਾਂ ਚਿਤਵ ਰਹੀ ਸੀ ਇਸ ਕਰਕੇ ਅਸੀਂ ਇਨ੍ਹਾਂ ਨੂੰ ਧੱਕੇ ਮਾਰਨੇ ਹੀ ਸੀ। ਬਾਦਸ਼ਾਹ ਬਹੁਤ ਸਮਝਦਾਰ ਸੀ ਉਸ ਨੇ ਸਾਰੀ ਗੱਲ ਦੀ ਪੜਤਾਲ ਕੀਤੀ। ਸਚਮੁਚ ਉਨ੍ਹਾਂ ਨਮਾਜ਼ੀਆਂ ਨੇ ਦੱਸਿਆ ਕਿ ਇਨ੍ਹਾਂ ਨੇ ਸਾਡੇ ਮਨ ਦੀ ਅਵਸਥਾ ਨੂੰ ਵੇਖ ਕੇ ਹੀ ਧੱਕੇ ਮਾਰੇ ਸਨ ਕਿਉਂਕਿ ਸਾਡਾ ਮਨ ਬਹੁਤ ਬੁਰੀਆਂ ਉਡਾਰੀਆਂ ਮਾਰ ਰਿਹਾ ਸੀ। ਉਸ ਉਪਰ ਬਾਦਸ਼ਾਹ ਨੇ ਪੁਛਿਆ ਕਿ ਦਰਵੇਸ਼ ਸਾਂਈ! ਤੁਹਾਡਾ ਨਾਮ ਕੀ ਹੈ, ਜੋ ਦੋ ਬੰਦੇ ਆਪ ਦੇ ਨਾਲ ਹਨ ਇਨ੍ਹਾਂ ਦਾ ਵੀ ਪਰੀਚਾ ਦੇਵੋ। ਆਪ ਹਿੰਦੂ ਹੋ, ਮੁਸਲਮਾਨ ਹੋ ਆਪ ਦੀ ਕ੍ਰਿਆ ਤੋਂ ਅੰਦਾਜ਼ਾ ਨਹੀਂ ਲਗ ਸਕਦਾ। ਉਸ ਵੇਲੇ ਆਪ ਨੇ ਸਤਿ ਦੇ ਬਚਨ ਉਚਾਰਨ ਕੀਤੇ ਅਤੇ ਕਿਹਾ ਕਿ ਮੈਂ ਖੁਦਾ ਹਾਂ, ਇਹ ਦੋ ਮੇਰੇ ਯਾਰ ਹਨ - ਇਕ ਮੁਹੰਮਦ ਹੈ, ਦੂਸਰਾ ਰਸੂਲ ਹੈ। ਗੱਲ ਕਿਸੇ ਦੇ ਸਮਝ ਵਿਚ ਨਾ ਆਈ ਅਤੇ ਨਾ ਹੀ ਕੋਈ ਬਾਦਸ਼ਾਹ ਦੀ ਹਾਜ਼ਰੀ ਵਿਚ ਉਨ੍ਹਾਂ ਨੂੰ ਮੰਦਾ ਕਹਿਣ ਲਈ ਤਿਆਰ ਸੀ। ਇਸ ਉਪਰੰਤ ਉਨ੍ਹਾਂ ਦੇ ਕਈ ਇਮਤਿਹਾਨ ਲਏ ਗਏ ਪਰ ਇਹੋ ਪਤਾ ਲੱਗਿਆ ਕਿ ਇਹ ਕੋਈ ਉਚ ਕੋਟੀ ਦਾ ਦਰਵੇਸ਼ ਸਾਂਈ ਹੈ। ਬਾਦਸ਼ਾਹ ਨੇ ਕਿਹਾ ਕਿ ਇਹ ਮੇਰੇ ਰਾਜ ਵਿਚ ਖੁਲ੍ਹਾ ਤੁਰਨ ਫਿਰਨਗੇ, ਕੋਈ ਇਨ੍ਹਾਂ ਨੂੰ ਰੋਕ-ਟੋਕ ਨਹੀਂ। ਚਾਹੇ ਇਹ ਮਸਜਿਦ ਵਿਚ ਰਹਿਣ, ਚਾਹੇ ਤਕੀਏ ਵਿਚ, ਚਾਹੇ ਮੰਦਰ ਵਿਚ, ਚਾਹੇ ਧਰਮਸ਼ਾਲਾ (ਗੁਰਦੁਆਰੇ) ਵਿਚ ਰਹਿਣ ਇਨ੍ਹਾਂ ਨੂੰ ਕੋਈ ਪ੍ਰੇਮੀ ਮੇਰੇ ਰਾਜ ਵਿਚ ਤੰਗ ਨਹੀਂ ਕਰੇਗਾ। ਆਪ ਜੀ ਇਸ ਤਰ੍ਹਾਂ ਨਾਲ ਸਾਰੇ ਅਰਬ ਦੇਸ਼ਾਂ ਵਿਚ ਘੁੰਮਦੇ-ਘੁੰਮਾਉਂਦੇ ਵਾਪਸ ਨੌਰੰਗਾਬਾਦ ਆ ਗਏ। ਉਸ ਸਮੇਂ ਉਥੇ ਮਹਾਰਾਜਾ ਪਟਿਆਲਾ ਨੇ ਆਪਣੇ ਰਾਜ ਮਹਿਲਾਂ ਵਿਚ ਦਰਸ਼ਨ ਦੇਣ ਲਈ ਬੇਨਤੀ ਕੀਤੀ। ਆਪ ਜੀ ਨੇ ਪ੍ਰਵਾਨ ਕਰ ਲਈ। ਕੁਝ ਸਮੇਂ ਪਿਛੋਂ ਆਪ ਜੀ ਰਾਜ ਮਹਿਲਾਂ ਵਿਚ ਪਹੁੰਚ ਗਏ, ਉਨ੍ਹਾਂ ਦਿਨਾਂ ਵਿਚ ਸਾਰੇ ਰਾਜ ਮਹਿਲਾਂ ਉਪਰ ਕਰਮਕਾਂਡੀ ਬ੍ਰਾਹਮਣਾਂ ਦਾ ਪੂਰੀ ਤਰ੍ਹਾਂ ਕਬਜ਼ਾ ਹੋਇਆ ਕਰਦਾ ਸੀ। ਗੁਰਮਤਿ ਦੀ ਥਾਂ ਮਨਮਤਿ ਦਾ ਪ੍ਰਭਾਵ ਜ਼ਿਆਦਾ ਹੋ ਰਿਹਾ ਸੀ। ਥਿਤ ਵਾਰ, ਜੋਤਸ਼ਾਂ

ਨੂੰ ਪੂਰੀ ਤਰ੍ਹਾਂ ਮੰਨਿਆ ਜਾਂਦਾ ਸੀ। ਤੰਤਰ ਵਿਦਿਆ ਵਿਚ ਵਿਸ਼ਵਾਸ਼ ਆਮ ਹੀ ਵਰਤਾਰਾ ਸੀ। ਬਾਬਾ ਜੀ ਦੇ ਸਤਿ ਬਚਨਾਂ ਨਾਲ ਇਹ ਧੁੰਦ ਉਡਣ ਲੱਗੀ। ਬਾਣੀ ਦਾ ਪ੍ਰਕਾਸ਼ ਹੋਣ ਲੱਗਿਆ। ਆਪ ਜੀ ਹਰ ਰੋਜ਼ ਸੁਖਮਨੀ ਸਾਹਿਬ ਦੀ ਕਥਾ ਕਰਿਆ ਕਰਦੇ ਸਨ। ਇਕ ਦਿਨ ਆਪ ਜੀ ਇਸ ਸ਼ਬਦ ਦੀ ਕਥਾ ਕਰਦੇ ਸਨ –

***ਪ੍ਰਭ ਕੀ ਆਗਿਆ ਆਤਮ ਹਿਤਾਵੈ॥ ਜੀਵਨ ਮੁਕਤਿ ਸੋਊ ਕਹਾਵੈ॥***
***ਤੈਸਾ ਹਰਖੁ ਤੈਸਾ ਉਸੁ ਸੋਗੁ॥ ਸਦਾ ਅਨੰਦੁ ਤਹ ਨਹੀ ਬਿਓਗੁ॥***
***ਤੈਸਾ ਸਵਰਨੁ ਤੈਸੀ ਉਸੁ ਮਾਟੀ॥ ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ॥***
***ਤੈਸਾ ਮਾਨੁ ਤੈਸਾ ਅਭਿਮਾਨੁ॥ ਤੈਸਾ ਰੰਕੁ ਤੈਸਾ ਰਾਜਾਨੁ॥***
***ਜੋ ਵਰਤਾਏ ਸਾਈ ਜੁਗਤਿ॥ ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ॥***

***ਪੰਨਾ – 275***

ਕਥਾ ਹੋਣ ਉਪਰੰਤ ਜੋ ਰਾਜ ਪੰਡਤ ਸੀ ਜਿਸ ਦੇ ਮਨ ਵਿਚ ਬਾਬਾ ਜੀ ਦੀ ਹੋਂਦ ਨੂੰ ਵੇਖ ਕੇ ਅਤੇ ਉਨ੍ਹਾਂ ਦੇ ਸਤਿਕਾਰ ਨੂੰ ਵੇਖ ਕੇ ਈਰਖਾ ਦੇ ਭਾਂਬੜ ਮਚ ਰਹੇ ਸਨ, ਉਹ ਸਦਾ ਹੀ ਇਹ ਚਾਹੁੰਦਾ ਸੀ ਕਿ ਮੈਂ ਕਿਸ ਤਰ੍ਹਾਂ ਨਾਲ ਇਨ੍ਹਾਂ ਮਹਾਂਪੁਰਸ਼ਾਂ ਨੂੰ ਰਾਜੇ ਅਤੇ ਸੰਗਤ ਦੀਆਂ ਨਜ਼ਰਾਂ ਵਿਚ ਨੀਚਾ ਦਿਖਾਵਾਂ। ਉਸ ਨੇ ਕਥਾ ਦੇ ਭੋਗ ਉਪਰੰਤ ਮਹਾਰਾਜ ਵਲ ਵੇਖਦਿਆਂ ਆਗਿਆ ਮੰਗੀ ਕਿ ਹਜ਼ੂਰ! ਜੇ ਆਗਿਆ ਹੋਵੇ ਤਾਂ ਮੈਂ ਮਹਾਂਪੁਰਸ਼ਾਂ ਤੋਂ ਇਕ ਸ਼ੰਕੇ ਦੀ ਨਵਿਰਤੀ ਕਰਾ ਲਵਾਂ ਕਿਉਂਕਿ ਉਹ ਗੱਲ ਐਨੀ ਗਲਤ ਹੈ ਜੇ ਇਹ ਸ਼ੰਕਾ ਬਣਿਆ ਰਿਹਾ ਤਾਂ ਗੁਰਬਾਣੀ ਦੇ ਸਿਧਾਂਤ ਨੂੰ ਅਸੀਂ ਸ਼ੱਕ ਦੇ ਨਾਲ ਦੇਖਾਂਗੇ। ਇਨ੍ਹਾਂ ਨੇ ਫੁਰਮਾਇਆ ਹੈ –

***ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ॥*** ***ਪੰਨਾ – 275***

ਹਜ਼ੂਰ ਆਪ ਜਾਣਦੇ ਹੋ ਕਿ ਜ਼ਹਿਰ ਦਾ ਕੰਮ ਹੈ ਆਦਮੀ ਨੂੰ ਮਾਰ ਦੇਣਾ ਅਤੇ ਅੰਮ੍ਰਿਤ ਦਾ ਕੰਮ ਹੈ ਕਿ ਮਰਦੇ-ਮਰਦੇ ਬੰਦੇ ਨੂੰ ਜਿਉਂਦਾ ਕਰ ਦੇਣਾ। ਹੋ ਸਕਦਾ ਹੈ ਗੁਰੂ ਸਾਹਿਬ ਨੇ ਇਹ ਅਤਿਕਥਨੀ ਦੇ ਰੂਪ ਵਿਚ ਕਵਿਤਾ ਦੇ ਬੰਦ ਬਣਾਉਣ ਵਾਸਤੇ ਲਿਖ ਦਿਤੇ ਹੋਣ। ਇਹ ਤਜਰਬੇ ਤੇ ਅਧਾਰਤ ਨਹੀਂ ਹੈ। ਮਹਾਰਾਜਾ ਪਟਿਆਲਾ ਨੇ ਆਗਿਆ ਦੇ ਦਿਤੀ ਕਿ ਅੱਜ ਤਾਂ ਸਮਾਂ ਜ਼ਿਆਦਾ ਹੋ ਗਿਆ ਹੈ ਕਲ੍ਹ ਨੂੰ ਮੈਂ ਫੇਰ ਕਥਾ ਸੁਣਨ ਆਵਾਂਗਾ ਇਸ ਪ੍ਰਸ਼ਨ ਦਾ ਮੇਰੇ ਸਾਮ੍ਹਣੇ ਹੀ ਨਿਰਨਾ ਹੋਵੇਗਾ।

ਦੂਸਰੇ ਦਿਨ ਕਥਾ ਫੇਰ ਹੋਈ, ਰਾਜ ਪੰਡਤ ਖੜ੍ਹਾ ਹੋ ਗਿਆ ਉਸ ਦੇ ਹੱਥ ਵਿਚ ਬਹੁਤ ਤੇਜ਼ ਜ਼ਹਿਰ ਦਾ ਕਟੋਰਾ ਭਰਿਆ ਹੋਇਆ ਸੀ ਤਾਂ ਉਸ ਨੇ ਕਿਹਾ ਕਿ ਜ਼ਹਿਰ ਨੇ ਆਪਣਾ ਕੰਮ ਕਰਨਾ ਹੀ ਹੈ ਉਸ ਨੇ ਨਹੀਂ ਦੇਖਣਾ ਕਿ ਮੈਨੂੰ ਪੀਣ ਵਾਲਾ ਕੋਈ ਮਹਾਂਪੁਰਸ਼ ਹੈ ਜਾਂ ਪਾਪੀ ਹੈ। ਅੱਗ ਦਾ ਸੁਭਾਅ ਭਸਮ ਕਰ ਦੇਣਾ ਹੈ ਉਸ ਨੇ ਨਹੀਂ ਦੇਖਣਾ ਕਿ ਮੈਂ ਮਹਾਂਪੁਰਸ਼ਾਂ ਨੂੰ ਜਾਲ ਰਹੀ ਹਾਂ ਜਾਂ ਪਾਪੀ ਦੇ ਸਰੀਰ ਨੂੰ ਜਾਲ ਰਹੀ ਹਾਂ। ਉਸ ਨੇ ਆਪਣਾ ਸੁਭਾਅ ਨਹੀਂ ਬਦਲਣਾ, ਗੁਰੂ ਸਾਹਿਬ ਦਾ ਇਹ ਕਹਿ ਦੇਣਾ ਅੰਮ੍ਰਿਤ ਤੇ ਬਿਖ ਇਕ ਹਨ, ਜੀਵਨ ਮੁਕਤ ਪੁਰਸ਼ ਲਈ। ਇਹ ਕੋਈ ਅਲੰਕਾਰਕ ਗੱਲ ਤਾਂ ਹੋ ਸਕਦੀ ਹੈ ਪਰ ਪ੍ਰਤੱਖ ਨਿਰਨੇ ਤੇ ਅਧਾਰਤ ਨਹੀਂ ਹੋ ਸਕਦੀ। ਸੰਤ ਜੀ ਨੇ ਆਪਣੀ

ਕਥਾ ਵਿਚ ਇਹ ਗੱਲ ਕਹੀ ਸੀ ਕਿ ਜੀਵਨ ਮੁਕਤ ਪੁਰਸ਼ ਨੂੰ ਹਰਖ ਤੇ ਸੋਗ, ਮੇਲ ਤੇ ਵਿਛੋੜਾ, ਸੋਨਾ ਤੇ ਮਿੱਟੀ, ਅੰਮ੍ਰਿਤ ਤੇ ਜ਼ਹਿਰ, ਮਾਨ ਤੇ ਅਪਮਾਨ, ਰੰਕ ਤੇ ਰਾਜਾ ਇਕੋ ਹੀ ਨਜ਼ਰ ਆਇਆ ਕਰਦੇ ਹਨ। ਪਰ ਹਜ਼ੂਰ! ਜ਼ਹਿਰ ਤਾਂ ਜ਼ਹਿਰ ਹੀ ਹੈ ਹੋਰ ਗੱਲਾਂ ਹੋ ਸਕਦੀਆਂ ਹਨ ਪਰ ਜ਼ਹਿਰ ਦਾ ਤਾਂ ਸਰੀਰ ਉਪਰ ਪ੍ਰਤੱਖ ਅਸਰ ਹੋਣਾ ਹੀ ਹੈ। ਜੇ ਜ਼ਹਿਰ ਅੰਮ੍ਰਿਤ ਵਰਗਾ ਹੀ ਹੁੰਦਾ ਹੈ ਅਤੇ ਮਹਾਂਪੁਰਸ਼ ਇਸ ਗੱਲ ਤੇ ਨਿਸ਼ਚਾ ਰਖਦੇ ਹਨ ਤਾਂ ਇਹ ਮਹਾਂਪੁਰਸ਼ ਜ਼ਹਿਰ ਦਾ ਪਿਆਲਾ ਪੀ ਕੇ ਅਸਾਡਾ ਸ਼ੰਕਾ ਦੂਰ ਕਰਨ। ਉਸ ਵੇਲੇ ਮਹਾਂਪੁਰਸ਼ਾਂ ਨੇ ਇਸ ਰਾਜ ਪੰਡਤ ਦੀ ਮੂੜ੍ਹਤਾ ਨੂੰ ਵਿਚਾਰਦਿਆਂ ਹੋਇਆਂ ਫੁਰਮਾਨ ਕੀਤਾ ਕਿ ਭਾਈ! ਸੰਗਤ ਵਿਚ ਬੇਅੰਤ ਜੀਵਨ ਮੁਕਤ ਪੁਰਸ਼ ਬੈਠੇ ਹੋਇਆ ਕਰਦੇ ਹਨ। ਚਲੋ ਕਿਸੇ ਦਾ ਛੁਪਿਆ ਭੇਤ ਕਿਉਂ ਜ਼ਾਹਰ ਕਰਨਾ ਹੈ, ਇਸਦਾ ਨਿਰਣਾ ਅਸੀਂ ਆਪਣੇ ਸਰੀਰ ਉਪਰ ਹੀ ਕਰਕੇ ਦਿਖਾ ਦਿੰਦੇ ਹਾਂ। ਬਾਬਾ ਜੀ ਨੇ ਉਹ ਪਿਆਲਾ ਗਟਾ-ਗਟ ਪੀ ਲਿਆ ਤੇ ਹੱਥ ਸਾਫ ਕਰਕੇ ਅਗਲੀ ਪਉੜੀ ਦੀ ਵਿਆਖਿਆ ਸ਼ੁਰੂ ਕੀਤੀ -

***ਪਾਰਬ੍ਰਹਮ ਕੇ ਸਗਲੇ ਠਾਉ॥ ਜਿਤੁ ਜਿਤੁ ਘਰਿ ਰਾਖੈ ਤੈਸਾ ਤਿਨ ਨਾਉ॥***
***ਆਪੇ ਕਰਨ ਕਰਾਵਨ ਜੋਗੁ॥ ਪ੍ਰਭ ਭਾਵੈ ਸੋਈ ਫੁਨਿ ਹੋਗੁ॥***
***ਪਸਰਿਓ ਆਪਿ ਹੋਇ ਅਨਤ ਤਰੰਗ॥ ਲਖੇ ਨ ਜਾਹਿ ਪਾਰਬ੍ਰਹਮ ਕੇ ਰੰਗ॥***
***ਜੈਸੀ ਮਤਿ ਦੇਇ ਤੈਸਾ ਪਰਗਾਸ॥ ਪਾਰਬ੍ਰਹਮੁ ਕਰਤਾ ਅਬਿਨਾਸ॥***
***ਪੰਨਾ - 275***

ਆਪ ਕਥਾ ਕਰਦੇ ਗਏ। ਰਾਜ ਪੰਡਤ ਉਨ੍ਹਾਂ ਦੇ ਚਿਹਰੇ ਵਲ ਦੇਖਦਾ ਰਿਹਾ। ਆਪ ਦਾ ਨਾ ਬੋਲ ਹੀ ਫਟਿਆ ਅਤੇ ਨਾ ਹੀ ਕੋਈ ਐਸੀ ਨਿਸ਼ਾਨੀ ਪ੍ਰਗਟ ਹੋਈ ਕਿ ਜਿਸ ਨਾਲ ਕਿ ਪਤਾ ਲੱਗੇ ਹੁਣ ਜ਼ਹਿਰ ਦਾ ਅਸਰ ਸਰੀਰ ਉਪਰ ਹੋਣਾ ਸ਼ੁਰੂ ਹੋ ਗਿਆ ਹੈ। ਅਗਲੇ ਦਿਨ ਫੇਰ ਮਹਾਂਪੁਰਸ਼ ਆਏ ਉਨ੍ਹਾਂ ਨੇ ਮਹਾਰਾਜੇ ਅਤੇ ਸੰਗਤ ਦੀ ਹਾਜ਼ਰੀ ਵਿਚ ਦੱਸਿਆ ਕਿ ਰਾਜ ਪੰਡਤ ਜੀ! ਤੁਸੀਂ ਕੋਰੇ ਪੰਡਤ ਹੋਂ ਅਤੇ ਤੁਹਾਨੂੰ ਪੰਡਤ ਦੀ ਉਪਾਧੀ ਪੰਡਤ ਦੇ ਘਰ ਪੈਦਾ ਹੋਣ ਕਰਕੇ ਪ੍ਰਾਪਤ ਹੋਈ ਹੈ ਪਰ ਤੁਸੀਂ ਅਸਲੀ ਪੰਡਤ ਨਹੀਂ ਹੋਂ, ਤੁਹਾਨੂੰ ਆਤਮਕ ਸੂਝ ਨਾ ਹੋਣ ਕਰਕੇ ਅਜਿਹੇ ਸ਼ੰਕੇ ਉਠਦੇ ਹਨ। ਵੇਦ ਪੜ੍ਹਨ ਦੇ ਨਾਲ ਮਨ ਦਾ ਹਨ੍ਹੇਰਾ ਦੂਰ ਨਹੀਂ ਹੋਇਆ ਕਰਦਾ। ਤੁਸੀਂ ਮਾਇਆ ਦੇ ਵਪਾਰੀ ਹੋਂ ਤੁਸੀਂ ਤ੍ਰਿਸ਼ਨਾ ਦੀ ਭੁੱਖ ਵਿਚ ਭੁੱਖੇ ਰਹਿ ਕੇ ਗਵਾਰਾਂ ਵਾਂਗ ਆਪਣਾ ਜੀਵਨ ਬਰਬਾਦ ਕਰ ਰਹੇ ਹੋਂ। ਚਾਹੇ ਤੁਸੀਂ ਚਾਰੇ ਵੇਦ ਪੜ੍ਹੀ ਜਾਓ ਅਤੇ ਉਸ ਦੇ ਟੀਕੇ ਕਰੀ ਜਾਓ ਪਰ ਤਾਂ ਵੀ ਤਿੰਨਾਂ ਗੁਣਾਂ ਦੀ ਲੱਗੀ ਮੈਲ ਦੂਰ ਨਹੀਂ ਹੋ ਸਕਦੀ। ਤੁਸੀਂ ਦ੍ਵੈਤ ਵਿਚ ਭੁੱਲੇ ਹੋਏ ਹੋ। ਪੰਡਤ ਜੀ ਬਚਨ ਸੁਣ ਕੇ ਲੋਹੇ ਲਾਖੇ ਹੋ ਗਏ। ਅੱਜ ਪਹਿਲੀ ਵਾਰੀ ਸੁਣਿਆ ਸੀ ਕਿ ਕਿਸੇ ਨੇ ਰਾਜ ਪੰਡਤ ਦੀ ਅਵਸਥਾ ਤੋਂ ਪੜਦਾ ਚੁਕਿਆ ਹੋਵੇ। ਮਹਾਂਪੁਰਸ਼ਾਂ ਨੇ ਕਿਹਾ ਕਿ ਰਾਜ ਪੰਡਤ ਜੀ! ਕ੍ਰੋਧ ਛੱਡੋ ਅਤੇ ਤੁਸੀਂ ਆਪਣੇ ਮਨ ਦੀ ਖੋਜ ਕਰੋ। ਜਿਸ ਤਰ੍ਹਾਂ ਕਿ ਮੇਰੇ ਸਤਿਗੁਰੂ ਜੀ ਨੇ ਫੁਰਮਾਇਆ ਹੈ -

***ਮੁਖ ਤੇ ਪੜਤਾ ਟੀਕਾ ਸਹਿਤ॥ ਹਿਰਦੈ ਰਾਮੁ ਨਹੀ ਪੂਰਨ ਰਹਤ॥***
***ਉਪਦੇਸੁ ਕਰੇ ਕਰਿ ਲੋਕ ਦ੍ਰਿੜਾਵੈ॥ ਅਪਨਾ ਕਹਿਆ ਆਪਿ ਨ ਕਮਾਵੈ॥***
***ਪੰਡਿਤ ਬੇਦੁ ਬੀਚਾਰਿ ਪੰਡਿਤ॥ ਮਨ ਕਾ ਕ੍ਰੋਧੁ ਨਿਵਾਰਿ ਪੰਡਿਤ॥***

***ਆਗੈ ਰਾਖਿਓ ਸਾਲਗਿਰਾਮੁ॥ ਮਨੁ ਕੀਨੋ ਦਹਦਿਸ ਬਿਸ੍ਰਾਮੁ॥***
***ਤਿਲਕੁ ਚਰਾਵੈ ਪਾਈ ਪਾਇ॥ ਲੋਕ ਪਚਾਰਾ ਅੰਧੁ ਕਮਾਇ॥***
***ਖਟੁ ਕਰਮਾ ਅਰੁ ਆਸਣੁ ਧੋਤੀ॥ ਭਾਗਠਿ ਗ੍ਰਿਹਿ ਪੜੈ ਨਿਤ ਪੋਥੀ॥***
***ਮਾਲਾ ਫੇਰੈ ਮੰਗੈ ਬਿਭੂਤ॥ ਇਹ ਬਿਧਿ ਕੋਈ ਨ ਤਰਿਓ ਮੀਤ॥***
***ਪੰਨਾ - 887***

***ਪੰਡਿਤ ਮੈਲੁ ਨ ਚੁਕਈ ਜੇ ਵੇਦ ਪੜੈ ਜੁਗ ਚਾਰਿ॥***
***ਤ੍ਰੈ ਗੁਣ ਮਾਇਆ ਮੂਲੁ ਹੈ ਵਿਚਿ ਹਉਮੈ ਨਾਮੁ ਵਿਸਾਰਿ॥***
***ਪੰਡਿਤ ਭੂਲੇ ਦੂਜੈ ਲਾਗੇ ਮਾਇਆ ਕੈ ਵਾਪਾਰਿ॥***
***ਅੰਤਰਿ ਤ੍ਰਿਸਨਾ ਭੁਖ ਹੈ ਮੂਰਖ ਭੁਖਿਆ ਮੁਏ ਗਵਾਰ॥***
***ਸਤਿਗੁਰਿ ਸੇਵਿਐ ਸੁਖੁ ਪਾਇਆ ਸਚੈ ਸਬਦਿ ਵੀਚਾਰਿ॥***
***ਅੰਦਰਹੁ ਤ੍ਰਿਸਨਾ ਭੁਖ ਗਈ ਸਚੈ ਨਾਇ ਪਿਆਰਿ॥***
***ਨਾਨਕ ਨਾਮਿ ਰਤੇ ਸਹਜੇ ਰਜੇ ਜਿਨਾ ਹਰਿ ਰਖਿਆ ਉਰਿ ਧਾਰਿ॥***
***ਪੰਨਾ - 647***

ਅਸੀਂ ਤਾਂ ਪੰਡਤ ਉਸ ਨੂੰ ਕਹਿੰਦੇ ਹਾਂ ਜੋ ਵਿਚਾਰ ਸੰਯੁਕਤ ਹੋਵੇ, ਜਿਸ ਦੇ ਅੰਦਰ ਇਹ ਪੂਰੀ ਤਰ੍ਹਾਂ ਨਾਲ ਦ੍ਰਿੜ੍ਹ ਹੋਵੇ ਕਿ -

***ਨਿਰਗੁਣੁ ਸਰਗੁਣੁ ਆਪੇ ਸੋਈ॥***
***ਤਤੁ ਪਛਾਣੈ ਸੋ ਪੰਡਿਤੁ ਹੋਈ॥ ਪੰਨਾ - 128***

ਅਤੇ ਪੰਡਤ ਜੀ ਤੁਸੀਂ ਤਾਂ ਉਨ੍ਹਾਂ ਪੰਡਤਾਂ ਵਿਚੋਂ ਹੋ ਜਿਹੜੇ ਵਿਦਿਆ ਪੜ੍ਹ-ਪੜ੍ਹ ਕੇ ਉਚਾ ਕੂਕਦੇ ਹਨ। ਬ੍ਰਹਮ ਦੀ ਵਿਚਾਰ ਦੇ ਭੇਤ ਸੰਸਾਰ ਨੂੰ ਦਸਦੇ ਹਨ ਅਤੇ ਆਪ ਨਾ ਹੀ ਆਪਣੇ ਆਪੇ ਨੂੰ ਚੀਨਦੇ ਹਨ ਅਤੇ ਮਾਇਆ ਵਿਚ ਗੁਲਤਾਨ ਹਨ। ਉਨ੍ਹਾਂ ਨੂੰ ਕੀ ਆਖਿਆ ਜਾਵੇ? ਮਹਾਰਾਜ ਜੀ ਫੁਰਮਾਨ ਕਰਦੇ ਹਨ -

***ਪੰਡਿਤੁ ਪੜਿ ਪੜਿ ਉਚਾ ਕੂਕਦਾ ਮਾਇਆ ਮੋਹਿ ਪਿਆਰੁ॥***
***ਅੰਤਰਿ ਬ੍ਰਹਮੁ ਨ ਚੀਨਈ ਮਨਿ ਮੂਰਖੁ ਗਾਵਾਰੁ॥***
***ਦੂਜੈ ਭਾਇ ਜਗਤੁ ਪਰਬੋਧਦਾ ਨਾ ਬੂਝੈ ਬੀਚਾਰੁ॥***
***ਬਿਰਥਾ ਜਨਮੁ ਗਵਾਇਆ ਮਰਿ ਜੰਮੈ ਵਾਰੋ ਵਾਰ॥ ਪੰਨਾ - 86***

ਜਿਹੜਾ ਪੰਡਤ ਗੁਰ ਸ਼ਬਦ ਦੀ ਕਮਾਈ ਕਰਦਾ ਹੈ ਉਸ ਉਪਰੋਂ ਤ੍ਰਿਗੁਣੀ ਮਾਇਆ ਉਤਰ ਜਾਇਆ ਕਰਦੀ ਹੈ -

***ਸੋ ਪੰਡਿਤੁ ਗੁਰ ਸਬਦੁ ਕਮਾਇ॥***
***ਤ੍ਰੈ ਗੁਣ ਕੀ ਓਸੁ ਉਤਰੀ ਮਾਇ॥ ਪੰਨਾ - 888***

ਸੋ ਪੰਡਤ ਉਹ ਹੈ -

***ਸੋ ਪੰਡਿਤੁ ਜੋ ਮਨੁ ਪਰਬੋਧੈ॥ ਰਾਮਨਾਮੁ ਆਤਮ ਮਹਿ ਸੋਧੈ॥***
***ਰਾਮਨਾਮ ਸਾਰੁ ਰਸੁ ਪੀਵੈ॥ ਉਸੁ ਪੰਡਿਤੁ ਕੈ ਉਪਦੇਸਿ ਜਗੁ ਜੀਵੈ॥***
***ਹਰਿ ਕੀ ਕਥਾ ਹਿਰਦੈ ਬਸਾਵੈ॥ ਸੋ ਪੰਡਿਤੁ ਫਿਰਿ ਜੋਨਿ ਨ ਆਵੈ॥***
***ਬੇਦ ਪੁਰਾਨ ਸਿਮ੍ਰਿਤਿ ਬੂਝੈ ਮੂਲ॥ ਸੂਖਮ ਮਹਿ ਜਾਨੈ ਅਸਥੂਲੁ॥***

***ਚਹੁ ਵਰਨਾ ਕਉ ਦੇ ਉਪਦੇਸੁ॥ ਨਾਨਕ ਉਸੁ ਪੰਡਿਤ ਕਉ ਸਦਾ ਅਦੇਸੁ॥***
***ਪੰਨਾ – 274***

ਸੋ ਜਿਸ ਦੇ ਹਰ ਵਕਤ ਪ੍ਰਭੂ ਹਿਰਦੇ ਵਿਚ ਸਮਾਇਆ ਰਹਿੰਦਾ ਹੈ ਅਤੇ ਜਿਸ ਨੇ ਅਗਿਆਨ ਦਾ ਹਨ੍ਹੇਰਾ ਦੂਰ ਕਰਕੇ ਗਿਆਨ ਦੇ ਪ੍ਰਕਾਸ਼ ਵਿਚ ਵਾਸਾ ਕਰ ਲਿਆ ਹੈ ਉਸ ਨੂੰ ਗੁਰੂ ਸਾਹਿਬ ਪੰਡਤ ਦੀ ਉਪਾਧੀ ਦਿੰਦੇ ਹਨ-

***ਙੰਙੈ ਙਿਆਨੁ ਬੂਝੈ ਜੇ ਕੋਈ ਪੜਿਆ ਪੰਡਿਤੁ ਸੋਈ॥***
***ਸਰਬ ਜੀਆ ਮਹਿ ਏਕੋ ਜਾਣੈ ਤਾ ਹਉਮੈ ਕਹੈ ਨ ਕੋਈ॥***
***ਪੰਨਾ – 432***

ਇਸ ਤਰ੍ਹਾਂ ਮਹਾਂਪੁਰਸ਼ਾਂ ਦੀ ਦ੍ਰਿਸ਼ਟੀ ਪ੍ਰਤੱਖ ਰੂਪ ਵਿਚ ਹੋਇਆ ਕਰਦੀ ਹੈ ਅਤੇ ਜੋ ਕੁਝ ਉਹ ਬਚਨ ਕਰਦੇ ਹਨ ਉਹ ਆਪਣੇ ਉਪਰ ਕਮਾਏ ਹੋਏ ਹੋਇਆ ਕਰਦੇ ਹਨ।

ਸੋ ਅੰਤ ਵਿਚ ਮੈਂ ਬੇਨਤੀ ਕਰਦਾ ਸੀ ਕਿ ਜਦੋਂ ਮਹਾਂਪੁਰਸ਼ ਨਾਮ ਵਿਚ ਲੀਨ ਹੋ ਜਾਂਦੇ ਹਨ ਤਾਂ ਉਨ੍ਹਾਂ ਦੀ ਹੋਂਦ ਸਦੀਵੀ ਤੌਰ ਤੇ ਖਤਮ ਹੋ ਕੇ ਪ੍ਰਭੂ ਰੂਪ ਹੋ ਜਾਇਆ ਕਰਦੀ ਹੈ। ਉਹ ਪ੍ਰਭੂ ਹੀ ਹੋਇਆ ਕਰਦੇ ਹਨ ਜਿਸ ਤਰ੍ਹਾਂ ਕਿ ਫੁਰਮਾਨ ਹੈ –

***ਜਿਨਾ ਨ ਵਿਸਰੈ ਨਾਮੁ ਸੇ ਕਿਨੇਹਿਆ॥***
***ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ॥*** ***ਪੰਨਾ – 397***

ਸੰਤ ਮਹਾਰਾਜ ਜੀ ਰਾੜੇ ਵਾਲਿਆਂ ਨੇ ਇਹ ਬਚਨ ਸੁਣਾਉਂਦਿਆਂ ਹੋਇਆਂ ਫੁਰਮਾਨ ਕੀਤਾ ਕਿ ਸੰਤਾਂ ਦੀ ਗਤੀ ਜਾਂ ਤਾਂ ਸੰਤ ਜਾਣਦੇ ਹਨ ਜਾਂ ਪਾਰਬ੍ਰਹਮ ਪ੍ਰਮੇਸ਼ਰ ਜਾਣਦਾ ਹੈ। ਲਿਖਾਰੀਆਂ, ਚਿੰਤਕਾਂ ਦੇ ਵਸ ਦੀ ਗੱਲ ਨਹੀਂ ਹੋਇਆ ਕਰਦੀ ਕਿ ਉਹ ਅਨੁਭਵ ਦੀ ਪ੍ਰਾਪਤੀ ਤੋਂ ਹੀਣੇ ਰਹਿ ਕੇ ਮਹਾਂਪੁਰਸ਼ਾਂ ਦੇ ਜੀਵਨ ਲਿਖਣ ਅਤੇ ਇਨ੍ਹਾਂ ਲਿਖਾਰੀਆਂ ਨੇ ਅੰਦਰ ਦੀ ਖੋਜ ਨਹੀਂ ਕੀਤੀ ਹੁੰਦੀ। ਇਸ ਕਰਕੇ ਇਨ੍ਹਾਂ ਨੂੰ ਪਤਾ ਨਹੀਂ ਹੁੰਦਾ ਕਿ ਨਾਮ ਸ਼ਕਤੀ ਕਿਸ ਤਰ੍ਹਾਂ ਸੰਸਾਰ ਵਿਚ ਕ੍ਰਿਆ ਕਰਦੀ ਹੈ। ਨਾਮ ਸ਼ਕਤੀ (energy) ਨੇ ਸਾਰੇ ਖੰਡ ਬ੍ਰਹਿਮੰਡ ਧਾਰਨ ਕੀਤੇ ਹੋਏ ਹਨ ਅਤੇ ਉਨ੍ਹਾਂ ਨੂੰ ਪੂਰੀ ਮਰਿਆਦਾ ਵਿਚ ਰੱਖਿਆ ਹੈ, ਇਸ ਨਾਮ ਸ਼ਕਤੀ ਤੋਂ ਹੀ ਸਭ ਰੂਪਮਾਨ ਹੋਏ ਹਨ। ਇਸੇ ਨਾਮ ਸ਼ਕਤੀ ਦੇ ਬਲ ਨਾਲ ਹੀ 'ਕੋਹ ਕਰੋੜੀ ਚਲਤ ਨ ਅੰਤ' ਦੇ ਹੁਕਮ ਦੀ ਡੋਰ ਨੂੰ ਤੋੜ ਨਹੀਂ ਸਕਦੇ। ਜਦੋਂ ਸੰਤ ਮਹਾਰਾਜ ਜੀ ਨੂੰ ਫੇਰ ਬੇਨਤੀ ਕੀਤੀ ਗਈ ਕਿ ਪਾਤਸ਼ਾਹ! ਅਸੀਂ ਮੂੜ੍ਹ ਲੋਕ ਆਪ ਦੀ ਮਹਿਮਾ ਬਾਰੇ ਨਹੀਂ ਜਾਣਦੇ ਪਰ ਸਾਡੇ ਮਨ ਵਿਚ ਬੜਾ ਚਾਓ ਹੈ ਕਿ ਅਸੀਂ ਵੀ ਆਪ ਦੀ ਸੰਗਤ ਕਰਕੇ ਨਾਮ ਜਪੀਏ ਅਤੇ ਉਨ੍ਹਾਂ ਅਵਸਥਾਵਾਂ ਬਾਰੇ ਕੁਝ ਪ੍ਰਤੱਖ ਰੂਪ ਵਿਚ ਜਾਣੀਏ ਜਿਸ ਦਾ ਵਰਣਨ ਆਪ ਆਪਣੇ ਪ੍ਰਵਚਨਾਂ ਵਿਚ ਕਰਦੇ ਹੀ ਰਹਿੰਦੇ ਹੋ। ਮਹਾਂਪੁਰਸ਼ਾਂ ਨੇ ਸਮਾਂ ਵਿਚਾਰਿਆ ਅਤੇ ਅਸਾਡੀ ਗਿਆਤ ਲਈ ਕੁਝ ਬਚਨ ਕਰਨੇ ਅਰੰਭੇ, ਜੋ ਅੰਦਰਲੀਆਂ ਅਵਸਥਾਵਾਂ ਨਾਲ ਸਬੰਧ ਰਖਦੇ ਸਨ। ਆਪ ਜੀ ਆਪਣੇ ਬਾਰੇ ਬਹੁਤ ਘੱਟ ਦਸਦੇ ਸਨ ਪਰ ਜਦੋਂ ਕੋਈ ਅਤਿ ਉਚਾ ਅਧਿਕਾਰੀ ਮਿਲ ਜਾਂਦਾ ਸੀ ਤਾਂ ਉਸ ਦੇ ਅਧਿਕਾਰ ਨੂੰ ਦੇਖਦਿਆਂ ਹੋਇਆਂ ਉਸ ਦੀ ਲਗਨ ਨੂੰ ਹੋਰ ਦ੍ਰਿੜ ਕਰਾਂਦਿਆਂ ਹੋਇਆਂ ਉਹ ਆਪਣੇ

ਡੂੰਘੇ ਰੂਹਾਨੀ ਭੇਤਾਂ ਉਪਰੋਂ ਥੋੜ੍ਹਾ ਪਰਦਾ ਚੁਕ ਦਿਆ ਕਰਦੇ ਸਨ। ਆਪ ਜੀ ਨੇ ਮੈਨੂੰ ਦੱਸਿਆ ਕਿ ਅਸਾਡੇ ਅੰਦਰ ਮਹਾਂਪੁਰਸ਼ਾਂ ਦੇ ਸਰੀਰਕ ਵਿਛੋੜੇ ਹੋਣ ਨਾਲ ਬੈਰਾਗ ਦਾ ਅਤਿ ਪ੍ਰਵਾਹ ਚਲ ਪਿਆ ਅਤੇ ਸਚਮੁਚ ਹੀ ਐਸੀ ਅਵਸਥਾ ਪ੍ਰਤੀਤ ਦੇਣ ਲੱਗੀ –

***ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ॥***
***ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ॥*** ***ਪੰਨਾ – 83***

ਉਨ੍ਹਾਂ ਸਮਿਆਂ ਵਿਚ ਅਸਾਨੂੰ ਪ੍ਰਵਿਰਤੀ ਨਾਲ ਬਿਲਕੁਲ ਹੀ ਲਗਾਓ ਨਹੀਂ ਸੀ। ਅਸੀਂ ਚਾਹੁੰਦੇ ਸਾਂ ਕੋਈ ਐਸਾ ਥਾਂ ਮਿਲ ਜਾਵੇ ਜਿਥੇ ਇਕ ਮਨ, ਇਕ ਚਿਤ ਹੋ ਕੇ ਪ੍ਰਭੂ ਨਾਲ ਜੁੜਿਆ ਜਾਵੇ। ਪ੍ਰਸ਼ਾਦੇ ਛਕਣ ਛਕਾਉਣ ਦੀ ਕੋਈ ਕਲਪਨਾ ਨਾ ਰਹੇ ਅਤੇ ਇਕ ਰੰਗ ਦੇ ਵਿਚ ਰਹਿ ਕੇ ਸਮਾਂ ਬਤੀਤ ਕਰੀਏ। ਇਹ ਰਾੜੇ ਸਾਹਿਬ ਦੀ ਢੱਕੀ ਇਕ ਅਜਿਹੀ ਥਾਂ ਉਪਰ ਸਥਿਤ ਹੈ ਜਿਥੇ ਆਉਣ ਜਾਣ ਵਾਲੇ ਬਹੁਤ ਘੱਟ ਨਜ਼ਰੀ ਪੈਂਦੇ ਸਨ ਕਿਉਂਕਿ ਇਕ ਤਾਂ ਇਸ ਦੇ ਨੇੜੇ-ਤੇੜੇ ਤਿੰਨ ਰਾਜ ਇਕ ਅੰਗਰੇਜ਼ੀ ਰਾਜ, ਦੂਜਾ ਪਟਿਆਲੇ ਦਾ ਰਾਜ, ਤੀਜਾ ਮਲੇਰਕੋਟਲੇ ਦਾ ਰਾਜ ਮਿਲਦੇ ਹਨ, ਅਜਿਹੇ ਥਾਵਾਂ ਤੇ ਸਰਕਾਰੀ ਭਗੌੜੇ, ਡਾਕੂ ਆਦਿ ਨਿਵਾਸ ਰਖਿਆ ਕਰਦੇ ਹਨ ਕਿਉਂਕਿ ਉਹ ਇਕ ਰਾਜ ਨੂੰ ਛੱਡ ਕੇ ਦੂਸਰੇ ਵਿਚ ਸਹਿਜੇ ਹੀ ਜਾ ਸਕਦੇ ਹਨ। ਇਹ ਗੱਲ ਲੋਕਾਂ ਵਿਚ ਆਮ ਹੀ ਪ੍ਰਚਲਤ ਸੀ ਅਤੇ ਇਸ ਢੱਕੀ ਵਿਚ ਕੋਈ ਆਉਂਦਾ ਨਹੀਂ ਸੀ। ਦੂਸਰਾ ਲੋਕਾਂ ਦਾ ਆਮ ਸੁਭਾਅ ਹੈ ਕਿ ਸੁੰਨੇ ਥਾਂ ਤੋਂ ਬਹੁਤ ਡਰਦੇ ਹਨ ਦਿਨੇ ਲੰਘ ਜਾਣ ਤਾਂ ਲੰਘ ਜਾਣ ਪਰ ਰਾਤ ਨੂੰ ਕੋਈ ਨਹੀਂ ਆਉਂਦਾ ਸੀ। ਇਕ ਤਾਂ ਉਨ੍ਹਾਂ ਉਪਰ ਚੋਰਾਂ, ਡਾਕੂਆਂ, ਸਰਕਾਰੀ ਭਗੌੜਿਆਂ ਦਾ ਡਰ ਹੁੰਦਾ ਹੈ ਦੂਜਾ ਅਵਿਅਕਤ ਜੂਨਾਂ ਭੂਤਾਂ, ਪ੍ਰੇਤਾਂ ਤੋਂ ਵੀ ਡਰਦੇ ਹਨ। ਇਸ ਕਰਕੇ ਇਹ ਥਾਂ ਕੁਦਰਤੀ ਤੌਰ ਤੇ ਇਕਾਂਤ ਹੋਣ ਕਰਕੇ, ਦੂਸਰਾ ਇਸ ਢੱਕੀ ਵਿਚ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਚਰਨ ਪੈਣ ਕਰਕੇ ਇਥੇ ਇਕਾਂਤ ਭਰੀ ਮਹਾਂ ਪਵਿਤ ਸੀ ਮੱਲੋ-ਮਲੀ ਚਿੱਤ ਨਾਮ ਦੇ ਹੁਲਾਰੇ ਲੈਣ ਲੱਗ ਜਾਇਆ ਕਰਦਾ ਸੀ। ਮਹਾਂਪੁਰਸ਼ਾਂ ਦਾ ਵਿਛੋੜਾ ਹੋ ਗਿਆ ਉਨ੍ਹਾਂ ਦੇ ਸਰੀਰ ਨਾਲ ਅਤਿ ਦਾ ਪਿਆਰ ਸੀ ਭਾਵੇਂ ਉਨ੍ਹਾਂ ਨੇ ਸਰੀਰ ਵਿਚ ਹੁੰਦਿਆਂ ਸਾਨੂੰ ਇਹ ਦ੍ਰਿੜ੍ਹ ਕਰਾ ਦਿਤਾ ਸੀ ਕਿ ਮਹਾਂਪੁਰਸ਼ ਪ੍ਰਭੂ ਦਾ ਰੂਪ ਹੀ ਹੋਇਆ ਕਰਦੇ ਹਨ ਜਿਵੇਂ ਕਿ –

***ਸੰਤ ਅਨੰਤਹਿ ਅੰਤਰੁ ਨਾਹੀ॥*** ***ਪੰਨਾ – 486***

ਸਰੀਰ ਵਿਛੜ ਜਾਣ ਤੇ ਸਰੀਰ ਦਾ ਮੋਹ ਨਹੀਂ ਕਰਨਾ ਪਰ ਪ੍ਰਤੱਖ ਰੂਪ ਵਿਚ ਇਹ ਬਚਨ ਕਮਾਉਣਾ ਬਹੁਤ ਹੀ ਕਠਨ ਹੁੰਦਾ ਹੈ। ਗੁਰੂ ਨਾਨਕ ਪਾਤਸ਼ਾਹ ਜੀ ਦੇ ਸਰੀਰਕ ਵਿਛੋੜਾ ਦੇਣ ਉਪਰੰਤ ਗੁਰੂ ਅੰਗਦ ਸਾਹਿਬ ਜੀ ਮਹਾਰਾਜ ਇਕ ਕਮਰਾ ਬੰਦ ਕਰਕੇ ਗੁਪਤ ਹੋ ਕੇ ਬੈਠ ਗਏ। ਜਦੋਂ ਕਈ ਮਹੀਨਿਆਂ ਉਪਰੰਤ ਬਾਬਾ ਬੁੱਢਾ ਜੀ ਨੇ ਆਦਿ ਗੁਰਸਿਖਾਂ ਨੇ ਗੁਰੂ ਲੱਭਿਆ ਅਤੇ ਦਰਵਾਜ਼ੇ ਦੇ ਮੂਹਰੇ ਕੀਤੀ ਹੋਈ ਦੀਵਾਰ ਤੋੜ ਕੇ ਨਮਸ਼ਕਾਰ ਕੀਤੀ ਤਾਂ ਉਨ੍ਹਾਂ ਦਾ ਜੋ ਪਹਿਲਾ ਬਚਨ ਉਚਾਰਨ ਹੋਇਆ ਉਹ ਜਗਿਆਸੂਆਂ ਦੇ ਮਨ ਵਿਚ

ਵੇਦਨਾਂ ਦੀ ਹੂਕ ਅਤੇ ਬਿਰਹੁ ਦੀ ਪੀੜ ਭਰ ਦਿੰਦਾ ਹੈ ਜਿਵੇਂ ਕਿ -

***ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ॥***
***ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ॥ ਪੰਨਾ - 83***

ਐਸੀ ਹੀ ਬਿਰਹੁ ਦੀ ਪੀੜਾ ਅਸਾਡੇ ਅੰਦਰ ਦਿਨ ਰਾਤ ਸਾਖਸ਼ਾਤਕਾਰ ਰਹਿੰਦੀ ਸੀ ਭਾਵੇਂ ਅੰਦਰੋਂ ਅਸੀਂ ਜਾਣਦੇ ਹਾਂ ਕਿ ਮਹਾਂਪੁਰਸ਼ ਆਪ ਹੀ ਪ੍ਰਮੇਸ਼ਰ ਰੂਪ ਹੋਇਆ ਕਰਦੇ ਹਨ ਉਹ ਨਾ ਕਿਤੋਂ ਆਉਂਦੇ ਹਨ, ਨਾ ਕਿਤੇ ਜਾਂਦੇ ਹਨ; ਉਨ੍ਹਾਂ ਦਾ ਨਾ ਜਨਮ ਹੁੰਦਾ ਹੈ, ਨਾ ਮਰਨ ਹੁੰਦਾ ਹੈ। ਉਹ ਤਾਂ ਭੁੱਲੀਆਂ ਭਟਕੀਆਂ ਰੂਹਾਂ ਨੂੰ ਪ੍ਰਭੂ ਨਾਲ ਜੋੜਨ ਆਇਆ ਕਰਦੇ ਹਨ ਅਤੇ ਪ੍ਰਭੂ ਹੁਕਮ ਵਿਚ ਕਾਰਜ ਕਰਦੇ ਹਨ ਜਿਵੇਂ ਕਿ ਫੁਰਮਾਨ ਹੈ -

***ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥***
***ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥***
***ਪੰਨਾ - 749***

ਅਸਾਡੇ ਅੰਦਰ ਦੇ ਵਿਛੋੜੇ ਨੇ ਇਕ ਅਜਰ ਪੀੜਾ ਪੈਦਾ ਕਰ ਦਿਤੀ, ਹਰ ਵਕਤ ਮਨ ਬੈਰਾਗ ਵਿਚ ਰਿਹਾ ਕਰੇ। ਮਹਾਂਪੁਰਸ਼ ਬਹੁਤ ਹੀ ਉਚੀ ਅਭੇਦ ਅਵਸਥਾ ਵਿਚ ਰਹਿਣ ਵਾਲੇ ਸਨ ਉਨ੍ਹਾਂ ਦਾ ਵਾਹਿਗੁਰੂ ਜੀ ਨਾਲ ਇਕਮਿਕ ਹੋਇਆ ਹੋਇਆ ਆਪਾ ਅਸਾਡੀ ਪ੍ਰੇਰਨਾ ਦਾ ਬਹੁਤ ਵੱਡਾ ਸ੍ਰੋਤ ਸੀ। ਅਸਾਡੇ ਅੰਦਰ ਕਹਿਰਾਂ ਦਾ ਬਿਰਹਾ ਸੀ, ਜਿਸ ਦਾ ਅੰਦਾਜ਼ਾ ਗੁਰਵਾਕ ਤੋਂ ਲਗਦਾ ਹੈ -

***ਕਬੀਰ ਬਿਰਹੁ ਭੁਯੰਗਮੁ ਮਨਿ ਬਸੈ ਮੰਤੁ ਨ ਮਾਨੈ ਕੋਇ॥***
***ਰਾਮ ਬਿਓਗੀ ਨਾ ਜੀਐ ਜੀਐ ਤ ਬਉਰਾ ਹੋਇ॥ ਪੰਨਾ-1368***

ਬਿਰਹੁੰ ਕਰਕੇ ਹੀ ਅਤਿ ਉਤਮ ਕਿਸਮ ਦਾ ਬੈਰਾਗ ਹੋਇਆ ਕਰਦਾ ਹੈ। ਬੈਰਾਗ ਇਕ ਐਸਾ ਉਡਣ ਖਟੋਲਾ ਹੈ ਜਿਸ ਤੇ ਬੈਠ ਕੇ ਰੂਹਾਨੀ ਸਫਰ ਬਹੁਤ ਛੇਤੀ ਪੂਰਾ ਹੋ ਜਾਇਆ ਕਰਦਾ ਹੈ। ਜਗਿਆਸੂ ਨੂੰ ਪ੍ਰਮੇਸ਼ਰ ਦੀ ਪ੍ਰਾਪਤੀ ਲਈ ਪਹਿਲਾਂ-ਪਹਿਲਾਂ ਚਾਰ ਚੀਜ਼ਾਂ ਦੀ ਬਹੁਤ ਵੱਡੀ ਆਵਸ਼ਕਤਾ ਹੋਇਆ ਕਰਦੀ ਹੈ। ਉਸ ਨੂੰ ਇਸ ਗੱਲ ਦਾ ਗਿਆਨ ਹੋਣਾ ਚਾਹੀਦਾ ਹੈ ਕਿ ਮੇਰੇ ਸਰੀਰ ਵਿਚ ਦੋ ਤੱਤ ਕੰਮ ਕਰ ਰਹੇ ਹਨ - ਇਕ ਆਤਮਾ ਹੈ, ਦੂਸਰਾ ਪੰਜਾਂ ਤੱਤਾਂ ਦਾ ਬਣਿਆ ਹੋਇਆ ਸਰੀਰ ਹੈ। ਇਸ ਨੂੰ ਸਥੂਲ ਸਰੀਰ ਆਖਦੇ ਹਨ ਇਸ ਦੇ ਅੰਦਰ ਪੰਜ ਗਿਆਨ ਇੰਦ੍ਰੇ, ਪੰਜ ਕਰਮ ਇੰਦ੍ਰੇ, ਪੰਜ ਪ੍ਰਾਣ, ਮਨ, ਚਿਤ, ਬੁੱਧੀ ਰੂਪੀ ਅੰਤਸ਼ਕਰਣ ਅਤੇ ਅਹੰਭਾਵ ਜਿਸ ਨੂੰ ਜੀਵ ਆਤਮਾ ਆਖਦੇ ਹਨ, ਹੋਇਆ ਕਰਦਾ ਹੈ। ਇਸ ਤੋਂ ਅਤਿ ਸੂਖਸ਼ਮ ਇਕ ਹੋਰ ਸਰੀਰ ਜਿਸ ਨੂੰ ਅਗਿਆਨ ਦਾ ਸਰੀਰ ਆਖਦੇ ਹਨ, ਉਹ ਕਾਰਨ ਸਰੀਰ ਹੋਇਆ ਕਰਦਾ ਹੈ। ਜਗਿਆਸੂ ਦੇ ਮਨ ਵਿਚ ਇਹ ਗਿਆਨ ਪੈਦਾ ਹੋ ਜਾਣਾ ਕਿ ਪ੍ਰਕ੍ਰਿਤੀ ਦੇ ਕਾਰਜ, ਤਿੰਨੇ ਸਰੀਰ ਪਵਿਰਤਨਸ਼ੀਲ ਹਨ ਅਤੇ ਨਾਸ਼ ਹੋਣ ਵਾਲੇ ਹਨ। ਇਹ ਨਾਸ਼ ਹੋਣ ਵਾਲੇ ਤੱਤ ਮੈਂ ਨਹੀਂ ਹਾਂ। ਆਪਣੇ ਆਪ ਨੂੰ ਅਮਰ ਜਾਨਣਾ ਅਤੇ ਸੂਖਸ਼ਮ, ਸਥੂਲ ਤੇ ਕਾਰਨ ਸਰੀਰ ਤੋਂ ਅੱਡ ਕਰਕੇ ਆਤਮਾ ਜਾਨਣਾ, ਇਸ ਬੁੱਧੀ ਨੂੰ ਵਿਵੇਕ ਬੁੱਧੀ ਆਖਿਆ ਜਾਂਦਾ ਹੈ। ਦੂਜੇ ਅੱਖਰਾਂ ਵਿਚ ਸਤਿ ਆਤਮਾ ਅਤੇ ਅਸਤਿ ਪ੍ਰਕ੍ਰਿਤਕ ਤੱਤ ਦੀ ਨਿਸ਼ਚੇਪੂਰਵਕ ਪਛਾਣ ਵਿਵੇਕ ਕਹੀ ਜਾਂਦੀ ਹੈ। ਆਤਮਾ ਅਬਿਨਾਸ਼ੀ ਹੋਇਆ ਕਰਦੀ ਹੈ।

ਸਰੀਰ ਛਿਨ-ਛਿਨ ਕਰਕੇ ਨਾਸ਼ ਵਲ ਨੂੰ ਵਧਦਾ ਹੀ ਚਲਿਆ ਜਾਂਦਾ ਹੈ। ਆਤਮਾ ਸਾਰੇ ਸੰਸਾਰ ਵਿਚ ਪਰੀਪੂਰਨ ਹੈ, ਇਹ ਗਿਆਨ ਰੂਪ ਹੈ, ਇਸ ਦੀ ਹੋਂਦ ਅਮਰ ਅਤੇ ਅਟੱਲ ਹੈ, ਇਹ ਅਚਾਹ ਹੈ, ਅਸੰਗ ਹੈ, ਕਿਸੇ ਵੀ ਚੀਜ਼ ਦਾ ਲੇਪ ਆਤਮਾ ਨੂੰ ਨਹੀਂ ਲਗਦਾ, ਲੇਪ ਸੇਪ ਤੋਂ ਰਹਿਤ ਹੈ। ਗਿਆਨ ਸਰੂਪ ਹੋਣ ਕਰਕੇ ਇਹ ਨਾ ਕਿਸੇ ਸ਼ਸ਼ਤਰ ਨਾਲ ਕੱਟੀ ਜਾਂਦੀ ਹੈ, ਨਾ ਪਾਣੀ ਵਿਚ ਡੁੱਬਦੀ ਹੈ, ਨਾ ਅੱਗ ਵਿਚ ਜਲਦੀ ਹੈ, ਪੰਜਾਂ ਤੱਤਾਂ ਦੇ ਬਣੇ ਸਰੀਰ ਨੂੰ ਅਨਾਤਮ ਜਾਣ ਕੇ ਮਿਥਿਆ ਜਾਨਣਾ ਕਿਉਂਕਿ ਮਨ ਆਦਿਕ ਪੰਜ ਗਿਆਨ ਇੰਦ੍ਰਿਆਂ, ਪੰਜ ਕਰਮ ਇੰਦਰਿਆਂ ਅਤੇ ਰੂਪਧਾਰੀ ਸਰੀਰ ਇਕ ਨਾ ਇਕ ਦਿਨ ਨਾਸ਼ ਹੋ ਹੀ ਜਾਇਆ ਕਰਦੇ ਹਨ। ਸੰਸਾਰ ਨੂੰ ਮਿਥਿਆ ਜਾਨਣਾ, ਇਸ ਦੇ ਵਿਪਰੀਤ ਆਤਮਾ ਨੂੰ ਸਤਿ ਸਰੂਪ ਜਾਨਣਾ ਜਿਸ ਤਰ੍ਹਾਂ ਕਿ 'ਵਿਚਾਰ ਸਾਗਰ' ਵਿਚ ਮਹਾਂਪੁਰਸ਼ਾਂ ਦੇ ਬਚਨ ਵਿਚਾਰ ਕਰਨ ਵਾਲੇ ਹਨ। ਫੁਰਮਾਨ ਹੈ -

***ਅਬਿਨਾਸੀ ਆਤਮ ਅਚਲ ਜਗ ਜਾਤੈ ਪ੍ਰਤਿਕੂਲ।***
***ਐਸੋ ਗਿਆਨ ਵਿਵੇਕ ਹੈ ਸਭ ਸਾਧਨ ਕੋ ਮੂਲ। (ਵਿਚਾਰ ਸਾਗਰ)***

ਦੂਸਰੀ ਚੀਜ਼ ਜਿਸ ਦੀ ਜਗਿਆਸੂ ਨੂੰ ਬਹੁਤ ਹੀ ਆਵਸ਼ਕਤਾ ਹੈ ਉਹ ਹੈ 'ਬੈਰਾਗ'। ਬਿਨਾਂ ਬੈਰਾਗ ਤੋਂ ਮਾਇਆ ਦਾ ਮੋਹ ਮਨ ਵਿਚੋਂ ਕਦੇ ਵੀ ਦੂਰ ਨਹੀਂ ਹੁੰਦਾ। ਇਹ ਜੀਵ ਸਦਾ ਹੀ ਮਾਇਆ ਵਿਚ ਪਰਚਿਆ ਰਹੇਗਾ। ਜਿਸ ਤਰ੍ਹਾਂ ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ -

***ਨਾ ਮੈ ਜੋਗ ਧਿਆਨ ਚਿਤੁ ਲਾਇਆ॥***
***ਬਿਨੁ ਬੈਰਾਗ ਨ ਛੂਟਸਿ ਮਾਇਆ॥***
***ਕੈਸੇ ਜੀਵਨੁ ਹੋਇ ਹਮਾਰਾ॥***
***ਜਬ ਨ ਹੋਇ ਰਾਮ ਨਾਮ ਅਧਾਰਾ॥ ਪੰਨਾ - 329***

ਇਸ ਮਹਾਂਵਾਕ ਵਿਚ ਫੁਰਮਾਨ ਹੈ ਕਿ ਜਗਿਆਸੂ ਦਾ ਮਨ ਨਾ ਜੁੜਨ ਲਗਦਾ ਹੈ। ਅਤੇ ਨਾ ਹੀ ਧਿਆਨ ਕਰਨ ਵਿਚ ਲੱਗਦਾ ਹੈ ਕਿਉਂਕਿ ਮਾਇਆ ਦੇ ਅਨੇਕ-ਅਨੇਕ ਫੁਰਨੇ ਉਸ ਦੇ ਅੰਦਰ ਉਤਪੰਨ ਹੋ ਕੇ ਉਸ ਨੂੰ ਪ੍ਰਭੂ ਦੇ ਰਸਤੇ ਚਲਣ ਨਹੀਂ ਦਿੰਦੇ ਅਤੇ ਉਸ ਨੂੰ ਸਦਾ ਹੀ ਭੁਲਾ ਕੇ ਰਖਦੇ ਹਨ। ਉਸ ਦਾ ਮਨ ਮਾਇਆ ਵਿਚ ਪਰਚਿਆ ਰਹਿੰਦਾ ਹੈ। ਮੂੰਹ ਦੇ ਨਾਲ ਰਾਮ-ਰਾਮ, ਅੱਲਾਹ-ਅੱਲਾਹ, ਹਰੇ ਰਾਮ, ਵਾਹਿਗੁਰੂ ਆਖਦਾ ਚਲਿਆ ਜਾਂਦਾ ਹੈ ਪਰ ਸੁਰਤੀ ਬਿਰਤੀ ਵਿਚ ਮਾਇਆ ਦੇ ਅਨੇਕ ਰੂਪ ਸਮਾਏ ਰਹਿੰਦੇ ਹਨ। ਇਸ ਮਾਇਆ ਦਾ ਸਰੂਪ ਦਸਦਿਆਂ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ -

***ਏਹ ਮਾਇਆ ਜਿਤੁ ਹਰਿ ਵਿਸਰੈ***
***ਮੋਹੁ ਉਪਜੈ ਭਾਉ ਦੂਜਾ ਲਾਇਆ॥ ਪੰਨਾ - 921***

ਮਾਇਆ ਦਾ ਕੰਮ ਹੀ ਜੀਵ ਨੂੰ ਆਪਣੇ ਪਿਛੇ ਲਾ ਕੇ ਪ੍ਰਭੂ ਨੂੰ ਭੁਲਾਉਣਾ ਹੋਇਆ ਕਰਦਾ ਹੈ ਜਿਵੇਂ ਕਿ ਫੁਰਮਾਨ ਹੈ-

***ਏਹ ਮਾਇਆ ਜਿਤੁ ਹਰਿ ਵਿਸਰੈ***

***ਮੋਹੁ ਉਪਜੈ ਭਾਉ ਦੂਜਾ ਲਾਇਆ॥***
***ਕਹੈ ਨਾਨਕ ਗੁਰ ਪਰਸਾਦੀ ਜਿਨਾ ਲਿਵ ਲਾਗੀ***
***ਤਿਨੀ ਵਿਚੇ ਮਾਇਆ ਪਾਇਆ॥*** ***ਪੰਨਾ - 921***

ਇਹ ਮਾਇਆ ਨਾ ਪੁਸਤਕਾਂ ਪੜ੍ਹਿਆਂ ਤੋਂ ਦੂਰ ਹੁੰਦੀ ਹੈ ਅਤੇ ਨਾ ਹੀ ਤੀਰਥ ਭਰਮਿਆਂ ਤੋਂ ਅਤੇ ਨਾ ਹੀ ਬਹੁਤ ਦਾਨ ਕੀਤਿਆਂ ਤੇ; ਕਿਸੇ ਕਰਮ ਨਾਲ ਵੀ ਮਾਇਆ ਖਹਿੜਾ ਨਹੀਂ ਛਡਦੀ, ਇਸ ਦਾ ਇਕੋ ਇਕ ਇਲਾਜ ਲਿਵ ਦੀ ਅਵਸਥਾ ਵਿਚ ਪਹੁੰਚਣਾ ਹੋਇਆ ਕਰਦਾ ਹੈ ਪਰ ਲਿਵ ਦੀ ਅਵਸਥਾ ਵਿਚ ਪਹੁੰਚਣ ਲਈ ਜੋ ਪਉੜੀ ਹੈ ਉਸ ਵਿਚ ਬੈਰਾਗ ਦੇ ਡੰਡੇ ਉਤੋਂ ਹੋ ਕੇ ਲੰਘਣਾ ਪੈਂਦਾ ਹੈ ਕਿਉਂਕਿ ਗੁਰੂ ਮਹਾਰਾਜ ਜੀ ਨੇ ਐਸਾ ਫੁਰਮਾਨ ਕਰ ਦਿਤਾ ਕਿ -

***ਬਿਨੁ ਬੈਰਾਗ ਨ ਛੂਟਸਿ ਮਾਇਆ॥*** ***ਪੰਨਾ - 329***

ਮਨ ਦਾ ਸੁਭਾਅ ਕਦੇ ਸੁਖ ਮਹਿਸੂਸ ਕਰਕੇ ਟਪਦਾ ਹੈ, ਉਛਲਦਾ ਹੈ, ਕਦੇ ਦੁਖ ਮਹਿਸੂਸ ਕਰਕੇ ਰੋਂਦਾ ਕਲਪਦਾ ਹੈ, ਕਿਤੇ ਆਪਣਾ ਆਦਰ ਹੁੰਦਾ ਤਕ ਕੇ ਖੁਸ਼ ਹੁੰਦਾ ਹੈ, ਕਿਤੇ ਆਪਣਾ ਅਨਾਦਰ ਤਕ ਕੇ ਉਦਾਸ ਹੋ ਜਾਂਦਾ ਹੈ। ਸੋ ਇਸ ਤਰ੍ਹਾਂ ਨਾਲ ਇਹ ਮਨ ਦ੍ਵੰਦ ਵਿਚ ਵਰਤਦਾ ਕਦੇ ਊਭ ਚੜ੍ਹਦਾ ਹੈ, ਕਦੇ ਪਤਾਲ ਵਿਚ ਗਿਰਦਾ ਹੈ। ਇਹ ਇਕ ਟਿਕਾਣੇ ਨੂੰ ਨਹੀਂ ਫੜ ਸਕਦਾ। ਇਹ ਪੰਛੀ ਵਾਂਗੂੰ ਫਲਾਂ ਦੀ ਪ੍ਰਾਪਤੀ ਲਈ, ਚੋਗੇ ਦੀ ਪ੍ਰਾਪਤੀ ਲਈ ਸਦਾ ਹੀ ਉਡਾਰੀਆਂ ਮਾਰਦਾ ਰਹਿੰਦਾ ਹੈ -

***ਕਬਹੂ ਜੀਅੜਾ ਊਭਿ ਚੜਤੁ ਹੈ ਕਬਹੂ ਜਾਇ ਪਇਆਲੇ॥***
***ਲੋਭੀ ਜੀਅੜਾ ਥਿਰੁ ਨ ਰਹਤੁ ਹੈ ਚਾਰੇ ਕੁੰਡਾ ਭਾਲੇ॥***
***ਪੰਨਾ - 876***

***ਪੰਖੀ ਬਿਰਖ ਸੁਹਾਵੜੇ ਊਡਹਿ ਚਹੁ ਦਿਸਿ ਜਾਹਿ॥***
***ਜੇਤਾ ਊਡਹਿ ਦੁਖ ਘਣੇ ਨਿਤ ਦਾਝਹਿ ਤੈ ਬਿਲਲਾਹਿ॥***
***ਪੰਨਾ - 66***

ਇਸ ਮਨ ਦੀਆਂ ਖਰਮਸਤੀਆਂ, ਜਦੋਂ ਤਕ ਅੰਦਰ ਪ੍ਰਬਲ ਬੈਰਾਗ ਨਹੀਂ ਹੁੰਦਾ ਉਸ ਸਮੇਂ ਤਾਈਂ ਬੰਦ ਨਹੀਂ ਹੁੰਦੀਆਂ। ਇਹ ਨਿਚਲਾ ਬਣ ਕੇ ਨਹੀਂ ਬੈਠ ਸਕਦਾ। ਇਸ ਲਈ ਰੂਹਾਨੀਅਤ ਦੇ ਰਾਹ ਉਪਰ ਚੱਲਣ ਲਈ ਬੈਰਾਗ ਦੀ ਅਵੱਸ਼ਕਤਾ ਹੋਇਆ ਕਰਦੀ ਹੈ। ਬੈਰਾਗ ਕਿਸ ਚੀਜ਼ ਨੂੰ ਆਖਦੇ ਹਨ, ਕਿਹੋ ਜਿਹਾ ਹੁੰਦਾ ਹੈ? ਇਸ ਉਪਰ ਥੋੜ੍ਹੀ ਵਿਚਾਰ ਕਰ ਲੈਣੀ ਚਾਹੀਦੀ ਹੈ। ਬੈਰਾਗ ਦੇ ਅਨੇਕ ਕਾਰਨ ਹੁੰਦੇ ਹਨ ਉਨ੍ਹਾਂ ਕਾਰਨਾਂ ਕਰਕੇ ਘਰ-ਬਾਰ ਛੱਡ ਕੇ ਪਰਿਵਾਰ ਨੂੰ ਪਿੱਠ ਦੇ ਜਾਣੀ, ਦੂਰ ਦੇਸ਼ ਜਾ ਕੇ ਵਸ ਜਾਣਾ, ਇਹ ਬੈਰਾਗ ਮੰਦ ਕਿਸਮ ਦਾ ਹੋਇਆ ਕਰਦਾ ਹੈ ਇਸ ਨੂੰ ਮੰਦ ਬੈਰਾਗ ਆਖਿਆ ਜਾਂਦਾ ਹੈ। ਜਿਸ ਬਾਰੇ ਮਹਾਂਪੁਰਸ਼ਾਂ ਦੇ ਕਥਨ ਹਨ -

***ਨਾਰ ਮਰੈ ਘਰ ਸੰਪਤ ਨਾਸੀ॥***
***ਮੂੰਡ ਮੁੰਡਾਇ ਭਇਆ ਸੰਨਿਆਸੀ॥***

ਇਸਤ੍ਰੀ ਪੁਤਰ ਦਾ ਵਿਯੋਗ ਹੋ ਗਿਆ ਜਾਂ ਵਪਾਰ ਵਿਚ ਘਾਟਾ ਪੈ ਗਿਆ ਅਤੇ ਨੌਕਰੀ ਤੋਂ ਕੱਢ ਦਿਤਾ ਗਿਆ, ਸਿਰ ਉਪਰ ਕਰਜ਼ਾ ਚੜ੍ਹ

ਗਿਆ। ਕਰਜ਼ਦਾਰ ਰੋਜ਼ ਆ ਕੇ ਬੇਇਜ਼ਤੀਆਂ ਕਰਦੇ ਹਨ। ਪੁੱਤਰ ਕਹਿਣੇ ਵਿਚ ਨਾ ਰਿਹਾ, ਲੜਕੀ ਕਹਿਣੇ ਵਿਚ ਨਾ ਰਹੀ। ਘਰਵਾਲੀ ਹਰ ਰੋਜ਼ ਮੇਹਣੇ-ਤਾਹਨੇ ਦਿੰਦੀ ਰਹੇ ਅਤੇ ਪਿਆਰ ਨਾ ਕਰੇ ਤਾਂ ਆਦਮੀ ਦੇ ਮਨ ਵਿਚ ਖਿਆਲ ਆਉਂਦੇ ਹਨ ਕਿ ਮੈਂ ਇਨ੍ਹਾਂ ਲੋਕਾਂ ਦੀ, ਜਿਹੜੇ ਮੇਰਾ ਸਾਥ ਨਹੀਂ ਦੇ ਰਹੇ, ਭਾਵੇਂ ਰਿਸ਼ਤੇ ਵਿਚ ਮੇਰੇ ਧੀਆਂ ਪੁੱਤਰ ਹਨ, ਨਾਲ ਮੇਰਾ ਕੀ ਸਬੰਧ ਹੋਇਆ। ਐਸੇ ਵਿਚਾਰ ਮਨ ਵਿਚ ਧਾਰਨ ਕਰਕੇ ਘਰ ਛੱਡ ਜਾਇਆ ਕਰਦਾ ਹੈ ਪਰ ਜਦੋਂ ਘਰ ਵਾਲੇ ਪਹੁੰਚ ਗਏ, ਮਮੋਠੱਗਣੀਆਂ ਗੱਲਾਂ ਕਰਕੇ ਉਸ ਨੂੰ ਮੁੜ ਕੇ ਫੇਰ ਘਰ ਲੈ ਆਏ ਤਾਂ ਬੈਰਾਗ ਦਾ ਨਾਮ ਨਿਸ਼ਾਨ ਹੀ ਨਹੀਂ ਰਹਿੰਦਾ। ਪਦਾਰਥ ਮਿਲ ਗਏ ਉਨ੍ਹਾਂ ਦੇ ਭੋਗਾਂ ਵਿਚ ਪ੍ਰਵਿਰਤ ਹੋ ਗਿਆ ਤਾਂ ਬੈਰਾਗ ਇਕ ਭੁਲਿਆ ਹੋਇਆ ਅੱਖਰ ਬਣ ਜਾਇਆ ਕਰਦਾ ਹੈ। ਮਹਾਤਮਾ ਲੋਕ ਐਸਾ ਫੁਰਮਾਨ ਕਰਦੇ ਹਨ -

***ਹੋਇ ਉਦਾਸੀ ਗ੍ਰਿਹੁ ਤਜਿ ਚਲਿਓ ਛੁਟ ਕੈ ਨਾਹੀ ਨਾਠਾ॥***
***ਤਪਸੀ ਕਰਿਕੈ ਦੇਹੀ ਸਾਧੀ ਮਨੂਆ ਦਹ ਦਿਸ ਧਾਨਾ॥***
***ਬ੍ਰਹਮ ਚਾਰਿ ਬ੍ਰਹਮ ਚਜੁ ਕੀਨਾ ਹਿਰਦੈ ਭਇਆ ਗੁਮਾਨਾ॥***
***ਸੰਨਿਆਸੀ ਹੋਇਕੈ ਤੀਰਥਿ ਭ੍ਰਮਿਓ ਉਸੁ ਮਹਿ ਕ੍ਰੋਧੁ ਬਿਗਾਨਾ॥***

ਮਹਾਂਪੁਰਸ਼ਾਂ ਨੇ ਬੈਰਾਗ ਨੂੰ ਚੰਗੀ ਤਰ੍ਹਾਂ ਸਮਝਾਉਣ ਵਾਸਤੇ ਬਹੁਤ ਖੋਲ੍ਹ ਕੇ ਦੱਸਿਆ ਹੋਇਆ ਹੈ ਜਿਵੇਂ ਕਿ -

1. **ਕਾਰਨ ਬੈਰਾਗ** - ਘਰ ਵਿਚ ਆਪਣੀ ਇਸਤ੍ਰੀ ਉਪਰ ਉਸ ਦੇ ਜਤ ਸਤ ਬਾਰੇ ਵਿਸ਼ਵਾਸ਼ ਰਖਦਾ ਹੈ, ਲੋਚਦਾ ਹੈ ਕਿ ਮੇਰੇ ਦੁਖਾਂ-ਸੁਖਾਂ ਵਿਚ ਉਹ ਇਕ ਸਮਾਨ ਮਦਦ ਕਰੇ, ਮੇਰੀਆਂ ਕੀਤੀਆਂ ਭੁਲਾਂ ਨੂੰ ਨਾ ਵਿਚਾਰੇ ਪਰ ਜਦੋਂ ਇਸ ਦੇ ਵਿਪਰੀਤ ਲੱਛਣ ਦੇਖੇ, ਹਰ ਵਕਤ ਕਲ੍ਹਾ ਕਲੇਸ਼ ਪੈਣ ਲੱਗੇ ਤਾਂ ਅਚਾਨਕ ਹੀ ਘਰ ਛੱਡ ਕੇ ਕਿਸੇ ਆਸ਼ਰਮ ਵਿਚ ਚਲਿਆ ਗਿਆ। ਆਪਣੇ ਆਪ ਨੂੰ ਉਸ ਮਾਹੌਲ ਵਿਚ ਢਾਲਣਾ ਸ਼ੁਰੂ ਕੀਤਾ। ਇਸ ਅੱਡ ਹੋ ਜਾਣ ਨੂੰ 'ਕਾਰਨ ਬੈਰਾਗ' ਕਿਹਾ ਜਾਂਦਾ ਹੈ।

ਜਿਸ ਤਰ੍ਹਾਂ ਭਰਥਰੀ ਪਿੰਗਲਾ ਨਾਮ ਦੀ ਰਾਣੀ ਨੂੰ ਬਹੁਤ ਪਿਆਰ ਕਰਦਾ ਸੀ। ਇਕ ਬ੍ਰਾਹਮਣ ਨੂੰ ਤਪਸਿਆ ਕਰਕੇ ਇਕ ਅਮਰ ਫਲ ਦੀ ਪ੍ਰਾਪਤੀ ਹੋਈ ਜਿਸ ਨੂੰ ਖਾ ਕੇ ਉਸ ਦਾ ਸਰੀਰ ਅਰੋਗ ਅਤੇ ਬਹੁਤ ਦੇਰ ਤਕ ਅਮਰ ਰਹਿਣਾ ਸੀ। ਬੁਢਾਪੇ ਦੀ ਅੰਸ ਉਸ ਵਿਚ ਨਹੀਂ ਆਉਣੀ ਸੀ। ਅਜਿਹੇ ਫਲ ਦੀ ਪ੍ਰਾਪਤੀ ਹੋਈ ਤਾਂ ਉਸ ਬ੍ਰਾਹਮਣ ਨੇ ਵੀਚਾਰਿਆ ਕਿ ਸੰਸਾਰ ਤੋਂ ਚਲਿਆ ਹੀ ਜਾਣਾ ਹੈ, ਕੋਈ ਅੱਜ ਜਾਂਦਾ ਹੈ ਕੋਈ ਕੱਲ੍ਹ ਜਾਂਦਾ ਹੈ ਇਹ ਰਹਿਣ ਦਾ ਥਾਂ ਨਹੀਂ ਹੈ, ਵੱਡੇ-ਵੱਡੇ ਸੰਸਾਰ ਤੇ ਆਏ ਵੱਡੇ-ਵੱਡੇ ਕਾਰਜ ਉਨ੍ਹਾਂ ਨੇ ਕੀਤੇ ਪਰ ਇਥੋਂ ਸਭ ਨੇ ਚਲੇ ਜਾਣਾ ਹੈ। ਮੈਂ ਇਸ ਫਲ ਨੂੰ ਖਾ ਕੇ ਕੀ ਕਰਨਾ ਹੈ ਹੋਵੇ ਨਾ ਤਾਂ ਮੈਂ ਆਪਣੇ ਧਰਮੀ ਰਾਜੇ ਭਰਥਰੀ ਨੂੰ ਇਹ ਫਲ ਕਿਉਂ ਨਾ ਦੇ ਦੇਵਾਂ ਅਤੇ ਉਹ ਬਹੁਤ ਦੇਰ ਤਕ ਨਰੋਆ ਰਹਿ ਕੇ ਆਪਣੇ ਦੇਸ਼ ਅਤੇ ਆਪਣੀ ਪ੍ਰਜਾ ਦੀ ਸੇਵਾ ਕਰੇ। ਬ੍ਰਾਹਮਣ ਨੇ ਇਹ ਫਲ ਭਰਥਰੀ ਜੀ ਨੂੰ ਦੇ ਦਿਤਾ। ਭਰਥਰੀ ਨੇ ਬ੍ਰਾਹਮਣ ਨੂੰ ਕਿਹਾ ਕਿ ਬ੍ਰਾਹਮਣ ਦੇਵਤਾ! ਅਸੀਂ ਤਾਂ ਰਾਜਾ ਲੋਕ ਹੁੰਦੇ ਹਾਂ ਇਹ ਫਲ ਤੂੰ ਬਹੁਤ ਮਿਹਨਤ ਨਾਲ

ਪ੍ਰਾਪਤ ਕੀਤਾ ਹੈ, ਇਹ ਤੂੰ ਹੀ ਖਾ ਲੈ ਕਿਉਂਕਿ ਤੂੰ ਬੜੀ ਦੇਰ ਤਕ ਨਰੋਆ ਰਹਿ ਕੇ ਸੰਸਾਰ ਦਾ ਭਲਾ ਕਰੇਂਗਾ। ਸੋਹਣੇ ਉਪਦੇਸ਼ ਦੇਵੇਂਗਾ ਪਰ ਬ੍ਰਾਹਮਣ ਨੇ ਬਹੁਤ ਨਿਮਰਤਾ ਨਾਲ ਕਿਹਾ ਕਿ ਮਹਾਰਾਜ ਆਪ ਧਰਮੀ ਰਾਜੇ ਹੋ, ਆਪ ਦੇ ਹੁੰਦਿਆਂ ਕਿਸੇ ਦੁਸ਼ਮਣ ਦਾ ਡਰ ਨਹੀਂ ਹੈ, ਕੋਈ ਸ਼ਤਰੂ ਆਪ ਦੇ ਪ੍ਰਤਾਪ ਅੱਗੇ ਨਹੀਂ ਠਹਿਰਦਾ, ਸਾਰੀ ਪਰਜਾ ਆਪ ਦੇ ਸੁੱਖ ਆਰਾਮ ਨਾਲ ਤਰੱਕੀ ਕਰ ਰਹੀ ਹੈ। ਸੋ ਆਪ ਦਾ ਇਹ ਫਲ ਖਾ ਕੇ ਸਿਹਤਮੰਦ ਰਹਿਣਾ ਬਹੁਤ ਹੀ ਜ਼ਰੂਰੀ ਹੈ। ਇਹ ਫਲ ਮੈਂ ਆਪ ਦੀ ਭੇਟ ਕਰ ਰਿਹਾ ਹਾਂ। ਆਪ ਇਹ ਖਾ ਲੈਣਾ। ਭਰਥਰੀ ਨੇ ਇਹ ਫਲ ਲੈ ਲਿਆ। ਭਰਥਰੀ ਦਾ ਆਪਣੀ ਰਾਣੀ ਪਿੰਗਲਾ ਨਾਲ ਅਥਾਹ ਪਿਆਰ ਸੀ, ਹਰ ਵਕਤ ਉਸ ਦੇ ਪਿਆਰ ਵਿਚ ਰਹਿੰਦਾ ਸੀ। ਉਹ ਵੀ ਰਾਜੇ ਨੂੰ ਐਸੇ ਹਾਵ ਭਾਵ ਦਿਖਾਉਂਦੀ ਸੀ ਜਿਸ ਤੋਂ ਇਹ ਪ੍ਰਤੀਤ ਦੇਵੇ ਕਿ ਉਹ ਭਰਥਰੀ ਤੋਂ ਬਿਨਾਂ ਜਿਉਂਦੀ ਨਹੀਂ ਰਹੇਗੀ। ਭਰਥਰੀ ਨੇ ਉਸ ਦੇ ਪਿਆਰ ਨੂੰ ਨਾ ਸਮਝਦਿਆਂ ਹੋਇਆਂ ਇਹ ਫਲ ਰਾਣੀ ਨੂੰ ਦੇਣ ਦਾ ਫੈਸਲਾ ਕੀਤਾ ਕਿ ਉਹ ਜਵਾਨ ਰਹੇਗੀ, ਮੈਨੂੰ ਬਹੁਤ ਪਿਆਰੀ ਲਗਦੀ ਰਹੇਗੀ। ਸੋ ਇਸ ਆਸ਼ੇ ਨਾਲ ਉਸ ਨੇ ਇਹ ਫਲ ਪਿੰਗਲਾ ਰਾਣੀ ਨੂੰ ਦੇ ਦਿਤਾ ਤੇ ਆਪ ਕੁਝ ਦੇਰ ਲਈ ਕਿਸੇ ਰਾਜਸੀ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਰਾਜ ਤੋਂ ਬਾਹਰ ਚਲਿਆ ਗਿਆ। ਰਾਣੀ ਨੂੰ ਫਲ ਮਿਲਣ ਉਪਰੰਤ ਬੜੀ ਖੁਸ਼ੀ ਹੋਈ ਉਸ ਨੇ ਵਿਚਰਿਆ ਕਿ ਮੈਂ ਫਲ ਖਾ ਕੇ ਵੱਡੀ ਉਮਰ ਵਾਲੀ ਤਾਂ ਹੋ ਜਾਵਾਂਗੀ ਪਰ ਜੇ ਮੇਰਾ ਪਿਆਰਾ ਮੇਰੇ ਸਾਮ੍ਹਣੇ ਚੜ੍ਹਾਈ ਕਰ ਗਿਆ ਤਾਂ ਮੇਰਾ ਜੀਉਣਾ ਕਿਸ ਕੰਮ? ਉਸ ਦਾ ਪਿਆਰ ਹਾਥੀ ਖਾਨੇ ਦੇ ਦਰੋਗੇ ਨਾਲ ਸੀ ਜੋ ਗੁਪਤ ਰੂਪ ਵਿਚ ਪਿੰਗਲਾ ਰਾਣੀ ਨੂੰ ਮਿਲਦਾ ਹੀ ਰਹਿੰਦਾ ਸੀ, ਉਸ ਨੇ ਉਹ ਫਲ ਹਾਥੀ ਖਾਨੇ ਦੇ ਦਰੋਗੇ ਨੂੰ ਦੇ ਦਿਤਾ। ਉਸ ਦਰੋਗੇ ਦਾ ਪਿਆਰ ਇਕ ਵੇਸਵਾ ਨਾਲ ਸੀ, ਉਸ ਨੇ ਬਹੁਤ ਕਿਸਮ ਦੀਆਂ ਗੱਲਾਂ ਵਿਚਾਰ ਕੇ ਇਹ ਫਲ ਵੇਸਵਾ ਨੂੰ ਦੇ ਦਿਤਾ। ਵੇਸਵਾ ਨੇ ਵਿਚਾਰਿਆ ਕਿ ਮੇਰਾ ਜੀਵਨ ਤਾਂ ਪਾਪਾਂ ਦੀ ਖਾਣ ਹੈ ਜੇ ਮੈਂ ਬਹੁਤਾ ਚਿਰ ਜਿਉਂਦੀ ਰਹੀ ਤਾਂ ਬੇਅੰਤ ਪਾਪ ਮੇਰੇ ਸਿਰ ਹੋਰ ਚੜ੍ਹ ਜਾਣਗੇ। ਮੈਂ ਤਾਂ ਪੈਸਿਆਂ ਨਾਲ ਤਨ ਵੇਚਦੀ ਹਾਂ ਇਹੀ ਕੰਮ ਲੰਮੀ ਆਯੂ ਤਕ ਕਰਨਾ ਪਵੇਗਾ, ਮੈਂ ਨਰਕ ਦਾ ਕੀੜਾ ਹਾਂ। ਕਿਉਂ ਨਾ ਇਹ ਫਲ ਮੈਂ ਭਰਥਰੀ ਰਾਜੇ ਨੂੰ ਦੇ ਦੇਵਾਂ। ਜਦੋਂ ਭਰਥਰੀ ਰਾਜਾ ਵਾਪਸ ਆਇਆ ਤਾਂ ਉਸ ਨੇ ਉਹ ਫਲ ਉਸ ਨੂੰ ਦੇ ਕੇ ਬੇਨਤੀ ਕੀਤੀ ਕਿ ਇਹ ਅਮਰ ਫਲ ਮੇਰੇ ਹੱਥ ਵਿਚ ਆਇਆ ਹੈ ਇਸ ਦੇ ਖਾਣ ਨਾਲ ਬਹੁਤ ਦੇਰ ਤਕ ਆਦਮੀ ਸਵੱਸਥ ਰਹਿੰਦਾ ਹੈ, ਬੁਢਾਪਾ ਨਹੀਂ ਆਉਂਦਾ। ਤੁਸੀਂ ਇਹ ਅਮਰ ਫਲ ਖਾ ਲਵੋ ਤਾਂ ਕਿ ਆਪਣੀ ਰਿਆਇਆ ਨੂੰ ਬਹੁਤ ਦੇਰ ਤਕ ਸੁਖ ਤੇ ਸ਼ਾਂਤੀ ਦਿੰਦੇ ਰਹੋ। ਰਾਜਾ ਹੈਰਾਨ ਹੋ ਗਿਆ ਕਿ ਵੇਸਵਾ ਦੇ ਹੱਥ ਵਿਚ ਇਹ ਫਲ ਕਿਵੇਂ ਆਇਆ? ਉਸ ਨੇ ਰਾਜਸੀ ਜਲਾਲ ਵਿਚ ਆ ਕੇ ਖੋਜ ਸ਼ੁਰੂ ਕਰ ਦਿਤੀ, ਖੋਜ ਦੌਰਾਨ ਉਸ ਨੂੰ ਨਿਰਨਾ ਹੋਇਆ ਕਿ ਇਹ ਫਲ ਮੇਰੀ ਪ੍ਰੇਮ ਪਿਆਰੀ ਰਾਣੀ ਨੇ ਹਾਥੀ ਖਾਨੇ ਦੇ ਦਰੋਗੇ ਨੂੰ ਦੇ ਦਿਤਾ ਕਿਉਂਕਿ ਇਹ ਗੱਲ ਪ੍ਰਗਟ ਕਰਦੀ ਹੈ ਕਿ ਮੇਰੀ ਰਾਣੀ ਦਾ ਪਿਆਰ ਮੇਰੇ ਨਾਲ ਨਹੀਂ ਸਗਮਾਂ ਮੇਰੇ ਇਕ ਬਹੁਤ ਛੋਟੇ ਕਰਮਚਾਰੀ ਨਾਲ ਹੈ। ਉਸ ਦਰੋਗੇ ਨੇ ਵੀ ਰਾਣੀ ਦੇ ਪਿਆਰ ਦਾ ਇਕ ਢੋਂਗ ਬਣਾਇਆ

ਹੋਇਆ ਸੀ ਅਤੇ ਰਾਣੀ ਕਾਮ ਵਸ ਅੰਨ੍ਹੀ ਹੋ ਕੇ ਇਸ ਬੇਵਫਾਈ ਤੋਂ ਅਗਿਆਤ ਸੀ। ਉਸ ਦਰੋਗੇ ਦਾ ਵੇਸਵਾ ਨਾਲ ਜੋ ਅਤਿ ਅਦਨੇ ਦਰਜੇ ਦੀ ਔਰਤ ਹੁੰਦੀ ਹੈ ਜਿਨ੍ਹਾਂ ਦਾ ਕੰਮ ਪੈਸੇ ਲੈ ਕੇ ਆਪਣਾ ਸਰੀਰ ਵੇਚਣਾ ਹੁੰਦਾ ਹੈ, ਅਜਿਹੇ ਨਰਕ ਦੇ ਕੀੜੇ ਨੂੰ ਉਸ ਨੇ ਪਿਆਰ ਕਰਕੇ ਫਲ ਦੇ ਦਿਤਾ। ਉਸ ਵੇਸਵਾ ਨੇ ਮੇਰੇ ਜੀਵਨ ਵਿਚ ਸ਼ਰਧਾ ਰਖਦਿਆਂ ਇਹ ਫਲ ਮੈਨੂੰ ਫੇਰ ਦਿਤਾ ਜਿਸ ਤੋਂ ਇਹ ਭਲੀ ਭਾਂਤ ਪ੍ਰਗਟ ਹੋ ਜਾਂਦਾ ਹੈ ਕਿ ਸੰਸਾਰ ਦਾ ਪਿਆਰ ਬਿਲਕੁਲ ਹੀ ਝੂਠਾ ਹੈ ਇਸ ਵਿਚ ਕੋਈ ਸੁਭਾਗਾ ਹੀ ਹੈ ਜਿਸ ਨੂੰ ਸੱਚਾ ਪਿਆਰ ਮਿਲ ਜਾਵੇ। ਪਰ ਮੈਂ ਤਾਂ ਇਸ ਨਿਰਨੇ ਤੇ ਪਹੁੰਚਿਆ ਹਾਂ ਕਿ ਜਾਂ ਤਾਂ ਸਮਰੱਥ ਗੁਰੂ ਨਾਲ ਪਿਆਰ ਕੀਤਾ ਜਾ ਸਕਦਾ ਹੈ ਜਾਂ ਪ੍ਰਭੂ ਨਾਲ ਕੀਤਾ ਜਾ ਸਕਦਾ ਹੈ। ਇਨ੍ਹਾਂ ਵਹਿਣਾਂ ਵਿਚ ਪਏ ਨੇ ਰਾਜ ਭਾਗ ਦਾ ਤਿਆਗ ਕਰ ਦਿਤਾ ਅਤੇ ਗੋਰਖਨਾਥ ਤੋਂ ਮੰਤਰ ਪ੍ਰਾਪਤ ਕਰਕੇ ਅਨੇਕ ਯੋਗ ਸਾਧਨਾਵਾਂ ਕਰਕੇ ਆਪਣੇ ਜੀਵਨ ਦਾ ਲਕਸ਼ ਪ੍ਰਾਪਤ ਕੀਤਾ। ਇਸ ਵਿਚ ਕਾਰਨ ਇਹ ਬਣਿਆ ਕਿ ਕੋਈ ਵੀ ਕਿਸੇ ਨੂੰ ਸਥਾਈ ਪਿਆਰ ਨਹੀਂ ਕਰਦਾ ਇਸ ਕਿਸਮ ਦੇ ਬੈਰਾਗ ਨੂੰ 'ਕਾਰਨ ਬੈਰਾਗ' ਆਖਿਆ ਜਾਂਦਾ ਹੈ।

**2. ਮੰਦ ਬੈਰਾਗ** – ਦੂਸਰੀ ਕਿਸਮ ਦਾ ਬੈਰਾਗ ਜਿਸ ਨੂੰ ਮੰਦ ਬੈਰਾਗ ਕਹਿੰਦੇ ਹਨ। ਇਸ ਬੈਰਾਗ ਦਾ ਕਾਰਨ, ਕੰਮ ਤੋਂ ਡਰ ਕੇ ਘਰੋਂ ਨੱਠ ਜਾਣਾ ਜਾਂ ਕਿਸੇ ਸਾਥੀ ਦਾ ਵਿਛੋੜਾ ਹੋ ਜਾਣਾ ਤੇ ਜਾਂ ਬਿਜ਼ਨਸ, ਵਪਾਰ ਵਿਚ ਘਾਟਾ ਪੈ ਜਾਣਾ, ਉਸ ਵੇਲੇ ਚਿਤ ਦੁਨੀਆਂ ਤੋਂ ਉਚਾਟ ਹੋ ਕੇ ਭਾਲਦਾ ਹੈ ਕਿ ਮੈਂ ਰੱਬ ਦਾ ਹੀ ਨਾਮ ਜਪਾਂ, ਕਿਸੇ ਮਹਾਂਪੁਰਸ਼ ਦਾ ਚੇਲਾ ਬਣ ਕੇ ਆਪਣਾ ਜੀਵਨ ਸਫਲ ਕਰਾਂ। ਜਿਸ ਬਾਰੇ ਐਸਾ ਮਹਾਂਪੁਰਸ਼ਾਂ ਦਾ ਫੁਰਮਾਨ ਹੈ –

***ਨਾਰ ਮਰੈ ਘਰ ਸੰਪਤ ਨਾਸੀ॥***
***ਮੂੰਡ ਮੁੰਡਾਇ ਭਇਆ ਸੰਨਿਆਸੀ॥***

ਜਾਂ ਕਥਾ ਵਿਚ ਜਾ ਕੇ ਸੁਣ ਲੈਣਾ ਕਿ ਜਗਤ ਮਿਥਿਆ ਹੈ ਇਸ ਦੀਆਂ ਸਭ ਚੀਜ਼ਾਂ ਨਾਸ਼ਵੰਤ ਹਨ ਜਾਂ ਪਦਾਰਥਾਂ ਦੀ ਥੋੜ੍ਹ ਹੋ ਜਾਣ ਕਰਕੇ ਬੈਰਾਗ ਹੋ ਜਾਣਾ; ਇਸ ਬੈਰਾਗ ਨੂੰ ਮੰਦ ਬੈਰਾਗ ਆਖਿਆ ਜਾਂਦਾ ਹੈ। ਇਹ ਸਦਾ ਕਾਇਮ ਨਹੀਂ ਰਿਹਾ ਕਰਦਾ। ਜਦੋਂ ਵੀ ਵਿਸ਼ੇ ਭੋਗ ਪ੍ਰਾਪਤ ਹੋ ਜਾਂਦੇ ਹਨ ਫਿਰ ਗਿਰ ਜਾਇਆ ਕਰਦਾ ਹੈ। ਜਿਵੇਂ ਕਿ ਮਹਾਂਪੁਰਸ਼ਾਂ ਦਾ ਫੁਰਮਾਨ ਹੈ –

***ਆਇਆ ਬੁੱਲਾ ਪਉਣ ਦਾ ਚੜ੍ਹਿਆ ਕੱਖ ਅਕਾਸ਼।***
***ਢਹਿੰਦਾ ਢਹਿੰਦਾ ਢਹਿ ਪਿਆ ਕੱਖ ਕੱਖਾਂ ਦੇ ਪਾਸ।***

ਬਾਣੀ ਵਿਚ ਫੁਰਮਾਨ ਆਇਆ ਹੈ –

***ਫਿਰਦੀ ਫਿਰਦੀ ਦਹ ਦਿਸਾ ਜਲ ਪਰਬਤ ਬਨਰਾਇ॥***
***ਜਿਥੈ ਡਿਠਾ ਮਿਰਤਕੋ ਇਲ ਬਹਿਠੀ ਆਇ॥*** *ਪੰਨਾ – 322*

ਐਸਾ ਵੀ ਫੁਰਮਾਨ ਆਉਂਦਾ ਹੈ –

***ਛਾਣੀ ਖਾਕੁ ਬਿਭੂਤ ਚੜਾਈ ਮਾਇਆ ਕਾ ਮਗੁ ਜੋਹੈ॥***
***ਅੰਤਰਿ ਬਾਹਰਿ ਏਕੁ ਨ ਜਾਣੈ ਸਾਚੁ ਕਹੇ ਤੇ ਛੋਹੈ॥***
***ਪਾਠੁ ਪੜੈ ਮੁਖਿ ਝੂਠੋ ਬੋਲੈ ਨਿਗੁਰੇ ਕੀ ਮਤਿ ਓਹੈ॥***

***ਨਾਮੁ ਨ ਜਪਈ ਕਿਉ ਸੁਖੁ ਪਾਵੈ ਬਿਨੁ ਨਾਵੈ ਕਿਉ ਸੋਹੈ॥***
***ਮੂੰਡੁ ਮੁਡਾਇ ਜਟਾ ਸਿਖ ਬਾਧੀ ਮੋਨਿ ਰਹੈ ਅਭਿਮਾਨਾ॥***
***ਮਨੂਆ ਡੋਲੈ ਦਹ ਦਿਸ ਧਾਵੈ ਬਿਨੁ ਰਤ ਆਤਮ ਗਿਆਨਾ॥***
***ਪੰਨਾ – 1013***

ਐਸਾ ਵੀ ਫੁਰਮਾਨ ਆਉਂਦਾ ਹੈ –

***ਹਾਥ ਕਮੰਡਲੁ ਕਾਪੜੀਆ ਮਨਿ ਤ੍ਰਿਸਨਾ ਉਪਜੀ ਭਾਰੀ॥***
***ਇਸਤ੍ਰੀ ਤਜਿ ਕਰਿ ਕਾਮਿ ਵਿਆਪਿਆ ਚਿਤੁ ਲਾਇਆ ਪਰ ਨਾਰੀ॥***
***ਪੰਨਾ – 1013***

***ਧੂੰਅਰ ਤਾਪ ਗੇਰੀ ਕੇ ਬਸਤ੍ਰਾ॥***
***ਅਪਦਾ ਕਾ ਮਾਰਿਆ ਗ੍ਰਿਹ ਤੇ ਨਸਤਾ॥***
***ਦੇਸੁ ਛੋਡਿ ਪਰਦੇਸਹਿ ਧਾਇਆ॥***
***ਪੰਚ ਚੰਡਾਲ ਨਾਲੇ ਲੈ ਆਇਆ॥*** ***ਪੰਨਾ – 1348***

**3. ਇਕ ਇੰਦਰੇ ਬੈਰਾਗ** – ਤੀਸਰਾ ਬੈਰਾਗ ਇਕ ਇੰਦਰੇ ਬੈਰਾਗ ਹੁੰਦਾ ਹੈ। ਉਹ ਬੈਰਾਗ ਐਸਾ ਹੁੰਦਾ ਹੈ ਕਿ ਮਨ ਵਿਚ ਤਾਂ ਵਿਸ਼ੇ ਵਿਕਾਰ ਆਪਣਾ ਅਸਰ ਦਿਖਾਉਂਦੇ ਰਹਿੰਦੇ ਹਨ ਅਤੇ ਮਨ ਭੋਗਾਂ ਦੇ ਪਦਾਰਥਾਂ ਦੀ ਪ੍ਰਾਪਤੀ ਦੇ ਫੁਰਨੇ ਕਰਦਾ ਰਹਿੰਦਾ ਹੈ ਪਰ ਸਰੀਰ ਕਰਕੇ ਬਚਿਆ ਰਹਿੰਦਾ ਹੈ। ਜਿਸ ਬਾਰੇ ਫੁਰਮਾਨ ਹੈ –

***ਮੋਨੀ ਹੋਇ ਇਹ ਬੈਠਾ ਇਕਾਂਤੀ ਹਿਰਦੈ ਕਲਪਨ ਗਾਠਾ।***
***ਹੋਇ ਉਦਾਸੀ ਗ੍ਰਿਹੁ ਤਜਿ ਚਲਿਓ ਛੁਟਕੈ ਨਾਹੀ ਠਾਠਾ।***
***ਪੰਨਾ – 1003***

**4. ਯਤਮਾਨ ਬੈਰਾਗ** – ਇਸ ਦੇ ਲੱਛਣ ਇਹ ਹੋਇਆ ਕਰਦੇ ਹਨ ਕਿ ਮਹਾਂਪੁਰਸ਼ਾਂ ਦੇ ਮੁਖਾਰਬਿੰਦ ਤੋਂ ਇਹ ਸਰਵਣ ਕਰਨਾ ਕਿ ਸੰਸਾਰ ਅਮਿਤ ਹੈ, ਸੰਸਾਰ ਦੀਆਂ ਵਸਤੂਆਂ ਅਮਿਤ ਹਨ। ਪਰਿਵਾਰਕ ਮੋਹ, ਪ੍ਰਭੂ ਪ੍ਰਾਪਤੀ ਵਿਚ ਬੰਧਨ ਰੂਪ ਹੋ ਕੇ ਵਰਤਿਆ ਕਰਦੇ ਹਨ। ਜੀਵ ਦਾ ਪ੍ਰਮ ਮਨੋਰਥ ਇਸੇ ਜਨਮ ਵਿਚ ਪ੍ਰਭੂ ਦੀ ਪ੍ਰਾਪਤੀ ਹੈ ਜਿਵੇਂ ਕਿ ਫੁਰਮਾਨ ਹੈ –

***ਭਈ ਪਰਾਪਤਿ ਮਾਨੁਖ ਦੇਹੁਰੀਆ॥***
***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥***
***ਅਵਰਿ ਕਾਜ ਤੇਰੈ ਕਿਤੈ ਨ ਕਾਮ॥***
***ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥***
***ਸਰੰਜਾਮਿ ਲਾਗੁ ਭਵਜਲ ਤਰਨ ਕੈ॥***
***ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ॥*** ***ਪੰਨਾ – 12***

ਅਜਿਹਾ ਬਚਨ ਸੁਣ ਕੇ ਨਾਸ਼ਵਾਨ ਚੀਜ਼ਾਂ ਤੋਂ ਮਨ ਮੋੜ ਲੈਣਾ ਅਤੇ ਸਤਿ ਵਸਤੂ ਪ੍ਰਭੂ ਦਾ ਨਾਮ ਗੁਰੂ ਦਾ ਪਿਆਰ ਅਤੇ ਵਾਹਿਗੁਰੂ ਨੂੰ ਮਿਲਣ ਦੀ ਲੋਚਾ ਮਨ ਵਿਚ ਰੱਖ ਕੇ ਹੋਰ ਝੂਠੀਆਂ ਵਸਤੂਆਂ ਦਾ ਤਿਆਗ ਕਰ ਦੇਣਾ ਜਿਵੇਂ ਕਿ ਵਿਚਾਰ ਹੈ –

***ਕਹਤ ਕਬੀਰ ਚੇਤਿ ਰੇ ਅੰਧਾ॥ ਸਤਿ ਰਾਮੁ ਝੂਠਾ ਸਭੁ ਧੰਧਾ॥***
***ਪੰਨਾ – 326***

**5. ਵਿਤਰੇਕ ਬੈਰਾਗ** – ਇਹ ਬੈਰਾਗ ਸਹਿਜ ਨਾਲ ਆਉਂਦਾ ਹੈ। ਮਹਾਂਪੁਰਸ਼ਾਂ ਦੀ ਸੰਗਤ ਵਿਚ ਜਾ ਕੇ ਇਸ ਗੱਲ ਦਾ ਨਿਰਨਾ ਹੁੰਦਾ ਹੈ ਕਿ ਗਲਤ ਕੰਮ ਕਰਨ ਨਾਲ ਸ਼ਾਂਤੀ ਪ੍ਰਾਪਤ ਨਹੀਂ ਹੁੰਦੀ। ਆਦਮੀ ਦੇ ਔਗੁਣ ਉਸ ਦੇ ਹੱਥਾਂ ਤੇ ਪੈਰਾਂ ਵਿਚ ਹਥਕੜੀਆਂ ਤੇ ਬੇੜੀਆਂ ਬਣ ਕੇ ਨਰਕਾਂ ਵਿਚ ਲੈ ਜਾਂਦੇ ਹਨ। ਸਤਿਗੁਰੂ ਦੀ ਬਾਣੀ ਦੀ ਵਿਚਾਰ ਕਰਨੀ ਅਤੇ ਬੁਰਿਆਂ ਕੰਮਾਂ ਤੋਂ ਬਚ ਕੇ ਸੇਵਾ ਸਤਿਸੰਗ ਕਰਨਾ ਸ਼ੁਰੂ ਕਰਨਾ। ਜੀਵਨ ਨੂੰ ਬੈਰਾਗਮਈ ਬਣਾਉਣਾ ਵਿਤਰੇਕ ਬੈਰਾਗ ਕਹਾਇਆ ਕਰਦਾ ਹੈ। ਯਤਨ ਕਰ-ਕਰ ਕੇ ਗੁਣ ਧਾਰਨ ਕਰਨੇ ਅਤੇ ਔਗੁਣਾਂ ਨੂੰ ਅੰਦਰੋਂ ਕੱਢ ਦੇਣਾ ਕਿਉਂਕਿ ਐਸਾ ਨਿਸ਼ਚਾ ਪ੍ਰਪੱਕ ਹੋ ਜਾਇਆ ਕਰਦਾ ਹੈ ਕਿ ਦਰਗਾਹ ਵਿਚ ਜਾ ਕੇ ਪਾਪ ਕਰਨ ਵਾਲੇ ਨੂੰ ਲੇਖਾ ਦੇਣਾ ਪੈਣਾ ਹੈ। ਜਿਵੇਂ ਕਿ ਫੁਰਮਾਨ ਹੈ –

***ਲੈ ਫਾਹੇ ਰਾਤੀ ਤੁਰਹਿ ਪ੍ਰਭੁ ਜਾਣੈ ਪ੍ਰਾਣੀ॥***
***ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ॥***
***ਸੰਨੀ ਦੇਨਿ ਵਿਖੰਮ ਥਾਇ ਮਿਠਾ ਮਦੁ ਮਾਣੀ॥***
***ਕਰਮੀ ਆਪੋ ਆਪਣੀ ਆਪੇ ਪਛੁਤਾਣੀ॥***
***ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ॥ ਪੰਨਾ – 315***

ਇਹ ਨਿਸ਼ਚਾ ਕਰਕੇ ਇਹ ਪ੍ਰਤੱਖ ਭਾਸਣਾ ਕਿ –

***ਓਥੈ ਖੋਟੇ ਸਟੀਅਹਿ ਖਰੇ ਕੀਚਹਿ ਸਾਬਾਸਿ॥***
***ਬੋਲਣੁ ਫਾਦਲੁ ਨਾਨਕਾ ਦੁਖੁ ਸੁਖੁ ਖਸਮੈ ਪਾਸਿ॥ ਪੰਨਾ – 146***

ਅਤੇ ਇਨ੍ਹਾਂ ਮਹਾਂਵਾਕਾਂ ਨੂੰ ਪੂਰਨ ਨਿਸ਼ਚੇ ਨਾਲ ਅੰਦਰ ਧਾਰਨ ਕਰਨਾ ਜਿਵੇਂ ਕਿ-

***ਨਾਨਕ ਜੀਅ ਉਪਾਇ ਕੈ ਲਿਖਿ ਨਾਵੈ ਧਰਮੁ ਬਹਾਲਿਆ॥***
***ਓਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ॥***
***ਥਾਉ ਨ ਪਾਇਨਿ ਕੂੜਿਆਰ ਮੁਹ ਕਾਲ੍ਹੈ ਦੋਜਕਿ ਚਾਲਿਆ॥***
***ਤੇਰੈ ਨਾਇ ਰਤੇ ਸੇ ਜਿਣਿ ਗਏ ਹਾਰਿ ਗਏ ਸਿ ਠਗਣ ਵਾਲਿਆ॥***
***ਲਿਖਿ ਨਾਵੈ ਧਰਮੁ ਬਹਾਲਿਆ॥ ਪੰਨਾ – 463***

**6. ਵਸੀਕਾਰ ਬੈਰਾਗ** – ਇਸ ਵਿਚ ਮਹਾਂਪੁਰਸ਼ਾਂ ਦੇ ਬਚਨ ਸੁਣ ਕੇ ਆਪਣੇ ਅੰਦਰ ਆਸਰੀ ਸੰਪਰਦਾ ਦੇ ਯੋਧਿਆਂ ਨਾਲ ਹਰ ਸਮੇਂ ਜੰਗ ਕਰਨਾ ਅਤੇ ਉਨ੍ਹਾਂ ਦੀ ਮਾਰ ਤੋਂ, ਉਨ੍ਹਾਂ ਦੇ ਲੁਕ ਕੇ ਕਰਨ ਵਾਲੇ ਹਮਲਿਆਂ ਤੋਂ ਸਦਾ ਹੀ ਸਾਵਧਾਨ ਰਹਿਣਾ। ਜਾਗਦੇ ਰਹਿ ਕੇ ਸਤਿਸੰਗ ਦੀ ਓਟ ਧਾਰਨ ਕਰਕੇ ਅਤੇ ਮਹਾਂਪੁਰਖਾਂ ਦੀ ਸੰਗਤ ਕਰਕੇ ਇਨ੍ਹਾਂ ਦੁਸਟਾਂ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਤੋਂ ਆਪਣੇ ਆਪ ਨੂੰ ਬਚਾਉਣਾ ਅਤੇ ਕੋਸ਼ਿਸ਼ ਕਰਨੀ ਕਿ ਇਨ੍ਹਾਂ ਨੂੰ ਵਸ ਵਿਚ ਕਰ ਲਿਆ ਜਾਵੇ। ਅਜਿਹੇ ਵਿਚਾਰ ਜੋ ਵਿਸ਼ਿਆਂ ਤੋਂ ਬਚਾਉਣ ਉਨ੍ਹਾਂ ਉਤੇ ਸਦਾ ਹੀ ਵਿਚਾਰ ਕਰਦੇ ਰਹਿਣਾ।

***ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ॥ ਪੰਨਾ – 274***

*ਕਰਨ ਨ ਸੁਨੈ ਕਾਹੂ ਕੀ ਨਿੰਦਾ॥*
*ਸਭ ਤੇ ਜਾਨੈ ਆਪਸ ਕਉ ਮੰਦਾ॥* *ਪੰਨਾ - 274*

*ਮਿਥਿਆ ਸ੍ਰਵਨ ਪਰ ਨਿੰਦਾ ਸੁਨਹਿ॥*
*ਮਿਥਿਆ ਹਸਤ ਪਰ ਦਰਬ ਕਉ ਹਿਰਹਿ॥*
*ਮਿਥਿਆ ਨੇਤ੍ਰ ਪੇਖਤ ਪਰ ਤ੍ਰਿਅ ਰੂਪਾਦ॥*
*ਮਿਥਿਆ ਰਸਨਾ ਭੋਜਨ ਅਨ ਸ੍ਵਾਦ॥*
*ਮਿਥਿਆ ਚਰਨ ਪਰ ਬਿਕਾਰ ਕਉ ਧਾਵਹਿ॥*
*ਮਿਥਿਆ ਮਨ ਪਰ ਲੋਭ ਲੁਭਾਵਹਿ॥*
*ਮਿਥਿਆ ਤਨ ਨਹੀ ਪਰਉਪਕਾਰਾ॥*
*ਮਿਥਿਆ ਬਾਸੁ ਲੇਤ ਬਿਕਾਰਾ॥*
*ਬਿਨੁ ਬੂਝੇ ਮਿਥਿਆ ਸਭ ਭਏ॥*
*ਸਫਲ ਦੇਹ ਨਾਨਕ ਹਰਿ ਹਰਿ ਨਾਮ ਲਏ॥* *ਪੰਨਾ - 269*

ਇਨ੍ਹਾਂ ਮਹਾਂਵਾਕਾਂ ਉਪਰ ਵਿਚਾਰ ਕਰਕੇ ਹਿਰਦੇ ਵਿਚ ਧਾਰਨ ਕਰਨਾ ਅਤੇ ਉਸ ਦੇ ਮੁਤਾਬਿਕ ਆਪਣੇ ਮਨ ਨੂੰ ਕਾਬੂ ਕਰਕੇ ਪ੍ਰਭੂ ਦਾ ਸਿਮਰਨ ਕਰਨਾ, ਸੇਵਾ ਕਰਨਾ, ਗੁਰੂ ਦੇ ਸ਼ਬਦ ਦੀ ਕਮਾਈ ਕਰਨੀ।

**7. ਤੀਬਰ ਬੈਰਾਗ** – ਦੁਨੀਆਂ ਦੇ ਸਭ ਸੁਖਾਂ ਨੂੰ ਛੱਡ ਕੇ ਕੇਵਲ ਵਾਹਿਗੁਰੂ ਜੀ ਨਾਲ ਮਿਲਣ ਦੀ ਪ੍ਰਬਲ ਇੱਛਾ ਤੀਬਰ ਬੈਰਾਗ ਕਹਾਇਆ ਕਰਦੀ ਹੈ। ਅੰਮ੍ਰਿਤ ਵੇਲੇ ਉਠ ਕੇ ਆਲਸ ਦਾ ਤਿਆਗ ਕਰਕੇ ਇਸ਼ਨਾਨ ਆਦਿ ਕਰਕੇ ਨਿਤਨੇਮ ਅਨੁਸਾਰ ਸਿਮਰਨ ਕਰਨਾ, ਬਾਣੀ ਪੜ੍ਹਨੀ ਅਤੇ ਸਤਿ ਪੁਸਤਕਾਂ ਦੀ ਵਿਚਾਰ ਕਰਨਾ ਜਿਨ੍ਹਾਂ ਤੋਂ ਮਾਇਆ ਦੇ ਬੰਧਨਾਂ ਤੋਂ ਛੁਟਕਾਰਾ ਮਿਲੇ ਅਤੇ ਪ੍ਰਭੂ ਨਾਲ ਪਿਆਰ ਜਾਗੇ। ਇਹ ਬੈਰਾਗ ਅਤਿ ਉਚਾ ਹੋਇਆ ਕਰਦਾ ਹੈ। ਇਸ ਬੈਰਾਗ ਵਿਚ ਮਹਾਂਪੁਰਸ਼ਾਂ ਦੀ ਲੋਚਾ ਸਦਾ ਬਣੀ ਰਹਿੰਦੀ ਹੈ।

**8. ਤਰ ਤੀਬਰ ਬੈਰਾਗ** – ਇਹ ਬੈਰਾਗ ਉਸ ਪ੍ਰੇਮੀ ਨੂੰ ਪ੍ਰਾਪਤ ਹੁੰਦਾ ਹੈ ਜਿਸ ਨੇ ਨਿਰਨੇ ਪੂਰਵਕ ਜਾਣ ਲਿਆ ਹੈ ਕਿ ਦੁਨੀਆਂ ਦੇ ਵਿਚ ਪ੍ਰਾਪਤ ਹੋਣ ਵਾਲੀਆਂ ਵਡਿਆਈਆਂ, ਮਾਇਕ ਸੁਖ, ਮਿਤਰਾਂ-ਦੋਸਤਾਂ ਦੀਆਂ ਸੋਸਾਇਟੀਆਂ ਆਦਿ ਦਰਗਾਹ ਵਿਚ ਕੰਮ ਨਹੀਂ ਆਇਆ ਕਰਦੀਆਂ। ਇਨ੍ਹਾਂ ਸਾਰੀਆਂ ਚੀਜ਼ਾਂ ਨੂੰ ਪ੍ਰਮ ਪਦ ਦੀ ਪ੍ਰਾਪਤੀ ਲਈ ਨਿਸ਼ਚੇਪੂਰਵਕ ਵਿਘਨਕਾਰੀ ਸਮਝਣਾ ਅਤੇ ਸਾਧੂ ਦੀ ਸੰਗਤ ਦੀ ਹਰ ਵਕਤ ਲੋਚਾ ਕਰਨੀ। ਮਹਾਂਪੁਰਸ਼ਾਂ ਦੀ ਸੰਗਤ ਵਿਚ ਤੱਤ ਬਚਨ ਸਰਵਣ ਕਰਨੇ ਅਤੇ ਨਿਤਨੇਮ, ਬੰਦਗੀ ਕਰਨੀ, ਸੇਵਾ ਕਰਨੀ, ਸਤਿ ਸਾਸ਼ਤਰਾਂ ਦੀ ਵਿਚਾਰ ਕਰਨੀ, ਹਰ ਸਮੇਂ ਆਪਣੇ ਮਨ ਨੂੰ ਪ੍ਰਭੂ ਦੇ ਪਿਆਰ ਵਿਚ ਲੀਨ ਰੱਖਣਾ ਅਤੇ ਦੁਨੀਆਂ ਵਲ ਆਪਣੇ ਮਨ ਦਾ ਰੁੱਖ ਬਿਲਕੁਲ ਹੀ ਨਾ ਆਉਣ ਦੇਣਾ। ਨਾ ਸਵਰਗ ਦੀ ਆਸਾ ਮਨ ਵਿਚ ਰੱਖਣੀ, ਨਾ ਹੀ ਪੁਰੀਆਂ ਦੇ ਭੋਗਾਂ ਦੀ ਵਾਸ਼ਨਾ ਮਨ ਵਿਚ ਰੱਖਣੀ ਇਸ ਦੇ ਵਿਪਰੀਤ ਚਰਨ ਕਮਲ ਦੀ ਮੌਜ ਵਿਚ ਆਪਣਾ ਜੀਵਨ ਲਾਉਣ ਲਈ ਪੂਰਾ ਤਾਣ ਲਾਉਣਾ। ਮਹਾਂਪੁਰਸ਼ਾਂ ਨਾਲ ਪਿਆਰ ਕਰਨਾ ਅਤੇ ਉਨ੍ਹਾਂ ਦੀ ਆਗਿਆ ਵਿਚ ਰਹਿ ਕੇ ਜੀਵਨ ਬਤੀਤ ਕਰਨਾ। ਸੰਸਾਰ ਦੀਆਂ

ਪ੍ਰਾਪਤੀਆਂ, ਵਡਿਆਈਆਂ ਸਭ ਸੁਪਨੇ ਵਾਂਗਰ ਜਾਨਣੀਆਂ ਇਹ ਬੈਰਾਗ ਬਹੁਤ ਉਚੀ ਕਿਸਮ ਦਾ ਹੋਇਆ ਕਰਦਾ ਹੈ। ਬਾਣੀ ਵਿਚ ਫੁਰਮਾਨ ਹੈ -

***ਕਬੀਰ ਸੁਰਗ ਨਰਕ ਤੇ ਮੈ ਰਹਿਓ ਸਤਿਗੁਰ ਕੈ ਪਰਸਾਦਿ॥***
***ਚਰਨ ਕਮਲ ਕੀ ਮਉਜ ਮਹਿ ਰਹਉ ਅੰਤਿ ਅਰੁ ਆਦਿ॥***

***ਪੰਨਾ - 1370***

**9. ਤਰ ਤੀਬਰ ਤਰ ਤਮ ਬੈਰਾਗ** - ਇਸ ਬੈਰਾਗ ਨੂੰ ਪੂਰਨ ਬੈਰਾਗ ਆਖਿਆ ਜਾਂਦਾ ਹੈ। ਇਸ ਵਿਚ ਮਾਤ ਲੋਕ ਦੀ ਧਰਤੀ ਤੋਂ ਲੈ ਕੇ ਬ੍ਰਹਮ ਲੋਕ ਤਕ ਪ੍ਰਾਪਤ ਹੋਣ ਵਾਲੇ ਸੁਖਾਂ ਨੂੰ ਕਾਂ ਦੀ ਬਿੱਠ ਸਮਾਨ ਸਮਝ ਕੇ ਪੂਰਨ ਰੂਪ ਵਿਚ ਤਿਆਗ ਕਰਨਾ।

***ਬ੍ਰਹਮਾ ਇੰਦ੍ਰ ਆਦਿ ਲੌਂ ਹੋਤ ਦੇਹ ਧਰ ਭੋਗ॥***
***ਕਾਕ ਬਿਸ਼ਟਾ ਸਮ ਜੇ ਗਿਨੇ ਬੀਤਰਾਗ ਤੇ ਲੋਗ॥***

***ਅਧਿਆਤਮ ਪ੍ਰਕਾਸ਼***

ਅਤੇ ਵਿਚਾਰ ਸਾਗਰ ਵਿਚ ਮਹਾਂਪੁਰਸ਼ਾਂ ਨੇ ਇਸ ਸਾਰੇ ਵਿਸ਼ੇ ਉਪਰ ਵਿਚਾਰ ਕਰਕੇ ਫੁਰਮਾਨ ਕੀਤਾ ਹੈ -

***ਬ੍ਰਹਮ ਲੋਕ ਲੌਂ ਭੋਗ ਜੋ ਚਹੈ ਸਭਨ ਕੋ ਤਿਆਗ॥***
***ਬੇਦ ਅਰਥ ਗਿਆਤਾ ਮੁਨੀ ਕਹਿਤ ਤਾਹਿ ਬੈਰਾਗ॥ ਵਿਚਾਰ ਸਾਗਰ***

ਵਿਵੇਕ ਅਤੇ ਬੈਰਾਗ ਮਨ ਵਿਚ ਧਾਰੇ ਬਗੈਰ ਪ੍ਰਮਾਰਥ ਦੇ ਰਸਤੇ ਚਲਣਾ ਅਤਿ ਕਠਿਨ ਹੈ। ਕਿਉਂਕਿ ਦੁਨੀਆਂ ਦੀਆਂ ਪ੍ਰਾਪਤੀਆਂ, ਦੁਨੀਆਂ ਦੀਆਂ ਜੈ-ਜੈਕਾਰਾਂ, ਸੁਆਰਥੀਆਂ ਦੇ ਝੁਰਮਟ ਜਗਿਆਸੂ ਨੂੰ ਪ੍ਰਮਾਰਥ ਦੇ ਰਾਹ ਤੇ ਚਲਣ ਵਿਚ ਭਾਰੀ ਰੁਕਾਵਟਾਂ ਪਾਉਂਦੇ ਹਨ। ਵਿਵੇਕ ਬਿਰਤੀ ਨਿਰਨਾ ਕਰਦੀ ਹੈ, ਸਤਿ ਦੀ ਪ੍ਰਾਪਤੀ ਵਾਸਤੇ ਪ੍ਰਕਾਸ਼ ਬਖਸ਼ਦੀ ਹੈ, ਉਤਸ਼ਾਹ ਦਿੰਦੀ ਹੈ। ਬੈਰਾਗ ਮਾਇਆ ਦੇ ਪਏ ਹੋਏ ਬੰਧਨਾਂ ਨੂੰ ਤੋੜਦਾ ਹੈ।

ਬੈਰਾਗ ਦੇ ਵਸ ਹੋਏ ਹੋਏ ਹੀ ਬੇਅੰਤ ਸਾਧਕ, ਸਿਧ, ਪੀਰ, ਔਲੀਏ, ਸਾਧੂ, ਸੰਤ ਸੰਸਾਰਕ ਝਮੇਲਿਆਂ ਨੂੰ ਪਿੱਠ ਦੇ ਕੇ ਘਾਲਣਾ ਕਰ-ਕਰ ਕੇ ਪ੍ਰਮ ਪਦ ਦੀ ਪ੍ਰਾਪਤੀ ਕਰਨ ਦੇ ਅਧਿਕਾਰੀ ਬਣ ਗਏ। ਇਸ ਤਰ੍ਹਾਂ ਦੀਆਂ ਹੋਰ ਰੂਹਾਨੀ ਪਉੜੀਆਂ ਹਨ ਜਿਨ੍ਹਾਂ ਉਪਰੋਂ ਜਗਿਆਸੂ ਨੂੰ ਚੜ੍ਹ ਕੇ ਉਚ ਅਵਸਥਾ ਦੀ ਪ੍ਰਾਪਤੀ ਕਰਨ ਲਈ ਆਪਣੀ ਚੜ੍ਹਾਈ ਕਰਨੀ ਪੈਂਦੀ ਹੈ ਜਿਨ੍ਹਾਂ ਵਿਚੋਂ ਖਟਸਮਤੀ, ਜਿਸ ਦੇ ਬਾਰੇ ਵਿਚਾਰ ਸਾਗਰ ਵਿਚ ਦਸਿਆ ਗਿਆ ਹੈ -

***ਸਮ, ਦਮ, ਸ਼ਰਧਾ ਤੀਸਰੀ ਸਮਾਧਾਨ ਉਪਰਾਮ॥***
***ਛਠੀ ਤਿਤਿਕਸ਼ਾ ਜਾਣੀਏ ਭਿੰਨ ਭਿੰਨ ਇਹ ਨਾਮ॥ ਵਿਚਾਰ ਸਾਗਰ***

ਇਨ੍ਹਾਂ ਦੀ ਵਿਆਖਿਆ ਮਹਾਂਪੁਰਸ਼ ਹਰ ਸਮੇਂ ਕਰਦੇ ਰਹਿੰਦੇ ਹਨ।

ਚਾਰ ਅੰਤਰੀਵ ਸਾਧਨ ਹਨ ਜਿਨ੍ਹਾਂ ਨੂੰ ਸੁਣਨਾ, ਮੰਨਣਾ, ਨਿਧਿਆਸਣ ਅਤੇ ਪ੍ਰਾਪਤੀ ਕਹਿੰਦੇ ਹਨ। ਮਹਾਂਪੁਰਸ਼ ਇਸ ਦੀ ਵਿਚਾਰ ਵਿਸਥਾਰ ਪੂਰਵਕ ਸਦਾ ਹੀ ਆਪਣੇ ਸਤਿਸੰਗਾਂ ਵਿਚ ਕਰਦੇ ਰਹਿੰਦੇ ਹਨ। ਮਹਾਂਪੁਰਸ਼ਾਂ ਦਾ ਜੀਵਨ ਪੂਰਨ ਰੂਪ ਵਿਚ ਸਤਿ ਤੇ ਅਧਾਰਿਤ ਹੋਇਆ ਕਰਦਾ ਹੈ ਜਿਸ ਵਿਚ

ਨਾ ਦਿਖਾਵੇ ਨੂੰ ਦਾਖਲ ਹੋਣ ਦੀ ਕੋਈ ਗੁਜਾਇੰਸ਼ ਹੈ ਉਹ ਸਦਾ ਹੀ ਪ੍ਰਭੂ ਪਿਆਰ ਵਿਚ ਲੀਨ ਰਹਿੰਦੇ ਹਨ। ਉਹ ਪ੍ਰਭੂ ਦੇ ਭਾਣੇ ਵਿਚ ਸ਼ਾਕਰ ਰਹਿੰਦੇ ਹਨ। ਉਹ ਕਿਸੇ ਅੱਗੇ ਹੱਥ ਨਹੀਂ ਅੱਡਦੇ ਅਤੇ ਨਾ ਹੀ ਮਾਇਆ ਇਕੱਠੀ ਕਰਨ ਲਈ ਕੋਈ ਪ੍ਰੋਗਰਾਮ ਬਣਾਉਂਦੇ ਹਨ। ਉਹ ਤਾਂ ਪਿਆਰ ਵਿਚ ਹੀ ਲੀਨ ਰਹਿੰਦੇ ਹਨ। ਇਕ ਕਵੀ ਨੇ ਇਸ ਅਵਸਥਾ ਨੂੰ ਇਸ ਤਰ੍ਹਾਂ ਨਾਲ ਸਮਝਾਇਆ ਹੈ ਕਿ ਪ੍ਰਭੂ ਪਿਆਰਿਆਂ ਦੇ ਹਿਰਦੇ ਵਿਚ ਸਦਾ ਹੀ ਨਿਮਰਤਾ ਦਾ ਵਾਸਾ ਹੁੰਦਾ ਹੈ ਜਿਹੜੇ ਉਨ੍ਹਾਂ ਦਾ ਵੱਡਾ ਭੂਸ਼ਣ (ਗਹਿਣਾ) ਹੋਇਆ ਕਰਦਾ ਹੈ। ਉਹ ਸਾਰਿਆਂ ਵਿਚ ਇਕ ਪ੍ਰਭੂ ਨੂੰ ਦੇਖਦੇ ਹਨ, ਦ੍ਵੈਤ ਦੀ ਦ੍ਰਿਸ਼ਟੀ ਉਨ੍ਹਾਂ ਵਿਚੋਂ ਖਤਮ ਹੋ ਜਾਇਆ ਕਰਦੀ ਹੈ ਜਿਵੇਂ ਕਿ –

***ਚੋਲਾ ਪਹਿਰ ਗਰੀਬੀ ਦਾ ਜਗ, ਸੰਤ ਸੁਖਾਲੇ ਹੋਏ।***
***ਨ ਕਿਸੇ ਰੰਜ ਨ ਆਪ ਰੰਜੀਵਨ ਮਰਨ ਥੀ ਆਗੇ ਮੋਏ।***
***ਨਿੰਦਾ ਕ੍ਰੋਧ ਨੂੰ ਦਈ ਵਿਦੈਗੀ ਬਾਦ ਬਿਬਾਦ ਸਭ ਖੋਏ।***
***ਲਾਲ ਲੱਧਾ ਲੈ ਪਲੇ ਬੱਧਾ ਦਾਸ ਸੇਵਾ ਚਰਨ ਤਿਨ ਧੋਏ।***

***ਹਰਦਮ ਖਾਲਕ ਯਾਦ ਜਿਨ੍ਹਾਂ ਨੂੰ ਕਿਉਂ ਕੱਢਣ ਲੋਕਾਂ ਦੀਆਂ ਕਾਣਾਂ।***
***ਹੱਥ ਜਿਨ੍ਹਾਂ ਦੇ ਪਾਰਸ ਚੜ੍ਹਿਆ ਕਿਉਂ ਮੰਗਣ ਦਾਨਾ ਦਾਣਾ।***
***ਜੋ ਚਿਤਵਣ ਸੋ ਸਾਹਿਬ ਮੰਨੇ ਸਭ ਕਰੇ ਤਿਨ੍ਹਾਂ ਦਾ ਭਾਣਾ।***
***ਓਹ ਰੱਬ ਦੇ ਤੇ ਰੱਬ ਓਹਨਾਂ ਦਾ ਜਿਨ੍ਹਾਂ ਛੱਡਿਆ ਹਭੋ ਮਾਣਾ।***

ਐਸੀ ਅਵਸਥਾ ਮਹਾਂਪੁਰਸ਼ਾਂ ਦੀ ਹੋਇਆ ਕਰਦੀ ਹੈ।

ਸੰਤ ਮਹਾਰਾਜ ਜੀ ਰਾੜੇ ਸਾਹਿਬ ਦੀ ਢੱਕੀ ਵਿਚ ਕੀਤੀ ਤਪਸਿਆ ਨੇ ਉਸ ਥਾਂ ਨੂੰ ਐਨਾ ਪਵਿੱਤਰ ਬਣਾ ਦਿਤਾ ਹੈ ਕਿ ਉਹ ਟਿੱਬੇ ਜਿਹੜੇ ਅੱਜ ਖੇਤਾਂ ਵਿਚ ਬਦਲ ਚੁਕੇ ਹਨ ਉਥੇ ਜੇ ਥੋੜ੍ਹੇ ਮਿੰਟਾਂ ਲਈ ਨੇਤਰ ਬੰਦ ਕਰਕੇ ਬੈਠ ਜਾਓ ਤਾਂ ਸੁਰਤੀ ਇਕ ਦਮ ਇਕਾਗਰ ਹੋ ਕੇ ਨਾਮ ਦੀ ਰੌਂ ਚਲ ਪਿਆ ਕਰਦੀ ਹੈ। ਉਨ੍ਹਾਂ ਦਿਨਾਂ ਵਿਚ ਜਿਥੇ ਕਿਤੇ ਵੀ ਮਹਾਂਪੁਰਸ਼ ਆਪਣੇ ਅਸਥਾਨਾਂ ਵਿਚ ਪ੍ਰਭੂ ਦੇ ਪਿਆਰ ਵਿਚ ਰਹਿੰਦੇ ਸਨ ਉਨ੍ਹਾਂ ਸਾਰਿਆਂ ਦੇ ਹੀ ਜੀਵਨ ਬਹੁਤ ਹੀ ਪ੍ਰੇਰਨਾ ਦਾਇਕ ਸਨ। ਉਨ੍ਹਾਂ ਦੀਆਂ ਕਥਾਵਾਂ ਸੁਣ ਕੇ ਅੱਜ ਉਤਮ ਜਗਿਆਸੂਆਂ ਨੂੰ ਪ੍ਰੇਰਨਾ ਮਿਲਦੀ ਹੈ। ਅਜਿਹੇ ਮਹਾਂਪੁਰਸ਼ਾਂ ਵਿਚ ਸੰਤ ਮੱਘਰ ਸਿੰਘ ਜੀ ਰਾਮਗੜ੍ਹ ਵਾਲੇ ਜੋ ਬਹੁਤ ਮਜ਼ਬੂਤ ਕੱਦ ਵਾਲੇ ਸਨ। ਫੌਜ ਵਿਚ ਆਪ ਨੇ ਸਰਵਿਸ ਕੀਤੀ ਸੀ। ਆਪ ਜੀ ਬਹੁਤ ਉਚੀ ਅਵਾਜ਼ ਵਿਚ ਕੀਰਤਨ ਕਰਿਆ ਕਰਦੇ ਸਨ। ਮਲਵਈ ਧਾਰਨਾ ਵਿਚ ਜਦੋਂ ਕੀਰਤਨ ਕਰਦੇ ਸਨ ਅਤੇ ਗੁਰੂ ਦਸ਼ਮੇਸ਼ ਪਿਤਾ ਦੀ ਬਾਣੀ ਵਿਚੋਂ ਕਬਿੱਤ ਸਵਈਏ ਪੜ੍ਹਿਆ ਕਰਦੇ ਸਨ ਤਾਂ ਇਕ ਤਰ੍ਹਾਂ ਨਾਲ ਜਗਿਆਸੂਆਂ ਨੂੰ ਮੋਹ ਲਿਆ ਕਰਦੇ ਸਨ। ਇਸੇ ਤਰ੍ਹਾਂ ਨਾਲ ਮਾਲਵੇ ਵਿਚ ਮਸ਼ਹੂਰ ਵਿਦਵਾਨ ਸੰਤ ਚੰਦਾ ਸਿੰਘ ਜੀ ਕੱਟੂ ਵਾਲੇ, ਗਿਆਨੀ ਇੰਦਰ ਸਿੰਘ ਜੀ ਮੋਗੇ ਵਾਲੇ ਹੋਏ ਹਨ ਜਿਨ੍ਹਾਂ ਨੇ ਅਨੇਕਾਂ ਜਗਿਆਸੂਆਂ ਨੂੰ ਨਸ਼ਿਆਂ ਵਿਚੋਂ ਕੱਢ ਕੇ ਗੁਰੂ ਦੇ ਲੜ ਲਾ ਕੇ ਉਚੀਆਂ ਅਵਸਥਾਵਾਂ ਵਿਚ ਪਹੁੰਚਾਇਆ। ਇਹ ਸਮਾਂ ਹੀ ਕੁਝ ਐਸਾ ਸੀ ਕਿ ਇਸ ਸਮੇਂ ਵਿਚ ਭੇਖੀ ਸੰਤ ਕਦੇ ਕੋਈ ਸੁਣਿਆ ਹੀ ਨਹੀਂ

ਸੀ। ਇਕ ਤੋਂ ਇਕ ਚੜ੍ਹ ਕੇ ਤਪਸਿਆ ਕਰਨ ਵਾਲੇ, ਸੇਵਾ ਕਰਨ ਵਾਲੇ ਮਹਾਤਮਾ ਸਨ। ਸੰਤ ਸੁੰਦਰ ਸਿੰਘ ਜੀ ਬੋਪਾਰਾਏ ਵਾਲੇ ਜਿਨ੍ਹਾਂ ਨੂੰ ਭਿੰਡਰਾਂਵਾਲੇ ਵੀ ਆਖਿਆ ਜਾਂਦਾ ਹੈ, ਪੂਰਨ ਬ੍ਰਹਮਗਿਆਨੀ ਸਨ ਜਦੋਂ ਆਪ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੀ ਕਥਾ ਕਰਦੇ ਸਨ ਤਾਂ ਕਪਾਟ ਖੁਲ੍ਹਦੇ ਜਾਇਆ ਕਰਦੇ ਸਨ। ਆਪ ਜੀ ਨੇ ਅਨੇਕ ਗੁਰਮਤਿ ਵਿਦਿਆਰਥੀਆਂ ਨੂੰ ਗੁਰੂ ਗ੍ਰੰਥ ਸਾਹਿਬ ਜੀ, ਦਸਮ ਗ੍ਰੰਥ ਦੀ, ਭਾਈ ਗੁਰਦਾਸ ਜੀ ਦੀਆਂ ਵਾਰਾਂ, ਕੱਬਿਤ ਸਵਈਏ ਆਦਿ ਕਠਨ ਗ੍ਰੰਥ ਅਤੇ ਹੋਰ ਆਨ ਮਤਾਂ ਦੇ ਗ੍ਰੰਥਾਂ ਦੇ ਵਿਸਥਾਰ ਪੂਰਵਕ ਅਰਥ ਕਰਕੇ ਸਮਝਾਏ। ਆਪ ਜੀ ਕਰਨੀ ਕਮਾਈ ਵਿਚ ਬਹੁਤ ਹੀ ਪਹੁੰਚੇ ਹੋਏ ਸਨ। ਇਕ ਵਾਰੀ ਆਪ ਜੀ ਬਿਮਾਰ ਸਨ ਅਤੇ ਡਾਕਟਰ ਦੀਵਾਨ ਸਿੰਘ ਨੇ ਜਦੋਂ ਉਨ੍ਹਾਂ ਦੇ ਸਰੀਰ ਵਿਚ ਖ਼ੂਨ ਤੇ ਕਫ ਆਦਿ ਅਤੇ ਫੇਫੜਿਆਂ ਨੂੰ ਵੇਖਣ ਲਈ ਸਟੈਥੋ ਸਕੋਪ ਰਾਹੀਂ ਜਾਨਣ ਦੀ ਕੋਸ਼ਿਸ਼ ਕੀਤੀ ਤਾਂ ਆਪ ਫੇਫੜਿਆਂ ਨੂੰ ਪਰਖਣ ਲਈ ਸਟੈਥੋ ਸਕੋਪ ਲਾ ਕੇ ਹੌਲੀ-ਹੌਲੀ ਲੱਤਾਂ ਤੋਂ ਹੁੰਦੇ ਹੋਏ ਪੈਰਾਂ ਤਕ ਪੁਜ ਗਏ ਅਤੇ ਫੇਰ ਮੱਥੇ ਅਤੇ ਸੀਸ ਨੂੰ ਲਾ ਕੇ ਦੇਖਿਆ ਤਾਂ ਬਹੁਤ ਹੀ ਹੈਰਾਨ ਹੋ ਗਏ। ਮਹਾਂਪੁਰਸ਼ਾਂ ਨੇ ਪੁਛਿਆ ਕਿ ਡਾਕਟਰ ਜੀ! ਅਸੀਂ ਐਨਾ ਤਾਂ ਜਾਣਦੇ ਹਾਂ ਕਿ ਸਟੈਥੋ ਸਕੋਪ ਨਾਲ ਬਲਗਮ ਦੀ ਅਵਾਜ਼ ਸੁਣੀ ਜਾਂਦੀ ਹੈ, ਦਿਲ ਉਪਰ ਲਾ ਕੇ ਦਿਲ ਦੀ ਧੜਕਣ ਨੂੰ ਨਾਪਿਆ ਜਾਂਦਾ ਹੈ ਅਤੇ ਖ਼ੂਨ ਦੀਆਂ ਨਾੜੀਆਂ ਉਪਰ ਲਾ ਕੇ ਖ਼ੂਨ ਦੀ ਚਾਲ ਦੇਖੀ ਜਾਂਦੀ ਹੈ ਪਰ ਤੁਸੀਂ ਇਹ ਸਾਰੇ ਸਰੀਰ ਉਪਰ ਕਿਉਂ ਲਾਇਆ? ਤਾਂ ਡਾ. ਦੀਵਾਨ ਸਿੰਘ ਜੀ ਨੇ ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ ਕਿ ਆਪ ਭਾਣੇ ਦੇ ਮਾਲਕ ਹੋਂ। ਆਪ ਦੀ ਬਿਮਾਰੀ ਬਾਰੇ ਅਸੀਂ ਕੋਈ ਨਿਰਨਾ ਨਹੀਂ ਲੈ ਸਕਦੇ। ਇਹ ਤੁਹਾਡੀ ਮੌਜ ਹੈ ਜੇ ਤੁਸੀਂ ਚਾਹੋ ਤਾਂ ਆਪਣੇ ਆਪ ਹੀ ਪੂਰਨ ਰੂਪ ਵਿਚ ਸਵੱਸਥ ਹੋ ਸਕਦੇ ਹੋ। ਅਸਾਨੂੰ ਤਾਂ ਆਪ ਨੇ ਵਾਧੂ ਦੀ ਸੇਵਾ ਬਖਸ਼ੀ ਹੋਈ ਹੈ। ਬਹੁਤ ਸਾਰੀ ਸੰਗਤ ਮਹਾਂਪੁਰਸ਼ਾਂ ਦੇ ਸਾਮ੍ਹਣੇ ਬੈਠੀ ਸੀ ਅਤੇ ਹੈਰਾਨ ਹੋਈ ਕਿ ਡਾ. ਨੇ ਕੀ ਗੱਲ ਕਰ ਦਿਤੀ। ਜਦੋਂ ਮਹਾਂਪੁਰਸ਼ਾਂ ਨੇ ਫੇਰ ਖੋਲ੍ਹ ਕੇ ਪੁਛਿਆ ਕਿ ਤੁਹਾਨੂੰ ਕੀ ਨਿਰਨਾ ਪ੍ਰਾਪਤ ਹੋਇਆ ਹੈ ਤਾਂ ਡਾ. ਦੀਵਾਨ ਸਿੰਘ ਜੀ ਨੇ ਦੱਸਿਆ ਕਿ ਮਹਾਂਪੁਰਸ਼ੋ! ਮੈਂ ਸਟੈਥੋ ਸਕੋਪ ਨਾਲ ਸਚਮੁੱਚ ਹੀ ਫੇਫੜਿਆਂ ਵਗੈਰਾ ਨੂੰ examine ਕਰ ਰਿਹਾ ਸਾਂ ਪਰ ਮੈਂ ਹੈਰਾਨ ਹੋ ਗਿਆ ਕਿ ਸਰੀਰ ਵਿਚ ਇਕ ਇੰਚ ਵੀ ਥਾਂ ਐਸਾ ਨਹੀਂ ਜਿਥੋਂ ਵਾਹਿਗੁਰੂ ਨਾਮ ਦਾ ਉਚਾਰਨ ਮੈਨੂੰ ਨਾ ਸੁਣਿਆ ਹੋਵੇ। ਮੈਨੂੰ ਨਹੀਂ ਪਤਾ ਮੇਰਾ ਇਹ ਜੰਤਰ ਕੰਮ ਕਰਨ ਤੋਂ ਹਟ ਗਿਆ ਹੈ ਜਾਂ ਆਪ ਦੇ ਸਰੀਰ ਅੰਦਰ ਵਾਹਿਗੁਰੂ ਮੰਤਰ ਦਾ ਐਨਾ ਵੇਗ ਹੈ ਕਿ ਇਸ ਮੰਤਰ ਤੋਂ ਬਿਨ੍ਹਾਂ ਹੋਰ ਕੁਝ ਸੁਣਾਈ ਹੀ ਨਹੀਂ ਦੇ ਰਿਹਾ। ਮਹਾਂਪੁਰਸ਼ਾਂ ਨੇ ਸੁਣਿਆ ਅਤੇ ਮੁਸਕਰਾ ਦਿਤਾ ਕਿ ਭਾਈ ਡਾ. ਜੀ! ਅਸਾਡਾ ਸਰੀਰ ਤਾਂ ਜਿਵੇਂ ਸਰੀਰ ਹੁੰਦਾ ਹੈ ਉਸੇ ਤਰ੍ਹਾਂ ਦਾ ਹੀ ਹੈ ਪਰ ਤੇਰੇ ਤੇ ਹੀ ਗੁਰੂ ਮਹਾਰਾਜ ਨੇ ਕ੍ਰਿਪਾ ਕਰ ਦਿਤੀ ਕਿ ਤੈਨੂੰ ਸਾਡੇ ਸਰੀਰ ਵਿਚੋਂ ਵਾਹਿਗੁਰੂ ਨਾਮ ਦੀ ਧੁਨੀ ਹੀ ਸੁਣਦੀ ਰਹੀ ਇਹ ਤਾਂ ਤੇਰੇ ਅੰਦਰਲੀ ਅਵਸਥਾ ਹੀ ਹੈ ਜੋ ਵੱਡੇ ਭਾਗਾਂ ਨਾਲ ਪ੍ਰਾਪਤ ਹੋਇਆ ਕਰਦੀ ਹੈ ਜਿਵੇਂ ਕਿ ਬਾਣੀ ਵਿਚ ਫੁਰਮਾਨ ਹੈ -

***ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ***
***ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ॥*** ***ਪੰਨਾ - 1265***

ਅਤੇ

***ਧਰਤਿ ਪਾਤਾਲੁ ਆਕਾਸੁ ਹੈ ਮੇਰੀ ਜਿੰਦੁੜੀਏ***
***ਸਭ ਹਰਿ ਹਰਿ ਨਾਮੁ ਧਿਆਵੈ ਰਾਮ॥***
***ਪਉਣੁ ਪਾਣੀ ਬੈਸੰਤਰੋ ਮੇਰੀ ਜਿੰਦੁੜੀਏ***
***ਨਿਤ ਹਰਿ ਹਰਿ ਹਰਿ ਜਸੁ ਗਾਵੈ ਰਾਮ॥***
***ਵਣੁ ਤ੍ਰਿਣੁ ਸਭੁ ਆਕਾਰੁ ਹੈ ਮੇਰੀ ਜਿੰਦੁੜੀਏ***
***ਮੁਖਿ ਹਰਿ ਹਰਿ ਨਾਮੁ ਧਿਆਵੈ ਰਾਮ॥*** ***ਪੰਨਾ - 540***

ਮਹਾਂਪੁਰਸ਼ਾਂ ਨੇ ਅਵਸਥਾ ਨੂੰ ਟਾਲਦਿਆਂ ਹੋਇਆਂ ਡਾ. ਦੀ ਹੀ ਗੱਲ ਕੀਤੀ ਕਿਉਂਕਿ ਅਤਿ ਉਤਮ ਮਹਾਂਪੁਰਸ਼ਾਂ ਦਾ ਗੁਣ ਹੈ ਕਿ ਆਪਣੀ ਅਵਸਥਾ ਨੂੰ ਕਦੇ ਵੀ ਪ੍ਰਗਟ ਨਹੀਂ ਕਰਦੇ। ਇਸ ਗੱਲ ਨੂੰ ਸੰਤ ਗੁਰਬਚਨ ਸਿੰਘ ਜੀ ਖਾਲਸਾ ਭਿੰਡਰਾਂ ਵਾਲਿਆਂ ਨੇ ਵੀ ਸੁਣਿਆ। ਆਪ ਜੀ ਨੇ ਮਹਾਂਪੁਰਸ਼ਾਂ ਪਾਸ ਬੇਨਤੀ ਕੀਤੀ ਕਿ ਜਿਵੇਂ ਆਪ ਨੇ ਡਾ. ਦੀਵਾਨ ਸਿੰਘ ਤੇ ਕ੍ਰਿਪਾ ਕਰਕੇ ਆਪਣੇ ਰੋਮ-ਰੋਮ ਵਿਚੋਂ ਨਾਮ ਦੀ ਧੁਨੀ ਸੁਣਾਈ ਹੈ ਆਪ ਦਾਸ ਉਪਰ ਵੀ ਕ੍ਰਿਪਾ ਕਰਕੇ ਇਸ ਅਵਸਥਾ ਤੋਂ ਜਾਣੂ ਕਰਾਓ। ਉਸ ਸਮੇਂ ਮਹਾਂਪੁਰਸ਼ਾਂ ਨੂੰ ਦਇਆ ਆਈ ਤੇ ਕਹਿਣ ਲੱਗੇ, ਗੁਰਸਿੱਖਾ! ਸਾਰੀ ਸ੍ਰਿਸ਼ਟੀ ਵਿਚ ਨਾਮ ਦੀ ਧੁਨ ਚਲ ਰਹੀ ਹੈ ਇਸ ਨਾਮ ਦੀ ਧੁਨ ਦੇ ਆਸਰੇ ਹੀ ਖੰਡ, ਬ੍ਰਹਿਮੰਡ ਆਪਣੀ ਚਾਲ ਵਿਚ ਸੀਮਤ ਅਤੇ ਨਿਯਮਤ ਰਹਿ ਕੇ ਆਪਣਾ ਕਾਰਜ ਕਰ ਰਹੇ ਹਨ। ਨਾਮ ਤੋਂ ਬਿਨਾਂ ਤਾਂ ਕੋਈ ਥਾਂ ਨਹੀਂ ਜਿਥੇ ਨਾਮ ਧੁਨ ਨਾ ਹੋਵੇ। ਸੁਖਮਨੀ ਸਾਹਿਬ ਵਿਚ ਤੁਸੀਂ ਹਰ ਰੋਜ਼ ਪੜ੍ਹਦੇ ਹੀ ਹੋ -

***ਸੋ ਅੰਤਰਿ ਸੋ ਬਾਹਰਿ ਅਨੰਤ॥ ਘਟਿ ਘਟਿ ਬਿਆਪਿ ਰਹਿਆ ਭਗਵੰਤ॥***
***ਧਰਨਿ ਮਾਹਿ ਆਕਾਸ ਪਇਆਲ॥ ਸਰਬ ਲੋਕ ਪੂਰਨ ਪ੍ਰਤਿਪਾਲ॥***
***ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ॥ ਜੈਸੀ ਆਗਿਆ ਤੈਸਾ ਕਰਮੁ॥***
***ਪਉਣ ਪਾਣੀ ਬੈਸੰਤਰ ਮਾਹਿ॥ ਚਾਰਿ ਕੁੰਟ ਦਹ ਦਿਸੇ ਸਮਾਹਿ॥***
***ਤਿਸ ਤੇ ਭਿੰਨ ਨਹੀ ਕੋ ਠਾਉ॥ ਗੁਰ ਪ੍ਰਸਾਦਿ ਨਾਨਕ ਸੁਖੁ ਪਾਉ॥***
***ਪੰਨਾ - 293***

ਆਪ ਨੇ ਹੁਕਮ ਕੀਤਾ ਕਿ ਭਾਈ ਗੁਰਬਚਨ ਸਿੰਘ ਜੀ! ਤੁਸੀਂ ਜਿਸ ਦਰਵਾਜ਼ੇ ਕੋਲ ਖੜ੍ਹੇ ਹੋਂ ਇਸ ਦਰਵਾਜ਼ੇ ਨਾਲ ਕੰਨ੍ਹ ਲਾ ਕੇ ਸੁਣੋ? ਉਹ ਹੈਰਾਨ ਹੋ ਗਏ ਕਿ ਇਕ ਬਹੁਤ ਹੀ ਅਤਿ ਪਿਆਰੀ ਧੁਨ ਸੁਣਨ ਲਗੀ। ਕੰਧ ਨੂੰ ਕੰਨ ਲਾਏ ਤਾਂ ਕੰਧ ਵਿਚੋਂ ਵੀ ਓਹੀ ਧੁਨੀ ਸੁਣਦੀ ਰਹੀ ਅਤੇ ਨਿਰਨਾ ਕਰਿਆ ਕਿ ਗੁਰਬਾਣੀ ਵਿਚ ਜੋ ਬਚਨ ਆਏ ਹਨ ਸਚਮੁਚ ਹੀ ਸਾਰੀਆਂ ਚੀਜ਼ਾਂ ਵਿਚ ਨਾਮ ਦੀ ਧੁਨ ਹੈ ਅਤੇ ਨਾਮ ਨੇ ਹੀ ਸਾਰੀ ਸ੍ਰਿਸ਼ਟੀ ਨੂੰ ਧਾਰਨ ਕੀਤਾ ਹੋਇਆ ਹੈ -

***ਨਾਮ ਕੇ ਧਾਰੇ ਸਗਲੇ ਜੰਤ॥ ਨਾਮ ਕੇ ਧਾਰੇ ਖੰਡ ਬ੍ਰਹਮੰਡ॥***
***ਪੰਨਾ - 284***

ਅਜਿਹੇ ਮਹਾਤਮਾ ਉਸ ਸਮੇਂ ਵਿਚ ਕਰਨੀ ਕਮਾਈ ਵਾਲੇ ਹੋਇਆ ਕਰਦੇ ਸਨ। ਇਸੇ ਤਰ੍ਹਾਂ ਸੰਤ ਮਨੀ ਸਿੰਘ ਜੀ ਦਿਆਲਪੁਰੇ ਦੇ ਸੰਤ ਸਮਾਜ ਨੂੰ ਅਤਿ ਉਚਾ ਲਿਜਾਣ ਵਾਲੇ ਸਨ ਪ੍ਰਮ ਸ੍ਰੇਸ਼ਟ ਮਹਾਂਪੁਰਸ਼ ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲੇ ਉਸ ਸਮੇਂ ਵਿਚ ਹੋਏ ਹਨ। ਸੰਤ ਮਹਾਰਾਜ ਅਤਰ ਸਿੰਘ ਜੀ ਰੇਰੂ ਸਾਹਿਬ ਵਾਲੇ ਜੋ ਪੂਰਨ ਬ੍ਰਹਮ ਗਿਆਨੀ ਸਨ ਉਹ ਵੀ ਇਸ ਭਲੇ ਸਮੇਂ ਵਿਚ ਹੋਏ ਹਨ। ਇਸੇ ਸਮੇਂ ਵਿਚ ਪ੍ਰਮ ਬੀਤ ਰਾਗ ਮਹਾਂ ਤਪੱਸਵੀ ਮਸਤਾਨੇ ਸਾਧੂ ਬਾਬਾ ਬੀਰਮਦਾਸ ਜੀ ਵਿਧੌਸ਼ੀ ਵਾਲਿਆਂ ਦੇ ਦਰਸ਼ਨ ਸੰਗਤਾਂ ਨੂੰ ਪ੍ਰਾਪਤ ਸਨ। ਪਟਿਆਲੇ ਵਿਚ ਉਚ ਕੋਟੀ ਦੇ ਮਹਾਤਮਾ ਜਿਵੇਂ ਕਿ ਬਾਬਾ ਧਿਆਨ ਦਾਸ ਜੀ ਜਿਨ੍ਹਾਂ ਨੂੰ ਲੋਕੀ ਬਾਬਾ ਧਿਆਨਾ ਜੀ ਕਰਕੇ ਜਾਣਦੇ ਸਨ। ਸੰਤ ਸੋਹਨ ਦਾਸ ਜੀ, ਸੰਤ ਸਾਹਿਬ ਦਾਸ ਜੀ, ਸੰਤੋਖ ਦਾਸ ਜੀ ਕਰਨੀ ਕਮਾਈ ਵਾਲੇ ਹੋਏ ਹਨ। ਉਸ ਸਮੇਂ ਦੇ ਸਾਧੂਆਂ ਪਿਛੇ ਰਿਧੀਆਂ-ਸਿਧੀਆਂ ਹੱਥ ਬੰਨ੍ਹੀ ਤਰਲੇ ਲੈਂਦੀਆਂ ਸਨ ਕਿ ਅਸਾਥੋਂ ਸੇਵਾ ਲਓ, ਅਸੀਂ ਵੀ ਸਫਲ ਹੋਈਏ। ਉਸ ਸਮੇਂ ਦੇ ਮਹਾਤਮਾ ਦੀ ਇਕ ਕਥਾ ਹੈ ਕਿ ਇਕ ਮਹਾਤਮਾ ਬਠਿੰਡੇ ਦੇ ਨੇੜੇ ਦੇ ਸਿੱਧੇ-ਸਾਦੇ ਵਸਤਰਾਂ ਵਾਲੇ ਹੋਏ ਹਨ। ਆਪ ਜੀ ਦੇ ਪਾਸ ਜਗਿਆਸੂ ਹੁੰਮ-ਹੁੰਮਾ ਕੇ ਪਹੁੰਚਿਆ ਕਰਦੇ ਸਨ ਅਤੇ ਆਪ ਜੀ ਦੇ ਦਰਸ਼ਨ ਇਤਨੇ ਮਹਾਨ ਸਨ ਕਿ ਬਿਨਾਂ ਬੋਲਿਆਂ ਹੀ ਵਾਸ਼ਨਾਵਾਂ ਪੂਰੀਆਂ ਹੋ ਜਾਇਆ ਕਰਦੀਆਂ ਹਨ। ਆਪ ਜੀ ਦੀ ਕ੍ਰਿਆ ਕੁਝ ਅਜੀਬ ਹੀ ਸੀ ਅਤੇ ਸੰਗਤਾਂ ਦੇ ਅਰਾਮ ਲਈ 500 ਮੰਜਾ ਬਣਾ ਕੇ ਰੱਖਿਆ ਹੋਇਆ ਸੀ। ਲੰਗਰ ਦਾ ਪੂਰਾ ਇੰਤਜ਼ਾਮ ਸੀ ਪਰ ਰਹਿੰਦੇ ਆਪ ਇਕੱਲੇ ਹੀ ਸਨ। ਹੋਰ ਸਾਧੂ ਆਪ ਦੇ ਪਾਸ ਘੱਟ ਹੀ ਠਹਿਰਿਆ ਕਰਦੇ ਸਨ। ਮਾਇਆ ਦਾ ਐਨਾ ਵਰਤਾਰਾ ਵਰਤ ਰਿਹਾ ਸੀ ਕਿ ਸਰਕਾਰ ਨੂੰ ਵੀ ਇਹ ਸ਼ੱਕ ਪੈ ਗਿਆ ਕਿ ਇਨ੍ਹਾਂ ਕੋਲ ਧਨ ਕਿਥੋਂ ਆਉਂਦਾ ਹੈ, ਐਨਾ ਖਰਚ ਕਿਥੋਂ ਕਰਦੇ ਹਨ। ਹਜ਼ਾਰਾਂ ਬੰਦਿਆਂ ਦੀ ਆਵਾਜਾਈ ਪੁਲਿਸ ਵਾਲਿਆਂ ਨੂੰ ਚੰਗੀ ਨਾ ਲੱਗੀ, ਉਨ੍ਹਾਂ ਨੇ ਇਕ ਦਿਨ ਮਹਾਂਪੁਰਸ਼ਾਂ ਨੂੰ ਕਿਹਾ ਕਿ ਮਹਾਂਪੁਰਸ਼ੋ! ਤੁਸੀਂ ਆਪਣੀ ਰਿਹਾਇਸ਼ ਲਈ ਕੋਈ ਪੱਕੇ ਮੰਦਰ ਤਾਂ ਬਣਾਏ ਹੋਏ ਨਹੀਂ ਇਥੇ ਸਾਨੂੰ ਸਦਾ ਹੀ ਚੌਕਸੀ ਰਖਣੀ ਪੈਂਦੀ ਹੈ ਕਿ ਤੁਹਾਡੇ ਕੋਲ ਕੋਈ criminal (ਮੁਜਰਮ) ਨਾ ਆਉਂਦੇ ਹੋਣ। ਸੋ ਚੰਗਾ ਹੋਵੇ ਜੇ ਤੁਸੀਂ ਇਹ ਥਾਂ ਛੱਡ ਕੇ ਚਲੇ ਜਾਓਂ। ਪੁਲਿਸ ਵਾਲਿਆਂ ਨੇ ਕਿਹਾ ਕਿ ਅਸੀਂ ਤੁਹਾਡੇ ਮੰਜੇ ਇਕੱਠੇ ਕਰ ਦਿੰਦੇ ਹਾਂ, ਹੋਰ ਸਮਾਨ ਵੀ ਇੱਕਠਾ ਕਰ ਦਿੰਦੇ ਹਾਂ, ਇਹ ਤੁਸੀਂ ਗੱਡਿਆਂ ਤੇ ਲੱਦ ਕੇ ਹੋਰ ਥਾਂ ਜਾ ਸਕਦੇ ਹੋਂ। ਜਦੋਂ ਸਾਰਾ ਸਮਾਨ ਇਕ ਥਾਂ ਉਪਰ ਇਕੱਠਾ ਹੋ ਗਿਆ ਤਾਂ ਮਹਾਂਪੁਰਸ਼ਾਂ ਨੇ ਸਾਰੇ ਸਮਾਨ ਨੂੰ ਅੱਗ ਲਾ ਦਿਤੀ ਅਤੇ ਕਿਹਾ ਕਿ ਅਸੀਂ ਕਿਹੜਾ ਸਮਾਨ, ਕਿਥੇ ਲੈ ਕੇ ਜਾਈਏ, ਕੀ ਲੋੜ ਹੈ। ਵਾਹਿਗੁਰੂ ਜੀ ਨੇ ਜੇ ਆਪਣੇ ਸੰਤਾਂ ਨੂੰ ਮੰਜੇ ਦੇਣੇ ਹੀ ਹਨ ਤਾਂ ਜਿਥੇ ਅਸੀਂ ਜਾਵਾਂਗੇ ਉਥੇ ਵੀ ਉਹ ਆਪੇ ਹੀ ਦੇ ਦੇਣਗੇ। ਜਗ੍ਹਾ ਛੱਡ ਕੇ ਉਹ ਚਲੇ ਗਏ ਜਿਥੇ ਆ ਕੇ ਫੇਰ ਬੈਠੇ, ਉਥੇ ਸ਼ਰਧਾਲੂ ਸੇਠਾਂ ਨੇ ਨਲਕੇ ਲਵਾ ਦਿਤੇ ਅਤੇ ਖੰਡ ਦੀਆਂ ਬੋਰੀਆਂ ਭੇਜਣੀਆਂ ਸ਼ੁਰੂ ਕਰ ਦਿਤੀਆਂ ਅਤੇ ਸਭਨਾਂ ਨੂੰ ਸ਼ਰਬਤ ਫੇਰ ਪਿਲਾਉਣੇ ਸ਼ੁਰੂ ਕਰ ਦਿਤੇ। ਸਰਕਾਰੀ ਏਜੰਟਾਂ ਨੇ ਫੇਰ ਸੇਠਾਂ ਨੂੰ ਭਰਮ ਪਾ ਦਿਤਾ ਕਿ ਤੁਸੀਂ ਇਥੇ ਖੰਡ ਦੀਆਂ ਬੋਰੀਆਂ ਦਿੰਦੇ ਹੋ। ਇਥੇ ਤਾਂ ਸਰਕਾਰੀ ਭਗੌੜੇ ਅਤੇ ਡਾਕੂ ਆਉਂਦੇ ਹਨ ਜੇ ਕਿਤੇ ਸਰਕਾਰ ਨੇ ਪੁਛ-ਪੜਤਾਲ ਕਰ ਲਈ ਤਾਂ ਤੁਹਾਡਾ ਨਾਮ ਵੀ ਵਿਚ ਆ ਜਾਵੇਗਾ। ਸੇਠਾਂ ਨੇ ਡਰ ਕੇ ਖੰਡ

ਬੰਦ ਕਰ ਦਿਤੀ। ਜਦੋਂ ਸੰਤਾਂ ਨੂੰ ਪਤਾ ਲੱਗਿਆ ਤਾਂ ਆਪ ਨੇ ਫੁਰਮਾਨ ਕੀਤਾ ਕਿ ਨਲਕੇ ਗੇੜ ਕੇ ਕੜਾਹੇ ਭਰਦੇ ਜਾਵੋ। ਖੰਡ, ਖੰਡਾਂ ਦਾ ਮਾਲਕ ਆਪੇ ਪਾਉਂਦਾ ਜਾਵੇਗਾ। ਕਈ-ਕਈ ਹਜ਼ਾਰਾਂ ਦਾ ਇਕੱਠ ਹੋ ਜਾਂਦਾ ਸੀ ਅਤੇ ਸਭ ਮਿਠਾ ਪਾਣੀ ਨਲਕਿਆਂ ਦਾ ਪੀ ਕੇ ਜਾਂਦੇ ਸਨ। ਸੋ ਇਸ ਤਰ੍ਹਾਂ ਦੇ ਬਹੁਤ ਸ਼ਕਤੀਸ਼ਾਲੀ ਮਹਾਤਮਾ ਹੋਏ ਹਨ। ਵਾਹਿਗੁਰੂ ਜੀ ਦਾ ਬਿਰਧ ਹੈ ਕਿ ਉਹ ਆਪਣੇ ਪਿਆਰਿਆਂ ਦਾ ਕੰਮ ਆਪ ਕਰਦੇ ਹਨ -

***ਅਚਿੰਤ ਕੰਮ ਕਰਹਿ ਪ੍ਰਭ ਤਿਨ ਕੇ***
***ਜਿਨ ਹਰਿ ਕਾ ਨਾਮੁ ਪਿਆਰਾ॥*** ***ਪੰਨਾ - 638***

ਛੋਟੇ ਸੰਤ ਮਹਾਰਾਜ, ਸੰਤ ਕਿਸ਼ਨ ਸਿੰਘ ਜੀ ਜਦੋਂ ਆਪ ਤੋਪਖਾਨੇ ਵਿਚ ਸਰਵਿਸ ਕਰਦੇ ਸਨ ਉਸ ਵੇਲੇ ਦਿਨ ਰਾਤ ਨਾਮ ਦੀ ਕਮਾਈ ਕਰਦੇ ਰਹਿੰਦੇ ਸਨ। ਰਿਧੀਆਂ-ਸਿਧੀਆਂ ਆਪ ਦੇ ਪਿਛੇ ਲੱਗੀਆਂ ਤੁਰੀਆਂ ਫਿਰਦੀਆਂ ਸਨ। ਇਕ ਦਿਨ ਦੀ ਗੱਲ ਹੈ ਆਪ ਅੰਮ੍ਰਿਤ ਵੇਲੇ ਸੁਧਾਸਰ ਸਰੋਵਰ ਤੇ ਗਏ ਹੋਏ ਸਨ। ਇਹ ਸਰੋਵਰ ਮੋਤੀ ਬਾਗ ਦੇ ਇਕ ਕੋਨੇ ਵਿਚ ਹੈ ਆਪ ਇਥੇ ਬੰਦਗੀ ਕਰਿਆ ਕਰਦੇ ਸਨ ਅਤੇ ਫਿਰ ਸਮੇਂ ਸਿਰ ਜਾ ਕੇ ਤੋਪਖਾਨੇ ਦੀ ਪਰੇਡ ਵਿਚ ਸ਼ਾਮਲ ਹੋਣਾ। ਅੱਜ ਜਦੋਂ ਆਪ ਆਪਣੇ ਕੁਆਰਟਰ ਵਿਚ ਵਾਪਸ ਆਏ ਤਾਂ ਤਾਲਾ ਖੋਲ੍ਹਣ ਵਾਸਤੇ ਜੇਬ ਵਿਚ ਹੱਥ ਪਾਇਆ, ਹੈਰਾਨ ਹੋ ਗਏ ਕਿ ਚਾਬੀ ਕਿਥੇ ਗਈ? ਪਰੇਡ ਦਾ ਸਮਾਂ ਹੋ ਚੁਕਿਆ ਸੀ। ਚਾਬੀ ਟੋਲ੍ਹਣ ਲਈ ਆਪ ਜੀ ਪਾਸ ਸਮਾਂ ਨਹੀਂ ਸੀ। ਆਪ ਜੀ ਦੇ ਯਾਦ ਆਇਆ ਕਿ ਬਾਬਾ ਫਰੀਦ ਜੀ ਨੇ 'ਅਲਫ' ਆਖ ਕੇ ਤਾਲਾ ਖੋਲ੍ਹ ਦਿਤਾ ਸੀ। ਉਸ ਵੇਲੇ ਆਪ ਨੇ 'ਸਤਿਨਾਮ' ਦੀ ਅਵਾਜ਼ ਦਿਤੀ, ਤਾਲਾ ਖੁਲ੍ਹਿਆ ਹੀ ਨਹੀਂ ਸਗੋਂ ਕੁੰਡੇ ਵਿਚੋਂ ਵੀ ਨਿਕਲ ਕੇ ਬਾਹਰ ਆ ਗਿਆ। ਸੋ ਐਸੀਆਂ ਕਰਨੀਆਂ ਕਮਾਈਆਂ ਵਾਲੇ ਮਹਾਂਪੁਰਸ਼ ਗੁਪਤ ਰੂਪ ਵਿਚ ਵਰਤਿਆ ਕਰਦੇ ਸਨ। ਪੈਸੇ ਇਕੱਠੇ ਕਰਨ ਦਾ ਫੁਰਨਾ ਕਿਸੇ ਨੂੰ ਨਹੀਂ ਉਠਿਆ ਕਰਦਾ ਸੀ। ਇਹ ਸਭ ਕੁਝ ਨਾਮ ਦੀ ਘਾਲ ਕਮਾਈ ਦੀ ਬਰਕਤ ਹੀ ਹੈ। ਪਰਾਲਬਧ ਅਨੁਸਾਰ ਸਭ ਚੀਜ਼ਾਂ ਆਪਣੇ ਆਪ ਹੀ ਹੋ ਜਾਇਆ ਕਰਦੀਆਂ ਹਨ।

ਸੰਤ ਮਹਾਰਾਜ ਜੀ ਘੋਰ ਤਪਸਿਆ ਕਰਦੇ ਹੋਏ ਸਦਾ ਹੀ ਪ੍ਰਭੂ ਨਾਲ ਸਮਾਧੀ ਸਥਿਤ ਰਹਿੰਦੇ ਸਨ। ਆਪ ਜੀ ਨੇ ਇਕ ਵਾਰੀ ਮੈਨੂੰ ਦੱਸਿਆ ਕਿ ਕਈ ਵਾਰੀ ਅਸੀਂ ਭਾਦੋਂ ਦੇ ਮਹੀਨੇ ਅੰਮ੍ਰਿਤ ਵੇਲੇ ਅੰਦਰ ਬੈਠ ਕੇ ਕੁੰਡਾ ਬੰਦ ਕਰ ਲੈਂਦੇ ਤਾਂ ਕਿੰਨੇ-ਕਿੰਨੇ ਦਿਨ ਲੰਘ ਜਾਣੇ ਨਾ ਪਾਣੀ ਪੀਣਾ, ਨਾ ਕੁਝ ਖਾਣਾ। ਇਸ ਤਰ੍ਹਾਂ ਨਾਲ ਅੰਮ੍ਰਿਤ ਵੇਲੇ ਠੰਡੇ ਰੇਤੇ ਉਤੇ ਜਾ ਕੇ ਉਚੇ ਟਿੱਬੇ ਦੇ ਸਿਰ ਤੇ ਆਸਣ ਲਾ ਲੈਂਦੇ, ਦਿਨ ਚੜ੍ਹ ਜਾਣਾ, ਜੇਠ ਦੇ ਮਹੀਨੇ ਦੀਆਂ ਲੋਆਂ ਵਗਣੀਆਂ, ਰੇਤ ਅੱਗ ਵਰਗਾ ਤੱਤਾ ਹੋ ਜਾਣਾ ਪਰ ਆਪ ਜੀ ਨੇ ਉਥੇ ਬੈਠਿਆਂ ਹੀ ਕਈ-ਕਈ ਦਿਨ ਲੰਘਾ ਦੇਣੇ। ਜਿਉਂ-ਜਿਉਂ ਪ੍ਰੇਮੀ ਇਸ ਅਸਥਾਨ ਤੇ ਭੌਰਿਆਂ ਵਾਂਗ ਖਿਚੇ ਚਲੇ ਆ ਰਹੇ ਸਨ ਤਿਉਂ-ਤਿਉਂ ਪਦਾਰਥ ਪਰਾਲਬਧ ਅਨੁਸਾਰ ਤੁਰੇ ਆਉਣੇ। ਸਿਆਣਿਆਂ ਨੇ ਪਰਾਲਬਧ ਨੂੰ ਤਿੰਨ ਹਿਸਿਆਂ ਵਿਚ ਵੰਡਿਆ ਹੈ। ਅਧਿਆਤਮ ਪ੍ਰਕਾਸ਼ ਵਿਚ ਆਉਂਦਾ ਹੈ -

***ਇਛਾਨਿੱਛ, ਪ੍ਰਛਿਆ, ਤ੍ਰਿਬਿਧਿ ਕਰਮ ਕੇ ਭੋਗ।***
***ਜਨਮ ਆਦਿ ਮਰਨਾਂਤ ਲੌਂ, ਕਹਤ ਸਯਾਨੇ ਲੋਗ।*** ***ਅਧਿਆਤਮ ਪ੍ਰਕਾਸ਼***

ਪਹਿਲੀ ਕਿਸਮ ਦੀ, ਆਪਣੇ ਮਨ ਦਾ ਸੰਕਲਪ ਹੋਣਾ ਪਰ ਪਦਾਰਥ ਨੇ ਪਰਾਲਬਧ ਅਨੁਸਾਰ ਹੀ ਮਿਲਣਾ ਹੈ।

ਦੂਸਰਾ ਹੋਇਆ ਕਰਦਾ ਹੈ ਕਿ ਕਿਸੇ ਪਦਾਰਥ ਦੀ ਇਛਿਆ ਨਾ ਹੋਣੀ, ਨਾ ਕਿਸੇ ਹੋਰ ਨੇ ਆ ਕੇ ਬੇਨਤੀ ਕਰਨੀ, ਸੁਤੇ ਹੀ ਪਦਾਰਥ ਪ੍ਰਾਪਤ ਹੋ ਜਾਣੇ, ਇਸ ਨੂੰ ਅਨ ਇਛਿਆ ਪਰਾਲਬਧ ਆਖਦੇ ਹਨ। ਜਿਵੇਂ ਕੋਈ ਪੁਰਸ਼ ਕਿਸੇ ਥਾਂ ਆਰਾਮ ਕਰਦਾ ਹੈ ਕੋਲ ਖਰਬੂਜਿਆਂ ਦਾ ਬਾੜਾ ਹੈ। ਦੂਸਰੇ ਪੁਰਸ਼ ਨੇ ਦੇਖਿਆ ਕਿ ਇਸ ਪੁਰਸ਼ ਨੂੰ ਵੀ ਮੈਂ ਖਰਬੂਜੇ ਛਕਾਵਾਂ ਉਸ ਨੇ ਖਰਬੂਜੇ ਮੁੱਲ ਲਏ ਅਤੇ ਆ ਕੇ ਉਸ ਨੂੰ ਦੇ ਦਿਤੇ। ਇਸ ਨੂੰ ਅਨ ਇਛਿਆ ਪਰਾਲਧ ਕਹਿੰਦੇ ਹਨ।

ਇਸ ਤਰ੍ਹਾਂ ਸਾਰਾ ਕਾਰੋਬਾਰ ਪਰਾਲਬਧ ਦੇ ਵਸ ਚਲਦਾ ਸੀ। ਸੰਤ ਮਹਾਰਾਜ ਜੀ ਪੂਰਨਮਾਸ਼ੀ ਅਤੇ ਸੰਗਰਾਂਦ ਨੂੰ ਢੱਕੀ ਵਿਚ ਕੀਰਤਨ ਆਪ ਕਰਿਆ ਕਰਦੇ ਸਨ ਇਵੇਂ ਜਿਵੇਂ 7, 8, 9 ਮਾਘ ਦੇ ਸਾਲਾਨਾ ਜੋੜ ਮੇਲਿਆਂ ਤੇ ਸਾਰੀ ਰਾਤ ਆਪ ਹੀ ਕੀਰਤਨ ਕਰਿਆ ਕਰਦੇ ਸਨ। ਦਾਸ ਆਪਣੇ ਮਾਤਾ ਤੇ ਹੋਰ ਸ਼ਰਧਾਲੂਆਂ ਦੇ ਨਾਲ ਇਨ੍ਹਾਂ ਦੀਵਾਨਾਂ ਵਿਚ ਰਾੜੇ ਸਾਹਿਬ ਪਹੁੰਚਿਆ ਕਰਦਾ ਸੀ। ਉਨ੍ਹਾਂ ਦਿਨਾਂ ਵਿਚ ਲਾਉਡ ਸਪੀਕਰ ਨਾਂ ਦੀ ਕੋਈ ਚੀਜ਼ ਨਹੀਂ ਹੋਇਆ ਕਰਦੀ ਸੀ। ਨਾ ਹੀ ਬਿਜਲੀ ਦੀਆਂ ਰੋਸ਼ਨੀਆਂ ਹੋਇਆ ਕਰਦੀਆਂ ਸਨ। ਸੰਤ ਮਹਾਰਾਜ ਜੀ ਨੇ ਰਹਿਰਾਸ ਦੇ ਪਾਠ ਪਿਛੋਂ ਆਪ ਕੀਰਤਨ ਕਰਨਾ ਆਰੰਭ ਕਰ ਦੇਣਾ। ਅਸੀਂ ਸਾਰੇ ਖੇਤੀ ਦੇ ਕਾਰੋਬਾਰ ਨਿਬੇੜ ਕੇ ਪੈਦਲ ਹੀ ਧਮੋਟ ਤੋਂ ਚਲਦੇ ਜਦੋਂ ਘਲੋਟੀ ਰਾੜੇ ਸਾਹਿਬ ਵਲ ਦੇ ਦਰਵਾਜ਼ੇ ਪਹੁੰਚਦੇ ਤਾਂ ਸੰਤ ਮਹਾਰਾਜ ਜੀ ਦੀ ਅਵਾਜ਼ ਸਵਾ ਮੀਲ ਦੇ ਫਾਸਲੇ ਤੇ ਐਉਂ ਸੁਣਨੀ ਜਿਵੇਂ ਥੋੜ੍ਹੀ ਦੂਰ ਹੀ ਕੀਰਤਨ ਹੋ ਰਿਹਾ ਹੁੰਦਾ ਹੈ। ਉਸ ਅਵਾਜ਼ ਵਿਚ ਐਨੀ ਪ੍ਰਬਲ ਖਿੱਚ ਹੁੰਦੀ ਸੀ ਕਿ ਦਰਵਾਜ਼ਾ ਲੰਘਦੇ ਹੀ ਹੌਲੀ-ਹੌਲੀ ਚਲਣ ਦੀ ਥਾਂ ਤੇ ਸਾਰੇ ਹੀ ਕੀਰਤਨ ਪ੍ਰੇਮੀ ਦੌੜ ਲਾ ਦਿਆ ਕਰਦੇ ਸਨ ਅਤੇ ਦੀਵਾਨ ਵਿਚ ਪਹੁੰਚ ਜਾਣਾ। ਉਥੇ ਸਾਰੀ ਢੱਕੀ ਵਿਚ ਪੂਰੀ ਤਰ੍ਹਾਂ ਨਾਲ ਇਕ-ਇਕ ਅੱਖਰ ਸੁਣਦਾ ਸੀ ਵਾਹਿਗੁਰੂ ਜਾਣੇ ਕਿ ਕੀ ਉਨ੍ਹਾਂ ਦਿਨਾਂ ਵਿਚ ਅਸਾਡੇ ਕੰਨ ਹੀ ਮਜ਼ਬੂਤ ਹੋਇਆ ਕਰਦੇ ਸਨ ਜਿਹੜੇ ਦੂਰ ਦੀਆਂ ਅਵਾਜ਼ਾਂ ਸੁਣ ਲਿਆ ਕਰਦੇ ਸਨ ਜਾਂ ਮਹਾਂਪੁਰਸ਼ਾਂ ਦੀ ਅਵਾਜ਼ ਹੀ ਐਨੀ ਬਲ ਵਾਲੀ ਹੋਇਆ ਕਰਦੀ ਸੀ ਕਿ ਜਿਹੜੀ ਡੇਢ ਦੋ ਮੀਲ ਤਕ ਅਰਾਮ ਨਾਲ ਸੁਣੀ ਜਾਇਆ ਕਰਦੀ ਸੀ। ਧਾਰਨਾ ਸੁਣ ਕੇ ਅਸੀਂ ਇਕ ਦੂਜੇ ਨੂੰ ਦਸ ਦਿੰਦੇ ਸੀ ਕਿ ਮਹਾਰਾਜ ਜੀ ਇਹ ਧਾਰਨਾ ਪੜ੍ਹ ਰਹੇ ਹਨ। ਜਦੋਂ ਰਾਤ ਟਿਕ ਜਾਂਦੀ ਸੀ ਤਾਂ ਘੜਾਣੀ, ਘਣਸਾਂ, ਖਟੜੇ ਆਦਿ ਪਿੰਡਾਂ ਤਾਂਈ ਚਾਰੇ ਪਾਸੇ ਅਵਾਜ਼ ਸੁਣਿਆ ਕਰਦੀ ਸੀ। ਇਸੇ ਤਰ੍ਹਾਂ ਨਾਲ ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਦੀ ਅਵਾਜ਼ ਟਿਕੀ ਰਾਤ ਵਿਚ ਮੀਲਾਂ ਤਕ ਸੁਣਦੀ ਸੀ।

ਆਪ ਜੀ ਨੇ ਕੀਰਤਨ ਕਰਨ ਲਈ ਸਾਮ੍ਹਣੇ ਰਖੇ ਹੋਏ ਟੇਬਲ ਉਪਰ ਵਾਜਾ ਰੱਖ ਲੈਣਾ, ਨੇਤਰ ਬੰਦ ਕਰ ਲੈਣੇ ਅਤੇ ਸਾਰੀ ਰਾਤ ਕੀਰਤਨ ਦੀ, ਵਿਖਿਆਨ ਦੀ ਉਹ ਵਰਖਾ ਕਰਨੀ ਕਿ ਕੋਈ ਵੀ ਅਭਿੱਜ ਪੁਰਸ਼ ਨਾ ਰਹਿਣਾ। ਆਪ ਜੀ ਕਈ ਵਾਰੀ ਮੈਨੂੰ ਦਸਿਆ ਕਰਦੇ ਸਨ ਕਿ ਮਨ ਵਿਚ ਐਤਨਾ

ਬੈਰਾਗ ਹੋਇਆ ਕਰਦਾ ਸੀ ਕਿ ਹੰਝੂ ਵਗ ਤੁਰਨੇ ਉਹ ਦਾੜ੍ਹੇ ਤੋਂ ਹੋ ਕੇ ਸਰੀਰ ਨਾਲ ਲਗਦੇ-ਲਗਦੇ ਪੈਰ ਦੇ ਅਗੂੰਠੇ ਤਕ ਪਹੁੰਚ ਜਾਇਆ ਕਰਦੇ ਸਨ। ਅਸਾਨੂੰ ਨਾ ਅਸਥਾਨ ਦਾ ਗਿਆਨ ਹੁੰਦਾ ਸੀ ਕਿ ਕਿਥੇ ਖੜ੍ਹ ਕੇ ਕੀਰਤਨ ਕਰ ਰਹੇ ਹਾਂ। ਨਾ ਹੀ ਇਸ ਗੱਲ ਦਾ ਗਿਆਨ ਰਹਿੰਦਾ ਸੀ ਕਿ ਕਿੰਨੀ ਕੁ ਸੰਗਤ ਸੁਣ ਰਹੀ ਹੈ, ਬਾਣੀ ਦਾ ਰੂਪ ਹੋ ਕੇ ਭਿੱਜ ਕੇ ਕੀਰਤਨ ਹੋਇਆ ਕਰਦਾ ਸੀ। ਅਸਾਨੂੰ ਕਦੇ ਵੀ ਥਕੇਵਾਂ ਨਹੀਂ ਸੀ ਹੋਇਆ ਕਰਦਾ।

ਸਾਧਸੰਗਤ ਜੀ! ਇਹ ਬਚਨ ਪੂਰੀ ਤਰ੍ਹਾਂ ਯਥਾਰਥਕਤਾ ਉਪਰ ਅਧਾਰਤ ਹਨ। ਪਹਿਲੇ ਸਮਿਆਂ ਵਿਚ ਮਹਾਂਪੁਰਸ਼ ਬਹੁਤ ਲੰਮਿਆਂ ਸਮਿਆਂ ਤਕ ਕੀਰਤਨ ਕਰ ਲੈਂਦੇ ਸਨ, ਘੰਟਿਆਂ ਬੱਧੀ ਕੀਰਤਨ ਕਰਕੇ ਥੱਕਿਆ ਨਹੀਂ ਕਰਦੇ ਸਨ। ਸ੍ਰੀ ਮਾਨ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ ਆਸਾ ਜੀ ਦੀ ਵਾਰ ਦਾ ਕੀਰਤਨ ਸ਼ੁਰੂ ਕਰਨਾ ਅਤੇ ਕਈ ਵਾਰੀ ਸ਼ਾਮ ਦੇ ਚਾਰ ਵਜ ਜਾਂਦੇ ਸੀ। 14 ਘੰਟੇ ਕੀਰਤਨ ਕਰਨ ਉਪਰੰਤ ਵੀ ਮਹਾਂਪੁਰਸ਼ਾਂ ਦੇ ਪਾਸ ਨਾ ਬਾਣੀ ਮੁਕਦੀ ਸੀ ਅਤੇ ਨਾ ਹੀ ਆਪ ਥੱਕਿਆ ਕਰਦੇ ਸਨ। ਕੀਰਤਨ ਪਿਛੋਂ ਐਉਂ ਮਾਲੂਮ ਦਿੰਦਾ ਸੀ ਜਿਵੇਂ ਆਪ ਲੰਮੇ ਸਮੇਂ ਦੀ rest (ਆਰਾਮ) ਕਰਕੇ ਸੰਗਤਾਂ ਵਿਚ ਆਏ ਹੋਣ। ਥਕੇਵਾਂ ਕਿਉਂ ਨਹੀਂ ਹੁੰਦਾ? ਇਹ ਬਿਲਕੁਲ scientific ਗੱਲ ਹੈ ਜਦੋਂ ਕੀਰਤਨ ਵਿਚ ਆਪਣਾ ਆਪ ਹੀ ਭੁੱਲ ਜਾਂਦਾ ਹੈ, ਸਥਾਨ ਭੁੱਲ ਜਾਂਦਾ ਹੈ, ਕੌਣ ਸੁਣ ਰਹੇ ਹਨ ਇਹ ਵੀ ਭੁੱਲ ਜਾਂਦਾ ਹੈ ਤਾਂ ਇਕ ਐਸੀ ਸ਼ਕਤੀ ਅੰਦਰ ਪ੍ਰਗਟ ਹੋ ਜਾਂਦੀ ਹੈ, ਇਕ ਐਸਾ ਰਸ ਕੀਰਤਨ ਕਰਨ ਵਾਲੇ ਨੂੰ ਆਪਣੇ ਵਿਚ ਭਿਓਂ ਲੈਂਦਾ ਹੈ ਜਿਸ ਦੀ ਸ਼ਕਤੀ ਨਾਲ ਸਾਰਾ nervous system ਅੰਮ੍ਰਿਤ ਫੁਹਾਰ ਵਿਚ ਬਿਲਕੁਲ ਨਵਾਂ ਨਰੋਆ ਹੋ ਜਾਇਆ ਕਰਦਾ ਹੈ। ਜਦੋਂ ਸੁਰਤ ਦੀ ਤਾਰ ਵਾਹਿਗੁਰੂ ਜੀ ਨਾਲ ਜੁੜ ਜਾਵੇ ਤਾਂ ਥਕੇਵੇਂ ਦੀ ਥਾਂ ਕੀਰਤਨ ਵਿਚ ਤਾਜ਼ਾ ਐਨਰਜੀ ਦਾ ਪ੍ਰਵਾਹ ਚਲ ਕੇ ਸਰੀਰ ਨੂੰ ਨਵਾਂ ਨਰੋਆ ਬਣਾ ਦਿੰਦਾ ਹੈ। ਥਕੇਵਾਂ ਸਿਰਫ ਉਦੋਂ ਹੁੰਦਾ ਹੈ ਜਦੋਂ ਬੱਧਾ-ਰੁੱਧੀ ਕੀਰਤਨ ਕਰਨਾ ਪਵੇ ਅਤੇ ਕੀਰਤਨ ਨੂੰ ਘੰਟਿਆਂ ਵਿਚ ਬੰਦ ਕਰਕੇ ਦੱਸ-ਦੱਸ, ਵੀਹ-ਵੀਹ ਹਜ਼ਾਰ ਰੁਪਏ ਇਕ ਘੰਟੇ ਦੇ ਲੈਣੇ ਹੋਣ। ਉਸ ਵੇਲੇ ਕੀਰਤਨ ਕੀਰਤਨ ਨਹੀਂ ਕਹਾਇਆ ਕਰਦਾ ਉਹ ਇਕ artist (ਕਲਾਕਾਰ) ਦਾ art (ਕਲਾ) ਜਿਸ ਦੀ ਪ੍ਰਦਰਸ਼ਨੀ ਸੰਗਤਾਂ ਵਿਚ ਕਰਦਾ ਹੈ, ਹੋਇਆ ਕਰਦਾ ਹੈ। ਆਪ ਉਹ ਕੋਰਾ ਰਹਿੰਦਾ ਹੈ ਕੋਰਾ ਰਹਿਣ ਕਰਕੇ ਉਸ ਦਾ ਅਮਿਤ ਐਨਰਜੀ ਨਾਲ ਸਬੰਧ ਨਹੀਂ ਜੁੜਦਾ ਅਤੇ ਸਰੀਰਕ ਤਾਣ ਲਾਣ ਕਰਕੇ ਉਸ ਦਾ ਦਿਮਾਗ ਥਕ ਜਾਇਆ ਕਰਦਾ ਹੈ।

ਸੰਤ ਮਹਾਰਾਜ ਜੀ ਸਰਦੀਆਂ ਦੀ ਰੁਤ ਵਿਚ 12 ਘੰਟੇ ਕੀਰਤਨ ਕਰਿਆ ਕਰਦੇ ਸਨ ਜਿਸ ਵਿਚੋਂ ਸਿਰਫ ਥੋੜ੍ਹੇ ਸਮੇਂ ਲਈ ਸਰੀਰਕ ਕ੍ਰਿਆ ਅਤੇ ਇਸ਼ਨਾਨ ਕਰਕੇ ਸ੍ਰੀ ਆਸਾ ਜੀ ਦੀ ਵਾਰ ਵਿਚ ਕੁਝ ਸਲੋਕ ਪੜ੍ਹਦਿਆਂ-ਪੜ੍ਹਦਿਆਂ ਹੀ ਵਾਪਸ ਆ ਕੇ ਫੇਰ ਕੀਰਤਨ ਕਰਨਾ ਸ਼ੁਰੂ ਕਰ ਦਿੰਦੇ ਸਨ। ਆਪ ਵੀ ਇਕ ਲੰਮੀ ਸਮਾਧੀ ਵਿਚ ਲੀਨ ਹੋ ਜਾਇਆ ਕਰਦੇ ਸਨ। ਉਸੇ ਤਰ੍ਹਾਂ ਨਾਲ ਸਰੋਤੇ ਸ਼ਬਦ ਵਿਚ ਲੀਨ ਹੋਏ ਹੋਏ ਆਪਣਾ ਆਪਾ ਭੁੱਲ ਕੇ ਗੋਡੇ ਵੀ ਨਹੀਂ ਹਿਲਾਉਂਦੇ

ਸਨ। ਸਮਾਂ ਤਾਂ ਉਹ ਵੀ ਕਲਜੁੱਗ ਦਾ ਸੀ, ਹੁਣ ਵੀ ਸਮਾਂ ਕਲਜੁਗ ਦਾ ਹੀ ਹੈ ਪਰ ਉਸ ਵੇਲੇ ਮਹਾਂਪੁਰਸ਼ਾਂ ਦੀ ਸਿਦਕ ਦਿਲੀ, ਵਾਹਿਗੁਰੂ ਪਿਆਰ, ਉਤਸ਼ਾਹ ਅੰਮ੍ਰਿਤ ਦੀ ਵਰਖਾ ਕਰਾਉਂਦਾ ਸੀ ਅਤੇ ਸਰੋਤੇ ਸ਼ਬਦਾਂ ਦੇ ਬਾਣ ਸਹਿ-ਸਹਿ ਕੇ ਘਾਇਲ ਹੋ ਜਾਇਆ ਕਰਦੇ ਸਨ। ਸਾਰੇ ਪਾਪਾਂ ਦਾ ਨਾਸ਼ ਹੋ ਜਾਇਆ ਕਰਦਾ ਸੀ ਅਤੇ ਗੁਰੂ ਵਾਲੇ ਬਣ ਕੇ ਅੰਮ੍ਰਿਤ ਵੇਲੇ ਜਾਗਣਾ, ਬਾਹਰ ਇਕਾਂਤ ਥਾਵਾਂ ਤੇ ਭਜਨ ਕਰਨਾ ਇਹ ਪਿੰਡਾਂ ਵਿਚ ਆਮ ਹੀ ਵੇਖਿਆ ਜਾਇਆ ਕਰਦਾ ਸੀ। ਉਨ੍ਹਾਂ ਦਿਨਾਂ ਵਿਚ ਕੀਰਤਨ ਕਰਨ ਵਾਲੇ ਦੇ ਵਾਜਿਆਂ ਉਪਰ ਕੋਈ ਪੈਸੇ ਨਹੀਂ ਰਖਦਾ ਸੀ ਕਿਉਂਕਿ ਸਾਰੇ ਹੀ ਕੀਰਤਨ ਵਿਚ ਮਸਤ ਹੋ ਕੇ ਅਫੁਰ ਅਵਸਥਾ ਵਿਚ ਬੈਠਿਆਂ ਕਰਦੇ ਸਨ। ਬਾਣੀ ਦੇ ਮੁੱਲ ਵਜੋਂ ਆਪਣਾ ਆਪਾ ਅਰਪਣ ਕਰ ਦਿਆ ਕਰਦੇ ਸਨ। ਅਜਕਲ੍ਹ ਦੇ ਸੰਤ, ਰਾਗੀ, ਪ੍ਰਚਾਰਕ ਕੀਰਤਨ ਸਮੇਂ ਸੰਗਤ ਵਿਚੋਂ ਭੇਟਾ ਕੀਤੇ ਪੈਸੇ ਵਾਜਿਆਂ ਉਪਰ ਰਖਾਉਂਦੇ ਹਨ ਜੋ ਬੇ-ਰਸੀ ਪੈਦਾ ਕਰਦਾ ਹੈ ਅਤੇ ਅਮੁੱਲ ਕੀਰਤਨ ਨੂੰ ਕੁਝ ਦਮੜਿਆਂ ਬਦਲੇ ਦੇ ਕੇ ਅਰਦਾਸਾਂ ਕੀਤੀਆਂ ਜਾਂਦੀਆਂ ਹਨ। ਉਸ ਸਮੇਂ ਦੇ ਸਾਧੂਆਂ ਦੇ ਪਿਛੇ ਰਿਧੀਆਂ-ਸਿਧੀਆਂ, ਮਾਇਆ ਹੱਥ ਬੰਨ੍ਹੀ ਫਿਰਦੀ ਸੀ। ਆਪ ਤਿਆਗੀ ਸਨ ਅਤੇ ਵੱਡੇ-ਵੱਡੇ ਡੇਰੇ ਨਹੀਂ ਬਣਾਉਂਦੇ ਸਨ ਕੇਵਲ ਮਸਤੂਆਣੇ ਵਾਲੇ ਸੰਤਾਂ ਨੇ ਤਖਤ ਦਮਦਮਾ ਸਾਹਿਬ ਬਣਾਇਆ ਸੀ, ਹੋਰ ਪਿੰਡਾਂ ਵਿਚ ਛੋਟੇ-ਛੋਟੇ ਗੁਰਦੁਆਰੇ ਬਣਾਏ ਸਨ। ਮਸਤੂਆਣੇ ਵਿਚ ਇਕ ਵਿਸ਼ਾਲ ਕਾਲਜ ਬਣਾ ਕੇ ਬੇਅੰਤ ਬੱਚੇ ਉਸ ਵਿਚ ਪੜ੍ਹਨ ਦੇ ਯੋਗ ਹੋਏ।

ਤੀਸਰੀ ਪਰਾਲਬਧ ਹੁੰਦੀ ਹੈ ਕਿ ਆਪਣੀ ਕੋਈ ਵੀ ਇਛਿਆ ਨਾ ਹੋਣੀ ਪਰ ਉਸ ਪਰਾਲਬਧ ਨੇ ਦੂਸਰੇ ਪੁਰਸ਼ ਦੇ ਮਨ ਵਿਚ ਫੁਰਨਾ ਪੈਦਾ ਕਰ ਦੇਣਾ। ਉਸ ਨੇ ਬੇਨਤੀ ਕਰਨੀ ਕਿ ਮਹਾਰਾਜ ਜੀ! ਮੇਰੇ ਘਰ ਤੁਸੀਂ ਪ੍ਰਸ਼ਾਦਾ ਛਕੋ। ਮੇਰੇ ਮਨ ਵਿਚ ਇੱਛਾ ਹੈ ਕਿ ਮੈਂ ਤੁਹਾਨੂੰ ਨਵੇਂ ਵਸਤਰ ਬਿਸਤਰਾ ਬਰਤਨ ਭੇਟ ਕਰਾਂ। ਸੋ ਇਹ ਵੀ ਪਰਾਲਬਧ ਵਸ ਹੋਇਆ ਕਰਦਾ ਹੈ। ਤਿੰਨ ਚੀਜ਼ਾਂ ਦੀ ਹਰ ਬੰਦੇ ਨੂੰ ਲੋੜ ਹੈ - ਕੁਲੀ, ਜੁਲੀ, ਗੁਲੀ। ਇਹ ਤਿੰਨੇ ਹੀ ਪਰਾਲਬਧ ਅਨੁਸਾਰ ਆਪਣੇ ਆਪ ਹੀ ਮਿਲ ਜਾਇਆ ਕਰਦੀਆਂ ਹਨ। ਮਹਾਂਪੁਰਸ਼ਾਂ ਦੇ ਜੀਵਨ ਵਿਚ ਇਥੋਂ ਤਕ ਦੇਖਿਆ ਗਿਆ ਹੈ ਕਿ ਜਦੋਂ ਉਹ ਨਿਰ ਵਾਸ਼ਨਾ ਅਵਸਥਾ ਵਿਚ ਪਹੁੰਚ ਜਾਇਆ ਕਰਦੇ ਹਨ ਤਾਂ ਨਾ ਖਾਣ ਦੀ, ਨਾ ਪਹਿਨਣ ਦੀ, ਨਾ ਮਕਾਨ ਦੀ ਵਾਸ਼ਨਾ ਉਨ੍ਹਾਂ ਦੇ ਅੰਦਰ ਉਠਦੀ ਹੈ, ਫੇਰ ਵੀ ਪਰਾਲਬਧ ਵਸ ਕੁਲੀ, ਜੁਲੀ, ਗੁੱਲੀ ਆਪਣੇ ਆਪ ਹੀ ਪ੍ਰਾਪਤ ਹੋ ਜਾਇਆ ਕਰਦੀਆਂ ਹਨ। ਸੋ ਇਸ ਤਰ੍ਹਾਂ ਨਾਲ ਮਹਾਂਪੁਰਸ਼ ਆਪਣੀ ਅਤੇ ਸੰਗਤਾਂ ਦੀ ਪਰਾਲਬਧ ਉਪਰ ਸ਼ਾਕਰ ਰਹਿੰਦੇ ਹਨ।

ਪ੍ਰੋ. ਪੂਰਨ ਸਿੰਘ ਜੀ ਨੇ ਸਵਾਮੀ ਰਾਮ ਤੀਰਥ ਦੇ ਅਨੁਆਈ ਬਣ ਕੇ ਪਹਿਲਾ ਜੀਵਨ ਉਨ੍ਹਾਂ ਦੀ ਸੰਗਤ ਵਿਚ ਲੰਘਾਇਆ ਅਤੇ ਉਨ੍ਹਾਂ ਤੋਂ ਵੇਦਾਂਤ ਵਿਦਿਆ ਬਾਰੇ ਬਹੁਤ ਉਚ ਗਿਆਨ ਪ੍ਰਾਪਤ ਕੀਤਾ ਪਰ ਮਨ ਸ਼ਾਂਤ ਨਾ ਹੋਣ ਕਰਕੇ ਜਦੋਂ ਉਨ੍ਹਾਂ ਦਾ ਮਿਲਾਪ ਭਾਈ ਵੀਰ ਸਿੰਘ ਜੀ ਨਾਲ ਹੋਇਆ ਤਾਂ ਉਨ੍ਹਾਂ ਦੀ ਰੂਹਾਨੀ ਪਰਾਲਬਧ ਅਨੁਸਾਰ ਭਾਈ ਵੀਰ ਸਿੰਘ ਜੀ ਨੇ ਐਸਾ ਬਚਨ ਕੀਤਾ ਕਿ ਉਹ ਸਦਾ ਲਈ ਉਥੋਂ ਦੇ ਹੋ ਕੇ ਰਹਿ ਗਏ। ਆਪ ਪਰਾਲਬਧ ਉਪਰ ਸ਼ਾਕਰ ਰਹਿੰਦੇ ਸਨ, ਆਪ ਜੀ ਜਪਾਨ ਤੋਂ vegetable

ਘੀ ਬਣਾਉਣ ਦਾ ਤਰੀਕਾ ਸਿੱਖ ਕੇ ਭਾਰਤ ਵਰਸ਼ ਵਿਚ ਆਏ। ਆਪ ਨੇ ਬਹੁਤ ਸਾਰੀਆਂ ਮਸ਼ੀਨਾਂ ਖਰੀਦਣੀਆਂ ਸਨ ਅਤੇ ਬਹੁਤ ਵੱਡਾ ਪਲਾਂਟ ਲਾਉਣਾ ਸੀ ਪਰ ਉਸ ਤੋਂ ਪਹਿਲਾਂ ਕੱਚੇ ਮਾਲ ਦੀ ਲੋੜ ਸੀ, ਆਪ ਨੇ vegetable ਘੀ ਲਈ ਲੋੜੀਂਦੀਆਂ ਵਸਤਾਂ ਪ੍ਰਾਪਤ ਕਰਕੇ ਬਹੁਤ ਵੱਡਾ ਢੇਰ ਲਾ ਦਿਤਾ। ਆਪ ਮਸ਼ੀਨਾਂ ਖਰੀਦਣ ਅਤੇ ਮਕਾਨ ਬਣਾਉਣ ਦਾ plan (ਸਕੀਮ) ਕਰ ਰਹੇ ਸੀ ਕਿ ਛੇਤੀ ਹੀ ਕੁਝ ਮਸ਼ੀਨਾਂ ਲਾ ਕੇ ਕੰਮ ਸ਼ੁਰੂ ਕਰ ਦਿਤਾ ਜਾਵੇਗਾ। ਪਹਿਲਾਂ-ਪਹਿਲਾਂ ਵੜੇਵਿਆਂ ਵਿਚੋਂ vegetable ਘੀ ਕੱਢਿਆ ਜਾਇਆ ਕਰਦਾ ਸੀ ਪਰ ਇਸੇ ਸਮੇਂ ਵਿਚ ਰਾਵੀ ਦੇ ਕਿਨਾਰੇ ਚੀਜ਼ਾਂ ਰੱਖੀਆਂ ਨੂੰ ਰਾਵੀ ਦਾ ਬਹੁਤ ਕਹਿਰਾਂ ਭਰਿਆਂ ਹੜ੍ਹ ਰੋੜ੍ਹ ਕੇ ਲੈ ਗਿਆ। ਚਾਹੀਦਾ ਤਾਂ ਇਹ ਸੀ ਕਿ ਪ੍ਰੋ. ਪੂਰਨ ਸਿੰਘ ਜੀ ਉਦਾਸ ਹੁੰਦੇ ਅਤੇ ਸਰਕਾਰ ਪਾਸ ਅਰਜ਼ੀ ਪੱਤਰ ਕਰਦੇ ਅਤੇ ਆਪਣੇ ਨੁਕਸਾਨ ਦਾ ਮੁਆਵਜ਼ਾ ਲੈਣ ਲਈ ਵੱਡੇ-ਵੱਡੇ ਅਫਸਰਾਂ ਦੀਆਂ ਕੋਠੀਆਂ ਦੇ ਚੱਕਰ ਕੱਟਦੇ। ਵਜ਼ੀਰਾਂ ਦੇ ਦਰਵਾਜ਼ਿਆਂ ਤੇ ਬੈਠੇ ਮੁਲਾਕਾਤਾਂ ਲਈ ਉਡੀਕਦੇ ਪਰ ਪਰਾਲਬਧ ਉਪਰ ਪੂਰੀ ਤਰ੍ਹਾਂ ਸ਼ਾਕਰ ਹੋਣ ਕਰਕੇ ਕਿਸੇ ਚੱਕਰ ਵਿਚ ਨਾ ਪਏ। ਉਨ੍ਹਾਂ ਨੇ ਆਪਣੀ ਕੋਠੀ ਦੇ ਉਪਰ ਖੜ੍ਹੇ ਹੋ ਕੇ ਸਾਰਾ ਨੁਕਸਾਨ ਦਾ ਜਾਇਜ਼ਾ ਲਿਆ ਅਤੇ ਵੇਖਿਆ ਕਿ ਹੁਣ ਮੇਰੇ ਕੰਮ ਕਰਨ ਲਈ ਕੋਈ ਵੀ ਕੱਚਾ ਮਾਲ ਨਹੀਂ ਬਚਿਆ। ਜਿਨ੍ਹਾਂ ਸ਼ੈਡਾਂ ਵਿਚ ਮਾਲ ਜਮ੍ਹਾਂ ਕੀਤਾ ਸੀ ਉਹ ਵੀ ਦਰਿਆ ਨੇ ਸਭ ਰੋੜ੍ਹ ਲਿਆ ਅਤੇ ਪ੍ਰੋ. ਸਾਹਿਬ ਦੇ ਬਹੁਤ ਹਿਤੂ ਵੀ ਉਨ੍ਹਾਂ ਦੇ ਨੁਕਸਾਨ ਦਾ ਅਨੁਮਾਨ ਪਾਸ ਖੜ੍ਹੇ ਲਾ ਰਹੇ ਸਨ ਅਤੇ ਵੇਖ ਰਹੇ ਸਨ ਕਿ ਪ੍ਰੋ. ਪੂਰਨ ਸਿੰਘ ਦੇ ਉਪਰ ਇਸ ਨੁਕਸਾਨ ਦਾ ਕਿੰਨਾ ਕੁ ਅਸਰ ਹੋਵੇਗਾ। ਸਾਰੇ ਹੈਰਾਨ ਰਹਿ ਗਏ ਜਦੋਂ ਉਚੀਆਂ ਬਾਹਵਾਂ ਕਰਕੇ ਆਪ ਨੇ ਕਿਹਾ ਕਿ -

***ਭਲਾ ਹੋਇਆ ਮੇਰਾ ਚਰਖਾ ਟੂਟਾ ਜਿੰਦ ਅਜਾਬੋਂ ਛੁਟੀ।***

ਉਸ ਨੇ ਕਿਹਾ ਮੇਰੀ ਪਰਾਲਬਧ ਐਨੀ ਹੀ ਸੀ, ਮੈਂ ਜ਼ੋਰ ਲਾ ਰਿਹਾ ਸੀ ਪਰ ਪਰਾਲਬਧ ਮੰਦ ਹੋਣ ਕਰਕੇ ਮੈਂ ਸਫਲ ਨਹੀਂ ਸੀ ਹੋ ਰਿਹਾ। ਚੰਗਾ ਹੋਇਆ ਸਭ ਕੁਝ ਰੁੜ੍ਹ ਗਿਆ ਅਤੇ ਹੁਣ ਸੁਤੰਤਰ ਹੋ ਕੇ ਸਾਹਿਤ ਦੀ ਸੇਵਾ ਕਰਾਂਗੇ।

ਇਸੇ ਤਰ੍ਹਾਂ ਨਾਲ ਆਪ ਜੀ ਸਵਾਮੀ ਰਾਮ ਤੀਰਥ ਜੀ ਦੇ ਨਾਲ ਭਗਵਾ ਭੇਸ ਧਾਰ ਕੇ ਸੁਆਮੀ ਬਣੇ ਹੋਏ, ਦੇਸ਼ ਰਟਨ ਕਰਦੇ ਹੋਏ ਨਾਲ ਚਲ ਰਹੇ ਸਨ। ਉਸ ਸਮੇਂ ਦੀਆਂ ਘਟਨਾਵਾਂ ਦਾ ਜ਼ਿਕਰ ਆਪ ਨੇ ਕੀਤਾ ਹੈ, ਆਪ ਦਸਦੇ ਸਨ ਕਿ ਸਵਾਮੀ ਰਾਮ ਤੀਰਥ ਜੀ ਪਰਾਲਬਧ ਉਪਰ ਪੂਰੀ ਤਰ੍ਹਾਂ ਭਰੋਸਾ ਰੱਖਿਆ ਕਰਦੇ ਹਨ, ਉਹ ਇਹ ਕਿਹਾ ਕਰਦੇ ਸਨ ਕਿ ਤੁਸੀਂ ਆਪਣੀ ਪਰਾਲਬਧ ਉਪਰ ਭਰੋਸਾ ਰੱਖੋ। ਉਹ ਸੈਂਕੜੇ ਰੁਕਾਵਟਾਂ ਪਾਰ ਕਰਕੇ ਤੁਹਾਡੇ ਪਾਸ ਪੁਜ ਹੀ ਜਾਣੀ ਹੈ। ਸਮੇਂ ਸਿਰ ਲੰਗਰ ਪਹੁੰਚ ਜਾਣਾ ਅਤੇ ਸਾਰੇ ਸੰਨਿਆਸੀਆਂ ਨੇ ਛਕਣਾ ਅਤੇ ਪ੍ਰਭੂ ਦਾ ਸ਼ੁਕਰ ਕਰਨਾ। ਕਹਿਣਾ ਕਿ ਹੇ ਪ੍ਰਭੂ! ਤੂੰ ਰਾਜਕ ਹੈਂ, ਹਰ ਜੀਵ ਦੀ ਪਰਾਲਬਧ ਉਸ ਦੇ ਪਾਸ ਹੁੰਦੀ ਹੈ। ਉਹ ਇਸ ਪਰਾਲਬਧ ਨੂੰ ਭੋਗਦਾ ਹੈ।

ਇਕ ਦਿਨ ਐਸੀ ਗੱਲ ਹੋਈ ਕਿ ਸਵਾਮੀ ਜੀ ਨੇ ਦੂਰ ਦੇ ਸਫਰ ਤੇ ਜਾਣਾ ਸੀ ਅਸੀਂ ਸਾਰੇ ਗੱਡੀ ਵਿਚ ਸਵਾਰ ਹੋ ਗਏ। ਗੱਡੀ ਐਕਸਪ੍ਰੈਸ ਸੀ, ਛੋਟੇ ਸਟੇਸ਼ਨਾਂ ਤੇ ਰੁਕਦੀ ਨਹੀਂ ਸੀ। ਮੈਂ ਕਿਹਾ, "ਸਵਾਮੀ ਜੀ! ਅੱਜ ਬਾਰ੍ਹਾਂ

ਵਜਣ ਵਾਲੇ ਹਨ, ਅੱਜ ਪ੍ਰਸ਼ਾਦੇ ਦਾ ਕੀ ਬੰਦੋਬਸਤ ਬਣੇਗਾ, ਸਾਰੇ ਪੁਛ ਰਹੇ ਹਨ।" ਆਪ ਫੁਰਮਾਉਣ ਲੱਗੇ ਕਿ ਭਾਈ! ਪ੍ਰਭੂ ਬਿਸੰਭਰ ਹੈ ਸਭ ਨੂੰ ਸਮੇਂ ਸਿਰ ਪਾਲਦਾ ਹੈ। ਇਸ ਸਬੰਧ ਵਿਚ ਗੁਰੂ ਦਸ਼ਮੇਸ਼ ਪਿਤਾ ਜੀ ਨੇ ਇਸ ਦੀ ਪ੍ਰੋੜ੍ਹਤਾ ਕੀਤੀ ਹੈ। ਆਪ ਫੁਰਮਾਉਂਦੇ ਹਨ –

***ਦੀਨਨ ਕੀ ਪ੍ਰਤਿਪਾਲ ਕਰੈ ਨਿਤ ਸੰਤ ਉਬਾਰ ਗਨੀਮਨ ਗਾਰੈ॥***
***ਪੱਛ ਪਸੂ ਨਗ ਨਾਗ ਨਰਾਧਪ ਸਰਬ ਸਮੈ ਸਭ ਕੋ ਪ੍ਰਤਿਪਾਰੈ॥***
***ਪੋਖਤ ਹੈ ਜਲ ਮੈ ਥਲ ਮੈ ਪਲ ਮੈ ਕਲ ਕੇ ਨਹੀ ਕਰਮ ਬਿਚਾਰੈ॥***
***ਦੀਨ ਦਇਆਲ ਦਇਆ ਨਿਧਿ ਦੋਖਨ ਦੇਖਤ ਹੈ ਪਰ ਦੇਤ ਨ ਹਾਰੈ॥***

***ਤ੍ਵਪ੍ਰਸਾਦਿ ਸਵੱਯੇ***

ਅਤੇ ਅੱਗੇ ਆਪ ਫੁਰਮਾਨ ਕਰਦੇ ਹਨ –

***ਰੋਜੀ ਹੀ ਰਾਜ ਬਿਲੋਕਤ ਰਾਜਕ ਰੋਖ ਰੂਹਾਨ ਕੀ ਰੋਜੀ ਨ ਟਾਰੈ॥***

***ਤ੍ਵਪ੍ਰਸਾਦਿ ਸਵੱਯੇ***

ਅੱਗੇ ਹੋਰ ਫੁਰਮਾਨ ਹਨ –

***ਜਾਨ ਕੋ ਦੇਤ ਅਜਾਨ ਕੋ ਦੇਤ ਜਮੀਨ ਕੋ ਦੇਤ ਜਮਾਨ ਕੋ ਦੈਹੈ।***
***ਕਾਹੇ ਕੋ ਡੋਲਤ ਹੈ ਤੁਮਰੀ ਸੁਧ ਸੁੰਦਰ ਸ੍ਰੀ ਪਦਮਾਪਤਿ ਲੈਹੈ॥***

***ਤ੍ਵਪ੍ਰਸਾਦਿ ਸਵੱਯੇ***

ਗੁਰਬਾਣੀ ਵਿਚ ਹੋਰ ਖੋਲ੍ਹ ਕੇ ਵਰਣਨ ਕੀਤਾ ਗਿਆ ਹੈ –

***ਕਾਹੇ ਰੇ ਮਨ ਚਿਤਵਹਿ ਉਦਮੁ ਜਾ ਆਹਰਿ ਹਰਿ ਜੀਉ ਪਰਿਆ॥***
***ਸੈਲ ਪਥਰ ਮਹਿ ਜੰਤ ਉਪਾਏ ਤਾ ਕਾ ਰਿਜਕੁ ਆਗੈ ਕਰਿ ਧਰਿਆ॥***

***ਪੰਨਾ – 495***

ਅਸੀਂ ਜੋ ਉਦਮ ਕਰਦੇ ਹਾਂ ਉਹ ਵੀ ਪਰਾਲਬਧ ਵਸ ਹੋਇਆ ਕਰਦਾ ਹੈ। ਜ਼ੋਰ ਮਾਰ ਕੇ ਇਸ ਦੇ ਹੱਥ ਕੁਝ ਨਹੀਂ ਆਇਆ ਕਰਦਾ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ –

***ਕਹੁ ਮਾਨੁਖ ਤੇ ਕਿਆ ਹੋਇ ਆਵੈ॥ ਜੋ ਤਿਸੁ ਭਾਵੈ ਸੋਈ ਕਰਾਵੈ॥***
***ਇਸ ਕੈ ਹਾਥਿ ਹੋਇ ਤਾ ਸਭੁ ਕਿਛੁ ਲੇਇ॥ ਜੋ ਤਿਸੁ ਭਾਵੈ ਸੋਈ ਕਰੇਇ॥***

...................................................................

***ਇਸ ਕਾ ਬਲੁ ਨਾਹੀ ਇਸੁ ਹਾਥ॥ ਕਰਨ ਕਰਾਵਨ ਸਰਬ ਕੋ ਨਾਥ॥***

***ਪੰਨਾ – 277***

ਇਸ ਤਰ੍ਹਾਂ ਨਾਲ ਕਿਸੇ ਚੀਜ਼ ਦੀ ਪ੍ਰਾਪਤੀ ਵਾਸਤੇ ਸੋਹਣੀ ਮਤ ਪ੍ਰਾਪਤ ਹੋ ਜਾਣੀ, ਸਰੀਰ ਤੋਂ ਉਦਮ ਕਰਵਾ ਲੈਣਾ ਇਹ ਸਭ ਕੁਝ ਪਰਾਲਬਧ ਦੇ ਵਸ ਵਿਚ ਹੋਇਆ ਕਰਦਾ ਹੈ। ਪਰਾਲਬਧ ਉਪਰ ਸ਼ਾਕਰ ਰਹਿਣ ਵਾਲੇ ਪ੍ਰੇਮੀ ਸਦਾ ਹੀ ਵਾਹਿਗੁਰੂ ਜੀ ਨਾਲ ਜੁੜੇ ਰਹਿੰਦੇ ਹਨ ਅਤੇ ਉਸ ਦੀ ਰਜ਼ਾ ਵਿਚ ਪ੍ਰਸੰਨ ਚਿਤ ਰਹਿੰਦੇ ਹਨ। ਉਨ੍ਹਾਂ ਦੀਆਂ ਮੰਗਾਂ ਅਤੇ ਵਾਸ਼ਨਾਵਾਂ ਖਤਮ ਹੋ ਜਾਂਦੀਆਂ ਹਨ ਕਿਉਂਕਿ ਪ੍ਰਭੂ ਸਰਬ ਕਲਾ ਸਮਰੱਥ ਘਟ-ਘਟ ਵਿਚ ਵਿਆਪਕ ਬਹੁਤ ਹੀ ਪਿਆਰੀ ਹਸਤੀ ਹੈ। ਉਹ ਜੀਆਂ ਨੂੰ ਆਪ ਹੀ ਸੰਭਾਲਦੀ ਹੈ, ਆਪ

ਹੀ ਆਪਣੀ ਪ੍ਰਸੰਨਤਾ ਵਿਚ ਉਸ ਨੂੰ ਸੁਮੱਤ ਦਿੰਦੀ ਹੈ ਜਿਵੇਂ ਕਿ ਫੁਰਮਾਨ ਕਰਦੇ ਹਨ –

***ਨਾਨਕ ਜੰਤ ਉਪਾਇ ਕੈ ਸੰਮਾਲੇ ਸਭਨਾਹ॥***
***ਜਿਨਿ ਕਰਤੈ ਕਰਣਾ ਕੀਆ ਚਿੰਤਾ ਭਿ ਕਰਣੀ ਤਾਹ॥***
***ਸੋ ਕਰਤਾ ਚਿੰਤਾ ਕਰੇ ਜਿਨਿ ਉਪਾਇਆ ਜਗੁ॥***
***ਤਿਸੁ ਜੋਹਾਰੀ ਸੁਅਸਤਿ ਤਿਸੁ ਤਿਸੁ ਦੀਬਾਣੁ ਅਭਗੁ॥***

***ਪੰਨਾ – 467***

ਸੋ ਇਸ ਉਪਰ ਕਥੇ ਸਿਧਾਂਤ ਦੇ ਮੁਤਾਬਿਕ ਸਵਾਮੀ ਰਾਮ ਤੀਰਥ ਜੀ ਪਰਾਲਬਧ ਦੀ ਅਟੱਲ ਸਚਾਈ ਨੂੰ ਜਾਣਦੇ ਹੋਏ ਵਿਸ਼ਵਾਸ਼ ਰਖਦੇ ਸਨ ਕਿ ਬਿਸੰਭਰ ਜੀ ਨੇ ਸਮੇਂ ਸਿਰ ਮੇਰਾ ਤੇ ਸਾਰੇ ਸਾਥੀਆਂ ਦਾ ਰਿਜ਼ਕ ਭੇਜਣਾ ਹੀ ਹੈ। ਜਦੋਂ ਪ੍ਰੋਫੈਸਰ ਪੂਰਨ ਸਿੰਘ ਜੀ ਨੇ ਸਵਾਮੀ ਜੀ ਨੂੰ ਪੁਛਿਆ ਕਿ ਅੱਜ ਤਾਂ ਆਪਾਂ ਡਾਕ ਗੱਡੀ ਵਿਚ ਜਾ ਰਹੇ ਹਾਂ। ਬਾਰ੍ਹਾਂ ਵਜੇ ਇਸ ਗੱਡੀ ਦੇ ਖੜ੍ਹਨ ਦਾ ਪ੍ਰੋਗਰਾਮ ਨਹੀਂ ਹੈ ਇਸ ਨੇ ਇਕ ਡੇਢ ਵਜੇ ਵੱਡੇ ਸਟੇਸ਼ਨ ਤੇ ਰੁਕਣਾ ਹੈ। ਅਸੀਂ ਇਸ ਲਈ ਬੇਨਤੀ ਕਰਕੇ ਆਪ ਨੂੰ ਪੁਛਦੇ ਹਾਂ ਕਿ ਅੱਜ ਦਾ ਪ੍ਰਸ਼ਾਦਾ ਕਿਥੇ ਅਤੇ ਕਿਵੇਂ ਮਿਲੇਗਾ? ਆਪ ਨੇ ਕਿਹਾ, "ਭਗਤ ਜਨੋ! ਤੁਸੀਂ ਆਪਣੀ ਪਰਾਲਬਧ ਉਪਰ ਵਿਸ਼ਵਾਸ਼ ਰੱਖੋ, ਵਾਹਿਗੁਰੂ ਸਰਬ ਕਲਾ ਸਮਰੱਥ ਹਨ ਉਨ੍ਹਾਂ ਨੇ ਠੀਕ 12 ਵਜੇ ਆਪ ਸਭ ਨੂੰ ਲੰਗਰ ਭੇਜਣਾ ਹੀ ਹੈ।" ਗੱਡੀ ਚਲਦੀ-ਚਲਦੀ ਅਚਾਨਕ ਹੀ ਇਕ ਛੋਟੇ ਜਿਹੇ ਸਟੇਸ਼ਨ ਉਪਰ ਰੁਕ ਗਈ ਅਤੇ ਗਾਰਡ ਨੇ ਪਲੇਟ ਫਾਰਮ ਵਾਲੀ ਲਾਈਨ ਦੇ ਨਾਲ ਲਾ ਕੇ ਗੱਡੀ ਖੜ੍ਹੀ ਕਰਾ ਦਿਤੀ। ਸਵਾਮੀ ਜੀ ਫਸਟ ਕਲਾਸ ਦੇ ਡੱਬੇ ਵਿਚ ਸਨ। ਅਸੀਂ ਉਮੀਦਾਂ ਲਾਈਂ ਬੈਠੇ ਸੀ। ਸਵਾਮੀ ਜੀ ਅਚਾਨਕ ਉਠੇ ਅਤੇ ਇਸ ਡੱਬੇ ਦੇ ਦਰਵਾਜ਼ੇ ਵਿਚ ਖੜ੍ਹੇ ਹੋ ਕੇ ਇਉਂ ਦੇਖਣ ਲੱਗੇ ਜਿਵੇਂ ਕਿ ਕਿਸੇ ਨੇ ਇਨ੍ਹਾਂ ਨੂੰ ਮਿਲਣ ਆਉਣਾ ਹੋਵੇ। ਅਸੀਂ ਵੀ ਬਾਹਰ ਦੇਖ ਰਹੇ ਸੀ। ਕਈ ਅਸਾਡੇ ਵਿਚੋਂ ਹੇਠਾਂ ਉਤਰ ਗਏ ਸਨ ਕਿਉਂਕਿ ਇਸ ਗੱਡੀ ਨੂੰ ਕੋਈ signal ਨਹੀਂ ਆਇਆ ਸੀ, ਐਨੇ ਨੂੰ ਕੀ ਦੇਖਦੇ ਹਾਂ ਕਿ ਇਕ ਸੇਠ ਕਾਹਲੀ ਨਾਲ ਆ ਰਿਹਾ ਹੈ। ਦੂਰੋਂ ਹੀ ਉਸ ਨੇ ਅਵਾਜ਼ ਦੇ ਕੇ ਕਿਹਾ ਕਿ ਓ, ਜੋ ਡੱਬੇ ਵਿਚ ਮਹਾਤਮਾ ਖੜ੍ਹੇ ਹਨ ਇਨ੍ਹਾਂ ਦੇ ਦਰਸ਼ਨ ਮੈਂ ਸੁਪਨੇ ਵਿਚ ਕੀਤੇ ਸਨ। ਇਸ ਗੱਡੀ ਨੇ ਅੱਗੇ line clear ਨਾ ਮਿਲਣ ਕਰਕੇ ਇਸੇ ਸੁੰਨੇ ਸਟੇਸ਼ਨ ਤੇ ਖੜ੍ਹੇ ਰਹਿਣਾ ਸੀ। ਰੇਲ ਦੇ ਕੰਡਕਟਰ ਨਾਲ ਸਾਰੀ ਗੱਲ ਕੀਤੀ ਗਈ। ਸੇਠ ਨੇ ਕਿਹਾ ਕਿ ਮੈਂ ਇਨ੍ਹਾਂ ਸਾਧੂਆਂ ਨੂੰ ਪ੍ਰਸ਼ਾਦਾ ਛਕਾਉਣਾ ਹੈ, ਕ੍ਰਿਪਾ ਕਰਕੇ ਇਸ ਗੱਡੀ ਨੂੰ ਥੋੜ੍ਹੇ ਮਿੰਟ ਹੋਰ ਰੋਕ ਦੇਣਾ। ਸਵਾਮੀ ਜੀ ਨੇ ਹੁਕਮ ਦਿਤਾ ਕਿ ਸਾਰੇ ਸਾਧੂ ਹੇਠਾਂ ਉਤਰ ਆਓ। ਉਸ ਸੇਠ ਨੇ ਇਕ ਦਮ ਇਕਲਵਾਂਜੇ ਜਾ ਕੇ ਦਰੀਆਂ ਵਿਛਾ ਦਿਤੀਆਂ ਅਤੇ ਪੰਗਤਾਂ ਲਾ ਕੇ ਪੂਰੀਆਂ ਛੋਲੇ, ਮਠਿਆਈ ਆਦਿ ਅਨੇਕਾਂ ਪਦਾਰਥਾਂ ਨੂੰ ਥਾਲੀਆਂ ਵਿਚ ਪਾ ਕੇ ਸਭ ਦੇ ਅੱਗੇ ਪਰੋਸ ਦਿਤਾ। ਭੋਜਨ ਐਨਾ ਜ਼ਿਆਦਾ ਸੀ ਕਿ ਉਸ ਨੇ ਰੇਲਵੇ ਦੇ ਗਾਰਡ, ਡਰਾਇਵਰਾਂ ਅਤੇ ਹੋਰ ਕਾਫੀ ਸਾਰੇ ਪ੍ਰੇਮੀਆਂ ਨੂੰ ਪੰਗਤ ਵਿਚ ਬਿਠਾ ਕੇ ਪ੍ਰਸ਼ਾਦਾ ਛਕਾਇਆ। ਮੈਂ ਉਸ ਸੇਠ ਨੂੰ ਪੁਛਿਆ ਕਿ ਤੁਹਾਨੂੰ ਸਵਾਮੀ ਜੀ ਨੇ ਕੋਈ ਤਾਰ ਭੇਜੀ ਸੀ ਕਿ ਤੁਸੀਂ ਇਹ ਗੱਡੀ ਕਿਸੇ ਤਰ੍ਹਾਂ ਰੁਕਵਾ ਲੈਣਾ? ਇਹ ਤਾਂ ਅਗਲੇ ਸਟੇਸ਼ਨ ਤੇ ਰੁਕਣੀ ਸੀ। ਸੇਠ ਨੇ ਕਿਹਾ ਕਿ ਤੁਸੀਂ ਇਹਨੂੰ

ਸੁਪਨਾ ਕਹੋ ਜਾਂ vision ਕਹੋ, ਉਸ ਵਿਚ ਮੈਨੂੰ ਹੁਕਮ ਹੋਇਆ ਕਿ ਇਕ ਮਹਾਤਮਾ ਐਕਸਪ੍ਰੈਸ ਗੱਡੀ ਤੇ ਆ ਰਹੇ ਹਨ। ਉਸ ਗੱਡੀ ਨੇ ਇਸ ਨਿੱਕੇ ਜਿਹੇ ਸਟੇਸ਼ਨ ਤੇ ਰੁਕ ਜਾਣਾ ਹੈ ਉਸ ਵਿਚ ਕਈ ਸਾਧੂ ਭੁੱਖੇ ਸਫਰ ਕਰ ਰਹੇ ਹੋਣਗੇ। ਮੈਨੂੰ ਆਦੇਸ਼ ਹੋਇਆ ਕਿ ਮੈਂ 40-50 ਬੰਦਿਆਂ ਦਾ ਪ੍ਰਸ਼ਾਦਾ ਤਿਆਰ ਕਰਕੇ ਲੈ ਕੇ ਜਾਵਾਂ। ਮੈਂ ਇਸ ਸੁਪਨੇ ਨੂੰ ਸੱਚ ਜਾਣ ਕੇ ਸਵੇਰੇ ਹੀ ਭੋਜਨ ਤਿਆਰ ਕਰਵਾਣੇ ਸ਼ੁਰੂ ਕੀਤੇ ਅਤੇ ਮੈਂ ਇਸ ਸਟੇਸ਼ਨ ਤੇ ਗੱਡੀ ਆਉਣ ਤੋਂ ਪਹਿਲਾਂ ਪਹੁੰਚ ਗਿਆ। ਇਥੇ ਆ ਕੇ ਸਟੇਸ਼ਨ ਮਾਸਟਰ ਨੂੰ ਪੁਛਿਆ। ਅਜੇ ਗੱਡੀ ਆਉਣ ਵਿਚ 15 ਮਿੰਟ ਰਹਿੰਦੇ ਸਨ, ਮੇਰੇ ਸਾਥੀ ਮੈਨੂੰ ਕਹਿ ਰਹੇ ਸੀ ਕਿ ਤੁਹਾਨੂੰ ਐਵੇਂ ਕੋਈ ਭੁਲੇਖਾ ਪਿਆ ਹੈ। ਮੈਂ ਉਤਰ ਦਿਤਾ ਕਿ ਮੈਂ ਸੁਪਨੇ ਵਿਚ ਉਨ੍ਹਾਂ ਸਵਾਮੀਆਂ ਦੇ ਵੀ ਦਰਸ਼ਨ ਕੀਤੇ ਹਨ ਜਿਨ੍ਹਾਂ ਲਈ ਮੈਂ ਪ੍ਰਸ਼ਾਦਾ ਲੈ ਕੇ ਆਇਆ ਹਾਂ। ਸਟੇਸ਼ਨ ਮਾਸਟਰ ਨੂੰ ਪੁਛਿਆ ਕਿ ਗੱਡੀ ਕਿਸੇ ਤਰ੍ਹਾਂ ਇਥੇ ਰੁਕ ਸਕਦੀ ਹੈ? ਸਟੇਸ਼ਨ ਮਾਸਟਰ ਨੇ ਕਿਹਾ ਮੈਨੂੰ ਹੁਣੇ ਹੁਕਮ ਆਇਆ ਹੈ ਕਿ ਇਸ ਗੱਡੀ ਨੂੰ 20-25 ਮਿੰਟ ਸਟੇਸ਼ਨ ਤੇ ਰੋਕ ਦੇਵੋ ਕਿਉਂਕਿ line clear ਨਹੀਂ ਹੈ। ਕੋਈ ਹੋਰ ਗੱਡੀ slow speed (ਬਹੁਤ ਹੌਲੀ) ਤੇ ਜਾ ਰਹੀ ਹੈ। ਸੋ ਇਸ ਗੱਲ ਨੂੰ ਦੇਖ ਕੇ ਮੈਨੂੰ ਸੁਆਮੀ ਜੀ ਦੇ ਪਰਾਲਬਧ ਉਪਰ ਸ਼ਾਕਰ ਰਹਿਣ ਦੇ ਸਿਧਾਂਤ ਨੂੰ ਮੰਨਣਾ ਪਿਆ। ਸਾਰਿਆਂ ਨੇ ਪ੍ਰਸ਼ਾਦੇ ਛਕੇ, ਬਹੁਤ ਸਾਰੇ ਭੁੱਖੇ ਮੁਸਾਫਰਾਂ ਨੇ ਵੀ ਆ ਕੇ ਲੰਗਰ ਛਕਿਆ।

ਇਕ ਵਾਰੀ ਸਾਡੀ ਸਾਰੇ ਸਾਧੂਆਂ ਦੀ ਜਮਾਤ ਇਕ ਪਹਾੜ ਦੀ ਚੜ੍ਹਾਈ ਚੜ੍ਹ ਰਹੇ ਸਨ। 12 ਵਜੇ ਦੁਪਹਿਰ ਦਾ ਟਾਈਮ ਹੋ ਗਿਆ। ਮੈਂ ਸੁਆਮੀ ਜੀ ਨੂੰ ਸਹਿਜ ਸੁਭਾਅ ਕਿਹਾ ਕਿ ਸਵਾਮੀ ਜੀ! ਅੱਜ ਐਉਂ ਲਗਦਾ ਹੈ ਕਿ ਆਪਾਂ ਅੱਜ ਜਿਸ ਉਜਾੜ ਵਿਚੀਂ ਤੁਰੇ ਜਾ ਰਹੇ ਹਾਂ, ਇਥੇ ਆਪਣੀ ਪਰਾਲਬਧ ਨੇ ਨਹੀਂ ਪਹੁੰਚਣਾ। ਮੈਨੂੰ ਸਵਾਮੀ ਜੀ ਕਹਿਣ ਲੱਗੇ, "ਤੁਸੀਂ ਪ੍ਰਭੂ ਉਪਰ ਭਰੋਸਾ ਰੱਖੋ। ਦੇਖੋ ਅੱਜ ਪ੍ਰਭੂ ਆਪਾਂ ਨੂੰ ਛਕਣ ਲਈ ਕੀ ਭੇਜਦਾ ਹੈ।" ਜਦੋਂ 12 ਵਜਣ ਵਾਲੇ ਹੋਏ ਤਾਂ ਅਸਾਨੂੰ ਨਜ਼ਰ ਆਇਆ ਕਿ ਸਾਮ੍ਹਣੇ ਤੋਂ ਇਕ ਬੀਬੀ ਗਾਗਰ (ਵਲਟੋਹੀ) ਸਿਰ ਤੇ ਚੁਕੀਂ ਆ ਰਹੀ ਹੈ। ਜਦੋਂ ਅਸਾਡੇ ਸਨਮੁਖ ਹੋਈ ਤਾਂ ਉਸ ਨੇ ਸਾਨੂੰ ਰੁਕਣ ਲਈ ਕਿਹਾ ਅਤੇ ਨਾਲ ਦੀ ਨਾਲ ਬੋਲੀ ਕਿ ਸੰਤ ਜੀ! ਮੈਂ ਤਾਂ ਤੁਹਾਨੂੰ ਕਾਫੀ ਸਮੇਂ ਤੋਂ ਭਾਲ ਰਹੀ ਹਾਂ। ਮੈਨੂੰ ਸੁਪਨੇ ਵਿਚ ਕਿਸੇ ਨੇ ਕਿਹਾ ਸੀ ਕਿ ਤੂੰ ਬਾਰ੍ਹਾਂ ਵਜੇ ਜਾ ਕੇ ਸੰਤਾਂ ਨੂੰ ਦੁਧ ਪਿਲਾ। ਉਹ ਇਸ ਪਗਡੰਡੀ ਉਪਰ ਹੀ ਪਹਾੜ ਚੜ੍ਹਦੇ ਹੀ ਤੈਨੂੰ ਮਿਲ ਜਾਣਗੇ। ਕਹਿਣ ਲੱਗੀ, "ਸ਼ੁਕਰ ਹੈ ਰਾਮ ਦਾ ਕਿ ਮੈਨੂੰ ਬਹੁਤ ਢੂੰਡ ਨਾ ਕਰਨੀ ਪਈ, ਛੇਤੀ ਹੀ ਤੁਸੀਂ ਮਿਲ ਗਏ।" ਅਸੀਂ ਸਾਰਿਆਂ ਨੇ ਦੁਧ ਪੀਤਾ। ਸੋ ਮਹਾਂਪੁਰਸ਼ਾਂ ਦੇ ਜੀਵਨ ਨੂੰ ਵਾਚ ਕੇ ਸਿੱਟਾ ਇਹ ਨਿਕਲਦਾ ਹੈ ਭਾਵੇਂ ਪਰਾਲਬਧ ਕਿਸੇ ਕਿਸਮ ਦੀ ਵੀ ਕਿਉਂ ਨਾ ਹੋਵੇ, ਉਹ ਮਿਲ ਹੀ ਜਾਇਆ ਕਰਦੀ ਹੈ। ਉਸ ਵਿਚ ਪ੍ਰਸ਼ਨ ਇਹ ਪੈਦਾ ਹੁੰਦਾ ਹੈ ਕਿ ਆਦਮੀ ਨੂੰ ਕੁਝ ਕਰਨਾ ਵੀ ਜ਼ਰੂਰੀ ਹੈ? ਉਸ ਦੇ ਬਾਰੇ ਗੁਰਬਾਣੀ ਸਪਸ਼ਟ ਕਰਦੀ ਹੈ-

***ਇਸ ਕਾ ਬਲੁ ਨਾਹੀ ਇਸੁ ਹਾਥ॥***
***ਕਰਨ ਕਰਾਵਨ ਸਰਬ ਕੋ ਨਾਥ॥*** ***ਪੰਨਾ - 277***

ਜਿਹੋ ਜਿਹੀ ਪ੍ਰਾਪਤੀ ਹੋਣੀ ਹੁੰਦੀ ਹੈ ਉਹੋ ਜਿਹਾ ਹੀ ਖਿਆਲ ਆਦਮੀ

ਦੇ ਅੰਦਰ ਪੈਦਾ ਹੋਣੇ ਸ਼ੁਰੂ ਹੋ ਜਾਂਦੇ ਹਨ। ਜੇ ਉਦਮ ਕੀਤਿਆਂ ਹੀ ਉਸ ਨੇ ਹੱਥ ਆਉਣਾ ਹੈ ਤਾਂ ਉਸ ਨੂੰ ਉਦਮ ਕਰਨ ਦੀ ਪ੍ਰੇਰਨਾ ਹੁੰਦੀ ਹੈ। ਸਬੰਧਤ ਬੰਦਿਆਂ ਪਾਸ ਉਹ ਜਾਂਦਾ ਹੈ, ਕੋਈ ਐਸਾ ਕਰਿਸ਼ਮਾ ਵਰਤਦਾ ਹੈ ਕਿ ਪਰਾਲਬਧ ਦੀ ਸ਼ਕਤੀ ਉਸ ਨੂੰ ਉਸੇ ਤਰ੍ਹਾਂ ਦੇ ਮੇਲ ਕਰਾ ਦਿੰਦੀ ਹੈ।

ਮੈਂ (ਲੇਖਕ) ਆਪਣੇ ਜੀਵਨ ਵਿਚ ਇਹ ਸਾਰੀਆਂ ਚੀਜ਼ਾਂ ਅਪਣਾਅ ਕੇ ਦੇਖੀਆਂ ਹਨ। ਜੇ ਮੈਂ ਇਥੇ ਲਿਖਾਂ ਤਾਂ ਬਹੁਤ ਵੱਡੀ ਵਾਰਤਾ ਬਣ ਜਾਵੇਗੀ ਅਤੇ ਮੈਂ ਸਾਰ ਦਸਦਾ ਹਾਂ ਕਿ ਮੇਰੀ ਪਰਾਲਬਧ ਅਨੁਸਾਰ ਭੋਜਨ, ਕੱਪੜਾ, ਹੋਰ ਸਭ ਕੁਝ ਬਿਨਾਂ ਚਿਤਵੇ ਹੀ ਮਿਲਦਾ ਰਿਹਾ। ਜਦੋਂ ਹੋਰ ਮਹਾਂਪੁਰਸ਼ਾਂ ਦੇ ਜੀਵਨ ਨੂੰ ਪੜ੍ਹਦੇ ਹਾਂ ਤਾਂ ਵੀ ਇਹ ਗੱਲਾਂ ਪ੍ਰਤੱਖ ਰੂਪ ਵਿਚ ਸਾਮ੍ਹਣੇ ਆਉਂਦੀਆਂ ਹਨ।

ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲੇ ਸਵਾ ਲੱਖ ਪਾਠ 'ਜਪੁਜੀ ਸਾਹਿਬ' ਦੇ ਹਜ਼ੂਰ ਸਾਹਿਬ ਕਰ ਰਹੇ ਸਨ। ਹਜ਼ੂਰ ਸਾਹਿਬ ਦੇ ਨੇੜੇ ਜ਼ਿਆਦਾ ਬੋਲ-ਬਰਾਲਾ, ਆਵਾਜਾਈ ਕਰਕੇ ਬਹੁਤੀ ਰੌਣਕ ਰਹਿੰਦੀ ਸੀ, ਇਹ ਇਕਾਂਤ ਸਿਮਰਨ ਵਿਚ ਵਿਘਨਕਾਰੀ ਹੋਇਆ ਕਰਦੀ ਹੈ। ਮਹਾਂਪੁਰਸ਼ਾਂ ਨੇ ਗੁਰਦੁਆਰਾ ਸਾਹਿਬ ਤੋਂ ਚਲ ਕੇ ਗੋਦਾਵਰੀ ਦੇ ਹੇਠਾਂ ਦੇ ਰੁਖ ਚਾਰ ਮੀਲ ਦੀ ਵਿੱਥ ਤੇ ਇਕ ਅਜਿਹੇ ਥਾਂ ਆਸਣ ਲਾ ਲਿਆ ਜਿਥੇ ਆਉਣਾ ਜਾਣਾ ਬਹੁਤ ਹੀ ਘੱਟ ਸੀ। ਆਪ ਇਥੇ ਦਿਨ ਰਾਤ ਘਾਲਣਾ ਘਾਲਣ ਲੱਗੇ। ਭੁੱਖਿਆਂ ਨੂੰ ਦੂਸਰਾ ਦਿਨ ਹੋ ਗਿਆ ਆਪ ਦੇ ਮਨ ਵਿਚ ਕੋਈ ਵੀ ਫੁਰਨਾ ਨਹੀਂ ਸੀ ਕਿ ਪ੍ਰਸ਼ਾਦੇ ਲਈ ਮੈਂ ਕਿਸੇ ਅਬਾਦੀ ਵਿਚ ਜਾਵਾਂ। ਆਪ ਜਲ ਪੀ ਕੇ ਆਪਣੀ ਭੁੱਖ ਨੂੰ ਮਿਟਾਉਂਦੇ ਰਹੇ। ਪਰ ਇਥੇ ਮੈਂ ਇਕ ਹੋਰ ਗੱਲ ਦਸ ਦੇਣੀ ਚਾਹੁੰਦਾ ਹਾਂ ਕਿ ਆਦਮੀ ਦੇ ਅੰਦਰ ਲਗਾਤਾਰ ਅਭਿਆਸ ਨਾਲ ਇਕ ਐਸੀ ਅਵਸਥਾ ਪ੍ਰਾਪਤ ਹੋ ਜਾਂਦੀ ਹੈ ਜਿਥੇ ਨਾ ਭੁੱਖ ਵਿਆਪਦੀ ਹੈ, ਨਾ ਪਿਆਸ ਲਗਦੀ ਹੈ, ਨਾ ਦੁਖ ਦਾ ਪਤਾ ਲਗਦਾ ਹੈ, ਨਾ ਸੁੱਖ ਦਾ ਪਤਾ ਲਗਦਾ ਹੈ, ਸੁਰਤ ਕਿਸੇ ਐਸੇ ਮੰਡਲ ਵਿਚ ਪ੍ਰਵੇਸ਼ ਕਰ ਜਾਂਦੀ ਹੈ ਜਿਥੇ ਇਨ੍ਹਾਂ ਚੀਜ਼ਾਂ ਦੀ ਪਹੁੰਚ ਨਹੀਂ ਹੁੰਦੀ। ਗੁਰੂ ਮਹਾਰਾਜ ਜੀ ਨੇ ਇਸ ਸਿਧਾਂਤ ਬਾਰੇ ਆਪਣੇ ਬਚਨਾਂ ਰਾਹੀਂ ਦੁਹਰਾਇਆ ਹੈ –

***ਗੁਰਮੁਖਿ ਅੰਤਰਿ ਸਹਜੁ ਹੈ ਮਨੁ ਚੜਿਆ ਦਸਵੈ ਆਕਾਸਿ॥***
***ਤਿਥੈ ਊਂਘ ਨ ਭੁਖ ਹੈ ਹਰਿ ਅੰਮ੍ਰਿਤ ਨਾਮੁ ਸੁਖ ਵਾਸੁ॥***
***ਨਾਨਕ ਦੁਖੁ ਸੁਖੁ ਵਿਆਪਤ ਨਹੀ ਜਿਥੈ ਆਤਮ ਰਾਮ ਪ੍ਰਗਾਸੁ॥***

***ਪੰਨਾ – 1414***

ਸੋ ਇਸ ਤਰ੍ਹਾਂ ਦੇ ਨਾਲ ਮਹਾਂਪੁਰਸ਼ਾਂ ਨੂੰ ਦੋ ਦਿਨ ਹੋ ਗਏ ਅਤੇ ਦੂਸਰੇ ਦਿਨ ਜਦੋਂ ਰਾਤ ਪਈ ਤਾਂ ਹਜ਼ੂਰ ਸਾਹਿਬ ਦੇ ਹੈਡ ਗ੍ਰੰਥੀ ਨੂੰ ਸੁਪਨਾ ਆਇਆ ਤੇ ਉਸ ਨੇ vision (ਦਿਬਯ-ਦ੍ਰਿਸ਼ਟੀ) ਵਿਚ ਦੇਖਿਆ ਕਿ ਗੁਰੂ ਦਸ਼ਮੇਸ਼ ਪਿਤਾ ਉਸ ਨੂੰ ਹੁਕਮ ਦੇ ਰਹੇ ਹਨ ਕਿ ਪ੍ਰੇਮੀਆਂ! ਅਸਾਡਾ ਇਕ ਸਿੱਖ ਭੁੱਖਾ ਹੈ, ਉਹ ਗੋਦਾਵਰੀ ਦੇ ਹੇਠਾਂ ਵਾਲੇ ਪਾਸੇ ਚਾਰ ਮੀਲ ਚਲ ਕੇ ਇਕ ਐਸੇ ਮੋੜ ਵਿਚ ਬੈਠਾ ਹੈ ਜਿਥੇ ਆਦਮੀ ਘਟ ਹੀ ਜਾਂਦੇ ਹਨ। ਸਵੇਰੇ

ਨੂੰ ਪ੍ਰਸ਼ਾਦਾ ਬਣਾ ਕੇ ਲਿਜਾਈਂ ਅਤੇ ਉਸ ਨੂੰ ਜ਼ਰੂਰ ਛਕਾਉਣਾ। ਉਸ ਨੇ ਉਠ ਕੇ ਆਪਣੀ ਘਰਵਾਲੀ ਨਾਲ ਬਚਨ ਕੀਤੇ। ਉਸਨੇ ਕਿਹਾ ਕਿ ਆਪਾਂ ਦਿਨ ਰਾਤ ਅਜਿਹੇ ਥਾਂ ਰਹਿੰਦੇ ਹਾਂ ਜਿਥੇ ਸੰਗਤਾਂ ਆਉਂਦੀਆਂ ਹਨ, ਲੰਗਰ ਛਕਦੀਆਂ ਹਨ, ਆਪਾ ਕਿਹੜਾ ਇਥੇ ਹੋਰ ਕੋਈ ਕੰਮ ਕਰਦੇ ਹਾਂ, ਕਿਹੜਾ ਕਿਸੇ ਮੈਦਾਨੇ ਜੰਗ ਵਿਚ ਲੜ ਰਹੇ ਹਾਂ। ਆਪਾਂ ਨੂੰ ਸੁਪਨਾ ਜੇ ਆਵੇਗਾ ਤਾਂ ਪਾਠ ਦਾ ਹੀ ਆਵੇਗਾ, ਕੀਰਤਨ ਦਾ ਆਵੇਗਾ, ਜਾਂ ਲੰਗਰ ਦਾ ਹੀ ਆਵੇਗਾ; ਇਹ ਸਾਧਾਰਣ ਹੀ ਤੁਹਾਨੂੰ ਸੁਪਨਾ ਆਇਆ ਹੈ, ਤੁਸੀਂ ਕਿਸੇ ਵਹਿਮ ਵਿਚ ਨਾ ਪਵੋ। ਅਗਲੀ ਰਾਤ ਇਸ ਗੁਰਮੁਖ ਪਿਆਰੇ ਨੂੰ ਫੇਰ ਉਸੇ ਤਰ੍ਹਾਂ ਨਾਲ vision (ਦ੍ਰਿਸ਼ਟੀ) ਵਿਚ ਆਗਿਆ ਹੋਈ ਕਿ ਤੂੰ ਇਸ ਨੂੰ ਐਵੇਂ ਨਾ ਜਾਣ। ਅਸਾਡੇ ਪਿਆਰੇ ਪ੍ਰੇਮੀ ਨੂੰ ਪ੍ਰਸ਼ਾਦਾ ਛਕਾ ਕੇ ਆ, ਦੂਸਰੇ ਦਿਨ ਉਹ ਪ੍ਰਸ਼ਾਦਾ ਲੈ ਕੇ ਗਿਆ ਪਰ ਤਿੰਨ ਕੁ ਮੀਲ ਜਾਣ ਉਪਰੰਤ ਉਸ ਦੇ ਮਨ ਵਿਚ ਆਇਆ ਕਿ ਮੈਨੂੰ ਐਵੇਂ ਵਹਿਮ ਹੋ ਗਿਆ। ਇਥੇ ਬੰਦੇ ਨੇ ਕੀ ਕਰਨਾ ਸੀ ਆ ਕੇ, ਨਾ ਕੋਈ ਅਬਾਦੀ ਹੈ, ਨਾ ਕੋਈ ਰਾਹ ਹੈ। ਐਸੇ ਵਿਚਾਰਾਂ ਤੋਂ ਪ੍ਰਭਾਵਤ ਹੋਇਆ ਵਾਪਸ ਆ ਗਿਆ। ਤੀਸਰੀ ਰਾਤ ਫੇਰ ਤਾੜਨਾ ਕੀਤੀ ਗਈ ਅਤੇ ਕਿਹਾ ਗਿਆ ਕਿ ਉਹ ਚਾਰ ਮੀਲ ਦੂਰ ਬੈਠੇ ਹਨ। ਉਹ ਬਾਹਰ ਵੀ ਬੈਠਦੇ ਹਨ ਅਤੇ ਪਾਣੀ ਵਿਚ ਵੀ ਘੰਟਿਆਂ ਬੱਧੀ ਸਮਾਧੀ ਸਥਿਤ ਬੈਠੇ ਰਹਿੰਦੇ ਹਨ। ਚੌਥੇ ਦਿਨ ਉਹ ਚਾਰ ਮੀਲ ਦੇ ਫਾਸਲੇ ਤੇ ਗਿਆ ਉਥੇ ਕੋਈ ਵੀ ਨਜ਼ਰ ਨਾ ਆਇਆ ਕਿਉਂਕਿ ਮਹਾਂਪੁਰਸ਼ ਚਾਰ ਮੀਲ ਹੋਰ ਅੱਗੇ ਚਲੇ ਗਏ ਸੀ ਜਿਥੇ ਪਾਣੀ ਜ਼ੋਰ ਨਹੀਂ ਸੀ ਪਾ ਰਿਹਾ, ਟਿਕ ਕੇ ਚਲ ਰਿਹਾ ਸੀ। ਇਸੇ ਤਰ੍ਹਾਂ ਨਾਲ ਉਸ ਨੂੰ ਫੇਰ ਹੁਕਮ ਹੁੰਦਾ ਰਿਹਾ। ਅਖੀਰ ਸਤਵੇਂ ਦਿਨ ਉਹ ਉਸ ਥਾਂ ਪਹੁੰਚ ਗਿਆ ਜਿਥੇ ਮਹਾਂਪੁਰਸ਼ ਪਾਣੀ ਵਿਚ ਸਮਾਧੀ ਸਥਿਤ ਬੈਠੇ ਸਨ। ਉਸ ਨੇ ਜਾ ਕੇ ਫਤਹਿ ਬੁਲਾਈ, ਮਹਾਂਪੁਰਸ਼ ਪਾਣੀ ਵਿਚੋਂ ਬਾਹਰ ਆਏ ਅਤੇ ਗਿੱਲੇ ਵਸਤਰ ਬਦਲੇ। ਉਸ ਪ੍ਰੇਮੀ ਨੇ ਇਕ ਪਰਨਾ ਧਰਤੀ ਤੇ ਵਿਛਾ ਦਿਤਾ ਜਿਸ ਤੇ ਆ ਕੇ ਆਪ ਬਿਰਾਜਮਾਨ ਹੋ ਗਏ। ਉਸ ਵੇਲੇ ਮਾਨਯੋਗ ਹੈਡ ਗ੍ਰੰਥੀ ਜੀ ਨੇ ਪਿਛਲੇ ਛੇ ਦਿਨਾਂ ਵਿਚ ਵਰਤ ਰਹੀ ਸਾਰੀ ਵਾਰਤਾ ਮਹਾਂਪੁਰਸ਼ਾਂ ਨੂੰ ਸੁਣਾਈ ਅਤੇ ਪ੍ਰਸ਼ਾਦਾ ਛਕਣ ਲਈ ਬੇਨਤੀ ਕੀਤੀ। ਗੁਰੂ ਮਹਾਰਾਜ ਜੀ ਨੇ ਸੰਤਾਂ ਦੇ ਮਨ ਵਿਚ ਫੁਰਨਾ ਪੈਦਾ ਕਰ ਦਿਤਾ ਕਿ ਤੁਸੀਂ ਗੁਰਦੁਆਰਾ ਸਾਹਿਬ ਵਾਪਸ ਜਾ ਕੇ ਸਹਿਜ ਨਾਲ ਹੀ ਆਪਣੇ ਜਪ ਤਪ ਨੂੰ ਪੂਰਾ ਕਰੋ।

ਸੋ ਅਨੇਕਾਂ ਮਹਾਂਪੁਰਸ਼ਾਂ ਦੇ ਨਾਲ ਐਸੇ ਚਮਤਕਾਰ ਹੁੰਦੇ ਹੀ ਰਹਿੰਦੇ ਹਨ। ਸੰਤ ਮਹਾਰਾਜ ਜੀ ਰਾੜੇ ਸਾਹਿਬ ਵਾਲਿਆਂ ਨੇ ਜੋ ਉਸ ਸਮੇਂ ਘੋਰ ਤਪਸਿਆ ਕਰ ਰਹੇ ਸਨ, ਸਾਰੀ ਸੰਗਤ ਨੂੰ ਸੰਬੋਧਨ ਕਰਦਿਆਂ ਫੁਰਮਾਨ ਕੀਤਾ ਕਿ ਪ੍ਰੇਮੀਓ! ਆਪਾਂ ਉਪਰ ਵਾਹਿਗੁਰੂ ਜੀ ਨੇ ਮਹਾਨ ਕ੍ਰਿਪਾ ਕੀਤੀ ਹੈ ਕਿ ਇਸ ਅਜਿੱਤ ਮਾਇਆ ਵਿਚੋਂ ਕੱਢ ਕੇ ਅਸਾਨੂੰ ਬੰਦਗੀ ਕਰਨ ਦਾ ਸਮਾਂ ਬਖਸ਼ਿਆ ਹੈ। ਆਪਦੀ ਖਾਦ ਖੁਰਾਕ, ਵਸਤਰ ਅਤੇ ਰਿਹਾਇਸ਼ ਦਾ ਵਾਹਿਗੁਰੂ ਜੀ ਨੂੰ ਆਪ ਹੀ ਫਿਕਰ ਹੈ। ਉਨ੍ਹਾਂ ਨੇ ਅਸਾਡੀ ਪਰਾਲਬਧ ਦੇ ਮੁਤਾਬਿਕ ਅਸਾਨੂੰ ਕੁਲੀ, ਜੁਲੀ, ਗੁੱਲੀ ਨਿਰ ਉਦਮ ਹੀ ਦੇਣੀ ਹੈ। ਅਸਾਡਾ ਫਰਜ਼ ਹੈ ਕਿ ਅਸੀਂ ਮਨ, ਚਿਤ, ਇਕਾਗਰ ਕਰਕੇ ਸਮੇਂ ਦੀ ਪੂਰੀ-ਪੂਰੀ ਸੰਭਾਲ ਕਰੀਏ ਅਤੇ ਫੁਰਨੇ ਰਹਿਤ ਹੋ ਕੇ ਚਰਨ ਕਮਲ ਦੀ ਮੌਜ ਦੀ ਪ੍ਰਾਪਤੀ ਵਾਸਤੇ ਸਦਾ ਹੀ ਅਰਦਾਸ ਵਿਚ

ਰਹੀਏ। ਤੁਹਾਡੀ ਪਰਾਲਬਧ ਆਪਣੇ ਆਪ ਹੀ ਤੁਹਾਡੇ ਚਰਨਾਂ ਵਿਚ ਪਹੁੰਚ ਜਾਇਆ ਕਰੇਗੀ, ਇਸ ਚੀਜ਼ ਦਾ ਫੁਰਨਾ ਨਹੀਂ ਕਰਨਾ। ਲੋੜ ਹੈ ਤਾਂ ਕੇਵਲ ਆਪਾ ਸਮੇਂ ਨੂੰ ਸੰਭਾਲੀਏ। ਇਹ ਸਮਾਂ ਕਿਸੇ ਦਾ ਰੋਕਿਆ ਰੁਕਿਆ ਨਹੀਂ ਕਰਦਾ। ਇਹ ਆਪਣੀ ਤਿੱਖੀ ਚਾਲ ਦੇ ਨਾਲ ਚਲਦਾ ਰਹਿੰਦਾ ਹੈ ਇਸ ਸਮੇਂ ਨੂੰ ਸੰਭਾਲੋ। ਉਡਦਾ ਜਾ ਰਿਹਾ ਹੈ ਇਸ ਨੂੰ ਠਹਿਰਣ ਦੀ ਜਾਂਚ ਨਹੀਂ ਹੈ–

*ਰਹੀ ਵਾਸਤੇ ਘੱਤ 'ਸਮੇਂ' ਨੇ ਇੱਕ ਨ ਮੰਨੀ,*
*ਫੜ ਫੜ ਰਹੀ ਧਰੀਕ 'ਸਮੇਂ' ਖਿਸਕਾਈ ਕੰਨੀ,*
*ਕਿਵੇਂ ਨ ਸੱਕੀ ਰੋਕ ਅਟਕ ਜੋ ਪਾਈ ਭੰਨੀ,*
*ਤ੍ਰਿੱਖੇ ਅਪਣੇ ਵੇਗ ਗਿਆ ਟਪ ਬੰਨੇ ਬੰਨੀ,*
*ਹੋ! ਅਜੇ ਸੰਭਾਲ ਇਸ 'ਸਮੇਂ' ਨੂੰ,*
*ਕਰ ਸਫਲ ਉਡੰਦਾ ਜਾਂਵਦਾ,*
*ਇਹ ਠਹਿਰਨ ਜਾਚ ਨ ਜਾਣਦਾ,*
*ਲੰਘ ਗਿਆ ਨ ਮੁੜ ਕੇ ਆਂਵਦਾ।* *ਡਾ. ਭਾਈ ਵੀਰ ਸਿੰਘ ਜੀ*

ਸਮਾਂ ਬਹੁਤ ਕੀਮਤੀ ਹੈ ਕਿਸੇ ਕਵੀ ਨੇ ਲਿਖਿਆ ਹੈ –

*ਓਹ ਵੇਲਾ ਔਂਦਾ ਨਹੀਂ ਜੋ ਹਥੋਂ ਗੁਆਚ ਗਿਆ।*
*ਓਹ ਜੋਬਨ ਥਿਔਂਦਾ ਨਹੀਂ ਜੋ ਪੱਤਰਾ ਵਾਚ ਗਿਆ।*
*ਪਾਣੀ ਦਰਿਆਵਾਂ ਦੇ ਇਕ ਵਾਰ ਜੋ ਵਹਿ ਗਏ ਨੇ।*
*ਨਹੀਂ ਔਂਦੇ ਮੁੜ ਪੱਤਣਾਂ ਤੇ ਇਉਂ ਦਾਨੇ ਕਹਿ ਗਏ ਨੇ।*

ਅਤੇ ਕਬੀਰ ਜੀ ਕਹਿੰਦੇ ਹਨ –

*ਕਬੀਰ ਸੂਤਾ ਕਿਆ ਕਰਹਿ ਉਠਿ ਕਿ ਨ ਜਪਹਿ ਮੁਰਾਰਿ॥*
*ਇਕ ਦਿਨ ਸੋਵਨੁ ਹੋਇਗੋ ਲਾਂਬੇ ਗੋਡ ਪਸਾਰਿ॥ ਪੰਨਾ – 1371*

ਗੁਰੂ ਮਹਾਰਾਜ ਜੀ ਨੇ ਬਾਣੀ ਵਿਚ ਫੁਰਮਾਨ ਕੀਤਾ ਹੈ ਕਿ ਰਾਮ ਦੇ ਪਿਆਰੇ ਸੰਤ ਜਨ ਅੰਮ੍ਰਿਤ ਵੇਲੇ ਉਠ ਬਹਿੰਦੇ ਹਨ ਅਤੇ ਚਿਤ ਬਿਰਤੀ ਇਕਾਗਰ ਕਰਕੇ ਚਰਨਾਂ ਕਮਲਾਂ ਦਾ ਧਿਆਨ ਕਰਦੇ ਹਨ ਅਤੇ ਦਿਨ ਚੜ੍ਹੇ ਤਾਂਈ ਅਫੁਰ ਅਵਸਥਾ ਵਿਚ ਪ੍ਰਭੂ ਨਾਲ ਜੁੜੇ ਰਹਿੰਦੇ ਹਨ। ਬਾਣੀ ਵਿਚ ਫੁਰਮਾਨ ਹੈ–

*ਭਿੰਨੀ ਰੈਨੜੀਐ ਚਾਮਕਨਿ ਤਾਰੇ॥ ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ॥*
*ਰਾਮ ਪਿਆਰੇ ਸਦਾ ਜਾਗਹਿ ਨਾਮੁ ਸਿਮਰਹਿ ਅਨਦਿਨੋ॥*
*ਚਰਣ ਕਮਲ ਧਿਆਨੁ ਹਿਰਦੈ ਪ੍ਰਭ ਬਿਸਰੁ ਨਾਹੀ ਇਕੁ ਖਿਨੋ॥*
*ਤਜਿ ਮਾਨੁ ਮੋਹੁ ਬਿਕਾਰੁ ਮਨ ਕਾ ਕਲਮਲਾ ਦੁਖ ਜਾਰੇ॥*
*ਬਿਨਵੰਤਿ ਨਾਨਕ ਸਦਾ ਜਾਗਹਿ ਹਰਿ ਦਾਸ ਸੰਤ ਪਿਆਰੇ॥*
*ਪੰਨਾ – 459*

ਭਾਈ ਵੀਰ ਸਿੰਘ ਜੀ ਹੋਰ ਲਿਖਦੇ ਹਨ –

*'ਕੱਲ' ਚੁਕੀ ਹੈ ਬੀਤ ਵੱਸ ਤੋਂ ਦੂਰ ਨਸਾਈ,*
*'ਭਲਕ' ਅਜੇ ਹੈ ਦੂਰ ਨਹੀਂ ਵਿਚ ਹੱਥਾਂ ਆਈ,*

*'ਅੱਜ' ਅਸਾਡੇ ਕੋਲ ਵਿੱਚ ਪਰ ਫਿਕਰਾਂ ਲਾਈ,*
*'ਕੱਲ' 'ਭਲਕ' ਨੂੰ ਸੋਚ 'ਅਜ' ਇਹ ਮੁਫਤ ਗੁਆਈ,*
*ਹੋ! ਸੰਭਲ ਸੰਭਾਲ ਇਸ ਅੱਜ ਨੂੰ,*
*ਇਹ ਬੀਤੇ 'ਮਹਾਂ-ਰਸ' ਪੀਂਦਿਆਂ,*
*'ਹਰਿ-ਰਸ' ਵਿਚ ਮੱਤੇ, ਖੀਵਿਆਂ*
*'ਹਰਰੰਗ', 'ਹਰਕੀਰਤ' ਚਉਂਦਿਆਂ।* ***ਡਾ. ਭਾਈ ਵੀਰ ਸਿੰਘ ਜੀ***

ਡਾ. ਭਾਈ ਵੀਰ ਸਿੰਘ ਜੀ 'ਬਿਜਲੀਆਂ ਦੇ ਹਾਰ' ਵਿਚ ਸਮੇਂ ਦੀ ਕਦਰ ਕਰਨ ਲਈ ਲਿਖਦੇ ਹਨ –

*'ਬੀਤ ਗਈ' ਦੀ ਯਾਦ ਪਈ ਹੱਡਾਂ ਨੂੰ ਖਾਵੇ,*
*'ਔਣ ਵਾਲੀ' ਦਾ ਸਹਿਮ ਜਾਨ ਨੂੰ ਪਿਆ ਸੁਕਾਵੇ,*
*'ਹੁਣ' ਦੀ ਛਿਨ ਨੂੰ ਸੋਚ ਸਦਾ ਹੀ ਖਾਂਦੀ ਜਾਵੇ, –*
*'ਗਈ' ਤੇ 'ਜਾਂਦੀ', 'ਜਾਇ'*
*ਉਮਰ ਏ ਵਜਰਥ ਵਿਹਾਵੇ*
*'ਯਾਦ' 'ਸਹਿਮ' ਤੇ 'ਸੋਚ' ਨੂੰ*
*ਹੇ 'ਕਾਲ ਅਕਾਲ ਸਦਾ' ਤੁਹੀਂ!*
*ਤ੍ਰੈ ਕਾਲ ਭੁੱਲ ਤੋਂ ਕੱਢ ਕੇ*
*'ਹੁਣ ਉਚੀ' ਵਿਚ ਟਿਕਾ ਦਈਂ।* ***ਡਾ. ਭਾਈ ਵੀਰ ਸਿੰਘ ਜੀ***

ਭਾਈ ਵੀਰ ਸਿੰਘ ਜੀ ਇਸ ਜੀਵ ਨੂੰ ਸਾਵਧਾਨ ਕਰਦੇ ਹੋਏ ਇਕ ਰੁਬਾਈ ਵਿਚ ਦਸਦੇ ਹਨ ਕਿ ਪਿਆਰਿਆ! ਤੂੰ ਆਪਣੇ ਕੰਮਾਂ ਕਾਰਾਂ ਵਿਚ ਮਸਤ ਹੈਂ ਪਰ ਤੈਨੂੰ ਨਹੀਂ ਪਤਾ ਕਿ ਵਾਹਿਗੁਰੂ ਜੀ –

***ਕਾਲੁ ਬਿਆਲੁ ਜਿਉ ਪਰਿਓ ਡੋਲੈ ਮੁਖੁ ਪਸਾਰੇ ਮੀਤ॥***
***ਆਜੁ ਕਾਲਿ ਫੁਨਿ ਤੋਹਿ ਗ੍ਰਸਿ ਹੈ ਸਮਝਿ ਰਾਖਉ ਚੀਤਿ॥***

***ਪੰਨਾ – 631***

***ਫਰੀਦਾ ਦਰੀਆਵੈ ਕੰਨੈ ਬਗੁਲਾ ਬੈਠਾ ਕੇਲ ਕਰੇ॥***
***ਕੇਲ ਕਰੇਦੇ ਹੰਝ ਨੋ ਅਚਿੰਤੇ ਬਾਜ ਪਏ॥***
***ਬਾਜ ਪਏ ਤਿਸੁ ਰਬ ਦੇ ਕੇਲਾਂ ਵਿਸਰੀਆਂ॥***
***ਜੋ ਮਨਿ ਚਿਤਿ ਨ ਚੇਤੇ ਸਨਿ ਸੋ ਗਾਲੀ ਰਬ ਕੀਆਂ॥***

***ਪੰਨਾ – 1383***

ਇਸੇ ਅਧਾਰ ਤੇ ਆਪ ਆਪਣੀ ਪੁਸਤਕ ਵਿਚ ਅੰਕਿਤ ਕਰਦੇ ਹਨ –

***ਧੋਬੀ ਕਪੜੇ ਧੋਂਦਿਆ,***
***ਵੀਰਾ, ਹੋ ਹੁਸ਼ਿਆਰ!***
***ਪਿਛਲੇ ਪਾਸਜੋਂ ਆ ਰਿਹਾ ਮੂੰਹ ਅੱਡੀ ਸੰਸਾਰ।***

***ਡਾ. ਭਾਈ ਵੀਰ ਸਿੰਘ ਜੀ***

ਇਸੇ ਤਰ੍ਹਾਂ ਦੇ ਨਾਲ ਸੰਤ ਮਹਾਰਾਜ ਜੀ ਨੇ ਤਿਤਿਕਸ਼ਾ ਕਰ ਰਹੇ ਪ੍ਰੇਮੀਆਂ ਨੂੰ ਫੁਰਮਾਇਆ ਕਿ ਗੁਰੂ ਮਹਾਰਾਜ ਜੀ ਦਾ ਅਟੱਲ ਹੁਕਮ ਸਦਾ ਹੀ ਹਿਰਦੇ ਵਿਚ ਵਸਾਓ। ਕਿਸੇ ਕਿਸਮ ਦੀ ਚਿੰਤਾ ਨਾ ਕਰੋ। ਉਹ ਆਪ ਰਾਜ਼ਕ ਹੈ,

ਉਸ ਨੇ ਪਰਾਲਬਧ ਅਨੁਸਾਰ ਲੋੜਵੰਦਾਂ ਨੂੰ ਭੇਜਣਾ ਹੀ ਭੇਜਣਾ ਹੈ। ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ –

*ਨਾਨਕ ਚਿੰਤਾ ਮਤਿ ਕਰਹੁ ਚਿੰਤਾ ਤਿਸ ਹੀ ਹੇਇ॥*
*ਜਲ ਮਹਿ ਜੰਤ ਉਪਾਇਅਨੁ ਤਿਨਾ ਭਿ ਰੋਜੀ ਦੇਇ॥*
*ਓਥੈ ਹਟੁ ਨ ਚਲਈ ਨਾ ਕੋ ਕਿਰਸ ਕਰੇਇ॥*
*ਸਉਦਾ ਮੂਲਿ ਨ ਹੋਵਈ ਨਾ ਕੋ ਲਏ ਨ ਦੇਇ॥*
*ਜੀਆ ਕਾ ਆਹਾਰੁ ਜੀਅ ਖਾਣਾ ਏਹੁ ਕਰੇਇ॥*
*ਵਿਚਿ ਉਪਾਏ ਸਾਇਰਾ ਤਿਨਾ ਭਿ ਸਾਰ ਕਰੇਇ॥*
*ਨਾਨਕ ਚਿੰਤਾ ਮਤ ਕਰਹੁ ਚਿੰਤਾ ਤਿਸ ਹੀ ਹੇਇ॥ ਪੰਨਾ – 955*

ਉਸ ਸਮੇਂ ਬਹੁਤ ਸਾਰਿਆਂ ਪ੍ਰੇਮੀਆਂ ਨੇ ਘਾਲ ਕਮਾਈ ਕੀਤੀ, ਖਾਸ ਕਰਕੇ ਛੋਟੇ ਸੰਤ ਮਹਾਰਾਜ ਬਾਬਾ ਕਿਸ਼ਨ ਸਿੰਘ ਜੀ ਬਿਖਮ ਪੰਧ ਨੂੰ ਸਿਮਰਨ ਤੇ ਸੇਵਾ ਦੇ ਬਣੇ ਹੋਏ ਉਡਣ ਖਟੋਲੇ ਵਿਚ ਬੈਠ ਕੇ ਆਪਣਾ 'ਆਤਮ ਮਾਰਗ' ਤਹਿ ਕਰਦੇ ਰਹੇ। ਉਸ ਸਮੇਂ ਇਹ ਉਜਾੜ ਬੀਆ-ਬਾਨ ਢੱਕੀ, ਨਾਮ ਦੇ ਅਨਹਦ ਨਾਦਾਂ ਨਾਲ ਗੂੰਜਾਂ ਪਾ ਰਹੀ ਸੀ ਅਤੇ ਚਲਦੇ ਰਾਹੀਆਂ ਨੂੰ ਦਰਸ਼ਨਾਂ ਲਈ ਖਿੱਚਾਂ ਪਾ ਰਹੀ ਸੀ। ਉਸ ਸਮੇਂ ਬਹੁਤ ਸਾਰੇ ਬਚਨ ਪਿੰਡਾਂ ਵਿਚ ਚਲਦੇ ਹੀ ਰਹਿੰਦੇ ਸਨ ਜਿਨ੍ਹਾਂ ਨੂੰ ਸੁਣ ਕੇ ਨਾਮ ਜਪਣ ਦੀ ਖਿੱਚ ਮੱਲੋ-ਮੱਲੀ ਹਿਰਦੇ ਨੂੰ ਪ੍ਰਭਾਵਿਤ ਕਰਦੀ ਸੀ। ਅਕਾਸ਼ਾਂ ਵਿਚੋਂ ਦੇਵਤਿਆਂ ਦਾ ਮਾਤ ਲੋਕ ਵਿਚ ਆਉਣਾ ਅਤੇ ਮਹਾਂਪੁਰਸ਼ਾਂ ਦੇ ਦਰਸ਼ਨ ਕਰਕੇ ਲਾਹਾ ਖੱਟਣਾ, ਇਹ ਸਭ ਕੁਝ ਗੁਪਤ ਰੂਪ ਵਿਚ ਹੋ ਰਿਹਾ ਸੀ। ਭੂਤਕਾਲ ਵਿਚ ਹੋਈਆਂ ਮੁਕਤ ਆਤਮਾਵਾਂ ਦਾ ਅਸ਼ੀਰਵਾਦ ਅਤੇ ਦਰਸ਼ਨ ਕਰਨ ਆਉਣਾ ਆਮ ਚਰਚਾ ਦਾ ਵਿਸ਼ਾ ਬਣਿਆ ਹੋਇਆ ਸੀ। ਭਾਵੇਂ ਉਸ ਸਮੇਂ ਮੈਂ ਅਜੇ ਪਾਇਲ ਹਾਈ ਸਕੂਲ ਵਿਚ ਸੱਤਵੀਂ ਵਿਚ ਪੜ੍ਹਦਾ ਸਾਂ ਪਰ ਘਲੋਟੀ, ਘੁਢਾਣੀ, ਘਣਸਾਂ, ਬਿਲਾਸਪੁਰ ਤੋਂ ਹਰ ਰੋਜ਼ ਆਉਣ ਵਾਲੇ ਵਿਦਿਆਰਥੀਆਂ ਤੋਂ ਕੋਈ ਨਾ ਕੋਈ ਗੱਲ ਸੁਣ ਹੀ ਲਿਆ ਕਰੀਦੀ ਸੀ। ਉਹ ਕਰਨੀਆਂ ਕਮਾਈਆਂ ਦੀਆਂ ਗੱਲਾਂ ਸੁਣ ਕੇ ਮਨ ਵਿਚ ਬਹੁਤ ਖਿੱਚ ਪੈਣੀ। ਇਕ ਵਾਰੀ ਸੁਣਿਆ ਕਿ ਮਹਾਂਪੁਰਸ਼ਾਂ ਦੇ ਦੁਆਲੇ ਇਕ ਫਨੀਅਰ ਨਾਗ ਚੱਕਰ ਲਾ ਕੇ ਰਾਖੀ ਕਰਦਾ ਹੈ, ਕੋਈ ਬੰਦਾ ਰਾਤ ਨੂੰ ਉਨ੍ਹਾਂ ਦੀ ਕੁਟੀਆ ਵਲ ਨਹੀਂ ਜਾ ਸਕਦਾ। ਉਸ ਵੇਲੇ ਤਾਂ ਮੈਂ ਇਸ ਪੋਜ਼ੀਸ਼ਨ ਵਿਚ ਨਹੀਂ ਸੀ ਕਿ ਇਨ੍ਹਾਂ ਗੱਲਾਂ ਦਾ ਕੋਈ ਨਿਰਨਾ ਕਰ ਸਕਦਾ ਕੇਵਲ ਵਿਸ਼ਵਾਸ਼ ਹੀ ਕਰਨਾ ਪੈਂਦਾ ਸੀ ਪਰ ਜਦੋਂ ਹੋਸ਼-ਹਵਾਸ਼ ਵਿਚ ਪੂਰੀ ਤਰ੍ਹਾਂ ਨਾਲ ਜਵਾਨ ਹੋਇਆ ਅਤੇ ਉਥੇ ਦਰਸ਼ਨ ਕਰਨ ਜਾਂਦੇ ਪ੍ਰੇਮੀਆਂ ਨਾਲ ਗੱਲ ਕਰਨੀ ਤਾਂ ਉਨ੍ਹਾਂ ਨੇ ਇਨ੍ਹਾਂ ਗੱਲਾਂ ਦੀ ਪ੍ਰੋੜ੍ਹਤਾ ਕਰਨੀ। ਅਸਾਡੇ ਪਿੰਡ ਧਮੋਟ ਵਿਚੋਂ ਇਕ ਪ੍ਰੇਮੀ ਗੁਰਦਿਆਲ ਸਿੰਘ ਦਰਜੀ ਜਿਸ ਨੂੰ ਆਮ ਲੋਕ ਗੁੱਲੀ ਕਿਹਾ ਕਰਦੇ ਸਨ, ਉਹ ਰਾੜਾ ਸਾਹਿਬ ਜਾਇਆ ਕਰਦੇ ਸਨ। ਉਹ ਟੇਲਰ ਮਾਸਟਰ ਸੀ ਉਸ ਦੀ ਦੁਕਾਨ ਉਪਰ ਕਪੜੇ ਸੁਆਉਣ ਵਾਲਿਆਂ ਦਾ ਕਾਫੀ ਇਕੱਠ ਹੋਇਆ ਕਰਦਾ ਸੀ। ਉਸ ਦੀ ਦੁਕਾਨ ਦੇ ਸਾਮ੍ਹਣੇ ਇਕ ਦੋ ਢਾਈ ਫੁੱਟ ਚੌੜਾ ਕਾਫੀ ਲੰਮਾ ਚੌਂਤਰਾ ਸੀ ਜਿਸ ਉਤੇ ਆਮ ਲੋਕ ਆਪਣਾ ਵਿਹਲਾ ਸਮਾਂ ਲੰਘਾਉਣ ਲਈ ਪੈਰਾਂ ਭਰਨੇ ਬੈਠ ਜਾਇਆ ਕਰਦੇ ਸਨ। ਚੌਂਕੜੀ ਮਾਰਨਾ ਤਾਂ ਕੋਈ ਜਾਣਦਾ ਹੀ ਨਹੀਂ ਸੀ। ਜਦੋਂ ਕਦੇ ਗੁੱਲੀ ਦੀ ਦੁਕਾਨ ਤੇ ਕਪੜੇ ਲੈਣ ਦੇਣ ਲਈ ਜਾਣਾ ਤਾਂ ਦੇਖੀਦਾ ਸੀ ਕਿ ਗੁਰਦਿਆਲ ਸਿੰਘ ਪੈਰਾਂ ਨਾਲ ਚੱਲਣ

ਵਾਲੀ ਮਸ਼ੀਨ ਤੇ ਕੱਪੜੇ ਸਿਉਂਇਆ ਕਰਦਾ ਸੀ। ਉਸ ਦੇ ਪੁਤਰ ਦਾ ਨਾਂ ਭਜਨ ਸਿੰਘ ਸੀ ਉਹ ਧਰਤੀ ਤੇ ਹੀ ਫੱਟਾ ਰੱਖ ਕੇ ਉਸ ਉਪਰ ਮਸ਼ੀਨ ਟਿਕਾ ਕੇ ਕੱਪੜੇ ਸਿਉਂਦਾ ਸੀ। ਗੁਰਦਿਆਲ ਸਿੰਘ ਦੇ ਸਾਮ੍ਹਣੇ ਇਕ black & white (ਬਿਨਾਂ ਰੰਗ ਤੋਂ) ਫੋਟੋ ਲੱਗੀ ਹੁੰਦੀ, ਉਸ ਵਿਚ ਇਕ ਬਹੁਤ ਹੀ ਸੂਖਸ਼ਮ ਜਿਹੀ ਹਸਤੀ ਉਪਰ ਇਕ ਚਾਰ ਖਾਨਿਆਂ ਵਾਲੀ ਚਾਦਰ ਲਈ ਹੁੰਦੀ। ਉਹ ਬਹੁਤ ਹੀ ਗੰਭੀਰ ਨਕਸ਼ਾਂ ਵਾਲੀ ਫੋਟੋ ਸੀ। ਉਹ ਆਮ ਤੌਰ ਤੇ ਆਪਣੇ ਆਪ ਹੀ ਦੱਸੀ ਜਾਇਆ ਕਰਦਾ ਸੀ ਕਿ ਦੇਖੋ ਰਾੜੇ ਵਾਲੇ ਸੰਤਾਂ ਨੇ ਆਪਣਾ ਰਿਸ਼ਟ-ਪੁਸ਼ਟ ਸਰੀਰ ਕਿਵੇਂ ਸੁਕਾ ਲਿਆ ਹੈ। ਮਹਾਤਮਾ ਬੁੱਧ ਵਾਂਗੂੰ ਕੇਵਲ ਢਾਂਚਾ ਹੀ ਕਪੜਿਆਂ ਵਿਚ ਵਲੇਟਿਆ ਹੋਇਆ ਨਜ਼ਰ ਆਇਆ ਕਰਦਾ ਸੀ। ਜਦੋਂ ਮੈਨੂੰ ਉਸ ਨੇ ਦੱਸਣਾ ਕਿ ਭਾਈ! ਵੇਖੋ, ਰਾੜੇ ਵਾਲੇ ਮਹਾਂਪੁਰਸ਼ ਭਾਵੇਂ ਉਮਰ ਅਜੇ ਬਹੁਤ ਛੋਟੀ ਹੈ 26-27 ਸਾਲ ਦੀ ਉਮਰ ਵਿਚੋਂ ਲੰਘ ਰਹੇ ਹਨ ਉਨ੍ਹਾਂ ਨੇ ਐਨੀ ਤਪਸਿਆ ਕੀਤੀ ਹੈ ਕਿ ਹੱਡੀਆਂ ਦਾ ਢਾਂਚਾ ਹੀ ਬਣੇ ਹੋਏ ਹਨ। ਜਦੋਂ ਮੈਂ ਪਹਿਲੀ-ਪਹਿਲੀ ਵਾਰ ਆਪਣੀ ਮਾਤਾ ਤੇ ਹੋਰ ਪਿੰਡ ਦੇ ਪ੍ਰੇਮੀਆਂ ਨਾਲ ਪੂਰਨਮਾਸ਼ੀ, ਜੋ ਇਕ ਦਿਨ ਪਹਿਲਾਂ ਲੱਗਿਆ ਕਰਦੀ ਸੀ ਜਾ ਕੇ ਕੀਰਤਨ ਸੁਣਿਆ ਤਾਂ ਮੈਂ ਦੇਖ ਕੇ ਹੈਰਾਨ ਹੋ ਗਿਆ ਕਿ ਮਹਾਂਪੁਰਸ਼ਾਂ ਨੇ ਆਪਣੇ ਦੁਆਲਿਓਂ ਲਾਈਟ ਪੂਰੀ ਤਰ੍ਹਾਂ ਬੁਝਾ ਦਿਤੀ ਸੀ। ਸੰਗਤ ਦੇ ਪਿਛੇ ਦੂਰ ਲਾਈਟਾਂ ਮਚ ਰਹੀਆਂ ਹਨ ਉਸ ਸਮੇਂ ਉਨ੍ਹਾਂ ਅੰਦਰੋਂ ਪਿਆਰਾ ਅਤੇ ਦਰਦ ਭਰਿਆ ਸ਼ਬਦ ਨਿਕਲ ਰਿਹਾ ਸੀ। ਉਹ ਮੇਰੇ ਪੂਰੀ ਤਰ੍ਹਾਂ ਕੇਵਲ ਯਾਦ ਹੀ ਨਹੀਂ ਪਰ ਮੈਨੂੰ ਵੀ ਪ੍ਰੇਰਨਾ ਭੀ ਦਿੰਦਾ ਰਿਹਾ। ਉਹ ਦੋ ਤਿੰਨ ਸ਼ਬਦ ਸਨ ਜੋ ਬੈਰਾਗ ਵਿਚ ਪੂਰੀ ਤਰ੍ਹਾਂ ਭਿੱਜੇ ਹੋਏ ਗਲੇ ਵਿਚੋਂ ਆ ਰਹੇ ਸਨ ਅਤੇ ਸਰੋਤਿਆਂ ਦੇ ਅੰਦਰੋਂ ਲੰਘ ਕੇ ਇਕ ਖਿੱਚਾਂ ਭਰੀ ਕੰਬਣੀ ਪੈਦਾ ਕਰ ਰਹੇ ਸਨ -

***ਧਾਰਨਾ - ਤਨ ਸੁਕ ਕੇ ਹੱਡਾਂ ਦੀ ਮੁੱਠੀ ਹੋ ਗਿਆ,***
***ਅਜੇ ਵੀ ਨਾ ਰੱਬ ਬਹੁੜਿਆ।***
***ਮੇਰੇ ਪਿਆਰੇ, ਅਜੇ ਵੀ ਨਾ ਰੱਬ ਬਹੁੜਿਆ - 2, 2.***
***ਤਨ ਸੁਕ ਕੇ ਹੱਡਾਂ ਦੀ ਮੁੱਠੀ ਹੋ ਗਿਆ....।***

***ਫਰੀਦਾ ਤਨੁ ਸੁਕਾ ਪਿੰਜਰੁ ਥੀਆ ਤਲੀਆਂ ਖੂੰਡਹਿ ਕਾਗ॥***
***ਅਜੈ ਸੁ ਰਬੁ ਨ ਬਾਹੁੜਿਓ ਦੇਖੁ ਬੰਦੇ ਕੇ ਭਾਗ॥***

***ਪੰਨਾ - 1382***

ਇਸ ਧਾਰਨਾ ਦੀ ਚੋਟ ਅਜੇ ਸਹਿ ਵੀ ਨਹੀਂ ਸਕੇ ਸੀ ਕਿ ਥੋੜ੍ਹੀ ਵਿਆਖਿਆ ਕਰਨ ਉਪਰੰਤ ਉਸ ਤੋਂ ਵੀ ਦਰਦ ਭਰਿਆ ਦ੍ਰਿਸ਼ ਸਾਮ੍ਹਣੇ ਆਇਆ ਜਿਸ ਵਿਚ ਤਕਿਆ ਕਿ ਇਕ ਕਾਂ ਪ੍ਰਤੀ ਪਿੰਜਰ ਜਿਹੇ ਸਰੀਰ ਵਿਚ ਕੁਝ ਸਾਹ ਬਚਦੇ ਤਪ ਕਰ ਰਹੇ ਬਾਬੇ ਫਰੀਦ ਜੀ ਨੇ ਬਚਨ ਕੀਤਾ-

***ਧਾਰਨਾ - ਓ ਕਾਗਾ! ਏ ਦੋਏ ਨੈਣਾਂ ਮਤ ਛੇੜਿਓ,***
***ਮੈਨੂੰ ਪਿਰ ਦੇਖਣ ਦੀ ਆਸ - 4***
***ਓ ਕਾਗਾ! ਏ ਦੋਏ ਨੈਣਾਂ ਮਤ ਛੇੜਿਓ.....।***

***ਹਰਿ ਹਰਿ ਸਜਣੁ ਮੇਰਾ ਪ੍ਰੀਤਮੁ ਰਾਇਆ॥***
***ਕੋਈ ਆਣਿ ਮਿਲਾਵੈ ਮੇਰੇ ਪ੍ਰਾਣ ਜੀਵਾਇਆ॥***

***ਹਉ ਰਹਿ ਨ ਸਕਾ ਬਿਨੁ ਦੇਖੇ ਪ੍ਰੀਤਮਾ***
***ਮੈ ਨੀਰੁ ਵਹੇ ਵਹਿ ਚਲੈ ਜੀਉ॥*** ***ਪੰਨਾ - 94***

ਐਸੇ ਬਿਰਹੁ ਕੁਠੇ ਹਿਰਦੇ 'ਚੋਂ ਨਿਕਲੇ ਸ਼ਬਦ, ਸੁਣਨ ਵਾਲਿਆਂ ਨੂੰ ਕਿਸੇ ਅਗੰਮ ਦੇ ਰਸ ਵਿਚ ਗੋਤੇ ਦਿਵਾਇਆ ਕਰਦੇ ਸਨ। ਲੋਕ ਇਹ ਕਹਿੰਦੇ ਸੁਣੇ ਜਾਂਦੇ ਸਨ ਕਿ ਭਾਈ! ਭਾਵੇਂ ਇਸ ਮਹਾਤਮਾ ਦੀ ਸਰੀਰਕ ਆਯੂ ਬੜੀ ਥੋੜ੍ਹੀ ਹੈ ਪਰ ਇਸ ਦੇ ਅੰਦਰ ਦੀ ਹੂਕ ਐਨੀ ਪ੍ਰਬਲ ਹੈ ਕਿ ਕੋਇਲ ਦੀਆਂ ਕੂਕਾਂ ਵੀ ਫਿਕੀਆਂ ਪ੍ਰਤੀਤ ਦਿੰਦੀਆਂ ਹਨ। ਜਦੋਂ ਆਪ ਨੇ ਇਹ ਸ਼ਬਦ ਪੜ੍ਹਨਾ ਕਿ-

***ਧਾਰਨਾ - ਜਿਸ ਤਨ ਲੱਗੀਆਂ ਸੋਈ ਤਨ ਜਾਣੇ,***
***ਕਿਸੇ ਦੀ ਲੱਗੀ ਕੌਣ ਜਾਣਦਾ।***
***ਮੇਰੇ ਪਿਆਰੇ, ਕਿਸੇ ਦੀ ਲੱਗੀ ਕੌਣ ਜਾਣਦਾ।***
***ਜਿਸ ਤਨ ਲੱਗੀਆਂ ਸੋਈ ਤਨ ਜਾਣੇ.......।***

ਤਾਂ ਸੁਣਨ ਵਾਲਿਆਂ ਦੇ ਨੇਤਰਾਂ ਵਿਚੋਂ ਛਮਾ-ਛਮ ਹੰਝੂਆਂ ਦੀ ਵਰਸ਼ਾ ਹੋਣੀ ਸ਼ੁਰੂ ਹੋ ਜਾਇਆ ਕਰਦੀ ਸੀ ਅਤੇ ਸਾਡੇ ਵਰਗੀ ਮੂੜ੍ਹ ਅਵਸਥਾ ਵਾਲੇ ਵੀ ਬਿਰਹੁ ਦੀ ਵੇਦਨ ਨੂੰ ਅਨੁਭਵ ਕਰ-ਕਰ ਰੋ-ਰੋ ਕੇ ਕੀਰਤਨ ਸ੍ਰਵਣ ਕਰਿਆ ਕਰਦੇ ਸਨ। ਉਨ੍ਹਾਂ ਹੰਝੂਆਂ ਦੇ ਰਾਹੀਂ ਬੇਅੰਤ ਕੀਤੇ ਹੋਏ ਪਾਪ ਵਹਿ ਤੁਰਦੇ ਸਨ ਅਤੇ ਚਿਤ ਹਲਕਾ-ਫੁਲਕਾ ਹੋ ਕੇ ਕਿਸੇ ਅਜੀਬ ਜਿਹੇ ਰਸ ਨੂੰ ਅਨੁਭਵ ਕਰਿਆ ਕਰਦਾ ਸੀ।

ਪਿਆਰਿਓ! ਉਹ ਦਿਨ ਲੰਘ ਗਏ। ਠੀਕ ਹੀ ਕਿਹਾ ਹੈ -

***ਇਹ ਠਹਿਰਣ ਜਾਚ ਨ ਜਾਣਦਾ,***
***ਲੰਘ ਗਿਆ ਨ ਮੁੜ ਕੇ ਆਂਵਦਾ।***

ਹੁਣ ਉਹ ਦਿਨ ਕਦੇ ਕਿਸੇ ਨੇ ਨਹੀਂ ਦੇਖਣੇ। ਕਿਸੇ ਦੇ ਅਜਿਹੇ ਭਾਗ ਨਹੀਂ ਬਣਨੇ ਜਿਨ੍ਹਾਂ ਕਰਕੇ ਅਜਿਹੀ ਪ੍ਰੇਮ ਕੁਠੀ ਹਸਤੀ ਮੁੜ ਕੇ ਕਿਸੇ ਨੂੰ ਮਿਲੇ। ਅਸੀਂ ਖੁਸ਼ਕ ਹੋ ਚੁਕੇ ਹਾਂ, ਪਿਆਰ ਨਾਮ ਦੀ ਕੋਈ ਸਾਡੇ ਵਿਚ ਚੀਜ਼ ਰਹੀ ਹੀ ਨਹੀਂ ਕਿਉਂਕਿ ਅਸੀਂ ਰਸੀਏ ਬਣ ਕੇ ਨਹੀਂ ਰਹਿ ਸਕੇ ਅਸਾਨੂੰ ਗਿਆਨੀ ਬਣਨ ਦਾ ਚਾਓ ਵਧੇਰੇ ਸੀ। ਅਸੀਂ ਗਿਆਨੀ ਬਣ ਗਏ, ਜਾਣ ਲਿਆ ਕਿ ਸਾਰੇ ਇਕੋ ਵਾਹਿਗੁਰੂ ਪਰੀਪੂਰਨ ਹੈ। ਜਾਨਣ ਨਾਲ ਕੁਝ ਵੀ ਨਾ ਹੋਇਆ। ਇਕ ਗੱਲ ਹੋਰ ਗਿਆਨ ਦੇ ਸਟੋਰ ਵਿਚ ਜਮ੍ਹਾ ਕਰ ਲਈ ਪਰ ਬੁੱਝ ਨਾ ਸਕੇ। ਬੁੱਝਣ ਲਈ ਜਾਨਣਾ ਨਿਰਾਰਥਕ ਹੋਇਆ ਕਰਦਾ ਹੈ। ਬੁਝਣ ਲਈ ਉਸੇ ਤਰ੍ਹਾਂ ਦੇ ਵਾਤਾਵਰਣ ਦੀ ਜ਼ਰੂਰਤ ਹੈ ਜੋ ਕਿਸੇ ਤਰ੍ਹਾਂ ਵੀ ਨਹੀਂ ਮਿਲ ਸਕਦਾ। ਅੱਜ ਅਸੀਂ ਮਾਇਆ ਦੇ ਪਿਛੇ ਦੌੜ ਰਹੇ ਹਾਂ, ਅਸੀਂ ਪ੍ਰਤੱਖ ਰੂਪ ਵਿਚ ਨਹੀਂ ਕਹਿ ਸਕਦੇ।

***ਸੇਜ ਇਕੇਲੀ ਖਰੀ ਦੁਹੇਲੀ ਮਰਣੁ ਭਇਆ ਦੁਖੁ ਮਾਏ॥***
***ਹਰਿ ਬਿਨ ਨੀਦ ਭੂਖ ਕਹੁ ਕੈਸੀ ਕਾਪੜੁ ਤਨਿ ਨ ਸੁਖਾਵਏ॥***
***ਨਾਨਕ ਸਾ ਸੋਹਾਗਣਿ ਕੰਤੀ ਪਿਰ ਕੈ ਅੰਕਿ ਸਮਾਵਏ।।***
***ਪੰਨਾ - 1108***

ਇਹ ਗੁਰਬਾਣੀ ਦੇ ਬਾਣ ਅਸਾਨੂੰ ਕਾਇਲ ਨਹੀਂ ਕਰ ਰਹੇ ਕਿਉਂਕਿ

ਅਸੀਂ ਬੁਲਟ ਪਰੂਫ ਜੈਕਟਾਂ ਪਾਈਆਂ ਹੋਈਆਂ ਹਨ ਹੁਣ ਅਸਾਡੇ ਹਿਰਦੇ ਵਿਚੋਂ ਨਹੀਂ ਨਿਕਲ ਰਿਹਾ –

*ਮੇਰਾ ਮਨੁ ਲੋਚੈ ਗੁਰ ਦਰਸਨ ਤਾਈ॥*
*ਬਿਲਪ ਕਰੇ ਚਾਤ੍ਰਿਕ ਕੀ ਨਿਆਈ॥*
*ਤ੍ਰਿਖਾ ਨ ਉਤਰੈ ਸਾਂਤਿ ਨ ਆਵੈ*
*ਬਿਨੁ ਦਰਸਨ ਸੰਤ ਪਿਆਰੇ ਜੀਉ॥*
*ਹਉ ਘੋਲੀ ਜੀਉ ਘੋਲਿ ਘੁਮਾਈ*
*ਗੁਰ ਦਰਸਨ ਸੰਤ ਪਿਆਰੇ ਜੀਉ॥* **ਸ਼ਬਦ ਹਜ਼ਾਰੇ**

ਅਸਾਨੂੰ ਇਸ ਬੈਰਾਗ ਦੇ ਝਜੰਟ ਵਿਚ ਪੈਣ ਦੀ ਲੋੜ ਹੀ ਕੀ ਰਹਿ ਗਈ, ਅਸੀਂ ਤਾਂ ਪੂਰੇ ਗਿਆਨੀ ਬਣ ਗਏ ਅਤੇ ਅਸਾਨੂੰ ਗਿਆਨ ਹੋ ਗਿਆ ਕਿ ਵਾਹਿਗੁਰੂ ਹਰ ਥਾਂ ਉਪਰ ਹੈ। ਹਰੇਕ ਦੇ ਅੰਦਰ ਹੈ, ਇਸ ਗੱਲ ਨੂੰ ਕੂਕ-ਕੂਕ ਕੇ ਅਸਾਡੇ ਗਿਆਨੀ ਲੋਕ ਸੁਣਾ ਰਹੇ ਹਨ ਪਰ ਮੇਰੇ ਸਤਿਗੁਰੂ ਇਨ੍ਹਾਂ ਨੂੰ ਗਿਆਨੀਆਂ ਦਾ ਮਾਣ ਨਹੀਂ ਬਖਸ਼ਦੇ ਸਗਮਾਂ ਇਸ ਦੀ ਥਾਂ ਉਨ੍ਹਾਂ ਨੂੰ ਮੁਰਦਾ ਆਖਦੇ ਹਨ –

*ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ॥*
*ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ॥*

*ਪੰਨਾ – 253*

ਆਪ ਜੀ ਜਦੋਂ ਕੀਰਤਨ ਕਰਿਆ ਕਰਦੇ ਸਨ ਆਮ ਤੌਰ ਤੇ ਬਾਬਾ ਫਰੀਦ ਜੀ ਦੀ ਤਪਸਿਆ ਬਾਰੇ ਬਹੁਤ ਹੀ ਖੋਲ੍ਹ ਕੇ ਵਰਣਨ ਕਰਿਆ ਕਰਦੇ ਸਨ ਜਿਸ ਵਿਚ ਜ਼ਿਕਰ ਕਰਦੇ ਸਨ ਕਿ ਬਾਬਾ ਫਰੀਦ ਜੀ ਦਾ ਸਰੀਰ ਸੁੱਕ ਕੇ ਹੱਡਾਂ ਦੀ ਮੁੱਠੀ ਹੀ ਰਹਿ ਗਿਆ। ਇਥੋਂ ਤਾਂਈ ਭੁਲੇਖਾ ਪੈਂਦਾ ਸੀ ਕਿ ਕਾਂ ਵੀ ਮੁਰਦਾ ਜਾਣ ਕੇ ਤਲੀਆਂ ਵਿਚ ਚੁੰਝਾਂ ਮਾਰਿਆ ਕਰਦੇ ਸਨ। ਆਪ ਜੀ ਦੇ ਇਹ ਸ਼ਬਦ ਜਿਨ੍ਹਾਂ ਵਿਚ ਇਕ ਕਾਂ ਨੂੰ ਆਪ ਜੀ ਬਹੁਤ ਪਿਆਰ ਨਾਲ ਕਹਿ ਰਹੇ ਹਨ ਕਿ ਕਾਵੋਂ ਤੁਸੀਂ ਮੇਰਾ ਮਾਸ ਤਾਂ ਖਾ ਲਿਆ, ਮੈਂ ਤੁਹਾਨੂੰ ਵਰਜਿਆ ਨਹੀਂ, ਦੇਖਿਓ ਕਿਤੇ ਮੇਰੇ ਨੈਣ ਨਾ ਖਾ ਲੈਣੇ, ਮੈਂ ਆਪਣੇ ਪਿਆਰੇ ਪ੍ਰੀਤਮ ਦੇ ਦਰਸ਼ਨ ਇਨ੍ਹਾਂ ਨੈਣਾਂ ਨਾਲ ਕਰਨੇ ਹਨ। ਇਹ ਵਖਿਆਨ ਐਨਾ ਪ੍ਰਬਲ ਹੋਇਆ ਕਰਦਾ ਸੀ ਜਿਸ ਨੂੰ ਸੁਣ ਕੇ ਸਰੋਤਿਆਂ ਦੇ ਮਨ ਵਿਚੋਂ ਚਾਓ ਉਠਿਆ ਕਰਦਾ ਸੀ ਅਤੇ ਬਹੁਤ ਸਾਰੇ ਅਜਿਹੀ ਤਿਤਿਕਸ਼ਾ ਬਾਰੇ ਸੁਣ ਕੇ ਅੰਮ੍ਰਿਤ ਵੇਲਾ ਸੰਭਾਲਣ ਲਗ ਗਏ। ਪਿੰਡਾਂ ਵਿਚ ਗੁਰਸਿੱਖਾਂ ਨੇ ਅੰਮ੍ਰਿਤ ਵੇਲੇ ਉਠਣਾ, ਬਾਹਰ ਕ੍ਰਿਆ ਕਰਕੇ ਬਾਹਰ ਹੀ ਗੁਰਦੁਆਰਾ ਸਾਹਿਬ ਵਿਚ ਕੁੰਡਾਂ ਵਿਚ ਇਸ਼ਨਾਨ ਕਰਨਾ। ਗੁਰਦੁਆਰਾ ਸਾਹਿਬ ਦੀਆਂ ਪ੍ਰਕਰਮਾ ਵਿਚ ਹੀ ਬੈਠ ਕੇ ਕਿਸੇ ਨੇ ਸੁਰਤ ਨਾਲ ਬਾਣੀਆਂ ਦਾ ਪਾਠ ਕਰਨਾ, ਕਿਸੇ ਨੇ ਗੁਰ ਸ਼ਬਦ ਦੀ ਆਰਾਧਨਾ ਕਰਨੀ। ਉਨ੍ਹਾਂ ਦਿਨਾਂ ਵਿਚ ਜੀਵਨ ਵਿਚ ਅੱਜ ਵਰਗੀ ਚਲਾਕੀ ਨਹੀਂ ਸੀ ਹੋਇਆ ਕਰਦੀ। ਸਚਮੁਚ ਹੀ ਅੰਦਰੋਂ ਉਤਸ਼ਾਹ ਉਠਿਆ ਕਰਦਾ ਸੀ ਕਿ ਅਸੀਂ ਵੀ ਪ੍ਰਭੂ ਦੇ ਦਰਸ਼ਨ ਕਰੀਏ। ਸੰਤ ਮਹਾਰਾਜ ਜੀ ਦੇ ਦੋ ਦੀਵਾਨ ਪੂਰਨਮਾਸ਼ੀ ਅਤੇ ਸੰਗਰਾਂਦ ਬਹੁਤ ਹੀ ਵੱਡੀ ਰਹਿਮਤ ਸੀ, ਉਨ੍ਹਾਂ ਜਗਿਆਸੂਆਂ ਵਾਸਤੇ, ਜਿਨ੍ਹਾਂ ਦੇ ਅੰਦਰ ਪ੍ਰਭੂ ਪਿਆਰ ਦੀ ਰੌ ਚਲਦੀ ਸੀ। ਉਸ ਸਮੇਂ ਸਰੀਰਕ ਆਯੂ ਭਾਵੇਂ ਮੇਰੇ ਸਰੀਰ ਦੀ ਬਹੁਤ ਥੋੜ੍ਹੀ ਸੀ ਪਰ ਜਦੋਂ

ਮੈਂ ਪਹਿਲੀ ਵਾਰੀ ਆਪ ਦਾ ਢੱਕੀ ਵਿਚ ਜਾ ਕੇ ਕੀਰਤਨ ਸੁਣਿਆ ਉਸ ਦਾ ਬਹੁਤ ਹੀ ਅਸਰ ਮੇਰੇ ਉਪਰ ਪਿਆ। ਰਹਿਰਾਸ ਸਾਹਿਬ ਦਾ ਪਾਠ ਹੋ ਕੇ ਅਰਦਾਸ ਪਿਛੋਂ ਆਪ ਜੀ ਨੇ ਕੀਰਤਨ ਸ਼ੁਰੂ ਕਰ ਦਿਤਾ, ਦੀਵਾਨ ਵਿਚੋਂ ਗੈਸ ਦੇ ਲੈਂਪ ਚੁਕ ਕੇ ਦੂਰ ਸੰਗਤਾਂ ਦੇ ਪਿੱਠ ਪਿਛੇ ਰੱਖ ਦਿਤੇ। ਦੀਵਾਨ ਵਿਚ ਪੂਰੀ ਤਰ੍ਹਾਂ ਨਾਲ ਇਕਾਗਰਤਾ ਹੋ ਜਾਇਆ ਕਰਦੀ। ਕੋਈ ਵੀ ਸਰੋਤਾ ਇਧਰ ਉਧਰ ਨਹੀਂ ਵੇਖਿਆ ਕਰਦਾ ਸੀ। ਆਪ ਜੀ ਨੇ ਦੋ ਵਜੇ ਉਸੇ ਤਰ੍ਹਾਂ ਕੀਰਤਨ ਕਰਦਿਆਂ ਸ੍ਰੀ ਆਸਾ ਜੀ ਦੀ ਵਾਰ ਦਾ ਆਰੰਭਕ ਸ਼ਬਦ ਪੜ੍ਹ ਦੇਣਾ, ਉਸ ਸਮੇਂ ਆਪ ਜੀ ਖੜ੍ਹੇ ਹੋ ਕੇ ਵਾਜਾ ਸਾਮ੍ਹਣੇ ਟੇਬਲ ਤੇ ਰੱਖ ਕੇ ਕੀਰਤਨ ਕਰਿਆ ਕਰਦੇ ਸਨ ਅਤੇ ਪੂਰੀ ਤਰ੍ਹਾਂ ਨਾਲ ਬੈਰਾਗ ਦਾ ਰੂਪ ਹੀ ਬਣੇ ਹੁੰਦੇ ਸਨ, ਤਿੰਨ ਚਾਰ ਛੱਕੇ ਪੜ੍ਹ ਕੇ ਆਪ ਜੀ ਪੌਣੇ ਘੰਟੇ ਵਾਸਤੇ ਸਰੀਰਕ ਕ੍ਰਿਆ ਨਿਭਾਉਣ, ਅਤੇ ਇਸ਼ਨਾਨ ਕਰਨ ਲਈ, ਦੀਵਾਨ ਵਿਚੋਂ ਪਿਛਲੇ ਪਾਸੇ ਦੀ ਆਪਣੇ ਕਮਰੇ ਵਿਚ ਚਲੇ ਜਾਇਆ ਕਰਦੇ ਸਨ ਅਤੇ ਬਹੁਤ ਛੇਤੀ ਇਸ਼ਨਾਨ ਕਰਕੇ ਵਸਤਰ ਪਹਿਨ ਕੇ ਉਸੇ ਤਰ੍ਹਾਂ ਨਿਹਾਰ ਮੂੰਹ ਆ ਕੇ ਚਲਦੇ ਛੱਕੇ ਸਲੋਕ ਤੋਂ ਕੀਰਤਨ ਅਰੰਭ ਕਰ ਦੇਣਾ। ਕੀਰਤਨ ਉਤਨੀ ਦੇਰ ਹੁੰਦਾ ਸੀ ਜਦੋਂ ਤਕ ਕਿ ਦੀਵਾਨ ਵਿਚ ਬੈਠੀ ਸੰਗਤ ਇਕ ਦੂਜੇ ਨੂੰ ਦੇਖ ਨਾ ਸਕਦੀ ਹੋਵੇ ਅਤੇ ਪਹੁ ਫੁਟਾਲਾ ਹੋ ਜਾਣਾ, ਫੇਰ ਆਪ ਜੀ ਨੇ ਕੀਰਤਨ ਦਾ ਭੋਗ ਪਾਉਣਾ। ਅਰਦਾਸ ਹੋਣੀ, ਪ੍ਰਸ਼ਾਦ ਲੈਣ ਉਪਰੰਤ ਸੰਗਤਾਂ ਲੰਗਰ ਵਿਚ ਪੰਗਤਾਂ ਬਣਾ ਕੇ ਬੈਠ ਜਾਇਆ ਕਰਦੀਆਂ ਸਨ। ਉਸ ਵੇਲੇ ਗਰਮ-ਗਰਮ ਮਿੱਸੇ ਪ੍ਰਸ਼ਾਦੇ ਲੱਸੀ, ਦੁੱਧ ਚਾਹ ਵਗੈਰਾ ਦੇ ਨਾਲ ਸੰਗਤਾਂ ਛਕ ਲਿਆ ਕਰਦੀਆਂ ਸਨ। ਚਾਹ ਅਜੇ ਨਵੀਂ-ਨਵੀਂ ਹੀ ਆਈ ਸੀ, ਬਹੁਤੇ ਪ੍ਰੇਮੀ ਚਾਹ ਨਹੀਂ ਪੀਂਦੇ ਸਨ, ਲੱਸੀ ਪੀਂਦੇ ਸਨ। ਪ੍ਰਸ਼ਾਦੇ ਛਕਣ ਲਈ ਅਚਾਰ ਵਗੈਰਾ ਮਿਲ ਜਾਂਦਾ ਸੀ। ਉਸ ਤੋਂ ਬਾਦ ਕਿਰਤੀ ਬੰਦੇ, ਬੀਬੀਆਂ ਆਪਣੇ-ਆਪਣੇ ਘਰਾਂ ਨੂੰ ਪੈਦਲ ਹੀ ਚਲੇ ਜਾਇਆ ਕਰਦੇ ਸਨ। ਉਨ੍ਹਾਂ ਦਿਨਾਂ ਵਿਚ ਨਾ ਹੀ ਅੱਜਕਲ੍ਹ ਵਰਗੇ ਰਸਤੇ ਹੁੰਦੇ ਸਨ ਅਤੇ ਨਾ ਹੀ ਕੋਈ ਅੱਜ ਵਰਗੀਆਂ ਬੱਸਾਂ ਵਗੈਰਾਂ ਦੀ ਸਹੂਲਤ ਹੁੰਦੀ ਸੀ। ਕਦੇ-ਕਦੇ ਕਿਸੇ ਨਾ ਕਿਸੇ ਪਿੰਡ ਵਿਚੋਂ ਜੇ ਕੋਈ ਟਰੱਕ ਲੰਘਦਾ ਹੁੰਦਾ ਤਾਂ ਸਾਰੇ ਪਿੰਡ ਦੇ ਬੱਚੇ ਉਸ ਟਰੱਕ ਦੇ ਪਿਛੇ ਦੌੜਿਆ ਕਰਦੇ ਸਨ ਅਤੇ ਟਰੱਕ ਨੂੰ ਦੇਖ-ਦੇਖ ਕੇ ਖੁਸ਼ ਹੁੰਦੇ ਸਨ। ਰਾੜੇ ਸਾਹਿਬ ਨੂੰ ਸਵਾਏ ਨਹਿਰ ਦੀ ਪਟੜੀ ਦੇ ਜਿੰਨੇ ਰਾਹ ਵੱਖ-ਵੱਖ ਪਾਸਿਆਂ ਤੋਂ ਆਉਂਦੇ ਸਨ ਉਹ ਸਾਰੇ ਉਡਾਰ ਦੇ ਰੇਤੇ ਨਾਲ ਭਰੇ ਹੋਇਆ ਕਰਦੇ ਸਨ ਜਿਨ੍ਹਾਂ ਵਿਚ ਚਲਣ ਲਈ ਚਮੜੇ ਦੀ ਜੁੱਤੀ ਲਾਹ ਕੇ ਤੁਰਿਆ ਜਾ ਸਕਿਆ ਕਰਦਾ ਸੀ। ਖੇਤੀ ਵਗੈਰਾ ਦਾ ਕੰਮ ਐਤਨਾ ਜ਼ਿਆਦਾ ਹੋਇਆ ਕਰਦੇ ਸੀ ਕਿ ਕਿਸੇ ਥਾਂ ਜਾਣ ਦੀ ਵਿਹਲ ਹੀ ਨਹੀਂ ਮਿਲਿਆ ਕਰਦੀ ਸੀ। ਖੇਤਾਂ ਨੂੰ ਪਾਣੀ ਦੇਣ ਲਈ ਹਲਟ ਅਤੇ ਇਸ ਤੋਂ ਪਹਿਲਾਂ ਚਰਸ ਚਲਿਆ ਕਰਦੇ ਸਨ। ਮੁਰੱਬੇਬੰਦੀ ਨਾ ਹੋਣ ਕਰਕੇ ਖੇਤ ਬਹੁਤ ਦੂਰ-ਦੂਰ ਪਿੰਡ ਦੇ ਚਾਰੇ ਪਾਸੇ ਖਿਲਰੇ ਹੋਇਆ ਕਰਦੇ ਸਨ ਅਤੇ ਖੇਤ ਤਕ ਪਹੁੰਚਣ ਲਈ ਕਾਫੀ ਸਮਾਂ ਲੱਗਿਆ ਕਰਦਾ ਸੀ, ਆਮ ਤੌਰ ਉਤੇ ਸਾਰੇ ਖੇਤੀ ਦੇ ਧੰਦੇ ਕਿਸਾਨ ਨੂੰ ਆਪ ਹੀ ਕਰਨੇ ਪਿਆ ਕਰਦੇ ਸਨ। ਅੱਜਕਲ੍ਹ ਵਾਂਗੂੰ ਖੇਤੀਬਾੜੀ ਕਰਨ ਲਈ ਅਤੇ ਹੋਰ ਕੰਮ ਕਰਨ ਲਈ ਪ੍ਰਵਾਸੀ ਮਜ਼ਦੂਰ ਨਹੀਂ ਆਇਆ ਕਰਦੇ ਸਨ। ਇਸ ਕਰਕੇ

ਖੇਤੀ ਕਰਨੀ, ਪਸ਼ੂ ਸੰਭਾਲਣੇ ਅਤੇ ਘਰ ਦੇ ਹੋਰ ਛੋਟੇ ਮੋਟੇ ਕੰਮ ਕਰਨੇ ਆਪਣੇ ਸਿਰ ਹੀ ਹੋਇਆ ਕਰਦੇ ਸਨ ਪਰ ਜਦੋਂ ਉਸ ਸਮੇਂ ਦਾ ਅੱਜ ਦੇ ਸਮੇਂ ਨਾਲ ਮੁਕਾਬਲਾ ਕਰੀਏ ਤਾਂ ਬਹੁਤ ਹੀ ਹੈਰਾਨੀ ਹੁੰਦੀ ਹੈ ਕਿ ਅੱਜ ਦੇ ਬੱਚੇ ਮਾਂ ਬਾਪ ਦੇ ਕਹਿਣੇ ਵਿਚ ਨਹੀਂ ਰਹਿੰਦੇ। ਉਸ ਸਮੇਂ ਬੱਚੇ ਵੱਡਿਆਂ ਦਾ ਆਦਰ ਕਰਿਆ ਕਰਦੇ ਸਨ। ਕਹਿਣਾ ਮੰਨਿਆ ਕਰਦੇ ਸਨ, ਵਿਹਲੜ ਕੋਈ ਹੁੰਦਾ ਹੀ ਨਹੀਂ ਸੀ। ਪੜ੍ਹਨ ਦਾ ਰਿਵਾਜ਼ ਬਹੁਤ ਹੀ ਘੱਟ ਸੀ, ਜਦੋਂ ਬੱਚਾ ਸੋਟੀ ਫੜ ਕੇ ਡੰਗਰਾਂ ਨੂੰ ਮੋੜ ਸਕਣ ਦੇ ਕਾਬਲ ਹੋ ਜਾਂਦਾ ਸੀ ਉਸ ਵਕਤ ਉਸ ਨੂੰ ਡੰਗਰਾਂ ਦਾ ਪਾਲੀ ਬਣਾ ਦਿਤਾ ਜਾਂਦਾ ਸੀ। ਉਸ ਸਮੇਂ ਤੋਂ ਹੀ ਉਸ ਨੂੰ ਆਪਣੇ ਹੱਥੀਂ ਕੰਮ ਕਰਨ ਦੀ ਸੋਝੀ ਹੋ ਜਾਇਆ ਕਰਦੀ ਸੀ ਅਤੇ ਉਹ ਫਾਲਤੂ ਟਾਈਮ ਨਹੀਂ ਗਵਾਇਆ ਕਰਦਾ ਸੀ। ਤੇਰ੍ਹਾਂ-ਚੌਦਾਂ ਸਾਲਾਂ ਦਾ ਬੱਚਾ ਹੱਲ ਵਾਹੁਣ ਲਗ ਜਾਂਦਾ ਸੀ। ਮੇਰੇ ਯਾਦ ਹੈ ਰਕੜ ਜ਼ਮੀਨਾਂ ਵਿਚ ਹਲ ਚਲਾ ਕੇ ਢਿੱਡ ਪੱਕ ਜਾਇਆ ਕਰਦੇ ਸਨ। ਮਾਵਾਂ ਦੁੱਧ ਵਿਚ ਘੀ ਪਾ ਕੇ ਪੀਣ ਲਈ ਦਿੰਦੀਆਂ ਸਨ। ਸਕੂਲ ਬਹੁਤ ਹੀ ਘੱਟ ਹੋਇਆ ਕਰਦੇ ਸਨ। ਸਕੂਲ ਵਿਚ ਬੱਚੇ ਦਾਖਲ ਕਰਨ ਲਈ ਮਾਸਟਰ ਜੀ ਨੂੰ ਘਰ-ਘਰ ਜਾ ਕੇ ਕਹਿਣਾ ਪੈਂਦਾ ਸੀ ਕਿ ਸਕੂਲ ਵਿਚ ਬੱਚੇ ਪੜ੍ਹਾਓ। ਮੇਰੇ ਯਾਦ ਹੈ ਕਿ ਇਕ ਵਾਰੀ ਸਾਡੇ ਪੜੌਸੀ ਜਿਨ੍ਹਾਂ ਦਾ ਨਾਮ ਸਰਵਣ ਦਾਸ ਸੀ ਉਹ ਦੂਰ ਦੇ ਪਿੰਡ ਦੇ ਸਕੂਲ ਵਿਚ ਮਾਸਟਰ ਲੱਗੇ ਹੋਏ ਸਨ, ਸਕੂਲ ਜ਼ਿਲਾ ਬਠਿੰਡੇ ਦੇ ਕਿਸੇ ਪਿੰਡ ਵਿਚ ਸੀ ਮੈਨੂੰ ਉਨ੍ਹਾਂ ਕੋਲ ਠਹਿਰਣ ਦਾ ਮੌਕਾ ਬਣਿਆ ਤਾਂ ਉਨ੍ਹਾਂ ਨੇ ਦੱਸਿਆ ਕਿ ਬਹੁਤ ਥੋੜ੍ਹੇ ਬੱਚੇ ਸਕੂਲ ਵਿਚ ਪੜ੍ਹਨ ਆਉਂਦੇ ਹਨ। ਮਾਂ ਬਾਪ ਬੱਚਿਆਂ ਨੂੰ ਸਕੂਲ ਵਿਚ ਘੱਟ ਹੀ ਦਾਖਲ ਕਰਾਉਂਦੇ ਹਨ। ਮੈਂ ਸਵੇਰੇ ਆਪ ਘਰ-ਘਰ ਜਾ ਕੇ ਢਿੱਲੇ ਮੱਠੇ ਬੱਚਿਆਂ ਨੂੰ ਜਿਹੜੇ ਸਕੂਲ ਆਉਣਾ ਪਸੰਦ ਹੀ ਨਹੀਂ ਕਰਦੇ, ਲੈ ਕੇ ਆਇਆ ਕਰਦਾ ਹਾਂ ਪਰ ਇਸ ਦੇ ਵਿਪਰੀਤ ਰਾੜੇ ਸਾਹਿਬ ਦੇ ਆਲੇ-ਦੁਆਲੇ ਬਹੁਤ ਵੱਡੇ-ਵੱਡੇ ਪਿੰਡ ਸਨ ਜਿਵੇਂ ਕਿ ਘੁਡਾਣੀ, ਘਲੋਟੀ, ਧਮੋਟ ਆਦਿ। ਇਥੇ ਸਰਕਾਰੀ ਸਕੂਲ ਸਨ ਮਾਪੇ ਬੱਚਿਆਂ ਨੂੰ ਪੜ੍ਹਨ ਭੇਜ ਦਿਆ ਕਰਦੇ ਸਨ ਪਰ ਪਰਿਵਾਰ ਵਿਚੋਂ ਇਕ ਜਾਂ ਦੋ ਨੂੰ ਹੀ ਪੜ੍ਹਾਉਂਦੇ ਸਨ, ਇਹ ਹਾਲ ਕਿਰਤੀ ਪਰਿਵਾਰਾਂ ਦਾ ਹੋਇਆ ਕਰਦਾ ਸੀ ਜਦੋਂ ਬੱਚਾ ਸਕੂਲੋਂ ਵਾਪਸ ਆਉਂਦਾ ਉਸ ਵੇਲੇ ਘਰ ਦਾ ਛੋਟਾ ਮੋਟਾ ਕੰਮ ਉਸ ਤੋਂ ਹੀ ਕਰਾਇਆ ਜਾਂਦਾ ਸੀ। ਪਿੰਡ ਦੇ ਗੁਰਦੁਆਰੇ ਸੇਵਾ ਕਰਨ ਵਾਲੇ ਗ੍ਰੰਥੀ ਸਿੰਘ ਆਦਿ ਜਿਥੇ ਗੁਰੂ ਘਰ ਦੀ ਸੇਵਾ ਕਰਦੇ ਸਨ ਉਥੇ ਨਾਲ ਹੀ ਉਨ੍ਹਾਂ ਦੀ ਪੂਰੀ ਡਿਊਟੀ ਬੱਚਿਆਂ ਨੂੰ ਪੜ੍ਹਾਉਣ ਦੀ ਵੀ ਹੋਇਆ ਕਰਦੀ ਸੀ। ਪਿੰਡਾਂ ਵਿਚ ਜੋ ਸੰਤਾਂ ਦੇ ਸਾਧਾਂ ਦੇ ਡੇਰੇ ਹੋਇਆ ਕਰਦੇ ਸਨ ਉਥੇ ਵੀ ਸੰਤ ਬੱਚਿਆਂ ਨੂੰ ਪੜ੍ਹਾ ਦਿਆ ਕਰਦੇ ਸਨ, ਬੱਚੇ ਕਾਰੋਬਾਰ ਵਿਚੋਂ ਸਮਾਂ ਕੱਢ ਕੇ ਕੋਈ ਦੋ ਘੰਟੇ, ਕੋਈ ਤਿੰਨ ਘੰਟੇ ਅਤੇ ਗੁਰਦੁਆਰਾ ਸਾਹਿਬ ਅਤੇ ਡੇਰਿਆਂ ਵਿਚ ਪੜ੍ਹਨ ਜਾਇਆ ਕਰਦੇ ਸਨ ਅਤੇ ਫੇਰ ਆਪਣੇ ਕੰਮ ਵਿਚ ਜੁਟ ਜਾਇਆ ਕਰਦੇ ਸਨ। ਇਕ ਗੱਲ ਬਹੁਤ ਹੈਰਾਨ ਕਰਨ ਵਾਲੀ ਹੈ ਕਿ ਜੋ ਗੁਰਦੁਆਰਿਆਂ ਵਿਚ ਬੱਚੇ ਪੜ੍ਹਦੇ ਸਨ ਜਾਂ ਮਹਾਂਪੁਰਸ਼ਾਂ ਦੇ ਡੇਰਿਆਂ ਤੇ ਪੜ੍ਹਦੇ ਸਨ ਉਨ੍ਹਾਂ ਨੂੰ ਦੋ ਤਿੰਨ ਸਾਲਾਂ ਵਿਚ ਹੀ ਗੁਰਬਾਣੀ ਦਾ ਸ਼ੁਧ ਪਾਠ ਕਰਾ ਕੇ ਅਖੰਡਪਾਠੀ ਬਣਾ ਦੇਣਾ ਅਤੇ ਔਖੇ ਸ਼ਬਦਾਂ ਦੇ ਅਰਥ ਯਾਦ ਕਰਾ

ਦਿਤੇ ਜਾਇਆ ਕਰਦੇ ਸਨ। ਉਹ ਦੋ ਤਿੰਨ ਸਾਲ ਵਿਚ ਹੀ ਚੰਗਾ ਵਿਦਵਾਨ ਬਣ ਜਾਇਆ ਕਰਦੇ ਸਨ। ਉਸ ਦੇ ਹਰ ਤਰ੍ਹਾਂ ਦੇ ਪਹਾੜੇ ਜ਼ੁਬਾਨੀ ਯਾਦ ਹੋ ਜਾਇਆ ਕਰਦੇ ਸਨ ਅਤੇ ਮੁੱਢਲੇ ਸਵਾਲ ਕੱਢਣ ਦੀ ਉਹਦੇ ਵਿਚ ਸਮਤਾ ਹੋ ਜਾਇਆ ਕਰਦੀ ਸੀ। ਛੇਤੀ ਹੀ ਉਹ ਗੁਰਬਾਣੀ ਦੀ ਕਥਾ ਕਰਨ ਦੇ ਯੋਗ ਹੋ ਜਾਇਆ ਕਰਦਾ ਸੀ। ਉਸ ਨੂੰ ਪੌਰਾਣਕ ਕਥਾਵਾਂ, ਰਾਮਾਇਣ, ਮਹਾਂਭਾਰਤ ਅਤੇ ਹੋਰ ਧਾਰਮਕ ਗ੍ਰੰਥ ਯਾਦ ਹੋ ਜਾਇਆ ਕਰਦੇ ਸਨ। ਆਮ ਤੌਰ ਤੇ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਾਉਣ ਤੋਂ ਪਹਿਲਾਂ ਬਾਲ ਬੋਧ ਪੜ੍ਹ ਕੇ ਹੀ ਪੰਜ ਗ੍ਰੰਥੀ ਦੀ ਸੰਥਿਆ ਦਿਤੀ ਜਾਂਦੀ ਸੀ ਉਸ ਪਿਛੋਂ ਬਾਈ ਵਾਰਾਂ, ਭਗਤ ਬਾਣੀ ਪੜ੍ਹਾਈ ਜਾਂਦੀ ਸੀ। ਭਗਤ ਬਾਣੀ ਦੇ ਨਾਲ ਹੀ ਹਨੂੰਮਾਨ ਨਾਟਕ, ਭਾਂਬਰ ਸਿਮ੍ਰਤੀ, ਵਿਚਾਰ ਸਾਗਰ ਅਤੇ ਪ੍ਰਬੋਧ ਚੰਦ੍ਰ ਨਾਟਕ, ਭਾਈ ਗੁਰਦਾਸ ਦੀਆਂ ਵਾਰਾਂ ਅਤੇ ਕਬਿੱਤ ਸਵੱਈਏ ਬਹੁਤ ਸੂਝ ਨਾਲ ਪੜ੍ਹਾਏ ਜਾਇਆ ਕਰਦੇ ਸਨ। ਦਸ ਗ੍ਰੰਥੀ ਜਿਸ ਵਿਚ ਗੁਰੂ ਦਸਵੇਂ ਪਾਤਸ਼ਾਹ ਦੀ ਬਾਣੀ ਦਰਜ਼ ਹੁੰਦੀ ਉਹ ਵੀ ਪੜ੍ਹਾਈ ਜਾਇਆ ਕਰਦੀ ਸੀ। ਤਿੰਨ ਜਾਂ ਚਾਰ ਸਾਲ ਦੀ ਪੜ੍ਹਾਈ ਪਿਛੋਂ ਅੱਜ ਕਲ੍ਹ ਦੇ ਗ੍ਰੈਜੂਏਟ ਤੋਂ ਵੱਧ ਪੜ੍ਹਾਈ ਉਨ੍ਹਾਂ ਬੱਚਿਆਂ ਦੀ ਹੋਇਆ ਕਰਦੀ ਸੀ। ਪੰਜੇ ਬਾਣੀਆਂ, ਸੁਖਮਨੀ ਸਾਹਿਬ, ਸ੍ਰੀ ਆਸਾ ਜੀ ਦੀ ਵਾਰ ਉਨ੍ਹਾਂ ਬੱਚਿਆਂ ਦੇ ਜ਼ੁਬਾਨੀ ਯਾਦ ਹੋਇਆ ਕਰਦਾ ਸੀ ਅਤੇ ਉਹ ਵਾਜੇ ਨਾਲ ਸੋਹਣਾ ਕੀਰਤਨ ਵੀ ਕਰ ਲਿਆ ਕਰਦੇ ਸਨ। ਇਸ ਤਰ੍ਹਾਂ ਨਾਲ ਮੰਦਰਾਂ, ਮਸਜਿਦਾਂ ਵਿਚ ਪਾਠਸ਼ਾਲਾ ਅਤੇ ਮਕਤਬ ਹੋਇਆ ਕਰਦਾ ਸੀ। ਜਿਥੇ ਹਿੰਦੀ ਵਿਚ ਗ੍ਰੰਥ ਪੜ੍ਹਾਏ ਜਾਇਆ ਕਰਦੇ ਸਨ। ਮਸਜਿਦਾਂ ਵਿਚ ਕੁਰਾਨ ਸਰੀਫ ਦਾ ਪਾਠ ਕਰਾਇਆ ਜਾਂਦਾ ਸੀ। ਭਾਵੇਂ ਅੱਜਕਲ੍ਹ ਵਰਗੀ ਨਿਯਮਬੱਧ ਪੜ੍ਹਾਈ ਤਾਂ ਨਹੀਂ ਹੋਇਆ ਕਰਦੀ ਸੀ ਪਰ ਉਹ ਪੜ੍ਹੇ ਹੋਏ ਮੂਰਖ ਸ਼੍ਰੇਣੀ ਵਿਚ ਨਹੀਂ ਗਿਣੇ ਜਾਇਆ ਕਰਦੇ ਸਨ ਕਿਉਂਕਿ ਉਨ੍ਹਾਂ ਨੂੰ ਪ੍ਰਮੇਸ਼ਰ ਦਾ ਗਿਆਨ ਪ੍ਰਾਪਤ ਹੋ ਕੇ ਇਕ ਉਚੇ ਜੀਵਨ ਦੀ ਪ੍ਰਾਪਤੀ ਹੋ ਜਾਇਆ ਕਰਦੀ ਸੀ। ਜਦੋਂ ਅਸੀਂ ਅੱਜਕਲ੍ਹ ਦੀ ਪੜ੍ਹਾਈ ਦੇਖਦੇ ਹਾਂ ਤਾਂ ਇਹ ਵਿਦਿਆ ਚਰਿੱਤਰਹੀਣੇ, ਗੁਸਤਾਖ, ਨਿਕੰਮੇ, ਵਿਹਲੜ, ਬੇਅਸੂਲੇ ਜੀਵਨ ਵਾਲੇ ਬੱਚੇ ਪੈਦਾ ਕਰਦੀ ਹੈ। ਜਿਨ੍ਹਾਂ ਦੇ ਮਨਾਂ ਵਿਚ ਅਸ਼ਾਂਤੀ ਹੋਣ ਕਰਕੇ ਸੰਸਾਰ ਵਿਚ ਅਸ਼ਾਂਤੀ ਹੀ ਪੈਦਾ ਕਰਦੇ ਹਨ। ਇਹੀ ਕਾਰਨ ਹੈ ਕਿ ਗੁਰਦੁਆਰਿਆਂ ਅਤੇ ਡੇਰਿਆਂ ਦੇ ਪੜ੍ਹੇ ਹੋਏ ਵਿਦਿਆਰਥੀਆਂ ਦਾ ਜੀਵਨ ਚੰਗੇ ਸਾਧੂ, ਸੰਤਾਂ ਵਰਗਾ ਹੋਇਆ ਕਰਦਾ ਸੀ। ਉਚਾ ਜੀਵਨ ਹੋਣ ਕਰਕੇ ਭਾਵੇਂ ਆਰਥਕ ਸਾਧਨ ਬਹੁਤ ਹੀ ਘੱਟ ਸਨ ਪਰ ਤਾਂ ਵੀ ਤ੍ਰਿਸ਼ਨਾ ਦੀ ਅੱਗ ਉਨ੍ਹਾਂ ਨੂੰ ਜਾਲਿਆ ਨਹੀਂ ਸੀ ਕਰਦੀ। ਸੁਖ ਸ਼ਾਂਤੀ ਨਾਲ ਆਪਣੇ ਪਿੰਡਾਂ ਵਿਚ ਰਿਹਾ ਕਰਦੇ ਸਨ। ਜਦੋਂ ਸੰਤ ਮਹਾਰਾਜ ਜੀ ਰਾੜੇ ਸਾਹਿਬ ਵਾਲੇ ਢੱਕੀ ਵਿਚ ਤਿਤਿਕਸ਼ਾ ਕਰ ਰਹੇ ਸਨ ਅਤੇ ਉਸ ਵੇਲੇ ਵੱਖਰੇ-ਵੱਖਰੇ ਪਿੰਡਾਂ ਤੋਂ ਬਹੁਤ ਸਾਰੇ ਜਗਿਆਸੂ ਜੋ ਪ੍ਰਭੂ ਦੇ ਮਿਲਾਪ ਦੀ ਸਿੱਕ ਰਖਦੇ ਸਨ ਇਸ ਰਾੜਾ ਸਾਹਿਬ ਦੇ ਅਸਥਾਨ ਤੇ ਪਹੁੰਚਣੇ ਸ਼ੁਰੂ ਹੋ ਗਏ ਜਿਨ੍ਹਾਂ ਦਾ ਜੀਵਨ ਪਿਛਲੇ ਸਮੇਂ ਦੇ ਰਿਸ਼ੀਆਂ-ਮੁਨੀਆਂ ਦੀ ਰਹਿਣੀ ਬਹਿਣੀ ਵਾਂਗੂੰ ਕਲਜੁੱਗ ਵਿਚ ਪ੍ਰਤੱਖ ਰੂਪ ਵਿਚ ਪ੍ਰਗਟ ਪਹਾਰਾ ਜਾਪਦਾ ਸੀ। ਜਦੋਂ ਉਨ੍ਹਾਂ ਦੀ ਲਗਨ ਨੂੰ ਯਾਦ ਕਰੀਦਾ ਹੈ ਤਾਂ ਹੈਰਾਨ ਹੋ ਜਾਈਦਾ ਹੈ ਕਿ ਉਨ੍ਹਾਂ ਦੇ ਸਰੀਰ ਕਿੱਡੀ ਸਖਤ

ਤਿਤਿਕਸ਼ਾ ਦੀ ਝਾਲ ਝਲ ਲਿਆ ਕਰਦੇ ਸਨ। ਅਜਿਹੇ ਪ੍ਰੇਮੀਆਂ ਨੇ ਇਕ ਵਾਰੀ ਸੰਤ ਮਹਾਰਾਜ ਜੀ ਪਾਸ ਬੇਨਤੀ ਕੀਤੀ ਕਿ ਮਹਾਰਾਜ ਜੀ ਜਦੋਂ ਅਸੀਂ ਆਪਣੇ ਪੂਰਵਜ ਹੋ ਚੁਕੀਆਂ ਰੂਹਾਨੀ ਹਸਤੀਆਂ ਬਾਰੇ ਸੁਣਦੇ ਹਾਂ ਕਿ ਉਹ ਜੰਗਲਾਂ ਵਿਚ ਰਹਿ ਕੇ ਕੰਦ ਮੂਲ ਛਕ ਕੇ ਆਪਣੀਆਂ ਸਰੀਰਕ ਲੋੜਾਂ ਨੂੰ ਬਹੁਤ ਹੀ ਸੀਮਤ ਹੱਦ ਵਿਚ ਰੱਖ ਕੇ ਤਪ ਤਪਸਿਆ ਕਰਿਆ ਕਰਦੇ ਸਨ ਤਾਂ ਸਾਡੇ ਮਨ ਵਿਚ ਸ਼ੌਂਕ ਉਠਦਾ ਹੈ ਕਿ ਅਸੀਂ ਵੀ ਉਹ ਘਾਲਣਾ ਘਾਲੀਏ। ਇਹ ਵਿਛੜੀ ਜੀਵ ਆਤਮਾ ਆਪਣੇ ਪ੍ਰਭੂ ਵਿਚ ਅਭੇਦ ਹੋ ਸਕੇ। ਬਹੁਤ ਸਾਰੇ ਪ੍ਰੇਮੀ ਇਕੱਠੇ ਹੋ ਕੇ ਸੰਤ ਮਹਾਰਾਜ ਜੀ ਪਾਸ ਆਏ ਅਤੇ ਇਸ ਗੱਲ ਦੀ ਪ੍ਰਾਥਨਾ ਕੀਤੀ ਕਿ ਮਹਾਰਾਜ! ਅਸਾਡਾ ਜੀਅ ਕਰਦਾ ਹੈ ਕਿ ਅਸੀਂ ਚੁੱਪ ਧਾਰਨ ਕਰਕੇ ਮੋਨ ਰੱਖ ਲਈਏ ਅਤੇ ਇਕ ਰਸ ਪ੍ਰਭੂ ਦੇ ਸਿਮਰਨ ਵਿਚ ਲੀਨ ਹੋ ਜਾਈਏ। ਸੰਤ ਮਹਾਰਾਜ ਜੀ ਨੇ ਉਨ੍ਹਾਂ ਦੇ ਬਚਨ ਸੁਣ ਕੇ ਕਹਿਣ ਲੱਗੇ ਕਿ ਅਸਾਨੂੰ ਬੜੀ ਪ੍ਰਸੰਨਤਾ ਹੋਈ ਹੈ ਕਿ ਆਪ ਦੇ ਅੰਦਰ ਪ੍ਰਭੂ ਮਿਲਾਪ ਲਈ ਬੈਰਾਗ ਉਪਜਿਆ ਹੈ। ਦੋ ਤਰ੍ਹਾਂ ਦੀ ਤਿਤਿਕਸ਼ਾ ਹੋਇਆ ਕਰਦੀ ਹੈ। ਇਕ ਨੂੰ ਸਹਿਜ ਤਿਤਿਕਸ਼ਾ ਆਖਿਆ ਜਾਂਦਾ ਹੈ, ਦੂਸਰੀ ਨੂੰ ਹੱਠ ਤਿਤਿਕਸ਼ਾ ਕਹਿੰਦੇ ਹਨ। ਗੁਰੂ ਘਰ ਦੇ ਅੰਦਰ ਭਾਵੇਂ ਕਿਰਤ ਦੀ ਬਹੁਤ ਮਹਾਨਤਾ ਹੈ ਪਰ ਫੇਰ ਵੀ ਕੋਈ ਭਜਨ ਵਿਚ ਸਚਮੁਚ ਲੀਨ ਹੋਣਾ ਚਾਹੇ ਤਾਂ ਉਸ ਲਈ ਬੰਦਸ਼ ਨਹੀਂ ਹੈ। ਸਹਿਜ ਦੇ ਜੀਵਨ ਬਾਰੇ ਭਾਈ ਗੁਰਦਾਸ ਜੀ ਆਪਣੀ ਵਾਰ ਵਿਚ ਲਿਖਦੇ ਹਨ ਕਿ ਮੈਂ ਕੁਰਬਾਨ ਜਾਂਦਾ ਹਾਂ ਉਨ੍ਹਾਂ ਸਿੱਖਾਂ ਦੇ ਜੋ ਪਿਛਲ ਰਾਤੀ ਉਠ ਕੇ ਅੰਮ੍ਰਿਤ ਵੇਲੇ ਇਸ਼ਨਾਨ ਕਰਦੇ ਹਨ, ਇਕ ਮਨ ਹੋ ਕੇ ਗੁਰਮੰਤ੍ਰ ਦੀ ਅਰਾਧਣਾ ਕਰਦੇ ਹਨ ਅਤੇ ਸਾਧਸੰਗਤ ਦੇ ਦਰਬਾਰ ਜਾ ਜੁੜਦੇ ਹਨ। ਉਥੇ ਗੁਰਬਾਣੀ ਗਾਉਂਦੇ ਅਤੇ ਸੁਣਦੇ ਹਨ ਅਤੇ ਮਨ ਨੂੰ ਪ੍ਰਭੂ ਨਾਲ ਇਕਮਿਕ ਕਰਦੇ ਹਨ ਅਤੇ ਬਹੁਤ ਪਿਆਰ ਨਾਲ ਗੁਰੂ ਦੇ ਪੂਰਬ ਮਨਾਉਂਦੇ ਹਨ ਅਤੇ ਆਪਣੀ ਸੇਵਾ ਦਾ ਫਲ ਪ੍ਰਾਪਤ ਕਰਦੇ ਹਨ। ਇਸੇ ਤਰ੍ਹਾਂ ਨਾਲ ਆਪ ਫੁਰਮਾਨ ਕਰਦੇ ਹਨ ਕਿ ਮੈਂ ਉਸ ਗੁਰਸਿੱਖ ਤੋਂ ਘੋਲ ਘੁਮਾਈ ਜਾਂਦਾ ਹਾਂ ਜਿਸ ਵਿਚ ਨਿਮਰਤਾ (ਗਰੀਬੀ) ਆ ਜਾਵੇ, ਜੋ ਪਰ ਨਾਰੀ ਦੇ ਨੇੜੇ ਨਹੀਂ ਜਾਂਦੇ, ਬਿਗਾਨੇ ਪੈਸੇ ਨੂੰ ਹੱਥ ਨਹੀਂ ਲਾਉਂਦੇ, ਪਰਾਈ ਨਿੰਦਾ ਚੁਗਲੀ ਸੁਣ ਕੇ ਉਸ ਨੂੰ ਵਰਜਦੇ ਹਨ, ਪਾਪ ਦੀ ਕਮਾਈ ਇਕੱਠੀ ਨਾ ਕਰਨ ਲਈ ਆਖਦੇ ਹਨ ਆਪ ਸਤਿਗੁਰੂ ਦਾ ਉਪਦੇਸ਼ ਕਮਾਉਂਦੇ ਹਨ ਅਤੇ ਦੂਜਿਆਂ ਨੂੰ ਸਮਝਾਉਂਦੇ ਹਨ ਅਤੇ ਸੁਲਪ-ਸੀ ਨਿੰਦਰਾ ਸਰੀਰ ਲਈ ਕਰਦੇ ਹਨ। ਇਨ੍ਹਾਂ ਰਹਿਤਾਂ ਨੂੰ ਰੱਖਣ ਵਾਲਾ ਗੁਰਸਿੱਖ ਸਹਿਜ ਵਿਚ ਸਮਾਅ ਜਾਇਆ ਕਰਦਾ ਹੈ ਅਤੇ ਉਸ ਤੋਂ ਅੱਗੇ ਹੋਰ ਲਿਖਦੇ ਹਨ ਕਿ ਮੈਂ ਉਸ ਤੋਂ ਚਉਖੰਨੀਐ ਜਾਂਦਾ ਹਾਂ ਜਿਸ ਦਾ ਵਿਸ਼ਵਾਸ਼ ਅਤਿ ਸ਼ਰਧਾ ਭਰਿਆ ਹੋਵੇ ਅਤੇ ਉਹ ਗੁਰੂ ਅਤੇ ਪ੍ਰਮੇਸ਼ਰ ਨੂੰ ਇਕ ਕਰਕੇ ਜਾਣੇ, ਦੂਜਾ ਭਾਉ ਉਸ ਦੇ ਅੰਦਰ ਬਿਲਕੁਲ ਨਾ ਆਵੇ। ਔਗੁਣਾਂ ਨੂੰ ਛੱਡ ਕੇ ਗੁਣਾਂ ਨੂੰ ਧਾਰਨ ਕਰਕੇ ਜੀਵਨ ਬਤੀਤ ਕਰੇ। ਕਿਸੇ ਨੂੰ ਜ਼ੁਬਾਨ ਤੋਂ ਮੰਦਾ ਬੋਲ ਨਾ ਬੋਲੇ ਕਿਸੇ ਨਾਲ ਕੋਈ ਚਲਾਕੀ, ਧੋਖਾ ਨਾ ਕਰੇ। ਧਰਮ ਦੀ ਕਿਰਤ ਵਿਚੋਂ ਦਾਨ ਕਰੇ ਤੇ ਪਰਉਪਕਾਰ ਕਰਕੇ ਪ੍ਰਭੂ ਦੇ ਪਿਆਰ ਦਾ ਰਸ ਮਾਣੇ, ਅਜਿਹਾ ਗੁਰਸਿੱਖ ਦਰਗਾਹ ਵਿਚ ਮਾਣ ਪ੍ਰਾਪਤ ਕਰਦਾ ਹੈ। ਸੋ ਇਸੇ ਤਰ੍ਹਾਂ ਨਾਲ ਅੰਦਰਲੀਆਂ ਰਹਿਤਾਂ ਬਾਰੇ ਆਪ ਫੁਰਮਾਨ ਕਰਦੇ ਹਨ ਕਿ ਪਿਛਲੀ ਰਾਤੀਂ ਆਲਸ ਦਾ ਤਿਆਗ ਕਰਕੇ ਗੁਰਸਿੱਖ ਜਾਗ ਕੇ ਇਸ਼ਨਾਨ ਕਰੇ ਅਤੇ ਨਾਮ, ਦਾਨ, ਇਸ਼ਨਾਨ ਆਪਣੇ ਜੀਵਨ ਵਿਚ ਦ੍ਰਿੜ੍ਹ

ਕਰਕੇ, ਮਿੱਠਾ ਬੋਲੇ, ਨਿਵ ਕੇ ਚੱਲੇ, ਆਪਣੀ ਕਿਰਤ ਕਮਾਈ ਵਿਚੋਂ ਦੇ ਕੇ ਭਲਾ ਮਨਾਵੇ। ਆਪਣੀ ਨੇਕ ਕਮਾਈ ਲਈ ਸ਼ੁਭ ਕਿਰਤ ਕਰੇ। ਜੇ ਗੁਰੂ ਮਹਾਰਾਜ ਜੀ ਨੇ ਮਾਇਆ ਦੇ ਗੱਫੇ ਬਖਸ਼ੇ ਹਨ ਤਾਂ ਮਾਣ ਧਾਰਨ ਨਾ ਕਰੇ ਸਗਮਾਂ ਨਿੰਮਰਤਾ ਧਾਰ ਕੇ ਜੀਵਨ ਬਤੀਤ ਕਰੇ ਅਤੇ ਜਿਥੇ ਮਹਾਂਪੁਰਸ਼ ਕੀਰਤਨ ਕਰਦੇ ਹੋਣ ਉਥੇ ਦਿਨ ਹੋਵੇ, ਰਾਤ ਹੋਵੇ ਚੱਲ ਕੇ ਹਾਜ਼ਰੀ ਭਰੇ। ਸ਼ਬਦਿ ਸੁਰਤ ਦੀ ਕਮਾਈ ਰਾਹੀਂ ਗੁਰੂ ਦੇ ਧਿਆਨ ਵਿਚ ਲੀਨ ਹੋਇਆ ਮਨ ਨੂੰ ਪਰਚਾਅ ਕੇ ਰੱਖੇ। ਆਸਾ, ਅੰਦੇਸ਼ਿਆਂ ਤੋਂ ਮਨ ਨੂੰ ਉਚਾ ਰੱਖ ਕੇ ਵਰਤੇ। ਸੋ ਇਸ ਤਰ੍ਹਾਂ ਦੇ ਉਪਦੇਸ਼ ਦੇ ਕੇ ਆਪ ਜੀ ਨੇ ਫੁਰਮਾਇਆ ਕਿ ਪਿਆਰਿਓ! ਜੋ ਅਸੀਂ ਉਪਰ ਬਚਨ ਕਹੇ ਹਨ ਉਹ ਜੇ ਅਸੀਂ ਨਿਯਮ ਵਿਚ ਪੂਰੀ ਤਰ੍ਹਾਂ ਨਾਲ ਲਿਆ ਕੇ ਭਜਨ ਬੰਦਗੀ ਕਰੀਏ ਤਾਂ ਸਹਿਜੇ ਹੀ ਨਾਮ ਜਪਦਿਆਂ ਸੇਵਾ ਕਰਦਿਆਂ, ਉਚੀਆਂ ਅਵਸਥਾਵਾਂ ਪ੍ਰਾਪਤ ਹੋ ਜਾਇਆ ਕਰਦੀਆਂ ਹਨ ਪਰ ਜੇ ਨਾਮ ਦਾ ਰਸ ਐਨਾ ਅਰੂੜ ਹੋ ਜਾਵੇ ਕਿ ਗੱਲਬਾਤ ਕਰਿਆਂ ਤੋਂ ਵੀ ਰਸ ਨਾ ਟੁੱਟੇ, ਅਜਿਹਾ ਪ੍ਰੇਮੀ ਸਹਿਜ ਨਾਲ ਹੀ ਮੋਨ ਅਵਸਥਾ ਵਿਚੋਂ ਲੰਘ ਰਿਹਾ ਹੁੰਦਾ ਹੈ। ਚਾਰ ਕਿਸਮ ਦਾ ਮੋਨ ਹੋਇਆ ਕਰਦਾ ਹੈ –

1. ਜਿਹਬਾ ਦੇ ਨਾਲ ਗੱਲਬਾਤ ਕਰਨੀ ਬੰਦ ਕਰ ਦੇਣੀ ਅਤੇ ਵਰਤ ਰੱਖਣਾ ਕਿ ਮੈਂ ਸਾਲ ਭਰ ਬੋਲਾਂਗਾ ਨਹੀਂ। ਹੁਣ ਹਿਰਦੇ ਵਿਚ ਸਾਵਧਾਨਤਾ ਪੂਰੀ ਤਰ੍ਹਾਂ ਵਰਤਣੀ ਚਾਹੀਦੀ ਹੈ ਕਿ ਜਗਿਆਸੂ ਜਿਹਬਾ ਕਰਕੇ ਤਾਂ ਚੁੱਪ ਹੋ ਗਿਆ ਪਰ ਮਨ ਦੇ ਫੁਰਨਿਆਂ ਕਰਕੇ ਉਸ ਤੋਂ ਵੀ ਵਧ ਬੋਲਣ ਲਗ ਗਿਆ। ਇਹ ਜੋ ਜਿਹਬਾ ਦਾ ਮੋਨ ਹੈ ਇਹ ਇਕ ਯਤਨ ਹੈ ਜਿਸ ਨਾਲ ਅਸੀਂ ਲਗਾਤਾਰੀ ਨਾਮ ਜਪ ਕੇ ਕੁਝ ਅਵਸਥਾ ਤਹਿ ਕਰ ਸਕਦੇ ਹਾਂ। ਬੋਲ ਕੇ ਆਦਮੀ ਦੀ ਸ਼ਕਤੀ ਖੀਨ ਹੁੰਦੀ ਹੈ, ਇਸ ਕਰਕੇ ਗੁਰਮਤਿ ਵਿਚ ਘੱਟ ਬੋਲਣਾ ਹੀ ਪ੍ਰਵਾਨ ਕੀਤਾ ਗਿਆ ਹੈ। ਦੂਸਰਾ ਪ੍ਰਭੂ ਦੇ ਨਾਲੋਂ ਲਿਵ ਟੁੱਟ ਜਾਇਆ ਕਰਦੀ ਹੈ। ਆਦਮੀ ਦਾ ਦਿਮਾਗ ਥੱਕ ਜਾਂਦਾ ਹੈ, ਭਜਨ ਕਰਨ ਵੇਲੇ ਜਾਂ ਤਾਂ ਫੁਰਨਿਆਂ ਦਾ ਵੇਗ ਚਲੇਗਾ ਜਾਂ ਨੀਂਦ ਆਵੇਗੀ। ਰਸ ਨਹੀਂ ਆਉਂਦਾ ਕਿਉਂਕਿ ਬੋਲ ਬੋਲ ਕੇ ਥੱਕ ਜਾਂਦਾ ਹੈ, ਬਹੁਤਾ ਬੋਲਣ ਵਾਲਾ ਜਦੋਂ ਆਪਣੀ ਗੱਲ ਮਸਾਲੇ ਲਾ ਕੇ ਕਰਦਾ ਹੈ ਤਾਂ ਉਸ ਨੂੰ ਦਿਲ ਖਿੱਚ ਬਣਾਉਣ ਵਾਸਤੇ ਝੂਠ ਵਿਚ ਰਲਾਅ ਦਿੰਦਾ ਹੈ। ਝੂਠ ਬੋਲਣ ਕਰਕੇ ਫਿੱਕਾ ਪੈਂਦਾ ਜਾਂਦਾ ਹੈ ਅਤੇ ਨਾਮ ਜਪਣ ਦੇ ਅਧਿਕਾਰ ਵਿਚੋਂ ਬਾਹਰ ਨਿਕਲ ਜਾਂਦਾ ਹੈ। ਬਹੁਤਾ ਬੋਲਣ ਨਾਲ ਨਿੰਦਿਆ, ਚੁਗਲੀ, ਈਰਖਾ, ਕਿਚ-ਪਿਚ ਦੀਆਂ ਗੱਲਾਂ ਕਰਦਾ ਆਪ ਬਿਲਕੁਲ ਫਿੱਕਾ ਹੋ ਜਾਂਦਾ ਹੈ। ਰਸ ਬਿਲਕੁਲ ਨਹੀਂ ਰਹਿੰਦਾ, ਪਰ ਜੇ ਜ਼ੁਬਾਨ ਤਾਂ ਬੰਦ ਕਰ ਲਈ, ਮਨ ਬੋਲਦਾ ਹੈ ਅਤੇ ਉਸ ਦੇ ਫੁਰਨੇ, ਕੰਮਾਂ ਦੀ ਵਿਉਂਤ, ਕਾਪੀਆਂ ਤੇ ਸਲੇਟਾਂ ਤੇ ਲਿਖ-ਲਿਖ ਕੇ ਦਿੰਦਾ ਹੈ, ਉਹ ਪ੍ਰਵਾਨ ਨਹੀਂ ਹੋਇਆ ਕਰਦਾ ਹੈ। ਗੁਰੂ ਮਹਾਰਾਜ ਨੇ ਫੁਰਮਾਨ ਕੀਤਾ ਹੈ –

***ਬੇਦੁ ਪੁਕਾਰੈ ਮੁਖ ਤੇ ਪੰਡਤ ਕਾਮਾਮਨ ਕਾ ਮਾਠਾ॥***
***ਮੋਨੀ ਹੋਇ ਬੈਠਾ ਇਕਾਂਤੀ ਹਿਰਦੈ ਕਲਪਨ ਗਾਠਾ॥***
***ਹੋਇ ਉਦਾਸੀ ਗ੍ਰਿਹੁ ਤਜਿ ਚਲਿਓ ਛੁਟਕੈ ਨਾਹੀ ਨਾਠਾ॥***

***ਪੰਨਾ – 1003***

ਸੋ ਗੁਰੂ ਮਹਾਰਾਜ ਜੀ ਨੇ ਮਨ ਦੇ ਮੋਨ ਨੂੰ ਪ੍ਰਵਾਨ ਕੀਤਾ ਹੈ। ਇਸੇ

ਸਬੰਧ ਵਿਚ ਆਪ ਫੁਰਮਾਨ ਕਰਦੇ ਹਨ ਕਿ ਜੇ ਤਪਸਿਆ ਕਰ-ਕਰ ਕੇ ਦੇਹੀ ਸਾਧ ਲਈ, ਮਨ ਚਾਰੇ ਪਾਸੇ ਦੌੜਦਾ ਰਿਹਾ ਤਾਂ ਇਹ ਇਕ ਵਰਜਿਸ਼ ਹੀ ਹੈ, ਉਦਾਸ ਹੋ ਕੇ ਘਰੋਂ ਚਲਿਆ ਗਿਆ, ਬ੍ਰਹਮਚਾਰੀ ਹੋ ਕੇ ਗੁਮਾਨ ਵਿਚ ਪੈ ਗਿਆ ਕਿ ਮੈਂ ਬ੍ਰਹਮਚਰੀਅ ਰਖਦਾ ਹਾਂ, ਉਸ ਨੂੰ ਵੀ ਗੁਰੂ ਮਹਾਰਾਜ ਨਹੀਂ ਪ੍ਰਵਾਨ ਕਰਦੇ। ਜੇ ਸੰਨਿਆਸੀ ਹੋ ਕੇ ਤੀਰਥਾਂ ਤੇ ਇਸ਼ਨਾਨ ਕਰਦਾ ਫਿਰਦਾ ਹੈ ਪਰ ਅੰਦਰਲੇ ਕ੍ਰੋਧ ਨੂੰ ਕਾਬੂ ਨਹੀਂ ਕੀਤਾ। ਉਸ ਬਾਰੇ ਗੁਰੂ ਮਹਾਰਾਜ ਜੀ ਫੁਰਮਾਉਂਦੇ ਹਨ-

***ਤਪਸੀ ਕਰਿ ਕੈ ਦੇਹੀ ਸਾਧੀ ਮਨੂਆ ਦਹ ਦਿਸ ਧਾਨਾ॥***
***ਬ੍ਰਹਮਚਾਰਿ ਬ੍ਰਹਮਚਜੁ ਕੀਨਾ ਹਿਰਦੈ ਭਇਆ ਗੁਮਾਨਾ॥***
***ਸੰਨਿਆਸੀ ਹੋਇ ਕੈ ਤੀਰਥਿ ਭ੍ਰਮਿਓ ਉਸੁ ਮਹਿ ਕ੍ਰੋਧੁ ਬਿਗਾਨਾ॥***

***ਪੰਨਾ - 1003***

ਸੋ ਮਹਾਰਾਜ ਜੀ ਫੁਰਮਾਉਣ ਲੱਗੇ ਕਿ ਪਿਆਰਿਓ! ਹਰ ਕੰਮ ਵਿਚਾਰ ਕੇ ਕਰੀਦਾ ਹੈ। ਜੇ ਸਚਮੁੱਚ ਹੀ ਤੁਹਾਡੇ ਅੰਦਰ ਇਹ ਸ਼ੌਕ ਜਾਗਿਆ ਹੈ ਕਿ ਆਪ ਮੋਨ ਵਰਤ ਧਾਰ ਕੇ ਅਖੰਡ ਜਾਪ ਕਰੋ ਤਾਂ ਇਸ ਦੇ ਬਾਰੇ ਪੂਰੀ ਤਰ੍ਹਾਂ ਸਮਝ ਲੈਣ ਦੀ ਜ਼ਰੂਰਤ ਹੈ। ਸੋ ਪਹਿਲਾ ਮੋਨ ਜਿਹਭਾ ਦਾ ਹੋਇਆ ਕਰਦਾ ਹੈ ਉਹ ਤਾਂ ਹੀ ਸਫਲ ਹੋਇਆ ਕਰਦਾ ਹੈ ਜੇ ਮਨ ਵਿਚ ਫੁਰਨੇ ਨਾ ਉਠਣ।

ਦੂਸਰਾ ਮੋਨ ਇੰਦ੍ਰੀਆਂ ਦਾ ਹੋਇਆ ਕਰਦਾ ਹੈ ਇਸ ਵਿਚ ਬੋਲਣ ਅਤੇ ਨਾ ਬੋਲਣ ਦਾ ਕੋਈ ਸਬੰਧ ਨਹੀਂ ਹੁੰਦਾ। ਇੰਦ੍ਰੀਆਂ ਆਪਣੇ ਵਿਸ਼ਿਆਂ ਵਲ ਦੌੜਦੀਆਂ ਹਨ। ਅੱਖੀਆਂ ਸੰਸਾਰ ਦੇ ਅਨੇਕਾਂ ਦ੍ਰਿਸ਼ ਦੇਖਦੀਆਂ ਹਨ, ਪਰਾਏ ਰੂਪ ਤਕਦੀਆਂ ਹਨ। ਮਿਤ੍ਰ-ਸਤ੍ਰ ਦੀ ਭਾਵਨਾ ਨਾਲ ਕੌੜਾ ਅਤੇ ਮਿੱਠਾ ਦੇਖਦੀਆਂ ਹਨ। ਕੰਨ ਗੰਦੇ ਗੀਤ, ਨਿੰਦਿਆ, ਚੁਗਲੀ, ਸੁਣਨ ਵਿਚ ਲੱਗੇ ਰਹਿੰਦੇ ਹਨ। ਨਾਸਕਾ ਸੁਗੰਧੀ-ਦੁਰਗੰਧੀ ਦੇ ਵਿਸ਼ੇ ਤੋਂ ਉਪਰਾਮ ਰਹਿਣੀ ਚਾਹੀਦੀ ਹੈ। ਰਸਨਾ ਨੂੰ ਰਸ-ਕਸ ਦੇ ਸਵਾਦਾਂ ਵਿਚ ਪੈਣ ਤੋਂ ਵਰਜਣਾ ਚਾਹੀਦਾ ਹੈ। ਕਿਸੇ ਨੂੰ ਫਿਕਾ ਨਾ ਬੋਲੇ ਅਤੇ ਨਾ ਹੀ ਕਿਸੇ ਨੂੰ ਅਭਿਮਾਨ ਵਾਲੀ ਗੱਲ ਆਖੇ। ਨਾ ਹੀ ਕੋਈ ਐਸੀ ਗੱਲ ਆਖੇ ਜਿਸ ਨਾਲ ਦੋ ਜੀਵਾਂ ਵਿਚ ਪ੍ਰਸਪਰ ਪਿਆਰ ਟੁੱਟ ਜਾਵੇ। ਨਾ ਹੀ ਕੋਈ ਐਸਾ ਸ਼ਬਦ ਮੁੱਖ ਤੋਂ ਕੱਢੇ ਜੋ ਕਿਸੇ ਨੂੰ ਕ੍ਰੋਧ ਵਿਚ ਪਾ ਦੇਵੇ ਅਤੇ ਇਸ ਦੀ ਥਾਂ ਇਸ ਨੂੰ ਰੋਕ ਕੇ ਬਾਣੀ ਦੇ ਜਾਪ ਅਤੇ ਗੁਰਮੰਤ੍ਰ ਦੇ ਜਾਪ ਵਿਚ ਲਾਵੇ। ਇਨ੍ਹਾਂ ਸਾਰੀਆਂ ਇੰਦ੍ਰੀਆਂ ਬਾਰੇ ਭਾਈ ਗੁਰਦਾਸ ਜੀ ਨੇ ਫੁਰਮਾਨ ਕੀਤਾ ਹੈ -

***ਅੱਖੀਂ ਵੇਖ ਨ ਰੱਜੀਆਂ ਬਹੁ ਰੰਗ ਤਮਾਸੇ।***
***ਉਸਤਤਿ ਨਿੰਦਾ ਕੰਨ ਸੁਣ ਰੋਵਣ ਤੇ ਹਾਸੇ।***
***ਸਾਦੀਂ ਜੀਭ ਨ ਰੱਜੀਆ ਕਰ ਭੋਗ ਬਿਲਾਸੇ।***
***ਨੱਕ ਨ ਰੱਜਾ ਵਾਸ ਲੈ ਦੁਰਗੰਧ ਸੁਵਾਸੇ।***
***ਰੱਜ ਨ ਕੋਈ ਜੀਵਿਆ ਕੂੜੇ ਭਰਵਾਸੇ।***
***ਪੀਰ ਮੁਰੀਦਾਂ ਪਿਰਹੜੀ ਸੱਚੀ ਰਹਰਾਸੇ।***

***ਭਾਈ ਗੁਰਦਾਸ ਜੀ, ਵਾਰ 27/9***

ਇਸ ਦੀ ਥਾਂ ਤੇ ਗੁਰੂ ਦੇ ਦਰਸ਼ਨ ਕਰਨੇ, ਸੰਤਾਂ ਮਹਾਂਪੁਰਸ਼ਾਂ ਦੇ ਦਰਸ਼ਨ ਕਰਨੇ, ਪ੍ਰਭੂ ਦੀ ਹੋਂਦ ਨੂੰ 'ਬਲਿਹਾਰੀ ਕੁਦਰਤਿ ਵਸਿਆ' ਵਿਚੋਂ ਤਕਣਾ ਅਤੇ ਦਇਆ ਦ੍ਰਿਸ਼ਟੀ ਵਿਚ ਰਹਿਣਾ ਸਫਲ ਹੋਇਆ ਕਰਦਾ ਹੈ। ਕੰਨਾਂ ਰਾਹੀਂ ਹਰੀ ਦਾ ਜਸ ਸੁਣਨਾ, ਹਰੀ ਕਥਾ ਸੁਣ ਕੇ ਹਿਰਦੇ ਵਿਚ ਵਿਚਾਰ ਕਰਨੀ ਅਤੇ ਧਾਰਨ ਕਰਨਾ ਸ੍ਰੇਸ਼ਟ ਕਰਮ ਹੋਇਆ ਕਰਦਾ ਹੈ। ਨਾਸਕਾਂ ਨੂੰ ਸੁਗੰਧ, ਦੁਰਗੰਧ ਦੀ ਵਿਚਾਰ ਤੋਂ ਅਲੇਪ ਰਖਣਾ। ਜਿਹਭਾ ਰਾਹੀਂ ਹਰੀ ਦਾ ਜਸ ਗਾਇਨ ਕਰਨਾ ਅਤੇ ਜਿਹਭਾ ਨਾਲ ਨਾਮ ਜਪਣਾ ਸ੍ਰੇਸ਼ਟ ਹੋਇਆ ਕਰਦਾ ਹੈ। ਇਹ ਕਰਮ ਕਰਕੇ ਮਨ ਦੀ ਕਲਪਨਾ ਬਹੁਤ ਘੱਟ ਜਾਂਦੀ ਹੈ ਅਤੇ ਮਨ ਨੂੰ ਵਸ ਕਰਨ ਵਾਸਤੇ ਪਿਆਰ ਦੇ ਨਾਲ ਪ੍ਰਭੂ ਦਾ ਨਾਮ ਜਪਣਾ ਅਤੇ ਉਸ ਦੀ ਹੋਂਦ ਹਰ ਵਕਤ ਅਨੁਭਵ ਕਰਨਾ ਅਤੇ ਉਸ ਪਿਆਰੇ ਪ੍ਰਭੂ ਨੂੰ, ਜਿਸ ਦਾ ਕੋਈ ਰੂਪ, ਰੰਗ ਨਹੀਂ ਹੈ, ਰੇਖ-ਭੇਖ ਨਹੀਂ ਹੈ, ਚਕ੍ਰ ਚਿਹਨ ਨਹੀਂ ਹੈ, ਇਹ ਸਮਝਣਾ ਕਿ ਉਹ ਹਰ ਵਕਤ ਮੈਨੂੰ ਵੇਖਦਾ ਹੈ। ਜਿਥੇ ਵੀ ਜਾਂਦਾ ਹਾਂ ਉਥੇ ਮੇਰੇ ਨਾਲ ਹੀ ਹੁੰਦਾ ਹੈ ਜਿਸ ਤਰ੍ਹਾਂ ਸੂਰਜ ਦੇ ਚਾਨਣੇ ਵਿਚ ਖੜ੍ਹੇ ਹੋ ਕੇ ਅਸੀਂ ਉਸ ਦੀ ਧੁੱਪ ਨੂੰ ਅਨੁਭਵ ਕਰਦੇ ਹਾਂ। ਇਸੇ ਤਰ੍ਹਾਂ ਸੰਸਾਰ ਵਿਚ ਪ੍ਰਭੂ ਨੂੰ ਹਾਜ਼ਰ ਨਾਜ਼ਰ ਸਮਝਣਾ ਜਿਵੇਂ ਕਿ ਹੁਕਮ ਹੈ-

***ਜਿਮੀ ਜਮਾਨ ਕੈ ਬਿਖੈ ਸਮਸਤ ਏਕ ਜੋਤ ਹੈ***
***ਨਾ ਘਾਟ ਨ ਬਾਢ ਹੈ ਬਾਢ ਘਾਟ ਹੋਤ ਹੈ। ਅਕਾਲ ਉਸਤਤਿ***

***ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ॥***
***ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ॥***
***ਈਤ ਊਤ ਨਹੀ ਬੀਛੁੜੈ ਸੋ ਸੰਗੀ ਗਨੀਐ॥***
***ਬਿਨਸਿ ਜਾਇ ਜੋ ਨਿਮਖ ਮਹਿ ਸੋ ਅਲਪ ਸੁਖੁ ਭਨੀਐ॥***
***ਪ੍ਰਤਿਪਾਲੈ ਅਪਿਆਉ ਦੇਇ ਕਛੁ ਊਨ ਨ ਹੋਈ॥***
***ਸਾਸਿ ਸਾਸਿ ਸੰਮਾਲਤਾ ਮੇਰਾ ਪ੍ਰਭੁ ਸੋਈ॥ ਪੰਨਾ - 677***

ਸੋ ਇਸ ਤਰ੍ਹਾਂ ਨਾਲ ਵਿਸ਼ਵਾਸ਼ ਵਿਚ ਰਹਿਣਾ ਕਿ ਅੰਦਰ ਬਾਹਰ ਸਾਰੇ ਹੀ ਵਾਹਿਗੁਰੂ ਜੀ ਪਰੀਪੂਰਨ ਹਨ। ਕੋਈ ਥਾਂ ਐਸਾ ਨਹੀਂ ਜਿਥੇ ਉਨ੍ਹਾਂ ਦੀ ਅਣਹੋਂਦ ਹੋਵੇ। ਜਿਵੇਂ ਕਿ ਸੁਖਮਨੀ ਸਾਹਿਬ ਵਿਚ ਫੁਰਮਾਨ ਹੈ -

***ਸੋ ਅੰਤਰਿ ਸੋ ਬਾਹਰਿ ਅਨੰਤ॥***
***ਘਟਿ ਘਟਿ ਬਿਆਪਿ ਰਹਿਆ ਭਗਵੰਤ॥***
***ਧਰਨਿ ਮਾਹਿ ਆਕਾਸ ਪਇਆਲ॥***
***ਸਰਬ ਲੋਕ ਪੂਰਨ ਪ੍ਰਤਿਪਾਲ॥***
***ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ॥***
***ਜੈਸੀ ਆਗਿਆ ਤੈਸਾ ਕਰਮੁ॥***
***ਪਉਣ ਪਾਣੀ ਬੈਸੰਤਰ ਮਾਹਿ॥***
***ਚਾਰਿ ਕੁੰਟ ਦਹ ਦਿਸੇ ਸਮਾਹਿ॥***
***ਤਿਸ ਤੇ ਭਿੰਨ ਨਹੀ ਕੋ ਠਾਉ॥***
***ਗੁਰ ਪ੍ਰਸਾਦਿ ਨਾਨਕ ਸੁਖੁ ਪਾਉ॥ ਪੰਨਾ - 294***

ਹੱਥਾਂ ਨਾਲ ਸੇਵਾ ਕਰਨੀ ਕਿਉਂਕਿ ਸੇਵਾ ਤੋਂ ਬਿਨਾਂ ਜੋ ਹੱਥ ਹਨ ਉਸ ਨੂੰ ਧਿਰਕਾਰ ਆਖਿਆ ਜਾਂਦਾ ਹੈ।

***ਵਿਣ ਸੇਵਾ ਧ੍ਰਿਗ ਹੱਥ ਪੈਰ ਹੋਰ ਨਿਹਫਲ ਕਰਣੀ।***
***ਪੀਰ ਮੁਰੀਦਾਂ ਪਿਰਹੜੀ ਸੁਖ ਸਤਿਗੁਰ ਸਰਣੀ।***
***ਭਾਈ ਗੁਰਦਾਸ ਜੀ, ਵਾਰ 27/10***

ਸੇਵਾ ਕਰਕੇ ਕੋਈ ਮਾਣ ਹਿਰਦੇ ਵਿਚ ਨਾ ਧਾਰਨ ਕਰਨਾ ਅਤੇ ਕਾਮਨਾਵਾਂ ਤੋਂ ਉਪਰ ਹੋ ਕੇ ਕੇਵਲ ਗੁਰੂ ਦੀ ਪ੍ਰਸੰਨਤਾ ਵਾਸਤੇ ਸੇਵਾ ਕਰਨਾ। ਇਸ ਨਾਲ ਪ੍ਰਭੂ ਦਾ ਪਿਆਰ ਪ੍ਰਾਪਤ ਹੁੰਦਾ ਹੈ ਅਤੇ ਵਾਹਿਗੁਰੂ ਜੀ ਨਾਲ ਇਕਮਿਕ ਹੋ ਜਾਂਦਾ ਹੈ। ਜਿਵੇਂ ਕਿ ਫੁਰਮਾਨ ਹੈ –

***ਸੇਵਾ ਕਰਤ ਹੋਇ ਨਿਹਕਾਮੀ॥***
***ਤਿਸ ਕਉ ਹੋਤ ਪਰਾਪਤਿ ਸੁਆਮੀ॥ ਪੰਨਾ – 286***

***ਵਿਚਿ ਦੁਨੀਆ ਸੇਵ ਕਮਾਈਐ॥***
***ਤਾ ਦਰਗਹ ਬੈਸਣੁ ਪਾਈਐ॥***
***ਕਹੁ ਨਾਨਕ ਬਾਹ ਲੁਡਾਈਐ॥ ਪੰਨਾ – 26***

ਸੋ ਇਸ ਤਰ੍ਹਾਂ ਦੇ ਨਾਲ ਸੁਜਾਗ ਅਤੇ ਸੁਚੇਤ ਹੋ ਕੇ ਪੂਰੀ ਚੇਤਨਤਾ ਅਤੇ ਲਗਨ ਦੇ ਨਾਲ ਜਦੋਂ ਅਸੀਂ ਭਜਨ ਕਰਾਂਗੇ ਉਸ ਵੇਲੇ ਜਿਹਭਾ ਦੇ ਮੋਨ ਦੀ ਕੋਈ ਲੋੜ ਨਹੀਂ ਰਹਿੰਦੀ। ਇੰਦ੍ਰੀਆਂ ਦੇ ਮੋਨ ਨਾਲ ਉਚੀ ਅਵਸਥਾ ਪ੍ਰਾਪਤੀ ਹੋ ਜਾਇਆ ਕਰਦੀ ਹੈ।

***ਅੰਤਰਿ ਗੁਰੁ ਆਰਾਧਣਾ ਜਿਹਵਾ ਜਪਿ ਗੁਰ ਨਾਉ॥***
***ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ॥***
***ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ॥ ਪੰਨਾ – 517***

ਇੰਦ੍ਰੀਆਂ ਦਾ ਮੋਨ ਜਿਹਭਾ ਦੇ ਮੋਨ ਨਾਲੋਂ ਹਜ਼ਾਰਾਂ ਗੁਣਾਂ ਫਲਦਾਇਕ ਹੁੰਦਾ ਹੈ –

ਤੀਸਰੀ ਕਿਸਮ ਦਾ ਮੋਨ ਕਾਫੀ ਕਠਨ ਹੋਇਆ ਕਰਦਾ ਹੈ। ਇਹ ਮੋਨ ਹੋਇਆ ਕਰਦਾ ਹੈ ਮਨ ਦਾ। ਮਨ ਨੂੰ ਹਰ ਕਿਸਮ ਦੇ ਫੁਰਨਿਆਂ ਤੋਂ ਰੋਕਣਾ ਅਤੇ ਸਦਾ ਹੀ ਮਨ ਗੁਰੂ ਦੇ ਚਰਨਾਂ ਵਿਚ ਲਾਉਣਾ। ਕਿਸੇ ਦਾ ਬੁਰਾ ਨਹੀਂ ਚਿਤਵਣਾ। ਖੋਟੇ ਸੰਕਲਪ ਮਨ ਵਿਚ ਉਠਣ ਨਹੀਂ ਦੇਣੇ, ਗੁਰੂ ਸ਼ਬਦ ਦੇ ਚਿੰਤਨ ਵਿਚ ਮਨ ਨੂੰ ਲਾਉਣਾ, ਗੁਰਬਾਣੀ ਉਪਰ ਪੂਰਾ ਭਰੋਸਾ ਰੱਖਣਾ। ਜਦੋਂ ਇਹ ਗੁਰੂ ਦੇ ਧਿਆਨ ਵਿਚ ਜੁੜੇਗਾ ਅਤੇ ਗੁਰੂ ਦੇ ਸ਼ਬਦ ਨੂੰ ਮਨ ਵਿਚ ਵਸਾਏਗਾ, ਉਸ ਵੇਲੇ ਇਸ ਨੂੰ ਉਚੀ ਅਵਸਥਾ ਪ੍ਰਾਪਤ ਹੋਣੀ ਅਵਸ਼ਕ ਹੈ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ –

***ਗੁਰ ਕੀ ਮੂਰਤਿ ਮਨ ਮਹਿ ਧਿਆਨੁ॥***
***ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ॥***
***ਗੁਰ ਕੇ ਚਰਨ ਰਿਦੈ ਲੈ ਧਾਰਉ॥***
***ਗੁਰੁ ਪਾਰਬ੍ਰਹਮੁ ਸਦਾ ਨਮਸਕਾਰਉ॥ ਪੰਨਾ – 864***

ਮਨ ਵਿਚ ਪੂਰੀ ਸ਼ਰਧਾ ਰੱਖਣੀ ਅਤੇ ਗੁਰੂ ਦੇ ਵਾਕਾਂ ਉਪਰ ਪੂਰੀ ਨਿਸ਼ਠਾ ਨਾਲ ਅਮਲ ਕਰਨਾ ਇਹ ਤੀਸਰੀ ਕਿਸਮ ਦਾ ਮੋਨ ਹੋਇਆ ਕਰਦਾ ਹੈ। ਇਸ ਨੂੰ ਮਨ ਦਾ ਮੋਨ ਆਖਿਆ ਜਾਂਦਾ ਹੈ।

ਚੌਥਾ ਸਭ ਤੋਂ ਸ੍ਰੇਸ਼ਠ ਮੋਨ ਗਿਆਨ ਦੇ ਪ੍ਰਕਾਸ਼ ਹੋਣ ਨਾਲ ਹੋਇਆ ਕਰਦਾ ਹੈ। ਉਸ ਵੇਲੇ ਸਾਰੀਆਂ ਕਲਪਨਾਵਾਂ ਸਾਰੇ ਦ੍ਵੰਦ, ਸਾਰੇ ਝਗੜੇ-ਝਾਟੇ, ਵੈਰੀ-ਮਿੱਤਰ, ਆਪਣੇ-ਪਰਾਏ, ਭਲੇ-ਬੁਰੇ, ਪਾਪੀ-ਪੁੰਨੀ ਪੂਰੀ ਤਰ੍ਹਾਂ ਨਾਲ ਸੂਝ ਵਿਚੋਂ ਨਿਕਲ ਜਾਇਆ ਕਰਦੇ ਹਨ ਅਤੇ ਐਸੀ ਅਵਸਥਾ ਆ ਜਾਂਦੀ ਹੈ ਜਿਸ ਬਾਰੇ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ -

***ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ॥***
***ਤਿਸ ਕੈ ਭਾਣੈ ਕੋਇ ਨ ਭੂਲਾ ਜਿਨਿ ਸਗਲੋ ਬ੍ਰਹਮੁ ਪਛਾਤਾ॥***
***ਪੰਨਾ - 610***

ਜਦੋਂ ਬ੍ਰਹਮ ਦੀ ਪਛਾਣ ਹੁੰਦੀ ਹੈ ਤਾਂ ਇਹ ਵੇਖਦਾ ਹੈ ਕਿ ਇਥੇ ਤਾਂ ਸਾਰੀਆਂ ਘਟਾਂ ਵਿਚ ਜਿਧਰ ਵੀ ਮੈਂ ਦੇਖਦਾ ਹਾਂ ਹਰ ਥਾਂ ਉਤੇ ਵਾਹਿਗੁਰੂ ਜੀ ਜੋ ਪਰੀਪੂਰਨ ਹੈ ਅਤੇ ਉਹ ਸਾਰਿਆਂ ਸਰੀਰਾਂ ਵਿਚ ਵਸ ਕੇ ਆਪ ਹੀ ਵੱਖੋ-ਵੱਖਰੇ ਨਾਟ ਕਰ ਰਿਹਾ ਹੈ। ਕਿਤੇ ਉਹ ਭਲਾ ਹੈ, ਕਿਤੇ ਉਹ ਬੁਰਾ ਹੈ। ਗੁਰੂ ਦਸ਼ਮੇਸ਼ ਪਿਤਾ ਜੀ ਫੁਰਮਾਨ ਕਰਦੇ ਹਨ -

***ਕਤਹੂੰ ਸੁਚੇਤ ਹੁਇਕੈ, ਚੇਤਨਾ ਕੋ ਚਾਰ ਕੀਓ,***
***ਕਤਹੂੰ ਅਚਿੰਤ ਹੁਇਕੈ, ਸੋਵਤ ਅਚੇਤ ਹੋ॥***
***ਕਤਹੂੰ ਭਿਖਾਰੀ ਹੁਇਕੈ, ਮਾਂਗਤ ਫਿਰਤ ਭੀਖ,***
***ਕਹੂੰ ਮਹਾਂ ਦਾਨ ਹੁਇਕੈ, ਮਾਂਗਿਓ ਧਨ ਦੇਤ ਹੋ॥***
***ਕਹੂੰ ਮਹਾਰਾਜਨ ਕੋ ਦੀਜਤ ਅਨੰਤ ਦਾਨ,***
***ਕਹੂੰ ਮਹਾਰਾਜਨ ਤੇ ਛੀਨ ਛਿਤ ਲੇਤ ਹੋ॥***
***ਕਹੂੰ ਬੇਦ ਗੀਤ, ਕਹੂੰ ਤਾ ਸਿਉ ਬਿਪ੍ਰੀਤ,***
***ਕਹੂੰ ਤ੍ਰਿਗੁਨ ਅਤੀਤ, ਕਹੂੰ ਸੁਰਗੁਨ ਸਮੇਤ ਹੋ॥***
***ਕਹੂੰ ਬ੍ਰਹਮ ਬਾਦ, ਕਹੂੰ ਬਿਦਿਆ ਕੋ ਬਿਖਾਦ॥***
***ਕਹੂੰ ਨਾਦ ਕੋ ਨਨਾਦ, ਕਹੂੰ ਪੂਰਨ ਭਗਤ ਹੋ॥***
***ਕਹੂੰ ਬੇਦ ਗੀਤ, ਕਹੂੰ ਬਿਦਿਆ ਕੀ ਪ੍ਰਤੀਤ,***
***ਕਹੂੰ ਨੀਤ ਅਉ ਅਨੀਤ, ਕਹੂੰ ਜ੍ਵਾਲਾ ਸੀ ਜਗਤ ਹੋ॥***
***ਪੂਰਨ ਪ੍ਰਤਾਪ ਕਹੂੰ, ਇਕਾਤੀ ਕੋ ਜਾਪ ਕਹੂੰ,***
***ਤਾਪ ਕੋ ਅਤਾਪ ਕਹੂੰ, ਜੋਗ ਤੇ ਡਿਗਤ ਹੋ॥***
***ਕਹੂੰ ਬਰ ਦੇਤ, ਕਹੂੰ ਛਲ ਸੇ ਛਿਨਾਇ ਲੇਤ,***
***ਸਰਬ ਕਾਲ ਸਰਬ ਠਉਰ ਏਕ ਸੇ ਲਗਤ ਹੋ॥ ਅਕਾਲ ਉਸਤਤਿ***

ਜਦੋਂ ਹਰ ਤਰਫ ਹਰ ਸਰੀਰ ਵਿਚ, ਪਉਣ ਵਿਚ, ਪਾਣੀ ਵਿਚ, ਅੱਗ ਵਿਚ ਪ੍ਰਭੂ ਦੀ ਹੋਂਦ ਦਾ ਨਿਸ਼ਚਾ ਹੋ ਗਿਆ ਉਸ ਵੇਲੇ ਜੋ ਮੋਨ ਹੋ ਜਾਇਆ ਕਰਦਾ ਹੈ ਉਸ ਨੂੰ 'ਗਿਆਨ ਮੋਨ' ਆਖਦੇ ਹਨ। ਇਹ ਮੋਨ ਸਭ ਤੋਂ ਸ੍ਰੇਸ਼ਠ ਹੈ। ਇਸ ਵਿਚ ਆਪਣੇ ਆਪੇ ਦਾ ਭਾਵ ਮਿਟ ਕੇ ਬ੍ਰਹਮ ਭਾਵ ਪੈਦਾ ਹੋ ਜਾਇਆ ਕਰਦਾ ਹੈ। ਇਹ ਸਾਰੀ ਸ੍ਰਿਸ਼ਟੀ ਪ੍ਰਭੂ ਦਾ ਹੀ ਰੂਪ ਹੈ ਅਤੇ ਪ੍ਰਭੂ

ਆਪ ਹੀ ਅਨੇਕ ਰੂਪ ਧਾਰ ਕੇ ਇਸ ਵਿਚ ਨਾਟ ਕਰ ਰਿਹਾ ਹੈ, ਕਿਤੇ ਕਥਾ ਕਰ ਰਿਹਾ ਹੈ, ਕਿਤੇ ਸੁਣ ਰਿਹਾ ਹੈ, ਕਿਤੇ ਮੋਨੀ ਹੋ ਕੈ ਬੈਠਾ ਹੈ, ਕਿਤੇ ਧਿਆਨ ਲਾਈ ਬੈਠਾ ਹੈ, ਕਿਤੇ ਇਸ ਦੇ ਵਿਪਰੀਤ ਕ੍ਰਿਆ ਕਰਦਾ ਨਜ਼ਰ ਆਉਂਦਾ ਹੈ। ਜਦੋਂ ਇਹ ਗਿਆਨ ਹੋ ਜਾਵੇ ਵੈਰੀ ਮਿੱਤਰ ਕੋਈ ਰਹੇ ਹੀ ਨਾ ਤਾਂ ਆਪਣਾ ਆਪਾ ਹੀ ਸੰਸਾਰ ਵਿਚ ਨਜ਼ਰ ਆਉਂਦਾ ਹੈ। ਉਸ ਮਹਾਨ ਆਪੇ ਦਾ ਅਸਾਡੇ ਸਰੀਰ ਵਿਚ ਜੋ ਵਜੂਦ ਹੈ ਉਹਦਾ ਅਭੇਦ ਅੰਗ ਹੈ ਇਹ ਕੋਈ ਵੱਖਰਾ ਨਹੀਂ ਹੈ। ਜੇ ਇਹ ਕਹਿ ਲਈਏ ਕਿ ਇਥੇ ਵਾਹਿਗੁਰੂ ਤੋਂ ਬਗੈਰ ਨਾ ਕੋਈ ਹੋਇਆ ਹੈ, ਨਾ ਹੋਣਾ ਹੈ, ਨਾ ਹੋਵੇਗਾ ਹੀ ਇਹ ਗੁਰਮਤਿ ਦਾ ਸਿਧਾਂਤ ਹੈ। ਗੁਰੂ ਨਾਨਕ ਪਾਤਸ਼ਾਹ ਜੀ ਨੇ ਮੂਲਮੰਤ੍ਰ –

***ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ***
***ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥***

ਤੋਂ ਪਿਛੋਂ ਵਾਹਿਗੁਰੂ ਜੀ ਦੀ ਸਦੀਵੀ ਹੋਂਦ ਨੂੰ ਸਾਕਾਰਤਾ ਦਿੰਦਿਆਂ ਫੁਰਮਾਇਆ ਹੈ ਕਿ ਜਦੋਂ ਕੁਝ ਨਹੀਂ ਸੀ ਉਸ ਵੇਲੇ ਵੀ ਵਾਹਿਗੁਰੂ ਜੀ ਆਪ ਸਨ, ਜਦੋਂ ਸਮੇਂ ਦਾ ਅਰੰਭ ਹੋਇਆ ਉਦੋਂ ਵੀ ਆਪ ਹੀ ਸਨ। ਇਥੇ ਹੋਰ ਕੋਈ ਕਿਸੇ ਪਾਸਿਓਂ ਦਾਖਲ ਨਹੀਂ ਹੋਇਆ। ਹੁਣ ਜੋ ਕ੍ਰਿਆ ਦਿਨ ਰਾਤ ਹੁੰਦੀ ਰਹਿੰਦੀ ਹੈ ਉਹ ਵੀ ਵਾਹਿਗੁਰੂ ਜੀ ਆਪ ਹੀ ਕਰ ਰਹੇ ਹਨ। ਇਸ ਮੂਲਮੰਤ੍ਰ ਤੋਂ ਅੱਗੇ ਗੁਰਮਤਿ ਸਿਧਾਂਤ ਦੀ ਪ੍ਰਮੁਖਤਾ ਨੂੰ ਦਰਸਾਉਂਦੇ ਆਪ ਜੀ ਨੇ ਫੁਰਮਾਨ ਕੀਤਾ ਹੈ ਕਿ ਜਦੋਂ ਕੁਝ ਨਹੀਂ ਸੀ ਉਸ ਵੇਲੇ ਵੀ ਵਾਹਿਗੁਰੂ ਆਪ ਸਨ, ਜਦੋਂ ਸਮੇਂ ਦਾ ਆਰੰਭ ਹੋਇਆ ਉਸ ਵੇਲੇ ਵੀ ਉਹ ਆਪ ਹੀ ਸਨ, ਇਥੇ ਕੋਈ ਹੋਰ ਕਿਸੇ ਪਾਸਿਓਂ ਦਾਖਲ ਨਹੀਂ ਹੋਇਆ।

***ਆਦਿ ਸਚੁ ਜੁਗਾਦਿ ਸਚੁ॥***
***ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥*** ***ਪੰਨਾ – 1***

ਹੁਣ ਜੋ ਕ੍ਰਿਆ ਦਿਨ-ਰਾਤ ਵਿਚ ਹੁੰਦੀ ਰਹਿੰਦੀ ਹੈ ਉਸ ਵਿਚ ਉਹ ਆਪ ਹੀ ਅਨੇਕ ਰੂਪ ਧਾਰ ਕੇ ਆਪਣੇ ਸਾਰਿਆਂ ਵਿਚ ਆਪ ਸਥਿਤ ਹਨ। ਜਦੋਂ ਇਹ ਖੇਲ੍ਹ ਸੰਕੋਚੀ ਜਾਵੇਗੀ ਤਾਂ ਵੀ ਉਹ ਆਪ ਹੀ ਹੋਣਗੇ। ਇਥੇ ਨਾ ਦੂਜਾ ਤੱਤ ਮਾਇਆ ਹੈ ਇਹ ਸਭ ਵਾਹਿਗੁਰੂ ਜੀ ਨੇ ਆਪਣਾ ਖੇਲ੍ਹ ਰਚਣ ਵਾਸਤੇ ਉਤਪਤ ਕੀਤੇ ਹਨ –

***ਜਿਨਿ ਰਚਿ ਰਚਿਆ ਪੁਰਖਿ ਬਿਧਾਤੈ ਨਾਲੇ ਹਉਮੈ ਪਾਈ॥***
***ਜਨਮ ਮਰਣੁ ਉਸ ਹੀ ਕਉ ਹੈ ਰੇ ਓਹਾ ਆਵੈ ਜਾਈ॥***
***ਪੰਨਾ – 999***

***ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ।।***
***ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ॥*** ***(ਜਾਪੁ ਸਾਹਿਬ)***

ਸੋ ਜਦੋਂ ਇਹ ਭਾਵਨਾ, ਇਹ ਸੂਝ ਪ੍ਰਪੱਕ ਰੂਪ ਵਿਚ ਬਿਨਾਂ ਕਿਸੇ ਸ਼ੱਕ ਕੀਤਿਆਂ ਪੂਰੀ ਤਰ੍ਹਾਂ ਮੰਨ ਲਈ ਜਾਵੇ ਫੇਰ ਸਰਬ ਮੋਨ ਹੋਇਆ ਕਰਦਾ ਹੈ। ਇਸ ਤਰ੍ਹਾਂ ਦੇ ਨਾਲ ਆਪ ਜੀ ਨੇ ਸੰਗਤ ਨੂੰ ਸਮਝਾਇਆ ਪਰ ਇਹ ਵਿਚਾਰਦੇ ਹੋਏ ਕਿ ਜਦੋਂ ਤਕ ਕਿਸੇ ਨਿਯਮ ਅਧੀਨ ਸਾਧਨਾ ਨਾ ਕੀਤੀ ਜਾਵੇ ਤਾਂ ਤੀਜੀ ਅਤੇ ਚੌਥੀ ਕਿਸਮ ਦੇ ਮੋਨ ਤਾਈਂ ਜਗਿਆਸੂ ਦੀ ਪਹੁੰਚ ਬਹੁਤ ਮੁਸ਼ਕਲ ਹੋਇਆ ਕਰਦੀ ਹੈ। ਉਸ ਵੇਲੇ ਆਪ ਜੀ ਨੇ ਕੁਝ ਅਸੂਲ

ਦੱਸੇ ਕਿ ਗੁਰੂ ਮਹਾਰਾਜ ਜੀ ਪਾਸ ਅਰਦਾਸ ਕਰਕੇ ਹਜ਼ੂਰ ਦੀ ਮਿਹਰ ਨਾਲ ਸਮਾਂ ਨਿਯਤ ਕਰਕੇ ਮੋਨ ਰੱਖਿਆ ਜਾਂਦਾ ਹੈ। ਜਿੰਨੇ ਦਿਨ ਦਾ ਮੋਨ ਰੱਖਿਆ ਹੈ ਓਨੇ ਦਿਨ ਕੋਈ ਵੀ ਗੱਲ ਕਿਸੇ ਤਰੀਕੇ ਨਾਲ ਵੀ ਨਾ ਕਰਨੀ। ਖਾਸ ਕਰਕੇ ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰਨਾ, ਰਾਤ ਦੇ ਇਕ ਵਜੇ ਤੋਂ ਪਹੁ ਫੁਟਾਲੇ ਤਕ ਇਕ ਰਸ ਸਿਮਰਨ ਕਰਨਾ। ਸਾਰਾ ਦਿਨ ਸਿਮਰਨ ਕਰਦੇ ਰਹਿਣਾ, ਰਸਾਂ-ਕਸਾਂ ਦਾ ਫੁਰਨਾ ਮਨ ਵਿਚ ਨਹੀਂ ਉਠਣ ਦੇਣਾ, ਅੱਠੀਂ ਪਹਿਰੀ ਪ੍ਰਸ਼ਾਦਾ ਛਕਣਾ, ਦਿਨ ਦੇ ਸਮੇਂ ਪ੍ਰਸ਼ਾਦਾ ਛਕ ਕੇ 2 ਘੰਟੇ ਅਰਾਮ ਕਰਨਾ। ਰਾਤ ਨੂੰ ਵੀ ਦੋ ਘੰਟੇ ਆਰਾਮ ਕਰਨਾ। ਅੱਠਾਂ ਪਹਿਰਾਂ ਵਿਚ 20 ਘੰਟੇ ਆਪਣੇ ਮਨ ਨੂੰ ਭਜਨ ਕਰਨ ਵਿਚ ਲਾਉਣਾ ਅਤੇ ਸਿਰਫ ਚਾਰ ਘੰਟੇ ਅਰਾਮ ਕਰਨਾ। ਪ੍ਰਸ਼ਾਦਾ ਬਹੁਤ ਘੱਟ ਛਕਣਾ, ਕੋਈ ਸੁਆਸ ਭਜਨ ਤੋਂ ਬਗੈਰ ਖਾਲੀ ਨਾ ਜਾਣ ਦੇਣਾ, ਪੂਰੀ ਤਰ੍ਹਾਂ ਨਾਲ ਸੁਚੇਤ ਰਹਿਣਾ, ਤੁੰਦਰਾ ਆਦਿ ਨਾ ਪੈਣ ਦੇਣੀ। ਆਪਣੇ ਆਪ ਨੂੰ ਗੁਰੂ ਦੇ ਹਜ਼ੂਰ ਮੁਰਦੇ ਵਾਂਗੂੰ ਸਮਝਣਾ। ਕਿਸੇ ਗੱਲ ਦਾ ਵੀ ਅਭਿਮਾਨ ਨਾ ਕਰਨਾ ਅਤੇ ਸਦਾ ਹੀ ਯਾਦ ਰਖਣਾ-

***ਮੁਰਦਾ ਹੋਇ ਮੁਰੀਦ ਨ ਗੱਲੀਂ ਹੋਵਣਾ।***
***ਸਾਬਰ ਸਿਦਕ ਸ਼ਹੀਦ ਭਰਮ ਭਉ ਖੋਵਣਾ।***
***ਗੋਲਾ ਮੁੱਲ ਖਰੀਦ ਕਾਰੇ ਜੋਵਣਾ।***
***ਨਾ ਤਿਸ ਭੁੱਖ ਨ ਨੀਂਦ ਨ ਖਾਣਾ ਸੋਵਣਾ।***
***ਪੀਹਣ ਹੋਇ ਜਦੀਦ ਪਾਣੀ ਢੋਵਣਾ।***
***ਪੱਖੇ ਦੀ ਤਾਗੀਦ ਪਗ ਮਲ ਧੋਵਣਾ।***
***ਸੇਵਕ ਹੋਇ ਸੰਜੀਦ ਨ ਹੱਸਣ ਰੋਵਣਾ।***
***ਦਰ ਦਰਵੇਸ਼ ਰਸੀਦ ਪਿਰਮ ਰਸ ਭੋਵਣਾ।***
***ਚੰਦ ਮੁਮਾਰਖ ਈਦ ਪੁੱਗ ਖਲੋਵਣਾ।***

***ਭਾਈ ਗੁਰਦਾਸ ਜੀ, ਵਾਰ 3/18***

ਜੇ ਇਸ ਤਰ੍ਹਾਂ ਦਾ ਮੋਨ ਧਾਰ ਕੇ ਕੋਈ ਜੀਵਨ ਭਰ ਇਹ ਨਿਯਮ ਨਿਭਾ ਦੇਵੇ ਤਾਂ ਉਸ ਦੀ ਇਕੋ ਜਨਮ ਵਿਚ ਹੀ ਕਲਿਆਣ ਹੋ ਸਕਦੀ ਹੈ। ਇਹ ਬਚਨ ਸੁਣ ਕੇ 18 ਸਿੰਘਾਂ ਨੇ ਮੋਨ ਧਾਰਨ ਦੀ ਅਰਦਾਸ ਕਰ ਦਿਤੀ ਅਤੇ ਆਪਣੇ ਪ੍ਰਣ ਨੂੰ ਨਿਭਾਉਣ ਲਈ ਪੂਰੇ ਛੇ ਸਾਲ ਮੋਨ ਧਾਰਨ ਕਰੀ ਰੱਖਿਆ। ਇਨ੍ਹਾਂ ਵਿਚੋਂ ਇਕ ਤੋਂ ਇਕ ਚੜ੍ਹਦੇ ਜਗਿਆਸੂ ਸਨ। ਕੋਈ ਸਿਮਰਨ ਤੋਂ ਇਲਾਵਾ 108 ਜਪੁਜੀ ਸਾਹਿਬ ਦੇ ਪਾਠ ਕਰਦਾ, ਮੂਲਮੰਤ੍ਰ ਦੀਆਂ ਕਈ-ਕਈ ਪੱਕੀਆਂ ਮਾਲਾਂ ਰੋਜ਼ ਕਰਦੇ, ਸੁਖਮਨੀ ਸਾਹਿਬ ਦੇ 25 ਪਾਠ ਹਰ ਰੋਜ਼ ਕਰਨੇ, ਕਈ ਪ੍ਰੇਮੀਆਂ ਨੇ ਤਿੰਨ ਚਾਰ ਦਿਨ ਵਿਚ ਹੀ ਸਹਿਜ ਪਾਠ ਦਾ ਭੋਗ ਪਾ ਲੈਣਾ, ਇਨ੍ਹਾਂ ਦੇ ਰਹਿਣ ਲਈ ਖਾਸ ਪ੍ਰਬੰਧ ਕੀਤਾ ਗਿਆ। ਬਾਹਰਲੀ ਆਵਾਜਾਈ ਨੂੰ ਰੋਕਣ ਲਈ ਇਨ੍ਹਾਂ ਦੀ ਨਿਵਾਸ ਕੁਟੀਆਂ ਦੇ ਦੁਆਲੇ ਸਰਕੜੇ ਦੀ ਵਾੜ ਕਰ ਦਿਤੀ ਗਈ। ਪ੍ਰਸ਼ਾਦੇ ਵਾਲਾ ਅੱਠੀ ਪਹਿਰੀਂ ਪ੍ਰਸ਼ਾਦਾ ਲੈ ਕੇ ਜਾਂਦਾ ਅਤੇ ਸਤਿਨਾਮ ਦੀ ਅਵਾਜ਼ ਦੇ ਕੇ ਸੁਰਖਸ਼ਿਤ ਥਾਂ ਰੱਖੇ ਹੋਏ ਬਰਤਨ ਵਿਚ ਇਕ ਕੜਛਾ ਮੂੰਗੀ ਦੀ ਦਾਲ ਜਾਂ ਖਿੱਚੜੀ ਦਾ ਪਾ ਆਉਂਦਾ। ਇਹ ਪ੍ਰੇਮੀ ਨਾਲ ਵਗਦੀ ਨਹਿਰ ਵਿਚ ਅੰਮ੍ਰਿਤ ਵੇਲੇ ਕੇਸੀ ਇਸ਼ਨਾਨ ਕਰਦੇ ਅਤੇ

ਦਿਨ ਚੜ੍ਹੇ ਤਕ ਛੋਟੇ ਅਤੇ ਵੱਡੇ ਪ੍ਰਾਣਾਯਾਮ ਦੀ ਮਦਦ ਨਾਲ ਗੁਰਮੰਤ੍ਰ ਦਾ ਜਾਪ ਕਰਦੇ। ਕਈ ਪ੍ਰੇਮੀ ਗੁਰੂ ਦੀ ਮੂਰਤ ਦਾ ਧਿਆਨ ਮਨ ਵਿਚ ਰੱਖ ਕੇ ਗੁਰੂ ਚਰਨਾਂ ਵਿਚ ਲੀਨ ਰਹਿੰਦੇ। ਸੰਤ ਮਹਾਰਾਜ ਜੀ ਇਨ੍ਹਾਂ ਮੋਨੀਆਂ ਨੂੰ ਕਦੇ-ਕਦੇ ਬੁਲਾ ਕੇ ਅਤਿ ਉਚੀ ਕਿਸਮ ਦੇ ਨਿਜ ਅਨੁਭਵ ਤੋਂ ਕਮਾਏ ਹੋਏ ਉਪਦੇਸ਼ ਦਿੰਦੇ ਜਿਨ੍ਹਾਂ ਨਾਲ ਇਨ੍ਹਾਂ ਦਾ ਉਤਸ਼ਾਹ ਬਹੁਤ ਹੀ ਵਧਦਾ।

ਇਸ ਤਰ੍ਹਾਂ ਦੇ ਨਾਲ ਵੱਡੇ ਮਹਾਂਪੁਰਸ਼ ਅਤੇ ਛੋਟੇ ਸੰਤ ਜੀ ਵੀ ਮੋਨ ਵਰਤ ਵਿਚ ਰਹਿੰਦੇ ਅਤੇ ਐਨੀ ਘਾਲ ਕਮਾਈ ਕੀਤੀ ਕਿ ਪ੍ਰਭੂ ਜੋਤੀ ਨੂੰ ਅੰਦਰ ਸ਼ਾਖਸ਼ਾਤ ਕਰਕੇ ਪ੍ਰਗਟ ਕਰ ਲਿਆ। ਉਸ ਸਮੇਂ ਆਪ ਜੀ ਦੀ ਖੁਰਾਕ ਐਨੀ ਘੱਟ ਗਈ ਸੀ ਕਿ ਸਰੀਰ ਸਚਮੁਚ ਹੀ ਸੁੱਕ ਕੇ ਬਾਬੇ ਫਰੀਦ ਵਾਂਗੂੰ ਹੱਡੀਆਂ ਦੀ ਮੁੱਠੀ ਹੀ ਬਣ ਗਿਆ। ਇਕ ਵਾਰੀ ਆਪ ਸਹਿਜ ਨਾਲ ਹੀ ਮੇਰੇ ਨਾਲ ਬਚਨ ਕਰਦੇ ਦਸ ਰਹੇ ਸਨ ਕਿ ਅਸੀਂ ਪੂਰੇ 9 ਸਾਲ ਨਾ ਪਲੰਘ ਤੇ ਸੁੱਤੇ ਅਤੇ ਨਾ ਹੀ ਧਰਤੀ ਉਪਰ ਪਿੱਠ ਲਾਈ। ਕਈ ਪ੍ਰੇਮੀ ਹੈਰਾਨ ਹੋਣਗੇ ਕਿ ਕੀ ਨੀਂਦ ਤੋਂ ਬਗੈਰ ਸਰੀਰ ਬਚ ਸਕਦਾ ਹੈ? ਇਸ ਬਾਰੇ ਮੈਂ ਪਹਿਲਾਂ ਬਹੁਤ ਖੋਲ੍ਹ ਕੇ ਵਿਸਥਾਰ ਨਾਲ ਦੱਸ ਚੁਕਿਆ ਹਾਂ। ਜਦੋਂ ਸੁਰਤੀ ਦਸਵੇਂ ਦੁਆਰ ਵਿਚ ਪ੍ਰਵੇਸ਼ ਕਰ ਜਾਵੇ ਫੇਰ ਨੀਂਦ ਅਤੇ ਭੁੱਖ ਦੋਨੋਂ ਹੀ ਤੰਗ ਨਹੀਂ ਕਰਦੀਆਂ। ਸਰੀਰ ਨੂੰ ਸੁਆ ਦਿਤਾ ਜਾਂਦਾ ਹੈ ਅਤੇ ਸੁਰਤ ਸਦਾ ਹੀ ਜਾਗਦੀ ਹੈ। ਇਹ ਹਉਮੈ ਦੀ ਸੁਰਤੀ ਦਾ ਨਾਸ਼ ਹੋ ਜਾਂਦਾ ਹੈ। ਆਤਮ ਸੁਰਤ ਜੋ ਕਦੇ ਵੀ ਨਹੀਂ ਸੌਂਦੀ ਉਹਦਾ ਪ੍ਰਕਾਸ਼ ਹੋ ਜਾਇਆ ਕਰਦਾ ਹੈ। ਇਕ ਵਾਰੀ ਮਹਾਰਾਜ ਜੀ ਨੇ ਫੁਰਮਾਨ ਕੀਤਾ ਕਿ ਅਸੀਂ ਇਸ ਬੈਰਾਗ ਦੀ ਅਵਸਥਾ ਵਿਚ ਸਾਧਨ ਕਰ ਰਹੇ ਸਾਂ। ਅਸਾਡੀ ਸੁਰਤ ਜਦੋਂ ਸਹੰਸਰਾਰ ਦਲ ਕਮਲ ਨੂੰ ਪਾਰ ਕਰ ਰਹੀ ਸੀ ਤਾਂ ਉਥੋਂ ਅਚਾਨਕ ਹੀ ਅਵਾਜ਼ਾਂ ਆਉਣੀਆਂ ਸ਼ੁਰੂ ਹੋ ਗਈਆਂ ਅਤੇ ਆਪਣਾ ਨਾਮ ਲੈ-ਲੈ ਕੇ ਆਪਣੇ ਕੌਤਕਾਂ ਦੀ ਵਿਆਖਿਆ ਸੁਣਾਉਣ ਲੱਗੀਆਂ। ਇਕ ਨੇ ਕਿਹਾ ਅਸੀਂ ਸਿਧੀਆਂ ਹਾਂ ਮੈਂ ਅੰਤਰਜਾਮਤਾ ਸਿੱਧੀ ਹਾਂ ਮੈਨੂੰ ਅਪਣਾਅ ਲਵੋ ਮੈਂ ਸਭ ਦੇ ਅੰਦਰਲੀ ਗੱਲ ਤੁਹਾਨੂੰ ਪਹਿਲਾਂ ਹੀ ਦੱਸ ਦੇਵਾਂਗੀ। ਇਕ ਨੇ ਕਿਹਾ ਮੈਂ ਦੂਰ ਦੇ ਦ੍ਰਿਸ਼ ਦੇਖਣ ਵਾਲੀ ਹਾਂ ਮੈਨੂੰ ਅਪਣਾਅ ਲਵੋ, ਹਜ਼ਾਰਾਂ ਮੀਲਾਂ ਤੇ ਹੋ ਰਹੀ ਗੱਲ ਸਾਮ੍ਹਣੇ ਇਉਂ ਪ੍ਰਗਟ ਹੋਵੇਗੀ ਜਿਵੇਂ ਕੁਝ ਫੁੱਟਾਂ ਦੀ ਦੂਰੀ ਤੇ ਹੀ ਹੋ ਰਹੀ ਹੋਵੇ। ਇਕ ਅਵਾਜ਼ ਆਈ ਕਿ ਮੈਂ ਪ੍ਰੇਰਨਾ ਸ਼ਕਤੀ ਹਾਂ ਜਿਸ ਲਈ ਵੀ ਤੁਸੀਂ ਮਨ ਵਿਚ ਫੁਰਨਾ ਕਰੋਗੇ ਮੈਂ ਉਸੇ ਬੰਦੇ ਨੂੰ ਪ੍ਰੇਰ ਕੇ ਆਪ ਦੇ ਚਰਨਾਂ ਵਿਚ ਲਿਆ ਦੇਵਾਂਗੀ। ਇਕ ਅਵਾਜ਼ ਆਈ ਕਿ ਮੈਂ ਵਸੀਕਾਰ ਸਿੱਧੀ ਹਾਂ ਜਿਸਨੂੰ ਵੀ ਤੁਸੀਂ ਆਪਣੇ ਵਸ ਵਿਚ ਕਰਨਾ ਚਾਹੋ ਉਸ ਨੂੰ ਤੁਹਾਡੇ ਵਸ ਵਿਚ ਕਰ ਦਿਆ ਕਰਾਂਗੀ।

ਇਸੇ ਤਰ੍ਹਾਂ ਨਾਲ ਅੰਦਰਲੀਆਂ ਮਾਨਸਿਕ ਸ਼ਕਤੀਆਂ ਜੋ ਬੰਦਗੀ ਕਰਨ ਉਪਰੰਤ ਪ੍ਰਾਪਤ ਹੋ ਜਾਂਦੀਆਂ ਹਨ, ਉਹ ਸਿੱਧੀਆਂ ਕਹਾਉਂਦੀਆਂ ਹਨ। ਵੱਡੀਆਂ-ਵੱਡੀਆਂ ਸਿਧੀਆਂ ਅੱਠ ਹੁੰਦੀਆਂ ਹਨ। ਦੱਸ ਹੋਰ ਛੋਟੀਆਂ ਰਲਾ ਕੇ ਕੁਲ 18 ਹੋ ਜਾਇਆ ਕਰਦੀਆਂ ਹਨ। ਜਦੋਂ ਸਾਧਕ ਦੀ ਸੁਰਤ ਸਹੰਸਰਾਰ ਦਲ ਕਮਲ ਵਿਚ ਪਹੁੰਚਦੀ ਹੈ ਉਸ ਵੇਲੇ ਕੁਦਰਤੀ ਹੀ ਇਹ ਸ਼ਕਤੀਆਂ ਅੰਦਰੋਂ ਹੀ ਪ੍ਰਗਟ ਹੋ ਜਾਇਆ ਕਰਦੀਆਂ ਹਨ। ਇਨ੍ਹਾਂ ਵਿਚ ਜੇ ਸਾਧਕ ਪਰਚ ਜਾਵੇ ਤਾਂ ਉਸ ਨੂੰ ਉਸੇ ਤਰ੍ਹਾਂ ਮੋਹ ਲਿਆ ਕਰਦੀਆਂ ਹਨ ਜਿਸ ਤਰ੍ਹਾਂ ਦੇ ਨਾਲ

ਮੋਹਣੀਆਂ ਇਸਤ੍ਰੀਆਂ ਪ੍ਰਤੱਖ ਰੂਪ ਵਿਚ ਮੋਂਹਦੀਆਂ ਹਨ। ਇਹ ਚਾਰ ਪ੍ਰਕਾਰ ਦੀ ਮਾਇਆ ਬਹੁਤ ਪ੍ਰਬਲ ਹੈ ਜਿਸ ਨੂੰ ਮਹਾਰਾਜ ਜੀ ਨੇ ਨਾਗਣੀ ਦਾ ਰੂਪ ਦੇ ਕੇ ਦਸਿਆ ਹੈ ਕਿ ਇਹ ਸੰਸਾਰ ਨੂੰ ਹੀ ਖਾ ਜਾਂਦੀ ਹੈ।

***ਮਾਇਆ ਮਮਤਾ ਮੋਹਣੀ ਜਿਨਿ ਵਿਣੁ ਦੰਤਾ ਜਗੁ ਖਾਇਆ॥***
***ਮਨਮੁਖ ਖਾਧੇ ਗੁਰਮੁਖਿ ਉਬਰੇ ਜਿਨੀ ਸਚਿ ਨਾਮਿ ਚਿਤੁ ਲਾਇਆ॥***
***ਪੰਨਾ – 643***

ਪਹਿਲੀ ਕਿਸਮ ਦੀ ਮਾਇਆ ਸਥੂਲ ਰੂਪ ਵਿਚ ਹੋਇਆ ਕਰਦੀ ਹੈ ਜੋ ਪੈਸੇ ਟਕੇ ਜਾਇਦਾਦ, ਅਨੇਕਾਂ ਕਿਸਮ ਦੇ ਵਣਜ ਵਪਾਰ, ਅਨੇਕ ਕਿਸਮ ਦੀਆਂ ਮਾਣਤਾਵਾਂ ਇਸ ਜੀਵ ਨੂੰ ਆਪਣਾ ਮੋਹਣੀ ਰੂਪ ਵਿਖਾ ਕੇ ਪ੍ਰਮੇਸ਼ਰ ਵਲੋਂ ਪੂਰਨ ਰੂਪ ਵਿਚ ਭੁਲਾ ਕੇ ਰਖਦੀ ਹੈ ਕਿਉਂਕਿ ਗੁਰੂ ਮਹਾਰਾਜ ਜੀ ਨੇ ਮਾਇਆ ਦਾ ਸਰੂਪ ਦਸਦਿਆਂ ਫੁਰਮਾਇਆ ਹੈ ਕਿ ਇਹ ਮਾਇਆ ਸ਼ਕਤੀ attachment (ਮੋਹ) ਪੈਦਾ ਕਰਦੀ ਹੈ ਅਤੇ ਰਾਗ ਦਾ ਕਲੇਸ਼ ਮਨ ਵਿਚ ਪੂਰੀ ਤਰ੍ਹਾਂ ਨਾਲ ਪਸਰ ਜਾਂਦਾ ਹੈ ਜੋ ਮਨ ਵਿਚੋਂ ਲੰਘ ਕੇ, ਬੁੱਧੀ, ਚਿਤ ਅਤੇ ਮੈਂ ਭਾਵ ਦੇ ਨਾਲ ਚਿੰਬੜ ਜਾਂਦਾ ਹੈ, ਦ੍ਵੈਤ ਹਿਰਦੇ ਵਿਚ ਪੈਦਾ ਹੋ ਜਾਂਦੀ ਹੈ ਵਾਹਿਗੁਰੂ ਜੀ ਨੂੰ ਪੂਰੀ ਤਰ੍ਹਾਂ ਭੁਲਿਆ ਰਹਿੰਦਾ ਹੈ ਜੇ ਕਿਤੇ ਇਹ ਯਾਦ ਵੀ ਕਰਦਾ ਹੈ ਤਾਂ ਰਸ ਤੋਂ ਵਿਹੂਣਾ, ਭਰੋਸੇ ਤੋਂ ਵਿਹੂਣਾ ਕੇਵਲ ਇਕ un-concerned object (ਨਿਰਸਬੰਧਿਤ ਫਾਲਤੂ ਵਸਤੂ) ਵਾਂਗੂੰ ਯਾਦ ਵਿਚੋਂ ਲੰਘ ਜਾਂਦਾ ਹੈ। ਵਾਹਿਗੁਰੂ ਨੂੰ ਛੱਡ ਕੇ ਦੂਜੇ ਭਾਵ ਵਿਚ ਇਸ ਦਾ ਚਿਤ ਹਰ ਵਕਤ ਲਿਪਟਿਆ ਰਹਿੰਦਾ ਹੈ। ਜਦੋਂ ਦੂਜਾ ਭਾਵ ਹਿਰਦੇ ਵਿਚ ਜਾਗਦਾ ਹੈ ਤਾਂ ਵਾਹਿਗੁਰੂ ਜੀ ਦੀ ਸਤਤਾ, ਪਰੀਪੂਰਨਤਾ ਅਤੇ ਏਕਵਾਦ ਉਪਰ ਕੋਈ ਵੀ ਵਿਸ਼ਵਾਸ਼ ਨਹੀਂ ਰਿਹਾ ਕਰਦਾ। ਭਜਨ ਬੰਦਗੀ ਕਰਦਾ ਹੋਇਆ ਵੀ, ਨਮਾਜ਼ ਪੜ੍ਹਦਾ ਹੋਇਆ, ਗਿਰਜੇ 'ਚ ਜਾ ਕੇ ਦੁਆ ਕਰਦਾ ਹੋਇਆ, ਪ੍ਰਭੂ ਦੇ ਨਾਲ ਅੰਦਰੋਂ ਨਹੀਂ ਜੁੜਦਾ ਕਿਉਂਕਿ ਇਸ ਦਾ ਚਿੱਤ ਮਾਇਆ ਨੇ ਮੋਹ ਲਿਆ ਹੈ। ਮਹਾਰਾਜ ਜੀ ਦਾ ਫੁਰਮਾਨ ਹੈ –

***ਏਹ ਮਾਇਆ ਜਿਤੁ ਹਰਿ ਵਿਸਰੈ***
***ਮੋਹੁ ਉਪਜੈ ਭਾਉ ਦੂਜਾ ਲਾਇਆ॥*** ***ਪੰਨਾ – 921***

ਅਤੇ ਇਕ ਹੋਰ ਥਾਂ ਆਪ ਜੀ ਦਾ ਫੁਰਮਾਨ ਹੈ ਕਿ –

***ਇਨਿ ਮਾਇਆ ਜਗਦੀਸ ਗੁਸਾਈ ਤੁਮਰੇ ਚਰਨ ਬਿਸਾਰੇ॥***
***ਕਿੰਚਤ ਪ੍ਰੀਤਿ ਨ ਉਪਜੈ ਜਨ ਕਉ ਜਨ ਕਹਾ ਕਰਹਿ ਬੇਚਾਰੇ॥***
***ਪੰਨਾ – 857***

ਸੋ ਇਹ ਮਾਇਆ ਮੋਹਣੀ ਜਦੋਂ ਜੀਵ ਸੰਸਾਰ ਵਿਚ ਪੈਦਾ ਹੋ ਕੇ ਪਹਿਲਾ ਸਾਹ ਹੀ ਲੈਂਦਾ ਹੈ ਉਸੇ ਵੇਲੇ ਵਿਆਪ ਜਾਇਆ ਕਰਦੀ ਹੈ। ਮਾਤਾ ਦੇ ਗਰਭ ਵਿਚ ਜਿਸ ਨਾਮ ਧੁਨ ਦੇ ਆਸਰੇ ਪੁਠਾ ਲਟਕ ਕੇ ਵੀ ਦੁਖ ਮਹਿਸੂਸ ਨਹੀਂ ਸੀ ਕਰਦਾ ਉਹ ਪੈਦਾ ਹੁੰਦੇ ਹੀ ਜਦੋਂ ਸੰਸਾਰ ਦੀ ਰੋਸ਼ਨੀ ਵੇਖਦਾ ਹੈ ਤਾਂ ਉਸ ਨੂੰ ਪੇਟ ਭਰਨ ਲਈ ਫੁਰਨਾ ਹੁੰਦਾ ਹੈ। ਉਸ ਨੂੰ ਮਾਂ ਦਾ ਦੁਧ ਖਿਚ ਪਾਉਂਦਾ ਹੈ। ਓਹਦਾ ਪਿਆਰ ਦੁਧ ਨਾਲ ਲਗ ਜਾਂਦਾ ਹੈ। ਇਸ ਕਰਕੇ ਮਹਾਰਾਜ ਜੀ ਫੁਰਮਾਨ ਕਰਦੇ ਹਨ–

**ਪਹਿਲੈ ਪਿਆਰਿ ਲਗਾ ਥਣ ਦੁਧਿ॥** **ਪੰਨਾ – 137**

ਕਈ ਪ੍ਰੇਮੀਆਂ ਦੇ ਮਨਾਂ ਵਿਚ ਇਹ ਸ਼ੰਕਾ ਹੁੰਦਾ ਹੈ ਕਿ ਸ਼ਾਇਦ ਬੱਚੇ ਨੂੰ ਦੁਧ ਨਾ ਖਿਚਦਾ ਹੋਵੇ। ਪਰ ਐਸਾ ਨਹੀਂ, ਮਾਂ ਦਾ ਥਣ ਮੂੰਹ ਵਿਚ ਪਾਉਂਦਿਆਂ ਹੀ ਉਸ ਦਾ ਮੂੰਹ ਹਰਕਤ ਵਿਚ ਆ ਜਾਂਦਾ ਹੈ, ਉਸ ਨੂੰ ਕਿਸੇ ਨੇ ਵੀ ਟਰੇਨਿੰਗ ਨਹੀਂ ਦਿਤੀ ਕਿ ਮੂੰਹ ਨੂੰ ਇਸ ਤਰ੍ਹਾਂ ਦਬ, ਤਾਂ ਦੁੱਧ ਨਿਕਲੇਗਾ, ਇਹ ਸਾਰਾ ਇੰਤਜ਼ਾਮ ਕੁਦਰਤ ਵਲੋਂ ਪਹਿਲਾਂ ਹੀ ਹੋਇਆ ਕਰਦਾ ਹੈ।

ਇਕ ਹੱਡਬੀਤੀ ਇਥੇ ਦਸਣੀ ਕੁਥਾਂਹ ਨਹੀਂ ਹੋਵੇਗੀ। 1948 ਵਿਚ ਅਸਾਡੇ ਪਰਿਵਾਰ ਨੇ ਤਰਾਈ ਦੇ ਇਲਾਕੇ ਜ਼ਿਲਾ ਰਾਮਪੁਰ ਵਿਚ ਹੋਰ ਅਬਾਦਕਾਰਾਂ ਸਮੇਤ ਮੁਰੱਬੇ ਮੁੱਲ ਲੈ ਲਏ ਪਰ ਜਿਥੇ ਅਸੀਂ ਵਸਦੇ ਸੀ ਉਥੇ ਚਾਰੇ ਪਾਸੇ ਘਣਾਂ ਜੰਗਲ, ਵੱਡੇ-ਵੱਡੇ ਦਰਖਤ, ਝਾੜੀਆਂ ਅਤੇ tiger grass ਬਹੁਤ ਸੰਘਣਾ ਸੀ। ਹਰ ਰੋਜ਼ ਅਸਾਡਾ ਵਾਹ ਜੰਗਲੀ ਜਾਨਵਰਾਂ ਨਾਲ ਪੈਂਦਾ ਸੀ। ਜਿਥੇ ਅਸੀਂ ਆਪਣੇ ਰਹਿਣ ਲਈ ਝੌਂਪੜੀਆਂ ਪਾਈਆਂ ਸਨ ਉਥੋਂ ਸ਼ੇਰ ਹਰ ਰੋਜ਼ ਲੰਘ ਕੇ ਜਾਇਆ ਕਰਦਾ ਸੀ। ਸਾਰੀ ਰਾਤ ਮਿਉਂਸਪੈਲਟੀ ਦੇ ਲੈਂਪਾਂ ਵਾਂਗੂੰ ਲੈਂਪ ਜਲਦੇ ਰਿਹਾ ਕਰਦੇ ਸਨ ਜਿਸ ਕਰਕੇ ਉਹ ਅਸਾਡੀ ਛੋਟੀ ਜਿਹੀ ਅਬਾਦੀ ਵਿਚ ਨਹੀਂ ਸੀ ਆਉਂਦਾ। ਉਸ ਦੇ ਨਾਲ ਹੀ ਚੀਤੇ, ਲਗੜਬੱਗੇ ਅਤੇ ਬਘਿਆੜ ਆਦਿ ਵੀ ਘੁੰਮਦੇ ਰਹਿੰਦੇ ਸਨ ਅਤੇ ਜੰਗਲ ਬਹੁਤ ਸੰਘਣਾ ਤੇ ਲੰਬਾ-ਚੌੜਾ ਸੀ। ਅਜੇ ਪੰਜਾਬੀਆਂ ਨੇ ਜ਼ਮੀਨਾਂ ਪੂਰੀ ਤਰ੍ਹਾਂ ਅਬਾਦ ਨਹੀਂ ਸੀ ਕੀਤੀਆਂ। ਸੋ ਜਦੋਂ ਕਦੇ ਅਸਾਡਾ ਕੋਈ ਬਲਦ ਜਾਂ ਮੱਝ ਖੁਲ੍ਹ ਕੇ ਜੰਗਲ ਵਿਚ ਚਲੀ ਜਾਂਦੀ ਤਾਂ ਉਸ ਨੂੰ ਮਾਰ ਕੇ ਖਾ ਲਿਆ ਕਰਦੇ ਸਨ। ਕਈ ਵਾਰੀ ਬਾਹਰ ਆ ਕੇ ਵੀ ਝਪਟਾ ਮਾਰਿਆ ਕਰਦੇ ਸਨ। ਪਰ ਬੰਦਿਆਂ ਦਾ ਬੋਲ-ਬਰਾਲਾ ਉਸ ਨੂੰ ਅਬਾਦੀ ਤੋਂ ਥੋੜ੍ਹਾ ਦੂਰ ਰੱਖਿਆ ਕਰਦਾ ਸੀ। ਉਥੋਂ ਦੇ local (ਸਥਾਈ ਰਹਿਣ ਵਾਲੇ) ਬੰਦੇ ਜਦੋਂ ਅਸਾਡੇ ਜੰਗਲ ਵਿਚੋਂ ਲੰਘਿਆ ਕਰਦੇ ਸਨ ਤਾਂ ਉਨ੍ਹਾਂ ਦੇ ਗਾਉਣ ਦੀ ਉਚੀ-ਉਚੀ ਅਵਾਜ਼ ਆਉਂਦੀ ਸੀ, ਉਨ੍ਹਾਂ ਦੇ ਹੱਥਾਂ ਵਿਚ ਜਲਦੀਆਂ ਮਿਸਾਲਾਂ ਹੋਇਆ ਕਰਦੀਆਂ ਸਨ ਜਿਸ ਨੂੰ ਵੇਖ ਕੇ ਜੰਗਲੀ ਜਾਨਵਰ ਦੂਰ ਹੀ ਰਿਹਾ ਕਰਦੇ ਸਨ। ਪਰ ਉਂਞ ਅਸੀਂ ਇਹ ਤਜਰਬਾ ਕੀਤਾ ਹੋਇਆ ਸੀ ਕਿ ਸ਼ੇਰ ਬਿਨਾਂ ਮਤਲਬ ਨਾ ਹੀ ਜਾਨਵਰ ਨੂੰ ਮਾਰਦਾ ਹੈ, ਨਾ ਹੀ ਬੰਦੇ ਨੂੰ ਹੀ ਮਾਰਿਆ ਕਰਦੇ ਸਨ। ਮਨੁੱਖਾਂ ਨੂੰ ਇਨ੍ਹਾਂ ਤੋਂ ਡਰ ਘੱਟ ਹੀ ਲਗਦਾ ਸੀ ਪਰ ਹੋਰ ਬਲਾਵਾਂ ਬਹੁਤ ਸਨ ਜਿਵੇਂ ਕਿ ਵਿਸ਼-ਖਪਰਾ, ਉਹ ਕਿਰਲੇ ਤੋਂ ਵੱਡਾ ਹੋਇਆ ਕਰਦਾ ਹੈ। ਜੇ ਉਹ ਪਉਂਚਾ ਪੈਰ ਤੇ ਮਾਰ ਦੇਵੇ ਤਾਂ ਉਸ ਦੀ ਜ਼ਹਿਰ ਦਾ ਕੋਈ ਇਲਾਜ ਨਹੀਂ ਸੀ ਹੋਇਆ ਕਰਦਾ। ਉਸ ਤੋਂ ਬਚ ਕੇ ਚਲਣਾ ਪੈਂਦਾ ਸੀ। ਅਸਾਡੇ ਫਾਰਮ ਵਿਚ 22 ਫੁੱਟ ਲੰਬੀਆਂ ਅਤੇ ਡੇਢ ਫੁੱਟ ਚੌੜੀਆਂ ਸਰਾਲਾਂ ਆਮ ਹੀ ਦਿਖਣ ਨੂੰ ਮਿਲ ਜਾਇਆ ਕਰਦੀਆਂ ਸਨ। ਉਹ ਹਰਨਾਂ ਨੂੰ ਫੜ ਲੈਂਦੀਆਂ ਸਨ ਜਾਂ ਹੋਰ ਛੋਟੇ ਜਾਨਵਰ ਬਕਰੀਆਂ ਵਗੈਰਾਂ ਨੂੰ ਫੜ ਕੇ ਅੰਦਰ ਲੰਘਾ ਲਿਆ ਕਰਦੀਆਂ ਸੀ। ਪਰ ਗੁਰੂ ਮਹਾਰਾਜ ਜੀ ਦੇ ਆਸਰੇ ਅਸੀਂ ਉਹ ਜੰਗਲ ਪੁੱਟਦੇ ਰਹਿੰਦੇ ਸਾਂ। ਜਿਉਂ-ਜਿਉਂ ਧਰਤੀ ਸਾਫ ਹੋ ਕੇ ਦੂਰ ਤਾਂਈ ਖੁਲ੍ਹਦੀ ਜਾਂਦੀ ਸੀ, ਡਰ ਵੀ ਘਟ ਜਾਇਆ ਕਰਦਾ ਸੀ। ਇਕ ਵਾਰੀ ਐਸਾ ਹੋਇਆ ਕਿ ਅਸਾਡੀ ਮੱਝ ਜੋ ਸੂਣ ਵਾਲੀ ਸੀ ਉਹ ਰਾਤ ਨੂੰ ਰੱਸਾ ਤੁੜਾ ਕੇ ਜੰਗਲ ਵਿਚ ਚਲੀ ਗਈ। ਸੰਘਣੇ ਜੰਗਲ ਹੋਣ ਕਰਕੇ ਅਸੀਂ ਉਸ ਦੀ ਬਹੁਤ ਤਲਾਸ਼ ਨਾ ਕੀਤੀ। ਨੇੜੇ-

ਨੇੜੇ ਘੁੰਮ ਫਿਰ ਆਏ ਅਤੇ ਸਮਝ ਲਿਆ ਕਿ ਉਸ ਨੂੰ ਸ਼ੇਰ ਆਦਿਕ ਜਾਨਵਰਾਂ ਨੇ ਖਾ ਲਿਆ ਹੈ ਪਰ ਸਾਡੀ ਹੈਰਾਨੀ ਦੀ ਹੱਦ ਨਾ ਰਹੀ ਜਦੋਂ ਇਹ ਦੇਖਿਆ ਕਿ ਮੱਝ ਆਪਣੇ ਕਟਰੂ ਸਮੇਤ ਜੰਗਲ 'ਚੋਂ ਬਾਹਰ ਨਿਕਲ ਕੇ ਆ ਕੇ ਰਿੰਗ ਰਹੀ ਹੈ। ਕਟਰੂ ਬੜਾ ਤੰਦਰੁਸਤ ਸੀ। ਅਸੀਂ ਇਹ ਸੋਚਿਆ ਕਿ ਜੇ ਅਸਾਡੇ ਸਾਮ੍ਹਣੇ ਲਵੇਰਾ ਸੂਏ ਤਾਂ ਉਸ ਦੇ ਕਟਰੂ ਬਛਰੂ ਨੂੰ ਫੜ ਕੇ ਉਂਗਲੀ ਚਟਾਉਂਦੇ ਹਾਂ, ਫੇਰ ਥਣ ਉਸ ਦੇ ਮੂੰਹ ਵਿਚ ਦਿੰਦੇ ਹਾਂ ਪਰ ਜੰਗਲ ਵਿਚ ਸੂਈ ਮੱਝ ਦੇ ਕਟਰੂ ਨੂੰ ਕਿਸੇ ਨੇ ਨਹੀਂ ਸਿਖਾਇਆ, ਉਸ ਨੂੰ ਪੈਦਾ ਹੁੰਦੇ ਸਾਰ ਥੋੜ੍ਹੀ ਦੇਰ ਬਾਦ ਭੁੱਖ ਲੱਗੀ, ਦੁਧ ਦੀ ਸੁਗੰਧੀ ਨੇ ਉਸ ਨੂੰ ਆਪਣੇ ਵਲ ਖਿੱਚ ਲਿਆ ਅਤੇ ਉਸ ਨੇ ਦੁੱਧ ਪੀ ਲਿਆ ਅਤੇ ਇਸੇ ਤਰ੍ਹਾਂ ਨਾਲ ਪੰਜ ਛੇ ਦਿਨ ਉਹ ਆਪ ਹੀ ਦੁੱਧ ਪੀਂਦਾ ਰਿਹਾ। ਸੋ ਇਸ ਕਰਕੇ ਗੁਰੂ ਮਹਾਰਾਜ ਜੀ ਨੇ ਇਹ ਫੁਰਮਾਨ ਕੀਤਾ ਹੈ ਕਿ ਬੱਚਾ ਮਾਂ ਨੂੰ ਜਾਨਣ ਤੋਂ ਪਹਿਲਾਂ ਦੁੱਧ ਨਾਲ ਪਿਆਰ ਪਾਉਂਦਾ ਹੈ।

***ਪਹਿਲੈ ਪਿਆਰਿ ਲਗਾ ਥਣ ਦੁਧਿ॥ ਦੂਜੈ ਮਾਇ ਬਾਪ ਕੀ ਸੁਧਿ॥***
***ਤੀਜੈ ਭਯਾ ਭਾਭੀ ਬੇਬ॥ ਚਉਥੈ ਪਿਆਰਿ ਉਪੰਨੀ ਖੇਡ॥***

***ਪੰਨਾ - 137***

ਜਿਸ ਨਾਮ ਧੁਨ ਦੇ ਆਸਰੇ ਮਾਤਾ ਦੇ ਪੇਟ ਵਿਚ ਪੁੱਠਾ ਲਟਕ ਕੇ ਵੀ ਇਹ ਤਕਲੀਫ ਨਹੀਂ ਸੀ ਮੰਨਦਾ ਉਸ ਨੂੰ ਪੈਦਾ ਹੁੰਦੇ ਸਾਰ ਇਕ ਦਮ ਭੁੱਲ ਗਿਆ ਅਤੇ ਮਾਇਆਵੀ ਚੀਜ਼ਾਂ ਨਾਲ ਭਾਵੇਂ ਉਹ ਦੁੱਧ ਹੈ, ਭਾਵੇਂ ਮਾਂ-ਬਾਪ ਹਨ, ਭਾਵੇਂ ਭਰਾ ਤੇ ਰਿਸ਼ਤੇਦਾਰ ਹਨ, ਨਾਲ ਚੰਗੀ ਤਰ੍ਹਾਂ ਪਰਚ ਗਿਆ। ਜਿਉਂ-ਜਿਉਂ ਉਮਰ ਦੇ ਵਿਚ ਵੱਡਾ ਹੁੰਦਾ ਜਾਂਦਾ ਹੈ ਤਿਉਂ-ਤਿਉਂ ਉਹਦੀ ਸੁਰਤ ਉਸੇ ਹਿਸਾਬ ਨਾਲ ਬਹੁਤ ਵੱਡੇ ਫੈਲਾਓ ਵਿਚ ਤਾਰੀਆਂ ਲਾਉਣ ਲਗ ਜਾਂਦੀ ਹੈ। ਸੋ ਇਹ ਅਸਰ ਮਾਇਆ ਦਾ ਹੈ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ -

***ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ॥***
***ਮਾਇਆ ਅਗਨਿ ਸਭ ਇਕੋ ਜੇਹੀ ਕਰਤੈ ਖੇਲੁ ਰਚਾਇਆ॥***
***ਜਾ ਤਿਸੁ ਭਾਣਾ ਤਾ ਜੰਮਿਆ ਪਰਵਾਰਿ ਭਲਾ ਭਾਇਆ॥***
***ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ॥***
***ਏਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ॥***
***ਕਹੈ ਨਾਨਕੁ ਗੁਰ ਪਰਸਾਦੀ ਜਿਨਾ ਲਿਵ ਲਾਗੀ ਤਿਨੀ ਵਿਚੇ ਮਾਇਆ ਪਾਇਆ॥***

***ਪੰਨਾ - 921***

ਦੂਸਰੀ ਕਿਸਮ ਦੀ ਮਾਇਆ, ਆਪਣੇ ਬੱਚੇ ਇਸਤ੍ਰੀ ਆਦਿ ਚੇਤਨ ਮਾਇਆ ਕਹਾਉਂਦੀ ਹੈ ਜਿਸ ਦੀ ਸ਼ਕਤੀ ਜੜ੍ਹ ਮਾਇਆ ਨਾਲੋਂ ਬਹੁਤ ਵਧੇਰੇ ਹੈ, ਪਰਾਈ ਇਸਤ੍ਰੀ ਦੇ ਵਾਰ ਤੋਂ ਬਚਣਾ ਕਿਸੇ ਸੂਰਮੇ ਦਾ ਹੀ ਕੰਮ ਹੋਇਆ ਕਰਦਾ ਹੈ। ਵੱਡੇ-ਵੱਡੇ ਰਿਸ਼ੀ-ਮੁਨੀ ਇਸ ਵਾਰ ਨੂੰ ਨਾ ਸਹਾਰ ਸਕੇ। ਮਛੰਦਰਨਾਥ ਰਾਜੇ ਅਮਰੂ ਦੇ ਮਿਰਤਕ ਸਰੀਰ ਵਿਚ ਪ੍ਰਵੇਸ਼ ਕਰਕੇ ਵਿਸ਼ੇ-ਵਿਕਾਰਾਂ ਵਿਚ ਪਰਚਿਆ ਰਿਹਾ। ਜੈਮਨੀ ਰਿਸ਼ੀ ਵਿਆਸ ਜੀ ਦੇ ਬਾਰ-ਬਾਰ

ਮਨ੍ਹਾ ਕਰਨ ਤੇ ਵੀ ਕਾਮ ਦੇ ਬਾਣ ਨਾਲ ਘਾਇਲ ਹੋ ਗਿਆ। ਇਸੇ ਤਰ੍ਹਾਂ ਨਾਲ ਸ਼ਰਿੰਗੀ ਰਿਸ਼ੀ ਆਪਣੇ ਪਿਤਾ ਨੂੰ ਛੱਡ ਕੇ ਇਕ ਵੇਸਵਾ ਦੇ ਘਰ ਗ੍ਰਿਹਸਤੀ ਬਣ ਕੇ ਰਹਿਣ ਲੱਗ ਗਿਆ। ਕਾਮ ਬਾਣ ਆਦਮੀ ਦੀ ਸੁਧ ਬੁਧ ਗੁਆ ਦਿੰਦੇ ਹਨ। ਉਸ ਨੂੰ ਭਲੇ ਬੁਰੇ ਦਾ ਪਤਾ ਨਹੀਂ ਰਹਿੰਦਾ ਅਤੇ ਗੁਰੂ ਮਹਾਰਾਜ ਜੀ ਵੀ ਇਸ ਦੇ ਬਾਰੇ ਫੁਰਮਾਨ ਕਰਦੇ ਹਨ–

***ਹੇ ਕਾਮੰ ਨਰਕ ਬਿਸ੍ਰਾਮੰ ਬਹੁ ਜੋਨੀ ਭ੍ਰਮਾਵਣਹ॥***
***ਚਿਤ ਹਰਣੰ ਤ੍ਰੈ ਲੋਕ ਗੰਮੰ ਜਪ ਤਪ ਸੀਲ ਬਿਦਾਰਣਹ॥***
***ਅਲਪ ਸੁਖ ਅਵਿਤ ਚੰਚਲ ਊਚ ਨੀਚ ਸਮਾਵਣਹ॥***
***ਤਵ ਭੈ ਬਿਮੁੰਚਿਤ ਸਾਧ ਸੰਗਮ ਓਟ ਨਾਨਕ ਨਾਰਾਇਣਹ॥***

***ਪੰਨਾ – 1358***

ਅਤੇ ਮਹਾਰਾਜ ਜੀ ਅੱਗੇ ਫੁਰਮਾਉਂਦੇ ਹਨ ਕਿ ਜੋਗੀ ਜੰਗਮ, ਸੰਨਿਆਸੀ ਸਾਰੇ ਹੀ ਕਾਮ ਦੇ ਵਾਰ ਤੋਂ ਡਰਦੇ ਹਨ।

***ਜੋਗੀ ਜੰਗਮ ਅਰੁ ਸੰਨਿਆਸ॥***
***ਸਭ ਹੀ ਪਰਿ ਡਾਰੀ ਇਹ ਫਾਸ॥*** ***ਪੰਨਾ – 1186***

ਸਾਨੂੰ ਸਾਵਧਾਨ ਕਰਦੇ ਹੋਏ ਫੁਰਮਾਉਂਦੇ ਹਨ ਕਿ ਪਿਆਰਿਆ! ਤੇਰੇ ਸਾਰੇ ਕਰਮ ਧਰਮ ਕਾਮ ਦੇ ਇਕੋ ਵਾਰ ਨਾਲ ਸੁਆਹ ਹੋ ਜਾਣਗੇ ਅਤੇ ਤੇਰੀ ਜੀਵ ਆਤਮਾ ਨੂੰ ਦੁਖਾਂ ਦੇ ਵਿਚ ਪਾ ਦੇਣਗੇ।

***ਨਿਮਖ ਕਾਮ ਸੁਆਦ ਕਾਰਣਿ ਕੋਟਿ ਦਿਨਸ ਦੁਖੁ ਪਾਵਹਿ॥***
***ਘਰੀ ਮੁਹਤ ਰੰਗ ਮਾਣਹਿ ਫਿਰਿ ਬਹੁਰਿ ਬਹੁਰਿ ਪਛੁਤਾਵਹਿ॥***
***ਅੰਧੇ ਚੇਤਿ ਹਰਿ ਹਰਿ ਰਾਇਆ।। ਤੇਰਾ ਸੋ ਦਿਨੁ ਨੇੜੈ ਆਇਆ॥***

***ਪੰਨਾ – 403***

ਇਹ ਚੇਤਨ ਮਾਇਆ ਅਨੇਕਾਂ ਰੂਪਾਂ ਵਿਚ ਜੀਵ ਨੂੰ ਪ੍ਰਭਾਵਿਤ ਕਰਦੀ ਹੈ। ਕਿਤੇ ਬਹੁਤ ਸੋਹਣੀਆਂ ਸੂਰਤਾਂ ਵਾਲੇ ਬੱਚਿਆਂ ਦੇ ਰੂਪ ਵਿਚ, ਕਿਤੇ ਪਰਾਈਆਂ ਇਸਤ੍ਰੀਆਂ ਦੇ ਰੂਪ ਵਿਚ, ਕਿਤੇ ਪ੍ਰਭਤਾ ਦੇ ਰੂਪ ਵਿਚ, ਕਿਤੇ ਆਪਣੇ ਬਲ ਦੇ ਰੂਪ ਵਿਚ, ਕਿਤੇ ਜੁਆਨੀ ਦੇ ਰੂਪ ਵਿਚ, ਇਸ ਨੂੰ ਚੇਤਨ ਮਾਇਆ ਆਖਦੇ ਹਨ ਇਸ ਤੋਂ ਵੀ ਬਹੁਤ ਬਲ ਵਾਲੀ ਤੀਸਰੀ ਕਿਸਮ ਦੀ ਮਾਇਆ ਨੂੰ ਸੂਖਸ਼ਮ ਮਾਇਆ ਆਖਦੇ ਹਨ। ਇਹ ਜਗਿਆਸੂ ਨੂੰ ਅਛੋਪਲੇ ਹੀ ਦੁਬੋਚ ਲੈਂਦੀ ਹੈ। ਇਸ ਦੀ ਖਿੱਚ ਬਹੁਤ ਹੀ ਮੋਹਣੀ ਹੈ। ਇਸ ਨੂੰ ਪ੍ਰਾਪਤ ਕਰਨ ਲਈ ਬਹੁਤ ਸਾਰੇ ਭੁੱਲੜ ਚਿੱਲੇ ਕਟਦੇ ਹਨ ਅਤੇ ਅੰਦਰਲੀ ਸ਼ਕਤੀ ਪ੍ਰਾਪਤ ਕਰਦੇ ਹਨ ਪਰ ਨਾਮ ਜਪਣ ਵਾਲਿਆਂ ਨੂੰ ਇਹ ਸਹੰਸਰਾਰ ਦਲ ਕਮਲ ਦੇ ਮੰਡਲ ਵਿਚ ਮਿਲਦੀ ਹੈ। ਇਨ੍ਹਾਂ ਨੂੰ ਰਿਧੀਆਂ ਸਿਧੀਆਂ ਆਖਿਆ ਜਾਂਦਾ ਹੈ। ਇਨ੍ਹਾਂ ਵਿਚ ਪਹਿਲੀ ਦਾ ਨਾਮ 'ਅਣਮਾ ਸਿੱਧੀ' ਹੈ ਇਸ ਵਿਚ ਵੇਖਦਿਆਂ–ਵੇਖਦਿਆਂ ਪ੍ਰਮਾਣੂ ਜਿੰਨਾਂ ਆਪਣੇ ਆਪ ਨੂੰ ਛੋਟਾ ਕਰ ਲੈਣਾ ਅਤੇ ਕਿਸੇ ਦੇ ਹੱਥ ਵਿਚ ਨਾ ਆਉਣਾ, **'ਅਣਮਾ ਸਿੱਧੀ'** ਕਹਾਉਂਦੀ ਹੈ।

ਦੂਸਰੀ ਸਿੱਧੀ ਆਪਣੇ ਸਰੀਰ ਨੂੰ ਐਨਾ ਵੱਡਾ ਕਰ ਲੈਣਾ ਕਿ ਵੇਖਦੇ–ਵੱਖਦੇ ਹੀ ਸੈਂਕੜੇ ਫੁੱਟ ਉਚਾ ਹੋ ਜਾਣਾ, ਬਹੁਤ ਭਾਰ ਵਧਾ ਲੈਣਾ। ਇਸ

ਨੂੰ **'ਮਹਿੰਮਾ ਸਿੱਧੀ'** ਆਖਿਆ ਜਾਂਦਾ ਹੈ।

ਤੀਸਰੀ ਸਿੱਧੀ ਰੂੰ ਵਰਗੇ ਹਲਕੇ ਫੁਲਕੇ ਪਦਾਰਥ ਨੂੰ ਐਨਾ ਭਾਰੀ ਕਰ ਦੇਣਾ ਕਿ ਉਹ ਕਿਸੇ ਤੋਂ ਵੀ ਚੁਕਿਆ ਨਾ ਜਾਣਾ। ਇਸ ਤਰ੍ਹਾਂ ਆਪਣੇ ਸਰੀਰ ਨੂੰ ਐਨਾ ਭਾਰੀ ਕਰ ਦੇਣਾ ਕਿ ਕੋਈ ਭੀ ਉਸ ਦਾ ਅੰਗ ਨਾ ਹਿਲਾ ਸਕੇ। ਇਸ ਨੂੰ **'ਗਰਿਮਾ ਸਿੱਧੀ'** ਆਖਦੇ ਹਨ।

ਪਰਬਤ ਵਰਗੇ ਪਦਾਰਥ ਦਾ ਰੂੰਈ ਵਾਂਗੂ ਹਲਕੇ ਹੋ ਜਾਣਾ ਇਸ ਨੂੰ **'ਲਘਵਾ ਸਿੱਧੀ'** ਆਖਿਆ ਜਾਂਦਾ ਹੈ।

ਜਿਸ ਚੀਜ਼ ਦੀ ਵੀ ਇਛਾ ਕਰੇ ਭਾਵੇਂ ਉਹ ਸੰਸਾਰ ਵਿਚ ਕਿਸੇ ਥਾਂ ਹੋਵੇ ਜਾਂ ਨਾ ਹੋਵੇ ਉਸ ਨੂੰ ਪ੍ਰਾਪਤ ਕਰ ਲੈਣਾ। ਇਸ ਨੂੰ **'ਪ੍ਰਾਪਤ ਸਿੱਧੀ'** ਆਖਿਆ ਜਾਂਦਾ ਹੈ। ਇਹ ਆਮ ਤੌਰ ਤੇ ਚਿਲੇ ਕੱਟ ਕੇ ਵੀ ਪ੍ਰਾਪਤ ਹੋ ਜਾਂਦੀ ਹੈ।

ਇਕ ਵਾਰੀ ਦੀ ਗੱਲ ਹੈ ਕਿ ਚੰਡੀਗੜ੍ਹ ਦੇ ਵਿਚ ਜਦੋਂ ਮੈਂ ਸੈਕਟਰੀਏਟ ਵਿਚ job (ਨੌਕਰੀ) ਕਰਿਆ ਕਰਦਾ ਸੀ ਤਾਂ ਇਕ ਤਾਂਤਰੀ ਸਾਧੂ ਲਿਬਾਸ ਵਿਚ ਆਇਆ। ਉਸ ਦੇ ਨਾਲ ਕਈ ਬੰਦੇ ਸਨ। ਉਹ ਸਰਦਾਰ ਪ੍ਰਤਾਪ ਸਿੰਘ ਕੈਰੋ ਜੋ ਉਨ੍ਹਾਂ ਦਿਨਾਂ ਵਿਚ ਚੀਫ ਮਨਿਸਟਰ ਸਨ, ਨੂੰ ਮਿਲਣ ਦਫਤਰ ਵਿਚ ਗਿਆ। ਕਹਿਣ ਲੱਗਿਆ ਕਿ ਸ. ਜੀ ਦੱਸੋ, ਤੁਹਾਨੂੰ ਕਿਹੜੀ ਚੀਜ਼ ਖਲਾਈਏ। ਸਾਰੀ ਗੱਲ ਚੀਫ ਮਨਿਸਟਰ ਨੇ ਸੁਣੀ। ਉਨ੍ਹਾਂ ਦਿਨਾਂ ਵਿਚ ਜੇਠ ਹਾੜ੍ਹ ਦੀ ਗਰਮੀ ਸੀ ਉਹ ਕਹਿਣ ਲੱਗੇ ਕਿ ਮੈਨੂੰ ਤਾਜ਼ਾ ਛੋਲੀਆ ਚਾਹੀਦਾ ਹੈ ਉਸ ਨੇ ਆਪਣੇ ਉਪਰ ਲਏ ਹੋਏ ਕਪੜੇ ਵਿਚ ਹੱਥ ਪਾਇਆ ਅਤੇ ਦੋ ਬੰਡਲ ਤਾਜ਼ੇ-ਤਾਜ਼ੇ ਛੋਲਿਆਂ ਦੇ ਉਸਦੇ ਟੇਬਲ ਉਪਰ ਰੱਖ ਦਿਤੇ। ਇਸੇ ਤਰ੍ਹਾਂ ਨਾਲ ਇਕ ਬਹੁਤ ਨੇੜੇ ਤੋਂ ਜਾਨਣ ਵਾਲੇ ਮਿਲਟਰੀ ਆਫੀਸਰ ਸਨ। ਜਦੋਂ ਉਨ੍ਹਾਂ ਤੋਂ ਪੁਛਿਆ ਗਿਆ ਤਾਂ ਉਨ੍ਹਾਂ ਨੇ ਕਿਹਾ ਕਿ ਮੈਨੂੰ ਗਰਮ-ਗਰਮ ਰਸਗੁੱਲੇ ਚਾਹੀਦੇ ਹਨ। ਉਸ ਨੇ ਕਿਹਾ ਥਾਲ ਲੈ ਕੇ ਆਓ ਉਸ ਉਪਰ ਕਪੜਾ ਪਾ ਕੇ ਹੱਥ ਉਚਾ ਕਰ ਲਓ। ਜਦੋਂ ਤੁਹਾਡੇ ਹੱਥ ਨੂੰ ਸੇਕ ਲਗਣ ਲਗ ਜਾਵੇ ਤਾਂ ਮੈਨੂੰ ਦੱਸ ਦੇਣਾ। ਉਸੇ ਤਰ੍ਹਾਂ ਕੀਤਾ ਗਿਆ ਜਦੋਂ ਕਰਨਲ ਸਾਹਿਬ ਦਾ ਹੱਥ ਗਰਮੀ ਮਹਿਸੂਸ ਕਰਨ ਲੱਗਿਆ ਉਨ੍ਹਾਂ ਨੇ ਕਿਹਾ ਕਿ ਮੇਰੇ ਹੱਥ ਨੂੰ ਗਰਮੀ ਲਗ ਰਹੀ ਹੈ। ਉਸ ਤਾਂਤਰੀ ਨੇ ਕਿਹਾ ਕਿ ਤੂੰ ਆਪਣਾ ਹੱਥ ਕਪੜੇ ਹੇਠੋਂ ਬਾਹਰ ਖਿੱਚ ਲੈ। ਥਾਲ ਉਪਰੋਂ ਕਪੜਾ ਚੁੱਕ ਲੈ ਅਤੇ ਮਨ ਭਾਉਂਦੇ ਰਸਗੁੱਲਿਆਂ ਨੂੰ ਖਾਓ। ਇਸੇ ਤਰ੍ਹਾਂ ਦੇ ਨਾਲ ਬਹੁਤ ਸਾਰੇ ਸਾਧੂਆਂ ਦਾ ਜ਼ਿਕਰ ਆਉਂਦਾ ਹੈ। ਸੰਤ ਭਾਈ ਮਨੀ ਸਿੰਘ ਜੀ ਦਿਆਲਪੁਰੇ ਵਾਲੇ, ਆਪ ਦੇ ਪਾਸ ਸੰਗਤਾਂ ਮਸਤੂਆਣੇ ਤੋਂ ਜਾਂਦੀਆਂ ਸਨ ਆਪ ਨੇ ਉਨ੍ਹਾਂ ਦੇ ਭੋਜਨ ਲਈ ਇਕ ਦਰਖਤ ਤੋਂ ਬਹੁਤ ਕਿਸਮ ਦੀ ਮਠਿਆਈ ਝਾੜ ਕੇ ਵਰਤਾਈ। ਇਸ ਨੂੰ **'ਪ੍ਰਾਪਤੀ ਸਿੱਧੀ'** ਆਖਦੇ ਹਨ।

ਜਿਵੇਂ ਕਿ ਜਲ ਵਿਚ ਗੋਤਾ ਮਾਰੀਦਾ ਹੈ ਤੇ ਫੇਰ ਦੂਰ ਜਾ ਕੇ ਨਿਕਲ ਆਈਦਾ ਹੈ ਇਸੇ ਤਰ੍ਹਾਂ ਨਾਲ ਪ੍ਰਿਥਵੀ ਵਿਚ ਗੋਤਾ ਮਾਰ ਕੇ ਹੋਰ ਥਾਂ ਨਿਕਲ

ਆਉਣਾ। ਇਸ ਸਿੱਧੀ ਦਾ ਨਾਮ **'ਪ੍ਰਕਾਰਮਯ ਸਿੱਧੀ'** ਹੈ।

ਸਾਰੇ ਭੌਤਿਕ ਪਦਾਰਥਾਂ ਨੂੰ ਆਪਣੀ ਆਗਿਆ ਵਿਚ ਕਰ ਲੈਣਾ। ਪਦਾਰਥਾਂ ਨੂੰ ਰਚਣ ਤੇ ਲੈਅ ਕਰਨ ਦੀ ਸ਼ਕਤੀ ਹੋਣੀ। ਆਪਣੀ ਇਛਿਆ ਦੇ ਅਨੁਸਾਰ ਜਿਸ ਪਦਾਰਥ ਦੀ ਵੀ ਲੋੜ ਹੈ ਉਸੇ ਸਮੇਂ ਰਚ ਦੇਣਾ। ਇਹ ਅੱਠ ਸਿੱਧੀਆਂ ਮੁੱਖ ਹਨ। ਦੱਸ ਸਿੱਧੀਆਂ ਗੌਣ ਹਨ ਜਿਨ੍ਹਾਂ ਨੂੰ ਰਲਾ ਕੇ 18 ਸਿੱਧੀਆਂ ਹੋਇਆ ਕਰਦੀਆਂ ਹਨ। ਭੁੱਖ, ਤ੍ਰੇਹ, ਧੁੱਪ, ਪਾਲਾ ਆਦਿ ਕੋਈ ਵੀ ਤਕਲੀਫ ਨਾ ਵਿਆਪਣੀ ਇਸ ਨੂੰ **'ਮਾਨਰੂਪੀ ਸਿੱਧੀ'** ਆਖਿਆ ਜਾਂਦਾ ਹੈ। ਇਸ ਤੋਂ ਅੱਗੇ ਕੋਈ ਪ੍ਰੇਮੀ 10-12 ਹਜ਼ਾਰ ਮੀਲਾਂ ਦੀ ਦੂਰੀ ਤੇ ਬੈਠਾ ਹੈ ਉਸ ਦੇ ਗੁਪਤ ਬਚਨ ਸਭ ਆਪ ਸੁਣ ਲੈਣੇ। ਇਸ ਨੂੰ **'ਸਰਵਣ ਸਿੱਧੀ'** ਆਖਦੇ ਹਨ ਇਹ ਦਸਵੀਂ ਹੋਇਆ ਕਰਦੀ ਹੈ।

ਹਜ਼ਾਰਾਂ ਮੀਲਾਂ ਦੀ ਦੂਰੀ ਤੇ ਬੈਠ ਸਭ ਕੁਝ ਆਪਣੀਆਂ ਅੱਖਾਂ ਨਾਲ ਪ੍ਰਤੱਖ ਦੇਖ ਲੈਣਾ। ਇਸ ਦੇ ਬਾਰੇ ਮੈਂ ਇਕ ਹੱਡ ਬੀਤੀ ਦਸਣਾ ਚਾਹੁੰਦਾ ਹਾਂ। ਉਹ ਇਸ ਤਰ੍ਹਾਂ ਹੈ ਕਿ ਜਦੋਂ ਮੇਰੀ ਪਤਨੀ ਰਣਜੀਤ ਕੌਰ (ਉਦਮ ਕੌਰ) ਪਿਤਾ ਜੀ ਪਾਸ ਲਾਹੌਰ ਰਿਹਾ ਕਰਦੇ ਸਨ ਜਿਨ੍ਹਾਂ ਨੂੰ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ ਸੰਤ ਭਾਈ ਹੀਰਾ ਸਿੰਘ ਜੀ ਦਾਉਦਪੁਰੀ ਕਰਕੇ ਲਿਖਿਆ ਹੈ ਉਹ ਅੰਮ੍ਰਿਤ ਵੇਲੇ ਲਿਵ ਵਿਚ ਮਸਤ ਬੈਠੇ ਸਨ। ਆਪ ਨੇ ਨੇਤਰ ਖੋਲ੍ਹੇ ਅਤੇ ਬੱਚਿਆਂ ਨੂੰ ਕਿਹਾ ਕਿ ਇਕ ਸਿੰਘ ਆ ਰਿਹਾ ਹੈ, ਉਸ ਨੂੰ ਦਰਵਾਜ਼ਾ ਨਹੀਂ ਖੋਲ੍ਹਣਾ। ਘੰਟਾ ਦੋ ਘੰਟੇ ਪਿਛੋਂ ਸਚਮੁਚ ਹੀ ਇਕ ਸਿੰਘ ਆਇਆ ਉਸ ਨੇ ਦਰਵਾਜ਼ਾ ਖੜਕਾਇਆ ਤਾਂ ਬੱਚਿਆਂ ਨੇ ਕਿਹਾ ਬਾਪੂ ਜੀ ਦਾ ਹੁਕਮ ਹੈ ਕਿ ਦਰਵਾਜ਼ਾ ਨਹੀਂ ਖੋਲ੍ਹਣਾ। ਉਹ ਸਿੰਘ ਕਹਿਣ ਲੱਗਿਆ ਕਿ ਮੈਂ ਤਾਂ ਬੰਬਈ (ਮੁੰਬਈ) ਤੋਂ ਆਇਆ ਹਾਂ। ਮਹਾਂਪੁਰਸ਼ਾਂ ਦੇ ਦਰਸ਼ਨ ਕਰਕੇ ਆਪਣੇ ਘਰ ਨੂੰ ਜਾਣਾ ਹੈ। ਉਸਦੀਆਂ ਇਨ੍ਹਾਂ ਪ੍ਰੇਮ ਪੂਰਵਕ ਗੱਲਾਂ ਨੂੰ ਸੁਣ ਕੇ ਬੱਚਿਆਂ ਨੇ ਦਰਵਾਜ਼ਾ ਖੋਲ੍ਹ ਦਿਤਾ। ਪਿਤਾ ਜੀ first floor (ਪਹਿਲੀ ਮੰਜ਼ਲ ਵਿਚ ਆਪਣੇ ਨਿਜੀ ਕਮਰੇ ਵਿਚ ਬੈਠੇ ਸਨ। ਜਦੋਂ ਇਹ ਸਿੰਘ ਉਨ੍ਹਾਂ ਦੇ ਸਾਮ੍ਹਣੇ ਆਇਆ ਤਾਂ ਬਾਪੂ ਜੀ ਨੇ ਬਹੁਤ ਕੜਕ ਕੇ ਕਿਹਾ, "ਗੁਰਮੁਖਾ! ਤੂੰ ਗੁਰੂ ਦਸ਼ਮੇਸ਼ ਪਿਤਾ ਦਾ ਅਤਿ ਉਤਮ ਤੇ ਸਤਿਕਾਰਯੋਗ ਬਾਣਾ ਪਹਿਨ ਕੇ ਕਿੰਨੇ ਨੀਚ ਕਰਮ ਕਰਦਾ ਰਿਹਾ ਹੈਂ। ਤੂੰ ਉਹਦੀ ਸਿੱਖੀ ਦੇ ਆਚਰਣ ਨੂੰ ਬਹੁਤ ਬੁਰਾ ਧੱਬਾ ਲਾਇਆ ਹੈ। ਤੈਨੂੰ ਸ਼ਰਮ ਨਹੀਂ ਆਈ, ਐਸੇ ਘਟੀਆ ਕਰਮ ਕਰਦੇ ਨੂੰ? ਜੇ ਮੈਂ ਤੈਨੂੰ ਲਾਹੌਰ ਬੈਠਾ ਦੇਖ ਸਕਦਾ ਹਾਂ ਤਾਂ ਤੇਰਾ ਕੀ ਖਿਆਲ ਹੈ ਕਿ ਤੇਰੀਆਂ ਕਰਤੂਤਾਂ ਗੁਰੂ ਦਸ਼ਮੇਸ਼ ਪਿਤਾ ਜੀ ਤੋਂ ਲੁਕੀਆਂ ਹੋਈਆਂ ਹਨ?" ਉਹ ਪ੍ਰੇਮੀ ਚਰਨਾਂ ਤੇ ਢਹਿ ਪਿਆ ਤੇ ਰੋ ਰੋ ਕੇ ਇਕੋ ਗੱਲ ਕਹੀ ਜਾਵੇ ਕਿ ਮੈਨੂੰ ਬਖਸ਼ ਦੇਵੋ ਮੇਰੇ ਤੋਂ ਬਹੁਤ ਵੱਡੀ ਭੁੱਲ ਹੋ ਗਈ।

ਇਸੇ ਤਰ੍ਹਾਂ ਇਕ ਹੱਡੀਬੀਤੀ ਅਸਾਡੇ ਨਾਲ ਵੀ ਬੀਤੀ ਹੈ। ਬੀਬੀ ਰਣਜੀਤ ਕੌਰ ਜੀ ਦੀ ਸਿਹਤ ਕਾਫੀ ਖਰਾਬ ਸੀ ਡਾ. ਸਵਾਮੀ ਰਾਮ ਜੀ ਰਿਸ਼ੀਕੇਸ਼ ਵਾਲੇ ਜੋ ਬਾਬਾ ਜੀ (ਲੇਖਕ) ਅਤੇ ਬੀਬੀ ਜੀ ਨੂੰ ਬਹੁਤ ਹੀ ਸ਼ਰਧਾ ਭਰੀ ਅਪਣੱਤ ਨਾਲ ਆਪਣਾ ਜਾਣਿਆ ਕਰਦੇ ਸਨ, ਉਨ੍ਹਾਂ ਨੇ ਦਵਾਈ ਦੇ ਦਿਤੀ ਅਤੇ ਕਿਹਾ ਕਿ ਇਹ ਦਵਾਈ ਥੋੜ੍ਹੇ-ਥੋੜ੍ਹੇ ਵਕਫੇ ਪਿਛੋਂ ਦਿਨ ਵਿਚ

ਚਾਰ ਵਾਰੀ ਲੈਣੀ ਹੈ। ਸੌਣ ਤੋਂ ਪਹਿਲਾਂ ਜ਼ਰੂਰ ਹੀ ਲੈਣੀ ਹੈ। ਇਸ ਦਿਨ ਅਸਾਨੂੰ ਪੂਰਨਮਾਸ਼ੀ ਦੇ ਦੀਵਾਨ ਤੋਂ, ਜੋ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਲਗਾਇਆ ਸੀ, ਆਉਣ ਨੂੰ ਦੇਰ ਹੋ ਗਈ ਅਤੇ ਅਸੀਂ ਬਹੁਤ ਥੱਕ ਗਏ। ਰਾਤ ਦੇ ਸਾਢੇ 9 ਵਜੇ ਬੀਬੀ ਜੀ ਆਪਣੇ ਬੈਡ ਤੇ ਜਾ ਕੇ ਸੌਂ ਗਏ, ਉਸੇ ਸਮੇਂ ਅਸਾਨੂੰ ਡਾ. ਤੇਜਿੰਦਰ ਮਲਹੋਤਰਾ ਜੀ ਦਾ ਫੋਨ ਆਇਆ। ਉਨ੍ਹਾਂ ਨੇ ਕਿਹਾ ਕਿ ਹੁਣੇ ਰਿਸ਼ੀਕੇਸ਼ ਤੋਂ ਰਛਪਾਲ ਮਲਹੋਤਰਾ ਜੀ ਜੋ ਉਨ੍ਹਾਂ ਦੇ ਪਤੀਦੇਵ ਹਨ, ਨੂੰ ਟੈਲੀਫੋਨ ਆਇਆ ਹੈ ਡਾ. ਸਵਾਮੀ ਰਾਮ ਜੀ ਨੇ ਉਨ੍ਹਾਂ ਨੂੰ ਕਿਹਾ ਕਿ ਮਾਂ, ਬਗੈਰ ਦਵਾਈ ਲਏ ਆਪਣੇ ਬੈਡ ਉਪਰ ਸੌਂ ਰਹੇ ਹਨ। ਉਨ੍ਹਾਂ ਨੂੰ ਕਹੋ ਕਿ ਉਹ ਜਾਗ ਕੇ ਦਵਾਈ ਲੈਣ। ਉਸੇ ਵੇਲੇ ਬੀਬੀ ਜੀ ਨੂੰ ਉਠਾਇਆ ਗਿਆ। ਸਾਰੀ ਗੱਲ ਦੱਸੀ ਅਤੇ ਦਵਾਈ ਲਈ। ਇਸ ਸਿੱਧੀ ਨੂੰ **'ਦਰਸ਼ਨ ਸਿੱਧੀ'** ਆਖਿਆ ਜਾਂਦਾ ਹੈ। ਇਸ ਤੋਂ ਅੱਗੇ ਬਹੁਤ ਹੀ ਅਲੌਕਿਕ ਸਿੱਧੀ ਹੋਇਆ ਕਰਦੀ ਹੈ। ਤੁਸੀਂ ਕਿਸੇ ਦੂਰ ਦੇ ਇਲਾਕੇ ਵਿਚ ਵਿਚਰ ਰਹੇ ਹੋਂ। ਤੁਹਾਡੇ ਮਨ ਵਿਚ ਆਇਆ ਕਿ ਮੈਂ ਦੂਰ ਦੇ ਸ਼ਹਿਰ ਜਾਂ ਨਗਰ ਜਾਂ ਬਸਤੀ ਵਿਚ ਜਾਣਾ ਹੈ। ਆਪਣੀ ਇਛਿਆ ਅਨੁਸਾਰ ਉਸੇ ਵੇਲੇ ਉਸ ਥਾਂ ਪਹੁੰਚ ਜਾਣਾ। ਇਸ ਨੂੰ 'ਮਨੋਵੇਗ ਸਿੱਧੀ' ਆਖਿਆ ਜਾਂਦਾ ਹੈ।

ਨਾਮਧਾਰੀ ਸੰਪਰਦਾ ਵਿਚ ਇਕ ਮਹਾਤਮਾ ਮੋਹਨ ਜੀ ਮਸਤਾਨੇ ਹੋਏ ਹਨ। ਆਪ ਗੁਰਦਾਸਪੁਰ ਵਿਚ ਪ੍ਰਮ ਸਤਿਕਾਰਯੋਗ ਮਹਾਂਪੁਰਸ਼ ਬਾਬਾ ਪ੍ਰਤਾਪ ਸਿੰਘ ਜੀ ਦੇ ਜਥੇ ਦਾ ਕੀਰਤਨ ਸਰਵਣ ਕਰ ਰਹੇ ਸਨ। ਉਥੋਂ ਸਮਾਪਤ ਕਰਕੇ ਜਦੋਂ ਆਪ ਭੈਣੀ ਸਾਹਿਬ ਲਈ ਵਿਦਾ ਹੋਣ ਲੱਗੇ, ਉਸ ਵੇਲੇ ਉਸ ਮਸਤਾਨੇ ਨੇ ਮਹਾਂਪੁਰਸ਼ਾਂ ਨੂੰ ਕਿਹਾ ਕਿ ਆਪਣੀ ਕਾਰ ਵਿਚ ਮੈਨੂੰ ਵੀ ਲੈ ਚੱਲੋ। ਮਹਾਂਪੁਰਸ਼ਾਂ ਨੇ ਕਿਹਾ ਕਿ ਗੁਰਮੁਖਾ! ਗੱਡੀ ਵਿਚ ਹੋਰ ਥਾਂ ਨਹੀਂ ਹੈ। ਜਦੋਂ ਆਪ ਭੈਣੀ ਸਾਹਿਬ ਪਹੁੰਚੇ ਤਾਂ ਕੀ ਦੇਖਦੇ ਹਨ ਕਿ ਸੰਤ ਮੋਹਨ ਜੀ ਦਾ ਕੀਰਤਨ ਹੋ ਰਿਹਾ ਹੈ ਅਤੇ ਬਹੁਤ ਸਾਰੀਆਂ ਸੰਗਤਾਂ ਕੀਰਤਨ ਸੁਣ ਰਹੀਆਂ ਹਨ। ਉਸੇ ਵੇਲੇ ਆਪ ਨੇ ਪੁਛਿਆ ਕਿ ਇਹ ਕਿਸ ਵੇਲੇ ਦਾ ਇਥੇ ਪਹੁੰਚਿਆ ਹੋਇਆ ਹੈ? ਤਾਂ ਸੇਵਾਦਾਰਾਂ ਨੇ ਕਿਹਾ ਕਿ ਮਹਾਰਾਜ! ਇਸ ਨੂੰ ਕੀਰਤਨ ਕਰਦਿਆਂ ਤਿੰਨ ਘੰਟੇ ਬੀਤ ਚੁੱਕੇ ਹਨ। ਇਹ ਅਸਾਨੂੰ ਨਹੀਂ ਪਤਾ ਕਿ ਇਹ ਇਸ ਥਾਂ ਕਦੋਂ ਆਏ ਸਨ। ਇਸੇ ਤਰ੍ਹਾਂ ਨਾਲ ਮੈਂ ਪਿਛੇ ਇਸ ਲੇਖ ਵਿਚ ਦੱਸ ਆਇਆ ਹਾਂ ਕਿ ਬਾਬਾ ਜਵਾਲਾ ਸਿੰਘ ਜੀ ਆਪਣੇ ਬਚਨ ਦੇ ਬੰਨ੍ਹੇ ਹੋਏ ਪਿੰਡ ਕੋਠੇ ਤੋਂ ਰਾਮਗੜ੍ਹ ਵਿਚ ਭਾਈ ਕਰਤਾਰ ਸਿੰਘ ਦੇ ਅੰਤ ਸਮੇਂ ਪਹੁੰਚੇ ਸਨ।

ਇਕ ਵਾਰੀ ਨਾਮਧਾਰੀ ਸੰਪ੍ਰਦਾ ਦੇ ਮੌਜੂਦਾ ਸਤਿਗੁਰੂ ਮਹਾਂਪੁਰਸ਼ ਬਾਬਾ ਜਗਜੀਤ ਸਿੰਘ ਜੀ ਮੇਰੇ ਨਾਲ ਬਚਨ ਕਰਦਿਆਂ ਦਸਦੇ ਸਨ ਕਿ ਜਦੋਂ ਬਾਬਾ ਰਾਮ ਸਿੰਘ ਜੀ ਮਾਂਡਲੇ ਵਿਚ ਅੰਗਰੇਜ਼ ਨੇ ਕੈਦ ਕਰ ਦਿਤੇ ਤਾਂ ਉਨ੍ਹਾਂ ਨੂੰ ਸੰਦੇਸ਼ੇ ਦੇਣ ਅਤੇ ਉਨ੍ਹਾਂ ਤੋਂ ਹੁਕਮ ਲੈਣ ਬਹੁਤ ਸਾਰੇ ਸਿੰਘ ਚਲੇ ਜਾਇਆ ਕਰਦੇ ਸਨ। ਉਨ੍ਹਾਂ ਵਿਚੋਂ ਇਕ ਸਿੰਘ ਐਸਾ ਸੀ ਜੋ ਇਸ ਸ਼ਕਤੀ ਨੂੰ ਵਰਤ ਕੇ ਸਾਰੇ ਹੁਕਮ ਲੈ ਆਉਂਦਾ ਸੀ। ਭਾਵੇਂ ਮਹਾਂਪੁਰਸ਼ਾਂ ਨੇ ਉਸ ਨੂੰ ਕਈ ਵਾਰੀ ਵਰਜਿਆ ਸੀ ਕਿ ਗੁਰੂ ਨਾਨਕ ਪਾਤਸ਼ਾਹ ਨੇ ਇਨ੍ਹਾਂ ਗੁਪਤ ਸ਼ਕਤੀਆਂ ਨੂੰ ਵਰਤਣ ਤੋਂ ਆਪਣੇ ਗੁਰਸਿਖਾਂ ਨੂੰ ਵਰਜਿਆ ਹੋਇਆ ਹੈ ਪਰ ਫੇਰ ਵੀ ਸਮੇਂ-

ਸਮੇਂ ਸਿੰਘ ਇਸ ਸ਼ਕਤੀ ਦੀ ਵਰਤੋਂ ਵੀ ਕਰ ਰਹੇ ਹਨ। ਭਾਈ ਜੇਠਾ ਜੀ ਤੇ ਭਾਈ ਪਰਾਣਾ ਜੀ ਜਹਾਂਗੀਰ ਦੇ bedroom (ਸੌਣ ਵਾਲਾ ਕਮਰਾ) ਵਿਚ ਜਾ ਕੇ ਸ਼ੇਰ ਦਾ ਰੂਪ ਧਾਰ ਕੇ ਉਸ ਦੀ ਛਾਤੀ ਉਪਰ ਬੈਠ ਕੇ ਮਨੁੱਖਾਂ ਵਾਂਗੂੰ ਕਿਹਾ ਕਰਦੇ ਸਨ ਕਿ ਗੁਰੂ ਮਹਾਰਾਜ ਜੀ ਨੂੰ ਗਵਾਲੀਅਰ ਦੇ ਕਿਲੇ ਵਿਚੋਂ ਪੂਰੇ ਆਦਰ ਸਤਿਕਾਰ ਨਾਲ ਲੈ ਕੇ ਆਓ, ਨਹੀਂ ਅਸੀਂ ਤੈਨੂੰ ਮਾਰ ਦੇਵਾਂਗੇ। ਜਹਾਂਗੀਰ ਨੂੰ ਗੁਰੂ ਛੇਵੇਂ ਪਾਤਸ਼ਾਹ ਜੀ ਨੂੰ 52 ਰਾਜਿਆਂ ਸਮੇਤ ਗਵਾਲੀਅਰ ਦੇ ਕਿਲ੍ਹੇ ਵਿਚੋਂ ਬਾਹਰ ਲਿਆਉਣਾ ਪਿਆ। ਭਾਵੇਂ ਗੁਰੂ ਮਹਾਰਾਜ ਜੀ ਨੇ ਇਸ ਨੂੰ ਪਸੰਦ ਨਹੀਂ ਸੀ ਕੀਤਾ। ਗੁਰੂ ਮਹਾਰਾਜ ਜੀ ਨੇ ਭਾਈ ਜੇਠਾ ਜੀ ਨੂੰ ਕਿਹਾ ਕਿ ਜਮਨਾ ਵਿਚੋਂ ਇਕ ਪਾਣੀ ਦੀ ਬਾਲਟੀ ਕੱਢ ਕੇ ਲਿਆਓ ਅਤੇ ਫੇਰ ਕਿਹਾ, ਪਾਣੀ ਜਮਨਾ ਵਿਚ ਹੀ ਡੋਲ ਆਓ। ਜਦੋਂ ਆਇਆ ਤਾਂ ਗੁਰੂ ਮਹਾਰਾਜ ਜੀ ਨੇ ਕਿਹਾ ਕਿ ਪਾਣੀ ਦੀ ਬਾਲਟੀ ਕੱਢਣ ਨਾਲ ਦਰਿਆ ਦਾ ਪਾਣੀ ਘੱਟ ਗਿਆ ਸੀ ਅਤੇ ਜਦੋਂ ਤੂੰ ਦੁਬਾਰਾ ਪਾਣੀ ਜਮਨਾ ਵਿਚ ਡੋਲਿਆ ਤਾਂ ਕੀ ਉਸ ਦਾ ਪਾਣੀ ਵਧ ਗਿਆ ਸੀ? ਆਪ ਨੇ ਫੁਰਮਾਇਆ ਕਿ ਗੁਰੂ ਘਰ ਵਿਚ ਅਥਾਹ ਸ਼ਕਤੀਆਂ ਦਾ ਪ੍ਰਵਾਹ ਹੈ ਜਿਸ ਦਾ ਅੰਦਾਜ਼ਾ ਹੀ ਨਹੀਂ ਲਾਇਆ ਜਾ ਸਕਦਾ। ਅਸੀਂ ਆਪਣੀ ਮੌਜ ਨਾਲ ਕਿਲੇ ਵਿਚ ਉਨ੍ਹਾਂ ਰਾਜਿਆਂ ਦੀ ਕਲਿਆਣ ਵਾਸਤੇ ਰੁਕੇ ਹੋਏ ਸਾਂ ਅਸੀਂ ਆਪਣੇ ਭਾਣੇ ਅਨੁਸਾਰ ਵਰਤ ਰਹੇ ਸੀ। ਤੁਹਾਨੂੰ ਇਹ ਸ਼ਕਤੀ ਵਿਖਾਉਣੀ ਨਹੀਂ ਸੀ ਚਾਹੀਦੀ। ਸੋ ਇਸ ਤਰ੍ਹਾਂ ਅਨੇਕ-ਅਨੇਕ ਗੁਰਸਿੱਖਾਂ ਵਿਚ ਸ਼ਕਤੀਆਂ ਦਾ ਪ੍ਰਵੇਸ਼ ਹੋਇਆ ਕਰਦੀ ਹੈ ਪਰ ਉਹ ਕਿ ਸਾਧਾਰਣ ਮਨੁੱਖ ਵਾਂਗੂੰ ਹੀ ਵਰਤਿਆ ਕਰਦੇ ਹਨ। ਮੈਂ ਦਸ ਰਿਹਾ ਸੀ ਉਸ ਨਾਮਧਾਰੀ ਸਿੰਘ ਬਾਰੇ, ਪਰਮ ਸਤਿਕਾਰਯੋਗ ਮਹਾਂਪੁਰਸ਼ ਜਗਜੀਤ ਸਿੰਘ ਜੀ ਕਹਿਣ ਲੱਗੇ ਕਿ ਉਸ ਨੂੰ ਅੰਗਰੇਜ਼ ਨੇ ਫੜ ਲਿਆ। ਪੂਰੀ ਤਰ੍ਹਾਂ ਨਾਲ ਹਥਕੜੀਆਂ ਤੇ ਬੇੜੀਆਂ ਲਾ ਦਿਤੀਆਂ ਅਤੇ ਨਾਲ ਹੀ ਕਹਿਣ ਲੱਗੇ ਕਿ ਅਸੀਂ ਸੁਣਿਆ ਹੈ ਕਿ ਉਡ ਕੇ ਹਰ ਥਾਂ ਜਾ ਸਕਦਾ ਹੈ ਅਤੇ ਤੂੰ ਮਾਂਡਲੇ ਤੋਂ ਬਾਬਾ ਰਾਮ ਸਿੰਘ ਜੀ ਦੇ ਸੁਨੇਹੇ ਲੈ ਕੇ ਆਉਂਦਾ ਹੈਂ। ਉਸ ਸਿੰਘ ਨੇ ਦੋ ਚਾਰ ਵਾਰੀ ਨਾਂਹ ਨੁੱਕਰ ਕੀਤੀ ਕਿ ਮੈਂ ਤਾਂ ਕੁਝ ਵੀ ਨਹੀਂ ਕਰ ਸਕਦਾ। ਜਦੋਂ ਉਹ ਵੱਡੇ ਅਫਸਰ ਬਾਰ-ਬਾਰ ਇਹੀ ਗੱਲ ਆਖੀ ਜਾਣ ਤੇ ਨਾਲ ਹੀ ਇਹ ਕਹਿਣ ਕਿ ਹੁਣ ਜਾ ਕੇ ਦਿਖਾ, ਕਿਸ ਤਰ੍ਹਾਂ ਨਾਲ ਹਥਕੜੀਆਂ ਅਤੇ ਬੇੜੀਆਂ 'ਚੋਂ ਨਿਕਲ ਜਾਵੇਂਗਾ। ਉਸ ਨੇ ਇਕ ਸ਼ਬਦ 'ਸਤਿਨਾਮ' ਦਾ ਬੋਲਿਆ ਅਤੇ ਕਹਿਣ ਲੱਗਿਆ ਕਿ ਅਸੀਂ ਚਲਦੇ ਹਾਂ ਹਥਕੜੀਆਂ ਤੇ ਬੇੜੀਆਂ ਓਥੇ ਹੀ ਰਹਿ ਗਈਆਂ। ਉਹ ਹੈਰਾਨ ਹੋ ਗਏ ਕਿ ਉਹ ਬੰਦਾ ਕਿਥੇ ਚਲਿਆ ਗਿਆ। ਸੋ ਇਹ ਸਿਧੀਆਂ ਗੁਰਸਿਖਾਂ ਵਿਚ ਆਮ ਹੀ ਹੋਇਆ ਕਰਦੀਆਂ ਸਨ। ਜਿਥੇ ਜਾਣਾ ਚਾਹੁੰਣ ਉਥੇ ਚਲੇ ਜਾਇਆ ਕਰਦੇ ਸਨ। ਇਸ ਨੂੰ **'ਮਨੋਵੇਗ'** ਸਿੱਧੀ ਆਖਿਆ ਜਾਂਦਾ ਹੈ। ਇਸੇ ਤਰ੍ਹਾਂ ਨਾਲ ਜਿਹੋ ਜਿਹੀ ਇਛਿਆ ਹੋਵੇ ਓਹੋ ਜਿਹਾ ਹੀ ਸਰੂਪ ਧਾਰਨ ਕਰ ਲੈਣਾ। ਇਹ ਸਿੱਧੀ ਦੂਰ ਭੂਤ ਕਾਲ ਵਿਚ ਇਥੋਂ ਦੇ ਆਦਿ ਵਾਸੀ ਆਮ ਹੀ ਵਰਤਿਆ ਕਰਦੇ ਸਨ। ਮਹਾਂਭਾਰਤ ਵਿਚ ਇਕ ਕਥਾ ਆਉਂਦੀ ਹੈ ਕਿ ਜਦੋਂ ਪੰਜੇ ਪਾਂਡਵ ਪਿੰਜੌਰ ਵਿਚ ਬਣੇ ਹੋਏ ਲਾਖ ਦੇ ਮਹੱਲ ਵਿਚੋਂ ਅੱਗ ਲਗਣ ਤੋਂ ਪਹਿਲਾਂ ਸੁਰੰਗ ਰਾਹੀਂ ਨਿਕਲ ਕੇ ਨੇੜੇ ਹੀ ਖੁਲ੍ਹੇ ਥਾਂ ਝੌਂਪੜੀਆਂ ਪਾ ਕੇ ਆਪਣਾ ਬਨਵਾਸ ਕੱਟ ਰਹੇ ਸਨ। ਐਸਾ ਅਨੁਭਵੀ ਮਹਾਂਪੁਰਸ਼ਾਂ ਤੋਂ ਸੁਣਿਆ ਜਾਂਦਾ ਹੈ ਕਿ ਜਿਥੇ ਅੱਜਕਲ ਰਤਵਾੜਾ ਸਾਹਿਬ ਦੀ ਬਿਲਡਿੰਗ ਬਣੀ ਹੋਈ

ਹੈ ਇਥੇ ਨਦੀ ਬਹੁਤ ਹੀ ਧੀਮੀ ਚਾਲ ਨਾਲ ਹਰ ਵਕਤ ਚਲਿਆ ਕਰਦੀ ਸੀ ਅਤੇ ਇਸਦੇ ਕੰਢੇ ਉਹ ਆਪਣਾ ਬਨਵਾਸ ਕੱਟ ਰਹੇ ਸਨ। ਇਕ ਦਿਨ ਭੀਮ ਸੈਨ ਘੜੂੰਏ ਪਿੰਡ ਵਲ ਨੂੰ ਜੰਗਲ ਵਿਚ ਘੁੰਮ ਰਿਹਾ ਸੀ ਕੀ ਦੇਖਦਾ ਹੈ ਕਿ ਇਥੇ ਦੀ ਆਦਿ ਵਾਸੀ ਲੜਕੀ ਭੀ ਜੰਗਲ ਵਿਚੋਂ ਫਲ ਤੋੜ ਰਹੀ ਹੈ। ਭੀਮਸੈਨ ਦੇ ਦੇਖਦਿਆਂ-ਦੇਖਦਿਆਂ ਉਸ ਨੇ ਬਹੁਤ ਹੀ ਸੁੰਦਰ ਰੂਪ ਧਾਰਨ ਕਰ ਲਿਆ ਅਤੇ ਆਪਣੇ ਪਿਤਾ ਦੀ ਮਰਜ਼ੀ ਲੈ ਕੇ ਇਸ ਨਾਲ ਆਪਣੀ ਸ਼ਾਦੀ ਕਰਨ ਦੀ ਇਛਿਆ ਪ੍ਰਗਟ ਕੀਤੀ। ਭੀਮਸੈਨ ਇਕ ਸਾਲ ਇਸ ਪਰਿਵਾਰ ਵਿਚ ਰਿਹਾ। ਇਸ ਦੇ ਪੇਟ ਤੋਂ ਘਟੋਚਕੱਤ ਨੇ ਜਨਮ ਲਿਆ।

ਉਸ ਪਿੰਡ ਨੂੰ ਇਥੇ ਦੇ ਲੋਕ ਦਸਦੇ ਹਨ ਉਸ ਬੱਚੇ ਦੇ ਨਾਮ ਤੋਂ ਹੀ ਜਾਣਿਆ ਜਾਣ ਲੱਗਾ ਜੋ ਹੌਲੀ-ਹੌਲੀ ਵਿਗੜਦਾ-ਵਿਗੜਦਾ ਅਜਕਲ੍ਹ ਦਾ ਘੜੂੰਆਂ ਬਣ ਗਿਆ। ਸੋ ਇਸ ਤਰ੍ਹਾਂ ਨਾਲ ਆਪਣੀ ਮਰਜ਼ੀ ਦੇ ਨਾਲ ਜਿਹੋ ਜਿਹਾ ਹੀ ਸਰੂਪ ਲੋੜ ਪਵੇ ਕਿਸੇ ਪੰਛੀ ਦਾ, ਪਸ਼ੂ ਦਾ ਧਾਰਨ ਕਰ ਲੈਣਾ ਉਸ ਨੂੰ **'ਕਾਮ ਰੂਪ ਸਿੱਧੀ'** ਆਖਿਆ ਕਰਦੇ ਸਨ। ਗੁਰੂ ਨੌਂਵੇਂ ਪਾਤਸ਼ਾਹ ਜੀ ਜਦੋਂ ਰਾਜਾ ਰਾਮ ਸਿੰਘ ਜੀ ਦੀ ਬੇਨਤੀ ਮੰਨ ਕੇ ਦੁਬੜੀ ਘਾਟ ਪਧਾਰੇ ਸਨ ਤਾਂ ਟੈਂਟ ਵਿਚ ਆਪ ਨੇ ਨਿਵਾਸ ਕੀਤਾ ਸੀ ਤਾਂ ਉਥੋਂ ਦਾ ਜਾਦੂਗਰ ਜੋ ਦੂਸਰੇ ਰਾਜੇ ਨਾਲ ਸਬੰਧ ਰਖਦਾ ਸੀ ਇਕ ਕਬੂਤਰ ਦਾ ਰੂਪ ਧਾਰ ਕੇ ਗੁਰੂ ਮਹਾਰਾਜ ਜੀ ਦੇ ਟੈਂਟ ਉਤੇ ਬੈਠ ਕੇ ਸਾਰੇ ਭੇਤ ਲੈਣ ਲੱਗਿਆ। ਉਸ ਦਾ ਨਾਮ ਨਗੀਨਾ ਸੀ। ਗੁਰੂ ਮਹਾਰਾਜ ਜੀ ਨੇ ਹੁਕਮ ਦੇ ਕੇ ਉਸ ਨੂੰ ਕਾਬੂ ਕਰ ਲਿਆ ਅਤੇ ਉਸ ਨੇ ਵੀ ਮਨੁੱਖ ਰੂਪ ਧਾਰਨ ਕਰਕੇ ਨਮਸ਼ਕਾਰ ਕੀਤੀ। ਕਹਿਣ ਲੱਗਿਆ ਸੱਚੇ ਪਾਤਸ਼ਾਹ! ਸਾਰੇ ਭਾਰਤ ਵਰਸ਼ ਵਿਚ ਮੁਗਲਾਂ ਦਾ ਰਾਜ ਹੋ ਗਿਆ ਹੈ ਇਕੋ ਇਕ ਅਸਾਡੀ ਸਟੇਟ ਬਚੀ ਹੈ ਜਿਥੇ ਅਸੀਂ ਆਪਣੀ ਮਰਿਆਦਾ ਨਾਲ ਰਹਿ ਰਹੇ ਹਾਂ। ਆਪ ਜੀ ਦੇ ਆਉਣ ਤੋਂ ਪਹਿਲਾਂ ਅਸੀਂ ਇਹਨਾਂ ਨੂੰ ਆਪਣੇ ਜਾਦੂ ਦੇ ਬਲ ਕਰਕੇ ਰਿਧੀਆਂ ਸਿੱਧੀਆਂ ਵਰਤ ਕੇ ਇਥੋਂ ਭਜਾ ਦਿਆ ਕਰਦੇ ਸਾਂ। ਪਰ ਤੁਹਾਡੇ ਆਉਣ ਕਰਕੇ ਸਾਡੇ ਬਲ ਛੀਨ ਹੋ ਗਏ ਹਨ ਆਪ ਕ੍ਰਿਪਾ ਕਰੋ। ਗੁਰੂ ਮਹਾਰਾਜ ਜੀ ਨੇ ਦੋਹਾਂ ਰਾਜਿਆਂ ਦਾ ਸਮਝੌਤਾ ਕਰਾ ਦਿਤਾ। ਇਸੇ ਤਰ੍ਹਾਂ ਨਾਲ ਕਿਸੇ ਦੇ ਸਰੀਰ ਵਿਚ ਦਾਖਲ ਹੋ ਜਾਣਾ, ਪੁਰਾਣੇ ਯੋਗੀਆਂ ਵੇਲੇ ਆਮ ਹੋਇਆ ਕਰਦਾ ਸੀ ਜਿਸ ਤਰ੍ਹਾਂ ਨਾਲ ਮਛੰਦਰਨਾਥ ਰਾਜੇ ਅਮਰੂ ਦੇ ਮਿਰਤਕ ਸਰੀਰ ਵਿਚ ਦਾਖਲ ਹੋ ਕੇ 14 ਸਾਲ ਵਿਸ਼ੇ ਵਿਕਾਰਾਂ ਵਿਚ ਮਸਤ ਰਿਹਾ। ਇਸ ਨੂੰ **'ਪਰ-ਕਾਏ ਪ੍ਰਵੇਸ਼ ਸਿੱਧੀ'** ਆਖਦੇ ਹਨ। ਇਸ ਤੋਂ ਅੱਗੇ ਇਕ ਹੋਰ ਸਿੱਧੀ ਹੋਇਆ ਕਰਦੀ ਹੈ ਜਿਸ ਅਨੁਸਾਰ ਸੰਸਾਰ ਤੋਂ ਆਪਣੀ ਮਰਜ਼ੀ ਨਾਲ ਜਾਣਾ ਹੋਇਆ ਕਰਦਾ ਹੈ। ਜਿਸ ਤਰ੍ਹਾਂ ਭੀਸ਼ਮ ਪਿਤਾਮਾ ਤੀਰਾਂ ਦੇ ਨਾਲ ਵਿੰਨਿਆ ਹੋਇਆ ਕਈ ਮਹੀਨੇ ਤੀਰਾਂ ਦੀ ਸੇਜਾ ਤੇ ਜੀਵਤ ਪਿਆ ਰਿਹਾ ਅਤੇ ਆਪਣੀ ਮਰਜ਼ੀ ਨਾਲ ਸਰੀਰ ਛੱਡਿਆ। ਇਸ ਨੂੰ **'ਸਵ ਛੰਦ ਮ੍ਰਿਤੂ'** ਸਿੱਧੀ ਆਖਦੇ ਹਨ। ਇਸ ਤੋਂ ਇਕ ਹੋਰ ਸਿੱਧੀ ਵਿਲੱਖਣ ਹੋਇਆ ਕਰਦੀ ਹੈ ਕਿ ਸੰਸਾਰ ਵਿਚੋਂ ਆਪਣੇ ਸਰੀਰ ਵਿਚੋਂ ਨਿਕਲ ਕੇ ਸਵਰਗ ਲੋਕਾਂ ਵਿਚ ਅਪਛਰਾਵਾਂ ਨਾਲ ਮਿਲ ਕੇ ਪ੍ਰੇਮ ਕਰੀੜਾ ਕਰਨੀ ਅਤੇ ਦੇਵਤਿਆਂ ਦੇ ਲੋਕ ਦੇਖਣੇ ਇਸ ਨੂੰ **'ਸੁਰ ਕਰੀੜਾ ਸਿੱਧੀ'** ਆਖਦੇ ਸਨ। ਸਤਾਰਵੀਂ ਸਿੱਧੀ **'ਸੰਕਲਪ ਸਿੱਧੀ'** ਹੋਇਆ ਕਰਦੀਆਂ ਹੈ ਜੋ ਵੀ ਕੋਈ ਗੱਲ ਦਿਲ ਵਿਚ ਧਾਰਨ ਕਰਨੀ ਉਹ ਪੂਰੀ ਹੋ ਜਾਣੀ। ਇਕ ਸਿੱਧੀ ਹੋਰ ਹੋਇਆ

ਕਰਦੀ ਹੈ ਜਿਸ ਨੂੰ **'ਅਪ੍ਰਹਿਤਗਤ ਸਿੱਧੀ'** ਆਖਦੇ ਹਨ। ਜਿਥੇ ਵੀ ਜਾਣ ਦੀ ਇੱਛਿਆ ਹੋਵੇ ਉਥੇ ਹੀ ਬਿਨਾਂ ਦੇਰੀ ਤੋਂ ਪਹੁੰਚ ਜਾਣਾ। ਇਹ ਅਠਾਰਾਂ ਸਿੱਧੀਆਂ ਹੁੰਦੀਆਂ ਹਨ ਜੋ ਬੰਦਗੀ ਕਰਨ ਵਾਲੇ ਨੂੰ ਸੁਤੇ ਸਿੱਧ ਸਹੰਸਰਾਰ ਦਲ ਕਮਲ ਵਿਚੋਂ ਸੁਰਤ ਦੇ ਗਮਨ ਕਰਨ ਵਿਚ ਆਵਾਜ਼ ਮਾਰ ਕੇ ਆਪਣੇ ਬਾਰੇ ਦਸਦੀਆਂ ਹਨ ਇਥੇ ਵੱਡੇ-ਵੱਡੇ ਸਾਧਕ ਉਲਝ ਜਾਇਆ ਕਰਦੇ ਹਨ ਅਤੇ ਇਹ ਸੂਖਸ਼ਮ ਮਾਇਆ ਸਾਧਕ ਨੂੰ ਮੋਹ ਲੈਂਦੀ ਹੈ। ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ -

***ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ॥***

***ਪੰਨਾ - 593***

***ਬਿਨੁ ਨਾਵੈ ਪੈਨਣੁ ਖਾਣੁ ਸਭੁ ਬਾਦਿ ਹੈ ਧਿਗੁ ਸਿਧੀ ਧਿਗੁ ਕਰਮਾਤਿ॥***
***ਸਾ ਸਿਧਿ ਸਾ ਕਰਮਾਤਿ ਹੈ ਅਚਿੰਤੁ ਕਰੇ ਜਿਸੁ ਦਾਤਿ॥***
***ਨਾਨਕ ਗੁਰਮੁਖਿ ਹਰਿ ਨਾਮੁ ਮਨਿ ਵਸੈ ਏਹਾ ਸਿਧਿ ਏਹਾ ਕਰਮਾਤਿ॥***

***ਪੰਨਾ - 650***

ਸੋ ਸੰਤ ਮਹਾਰਾਜ ਜੀ ਕਹਿਣ ਲੱਗੇ ਕਿ ਜਗਿਆਸੂ ਵਾਸਤੇ ਇਹ ਬਹੁਤ ਹੀ ਉਲਝਣ ਦਾ ਸਮਾਂ ਹੋਇਆ ਕਰਦਾ ਹੈ। ਜਦੋਂ ਅਸੀਂ ਉਨ੍ਹਾਂ ਦੀਆਂ ਅਵਾਜ਼ ਦਾ ਕੋਈ ਧਿਆਨ ਨਾ ਦਿਤਾ ਤਾਂ ਇਹ ਰੂਪ ਧਾਰਨ ਕਰਕੇ ਸੁੰਦਰ ਇਸਤ੍ਰੀਆਂ ਦੇ ਰੂਪ ਵਿਚ ਹੱਥ ਬੰਨ੍ਹ-ਬੰਨ੍ਹ ਕੇ ਮਿੰਨਤਾਂ ਕਰਨ ਲੱਗੀਆਂ ਪਰ ਅਸਾਡੇ ਹਿਰਦੇ ਵਿਚ ਪਿਆਰੇ ਪ੍ਰੀਤਮ ਦੇ ਮਿਲਾਪ ਦਾ ਐਨਾ ਜ਼ਬਰਦਸਤ ਬੈਰਾਗ ਸੀ ਕਿ ਉਸ ਤੋਂ ਬਿਨਾਂ ਇਕ ਖਿਨ ਪਲ ਰਹਿਣਾ ਵੀ ਐਸਾ ਸੀ -

***ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ॥***
***ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ॥***
***ਮੋਹਿ ਰੈਣਿ ਨ ਵਿਹਾਵੈ ਨੀਦ ਨ ਆਵੈ***
***ਬਿਨੁ ਦੇਖੇ ਗੁਰ ਦਰਬਾਰੇ ਜੀਉ॥***
***ਹਉ ਘੋਲੀ ਜੀਉ ਘੋਲਿ ਘੁਮਾਈ***
***ਤਿਸੁ ਸਚੇ ਗੁਰ ਦਰਬਾਰੇ ਜੀਉ॥*** ***ਪੰਨਾ - 96***

ਅਸਾਨੂੰ ਨਾਮ ਤੋਂ ਬਗੈਰ ਸੰਸਾਰ ਵਿਚ ਕੁਝ ਵੀ ਚੰਗਾ ਨਹੀਂ ਸੀ ਲਗਦਾ। ਰਿਧੀਆਂ ਸਿਧੀਆਂ ਸਾਨੂੰ ਇਕ ਬਹੁਤ ਭੁੱਲ-ਭੁਲਾਈਆਂ ਵਿਚ ਪਾਉਣ ਵਾਲੀਆਂ ਸ਼ਕਤੀਆਂ ਪ੍ਰਤੀਤ ਦਿੰਦੀਆਂ ਸਨ। ਜਦੋਂ ਅਸੀਂ ਆਪਣੀ ਮੰਜਲ ਵਲ ਨੂੰ ਵਧੇ ਅਤੇ ਨਾਮ ਮੰਡਲ ਵਿਚ ਪ੍ਰਵੇਸ਼ ਕਰਕੇ ਪੰਜੇ ਭਰਮਾਂ ਦਾ ਨਾਸ਼ ਹੋ ਗਿਆ ਤਾਂ ਪ੍ਰਤੱਖ ਰੂਪ ਵਿਚ ਹਰ ਪਾਸੇ ਇਕੋ ਪ੍ਰਭੂ ਦੇ ਦਰਸ਼ਨ ਦਾ ਝਲਕਾਰਾ ਵਜਣ ਲੱਗਿਆ ਉਸ ਸਮੇਂ ਸਿੱਧੀਆਂ ਦਾਸੀਆਂ ਬਣ ਕੇ ਸੇਵਾ ਕਰਨ ਲੱਗੀਆਂ। ਮਹਾਰਾਜ ਜੀ ਦਾ ਫੁਰਮਾਨ ਹੈ -

***ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ***
***ਜੋ ਹਰਿ ਹਿਰਦੈ ਸਦਾ ਵਸਾਇ॥*** ***ਪੰਨਾ - 649***

ਮਹਾਤਮਾ ਇਨ੍ਹਾਂ ਤੋਂ ਘੱਟ ਹੀ ਕੰਮ ਲਿਆ ਕਰਦੇ ਹਨ ਪਰ ਪਰਉਪਕਾਰ ਵਸ ਇਨ੍ਹਾਂ ਨੂੰ ਵਰਤਣ ਦਾ ਕੋਈ ਸੰਕੋਚ ਵੀ ਨਹੀਂ ਹੋਇਆ ਕਰਦਾ। ਜਿਸ

ਤਰ੍ਹਾਂ ਮਹਾਂਪੁਰਸ਼ਾਂ ਬਾਬਾ ਬੀਰ ਸਿੰਘ ਜੀ ਨੇ ਅਟਕ ਦੇ ਉਛਲਦੇ ਪ੍ਰਵਾਹ ਨੂੰ ਕੁਝ ਦੇਰ ਲਈ ਸ਼ਾਂਤ ਕਰਕੇ ਖਾਲਸਾ ਫੌਜਾਂ ਨੂੰ ਦਰਿਆ ਤੋਂ ਪਾਰ ਕਰਾ ਦਿਤਾ ਸੀ। ਪੂਰੇ ਮਹਾਂਪੁਰਸ਼ਾਂ ਦੀ ਦੇਖ-ਰੇਖ ਤੋਂ ਬਗੈਰ ਜਗਿਆਸੂ ਰਿਧੀਆਂ-ਸਿਧੀਆਂ-ਨਉਨਿਧੀਆਂ ਵਿਚ ਫਸ ਜਾਇਆ ਕਰਦਾ ਹੈ। ਆਪਣੀ ਉਚੀ ਮੰਜ਼ਲ ਪ੍ਰਾਪਤ ਕਰਕੇ ਹੇਠਾਂ ਗਿਰ ਜਾਇਆ ਕਰਦਾ ਹੈ। ਚੌਥੀ ਕਿਸਮ ਦੀ ਮਾਇਆ ਉਹ ਮਾਇਆ ਹੈ ਜਿਸ ਵਿਚ ਸਾਰੇ ਦੇਵੀ-ਦੇਵ, ਪਸ਼ੂ, ਪੰਛੀ, ਸੰਸਾਰ ਫਸਿਆ ਹੋਇਆ ਜੰਮਦਾ ਤੇ ਮਰਦਾ ਰਹਿੰਦਾ ਹੈ। ਇਹ ਮਾਇਆ ਬਹੁਤ ਹੀ ਪ੍ਰਬਲ ਹੈ। ਇਹ ਅਨਾਦੀ ਨਹੀਂ ਹੈ, ਇਹ ਮੇਰੇ ਮਾਲਕ ਦੀ ਮਰਜ਼ੀ ਨਾਲ ਹੀ ਰਚੀ ਗਈ ਹੈ। ਇਕ ਖੇਲ੍ਹ ਵਿਚ ਇਸਨੂੰ ਪਾਤਰ ਬਣਾ ਕੇ ਇਕ ਨਾਟਕ ਕੀਤਾ ਜਾ ਰਿਹਾ ਹੈ। ਉਹ ਪ੍ਰਭੂ ਆਪ ਹੀ ਖੇਲ੍ਹ ਕਰਦਾ ਹੈ ਜਿਸ ਤਰ੍ਹਾਂ ਕਿ ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ -

***ਬਾਜੀਗਰਿ ਜੈਸੇ ਬਾਜੀ ਪਾਈ।। ਨਾਨਾ ਰੂਪ ਭੇਖ ਦਿਖਲਾਈ।।***
***ਸਾਂਗੁ ਉਤਾਰਿ ਥੰਮਿਓ ਪਾਸਾਰਾ॥ ਤਬ ਏਕੋ ਏਕੰਕਾਰਾ॥***

***ਪੰਨਾ - 736***

ਚੌਥੀ ਕਿਸਮ ਦੀ ਮਾਇਆ ਵਾਹਿਗੁਰੂ ਜੀ ਨੇ ਸੰਸਾਰ ਦੀ ਰਚਨਾ ਕਰਦਿਆਂ ਇਕ ਖੇਲ੍ਹ ਕਰਨ ਵਾਸਤੇ ਆਪਣੀ ਹੀ ਮਾਇਆ ਸ਼ਕਤੀ ਦਾ ਪ੍ਰਸਾਰਣ ਕੀਤਾ। ਵਾਹਿਗੁਰੂ ਜੀ ਵਿਚ ਐਨੀਆਂ ਸ਼ਕਤੀਆਂ ਹਨ ਕੋਈ ਵੀ ਦੁਨੀਆਂ ਵਿਚ ਉਨ੍ਹਾਂ ਦਾ ਥਾਹ ਨਹੀਂ ਪਾ ਸਕਦਾ। ਉਨ੍ਹਾਂ ਵਿਚੋਂ ਹੀ ਇਕ ਮਾਇਆ ਸ਼ਕਤੀ ਹੈ ਜਿਸ ਦੀ ਰਚਨਾ ਪ੍ਰਭੂ ਨੇ ਆਪ ਹੀ ਆਪਣੇ ਆਪ ਤੋਂ ਕੀਤੀ, ਕਈ ਚਿੰਤਕਾਂ ਦਾ ਇਹ ਮਤ ਹੈ ਕਿ ਸੰਸਾਰ ਦੇ ਅੰਦਰ ਦੋ ਤਤਵ ਹਨ - ਇਕ ਵਿਚੋਂ ਦੁਖ ਪਰੇਸ਼ਾਨੀਆਂ, ਬੇਚੈਨੀ ਪੈਦਾ ਹੁੰਦੀ ਹੈ, ਉਹ ਜੜ੍ਹ ਤਤੂ ਹੈ। ਜੋ ਤਿੰਨ ਗੁਣਾਂ - ਰਜੋ, ਤਮੋ, ਸਤੋ ਗੁਣ ਦੇ ਰੂਪ ਵਿਚ ਹੋ ਕੇ ਸੰਸਾਰ ਰਚਦਾ ਹੈ ਇਹ ਪ੍ਰਕ੍ਰਿਤਕ ਤਤੂ ਪਰਵਰਤਨਸ਼ੀਲ ਹੈ, ਛਿੰਨ ਭੰਗਰ ਹੈ, ਰੂਪ ਬਦਲਦਾ ਹੈ, ਇਕ ਰਸ ਨਹੀਂ ਰਹਿੰਦਾ। ਸਾਰੇ ਦੁਖਾਂ ਦਾ ਮੂਲ ਕਾਰਨ ਇਹ ਜੜ੍ਹ ਤਤੂ ਮਾਇਆ ਹੈ। ਦੂਸਰੇ ਵਿਚੋਂ ਸ਼ਾਂਤੀ ਰਸ ਅਤੇ ਪ੍ਰੇਮ ਅਨੰਦ ਦੀ ਵਰਸ਼ਾ ਹਰ ਸਮੇਂ ਵਰਸਦੀ ਰਹਿੰਦੀ ਹੈ। ਉਨ੍ਹਾਂ ਦਾ ਵੀ ਇਸ ਕਰਕੇ ਇਹ ਮਤ ਹੈ ਕਿ ਵਾਹਿਗੁਰੂ ਜੀ ਸਤਿ, ਚਿਤ, ਅਨੰਦ ਅਤੇ ਪ੍ਰਿਅ ਹਨ। ਸਤਿ ਹੋਂਦ ਨੂੰ ਆਖਿਆ ਜਾਂਦਾ ਹੈ ਜਿਸ ਦਾ ਕਦੇ ਵੀ ਅਭਾਵ ਨਾ ਹੋਵੇ। ਭੂਤ, ਭਵਿਖਤ, ਵਰਤਮਾਨ ਤੋਂ ਪਹਿਲਾਂ ਅਤੇ ਪਿਛੋਂ ਉਸ ਦੀ ਹੋਂਦ ਸਦੀਵੀ ਰਹੇ ਜਿਸ ਵਿਚੋਂ ਨਾ ਕੁਝ ਘਟਦਾ ਹੋਵੇ, ਨਾ ਕੁਛ ਵਧਦਾ ਹੋਵੇ ਜਿਸ ਦੇ ਬਾਰੇ ਗੁਰੂ ਦਸ਼ਮੇਸ਼ ਪਿਤਾ ਜੀ ਨੇ ਸੰਕੇਤ ਦਿੰਦਿਆਂ ਫੁਰਮਾਨ ਕੀਤਾ ਹੈ -

***ਜਿਮੀ ਜਮਾਨ ਕੈ ਬਿਖੈ ਸਮੱਸਤ ਏਕ ਜੋਤ ਹੈ॥***
***ਨ ਘਾਟ ਹੈ ਨ ਬਾਢ ਹੈ ਨ ਘਾਟ ਬਾਢ ਹੋਤ ਹੈ॥***
***ਨ ਹਾਨਿ ਹੈ ਨ ਬਾਨਿ ਹੈ ਸਮਾਨ ਰੂਪ ਜਾਨੀਐ॥***
***ਮਕੀਨ ਔ ਮਕਾਨ ਅਪ੍ਰਮਾਨ ਤੇਜ ਮਾਨੀਐ॥ ਅਕਾਲ ਉਸਤਤਿ***

ਇਸ ਸਤਿ ਦੀ ਵਿਆਖਿਆ ਕਰਦੇ ਹੋਏ ਗੁਰੂ ਦਸ਼ਮੇਸ਼ ਪਿਤਾ ਜੀ ਫੁਰਮਾਉਂਦੇ ਹਨ -

***ਨਾ ਦੇਹ ਹੈ ਨ ਗੇਹ ਹੈ ਨ ਜਾਤ ਹੈ ਨ ਪਾਤ ਹੈ॥***
***ਨ ਮੰਤ੍ਰ ਹੈ ਨ ਮਿਤ੍ਰ ਹੈ ਨ ਤਾਤ ਹੈ ਨ ਮਾਤ ਹੈ॥***
***ਨ ਅੰਗ ਹੈ ਨ ਰੰਗ ਹੈ ਨ ਸੰਗ ਹੈ ਨ ਸਾਥ ਹੈ॥***
***ਨ ਦੋਖ ਹੈ ਨ ਦਾਗ ਹੈ ਨ ਦ੍ਵੈਖ ਹੈ ਨ ਦੇਹ ਹੈ॥***

***ਅਕਾਲ ਉਸਤਤਿ***

ਸੋ ਇਹ ਹਸਤੀ ਹੈ ਜਿਸ ਦੇ ਰੂਪ ਰੇਖ ਬਾਰੇ ਕੁਝ ਵੀ ਕਿਹਾ ਨਹੀਂ ਜਾ ਸਕਦਾ। ਉਸਦੇ ਰਹਿਣ ਦਾ ਕੋਈ ਇਕ ਥਾਂ ਨਹੀਂ ਹੈ, ਉਸ ਦਾ ਕੋਈ ਨਾਮ ਨਹੀਂ ਹੈ, ਕੀ ਉਹਨੂੰ ਕਿਹਾ ਜਾਵੇ ਉਹਦੇ ਬਾਰੇ ਕੋਈ ਦੱਸ ਹੀ ਨਹੀਂ ਸਕਦਾ। ਕਿਉਂਕਿ ਉਸਦੀ ਹੋਂਦ ਸਦੀਵੀ ਹੈ ਅਸੀਂ ਸਿਰਫ ਐਨਾ ਹੀ ਜਾਣ ਸਕਦੇ ਹਾਂ ਕਿ ਉਹ ਸੰਸਾਰ ਵਿਚ **'ਸਤਿ'** ਹਸਤੀ ਹੈ। ਅਸਾਡੇ ਅਨੁਭਵ 'ਚ ਆਉਣ ਵਾਲੀ ਗੱਲ ਐਤਨੀ ਹੀ ਹੈ ਕਿ ਅਸੀਂ ਉਸ ਦੀ ਹੋਂਦ ਨੂੰ ਅਨੁਭਵ ਕਰ ਨਹੀਂ ਸਕਦੇ –

***ਨਹੀ ਜਾਨ ਜਾਈ ਕਛੂ ਰੂਪ ਰੇਖੰ॥***
***ਕਹਾ ਬਾਸ ਤਾਂਕੋ ਫਿਰੈ ਕਉਨ ਭੇਖੰ॥***
***ਕਹਾ ਨਾਮ ਤਾਕੋ ਕਹਾ ਕੈ ਕਹਾਵੈ॥***
***ਕਹਾ ਮੈ ਬਖਾਨੋ ਕਹੇ ਮੋ ਨ ਆਵੈ॥*** ***ਅਕਾਲ ਉਸਤਤਿ***

ਉਹ ਆਪ ਹੀ ਆਪ ਹੈ, ਜੋ ਕੁਝ ਵੀ ਨਜ਼ਰ ਆਉਂਦਾ ਹੈ, ਉਹ ਸਭ ਆਪ ਹੀ ਹੋ ਕੇ ਪਸਰਿਆ ਹੈ, ਜਦੋਂ ਅਦ੍ਵੈਤ ਦਾ ਨਿਸ਼ਚਾ ਪੂਰੀ ਤਰ੍ਹਾਂ ਪ੍ਰਪੱਕ ਹੋ ਜਾਂਦਾ ਹੈ ਉਸ ਨੂੰ ਅੱਖਰਾਂ ਦਾ ਰੂਪ ਦਿੰਦੇ ਹੋਏ ਗੁਰੂ ਦਸ਼ਮੇਸ਼ ਪਿਤਾ ਜੀ ਇਸ ਤਰ੍ਹਾਂ ਫੁਰਮਾਨ ਕਰਦੇ ਹਨ –

***ਕਹੂੰ ਬ੍ਰਹਮ ਬਾਦ ਕਹੂੰ ਬਿਦਿਆ ਕੇ ਬਿਖਾਦ***
***ਕਹੂੰ ਨਾਦ ਕੋ ਨ ਨਾਦ ਕਹੂੰ ਪੂਰਨ ਭਗਤ ਹੋ॥***
***ਕਹੂੰ ਬੇਦ ਗੀਤ ਕਹੂੰ ਬਿਦਿਆ ਕੀ ਪ੍ਰੀਤ***
***ਕਹੂੰ ਨੀਤ ਅਉ ਅਨੀਤ ਕਹੂੰ ਜ੍ਵਾਲਾ ਸੀ ਜਗਤ ਹੋ॥***
***ਪੂਰਨ ਪ੍ਰਤਾਪ ਕਹੂੰ ਇਕਾਤੀ ਕੋ ਜਾਪ ਕਹੂੰ***
***ਤਾਪ ਕੋ ਅਤਾਪ ਕਹੂੰ ਜੋਗ ਤੇ ਡਿਗਤ ਹੋ॥***
***ਕਹੂੰ ਬਰਦੇਤ ਕਹੂੰ ਛਲ ਸੇ ਛਿਨਾਇ ਲੇਤ***
***ਸਰਬ ਕਾਲ ਸਰਬ ਠਉਰ ਏਕ ਸੇ ਲਗਤ ਹੋ॥*** ***ਅਕਾਲ ਉਸਤਤਿ***

ਸੋ ਇਸ ਪਾਰਬ੍ਰਹਮ ਹਸਤੀ ਨੂੰ ਅਸੀਂ ਸਤਿ ਹੀ ਕਹਿ ਸਕਦੇ ਹਾਂ, ਸਤਿ truth ਨਹੀਂ ਹੋਇਆ ਕਰਦੀ। ਸਚਾਈ ਆਦਮੀ ਦੇ ਸੁਭਾਅ ਦਾ ਇਕ ਗੁਣ ਹੋਇਆ ਕਰਦਾ ਹੈ ਪਰ ਇਹ 'ਸਤਿ' ਸਦੀਵੀ ਹੋਂਦ ਨੂੰ ਜਣਾਉਂਦਾ ਹੈ। ਇਸ ਹੋਂਦ ਬਾਰੇ ਕੋਈ ਵੀ ਕੁਝ ਨਹੀਂ ਕਹਿ ਸਕਦਾ, ਸਿਰਫ 'ਹੈ' ਹੀ ਕਹਿ ਸਕਦਾ ਹੈ। ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ ਕਿ ਇਸ ਸਤਿ ਦੇ ਵੱਖੋ-ਵੱਖਰੇ ਅਨੁਭਵ ਆਉਣ ਵਾਲੇ ਰੂਪ ਹੁੰਦਿਆਂ ਵੀ ਕੋਈ ਤਬਦੀਲੀ ਨਹੀਂ ਆਉਂਦੀ। ਸਰਗੁਣ ਵੀ ਓਹੀ ਹੈ ਜਿਸ ਨੂੰ ਅਸੀਂ '੧ਓ' ਆਖਦੇ ਹਾਂ, ਨਿਰਗੁਣ ਵੀ ਓਹੀ ਹੈ, ਨਿਰੰਕਾਰ ਵੀ ਓਹੀ ਹੈ ਅਤੇ ਸੁੰਨ ਸਮਾਧ ਵੀ ਓਹੀ ਹੈ। ਆਪੇ

ਹੀ ਆਪਣੇ ਪਸਾਰੇ ਨੂੰ ਦੇਖਣ ਵਾਲਾ ਹੈ, ਆਪ ਹੀ ਪਸਾਰਾ ਪਸਾਰ ਕੇ ਅਨੇਕ ਰੂਪ ਹੁੰਦਾ ਹੋਇਆ ਆਪਣੇ ਆਪ ਨੂੰ ਵੇਖਦਾ ਹੈ, ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ –

***ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ॥***
***ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ॥ ਪੰਨਾ – 290***

ਇਸ 'ਸਤਿ' ਨੇ ਆਪਣਾ ਪਸਾਰਾ ਆਪ ਕੀਤਾ ਹੈ। ਸੁਖਮਨੀ ਸਾਹਿਬ ਜੀ ਵਿਚ ਬਹੁਤ ਖੋਲ੍ਹ ਕੇ ਫੁਰਮਾਇਆ ਹੈ ਕਿ ਹਰ ਥਾਂ ਦੇ ਉਤੇ ਪਾਰਬ੍ਰਹਮ ਹੀ ਹੈ, ਜਦੋਂ ਪਸਾਰਾ ਪਸਾਰ ਕੇ ਅਨੇਕ ਰੂਪ ਧਾਰਦਾ ਹੈ ਜੈਸੇ-ਜੈਸੇ ਸਰੀਰ ਵਿਚ ਉਸਦੀ ਚੇਤਨ ਸ਼ਕਤੀ ਕੰਮ ਕਰਦੀ ਹੈ ਓਹੋ ਜਿਹਾ ਹੀ ਉਸ ਨੂੰ ਆਖਿਆ ਜਾਂਦਾ ਹੈ ਕਿਉਂਕਿ ਦੇਵਤਾ ਦੇ ਸਰੀਰ ਵਿਚ ਓਹੀ ਚੇਤਨ ਸ਼ਕਤੀ ਦੇਵਤਾ ਕਹਾਉਂਦੀ ਹੈ। ਮਨੁੱਖ ਦੇ ਸਰੀਰ ਵਿਚ ਓਹੀ ਚੇਤਨ ਸ਼ਕਤੀ ਮਨੁੱਖ ਕਹਾਉਂਦੀ ਹੈ, ਇਸਤ੍ਰੀ ਕਹਾਉਂਦੀ ਹੈ; ਪਸ਼ੂਆਂ ਵਿਚ ਪਸ਼ੂਆਂ ਦੀ ਜਾਤੀ ਅਨੁਸਾਰ ਨਾਮ ਪੈਂਦਾ ਹੈ ਜਿਵੇਂ ਕਿ ਸ਼ੇਰ, ਹਾਥੀ, ਬੈਲ, ਮੱਝ ਆਦਿ। ਜੋ ਉਸ ਨੂੰ ਭਾਉਂਦਾ ਹੈ ਓਹੋ ਹੀ ਹੁੰਦਾ ਹੈ, ਓਹੋ ਹੀ ਹੋ ਰਿਹਾ ਹੈ, ਓਹੋ ਹੀ ਹੋਵੇਗਾ ਇਥੇ ਕਿਸੇ ਵਿਚ ਬਲ ਨਹੀਂ ਕਿ ਉਸ ਵਿਚ ਕੋਈ ਦਖਲ ਦੇ ਸਕੇ।

***ਇਸ ਕਾ ਬਲੁ ਨਾਹੀ ਇਸੁ ਹਾਥ॥***
***ਕਰਨ ਕਰਾਵਨ ਸਰਬ ਕੋ ਨਾਥ॥***
***ਆਗਿਆਕਾਰੀ ਬਪੁਰਾ ਜੀਉ॥***
***ਜੋ ਤਿਸੁ ਭਾਵੈ ਸੋਈ ਫੁਨਿ ਥੀਉ॥ ਪੰਨਾ – 277***

ਉਹ ਆਪ ਹੀ ਆਪਣੇ ਆਪ ਤੋਂ ਆਪਣਾ ਪਸਾਰਾ ਰੂਪ ਸ਼ਕਤੀ ਵਰਤ ਕੇ ਪਸਰ ਜਾਂਦਾ ਹੈ ਜਿਸ ਵਿਚ ਮਾਇਆ ਵੀ ਉਸ ਦੀ ਅਨੰਤ ਸ਼ਕਤੀਆਂ ਵਿਚੋਂ ਇਕ ਸ਼ਕਤੀ ਹੈ। ਬੇਅੰਤ (infinity) ਸ਼ਕਤੀਆਂ ਹਨ, ਕੋਈ ਨਹੀਂ ਜਾਣ ਸਕਦਾ ਕਿ ਨਿਰਗੁਣ ਅਵਸਥਾ ਦੇ ਵਿਚ ਕਿਵੇਂ ਹੁੰਦਾ ਹੈ, ਨਿਰੰਕਾਰ ਅਵਸਥਾ ਵਿਚ ਕਿਵੇਂ ਹੁੰਦਾ ਹੈ, ਸੁੰਨ ਸਮਾਧੀ ਵਿਚ ਕਿਵੇਂ ਹੁੰਦਾ ਹੈ। ਕੇਵਲ ਇਹ ਸਤਿ ਹੀ ਆਪਣੇ ਆਪ ਨੂੰ ਆਪੇ ਹੀ ਜਾਣਦਾ ਹੈ। ਅਸੀਂ ਤਾਂ ਉਸਦੀ ਪਸਾਰੇ ਦੀ ਸ਼ਕਤੀ ਤੋਂ ਹੋਂਦ ਵਿਚ ਆਏ ਹੋਏ ਜੀਵ ਹਾਂ। ਉਸ ਨੇ ਕਿਵੇਂ ਪਸਾਰਾ ਕੀਤਾ ਇਸ ਬਾਰੇ ਪਸਾਰੇ ਵਿਚ ਰੂਪਮਾਨ ਹੋਏ ਜੀਵ ਕੁਝ ਵੀ ਨਹੀਂ ਕਹਿ ਸਕਦੇ। ਗੁਰੂ ਦਸ਼ਮੇਸ਼ ਪਿਤਾ ਜੀ ਫੁਰਮਾਨ ਕਰਦੇ ਹਨ-

***ਆਪੁ ਆਪੁਨੀ ਬੁਧਿ ਹੈ ਜੇਤੀ॥***
***ਬਰਨਤ ਭਿੰਨ ਭਿੰਨ ਤੁਹਿ ਤੇਤੀ॥***
***ਤੁਮਰਾ ਲਖਾ ਨ ਜਾਇ ਪਸਾਰਾ॥***
***ਕਿਹ ਬਿਧਿ ਸਜਾ ਪ੍ਰਥਮ ਸੰਸਾਰਾ॥ ਕਬਯੋ ਬਾਚ ਬੇਨਤੀ ਚੌਪਈ***

ਤੇ ਜਪੁਜੀ ਸਾਹਿਬ ਵਿਚ ਫੁਰਮਾਨ ਆਉਂਦਾ ਹੈ –

***ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨ ਕੋਈ॥***
***ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ॥ ਪੰਨਾ – 4***

ਸੋ ਜੋ ਕੁਝ ਅਸੀਂ ਮਾਇਕ ਜੀਵ ਕਹਿ ਸਕਦੇ ਹਾਂ ਉਹ ਸਿਰਫ ਐਨਾ

ਹੀ ਹੈ ਜਿੰਨੀ ਕੁ ਸਾਨੂੰ ਸੋਝੀ ਪ੍ਰਾਪਤ ਹੋਈ ਹੈ।

*ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨਹਾਰਾ।।*
*ਨਾਨਾ ਰੂਪੁ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ॥ ਪੰਨਾ - 537*

ਭਾਈ ਗੁਰਦਾਸ ਜੀ ਆਪਣੀਆਂ ਵਾਰਾਂ ਵਿਚ ਫੁਰਮਾਨ ਕਰਦੇ ਹਨ-

*ਨਿਰੰਕਾਰ ਆਕਾਰ ਹੋਇ ਏਕੰਕਾਰ ਅਪਾਰ ਸਦਾਯਾ।*
*ਏਕੰਕਾਰਹੁੰ ਸ਼ਬਦ ਧੁਨ ਓਅੰਕਾਰ ਅਕਾਰ ਬਨਾਯਾ।*
*ਭਾਈ ਗੁਰਦਾਸ ਜੀ, ਵਾਰ 26/2*

ਸੁਖਮਨੀ ਸਾਹਿਬ ਵਿਚ ਫੁਰਮਾਨ ਆਉਂਦਾ ਹੈ -

*ਪਾਰਬ੍ਰਹਮ ਕੇ ਸਗਲੇ ਠਾਉ॥*
*ਜਿਤੁ ਜਿਤੁ ਘਰਿ ਰਾਖੈ ਤੈਸਾ ਤਿਨ ਨਾਉ॥*
*ਆਪੇ ਕਰਨ ਕਰਾਵਨ ਜੋਗੁ॥*
*ਪ੍ਰਭ ਭਾਵੈ ਸੋਈ ਫੁਨਿ ਹੋਗੁ॥*
*ਪਸਰਿਓ ਆਪਿ ਹੋਇ ਅਨਤ ਤਰੰਗ॥*
*ਲਖੇ ਨ ਜਾਹਿ ਪਾਰਬ੍ਰਹਮ ਕੇ ਰੰਗ।।*
*ਜੈਸੀ ਮਤਿ ਦੇਇ ਤੈਸਾ ਪਰਗਾਸ॥*
*ਪਾਰਬ੍ਰਹਮੁ ਕਰਤਾ ਅਬਿਨਾਸ॥*
*ਸਦਾ ਸਦਾ ਸਦਾ ਦਇਆਲ।।*
*ਸਿਮਰਿ ਸਿਮਰਿ ਨਾਨਕ ਭਏ ਨਿਹਾਲ॥ ਪੰਨਾ - 275*

ਸੋ ਇਹ ਜੀਵ ਪਸਾਰੇ ਬਾਰੇ ਕੁਝ ਵੀ ਕਹਿਣ ਤੋਂ ਅਸਮਰੱਥ ਹੈ ਇਹ ਵਾਹਿਗੁਰੂ ਜੀ ਆਪ ਹੀ ਜਾਣਦੇ ਹਨ, ਉਹ ਸਰਬ ਕਲਾ ਸਮਰੱਥ ਹਨ। ਅਸਾਡੇ ਕੋਲ ਬਹੁਤ ਹੀ ਸੀਮਤ ਗਿਆਨ ਹੈ, ਅਸਾਨੂੰ ਸਿਰਫ ਪੰਜ ਅਗਿਆਨ ਇੰਦ੍ਰੇ ਹੀ ਪ੍ਰਾਪਤ ਹੋਏ ਹਨ ਜੋ ਬਾਹਰ ਨੂੰ ਖੁਲ੍ਹਦੇ ਹਨ। ਅੱਖਾਂ ਬਾਹਰ ਦੇਖਦੀਆਂ ਹਨ, ਕੰਨ ਬਾਹਰਲੀਆਂ ਅਵਾਜ਼ਾਂ ਸੁਣਦੇ ਹਨ, ਰਸਨਾ ਰਸ-ਕਸ ਦਾ ਸਵਾਸ ਲੈਂਦੀ ਹੈ, ਨਾਸਕਾ ਸੁਗੰਧ ਅਤੇ ਦੁਰਗੰਧ ਬਾਹਰੋਂ ਹੀ ਪ੍ਰਾਪਤ ਕਰਦੀ ਹੈ। ਸਪਰਸ਼ ਵੀ ਅਸੀਂ ਬਾਹਰ ਤੋਂ ਹੀ ਅਨੁਭਵ ਕਰਦੇ ਹਾਂ। ਵਾਹਿਗੁਰੂ ਜੀ ਨੇ ਕ੍ਰਿਪਾ ਕਰਕੇ ਅਸਾਨੂੰ ਪੰਜ ਗਿਆਨ ਇੰਦ੍ਰੇ ਵੀ ਦਿਤੇ ਹੋਏ ਹਨ ਜੋ ਅਨੰਤ ਵਿਚ ਝਾਕਦੇ ਹਨ, ਅਨੰਤ ਵਿਚੋਂ ਸੁਣਦੇ ਹਨ ਇਨ੍ਹਾਂ ਨੂੰ ਦਿਬਯ ਇੰਦ੍ਰੇ ਕਿਹਾ ਜਾਂਦਾ ਹੈ ਜਿਵੇਂ ਕਿ ਦਿਬਯ ਨੇਤਰ ਇਸੇ ਸੰਸਾਰ ਨੂੰ ਪ੍ਰਭੂ ਦਾ ਰੂਪ ਕਰਕੇ ਦੇਖਦੇ ਹਨ, ਦਿਬਯ ਸ੍ਰਵਣ ਇਸੇ ਸੰਸਾਰ ਦੇ ਰੋਲੇ ਗੋਲੇ ਵਿਚੋਂ ਅਖੰਡ ਨਾਮ ਧੁਨ ਸੁਣਦੇ ਹਨ -

*ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ*
*ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ॥ ਪੰਨਾ - 1265*

ਦੀ ਅਵਸਥਾ ਮਾਣਦੇ ਹਨ। ਸਭ ਤੋਂ ਸ਼੍ਰੋਮਣੀ ਰਸ ਜੋ ਕਮਲ ਸਿੱਧਾ ਹੋਣ ਤੇ ਅੰਮ੍ਰਿਤ ਦੀ ਵਰਖਾ ਨਾਲ ਸ਼ਰਸ਼ਾਰ ਹੋਣ ਉਪਰੰਤ ਅਸਾਡੀ ਦਿਬਯ ਰਸਨਾ ਨੂੰ ਪ੍ਰਾਪਤ ਹੁੰਦਾ ਹੈ ਉਹ ਦਿਬਯ ਰਸਨਾ ਹੀ ਜਾਣਦੀ ਹੈ, ਉਹ ਵੀ ਅਕਹਿ ਹੈ ਕਿਉਂਕਿ ਸੰਸਾਰ ਵਿਚ ਹੋਰ ਕੋਈ ਵਸਤੂ ਨਹੀਂ ਹੈ ਜਿਸ ਨਾਲ ਇਸ ਨਾਮ

ਰਸ ਦੀ ਤੁਲਨਾ ਕੀਤੀ ਜਾਵੇ। ਇਸ ਤਰ੍ਹਾਂ ਦਿਬਯ ਨਾਸਕਾ ਦਿਬਯ ਸੁਗੰਧੀ ਨੂੰ ਹਰ ਪਲ, ਹਰ ਸਮੇਂ ਅਨੁਭਵ ਕਰਦੀ ਹੈ। ਅਨੇਕ-ਅਨੇਕ ਕਿਸਮ ਦੀਆਂ ਸੁਗੰਧੀਆਂ ਦਿਬਯ ਨਾਸਕਾ ਨੂੰ ਪ੍ਰਾਪਤ ਹੁੰਦੀਆਂ ਹਨ। ਨਾਮ ਦੀਆਂ ਦਿਬਯ ਝਰਨਾਟਾਂ, ਸਰੀਰ ਦੀ ਦਿਬਯ ਸ਼ਕਤੀ ਅਨੁਭਵ ਕਰਦੀ ਹੈ। ਇਹ ਦਿਬਯ ਹੁੰਦੀਆਂ ਹੋਈਆਂ ਵੀ ਪੂਰਨ ਤੌਰ ਉਪਰ ਸਮੱਸਤ ਵਾਹਿਗੁਰੂ ਨੂੰ ਜਾਨਣ ਤੋਂ ਅਸਮਰਥ ਹੁੰਦੀਆਂ ਹਨ ਕਿਉਂਕਿ ਵਾਹਿਗੁਰੁ ਜੀ ਆਪਣੀ ਮਹਿਮਾ ਆਪ ਹੀ ਜਾਣਦੇ ਹਨ। ਅਸਾਨੂੰ ਤਾਂ ਸਿਰਫ ਪੰਜ ਅਗਿਆਨ ਇੰਦ੍ਰੇ ਅਤੇ ਦਿਬਯ ਗਿਆਨ ਇੰਦ੍ਰੇ ਹੀ ਪ੍ਰਾਪਤ ਹੋਏ ਹਨ। ਇਹ ਵੀ ਵਾਹਿਗੁਰੂ ਜੀ ਦੀ ਬੜੀ ਭਾਰੀ ਕ੍ਰਿਪਾ ਹੈ ਜਿਸ ਨਾਲ ਇਹ ਜੀਵ ਸੰਸਾਰ ਵਿਚ ਆਪਣਾ ਕਾਰਜ ਕਰ ਰਿਹਾ ਹੈ। ਉਸਦੇ ਅਨੰਤ (infinity) ਅਨੁਭਵ ਇੰਦ੍ਰੇ ਹੁੰਦਿਆਂ ਹੋਇਆਂ ਕੋਈ ਵੀ ਇੰਦ੍ਰੇ ਨਹੀਂ ਹਨ। ਅਨੰਤ ਰਸਨਾ ਹੁੰਦਿਆਂ ਹੋਇਆਂ ਕੋਈ ਵੀ ਰਸਨਾ ਨਹੀਂ ਹੈ। ਅਨੰਤ ਨੇਤਰ ਹੁੰਦਿਆਂ ਹੋਇਆਂ ਕੋਈ ਵੀ ਨੇਤਰ ਨਹੀਂ ਹੈ। ਅਨੰਤ ਨਾਸਕਾ ਹੁੰਦਿਆਂ ਹੋਇਆਂ ਕੋਈ ਵੀ ਨਾਸਕਾ ਨਹੀਂ ਹੈ ਉਹ ਸਭ ਕੁਝ ਆਪ ਹੀ ਆਪ ਹੈ। ਉਸ ਬਾਰੇ ਸੋਚਿਆ ਨਹੀਂ ਜਾ ਸਕਦਾ। ਐਨਾ ਹੀ ਕਹਿ ਸਕਦੇ ਹਾਂ ਕਿ ਉਹ ਸਤਿ ਸਦਾ ਸਤਿ ਹੀ ਹੈ ਅਤੇ ਉਸ ਤੋਂ ਬਿਨਾਂ ਹੋਰ ਇਥੇ ਕਿਸੇ ਕਿਸਮ ਦੇ ਅਸਤਿ ਦੀ ਕੋਈ ਵੀ ਹੋਂਦ ਨਹੀਂ ਹੈ ਜਿਵੇਂ ਕਿ ਅਸਾਡਾ ਸ਼੍ਰੋਮਣੀ ਸਿਧਾਂਤ ਗੁਰੂ ਮਹਾਰਾਜ ਜੀ ਨੇ ਅੰਕਿਤ ਕੀਤਾ ਹੈ -

***ਆਦਿ ਸਚੁ ਜੁਗਾਦਿ ਸਚੁ॥***
***ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥*** ***ਪੰਨਾ - 1***

ਇਸ ਏਕੰਕਾਰ ਰੂਪੀ ਸਤਿ ਨੂੰ ਕੋਈ ਦੁਨੀਆਂ ਦੀ ਫਿਲਾਸਫੀ ਵਰਣਨ ਨਹੀਂ ਕਰ ਸਕਦੀ ਅਤੇ ਨਾ ਹੀ ਇਸ ਦੇ ਅਨੁਭਵ ਵਿਚ ਅਰਬਾਂ ਖਰਬਾਂ ਸਾਲਾਂ ਦੀ ਚੁੱਪ ਕੋਈ ਅਨੁਮਾਨ ਲਾ ਸਕਦੀ ਹੈ ਅਤੇ ਨਾ ਹੀ ਉਸ ਦੇ ਦਿਤੇ ਹੋਏ ਪਦਾਰਥਾਂ ਦੀ ਭੁੱਖ ਬੇਅੰਤ ਪਦਾਰਥ ਪ੍ਰਾਪਤ ਹੋ ਕੇ ਦੂਰ ਹੋ ਸਕਦੀ ਹੈ ਕਿਉਂਕਿ ਜਿੰਨਾਂ ਕੁਝ ਅਸਾਨੂੰ ਪ੍ਰਾਪਤ ਹੋਵੇਗਾ ਉਸ ਤੋਂ ਅੱਗੇ ਅਨੰਤ ਪਦਾਰਥ ਹੋਰ ਹਨ ਅਤੇ ਅਸਾਡੀ ਸੂਝ ਵਿਚੋਂ ਲੱਖਾਂ ਸਿਆਣਪਾਂ ਉਸ ਨੂੰ ਨਹੀਂ ਜਾਣ ਸਕਦੀਆਂ। ਜੇ ਕੋਈ ਜੀਵ ਉਸ ਦੇ ਹੁਕਮ ਵਿਚ ਅਤੇ ਰਜ਼ਾ ਵਿਚ ਆਪਣੀ ਹਉਂ ਨੂੰ ਛੱਡ ਕੇ ਲੀਨ ਹੋ ਜਾਵੇ ਤਾਂ ਉਸ ਨੂੰ ਸਚਿਆਰ ਪਦਵੀ ਪ੍ਰਾਪਤ ਹੋ ਕੇ ਕੂੜ ਦੀ ਕੰਧ ਟੁੱਟ ਜਾਇਆ ਕਰਦੀ ਹੈ ਅਤੇ ਇਹ ਨਿਰਣੇ ਲੈਣ ਗਿਆ ਹੋਇਆ ਜੀਵਨ ਹੁਕਮ ਦੀ ਸੋਝੀ ਪ੍ਰਾਪਤ ਹੁੰਦਿਆਂ ਹੀ ਆਪਣੀ ਹੋਂਦ ਪੂਰਨ ਰੂਪ ਵਿਚ ਗੁਆ ਬੈਠਦਾ ਹੈ ਅਤੇ ਸਤਿ ਦੇ ਰੂਪ ਵਿਚ ਹੀ ਸਮਾਅ ਜਾਂਦਾ ਹੈ ਜੋ ਕਿ ਸਤਿ ਅਵਸਥਾ ਹੈ, ਸੋ ਇਸ ਤਰ੍ਹਾਂ ਨਾਲ ੧ਓ ਜੀ ਨੂੰ 'ਸਤਿ' ਹੀ ਕਹਿੰਦੇ ਹਨ। ਉਹ ਕਿਸੇ ਸਮੇਂ ਵੀ ਅਸੱਤਿ ਨਹੀਂ ਹੋਇਆ ਕਰਦਾ। ਉਸ ਦਾ ਦੂਸਰਾ ਅਨੁਭਵ ਜੋ ਅਸਾਨੂੰ ਪ੍ਰਾਪਤ ਹੈ ਉਹ ਇਹ ਹੈ ਕਿ ਉਹ ਪੂਰਨ ਚੇਤਨ ਹੋਂਦ ਹੈ। ਉਹ ਮੂਲ ਪ੍ਰਕ੍ਰਿਤੀ ਵਾਂਗੂੰ ਜੜ੍ਹ ਹੋਂਦ ਨਹੀਂ ਹੈ। ਉਸ ਨੂੰ ਆਪਣੀ ਰਚਨਾ ਕਰਨ ਵਾਸਤੇ ਕਿਸੇ ਜੜ੍ਹ ਤਤੂ ਦੀ ਮਦਦ ਦੀ ਲੋੜ ਨਹੀਂ ਹੈ। ਕਈ ਸਿਆਣੇ ਇਸ ਗੱਲ ਉਪਰ ਵਿਸ਼ਵਾਸ਼ ਰਖਦੇ ਹਨ ਕਿ ਜਿਵੇਂ ਘੁਮਿਆਰ ਨੇ ਭਾਂਡੇ ਬਣਾਉਣੇ ਹੁੰਦੇ ਹਨ ਤਾਂ ਉਸ ਨੂੰ ਇਹ ਕਾਰਜ ਕਰਨ ਲਈ ਵਧੀਆ ਮਿਟੀ ਦੀ ਲੋੜ ਹੁੰਦੀ ਹੈ, ਉਸ ਨੂੰ ਘੁੰਮਣ ਵਾਲੇ ਚੱਕ ਦੀ ਲੋੜ ਹੈ, ਚੱਕ ਦੀ ਚਾਲ ਨੂੰ ਸੀਮਤ ਅਤੇ ਰੋਕਣ ਵਾਸਤੇ ਡੰਡੇ ਦੀ ਲੋੜ ਹੈ

ਅਤੇ ਭਾਂਡਿਆਂ ਨੂੰ ਸ਼ਕਲ ਦੇਣ ਵਾਸਤੇ technology (ਤਕਨੀਕੀ, ਕਾਬਲੀਅਤ) ਦੀ ਲੋੜ ਹੈ। ਵਾਹਿਗੁਰੂ ਜੀ ਨੂੰ ਕਿਸੇ ਦੂਸਰੀ ਵਸਤੂ ਦੀ ਉਕੀ ਹੀ ਲੋੜ ਨਹੀਂ, ਉਹ ਆਪ ਹੀ ਕਰਣ ਕਾਰਨ ਹਨ। ਉਹ ਆਪ ਹੀ ਸਮਰੱਥ ਹੈ ਇਕ ਸ਼ਬਦ ਤੋਂ ਸਾਰੀ ਉਤਪਤੀ ਉਸ ਦੇ ਹੁਕਮ ਵਿਚ ਆਪ ਹੀ ਹੋ ਜਾਇਆ ਕਰਦੀ ਹੈ। ਇਸ ਬਾਰੇ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ –

***ਕੀਤਾ ਪਸਾਉ ਏਕੋ ਕਵਾਉ॥***
***ਤਿਸ ਤੇ ਹੋਏ ਲਖ ਦਰੀਆਉ॥*** ***ਪੰਨਾ – 3***

ਅਸੀਂ ਜੋ ਜੀਵ ਹਾਂ ਅਸਾਡਾ ਵਾਹ ਇਕ ਪ੍ਰਮ ਸ਼ਕਤੀ ਨਾਲ ਪੈਂਦਾ ਹੈ, ਜਿਸ ਨੂੰ ਮਾਇਆ ਆਖਿਆ ਜਾਂਦਾ ਹੈ। ਮਾਇਆ ਮੂਲ ਪ੍ਰਕ੍ਰਿਤੀ ਨਹੀਂ ਹੈ ਕਿਉਂਕਿ ਪ੍ਰਕ੍ਰਿਤੀ ਵਿਚ ਪੰਜ ਤਨ ਮਾਤਰਾਂ ਸ਼ਬਦ, ਸਪਰਸ਼, ਰੂਪ, ਰਸ, ਗੰਧ ਅਤੇ ਅਹੰਭਾਵ ਤੋਂ ਪਸਾਰਾ ਅੱਗੇ ਚਲਦਾ ਹੈ। ਇਨ੍ਹਾਂ ਪੰਜਾਂ ਤਨ ਮਾਤਰਾ ਤੋਂ ਪੰਜ ਤੱਤਾਂ ਦਾ ਪਸਾਰਾ – ਸ਼ਬਦ ਤੋਂ ਅਕਾਸ਼, ਸਪਰਸ਼ ਤੋਂ ਹਵਾ, ਰੂਪ ਤੋਂ ਤੇਜ, ਰਸ ਤੋਂ ਪਾਣੀ, ਗੰਧ ਤੋਂ ਮਿੱਟੀ ਪੈਦਾ ਹੋ ਕੇ ਪੰਜਾਂ ਤੱਤਾਂ ਤੋਂ ਸਰੀਰ ਬਣਦੇ ਹਨ। 25 ਪ੍ਰਕ੍ਰਿਤੀਆਂ ਤੋਂ ਗਿਆਨ ਇੰਦ੍ਰਿਆਂ ਦੀ ਉਤਪਤੀ ਹੁੰਦੀ ਹੈ ਅਤੇ ਅਹੰਭਾਵ ਤੋਂ ਅੰਤਸ਼ਕਰਣ 'ਮੈਂ' ਚਿਤ (ਚੇਤਨਾ ਸ਼ਕਤੀ) ਬੁਧੀ ਅਤੇ ਮਨ ਵਜੂਦ ਵਿਚ ਆਉਂਦੇ ਹਨ। ਕਈਆਂ ਦਾ ਇਹ ਮਤ ਹੈ ਕਿ ਮੂਲ ਪ੍ਰਕ੍ਰਿਤੀ ਵੀ ਓਸੇ ਤਰ੍ਹਾਂ ਹੈ ਜਿਸ ਤਰ੍ਹਾਂ ਵਾਹਿਗੁਰੂ ਜੀ ਦੀ ਅਨਾਦੀ ਹੋਂਦ ਹੈ। ਉਹ ਇਸ ਕਰਕੇ ਆਖਦੇ ਹਨ ਕਿ ਚੇਤਨ ਤੱਤ (ਵਾਹਿਗੁਰੂ) ਵਿਚ ਤਾਂ ਸਤਿ ਚਿਤ ਅਨੰਦ ਦੀ ਪੂਰਨ ਹੋਂਦ ਹੈ ਇਸ ਦੇ ਵਿਪਰੀਤ ਪ੍ਰਕ੍ਰਿਤੀ ਜੜ੍ਹ ਰੂਪ ਹੈ, ਦੁਖ ਰੂਪ ਹੈ, ਛਿਨ ਭੰਗਰ ਹੈ, ਛਿਨ-ਛਿਨ ਪਰਿਵਰਤਨਸ਼ੀਲ ਹੈ, ਸਤਿ ਵਿਚ ਦੁਖ ਦਾ ਨਾਮ ਨਿਸ਼ਾਨ ਨਹੀਂ ਹੁੰਦਾ, ਪ੍ਰਕ੍ਰਿਤੀ ਵਿਚ ਸੁੱਖ ਦਾ ਨਾਮ ਨਿਸ਼ਾਨ ਨਹੀਂ ਹੁੰਦਾ, ਉਹ ਦੁੱਖ ਰੂਪ ਹੋਣ ਕਰਕੇ ਸੰਸਾਰ ਵਿਚ ਵਰਤ ਰਹੇ ਸਾਰੇ ਦੁਖ ਇਸ ਮੂਲ ਪ੍ਰਕ੍ਰਿਤੀ ਦੀ ਅੰਸ ਹਨ। ਇਹ ਇਕ ਸਿਧਾਂਤ ਹੈ ਜਿਸ ਬਾਰੇ ਗੁਰੂ ਨਾਨਕ ਪਾਤਸ਼ਾਹ ਨਾਲ ਸਿਧਾਂ ਨੇ ਚਰਚਾ ਕਰਦਿਆਂ ਸੰਖੇਪ ਰੂਪ ਵਿਚ ਇਹ ਗੱਲ ਪੁਛੀ ਕਿ –

***ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ***
***ਕਿਤੁ ਕਿਤੁ ਦੁਖਿ ਬਿਨਸਿ ਜਾਈ॥*** ***ਪੰਨਾ – 946***

ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਕਿ ਇਹ ਜਗਤ ਤਿੰਨ ਕਾਲ ਹੋਇਆ ਹੀ ਨਹੀਂ ਅਤੇ ਕਿਸੇ ਸਮੇਂ ਵੀ ਇਹ ਨਿਰੰਕਾਰ ਤੋਂ ਵਖਰੀ ਹਸਤੀ ਨਹੀਂ ਭਾਸਿਆ। ਇਹ ਕੇਵਲ ਹਉਮੈ ਤੱਤ (ਅਹੰਭਾਵ) ਜੋ ਮਾਇਆ ਦਾ ਹੀ ਰੂਪ ਹੈ ਉਸ ਕਰਕੇ ਵਰਤ ਰਿਹਾ ਪ੍ਰਤੀਤ ਦਿੰਦਾ ਹੈ। ਕਿਉਂਕਿ ਜੀਵ ਆਪਣੀ ਸਤਿ ਅਵਸਥਾ ਤੋਂ ਹੇਠਾਂ ਨੂੰ ਤਿਲਕਦਾ ਅਨੰਦਮਯ ਕੋਸ਼, ਵਿਗਿਆਨਮਯ ਕੋਸ਼, ਮਨੋਮਯ ਕੋਸ਼, ਪ੍ਰਾਣਮਯ ਕੋਸ਼, ਅੰਨਮਯ ਕੋਸ਼ ਦੀ ਸਭ ਤੋਂ ਹੇਠਲੀ ਅਵਸਥਾ ਤੇ ਆ ਕੇ ਟਿਕ ਗਿਆ। ਇਹ ਸਾਰਾ ਹਉਮੈ ਦਾ ਕਰਿਸ਼ਮਾ ਹੈ ਜਿਸ ਵਿਚੋਂ ਦੁਖ ਉਪਜਦਾ ਪ੍ਰਤੀਤ ਦਿੰਦਾ ਹੈ, ਇਸ ਦਾ ਕਾਰਨ ਵਾਹਿਗੁਰੂ ਜੀ ਦੀ ਪ੍ਰਮ ਪਰੀਪੂਰਨ ਅਵਸਥਾ ਜਿਸ ਦੀ ਸੋਝੀ ਨੂੰ ਅਸੀਂ 'ਨਾਮ' ਆਖਦੇ ਹਾਂ ਉਸ ਤੋਂ ਭੁੱਲ ਕੇ ਇਹ ਅਨੁਭਵ ਜਾਗਿਆ ਹੈ, ਪਰ ਜਦੋਂ ਇਹੀ ਜੀਵ ਇਨ੍ਹਾਂ ਕੋਸ਼ਾਂ 'ਚੋਂ ਉਚਾ ਉਠਦਾ ਹੋਇਆ ਨਾਮ ਮੰਡਲ (ਆਤਮ ਮੰਡਲ) ਵਿਚ

ਉਨਮਨੀ ਅਵਸਥਾ ਅਨੁਭਵ ਕਰਕੇ ਵਰਤੇਗਾ ਤਾਂ ਉਸ ਲਈ ਨਾ ਹੀ ਇਥੇ ਕੋਈ ਭੁਲਿਆ ਹੋਇਆ ਹੈ ਜਿਵੇਂ ਕਿ –

***ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ॥***
***ਤਿਸ ਕੈ ਭਾਣੈ ਕੋਇ ਨ ਭੂਲਾ ਜਿਨਿ ਸਗਲੋ ਬ੍ਰਹਮੁ ਪਛਾਤਾ॥***

***ਪੰਨਾ – 610***

ਅਤੇ ਨਾ ਹੀ ਕੋਈ ਦੁਖੀ ਹੈ ਜਿਵੇਂ ਕਿ ਫੁਰਮਾਨ ਹੈ –

***ਦੁਖੁ ਨਾਹੀ ਸਭੁ ਸੁਖੁ ਹੀ ਹੈ ਰੇ ਏਕੈ ਏਕੀ ਨੇਤੈ॥***
***ਬੁਰਾ ਨਹੀ ਸਭੁ ਭਲਾ ਹੀ ਹੈ ਰੇ ਹਾਰ ਨਹੀ ਸਭ ਜੇਤੈ॥***

***ਪੰਨਾ – 1302***

ਮਹਾਰਾਜ ਜੀ ਨੇ ਫੁਰਮਾਇਆ, "ਦੁੱਖ ਆਤਮ ਮੰਡਲ ਮੰਡਲ ਵਿਚੋਂ ਤਿਲਕ ਕੇ ਹਉਮੈ ਮੰਡਲ ਵਿਚ ਪ੍ਰਵੇਸ਼ ਕਰਨ ਕਰਕੇ ਹੈ ਜਿਵੇਂ ਕਿ –

***ਹਉਮੈ ਵਿਚਿ ਜਗੁ ਉਪਜੈ ਪੁਰਖਾ ਨਾਮਿ ਵਿਸਰਿਐ ਦੁਖੁ ਪਾਈ॥***

***ਪੰਨਾ – 946***

ਗੁਰੂ ਮਹਾਰਾਜ ਜੀ ਕਹਿਣ ਲੱਗੇ, "ਗੋਰਖਨਾਥ! ਸਮੁੰਦਰ ਆਪਣੀ ਮੌਜ ਵਿਚ ਉਚੀਆਂ-ਉਚੀਆਂ ਲਹਿਰਾਂ ਨਾਲ ਉਛਲਦਾ ਪ੍ਰਤੀਤ ਦਿੰਦਾ ਹੈ। ਲਹਿਰਾਂ ਵੱਖਰਾ ਰੂਪ ਦਿਖਾਈ ਦਿੰਦੀਆਂ ਹਨ ਪਰ ਕੀ ਕੋਈ ਸਿਆਣਾ ਸੋਝੀਵਾਨ ਲਹਿਰਾਂ ਸਮੁੰਦਰ ਤੋਂ ਵੱਖਰੀਆਂ ਕਰਕੇ ਵਖਰੀ ਹਸਤੀ ਜਾਣ ਸਕਦਾ ਹੈ। ਸਮੁੰਦਰ ਤਾਂ ਸਮੁੰਦਰ ਹੀ ਹੈ, ਸਾਗਰ ਆਪਣੀ ਮੌਜ ਵਿਚ ਲਹਿਰਾਂ ਜਵਾਹਰਭਾਟੇ ਪੈਦਾ ਕਰਦਾ ਹੋਇਆ ਆਪ ਹੀ ਹੈ, ਪੈਦਾ ਕਰਨਾ ਵੀ ਅੱਖਰ ਠੀਕ ਨਹੀਂ ਹੈ ਜਿਸ ਤਰ੍ਹਾਂ ਨਾਲ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ, ਪੂਰਾ ਸ਼ਬਦ ਇਸ ਤਰ੍ਹਾਂ ਨਾਲ ਹੈ –

***ਏਕ ਅਨੇਕ ਬਿਆਪਕ ਪੂਰਕ ਜਤ ਦੇਖਉ ਤਤ ਸੋਈ॥***
***ਮਾਇਆ ਚਿਤ੍ਰ ਬਚਿਤ੍ਰ ਬਿਮੋਹਿਤ ਬਿਰਲਾ ਬੂਝੈ ਕੋਈ॥***
***ਸਭੁ ਗੋਬਿੰਦ ਹੈ ਸਭੁ ਗੋਬਿੰਦੁ ਹੈ॥ ਗੋਬਿੰਦੁ ਬਿਨੁ ਨਹੀ ਕੋਈ॥***
***ਸੂਤੁ ਏਕੁ ਮਣਿ ਸਤ ਸਹੰਸ ਜੈਸੇ ਓਤਿ ਪੋਤਿ ਪ੍ਰਭੁ ਸੋਈ॥***
***ਜਲ ਤਰੰਗ ਅਰੁ ਫੇਨ ਬੁਦਬੁਦਾ ਜਲ ਤੇ ਭਿੰਨ ਨ ਹੋਈ॥***
***ਇਹੁ ਪਰਪੰਚੁ ਪਾਰਬ੍ਰਹਮ ਕੀ ਲੀਲਾ ਬਿਚਰਤ ਆਨ ਨ ਹੋਈ॥***
***ਮਿਥਿਆ ਭਰਮੁ ਅਰੁ ਸੁਪਨ ਮਨੋਰਥ ਸਤਿ ਪਦਾਰਥੁ ਜਾਨਿਆ॥***
***ਸੁਕ੍ਰਿਤ ਮਨਸਾ ਗੁਰ ਉਪਦੇਸੀ ਜਾਗਤ ਹੀ ਮਨੁ ਮਾਨਿਆ॥***
***ਕਹਤ ਨਾਮਦੇਉ ਹਰਿ ਕੀ ਰਚਨਾ ਦੇਖਹੁ ਰਿਦੈ ਬੀਚਾਰੀ॥***
***ਘਟ ਘਟ ਅੰਤਰਿ ਸਰਬ ਨਿਰੰਤਰਿ ਕੇਵਲ ਏਕ ਮੁਰਾਰੀ॥***

***ਪੰਨਾ – 485***

ਜੀਵ ਦੀ ਚੇਤਨਤਾ ਉਤੇ ਪੰਜ ਭਰਮਾਂ ਦਾ ਪਰਦਾ ਪੂਰੀ ਤਰ੍ਹਾਂ ਨਾਲ ਇਸ ਦੀ ਆਤਮ ਸੋਝੀ ਨੂੰ ਢੱਕ ਲੈਂਦਾ ਹੈ। ਜਦੋਂ ਨਾਮ ਦੇ ਬਲ ਨਾਲ ਇਹ ਆਪਾ ਚੀਨਦਾ ਹੈ ਉਸ ਵੇਲੇ ਤੱਤ ਬੇਤਿਆਂ ਮਹਾਂਪੁਰਸ਼ਾਂ ਦੀ ਸੰਗਤ ਵਿਚ ਆ ਕੇ ਇਸ ਦੇ ਇਨ੍ਹਾਂ ਭਰਮਾਂ ਦਾ ਪ੍ਰਤੱਖ ਰੂਪ ਵਿਚ ਨਾਸ਼ ਹੁੰਦਾ ਹੈ। ਨਾਸ਼

ਹੋਣ ਉਪਰੰਤ ਇਸ ਦਾ ਜੋ ਪ੍ਰਤੱਖ ਅਨੁਭਵ ਹੈ ਉਸ ਬਾਰੇ ਐਸਾ ਫੁਰਮਾਨ ਗੁਰਬਾਣੀ ਵਿਚ ਹੈ -

***ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ॥***
***ਅਨਲ ਅਗਮ ਜੈਸੇ ਲਹਰਿ ਮਇ ਓਦਧਿ ਜਲ ਕੇਵਲ ਜਲ ਮਾਂਹੀ॥***
***ਪੰਨਾ - 657***

ਮਾਇਆ ਜਿਸ ਬਾਰੇ ਅਸੀਂ ਦਸ ਰਹੇ ਹਾਂ, ਸਤਿਸੰਗੀਓ! ਇਹ ਪ੍ਰਭੂ ਦੀ ਪ੍ਰਬਲ ਸ਼ਕਤੀ ਹੈ ਜਿਸ ਕਰਕੇ ਜੀਵ ਆਪਣੀ ਅਸਲੀ ਹੋਂਦ ਨੂੰ ਭੁੱਲ ਕੇ ਆਪਣੇ ਆਪ ਨੂੰ ਪੰਜ ਤੱਤਾਂ ਦੀ ਦੇਹ ਆਖਦਾ ਹੈ। ਸੋ ਪਹਿਲੀਆਂ ਤਿੰਨ ਮਾਇਆ ਬਾਰੇ ਜੋ ਤੁਹਾਨੂੰ ਦਸਿਆ ਹੈ ਉਨ੍ਹਾਂ ਦੀ ਸ਼ਕਤੀ ਬਹੁਤ ਜ਼ਿਆਦਾ ਨਹੀਂ ਹੋਇਆ ਕਰਦੀ। ਉਨ੍ਹਾਂ ਦਾ ਮੁਕਾਬਲਾ ਸਤਿਸੰਗ ਦੇ ਬਲ ਨਾਲ ਸਹਿਜੇ ਹੀ ਕੀਤਾ ਜਾ ਸਕਦਾ ਹੈ ਪਰ ਇਹ ਜੋ ਚੌਥੀ ਕਿਸਮ ਦੀ ਮਾਇਆ ਹੈ ਇਸ ਨੂੰ ਅਗਿਆਨ, ਭੁੱਲ, ਅੰਗ੍ਰੇਜ਼ੀ ਦਾ ਅੱਖਰ (ignorance ਅਤੇ illusion) ਵੀ ਕਹਿ ਸਕਦੇ ਹਾਂ ਇਹ ਸਾਰੇ ਸੰਸਾਰ ਉਪਰ ਹਰ ਜੀਵ ਨੂੰ ਵਿਆਪ ਰਹੀ ਹੈ ਇਸ ਨੇ ਉਸ ਦਾ ਆਤਮ ਸਰੂਪ ਭੁਲਾ ਕੇ ਉਸ ਨੂੰ ਇਕ ਨਿਮਾਣਾ ਨਿਤਾਣਾ ਜੀਵ ਬਣਾ ਦਿਤਾ ਹੈ, ਜੀਵ ਤੋਂ ਭੀ ਹੇਠਾਂ ਅਤਿ ਨੀਚੀ ਪੱਧਰ ਤੇ ਇਹ ਆਪਣੇ ਆਪ ਨੂੰ ਦੇਹ ਸਮਝਦਾ ਹੈ ਅਤੇ ਦੇਹ ਲਈ ਵਰਤੇ ਵਿਸ਼ੇਸ਼ਣ ਆਪਣੇ ਲਈ ਸਮਝਦਾ ਹੈ ਜਿਵੇਂ ਕਿ ਗੋਰਾ-ਕਾਲਾ, ਅਮੀਰ-ਗਰੀਬ, ਸਿੱਖ-ਹਿੰਦੂ-ਮੁਸਲਿਮ-ਈਸਾਈ-ਬੋਧੀ-ਜੈਨੀ-ਬ੍ਰਾਹਮਣ-ਖਤਰੀ-ਵੈਸ਼-ਸ਼ੂਦਰ ਆਦਿ ਸਮਝਦਾ ਹੈ। ਇਹ ਜੀਵ ਅਨੰਤ ਕਾਲ ਤੋਂ ਹਉਮੈ ਦੇ ਵਸ ਹੋਇਆ ਹੋਇਆ ਜੰਮਦਾ ਮਰਦਾ ਰਹਿੰਦਾ ਹੈ। ਇਸ ਦੇ ਬਲ ਬਾਰੇ ਮਹਾਰਾਜ ਜੀ ਫੁਰਮਾਨ ਕਰਦੇ ਹਨ -

***ਮੁਨਿ ਜੋਗੀ ਸਾਸਤ੍ਰਗਿ ਕਹਾਵਤ ਸਭ ਕੀਨੇ ਬਸਿ ਅਪਨਹੀ॥***
***ਤੀਨਿ ਦੇਵ ਅਰੁ ਕੋੜਿ ਤੇਤੀਸਾ ਤਿਨ ਕੀ ਹੈਰਤਿ ਕਛੁ ਨ ਰਹੀ॥***
***ਬਲਵੰਤਿ ਬਿਆਪਿ ਰਹੀ ਸਭ ਮਹੀ॥***
***ਅਵਰੁ ਨ ਜਾਨਸਿ ਕੋਊ ਮਰਮਾ ਗੁਰ ਕਿਰਪਾ ਤੇ ਲਹੀ॥***
***ਪੰਨਾ - 498***

ਇਕ ਥਾਂ ਆਪ ਦਾ ਕਥਨ ਹੈ -

***ਸਰਪਨੀ ਤੇ ਊਪਰਿ ਨਹੀ ਬਲੀਆ॥***
***ਜਿਨਿ ਬ੍ਰਹਮਾ ਬਿਸਨੁ ਮਹਾਦੇਉ ਛਲੀਆ॥***
***ਮਾਰੁ ਮਾਰੁ ਸ੍ਰਪਨੀ ਨਿਰਮਲ ਜਲਿ ਪੈਠੀ॥***
***ਜਿਨਿ ਤ੍ਰਿਭਵਣੁ ਡਸੀਅਲੇ ਗੁਰ ਪ੍ਰਸਾਦਿ ਡੀਠੀ॥***
***ਸ੍ਰਪਨੀ ਸ੍ਰਪਨੀ ਕਿਆ ਕਹਹੁ ਭਾਈ॥***
***ਜਿਨਿ ਸਾਚੁ ਪਛਾਨਿਆ ਤਿਨਿ ਸ੍ਰਪਨੀ ਖਾਈ॥***
***ਸ੍ਰਪਨੀ ਤੇ ਆਨ ਛੂਛ ਨਹੀ ਅਵਰਾ॥***
***ਸ੍ਰਪਨੀ ਜੀਤੀ ਕਹਾ ਕਰੈ ਜਮਰਾ॥***
***ਇਹ ਸ੍ਰਪਨੀ ਤਾ ਕੀ ਕੀਤੀ ਹੋਈ॥***
***ਬਲੁ ਅਬਲੁ ਕਿਆ ਇਸ ਤੇ ਹੋਈ॥*** ***ਪੰਨਾ - 480***

ਮਾਇਆ ਦਾ ਅਸਰ ਬਹੁਤ ਹੀ ਦ੍ਰਿੜ੍ਹ ਹੈ, ਮਾਇਆ ਇਕ ਬਹੁਤ ਵੱਡਾ ਗੁਬਾਰ ਹੈ। ਇਸ ਗੁਬਾਰ ਵਿਚੋਂ ਗੁਰੂ ਦਾ ਗਿਆਨ ਹੀ ਜੀਵ ਨੂੰ ਸਬਦਿ ਦੀ ਸੋਝੀ ਬਖ਼ਸ਼ ਕੇ ਕਢ ਦਿਆ ਕਰਦਾ ਹੈ। ਇਹ ਵਾਹਿਗੁਰੂ ਦੀ ਕੀਤੀ ਹੋਈ ਹੀ ਹੈ ਜਿਵੇਂ ਕਿ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ -

***ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨਹਾਰਾ।।***
***ਨਾਨਾ ਰੂਪੁ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ॥ ਪੰਨਾ - 537***

ਅਤੇ ਇਸ ਤਰ੍ਹਾਂ ਵੀ ਆਉਂਦਾ ਹੈ -

***ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ॥***
***ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥***
***ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ॥***
***ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ॥***
***ਕਰਿ ਆਸਣੁ ਡਿਠੋ ਚਾਉ॥ ਪੰਨਾ - 463***

***ਏਹੁ ਮਾਇਆ ਮੋਹਣੀ ਜਿਨਿ ਏਤੁ ਭਰਮਿ ਭੁਲਾਇਆ॥***
***ਮਾਇਆ ਤ ਮੋਹਣੀ ਤਿਨੈ ਕੀਤੀ ਜਿਨਿ ਠਗਉਲੀ ਪਾਈਆ॥***
***ਪੰਨਾ - 918***

***ਮਾਇਆ ਮੋਹੁ ਗੁਬਾਰੁ ਹੈ ਗੁਰ ਬਿਨੁ ਗਿਆਨੁ ਨ ਹੋਈ॥***
***ਸਬਦਿ ਲਗੇ ਤਿਨ ਬੁਝਿਆ ਦੂਜੈ ਪਰਜ ਵਿਗੋਈ॥ ਪੰਨਾ - 559***

ਭਗਵਤ ਗੀਤਾ ਵਿਚ ਕ੍ਰਿਸ਼ਨ ਮਹਾਰਾਜ ਜੀ ਅਰਜਨ ਨੂੰ ਮਾਇਆ ਬਾਰੇ ਫੁਰਮਾਨ ਕਰਦੇ ਸਮਝਾਂਦੇ ਹਨ -

***ਦੈਵੀ ਹਯੇਸ਼ਾ ਗੁਣ ਮਈ ਮਮ ਮਾਯਾ ਦੁਰੱਤਯਾ।।***
***ਮਾਮੇਵ ਯੇ ਪ੍ਰਪਦਸ਼ੰਤੇ ਮਾਯਾ ਮੇਤਾਂ ਤਰੰਤਿ ਤੇ।।***
***ਭਗਵਤ ਗੀਤਾ ਅਧਿਆਇ 7 ਸਲੋਕ 14***

ਸੰਸਾਰ ਵਿਚ ਮੇਰੀ ਰਚੀ ਹੋਈ ਮਾਇਆ ਬਹੁਤ ਹੀ ਸ਼ਕਤੀਸ਼ਾਲੀ ਹੈ ਅਤੇ ਤਿੰਨ ਗੁਣੀ ਹੋ ਕੇ ਰਜੋ ਗੁਣੀ, ਤਮੋ ਗੁਣੀ ਤੇ ਸਤੋ ਗੁਣੀ ਹੋ ਕੇ ਸਾਰੇ ਸੰਸਾਰ ਨੂੰ ਭੁਲਾਇਆ ਹੋਇਆ ਹੈ, ਮੈਂ ਇਸ ਮਾਇਆ ਦੇ ਓਹਲੇ ਆਪਣੀ ਸਾਰੀ ਰਚਨਾ ਦੇ ਵਿਚ ਆਪ ਹੀ ਨਾਟ ਕਰ ਰਿਹਾ ਹਾਂ, ਪਰ ਜੀਵ ਨੂੰ ਇਹ ਪਤਾ ਨਹੀਂ ਲਗਦਾ ਅਤੇ ਉਹ ਮਾਇਆ ਦਾ ਮੋਹਤ ਕੀਤਾ ਹੋਇਆ ਸਦੀਵ ਇਹ ਕਹਿੰਦਾ ਹੈ ਕਿ ਸਾਰੇ ਕੰਮ ਆਪਣੇ ਆਪ ਮੈਂ (ਜੀਵ) ਹੀ ਕਰ ਰਿਹਾ ਹਾਂ। ਇਸ ਮਾਇਆ ਨੂੰ ਕੋਈ ਵੀ ਬੰਦਾ ਆਪਣੇ ਬਲ ਨਾਲ ਤਰ ਕੇ ਪਾਰ ਨਹੀਂ ਲੰਘ ਸਕਦਾ। ਮੈਂ ਸਮਰੱਥ ਗੁਰੂ ਦੇ ਪਾਸ ਆਪਣੇ ਮਹੱਲ ਦੀ ਚਾਬੀ ਦਿਤੀ ਹੋਈ ਹੈ, ਉਹ ਜੀਵਾਂ ਨੂੰ ਕਰਮ, ਉਪਾਸ਼ਨਾ, ਗਿਆਨ, ਵਿਗਿਆਨ ਰਾਹੀਂ ਸਨੇ-ਸਨੇ ਸਾਧਨਾ 'ਚ ਪਾ ਕੇ ਇਸ ਭਵਸਾਗਰ ਵਿਚੋਂ ਤਰਨ ਦੇ ਯੋਗ ਬਣਾ ਦਿੰਦੇ ਹਨ ਅਤੇ ਕ੍ਰਿਪਾ ਕਰਕੇ ਗੋਹਝ ਕਥਾ ਜਿਸ ਨੂੰ ਅਕਥ ਕਥਾ ਵੀ ਆਖਿਆ ਗਿਆ ਹੈ ਦਸਦੇ ਹਨ। ਨਾ ਹੀ ਤਾਂ ਇਹ ਮਾਇਆ ਸਾਸ਼ਤਰਾਂ ਦੇ ਸੇਵਨ ਕਰਨ ਨਾਲ, ਵੇਦ ਪੜ੍ਹਨ ਨਾਲ ਤਰੀ ਜਾ ਸਕਦੀ ਹੈ। ਵੱਡੇ-ਵੱਡੇ ਯੋਗੀ ਪੁਰਸ਼, ਵੱਡੇ-ਵੱਡੇ ਤਪਸਵੀ, ਸਿੱਧ, ਸਾਧਕ ਇਸ ਮਾਇਆ ਨੇ

ਬੁਰੀ ਤਰ੍ਹਾਂ ਭੁਲਾ ਛੱਡੇ ਨੇ, ਇਹ ਤਾਂ ਜੇ ਸਮਰੱਥ ਗੁਰੂ ਕ੍ਰਿਪਾ ਕਰੇ ਤਾਂ ਹੀ ਤਰ ਸਕਦਾ ਹੈ। ਗੁਰੂ ਸਰਗੁਣ ਸਰੂਪ ਹੋਇਆ ਕਰਦਾ ਹੈ, ਉਹ ਇਸ ਮਾਇਆ ਤੋਂ ਤਾਰਨ ਵਾਸਤੇ ਹੀ ਸੰਸਾਰ ਵਿਚ ਸਰੀਰਧਾਰੀ ਹੋਇਆ ਕਰਦਾ ਹੈ। ਨਹੀਂ ਤਾਂ ਅਰਜਨ! ਇਹ ਮਾਇਆ ਐਨੀ ਪ੍ਰਬਲ ਹੈ ਕਿ ਜੀਵ ਮੈਨੂੰ ਤਾਂ ਭੁਲੇਗਾ ਹੀ ਪਰ ਆਪਣੇ ਆਪ ਨੂੰ ਵੀ ਬੁਰੀ ਤਰ੍ਹਾਂ ਭੁੱਲ ਜਾਇਆ ਕਰਦਾ ਹੈ। ਕੋਈ ਆਪਣੇ ਬਲ ਦੇ ਆਸਰੇ, ਆਪਣੇ ਗਿਆਨ ਦੇ ਆਸਰੇ ਇਹ ਮਾਇਆ ਨਹੀਂ ਤਰ ਸਕਦਾ ਕਿਉਂਕਿ ਇਸ ਨੂੰ ਅੱਤਰ ਆਖਿਆ ਗਿਆ ਹੈ। ਉਸ ਵੇਲੇ ਅਰਜਨ ਇਹ ਬਚਨ ਸੁਣ ਕੇ ਬੇਨਤੀ ਕਰਨ ਲੱਗਿਆ ਕਿ ਮਹਾਰਾਜ! ਐਸੀ ਗੱਲ ਤਾਂ ਨਹੀਂ ਹੋ ਸਕਦੀ ਕਿ ਮਾਇਆ ਤਰੀ ਨਾ ਜਾਵੇ, ਆਪ ਨੇ ਬੰਦੇ ਦੇ ਵਸ ਵਿਚ ਵੀ ਬਹੁਤ ਕੁਛ ਰਖਿਆ ਹੋਇਆ ਹੈ। ਜੇ ਕੋਈ ਪੱਕਾ ਇਰਾਦਾ ਕਰੇ ਉਹ ਇਸ ਮਾਇਆ ਨੂੰ ਸਹਿਜੇ ਹੀ ਤਰ ਜਾਵੇਗਾ। ਗੁਰੂ ਮਹਾਰਾਜ ਜੀ ਇਸ ਅਤੱਰ ਮਾਇਆ ਬਾਰੇ ਫੁਰਮਾਨ ਕਰਦੇ ਹਨ-

***ਇਨਿ ਮਾਇਆ ਜਗਦੀਸ ਗੁਸਾਈ ਤੁਮਰੇ ਚਰਨ ਬਿਸਾਰੇ॥***
***ਕਿੰਚਤ ਪ੍ਰੀਤਿ ਨ ਉਪਜੈ ਜਨ ਕਉ ਜਨ ਕਹਾ ਕਰਹਿ ਬੇਚਾਰੇ॥***
***ਧ੍ਰਿਗੁ ਤਨੁ ਧ੍ਰਿਗੁ ਇਹ ਮਾਇਆ ਧ੍ਰਿਗੁ ਧ੍ਰਿਗੁ ਮਤਿ ਬੁਧਿ ਫੰਨੀ॥***
***ਇਸ ਮਾਇਆ ਕਉ ਦ੍ਰਿੜੁ ਕਰਿ ਰਾਖਹੁ ਬਾਂਧੇ ਆਪ ਬਚੰਨੀ॥***
***ਪੰਨਾ - 857***

ਅਰਜਨ ਨੇ ਹੱਠ ਕੀਤਾ ਕਿ ਜਦੋਂ ਆਦਮੀ ਨੂੰ ਪਤਾ ਹੈ ਕਿ ਪ੍ਰਭੂ ਘਟ-ਘਟ ਵਿਚ ਵਿਆਪਕ ਹੈ ਫਿਰ ਕਿਸ ਤਰ੍ਹਾਂ ਭੁੱਲ ਸਕਦਾ ਹੈ? ਕ੍ਰਿਸ਼ਨ ਮਹਾਰਾਜ ਜੀ ਕਹਿਣ ਲੱਗੇ, "ਅਰਜਨ! ਇਹ ਮੇਰੀ ਮਾਇਆ ਠਗੌਲੀ ਲਾਉਂਦੀ ਹੈ ਯਾਨਿ ਇਸ ਦੇ ਕੋਲ ਠਗਮੂਰੀ ਬੂਟੀ (ਬੇਹੋਸ਼ ਕਰਨ ਵਾਲੀ ਬੂਟੀ) ਹੈ ਜਿਸ ਨੂੰ ਵੀ ਇਹ ਬੂਟੀ ਸੁੰਘਾ ਦਿਤੀ ਜਾਂਦੀ ਹੈ ਉਹ ਆਪਣੇ ਹੋਸ਼ ਹਵਾਸ਼ ਗਵਾ ਬੈਠਦਾ ਹੈ। ਉਹ ਆਪਣੇ ਆਪ ਨੂੰ ਭੁੱਲ ਜਾਂਦਾ ਹੈ ਅਤੇ ਪਾਰਬ੍ਰਹਮ ਪ੍ਰਮੇਸ਼ਰ ਨੂੰ ਵੀ ਪੂਰੀ ਤਰ੍ਹਾਂ ਭੁੱਲ ਜਾਂਦਾ ਹੈ। ਮਾਇਆ ਜੋ ਹੈ ਉਹ ਬਹੁਤ ਵੱਡਾ ਗੁਬਾਰ ਹੈ, ਗੁਰੂ ਬਿਨਾਂ ਸੋਝੀ ਨਹੀਂ ਹੁੰਦੀ" -

***ਮਾਇਆ ਮੋਹੁ ਗੁਬਾਰੁ ਹੈ ਗੁਰ ਬਿਨੁ ਗਿਆਨੁ ਨ ਹੋਈ॥***
***ਸਬਦਿ ਲਗੇ ਤਿਨ ਬੁਝਿਆ ਦੂਜੈ ਪਰਜ ਵਿਗੋਈ॥ ਪੰਨਾ - 559***

ਅਰਜਨ ਨੇ ਕਿਹਾ, "ਇਹ ਕਿਵੇਂ ਹੋ ਸਕੇਗਾ। ਮੈਂ ਕਿਸ ਤਰ੍ਹਾਂ ਭੁੱਲ ਜਾਵਾਂਗਾ?" ਉਸ ਵੇਲੇ ਭਗਵਾਨ ਨੇ ਕਿਹਾ ਕਿ ਜਦੋਂ ਆਦਮੀ ਨੂੰ ਕੋਈ ਨਸ਼ਾ ਚੜ੍ਹ ਜਾਂਦਾ ਹੈ ਤਾਂ ਆਦਮੀ ਪੂਰੀ ਤਰ੍ਹਾਂ ਬੇਹੋਸ਼ ਹੋ ਜਾਂਦਾ ਹੈ, ਆਪਣੇ ਆਪ ਦੀ ਸੋਝੀ ਨਹੀਂ ਰਹਿੰਦੀ ਅਤੇ ਇਸ ਉਤੇ ਇਹ ਕਥਾ ਹੈ ਕਿ ਇਕ ਵਾਰੀ ਇਕ ਰਾਜਾ ਪੜੌਸੀ ਰਾਜੇ ਦੇ ਪ੍ਰੀਤੀ ਭੋਜਨ ਲਈ ਉਸ ਦੇ ਰਾਜ ਵਿਚ ਗਿਆ ਕਿਉਂਕਿ ਉਸ ਨੂੰ ਬੁਲਾਇਆ ਸੀ। ਭੋਜਨ ਛਕਣ ਤੋਂ ਪਹਿਲਾਂ ਸ਼ਰਾਬ ਦਾ ਨਸ਼ਾ ਭੇਜਿਆ ਗਿਆ ਇਸ ਰਾਜੇ ਨੇ ਐਨੀ ਸ਼ਰਾਬ ਪੀਤੀ ਕਿ ਉਸ ਦੇ ਮੂੰਹੋਂ ਅਰਲ-ਬਰਲ ਗੱਲਾਂ ਨਿਕਲਣ ਲੱਗੀਆਂ। ਵਜ਼ੀਰ ਬੜਾ ਸਿਆਣਾ ਸੀ ਉਹ ਸਮਝ ਗਿਆ ਕਿ ਸਰਕਾਰ ਪੂਰੀ ਤਰ੍ਹਾਂ ਨਸ਼ੇ ਦੇ ਅਧੀਨ ਹੋ ਚੁੱਕੇ ਹਨ ਇਹ ਹੁਣ ਆਪਣੀ ਹੋਸ਼ ਵਿਚ ਨਹੀਂ ਹਨ। ਕਿਤੇ ਐਸਾ ਨਾ ਹੋਵੇ ਕਿ ਕਿਤੇ ਝਗੜਾ ਕਰ ਬੈਠਣ। ਉਹ ਇਹ ਗੱਲ ਵਿਚਾਰ ਕੇ ਉਸ ਨੂੰ ਬੱਘੀ ਵਿਚ ਬਿਠਾ

ਕੇ ਵਾਪਸ ਉਸ ਦੇ ਮਹਿਲਾਂ ਵਲ ਨੂੰ ਚਲ ਪਿਆ। ਜਦੋਂ ਆਪਣੇ ਰਾਜ ਮਹੱਲ ਦੇ ਨੇੜੇ ਪਹੁੰਚੇ ਤਾਂ ਓਥੇ security (ਰਾਖੀ) ਵਾਲੇ ਮਹੱਲ ਦੇ ਆਲੇ-ਦੁਆਲੇ ਘੁੰਮ ਕੇ ਪਹਿਰਾ ਦੇ ਰਹੇ ਸਨ। ਜਦੋਂ ਰਾਜਾ ਆਇਆ ਤਾਂ ਉਸ ਵੇਲੇ ਸਿਪਾਹੀ ਨੇ ਇਕ ਦਮ ਰਾਈਫਲ ਸਿੱਧੀ ਕਰਕੇ ਆਖਿਆ, "Advance one man and give the quarter sign." (ਇਕ ਬੰਦਾ ਅੱਗੇ ਵਧੇ ਅਤੇ ਦੱਸੇ ਕਿ ਅੱਜ ਦਾ ਕੁਆਰਟਰ ਸਾਈਨ ਕੀ ਹੈ) ਕੁਆਟਰ ਸਾਇਨ ਦੱਸੇ ਬਿਨਾਂ ਕੋਈ ਵੀ ਰਾਜ ਮਹੱਲ ਵਿਚ ਜਾਣ ਲਈ ਅੱਗੇ ਨਹੀਂ ਵਧ ਸਕਦਾ। ਰਾਜੇ ਨੇ ਵਜ਼ੀਰ ਨੂੰ ਪੁਛਿਆ ਕਿ ਇਹ ਕੌਣ ਹਨ? ਉਸ ਨੇ ਕਿਹਾ ਕਿ ਸਰਕਾਰ! ਇਹ ਆਪ ਦੀ ਰਖਸ਼ਾ ਵਾਸਤੇ ਆਪ ਦੀ ਫੌਜ ਦੇ ਸਿਪਾਹੀ ਪਹਿਰਾ ਦੇ ਰਹੇ ਹਨ। ਝੱਟ ਹੀ ਕਹਿਣ ਲੱਗਿਆ, "ਮੈਂ ਕੌਣ ਹਾਂ?" ਤਾਂ ਵਜ਼ੀਰ ਨੇ ਕਿਹਾ ਕਿ ਹਜ਼ੂਰ! ਆਪ ਇਸ ਰਿਆਸਤ ਦੇ ਰਾਜਾ ਹੋ, ਇਨ੍ਹਾਂ ਸਿਪਾਹੀਆਂ ਦਾ ਕੰਮ ਹੈ ਆਪ ਦੀ ਰਖਸ਼ਾ ਕਰਨਾ। ਸੋ ਇਹ ਪਿਛੋਂ beat ਉਪਰ ਘੁੰਮ ਕੇ ਪਹਿਰਾ ਦਿੰਦੇ ਹਨ ਅਤੇ ਜਦੋਂ ਤਕ ਕੋਈ ਕੁਆਟਰ ਸਾਈਨ ਨਾ ਦੇਵੇ ਓਦੋਂ ਤਕ ਇਹ ਕਿਸੇ ਨੂੰ ਮਹੱਲ ਦੇ ਅੰਦਰ ਨਹੀਂ ਜਾਣ ਦਿੰਦੇ। ਰਾਜਾ ਬੋਲਿਆ, "ਮੈਂ ਰਾਜਾ ਬਿਲਕੁਲ ਨਹੀਂ ਹਾਂ, ਮੈਂ ਤਾਂ ਸਿਪਾਹੀ ਹਾਂ। ਮੈਨੂੰ ਵਰਦੀ ਦੇਵੋ, ਰਾਈਫਲ ਦੇਵੋ, ਬੰਡੋਲੀਅਰ ਦੇਵੋ ਮੈਂ ਵੀ ਪਹਿਰਾ ਦੇਵਾਂਗਾ।" ਰਾਜੇ ਦੀ ਜਿੱਦ ਦੇਖ ਕੇ ਵਜ਼ੀਰ ਨੂੰ ਵਰਦੀ ਦਾ ਇੰਤਜ਼ਾਮ ਕਰਨਾ ਪਿਆ। ਇਕ ਰਾਈਫਲ ਵੀ ਉਸ ਦੇ ਹੱਥ ਵਿਚ ਫੜਾਈ, ਉਸ ਨੇ ਵਰਦੀ ਪਹਿਨ ਕੇ beat ਉਤੇ ਪਹਿਰਾ ਦੇਣਾ ਸ਼ੁਰੂ ਕਰ ਦਿਤਾ। ਹੌਲੀ-ਹੌਲੀ ਉਸ ਨੂੰ ਸੁਰਤ ਆ ਗਈ ਅਤੇ ਆਪਣੇ ਆਪ ਨੂੰ ਦੇਖਣ ਲੱਗਿਆ। ਉਸ ਸਮੇਂ ਵਜ਼ੀਰ ਇਕ ਦਮ, ਜੋ ਛੁਪ ਕੇ ਬੈਠਾ ਸੀ ਸਾਮ੍ਹਣੇ ਆਇਆ ਅਤੇ ਆ ਕੇ ਨਮਸਕਾਰਾਂ ਕੀਤੀਆਂ। ਰਾਜਾ ਕਹਿਣ ਲੱਗਿਆ, "ਵਜ਼ੀਰ ਸਾਹਿਬ! ਮੇਰੇ ਰਾਜਸੀ ਵਸਤਰ ਕਿਥੇ ਹਨ, ਇਹ ਮੈਂ ਸਿਪਾਹੀ ਦੀ ਵਰਦੀ ਕਿਉਂ ਪਾਈ ਖੜ੍ਹਾ ਹਾਂ? ਮੈਂ ਰਾਜ ਮਹੱਲਾਂ ਵਿਚ ਕਿਉਂ ਨਹੀਂ ਗਿਆ।" ਉਸ ਵੇਲੇ ਵਜ਼ੀਰ ਨੇ ਬੇਨਤੀ ਕੀਤੀ ਕਿ ਹਜ਼ੂਰ! ਆਪ ਨਸ਼ੇ ਦੇ ਅਸਰ ਅਧੀਨ ਆਪਣੇ ਆਪ ਨੂੰ ਭੁੱਲ ਗਏ ਸੀ। ਸ਼ੁਕਰ ਹੈ ਕਿ ਹੁਣ ਆਪ ਨੂੰ ਆਪਣੇ ਅਸਲੀ ਸਰੂਪ ਦਾ ਗਿਆਨ ਹੋ ਗਿਆ। ਸ਼ਾਹੀ ਵਸਤਰ ਹਾਜ਼ਰ ਕੀਤੇ ਗਏ। ਰਾਜੇ ਨੇ ਨੇੜੇ ਦੇ ਬਾਥਰੂਮ ਵਿਚ ਜਾ ਕੇ ਆਪਣੇ ਰਾਜਸੀ ਵਸਤਰ ਪਹਿਨੇ। ਬੜਾ ਹੈਰਾਨ ਹੋਇਆ ਕਿ ਮੈਂ ਐਨਾ ਭੁੱਲ ਗਿਆ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਮਾਇਆ ਦਾ ਨਸ਼ਾ ਐਤਨਾ ਪ੍ਰਬਲ ਹੈ ਕਿ ਜੀਵ ਪ੍ਰਭੂ ਦੀ ਅੰਸ ਅਤੇ ਜੋਤ ਹੁੰਦਿਆਂ ਹੋਇਆਂ ਭੀ ਆਪਣੇ ਆਪ ਨੂੰ ਪੂਰੀ ਤਰ੍ਹਾਂ ਭੁੱਲ ਚੁਕਿਆ ਹੈ, ਨਹੀਂ ਜਾਣਦਾ ਕਿ ਉਸ ਦਾ ਅਸਲੀ ਸਰੂਪ ਕੀ ਹੈ ਅਤੇ ਆਪਣੇ ਆਪ ਨੂੰ ਸਾਢੇ ਤਿੰਨ ਹੱਥ ਦੀ ਦੇਹ ਮੰਨਦਾ ਹੈ। ਸੋ ਇਹ ਜੀਵ ਦੇਹ ਨਹੀਂ ਹੈ, ਦੇਹ ਦਾ ਮਾਲਕ ਹੈ ਪਰ ਇਸ ਦੇਹੀ ਨੂੰ ਹੀ ਮੈਂ ਕਹਿ ਕੇ ਸੰਬੋਧਨ ਕਰਦਾ ਹੈ, ਇਸ ਦੇਹੀ ਦੇ ਰੂਪ ਵਿਚ ਭੁੱਲਿਆ ਹੋਇਆ ਜੀਵ ਕਹਿੰਦਾ ਹੈ ਕਿ ਮੈਂ ਕਾਲਾ ਹਾਂ, ਮੈਂ ਗੋਰਾ ਹਾਂ, ਮੈਂ ਦੁਖੀ ਹਾਂ, ਮੈਂ ਸੁਖੀ ਹਾਂ, ਮੈਂ ਅਮੀਰ ਹਾਂ, ਮੈਂ ਗਰੀਬ ਹਾਂ ਕਿਉਂਕਿ ਮਾਇਆ ਦਾ ਨਸ਼ਾ ਬਹੁਤ ਹੀ ਭੁੱਲਣਹਾਰਾ ਹੈ। ਇਸੇ ਤਰ੍ਹਾਂ ਨਾਲ ਕ੍ਰਿਸ਼ਨ ਮਹਾਰਾਜ ਜੀ ਅਰਜਨ ਨੂੰ ਕਹਿ ਰਹੇ ਹਨ ਕਿ ਅਰਜਨ! ਇਸ ਗੱਲ ਉਪਰ ਹੱਠ ਨਾ ਕਰ। ਤੂੰ ਮੇਰੀ ਮਾਇਆ ਦੇ ਅਧੀਨ ਹੋਇਆ ਬਹੁਤ ਹੀ ਦੁਖੀ ਹੋਵੇਂਗਾ, ਵਿਲਕੇਂਗਾ, ਮੈਂ ਤੈਨੂੰ ਪੂਰਨ ਰੂਪ ਵਿਚ ਭੁੱਲ ਜਾਵਾਂਗਾ। ਮੇਰੇ ਦੱਸਣ ਤੇ ਵੀ ਤੂੰ ਯਕੀਨ ਨਹੀਂ ਕਰੇਂਗਾ। ਜਦੋਂ ਫੇਰ ਅਰਜਨ

ਨੇ ਹੱਠ ਕਰਕੇ ਮਾਇਆ ਦੇਖਣੀ ਚਾਹੀ ਤਾਂ ਭਗਵਾਨ ਉਸ ਨੂੰ ਰੱਥ ਵਿਚ ਬਿਠਾ ਕੇ ਇਕ ਤਲਾਅ ਦੇ ਕੰਢੇ ਲੈ ਗਏ, ਫੇਰ ਕਹਿਣ ਲੱਗੇ, "ਅਰਜਨ! ਮੈਂ ਆਪਣੀ ਯੋਗ ਮਾਇਆ ਦੇ ਓਹਲੇ ਛੁਪਿਆ ਹੋਇਆ ਹਾਂ, ਸਭ ਨੂੰ ਪ੍ਰਤੱਖ ਨਹੀਂ ਹੁੰਦਾ, ਅਗਿਆਨੀ ਮਨੁੱਖ ਮੈਨੂੰ ਨਿੱਤ ਪ੍ਰਾਪਤ ਅਬਿਨਾਸੀ ਨੂੰ ਤਤੂ ਤੋਂ ਨਹੀਂ ਜਾਣ ਸਕਦਾ।" ਐਸਾ ਬਚਨ ਕਹਿ ਕੇ ਅਰਜਨ ਨੂੰ ਫੇਰ ਪੱਕਾ ਕੀਤਾ ਗਿਆ ਅਤੇ ਫੇਰ ਕਿਹਾ ਕਿ ਤੂੰ ਭੁਲਣਾ ਨਹੀਂ, ਭਗਵਾਨ ਦਾਤਨ ਕਰਨ ਲੱਗ ਪਏ। ਫੇਰ ਕਿਹਾ ਹੁਣ ਮੈਂ ਤੈਨੂੰ ਆਪਣੀ ਯੋਗ ਮਾਇਆ ਦਿਖਾਉਂਦਾ ਹਾਂ। ਮੈਂ ਇਥੇ ਹੀ ਬੈਠਾ ਹਾਂ, ਕਿਤੇ ਨਹੀਂ ਜਾਵਾਂਗਾ। ਪਰ ਤੂੰ ਅਨੇਕ ਜਤਨ ਕਰਦਾ ਹੋਇਆ ਵੀ ਮੈਨੂੰ ਨਹੀਂ ਪਛਾਣ ਸਕੇਗਾ। ਜਾਹ! ਤੂੰ ਆਪਣਾ ਜ਼ੋਰ ਲਾ ਲੈ, ਜੋ ਗਿਆਨ ਤੂੰ ਯਾਦ ਕਰਦਾ ਹੈਂ ਕਰ ਲੈ, ਇਸ ਤਲਾਬ ਵਿਚ ਇਸ਼ਨਾਨ ਕਰਕੇ ਫੇਰ ਤੂੰ ਮੈਨੂੰ ਭੁੱਲ ਜਾਵੇਂਗਾ। ਅਰਜਨ ਕਹਿਣ ਲੱਗਿਆ, ਜੇ ਤੁਸੀਂ ਇਸੇ ਤਲਾਬ ਦੇ ਕੰਢੇ ਬੈਠੇ ਹੋਵੋਂਗੇ ਤਾਂ ਮੈਂ ਤੁਹਾਨੂੰ ਜ਼ਰੂਰ ਟੋਲ੍ਹ ਲਵਾਂਗਾ। ਇਹ ਗੱਲ ਕਹਿ ਕੇ ਅਰਜਨ ਨੇ ਟੁੱਭੀ ਲਾਈ, ਜਦੋਂ ਪਾਣੀ ਵਿਚੋਂ ਬਾਹਰ ਨਿਕਲਿਆ, ਕੀ ਦੇਖਦਾ ਹੈ ਕਿ ਨਾ ਓਥੇ ਭਗਵਾਨ ਹੈ, ਨਾ ਰੱਥ ਹੈ, ਇਹ ਤਾਂ ਅਜੀਬ ਹੀ ਜੰਗਲ ਹੈ ਜਿਥੇ ਸ਼ੇਰ ਘੁੰਮ ਰਹੇ ਹਨ, ਵੱਡੇ-ਵੱਡੇ ਸੱਪ ਇਸ ਵਲ ਨੂੰ ਮੂੰਹ ਅੱਡੀ ਆ ਰਹੇ ਹਨ। ਅਰਜਨ ਨੇ ਅਵਾਜ਼ਾਂ ਦੇਣੀਆਂ ਸ਼ੁਰੂ ਕਰ ਦਿਤੀਆਂ। ਭਗਵਾਨ ਕਿਤੇ ਵੀ ਦਿਖਾਈ ਨਾ ਦਿਤੇ। ਅਰਜਨ ਸਾਰਾ ਦਿਨ ਭ੍ਰਮਣ ਕਰਦਾ ਰਿਹਾ, ਪੁਕਾਰਦਾ ਰਿਹਾ, ਹੇ ਗੋਬਿੰਦ, ਹੇ ਗੋਪਾਲ, ਹੇ ਨਰਾਇਣ, ਹੇ ਭਗਵਾਨ! ਤੁਸੀਂ ਮੈਨੂੰ ਦਰਸ਼ਨ ਦੇਵੋ। ਤੁਸੀਂ ਕਿਥੇ ਅਲੋਪ ਹੋ ਗਏ। ਤੁਸੀਂ ਤਾਂ ਮੈਨੂੰ ਕਿਹਾ ਸੀ ਕਿ ਮੈਂ ਕਿਤੇ ਨਹੀਂ ਜਾਵਾਂਗਾ। ਅਰਜਨ ਜੰਗਲੀ ਜਾਨਵਰਾਂ ਤੋਂ ਡਰ-ਡਰ ਕੇ ਦਰਖਤਾਂ ਉਪਰ ਚੜ੍ਹ-ਚੜ੍ਹ ਕੇ ਆਪਣੀ ਜਾਨ ਬਚਾਉਂਦਾ ਹੈ। ਤਿੰਨ ਦਿਨ, ਤਿੰਨ ਰਾਤਾਂ ਇਸ ਜੰਗਲ ਵਿਚ ਭੁੱਖਾ, ਪਿਆਸਾ ਘੁੰਮਦਾ ਰਿਹਾ ਪਰ ਭਗਵਾਨ ਦਾ ਕਿਤੇ ਪਤਾ ਨਾ ਲੱਗਿਆ। ਉਸ ਉਪਰ ਇਕ ਬੇਹੋਸ਼ੀ ਜਿਹੀ ਅਵਸਥਾ ਆਉਣੀ ਸ਼ੁਰੂ ਹੋਣ ਲੱਗੀ। ਚੌਥੇ ਦਿਨ ਘੁੰਮਦਾ-ਘੁੰਮਦਾ ਜੰਗਲ ਪਾਰ ਕਰਕੇ ਕਿਸੇ ਅਬਾਦੀ ਵਲ ਨੂੰ ਜਾ ਰਿਹਾ ਸੀ, ਇਕ ਆਦਮੀ ਨੂੰ ਮਿਲਿਆ। ਉਸ ਨੂੰ ਕਿਹਾ ਕਿ ਮੈਂ ਭੁੱਲ ਗਿਆ ਹਾਂ, ਹਸਤਨਾਪੁਰ ਸ਼ਹਿਰ ਕਿਥੇ ਹੈ ਤੇ ਕ੍ਰਿਸ਼ਨ ਮਹਾਰਾਜ ਜੀ ਕਿਥੇ ਹਨ? ਉਸ ਆਦਮੀ ਨੇ ਕਿਹਾ ਕਿ ਹਸਤਨਾਪੁਰ ਸ਼ਹਿਰ ਬਾਰੇ ਮੈਂ ਸੁਣਿਆ ਤਾਂ ਹੈ ਕਿ ਇਕ ਸ਼ਹਿਰ ਹੁੰਦਾ ਸੀ ਪਰ ਕ੍ਰਿਸ਼ਨ ਮਹਾਰਾਜ ਜੀ ਨੂੰ ਹੋਇਆਂ ਨੂੰ ਤਾਂ ਬਹੁਤ ਦੇਰ ਹੋ ਚੁਕੀ ਹੈ। ਉਸ ਸਮੇਂ ਦੁਆਪਰ ਯੁੱਗ ਸੀ ਅਤੇ ਹੁਣ ਕਲਜੁਗ ਦਾ ਸਮਾਂ ਚਲ ਰਿਹਾ ਹੈ। ਉਸ ਨੇ ਕਿਹਾ ਕਿ ਅਸਾਡੇ ਨਗਰ ਦੀ ਧਰਮਸਾਲਾ ਵਿਚ ਹਰ ਰੋਜ਼ ਮਹਾਂਭਾਰਤ ਦੀ ਕਥਾ ਹੁੰਦੀ ਹੈ, ਉਥੇ ਤੈਨੂੰ ਕੁਝ ਦੱਸ ਦੇਣਗੇ। ਉਹ ਕਥਾ ਇਕ ਸੁਲਝੇ ਹੋਏ ਵਿਦਵਾਨ ਪੰਡਤ ਕਰ ਰਹੇ ਸਨ, ਸਰੋਤੇ ਜਨ ਸੁਣ ਰਹੇ ਸਨ। ਉਸ ਨੇ ਸੰਖੇਪ ਮਾਤਰ ਪਹਿਲਾਂ ਹੋ ਚੁਕੀ ਕਥਾ ਨੂੰ ਟੂਕ ਮਾਤਰ ਦਸਦਿਆਂ ਕਿਹਾ, ਸਾਧਸੰਗਤ ਜੀ! ਵੈਸੰਪਾਜਨ ਜੀ ਜਨਮੇਜੇ ਰਾਜੇ ਨੂੰ ਕਹਿ ਰਹੇ ਹਨ ਕਿ ਤੇਰਾ ਪੜਦਾਦਾ ਮਹਾਂਭਾਰਤ ਦੇ ਯੁੱਧ ਵਿਚ ਕੌਰਵਾਂ ਨੂੰ ਹਾਰ ਦੇ ਕੇ, ਥੋੜ੍ਹੀ ਦੇਰ ਰਾਜ ਕਰਨ ਤੋਂ ਪਿਛੋਂ ਚਾਰਾਂ ਭਰਾਵਾਂ ਸਮੇਤ ਬਹੁਤ ਸ਼ੋਕ ਕਰਦਾ ਰਿਹਾ। ਮਹਾਰਾਜਾ ਯੁਧਿਸ਼ਟਰ ਨੂੰ ਭੀਸ਼ਮ ਪਿਤਾਮਾ ਨੇ ਜੋ ਬਾਣਾਂ ਦੀ ਸੇਜਾਂ ਤੇ ਪਿਆ ਸੀ, ਸਮਝਾ ਕੇ ਰਾਜ ਸਿੰਘਾਸ਼ਨ ਤੇ ਬਿਠਾ ਦਿਤਾ। ਉਨ੍ਹਾਂ ਨੇ ਬਹੁਤ ਵਰਸ਼ ਰਾਜ ਕੀਤਾ। ਅਭਿਮੰਨਯੂ ਦੇ ਪੁੱਤਰ ਪਰੀਖਸ਼ਤ

ਨੂੰ ਰਾਜ ਦੇ ਕੇ ਪੰਜੋਂ ਪਾਂਡਵ ਦਰੋਪਤੀ ਨੂੰ ਨਾਲ ਲੈ ਕੇ ਹਿਮਾਲਿਆ ਪਰਬਤ ਨੂੰ ਚਲੇ ਗਏ। ਪਰੀਖਸ਼ਤ ਨੇ ਵੀ ਬਹੁਤ ਵਰਸ ਰਾਜ ਕਰਿਆ ਪਰ ਕਿਉਂਕਿ ਕਲਜੁਗ ਉਸ ਦੇ ਰਾਜ ਵਿਚ ਪ੍ਰਵੇਸ਼ ਕਰ ਚੁਕਿਆ ਸੀ, ਉਸ ਨੇ ਕਲਜੁਗ ਨੂੰ ਆਖਿਆ ਕਿ ਮੇਰੇ ਰਾਜ ਸਮੇਂ ਤੂੰ ਕੋਈ ਮਰਯਾਦਾ ਨਹੀਂ ਵਿਗਾੜਨੀ। ਉਸ ਨੇ ਰਾਜੇ ਨੂੰ ਕਿਹਾ ਕਿ ਮੈਨੂੰ ਇਹ ਦੱਸ ਦੇਵੋ ਕਿ ਮੈਂ ਰਹਾਂ ਕਿਥੇ? ਤਾਂ ਪਰੀਖਸ਼ਤ ਨੇ ਕਿਹਾ ਕਿ ਤੂੰ ਸੋਨੇ ਵਿਚ ਰਹਿ ਸਕਦਾ ਹੈਂ।

ਇਕ ਦਿਨ ਪਰੀਖਸ਼ਤ ਰਾਜਾ ਸ਼ਿਕਾਰ ਖੇਲ੍ਹਣ ਗਿਆ। ਉਸ ਨੇ ਸਿਰ ਉਪਰ ਸੋਨੇ ਦਾ ਤਾਜ ਪਹਿਨਿਆ ਹੋਇਆ ਸੀ ਸੋਨੇ ਵਿਚ ਕਿਉਂਕਿ ਕਲਜੁਗ ਦਾ ਨਿਵਾਸ ਸੀ, ਉਸ ਨੇ ਉਸ ਦੀ ਹੋਸ਼ ਆਪਣੇ ਅਧੀਨ ਕਰ ਲਈ। ਪਰੀਖਸ਼ਤ ਨੇ ਇਕ ਹਰਨ ਦੇ ਪਿਛੇ ਆਪਣਾ ਘੋੜਾ ਲਾਇਆ, ਉਹ ਹਰਨ ਬਹੁਤ ਦੂਰ ਨਿਕਲ ਗਿਆ। ਉਹ ਹਰਨ ਦੀ ਤਲਾਸ਼ ਕਰਦਾ-ਕਰਦਾ ਜੰਗਲ ਵਿਚ ਆ ਗਿਆ। ਇਕ ਰਿਸ਼ੀ ਜੰਗਲ ਵਿਚ ਬੈਠਾ ਸੀ। ਇਸ ਨੇ ਉਸ ਨੂੰ ਪੁਛਿਆ ਕਿ ਹਰਨ ਕਿਧਰ ਗਿਆ ਹੈ? ਉਹ ਸਮਾਧੀ ਸਥਿਤ ਬੈਠਾ ਸੀ। ਉਹ ਬਿਲਕੁਲ ਹੀ ਨਾ ਬੋਲਿਆ ਕਿਉਂਕਿ ਉਸ ਨੇ ਸੁਣਿਆ ਹੀ ਕੁਝ ਨਹੀਂ ਸੀ। ਪੁਰਾਣੇ ਜ਼ਮਾਨਿਆਂ ਵਿਚ ਜਦੋਂ ਸਾਰੀਆਂ ਇੰਦਰੀਆਂ ਨੂੰ ਸੰਕੋਚ ਕੇ ਸਮਾਧੀ ਦੀ ਅਵਸਥਾ ਪ੍ਰਾਪਤ ਹੁੰਦੀ ਸੀ ਤਾਂ ਉਹ ਸੰਸਾਰ ਨੂੰ ਪੂਰੀ ਤਰ੍ਹਾਂ ਭੁੱਲ ਜਾਇਆ ਕਰਦੇ ਸਨ। ਇਥੋਂ ਤਕ ਕਿ ਜੰਗਲ ਦੇ ਹਰਨ ਉਨ੍ਹਾਂ ਦੇ ਸਰੀਰ ਨਾਲ ਖਾਜ ਕਰਨ ਲਈ ਖਹਿਣ ਲੱਗ ਜਾਇਆ ਕਰਦੇ ਸਨ। ਸੋ ਇਸ ਰਿਸ਼ੀ ਨੇ ਕੋਈ ਉਤਰ ਨਾ ਦਿਤਾ। ਕਲਜੁੱਗ ਦੇ ਪ੍ਰਭਾਵ ਕਰਕੇ ਇਹ ਸ਼ਰਧਾ ਤੋਂ ਹੀਣਾ ਹੋ ਚੁਕਿਆ ਸੀ। ਇਸ ਨੇ ਇਹ ਸੋਚਿਆ ਕਿ ਇਹ ਰਿਸ਼ੀ ਮੈਨੂੰ ਪਾਖੰਡ ਕਰਕੇ ਦਿਖਾ ਰਿਹਾ ਹੈ। ਕਲਜੁੱਗ ਦੇ ਅਸਰ ਹੇਠ ਆਏ ਹੋਏ ਨੇ ਇਕ ਮਰਿਆ ਹੋਇਆ ਸੱਪ ਤੀਰ ਨਾਲ ਚੁਕਿਆ ਅਤੇ ਇਸ ਦੇ ਗਲ ਵਿਚ ਪਾ ਦਿਤਾ। ਥੋੜ੍ਹੇ ਸਮੇਂ ਪਿਛੋਂ ਉਸ ਦਾ ਸ਼ਿਸ਼ ਆਇਆ। ਉਸ ਨੇ ਦੇਖਿਆ ਕਿ ਮੇਰੇ ਗੁਰਦੇਵ ਦੇ ਗਲ ਵਿਚ ਕਿਸੇ ਨੇ ਮਰਿਆ ਹੋਇਆ ਸੱਪ ਪਾ ਦਿਤਾ ਹੈ। ਉਸ ਨੇ ਸਰਾਪ ਦਿਤਾ ਕਿ ਜਿਸ ਕਿਸੇ ਭੁੱਲੜ ਨੇ ਮੇਰੇ ਗੁਰਦੇਵ ਦਾ ਨਿਰਾਦਰ ਕੀਤਾ ਹੈ ਉਹ ਤਖਸ਼ਕ ਨਾਗ ਦੇ ਕੱਟਣ ਨਾਲ ਅੱਜ ਤੋਂ ਅੱਠਵੇਂ ਦਿਨ ਨੂੰ ਮਰ ਜਾਵੇਗਾ। ਜਦੋਂ ਰਿਸ਼ੀ ਨੇ ਸਮਾਧੀ ਖੋਲ੍ਹੀ, ਉਸ ਨੂੰ ਸਾਰੀ ਗੱਲ ਦਾ ਪਤਾ ਲੱਗਿਆ ਤਾਂ ਉਹ ਬਹੁਤ ਹੈਰਾਨ ਹੋਇਆ। ਜਦੋਂ ਉਸ ਨੇ ਜਾਣਿਆ ਕਿ ਸੱਪ ਪਾਉਣ ਵਾਲਾ ਤਾਂ ਨੇਕ ਅਤੇ ਧਰਮਾਤਮਾ ਮਹਾਰਾਜਾ ਪਰੀਖਸ਼ਤ ਸੀ ਜੋ ਅਭਿਮੰਨਯੂ ਦਾ ਪੁਤਰ ਸੀ, ਉਸ ਦੇ ਮੁਕਟ ਵਿਚ ਕਲਜੁਗ ਦਾ ਵਾਸਾ ਹੋਣ ਕਰਕੇ ਉਸ ਨੂੰ ਭਲੇ ਬੁਰੇ ਦੀ ਕੋਈ ਵਿਚਾਰ ਨਾ ਰਹੀ। ਉਸ ਨੇ ਆਪਣੇ ਸ਼ਿਸ਼ ਨੂੰ ਕਿਹਾ ਕਿ ਤੂੰ ਸਰਾਪ ਨਹੀਂ ਦੇਣਾ ਸੀ, ਤੇਰੇ ਬਚਨ ਅਮੋਘ ਬਾਣ ਵਰਗੇ ਹਨ, ਹੁਣ ਇਹ ਬਾਣ ਚਲ ਗਿਆ। ਸੰਤ ਦਾ ਬਚਨ ਕਦੇ ਟਲ ਨਹੀਂ ਸਕਿਆ ਕਰਦਾ। ਉਸ ਨੂੰ ਸੱਪ ਨੇ ਸੱਤਾਂ ਦਿਨਾਂ ਪਿਛੋਂ ਜ਼ਰੂਰ ਡੰਗਣਾ ਹੈ। ਸੋ ਤੂੰ ਉਸ ਨੂੰ ਦਸ ਦੇ ਕਿ ਹੁਣ ਇਨ੍ਹਾਂ ਸੱਤਾਂ ਦਿਨਾਂ ਵਿਚ ਆਪਣੀ ਮੁਕਤੀ ਦਾ ਬੰਦੋਬਸਤ ਕਰ ਲਵੇ ਅਤੇ ਸੁਕਦੇਵ ਮੁਨੀ ਨੂੰ ਬੁਲਾ ਕੇ ਉਸ ਤੋਂ ਭਾਗਵਤ ਪੁਰਾਨ ਦੀ ਕਥਾ ਇਕ ਮਨ ਇਕ ਚਿਤ ਹੋ ਕੇ ਸਰਵਣ ਕਰ ਲਵੇ। ਇਸ ਕਥਾ ਨੂੰ ਸੁਣਾਉਣ ਲਈ ਸੁਕਦੇਵ ਮੁਨੀ ਜੋ ਸਰਬੱਗ ਪੁਰਸ਼ ਸਨ ਉਨ੍ਹਾਂ ਨੂੰ ਬੁਲਾ ਕੇ ਪਿਆਰ ਪ੍ਰੇਮ ਨਾਲ ਕਥਾ ਸੁਣੇ। ਸੱਤਾਂ ਦਿਨਾਂ ਬਾਦ ਤਖਸ਼ਕ ਨਾਗ

ਨੇ ਇਕ ਬਹੁਤ ਹੀ ਛੋਟੀ ਕੀੜੀ ਦਾ ਰੂਪ ਧਾਰਿਆ। ਜੋ ਪੁਸ਼ਪ ਮੱਥਾ ਟੇਕਣ ਲਈ ਮੰਗਾਏ ਗਏ ਸਨ ਉਨ੍ਹਾਂ ਵਿਚੋਂ ਇਕ ਫੁੱਲ ਵਿਚ ਬੈਠ ਗਿਆ। ਭੋਗ ਉਪਰੰਤ ਪਰੀਖਸ਼ਤ ਨੂੰ ਰਿਸ਼ੀ ਨੇ ਪ੍ਰਸ਼ਾਦ ਦਿਤਾ। ਜਦੋਂ ਉਸ ਨੇ ਸ਼ਰਧਾ ਪੂਰਵਕ ਮਸਤਕ ਨਾਲ ਲਾਇਆ ਤਾਂ ਉਸ ਇਛਿਆਧਾਰੀ ਸਰਪ ਨੇ ਰਾਜੇ ਪਰੀਖਸ਼ਤ ਦੇ ਮੱਥੇ ਵਿਚ ਡੰਗ ਮਾਰਿਆ। ਉਸ ਨਾਲ ਉਸ ਦੀ ਮੌਤ ਹੋ ਗਈ। ਉਸ ਤੋਂ ਪਿਛੋਂ ਰਾਜਾ ਜਨਮੇਜਾ ਤਖਤ ਉਪਰ ਬੈਠਾ। ਉਸ ਨੇ ਮਹਾਨ ਸਰਪਮੇਧ ਯੱਗ ਕੀਤਾ ਅਤੇ ਜਿਸ ਵਿਚ ਹਰ ਕਿਸਮ ਦੇ ਛੋਟੇ-ਵੱਡੇ ਸੱਪਾਂ ਦਾ ਅਵਾਹਨ ਕੀਤਾ ਪਰ ਜਦੋਂ ਤਖਸ਼ਕ ਨਾਗ ਦੀ ਵਾਰੀ ਆਈ, ਉਸ ਨੇ ਇਕ ਬ੍ਰਹਮਚਾਰੀ ਦਾ ਰੂਪ ਧਾਰਿਆ ਹੋਇਆ ਸੀ। ਮੰਤਰ ਬਲ ਕਰਕੇ ਉਹ ਯੱਗਸ਼ਾਲਾ ਵਲ ਨੂੰ ਖਿਚਿਆ ਜਾ ਰਿਹਾ ਸੀ ਜਿਥੇ ਬਹੁਤ ਵੱਡੀ ਕੁੰਡ ਵਿਚ ਅਗਨ ਜਲਾਈ ਗਈ ਸੀ, ਉਸ ਸਮੇਂ ਉਹ ਵੈਦਕ ਰਿਚਾਂ ਦਾ ਬਹੁਤ ਹੀ ਸੁਰੀਲੀ ਅਵਾਜ਼ ਨਾਲ ਉਚਾਰਨ ਕਰਨ ਲੱਗਿਆ ਅਤੇ ਉਸ ਨੇ ਯੱਗ ਬੰਦ ਕਰਨ ਦਾ ਵਚਨ ਲੈ ਲਿਆ। ਜਨਮੇਜੇ ਰਾਜੇ ਦਾ ਵੀ ਰਾਜ ਖਤਮ ਹੋ ਕੇ ਹੁਣ ਉਸਦਾ ਪੁੱਤਰ ਰਾਜ ਕਰ ਰਿਹਾ ਹੈ। ਭਗਵਾਨ ਕ੍ਰਿਸ਼ਨ ਜੀ ਨੂੰ ਹੋਏ ਨੂੰ 300 ਸਾਲ ਬੀਤ ਚੁਕੇ ਹਨ। ਜਦੋਂ ਇਹ ਕਥਾ ਅਰਜਨ ਨੇ ਸੁਣੀ ਤਾਂ ਅਰਜਨ ਕਹਿਣ ਲੱਗਿਆ ਕਿ ਪੰਡਤ ਜੀ! ਅਜੇ ਤਾਂ ਦੁਆਪਰ ਯੁੱਗ ਹੈ ਅਤੇ ਮੈਂ ਹੀ ਅਰਜਨ ਹਾਂ, ਮੈਂ ਕਿਸੇ ਪਰਬਤ ਵਿਚ ਨਹੀਂ ਗਿਆ ਅਤੇ ਨਾ ਹੀ ਅਸੀਂ ਆਪਣਾ ਰਾਜ ਕਿਸੇ ਨੂੰ ਦਿਤਾ ਹੈ। ਕ੍ਰਿਸ਼ਨ ਮਹਾਰਾਜ ਹੁਣੇ ਮੇਰੇ ਨਾਲ ਸਨ ਅਤੇ ਮੈਨੂੰ ਵੀ ਸਮਝ ਨਹੀਂ ਆਈ ਕਿ ਉਹ ਕਿਥੇ ਚਲੇ ਗਏ। ਮੈਂ ਇਸ਼ਨਾਨ ਕਰਕੇ ਸਰੋਵਰ ਵਿਚੋਂ ਨਿਕਲਿਆ, ਮੈਨੂੰ ਕ੍ਰਿਸ਼ਨ ਮਹਾਰਾਜ ਨਜ਼ਰ ਨਾ ਆਏ। ਮੈਂ ਤਿੰਨ ਦਿਨ, ਤਿੰਨ ਰਾਤਾਂ ਦਾ ਭੁੱਖਾ ਤਿਹਾਇਆ ਉਨ੍ਹਾਂ ਨੂੰ ਟੋਲ੍ਹ ਰਿਹਾ ਹਾਂ। ਉਸ ਵੇਲੇ ਕਥਾਕਾਰ ਨੇ ਕਿਹਾ ਕਿ ਪ੍ਰਦੇਸੀਆ! ਅਰਜਨ ਨੂੰ 300 ਸਾਲ ਹੋ ਚੁਕੇ ਹਨ। ਪਾਂਡਵ ਹਿਮਾਲਿਆ ਪਰਬਤ ਤੇ ਹੇਮਕੁੰਟ ਦੇ ਨੇੜੇ ਬਰਫਾਂ ਵਿਚ ਦਰੋਪਤੀ ਸਮੇਤ ਗਲ ਗਏ ਸਨ, ਤੂੰ ਕੌਣ ਹੋ ਗਿਆ ਅਰਜਨ ਕਹਾਉਣ ਵਾਲਾ। ਐਉਂ ਮਾਲੂਮ ਦਿੰਦਾ ਹੈ ਕਿ ਤੂੰ ਕੋਈ ਪਾਗਲ ਬੰਦਾ ਹੈਂ। ਜੇ ਤੂੰ ਫੇਰ ਇਹੀ ਗੱਲ ਕਰੀ ਤਾਂ ਲੋਕ ਤੈਨੂੰ ਪਾਗਲ ਸਮਝ ਕੇ ਇੱਟਾਂ-ਵੱਟੇ ਮਾਰਨਗੇ ਪਰ ਉਸ ਨੇ ਆਪਣੇ ਆਪ ਨੂੰ ਅਰਜਨ ਹੀ ਕਿਹਾ ਕਿ ਭਗਵਾਨ ਕ੍ਰਿਸ਼ਨ ਮੇਰੇ ਨਾਲ ਸਨ। ਇਹ ਗੱਲ ਸੁਣ ਕੇ ਲੋਕਾਂ ਨੇ ਉਸ ਨੂੰ ਪਾਗਲ ਹੀ ਸਮਝਿਆ ਅਤੇ ਇੱਟਾਂ-ਵੱਟੇ ਮਾਰਨੇ ਸ਼ੁਰੂ ਕਰ ਦਿਤੇ। ਲੋਕਾਂ ਨੇ ਕਿਹਾ ਕਿ ਇਸ ਨੂੰ ਫੜ ਕੇ ਪਾਗਲਖਾਨੇ ਦੇ ਦੇਣਾ ਚਾਹੀਦਾ ਹੈ। ਅਰਜਨ ਆਪਣੇ ਆਪ ਨੂੰ ਭੁੱਲ ਗਿਆ। ਜਦੋਂ ਉਸ ਨੂੰ ਫੇਰ ਪੁਛਿਆ ਗਿਆ ਉਸ ਨੇ ਕਿਹਾ ਮੇਰਾ ਨਾਮ ਪਰਦੇਸੀ ਹੈ। ਉਸੇ ਨਗਰ ਵਿਚ ਉਸ ਨੇ ਰਹਿਣਾ ਸ਼ੁਰੂ ਕਰ ਦਿਤਾ। ਉਥੋਂ ਦੇ ਰਾਜੇ ਨੇ ਇਸ ਦਾ ਬਲ ਅਤੇ ਪ੍ਰਾਕਰਮ ਦੇਖ ਕੇ ਉਸ ਨੂੰ ਆਪਣੀ ਫੌਜ ਵਿਚ ਸੈਨਾਪਤੀ ਬਣਾ ਦਿਤਾ ਅਤੇ ਆਪਣੀ ਲੜਕੀ ਦਾ ਵਿਆਹ ਉਸ ਨਾਲ ਕਰ ਦਿਤਾ। ਅਰਜਨ ਵਿਆਹ ਕਰਕੇ ਰਾਜ ਮਹਿਲਾਂ ਦੇ ਨੇੜੇ ਹੀ, ਰਾਜੇ ਨੇ ਜੋ ਮਹਿਲ ਦੇ ਦਿਤਾ ਸੀ, ਉਸ ਵਿਚ ਸੁਖ ਪੂਰਵਕ ਰਹਿਣ ਲੱਗ ਗਿਆ। ਉਸ ਦੀ ਇਸਤ੍ਰੀ ਬਹੁਤ ਖੂਬਸੂਰਤ ਸੀ, ਉਸ ਨੇ ਇਸ ਨੂੰ ਐਨਾ ਮੋਹਤ ਕੀਤਾ ਕਿ ਇਸ ਨੂੰ ਭਗਵਾਨ ਦੀ ਪੂਜਾ, ਨਿਤਨੇਮ, ਦਾਨ ਸਭ ਕੁਝ ਭੁਲ ਗਿਆ ਅਤੇ ਪੱਕਾ ਨਾਸਤਕ ਬਣ ਗਿਆ। ਇਥੋਂ ਤਕ ਕਿ ਜਦੋਂ ਕੋਈ ਭਗਵਾਨ ਦੀ ਕਥਾ ਸੁਣਾਵੇ ਤਾਂ ਇਹ ਉਸ ਨੂੰ ਡਾਂਟ ਪਾਉਣ ਲਗਦਾ। ਇਸ ਤਰ੍ਹਾਂ ਨਾਲ ਸਮਾਂ ਗੁਜ਼ਰਦਾ

ਗਿਆ। ਤਿੰਨ ਲੜਕੇ ਵੀ ਹੋ ਗਏ ਅਤੇ ਇਸਤ੍ਰੀ ਨਾਲ ਪਿਆਰ ਵਧਦਾ ਹੀ ਚਲਿਆ ਗਿਆ। ਇਕ ਦਿਨ ਉਸ ਦੀ ਇਸਤ੍ਰੀ ਬਿਮਾਰ ਹੋ ਗਈ। ਮਰਨ ਲੱਗੀ ਅਰਜਨ ਨੂੰ ਕਹਿਣ ਲੱਗੀ ਕਿ ਤੂੰ ਮੇਰੇ ਮਰਨ ਪਿਛੋਂ ਦੂਸਰੀ ਸ਼ਾਦੀ ਕਰਾ ਲਵੇਂਗਾ, ਮੇਰੇ ਬੱਚੇ ਅਜੇ ਬਹੁਤ ਛੋਟੇ-ਛੋਟੇ ਹਨ ਇਨ੍ਹਾਂ ਨੂੰ ਬਹੁਤ ਤੰਗੀ ਆਵੇਗੀ। ਤੂੰ ਮੈਨੂੰ ਬਚਨ ਦੇਹ ਕਿ ਤੂੰ ਦੂਜੀ ਸ਼ਾਦੀ ਨਹੀਂ ਕਰਾਵੇਂਗਾ ਕਿਉਂਕਿ ਇਸ ਤਰ੍ਹਾਂ ਕਰਨ ਨਾਲ ਮੇਰੇ ਪੁਤਰਾਂ ਦੀ ਦੁਰਦਸ਼ਾ ਹੋ ਜਾਵੇਗੀ। ਇਹ ਸੁਣ ਕੇ ਅਰਜਨ ਨੇ ਕਿਹਾ ਕਿ ਮੈਂ ਤਾਂ ਤੇਰੇ ਨਾਲ ਹੀ ਚਿਖਾ ਵਿਚ ਜਲ ਕੇ ਮਰ ਜਾਣਾ ਹੈ, ਇਕੱਠੇ ਹੀ ਸਵਰਗ ਲੋਕ ਨੂੰ ਜਾਵਾਂਗੇ।

ਇਸਤ੍ਰੀ ਦੇ ਮਰਨ ਤੇ ਇਸ ਦੀ ਦੁਰਦਸ਼ਾ ਦੇਖ ਕੇ ਭਗਵਾਨ ਨੇ ਊਧਵ ਨੂੰ ਕਿਹਾ ਕਿ ਅਰਜਨ ਨੂੰ ਸਮਝਾ ਬੁਝਾ ਕੇ ਮੇਰੇ ਪਾਸ ਲੈ ਆਵੋ। ਉਸ ਨੇ ਬਾਂਹ ਫੜ ਕੇ ਕਿਹਾ ਕਿ ਚਲੋ! ਭਗਵਾਨ ਕ੍ਰਿਸ਼ਨ ਜੀ ਤੁਹਾਨੂੰ ਬੁਲਾਉਂਦੇ ਹਨ। ਅਰਜਨ ਨੇ ਬੜੇ ਕ੍ਰੋਧ ਨਾਲ ਕਿਹਾ, "ਕੌਣ ਭਗਵਾਨ ਕ੍ਰਿਸ਼ਨ? ਮੈਂ ਅਰਜਨ ਨਹੀਂ ਹਾਂ। ਇਹ ਤਾਂ ਦੋਵੇਂ ਦੁਆਪਰ ਯੁੱਗ ਵਿਚ ਹੋ ਚੁੱਕੇ ਹਨ।" ਊਧਵ ਨੇ ਕਿਹਾ ਕਿ ਤੂੰ ਮੈਨੂੰ ਵੀ ਨਹੀਂ ਪਛਾਣਦਾ, ਮੈਂ ਭਗਵਾਨ ਕ੍ਰਿਸ਼ਨ ਦਾ ਸਖਾ ਹਾਂ, ਮੈਂ ਤੈਨੂੰ ਲੈਣ ਆਇਆ ਹਾਂ। ਇਸ ਤਰ੍ਹਾਂ ਬਹੁਤ ਸਮਝਾਇਆ ਪਰ ਅਰਜਨ ਨੇ ਨਾ ਹੀ ਉਸ ਨੂੰ ਪਹਿਚਾਣਿਆ ਅਤੇ ਨਾ ਹੀ ਉਸ ਦਾ ਕਹਿਣਾ ਮੰਨਿਆ, ਉਲਟਾ ਤ੍ਰਿਸਕਾਰ ਕਰਕੇ ਉਸ ਨੂੰ ਹਟਾ ਦਿਤਾ ਅਤੇ ਇਸਤ੍ਰੀ ਵਾਸਤੇ ਰੁਦਨ ਕਰਨ ਲੱਗਿਆ। ਇਸਤ੍ਰੀ ਦੀ ਅਰਥੀ ਨੂੰ ਸਭ ਲੋਕ ਚੁੱਕ ਕੇ ਸ਼ਮਸ਼ਾਨ ਭੂਮੀ ਵਿਚ ਲੈ ਕੇ ਜਾ ਰਹੇ ਹਨ, ਅਰਜਨ ਉਸ ਦੇ ਨਾਲ ਸੜਨ ਵਾਸਤੇ ਬਹੁਤ ਹੱਠ ਕਰਨ ਲੱਗਿਆ ਤਾਂ ਬ੍ਰਾਹਮਣਾਂ ਨੇ ਕਿਹਾ ਕਿ ਅੱਛਾ, ਇਸ਼ਨਾਨ ਕਰਕੇ ਆ ਕੇ ਚਿਖਾ ਵਿਚ ਪ੍ਰਵੇਸ਼ ਕਰ। ਪਾਸ ਹੀ ਤਲਾਬ ਸੀ। ਇਸ਼ਨਾਨ ਕਰਕੇ ਜਦੋਂ ਬਾਹਰ ਨਿਕਲਿਆ ਤਾਂ ਕੀ ਦੇਖਦਾ ਹੈ ਕਿ ਭਗਵਾਨ ਕ੍ਰਿਸ਼ਨ ਜੀ ਦਾਤਨ ਕਰ ਰਹੇ ਹਨ। ਭਗਵਾਨ ਨੂੰ ਪ੍ਰਤੱਖ ਦੇਖ ਕੇ ਵੀ ਇਸਤ੍ਰੀ ਦੇ ਬੈਰਾਗ ਵਿਚ ਜ਼ੋਰ-ਜ਼ੋਰ ਦੀ ਫੁੱਟ-ਫੁੱਟ ਕੇ ਰੋ ਰਿਹਾ ਹੈ। ਉਹ ਸ਼ਮਸ਼ਾਨ ਭੂਮੀ ਵਿਚ ਜਿਧਰ ਚਿਖਾ ਚਿਣੀ ਹੋਈ ਸੀ ਉਧਰ ਨੂੰ ਦੌੜਨ ਲੱਗਿਆ ਤਾਂ ਭਗਵਾਨ ਨੇ ਉਸ ਦੀ ਬਾਂਹ ਫੜ ਲਈ। ਭਗਵਾਨ ਨੇ ਉਸ ਦੇ ਹਲਕੀ ਜਿਹੀ ਚਪੇੜ ਮਾਰ ਕੇ ਮਾਇਆ ਲਾਹ ਦਿਤੀ। ਕੀ ਦੇਖਦਾ ਹੈ ਉਸ ਦੇ ਸਾਮ੍ਹਣੇ ਉਸ ਦਾ ਰੱਥ ਖੜ੍ਹਾ ਹੈ ਤੇ ਕ੍ਰਿਸ਼ਨ ਮਹਾਰਾਜ ਦਾਤਨ ਕਰ ਰਹੇ ਹਨ। ਨਾ ਹੀ ਸ਼ਮਸ਼ਾਨ ਭੂਮੀ, ਨਾ ਹੀ ਉਸ ਨੂੰ ਇਸਤ੍ਰੀ ਨਜ਼ਰ ਆਈ ਬਹੁਤ ਹੀ ਹੈਰਾਨ ਹੋਇਆ ਅਤੇ ਕਹਿਣ ਲੱਗਿਆ ਹੇ ਭਗਵਾਨ! ਤੇਰੀ ਮਾਇਆ ਅਪਰ ਅਪਾਰ ਹੈ, ਇਸ ਅੱਗੇ ਕੋਈ ਵੀ ਠਹਿਰ ਨਹੀਂ ਸਕਦਾ। ਬਹੁਤ ਸ਼ਰਮਿੰਦਾ ਹੋ ਕੇ ਭਗਵਾਨ ਦੇ ਚਰਨਾਂ ਵਿਚ ਗਿਰ ਗਿਆ ਅਤੇ ਕਿਹਾ ਕਿ ਹੇ ਭਗਵਾਨ! ਤੇਰੀ ਮਾਇਆ ਨੇ ਮੈਨੂੰ ਬਿਲਕੁਲ ਭੁਲਾ ਦਿਤਾ ਅਤੇ ਇਸ ਮਾਇਕ ਸਮੇਂ ਵਿਚ ਫੌਜਾਂ ਦਾ ਸੈਨਾਪਤੀ ਵੀ ਬਣਿਆ, ਤਿੰਨ ਪੁੱਤਰ ਵੀ ਹੋਏ, ਬਹੁਤ ਹੀ ਸੁੰਦਰ ਇਸਤ੍ਰੀ ਨਾਲ ਸਾਥ ਹੋਇਆ, ਮੈਂ ਹੈਰਾਨ ਹਾਂ ਕਿ ਤੇਰੀ ਮਾਇਆ ਕਿੰਨੀ ਪ੍ਰਬਲ ਹੈ। ਤਾਂ ਭਗਵਾਨ ਨੇ ਕਿਹਾ ਕਿ ਹੇ ਅਰਜਨ! ਤੈਨੂੰ ਮੈਂ ਇਹ ਅੰਸ ਮਾਤਰ ਹੀ ਮਾਇਆ ਦਿਖਾਈ ਹੈ। ਇਹ ਜੋ ਤੂੰ ਦੇਖਿਆ ਹੈ ਇਹ ਭਵਿੱਖਤ ਵਿਚ ਹੋਵੇਗਾ। ਤੇਰੇ ਪੋਤਰੇ ਪਰੀਖਸ਼ਤ ਨੂੰ ਰਾਜ ਮਿਲੇਗਾ ਅਤੇ ਤਖਸ਼ਕ ਨਾਗ ਦੇ ਕੱਟਣ ਨਾਲ ਸਰੀਰ ਛੱਡੇਗਾ। ਜਨਮੇਜਾ ਵੀ ਬਹੁਤ

ਪ੍ਰਤਾਪ ਵਾਲਾ ਰਾਜਾ ਹੋਵੇਗਾ। ਵੈਸ਼ੰਪਾਯਨ ਨੇ ਮਹਾਂਭਾਰਤ ਦੀ ਕਥਾ ਸੁਣਾਈ, ਇਹ ਸਭ ਕੁਝ ਹੋਵੇਗਾ। ਮੇਰੀ ਮਾਇਆ ਨੇ ਤੈਨੂੰ ਪਹਿਲਾਂ ਹੀ ਅਨੁਭਵ ਕਰਾ ਦਿਤਾ ਕਿ ਮਾਇਆ ਇਸ ਪ੍ਰਕਾਰ ਜੀਵ ਨੂੰ ਬੰਨ੍ਹ ਲੈਂਦੀ ਹੈ।

ਸੰਤ ਮਹਾਰਾਜ ਜੀ ਨੇ ਸਾਰੇ ਜਗਿਆਸੂਆਂ ਨੂੰ ਕਿਹਾ ਕਿ ਪਿਆਰਿਓ! ਮਾਇਆ ਬਹੁਤ ਮੋਹਣੀ ਹੈ ਜਿਸ ਤਰ੍ਹਾਂ ਫੁਰਮਾਨ ਹੈ –

***ਮਾਇਆ ਐਸੀ ਮੋਹਨੀ ਭਾਈ॥***
***ਜੇਤੇ ਜੀਅ ਤੇਤੇ ਡਹਕਾਈ॥*** ***ਪੰਨਾ – 1160***

ਸੋ ਆਪ ਜੀ ਨੇ ਇਸ ਚੌਥੀ ਕਿਸਮ ਦੀ ਮਾਇਆ ਦਾ ਬਹੁਤ ਹੀ ਵਿਸਥਾਰ ਨਾਲ ਵਰਣਨ ਕੀਤਾ। ਸਾਰਾ ਸੰਸਾਰ ਆਪਣੇ ਸਰੂਪ ਨੂੰ ਭੁਲਿਆ ਹੋਇਆ ਆਪਣੇ ਆਪ ਨੂੰ ਸਾਢੇ ਤਿੰਨ ਹੱਥ ਦੀ ਦੇਹ ਹੀ ਮੰਨਦਾ ਹੈ। ਇਹ ਜੋਤੀ ਸਰੂਪ ਹੈ। ਮਹਾਰਾਜ ਜੀ ਕਹਿੰਦੇ ਹਨ –

***ਮੁੰਢਹੁ ਭੁਲੀ ਨਾਨਕਾ ਫਿਰਿ ਫਿਰਿ ਜਨਮਿ ਮੁਈਆਸੁ॥***
***ਕਸਤੂਰੀ ਕੈ ਭੋਲੜੈ ਗੰਦੇ ਡੁੰਮਿ ਪਈਆਸੁ॥*** ***ਪੰਨਾ – 89***

ਮਾਇਆ ਦਾ ਵਸ ਕੀਤਾ ਹੋਇਆ ਜੀਵ ਇਸ ਸਰੀਰ ਵਿਚ ਆਤਮ ਰੂਪੀ ਅੰਮ੍ਰਿਤ ਨੂੰ ਭੁੱਲ ਕੇ ਵਿਸ਼ੇ-ਵਿਕਾਰਾਂ ਵਿਚ ਭਟਕਦਾ ਫਿਰਦਾ ਹੈ। ਜਿਸ ਤਰ੍ਹਾਂ ਦੇ ਨਾਲ ਹਰਨ ਦੇ ਨੇਫੇ ਵਿਚ ਕਸਤੂਰੀ ਹੁੰਦੀ ਹੈ ਪਰ ਉਹ ਵਾਸ਼ਨਾ ਨੂੰ ਲੱਭਣ ਲਈ ਝਾੜਾਂ ਵਿਚ ਮੂੰਹ ਦਿੰਦਾ ਹੈ। ਆਤਮ ਵਸਤੂ ਨੂੰ ਛੱਡ ਕੇ ਨਾ ਥਿਰ ਰਹਿਣ ਵਾਲੇ ਮਾਇਕ ਸੰਸਾਰ ਵਿਚ ਪਰਚ ਜਾਂਦਾ ਹੈ, ਬਿਹੁ ਇਕੱਠੀ ਕਰਦਾ ਹੈ, ਵਿਹੁ ਖਾਂਦਾ ਹੈ ਪਰ ਕਿਸੇ ਵਿਰਲੇ ਗੁਰਮੁਖ ਨੂੰ ਸੋਝੀ ਆਉਂਦੀ ਹੈ –

***ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ ਮਨਮੁਖਾ ਸਾਦੁ ਨ ਪਾਇਆ॥***
***ਜਿਉ ਕਸਤੂਰੀ ਮਿਰਗੁ ਨ ਜਾਣੈ ਭ੍ਰਮਦਾ ਭਰਮਿ ਭੁਲਾਇਆ॥***
***ਅੰਮ੍ਰਿਤੁ ਤਜਿ ਬਿਖੁ ਸੰਗ੍ਰਹੈ ਕਰਤੈ ਆਪਿ ਖੁਆਇਆ॥***
***ਗੁਰਮੁਖਿ ਵਿਰਲੇ ਸੋਝੀ ਪਈ ਤਿਨਾ ਅੰਦਰਿ ਬ੍ਰਹਮੁ ਦਿਖਾਇਆ॥***
***ਤਨੁ ਮਨੁ ਸੀਤਲੁ ਹੋਇਆ ਰਸਨਾ ਹਰਿ ਸਾਦੁ ਆਇਆ॥***
***ਸਬਦੇ ਹੀ ਨਾਉ ਊਪਜੈ ਸਬਦੇ ਮੇਲਿ ਮਿਲਾਇਆ॥***
***ਬਿਨੁ ਸਬਦੈ ਸਭੁ ਜਗੁ ਬਉਰਾਨਾ ਬਿਰਥਾ ਜਨਮੁ ਗਵਾਇਆ॥***
***ਅੰਮ੍ਰਿਤੁ ਏਕੋ ਸਬਦੁ ਹੈ ਨਾਨਕ ਗੁਰਮੁਖਿ ਪਾਇਆ॥ ਪੰਨਾ – 644***

ਸੰਤ ਮਹਾਰਾਜ ਜੀ ਨੇ ਫੁਰਮਾਨ ਕੀਤਾ ਕਿ ਪਿਆਰਿਓ! ਮਾਇਆ ਦੇ ਅਸਰ ਵਿਚ ਜੀਵ ਪੂਰੀ ਤਰ੍ਹਾਂ ਭੁੱਲ ਜਾਇਆ ਕਰਦਾ ਹੈ ਜਿਸ ਤਰ੍ਹਾਂ ਮਹਾਂਪੁਰਸ਼ਾਂ ਤੋਂ ਇਕ ਕਥਾ ਸੁਣਦੇ ਹਾਂ ਕਿ ਇਕ ਵਾਰੀ ਇਕ ਗਡਰੀਆ ਆਪਣੇ ਇਜੜ ਲੈ ਕੇ ਜੰਗਲ ਵਿਚੋਂ ਲੰਘ ਰਿਹਾ ਸੀ। ਉਥੇ ਇਕ ਦੋ ਦਿਨ ਦਾ ਸ਼ੇਰ ਦਾ ਬੱਚਾ ਦ੍ਰਿਸ਼ਟੀ ਆਇਆ, ਉਸ ਨੇ ਉਸ ਸਿੰਘ ਦੇ ਬੱਚੇ ਨੂੰ ਚੁੱਕ ਲਿਆ ਅਤੇ ਭੇਡਾਂ ਦਾ ਦੁਧ ਪਿਲਾ-ਪਿਲਾ ਕੇ ਉਸ ਨੂੰ ਵੱਡਾ ਕਰ ਲਿਆ। ਉਹ ਭੇਡਾਂ ਨਾਲ ਰਹਿਣ ਲੱਗ ਗਿਆ। ਆਪਣੀ ਬੋਲੀ ਭੁੱਲ ਗਿਆ, ਆਪਣੇ ਆਪ ਨੂੰ ਭੁਲ ਗਿਆ ਅਤੇ ਇਕ ਡਰਨ ਵਾਲਾ ਜੀਵ ਭੇਡ ਰੂਪ ਵਿਚ ਆਪਣੇ ਆਪ ਨੂੰ ਸਮਝਣ ਲੱਗ ਗਿਆ। ਇਕ ਵਾਰੀ ਉਸ ਜੰਗਲ ਵਿਚੋਂ

ਇਕ ਸਿੰਘ ਗਰਜਦਾ ਹੋਇਆ ਭੇਡਾਂ ਵਲ ਨੂੰ ਆਇਆ, ਸਾਰੀਆਂ ਭੇਡਾਂ ਡਰ ਕੇ ਭੱਜ ਗਈਆਂ। ਸਿੰਘ ਦਾ ਬੱਚਾ ਭੀ ਉਨ੍ਹਾਂ ਦੇ ਨਾਲ ਦੌੜਦਾ-ਦੌੜਦਾ ਇਕ ਤਲਾਅ ਤੇ ਪਹੁੰਚਿਆ। ਉਸ ਨੇ ਪਾਣੀ ਵਿਚ ਆਪਣਾ ਮੂੰਹ ਦੇਖਿਆ ਤਾਂ ਕੀ ਦੇਖਦਾ ਹੈ ਕਿ ਮੇਰਾ ਮੂੰਹ ਤਾਂ ਉਸ ਸ਼ੇਰ ਦੇ ਮੂੰਹ ਨਾਲ ਮਿਲਦਾ ਹੈ ਜਿਸ ਤੋਂ ਡਰ ਕੇ ਇਹ ਭੇਡਾਂ ਨੱਠ ਆਈਆਂ ਹਨ। ਇਸ ਸ਼ੇਰ ਨੇ ਆ ਕੇ ਇਸ ਨੂੰ ਦਸਿਆ ਕਿ ਤੂੰ ਭੇਡ ਨਹੀਂ ਹੈਂ, ਤੂੰ ਮੇਰੇ ਨਾਲ ਆ ਕੇ ਗਰਜਨਾ ਕਰ, ਉਸ ਨੇ ਗਰਜਨਾ ਦੱਸਿਆ ਅਤੇ ਕਿਹਾ ਕਿ ਇਹ ਭੇਡਾਂ ਤਾਂ ਤੇਰਾ ਖਾਜਾ ਹਨ, ਅਸਾਨੂੰ ਅਕਾਲ ਪੁਰਖ ਨੇ ਬੜਾ ਸ਼ਕਤੀਸ਼ਾਲੀ ਬਣਾਇਆ ਹੈ। ਜਦੋਂ ਉਸ ਨੇ ਸ਼ੇਰ ਨਾਲ ਗਰਜਨਾ ਕੀਤੀ ਤਾਂ ਉਸ ਨੂੰ ਨਿਸ਼ਚਾ ਹੋ ਗਿਆ ਕਿ ਮੈਂ ਭੇਡ ਨਹੀਂ, ਸ਼ੇਰ ਹਾਂ। ਇਸ ਤਰ੍ਹਾਂ ਮਹਾਂਪੁਰਸ਼ ਕਹਿਣ ਲੱਗੇ ਕਿ ਤੁਹਾਡੇ ਨਾਲ ਵੀ ਇਸੇ ਤਰ੍ਹਾਂ ਹੋਇਆ ਹੈ। ਤੁਸੀਂ ਮਾਇਆ ਵਿਚ ਭੁੱਲੇ ਹੋਏ ਆਪਣੇ ਆਪ ਨੂੰ ਪੰਜਾਂ ਤੱਤਾਂ ਦੀ ਬਣੀ ਹੋਈ ਨਾਸ਼ਵਾਨ ਸਾਢੇ ਤਿੰਨ ਹੱਥ ਦੀ ਦੇਹ ਸਮਝ ਕੇ ਕਾਲੇ, ਗੋਰੇ, ਅਮੀਰ, ਗਰੀਬ, ਹਿੰਦੂ, ਤੁਰਕ, ਊਚ, ਨੀਚ ਦੀ ਉਪਾਧੀ ਖਾਹਮ-ਖਾਹ ਧਾਰਨ ਕਰ ਰਹੇ ਹੋਂ। ਪੰਜ ਤੱਤ ਦੇ ਸਰੀਰ ਤੁਸੀਂ ਨਹੀਂ ਹੋਂ, ਇਹ ਤਾਂ ਤੁਹਾਡੀ ਇਕ ਸੰਸਾਰਕ ਕਾਰਜ ਕਰਨ ਵਾਸਤੇ ਮਸ਼ੀਨ ਹੈ। ਤੁਹਾਨੂੰ ਇਹ ਭਰਮ ਹੋ ਗਿਆ ਹੈ ਕਿ ਮੈਂ ਜੀਵ ਹਾਂ, ਇਸ ਤੋਂ ਨੀਵੇਂ ਜਾ ਕੇ ਪੱਕੇ ਨਿਸ਼ਚੇ ਨਾਲ ਤੁਸੀਂ ਇਹ ਮੰਨ ਲਿਆ ਹੈ ਕਿ ਮੈਂ ਸਰੀਰ ਹਾਂ, ਮੈਂ ਹਿੰਦੂ ਹਾਂ, ਮੈਂ ਸਿੱਖ ਹਾਂ, ਮੈਂ ਪੁੰਨੀ ਹਾਂ, ਮੈਂ ਪਾਪੀ ਹਾਂ; ਇਹ ਭਰਮ ਉਸ ਸਮੇਂ ਤਕ ਦੂਰ ਨਹੀਂ ਹੁੰਦਾ ਜਦੋਂ ਤਕ ਸਮਰੱਥ ਗੁਰੂ ਇਸ ਜੀਵ ਨੂੰ ਸਾਧਨਾ ਸਪੰਨ ਕਰਾ ਕੇ, ਇਸ ਨੂੰ ਗੁਰ ਸ਼ਬਦ ਰਾਹੀਂ ਇਸ ਦੇ ਸਰੂਪ ਦਾ ਨਿਸ਼ਚਾ ਨਹੀਂ ਕਰਾਉਂਦਾ। ਇਹ ਭਰਮ ਗੁਰੂ ਦੀ ਕ੍ਰਿਪਾ ਤੋਂ ਬਗੈਰ ਨਹੀਂ ਟੁਟਿਆ ਕਰਦਾ। ਮਹਾਂਪੁਰਸ਼ ਇਹ ਕਹਿੰਦੇ ਹਨ ਕਿ ਆਪਣੇ ਅਸਲੀ ਸਰੂਪ ਨੂੰ ਜਾਣ, ਤੂੰ ਜੀਵ ਨਹੀਂ ਹੈਂ, ਤੂੰ ਆਪ ਹੀ ਬ੍ਰਹਮ ਹੈਂ, ਜੀਵ ਭਾਵ ਮਾਇਆ ਦੇ ਅਸਰ ਕਰਕੇ ਤੈਨੂੰ ਪ੍ਰਤੀਤ ਦੇ ਰਿਹਾ ਹੈ। ਤੂੰ ਜੀਵ ਭਾਵ ਛੱਡ ਕੇ ਐਸਾ ਨਿਸ਼ਚਾ ਕਰ ਕਿ ਮੈਂ ਬ੍ਰਹਮ ਹਾਂ-ਮੈਂ ਬ੍ਰਹਮ ਹਾਂ-ਮੈਂ ਬ੍ਰਹਮ ਹਾਂ; ਮੈਂ ਸਰੀਰ ਨਹੀਂ ਹਾਂ, ਮੈਂ ਜੀਵ ਨਹੀਂ ਹਾਂ, ਇਹ ਜੀਵ ਭਾਵ ਅਗਿਆਨ ਕਰਕੇ ਮੈਂ ਮੰਨਦਾ ਸਾਂ।

ਇਕ ਮਹਾਤਮਾ ਨੇ ਵਿਚਾਰ ਸਾਗਰ ਵਿਚ ਫੁਰਮਾਨ ਕੀਤਾ ਹੈ -

***ਕਰਮ ਉਪਾਸਨ ਕੀਨੇ ਭਾਰੀ। ਔਰ ਅਧਿਕ ਜਗ ਫਾਸੀ ਡਾਰੀ।***<br>
***ਆਪ ਉਪਾਯ ਕਹੋ ਗੁਰਦੇਵਾ। ਹੋਵੈ ਜਾਤੇ ਭਵਦੁਖ ਛੇਵਾ।।***<br>
***ਪੁਨ ਚਾਹਤ ਹਮ ਪਰਮਾਨੰਦਾ। ਤਾਕੋ ਕਹੋ ਉਪਾਯ ਸੁਛੰਦਾ॥***<br>
***ਸ੍ਰੀ ਗੁਰੂ ਵਾਚ॥***<br>
***ਪਰਮਾਨੰਦ ਮਿਲਾਪ ਤੂੰ ਜੋ ਸ਼ਿਸ਼ ਚਹੇਂ ਸੁਜਾਨ।***<br>
***ਜਨਮਾਦਿਕ ਦੁਖ ਨਾਸ਼ ਪੁਨ ਭ੍ਰਾਂਤਿ ਜਨਯ ਤਹਿ ਮਾਨ।***<br>
***ਪਰਮਾਨੰਦ ਸਰੂਪ ਤੂੰ ਨਹ ਤੋਮੈਂ ਦੁਖ ਲੇਸ਼।***<br>
***ਅਜ ਅਬਿਨਾਸ਼ੀ ਬ੍ਰਹਮ ਚਿਤ ਜਿਨ ਆਨੇ ਹੀਏ ਕਲੇਸ਼।***

***ਵਿਚਾਰ ਸਾਗਰ***

ਮਹਾਂਪੁਰਸ਼ ਕਹਿੰਦੇ ਹਨ ਕਿ ਹੇ ਸ਼ਿਸ਼! ਤੈਨੂੰ ਜੋ ਪ੍ਰਮ ਅਨੰਦ ਦੀ ਪ੍ਰਾਪਤੀ ਅਤੇ ਦੁਖ ਨਿਵਾਰਨ ਦੀ ਇਛਾ ਹੈ ਉਹ ਕੇਵਲ ਭਰਮ ਕਰਕੇ ਹੀ ਹੈ। ਤੂੰ

ਆਪਣੇ ਸਰੂਪ ਨੂੰ ਪੂਰੀ ਤਰ੍ਹਾਂ ਭੁੱਲ ਚੁਕਿਆ ਹੈਂ, ਤੂੰ ਇਹ ਨਹੀਂ ਜਾਣਦਾ ਕਿ ਤੂੰ ਖੁਦ ਹੀ ਪ੍ਰਮ ਅਨੰਦ ਸਰੂਪ ਹੈਂ। ਤੇਰੇ ਵਿਚ ਤਿੰਨ ਕਾਲ ਦੁਖ ਹੈ ਹੀ ਨਹੀਂ ਜਿਵੇਂ ਕਿ ਗੁਰੂ ਮਹਾਰਾਜ ਜੀ ਕਹਿੰਦੇ ਹਨ –

***ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥ ਪੰਨਾ – 441***

ਤੈਨੂੰ ਆਪਣੇ ਆਪ ਦਾ ਗਿਆਨ ਪੂਰੀ ਤਰ੍ਹਾਂ ਭੁੱਲ ਚੁਕਿਆ ਹੈ ਜਿਵੇਂ –

***ਜੈਸੇ ਕੁਰੰਕ ਨਹੀ ਪਾਇਓ ਭੇਦੁ॥***
***ਤਨਿ ਸੁਗੰਧ ਢੂਢੈ ਪ੍ਰਦੇਸੁ॥***
***ਅਪ ਤਨ ਕਾ ਜੋ ਕਰੇ ਬੀਚਾਰੁ॥***
***ਤਿਸੁ ਨਹੀ ਜਮ ਕੰਕਰੁ ਕਰੇ ਖੁਆਰੁ॥ ਪੰਨਾ – 1196***

ਇਸ ਤਰ੍ਹਾਂ ਰਾੜਾ ਸਾਹਿਬ ਢੱਕੀ ਵਿਚ ਘੋਰ ਤਪਸਿਆ ਸ਼ੁਰੂ ਹੋਈ ਅਤੇ 18 ਦੇ ਕਰੀਬ ਪ੍ਰੇਮੀ ਛੇ ਸਾਲ ਮੋਨ ਵਰਤ ਧਾਰ ਕੇ ਆਤਮ ਚਿੰਤਨ ਕਰ ਰਹੇ ਸਨ ਅਤੇ ਸਮੇਂ-ਸਮੇਂ ਸੰਤ ਮਹਾਰਾਜ ਜੀ ਸਾਰਿਆਂ ਨੂੰ ਇਕੱਠਾ ਕਰ ਲੈਂਦੇ ਸਨ ਅਤੇ ਬਹੁਤ ਹੀ ਗਿਆਨ ਪੂਰਵਕ ਬਚਨ ਕਰਿਆ ਕਰਦੇ ਸੀ ਜਿਸ ਤਰ੍ਹਾਂ ਕਿ ਫੁਰਮਾਨ ਹੈ –

***ਸੋ ਪ੍ਰਭੁ ਦੂਰਿ ਨਾਹੀ, ਪ੍ਰਭੁ ਤੂੰ ਹੈ॥***
***ਸਭੁ ਜਗੁ ਦੇਖਿਆ ਮਾਇਆ ਛਾਇਆ॥***
***ਨਾਨਕ ਗੁਰਮਤਿ ਨਾਮੁ ਧਿਆਇਆ॥ ਪੰਨਾ – 354***

ਸੰਤ ਮਹਾਰਾਜ ਜੀ ਨੇ ਫੁਰਮਾਇਆ ਕਿ ਦੇਖੋ ਪ੍ਰੇਮੀਓ! ਇਹ ਮਾਇਆ ਸਾਰੀਆਂ ਹੋਰ ਮਾਇਆਂ ਤੋਂ ਪ੍ਰਬਲ ਹੈ। ਉਹ ਮਾਇਆ ਦੇ ਰੂਪ ਵੀ ਇਸ ਵਿਚ ਹੀ ਆ ਜਾਇਆ ਕਰਦੀਆਂ ਹਨ।

ਰਾਜਾ ਜਨਕ ਜੀ ਨੇ ਇਕ ਵਾਰੀ ਇਕ ਭਿਆਨਕ ਸੁਪਨਾ ਆਉਣ ਤੇ ਭਾਰਤ ਵਰਸ਼ ਦੇ ਸਾਰੇ ਰਿਸ਼ੀਆਂ ਮੁਨੀਆਂ, ਵਿਦਵਾਨਾਂ ਨੂੰ ਮਿਥਲਾਪੁਰੀ ਵਿਚ ਇਕੱਠਾ ਕੀਤਾ ਅਤੇ ਇਕ ਪ੍ਰਸ਼ਨ ਕੀਤਾ ਕਿ **'ਇਹ ਸੱਚਾ ਕਿ ਉਹ ਸੱਚਾ'** ਉਸ ਵੇਲੇ ਸਾਰੇ ਭਾਰਤ ਵਰਸ਼ ਦੇ ਵੱਡੇ-ਵੱਡੇ ਰਿਸ਼ੀ ਮੁਨੀ ਮਿਥਲਾਪੁਰੀ ਵਿਚ ਆਏ ਪਰ ਕੋਈ ਵੀ ਇਸਦਾ ਸਹੀ ਜਵਾਬ ਨਾ ਦੇ ਸਕਿਆ। ਇਸ ਤਰ੍ਹਾਂ ਦੇ ਨਾਲ ਅੱਠ ਸਾਲ ਲੰਘ ਗਏ। ਇਹ ਗੱਲ ਸੁਣ ਕੇ ਇਕ ਅਸ਼ਟਾਬਕ੍ਰ ਨਾਮ ਦਾ ਬਾਲ ਯੋਗੀ, ਜਿਸ ਦਾ ਪਿਤਾ ਰਾਜਾ ਜਨਕ ਪਾਸ ਅੱਠ ਸਾਲ ਤੋਂ ਰੁਕਿਆ ਹੋਇਆ ਸੀ, ਨੂੰ ਪਤਾ ਲੱਗਿਆ। ਆਪਣੀ ਮਾਂ ਤੋਂ ਆਗਿਆ ਲੈ ਕੇ ਪਾਲਕੀ ਵਿਚ ਬੈਠ ਕੇ ਮਿਥਲਾਪੁਰੀ ਪਹੁੰਚਿਆ। ਉਸਦੇ ਸਰੀਰ ਵਿਚ ਅੱਠ ਵਲ੍ਹ ਪੈਂਦੇ ਸਨ ਜਿਸ ਕਰਕੇ ਉਸ ਦਾ ਨਾਮ ਅਸ਼ਟਾਵਕਰ ਹੋ ਗਿਆ। ਲੋਕ ਉਸਦੇ ਸਰੀਰ ਦੇ ਵਲ੍ਹਾਂ ਕਰਕੇ ਹੀ ਉਸ ਨੂੰ ਅਸ਼ਟਾਵਕਰ ਆਖਦੇ ਸਨ। ਅਸ਼ਟਾਵਕਰ ਨੇ ਰਾਜੇ ਜਨਕ ਨੂੰ ਸੰਦੇਸ਼ਾ ਭੇਜ ਦਿਤਾ ਕਿ ਮੈਂ ਤੇਰੇ ਪ੍ਰਸ਼ਨ ਦਾ ਉਤਰ ਦੇਣ ਵਾਸਤੇ ਮਿਥਲਾਪੁਰੀ ਵਿਚ ਤੈਨੂੰ ਮਿਲਣਾ ਚਾਹੁੰਦਾ ਹਾਂ। ਰਾਜੇ ਜਨਕ ਨੇ ਦੂਸਰੇ ਦਿਨ ਦਰਬਾਰ ਕੀਤਾ ਅਤੇ ਆਪਣੇ ਪ੍ਰਸ਼ਨ ਦਾ 'ਇਹ ਸੱਚਾ ਜਾਂ ਉਹ ਸੱਚਾ' ਦਾ ਉਤਰ ਲੈਣ ਲਈ ਇਸ ਬਾਲ ਰਿਸ਼ੀ ਨੂੰ ਬੜੇ ਸਤਿਕਾਰ

ਨਾਲ ਨਿਮੰਤ੍ਰਣ ਦਿਤਾ। ਇਹ ਸਵਾਲ ਇਕ ਐਸਾ ਸੁਪਨਾ ਆਉਣ ਕਰਕੇ ਰਾਜੇ ਜਨਕ ਦੇ ਮਨ ਵਿਚ ਬੇਚੈਨੀ ਪੈਦਾ ਕਰ ਰਿਹਾ ਸੀ, ਪੂਰੀ ਵਾਰਤਾ ਇਸ ਤਰ੍ਹਾਂ ਹੈ ਕਿ –

ਮਿਥਲਾਪੁਰੀ ਵਿਚ 12 ਵਜੇ ਦਿਨ ਦੇ, ਜੇਠ ਦੇ ਮਹੀਨੇ ਜਦੋਂ ਬਹੁਤ ਗਰਮੀ ਸੀ। ਬਹੁਤ ਗਰਮ ਹਵਾ ਚਲ ਰਹੀ ਸੀ। ਗਰਮੀ ਨੂੰ ਦੂਰ ਕਰਨ ਵਾਸਤੇ ਆਪਣੇ ਰੰਗ ਮਹੱਲ ਨੂੰ ਠੰਢੀਆਂ ਚੀਜ਼ਾਂ ਨਾਲ ਠੰਢਾ ਕਰ ਰਿਹਾ ਸੀ। ਹਰ ਦਰਵਾਜ਼ੇ ਅਤੇ ਖਿੜਕੀ ਉਤੇ ਖਸ ਦੇ ਪੜਦੇ ਲੱਗੇ ਹੋਏ ਸਨ। ਉਨ੍ਹਾਂ ਉਤੇ ਹੀ ਗੁਲਾਬ ਛਿੜਕਿਆ ਜਾਂਦਾ ਸੀ ਅਤੇ ਹੋਰ ਅਨੇਕਾਂ ਕਿਸਮ ਦੀਆਂ ਖੁਸ਼ਬੂਆਂ ਕਿਓੜੇ ਆਦਿ ਦੇ ਫੁਹਾਰੇ ਲੱਗੇ ਹੋਏ ਸਨ। ਰਾਜਾ ਜਨਕ ਫੁੱਲਾਂ ਨਾਲ ਸਜਾਏ ਹੋਏ ਸਵਰਨ ਪਲੰਘ ਤੇ ਅਰਾਮ ਕਰ ਰਿਹਾ ਸੀ ਅਤੇ ਮਹਾਰਾਣੀਆਂ ਚੰਦਨ ਵਗੈਰਾ ਲਗਾ ਕੇ ਗਰਮੀ ਤੋਂ ਆਪਣੇ ਸਰੀਰ ਨੂੰ ਬਚਾ ਰਹੀਆਂ ਸਨ। ਪਲੰਘ ਤੇ ਲੇਟੇ ਹੋਏ ਮਹਾਰਾਜਾ ਜਨਕ ਦੀ ਅੱਖ ਲੱਗ ਗਈ ਅਤੇ ਇਕ ਅਦਭੁੱਤ ਸੁਪਨਾ ਦੇਖਿਆ ਜੋ ਪਿਛਲੇ ਕਿਸੀ ਜਨਮ ਵਿਚ ਇਸ ਨਾਲ ਬੀਤਿਆ ਹੋਇਆ ਸੀ। ਪਿਛਲੇ ਜਨਮਾਂ ਦੇ ਸੰਸਕਾਰ ਕਈ ਸੁਪਨਿਆਂ ਵਿਚ ਸਿਮ੍ਰਿਤ ਹੋ ਜਾਂਦੇ ਹਨ। ਵੱਡੀਆਂ-ਵੱਡੀਆਂ ਕੋਠੀਆਂ ਵਿਚ ਰਹਿਣ ਵਾਲਿਆਂ ਨੂੰ ਸੁਪਨੇ ਆਇਆ ਕਰਦੇ ਹਨ ਕਿ ਉਹ ਗੰਦੀਆਂ ਬਸਤੀਆਂ, ਟੁੱਟੇ ਹੋਏ ਘਰਾਂ ਵਿਚ ਰਹਿ ਰਹੇ ਹਨ। ਦੁਖ ਸੁਖ ਵੀ ਪ੍ਰਤੱਖ ਰੂਪ ਵਿਚ ਦੇਖ ਲਿਆ ਕਰਦੇ ਹਨ। ਇਸੇ ਤਰ੍ਹਾਂ ਨਾਲ ਰਾਜੇ ਜਨਕ ਨੇ ਸੁਪਨੇ ਵਿਚ ਦੇਖਿਆ ਕਿ ਉਸ ਤੋਂ ਕੋਈ ਬਹੁਤ ਭਾਰੀ ਪਾਪ ਹੋ ਗਿਆ, ਪ੍ਰਜਾ ਉਸ ਪਾਪ ਦੇ ਪ੍ਰਭਾਵ ਕਰਕੇ ਉਸ ਤੋਂ ਬਹੁਤ ਘ੍ਰਿਣਾ ਕਰ ਰਹੀ ਹੈ ਅਤੇ ਰਾਜ ਗੱਦੀ ਤੋਂ ਉਤਰਨਾ ਚਾਹੁੰਦੇ ਹਨ। ਇਸ ਖਿਆਲ ਨੂੰ ਮੁੱਖ ਰੱਖ ਕੇ ਸਾਰੀ ਪ੍ਰਜਾ ਪੜੌਸੀ ਰਾਜੇ ਪਾਸ ਗਈ ਅਤੇ ਕਿਹਾ ਕਿ ਸਾਨੂੰ ਇਸ ਪਾਪੀ ਰਾਜੇ ਤੋਂ ਸੁਤੰਤਰ ਕਰੋ। ਉਸ ਨੇ ਪਰਜਾ ਦੀ ਗੱਲ ਸੁਣ ਕੇ ਉਸ ਤੇ ਆਕਰਮਣ ਕਰ ਦਿਤਾ, ਬਹੁਤ ਘੋਰ ਯੁੱਧ ਹੋਇਆ। ਰਾਜਾ ਜਨਕ ਦੀਆਂ ਸਾਰੀਆਂ ਰਾਣੀਆਂ ਉਸ ਨੇ ਸੰਭਾਲ ਲਈਆਂ ਅਤੇ ਰਾਜੇ ਜਨਕ ਨੂੰ ਇਕੱਲੇ ਨੂੰ ਹੀ ਇਕ ਵਸਤਰ ਦੇ ਕੇ ਕਰੜੀ ਧੁੱਪ ਵਿਚ, ਨੰਗੇ ਪੈਰ ਦੇਸ਼ 'ਚੋਂ ਕੱਢ ਦਿਤਾ ਅਤੇ ਹੁਕਮ ਕਰ ਦਿਤਾ ਕਿ ਕੋਈ ਵੀ ਜੋ ਇਸ ਰਾਜੇ ਨੂੰ ਅੰਨ, ਜਲ, ਵਸਤਰ, ਜੁੱਤੀ, ਛੱਤਰੀ ਅਤੇ ਉਸ ਨੂੰ ਪਿਆਰ ਨਾਲ ਬੁਲਾਏਗਾ ਉਸ ਨੂੰ ਸਖਤ ਸਜ਼ਾ ਦਿਤੀ ਜਾਵੇਗੀ। ਜਿਹੜਾ ਇਸ ਨੂੰ ਧੱਕੇ ਮਾਰੇਗਾ, ਜੁੱਤੀਆਂ ਮਾਰੇਗਾ ਉਸ ਨੂੰ ਇਨਾਮ ਦਿਤਾ ਜਾਵੇਗਾ। ਇਸ ਤਰ੍ਹਾਂ ਢੰਢੋਰਾ ਸਾਰੀ ਰਿਆਸਤ ਵਿਚ ਫਿਰਾ ਦਿਤਾ। ਸਾਰੇ ਉਸ ਦਾ ਤ੍ਰਿਸਕਾਰ ਕਰਦੇ ਹਨ, ਧਿਰਕਾਰ-ਧਿਰਕਾਰ ਕਹਿੰਦੇ ਹਨ। ਇੱਟਾਂ-ਵੱਟੇ ਮਾਰਦੇ ਹਨ। ਉਹ ਠੰਢੇ ਮਹਿਲਾਂ ਵਿਚ ਰਹਿਣ ਵਾਲਾ ਰਾਜਾ ਰੋਟੀ ਦੀ ਮੰਗ ਕਰਦਾ, ਭੁੱਖਾ ਪਿਆਸਾ ਤੁਰਿਆ ਜਾ ਰਿਹਾ ਹੈ। ਲੋਕਾਂ ਨੇ ਹਮਦਰਦੀ ਤਾਂ ਕੀ ਕਰਨੀ ਸੀ ਸਗਮਾਂ ਉਸ ਦਾ ਬਹੁਤ ਨਿਰਾਦਰ ਕਰ ਰਹੇ ਹਨ। ਕੋਈ ਉਸ ਤੇ ਦਇਆ ਨਹੀਂ ਕਰਦਾ, ਸਿਪਾਹੀ ਬਹੁਤ ਕਰੜੇ ਹਨ ਅਤੇ ਧੱਕੇ ਮਾਰ-ਮਾਰ ਕੇ ਉਸ ਨੂੰ ਕੱਢ ਰਹੇ ਹਨ। ਰਾਜਾ ਗਰਮੀ ਦਾ ਮਾਰਿਆ ਭੁੱਖ ਪਿਆਸ ਨਾ ਸਹਾਰਦਾ ਹੋਇਆ ਬੇਹੋਸ਼ ਹੋ ਕੇ ਗਿਰ ਗਿਆ। ਸਿਪਾਹੀ ਉਸ ਨੂੰ ਛੱਡ ਕੇ ਚਲੇ ਗਏ। ਰਾਜਾ ਜਨਕ ਨੂੰ ਜਦੋਂ ਹੋਸ਼ ਆਈ ਤਾਂ ਕੀ ਦੇਖਦਾ ਹੈ ਕਿ ਮੈਂ ਤਾਂ ਇਕ ਬਹੁਤ ਭਿਆਨਕ ਜੰਗਲ ਵਿਚ ਪਿਆ ਹਾਂ।

ਉਹ ਜੰਗਲੀ ਜਾਨਵਰਾਂ ਤੋਂ ਬਚਣ ਲਈ ਹਨ੍ਹੇਰੀ ਰਾਤ ਵਿਚ ਕੰਕਰਾਂ, ਪੱਥਰਾਂ ਨਾਲ ਠੋਕਰਾਂ ਖਾਂਦਾ ਦਰਖਤ ਤੇ ਚੜ੍ਹ ਗਿਆ ਅਤੇ ਮ੍ਰਿਤੂ ਦੇ ਭੈ ਕਰਕੇ ਉਸ ਨੂੰ ਨੀਂਦ ਨਾ ਆਈ। ਦੂਜੇ ਦਿਨ ਚਲਿਆ ਤਾਂ ਇਕ ਨਗਰ ਵਲ ਜਾ ਰਿਹਾ ਸੀ ਉਥੇ ਕੁੱਤੇ ਮਗਰ ਪੈ ਗਏ ਅਤੇ ਕੁਤਿਆਂ ਨੇ ਫੱਟੜ ਕਰ ਦਿਤਾ। ਪਰ ਕੀ ਮਜਾਲ ਕਿ ਇਕ ਵੀ ਬੰਦੇ ਨੇ ਉਸ ਨੂੰ ਛੁਡਾਇਆ ਹੋਵੇ, ਉਸ ਦੇ ਵਿਪਰੀਤ ਪਿੰਡ ਦੇ ਬੱਚੇ ਉਸ ਨੂੰ ਪਾਗਲ-ਪਾਗਲ ਕਰਦੇ ਇੱਟਾਂ-ਵੱਟੇ ਮਾਰਦੇ ਹਨ। ਸਿਪਾਹੀਆਂ ਨੇ ਫੇਰ ਫੜ ਲਿਆ ਫੇਰ ਤੱਤੇ ਰੇਤੇ ਵਿਚ ਲਿਜਾ ਰਹੇ ਹਨ। ਪਹਿਲਾਂ ਹੀ ਭੁੱਖ ਪਿਆਸ ਨਾਲ ਬਹੁਤ ਵਿਆਕੁਲ ਸੀ ਅਤੇ ਭਗਵਾਨ ਨੂੰ ਕਹਿਣ ਲੱਗਿਆ ਕਿ ਮੈਂ ਅਜਿਹਾ ਕਿਹੜਾ ਪਾਪ ਕੀਤਾ ਹੈ ਜਿਸਦੇ ਬਦਲੇ ਮੇਰੀ ਇਹ ਦੁਰਦਸ਼ਾ ਹੋ ਰਹੀ ਹੈ। ਯਾਦ ਕਰਦਾ ਹੈ ਕਿ ਮੇਰੀਆਂ ਰਾਣੀਆਂ ਜਿਹੜੀਆਂ ਹਰ ਵੇਲੇ ਮੈਨੂੰ ਯਾਦ ਕਰਦੀਆਂ ਸਨ ਉਹ ਕਿਵੇਂ ਮੈਨੂੰ ਦੁਸ਼ਟ-ਦੁਸ਼ਟ ਕਰਦੀਆਂ ਸਨ ਅਤੇ ਉਚੀ-ਉਚੀ ਰੋਂਦਾ ਭਗਵਾਨ ਅੱਗੇ ਪ੍ਰਾਰਥਨਾ ਕਰਦਾ, ਧੱਕੇ ਖਾਂਦਾ ਤੁਰਿਆ ਜਾਂਦਾ ਹੈ।

ਇਕ ਤੀਰਥ ਯਾਤਰਾ ਨੂੰ ਜਾਣ ਵਾਲਾ ਸੰਗ ਉਸ ਨੂੰ ਰਸਤੇ ਵਿਚ ਮਿਲਿਆ, ਰਾਜੇ ਨੇ ਉਨ੍ਹਾਂ ਤੋਂ ਖਾਣ ਲਈ ਮੰਗਿਆ। ਉਨ੍ਹਾਂ ਯਾਤਰੂਆਂ ਨੇ ਰਾਜੇ ਨੂੰ ਇਕ-ਇਕ ਕੌਡੀ ਦਾਨ ਵਜੋਂ ਦਿਤੀ। 19 ਕੌਡੀਆਂ ਮਿਲੀਆਂ। ਰਾਜਾ ਹੱਥ ਵਿਚ ਕੌਡੀਆਂ ਲੈ ਕੇ ਜ਼ਾਰੋ-ਜ਼ਾਰ ਰੋ ਰਿਹਾ ਹੈ ਅਤੇ ਕਹਿ ਰਿਹਾ ਹੈ ਕਿ ਤੇਰੀ ਲੀਲਾ ਕੈਸੀ ਹੈ ਮੇਰੇ ਪਾਸ ਤਾਂ ਹੀਰੇ ਜਵਾਹਰਾਤਾਂ ਨਾਲ ਖਜ਼ਾਨੇ ਭਰੇ ਪਏ ਸੀ ਕੀ ਮੈਂ ਓਹੀ ਹਾਂ। ਹੇ ਪ੍ਰਭੂ! ਤੇਰੇ ਕ੍ਰੋਪ ਨਾਲ ਮੇਰੇ ਕੋਲ ਅੱਜ ਇਕ ਪੈਸਾ ਵੀ ਨਹੀਂ ਜਿਸ ਦੇ ਮੈਂ ਚਣੇ ਲੈ ਕੇ ਖਾ ਲਵਾਂ। 19 ਕੌਡੀਆਂ ਲੈ ਕੇ ਦੂਸਰੇ ਰਾਜੇ ਦੇ ਰਾਜ ਵਿਚ ਸ਼ਹਿਰ ਨੂੰ ਚਲਿਆ ਜਾ ਰਿਹਾ ਹੈ। ਇਕੱਲੇ-ਇਕੱਲੇ ਨੂੰ ਪੁਛ ਰਿਹਾ ਹੈ ਕਿ ਮੈਂ ਬਹੁਤ ਭੁੱਖਾ ਹਾਂ, ਕਿਤੇ ਸਦਾ ਵਰਤ ਹੋਵੇ ਤਾਂ ਮੈਨੂੰ ਦੱਸ ਦੇਵੋ। ਦੂਸਰੇ ਰਾਜੇ ਦੇ ਰਾਜ ਵਿਚ ਇਸ ਤੇ ਦਇਆ ਕਰਕੇ ਇਕ ਸੱਜਣ ਨੇ ਦਸਿਆ ਕਿ ਓਸ ਥਾਂ ਸਦਾ ਵਰਤ ਚਲ ਰਿਹਾ ਹੈ। ਉਥੇ ਜਾ ਕੇ ਲਾਈਨ ਵਿਚ ਖੜ੍ਹਾ ਹੋ ਗਿਆ। ਜਦੋਂ ਇਸ ਦੀ ਵਾਰੀ ਆਈ ਤਾਂ ਵਰਤਾਵੇ ਨੇ ਕਿਹਾ ਕਿ ਭਾਈ! ਇਥੇ ਤਾਂ ਖਿਚੜੀ ਵਰਤ ਰਹੀ ਹੈ, ਤੇਰੇ ਕੋਲ ਬਰਤਨ ਨਹੀਂ ਹੈ। ਕੋਈ ਬਰਤਨ ਲੈ ਕੇ ਆ ਕਿਉਂਕਿ ਖਿੱਚੜੀ ਗਰਮ ਹੈ। ਰਾਜਾ ਇਕ ਘੁਮਿਆਰ ਦੇ ਪਾਸ ਜਾ ਕੇ 19 ਕੌਡੀਆਂ ਦੇ ਬਦਲੇ ਇਕ ਠੀਕਰਾ ਲੈ ਆਇਆ। ਭੀੜ ਬਹੁਤ ਹੋ ਗਈ ਇਹ ਲਾਈਨ ਵਿਚ ਖੜ੍ਹਾ ਹੋ ਗਿਆ, ਰਾਜਾ ਠੀਕਰਾ ਲੈ ਕੇ ਦੁਬਾਰਾ ਪਹੁੰਚਿਆ ਅਤੇ ਖਿੱਚੜੀ ਵੰਡਣ ਵਾਲੇ ਨੂੰ ਕਿਹਾ ਕਿ ਤੁਸੀਂ ਮੈਨੂੰ ਬਰਤਨ ਲਿਆਉਣ ਲਈ ਕਿਹਾ ਸੀ, ਮੈਂ ਬਰਤਨ ਲੈ ਆਇਆ ਹਾਂ, ਭੁੱਖ ਨਾਲ ਮੈਂ ਬਹੁਤ ਵਿਆਕੁਲ ਹੋ ਰਿਹਾ ਹਾਂ ਕ੍ਰਿਪਾ ਕਰਕੇ ਮੈਨੂੰ ਥੋੜ੍ਹੀ ਖਿਚੜੀ ਦੇ ਦੇਵੋ। ਉਸ ਨੇ ਕਿਹਾ ਕਿ ਪ੍ਰੇਮੀਆਂ! ਖਿੱਚੜੀ ਤਾਂ ਮੁੱਕ ਗਈ ਹੈ, ਉਸ ਨੇ ਖੁਰਚਣ ਇਕੱਠੀ ਕਰਕੇ ਇਸ ਦੇ ਠੀਕਰੇ ਵਿਚ ਪਾ ਦਿਤੀ ਅਤੇ ਕਿਹਾ ਕਿ ਸਾਮ੍ਹਣੇ ਤੋਂ ਅੱਧਾ ਤੋਲਾ ਘੀ ਲੈ ਲੈ। ਉਥੇ ਵੀ ਬਹੁਤ ਭੀੜ ਲੱਗੀ ਹੋਈ ਸੀ। ਰਾਜੇ ਦਾ ਸਰੀਰ ਭੁੱਖ ਨਾਲ ਕੰਬ ਰਿਹਾ ਸੀ, ਉਹ ਬਹੁਤ ਕਮਜ਼ੋਰ ਹੋ ਚੁਕਿਆ ਸੀ, ਖਿੱਚੜੀ ਵਾਲਾ ਠੀਕਰਾ ਹੱਥ ਵਿਚ ਹਿਲਦਾ ਸੀ, ਵੰਡਣ ਵਾਲੇ ਨੇ ਜਲਦੀ-ਜਲਦੀ ਘੀ ਪਾਇਆ ਪਰ ਉਹ ਧਰਤੀ ਉਪਰ ਗਿਰ ਗਿਆ। ਬਾਰ-ਬਾਰ ਕਹਿਣ ਤੇ ਉਸ ਨੇ ਤਰਸ ਕਰਕੇ ਫੇਰ ਘੀ ਪਾ

ਦਿਤਾ। ਰਾਜਾ ਜਨਕ ਰੋਣ ਲੱਗ ਗਿਆ ਕਿ ਮੈਂ ਦੋ ਤਿੰਨ ਦਿਨ ਪਹਿਲਾਂ ਕਿੱਡਾ ਵੱਡਾ ਰਾਜਾ ਸੀ ਤੇ ਅੱਜ ਮੇਰੀ ਇਹ ਹਾਲਤ ਹੋ ਗਈ ਕਿ ਮੈਂ ਮੰਗਤਿਆਂ ਤੋਂ ਵੀ ਮਾੜਾ ਹੋ ਗਿਆ। ਮੇਰੇ ਕੋਲ ਤਾਂ ਕੋਈ ਵਸਤਰ ਵੀ ਨਹੀਂ, ਮੈਨੂੰ ਤਾਂ ਮੰਗਣ ਦੀ ਜਾਚ ਵੀ ਨਹੀਂ, ਹੇ ਪ੍ਰਭੂ! ਇਹ ਕੀ ਬਣ ਗਿਆ? ਅੱਛਾ, ਤੇਰਾ ਸ਼ੁਕਰ ਹੈ ਮੈਨੂੰ ਖਿੱਚੜੀ ਦੇ ਦਰਸ਼ਨ ਤਾਂ ਹੋ ਗਏ, ਜੇ ਨਾ ਮਿਲਦੀ ਤਾਂ ਮੈਂ ਭੁੱਖ ਨਾਲ ਮਰ ਜਾਣਾ ਸੀ। ਹੇ ਪ੍ਰਭੂ! ਮੈਂ ਇਹ ਵੀ ਨਹੀਂ ਜਾਣਦਾ ਕਿ ਖਿੱਚੜੀ ਖਾਣੀ ਮੇਰੇ ਭਾਗਾਂ ਵਿਚ ਹੈ ਵੀ ਜਾਂ ਨਹੀਂ ਕਿਉਂਕਿ ਤੇਰੀ ਲੀਲਾ ਅਪਰ ਅਪਾਰ ਹੈ, ਕੀ ਪਤਾ ਇਕ ਛਿਨ ਤੋਂ ਬਾਅਦ ਵਿਧਾਤਾ ਕੀ ਕਰ ਦੇਵੇ। ਕੀ ਦੇਖਦਾ ਹੈ ਕਿ ਦੋ ਮਸਤ ਸਾਂਢ ਆਪਸ ਵਿਚ ਭਿੜ ਰਹੇ ਹਨ। ਲੋਕ ਉਨ੍ਹਾਂ ਨੂੰ ਹਟਾ ਰਹੇ ਸਨ ਪਰ ਉਹ ਹਟਦੇ-ਹਟਦੇ ਉਥੇ ਹੀ ਪਹੁੰਚ ਗਏ ਜਿਥੇ ਇਹ ਖਿੱਚੜੀ ਦੀ ਬੁਰਕੀ ਮੂੰਹ ਵਿਚ ਪਾਉਣ ਲੱਗਿਆ ਸੀ ਅਤੇ ਇਕ ਸਾਂਢ ਇਹਦੇ ਵਿਚ ਆ ਕੇ ਲੱਗਿਆ, ਇਹਦਾ ਠੀਕਰਾ ਵੀ ਫੁੱਟ ਗਿਆ ਅਤੇ ਜਿਹੜੀ ਹੱਥ ਵਿਚ ਬੁਰਕੀ ਸੀ ਉਹ ਵੀ ਗਿਰ ਗਈ। ਝਟਕਾ ਲੱਗਿਆ, ਇਸ ਨੂੰ ਜਾਗ ਆ ਗਈ, ਕੀ ਦੇਖਦਾ ਹੈ ਕਿ ਇਕ ਬੁਰਾ ਦ੍ਰਿਸ਼ ਜੋ ਇਸ ਨੇ ਸੁਪਨੇ ਵਿਚ ਦੇਖਿਆ ਸੀ ਦੂਰ ਹੋ ਗਿਆ ਅਤੇ ਆਪਣੇ ਆਪ ਨੂੰ ਠੰਢੇ ਮਹਿਲ ਵਿਚ ਪਲੰਘ ਤੇ ਪਿਆ ਮਹਿਸੂਸ ਕਰਦਾ ਹੈ। ਰਾਜੇ ਨੂੰ ਜਾਗਿਆ ਦੇਖ ਕੇ ਛੜੀਦਾਰ ਨੇ ਜੈ ਬੁਲਾਈ, ਪੱਖੇ ਵਾਲੇ ਪੱਖੇ ਕਰਨ ਲੱਗ ਗਏ ਅਤੇ ਚਉਰ ਕਰਨ ਵਾਲੇ ਚਉਰ ਕਰਨ ਲੱਗ ਗਏ ਪਰ ਰਾਜੇ ਨੂੰ ਕੁਛ ਵੀ ਅੱਛਾ ਨਹੀ ਲੱਗਿਆ। ਬਾਰ-ਬਾਰ ਸੁਪਨੇ ਦੀ ਸਿਮ੍ਰਤੀ ਉਸ ਨੂੰ ਯਾਦ ਆ ਰਹੀ ਹੈ ਅਤੇ ਸੁਪਨੇ ਵਾਲਾ ਸਾਰਾ ਹਾਲ ਪੂਰੀ ਤਰ੍ਹਾਂ ਪ੍ਰਤੱਖ ਹੋ ਗਿਆ। ਠੰਢੇ ਮਹਲ ਉਸ ਨੂੰ ਚੰਗੇ ਨਹੀਂ ਲਗਦੇ। ਉਹ ਇਹ ਸਮਝ ਹੀ ਨਹੀਂ ਰਿਹਾ ਕਿ ਜੋ ਮੈਂ ਦੇਖਿਆ ਸੀ ਉਹ ਸੁਪਨਾ ਹੈ ਜਾਂ ਜੋ ਮੈਂ ਸਵਰਨ ਪਲੰਘਾਂ ਉਪਰ ਪਿਆ ਹਾਂ ਇਹ ਸੁਪਨਾ ਹੈ? ਦਿਮਾਗ ਘੁੰਮ ਰਿਹਾ ਹੈ, ਪੂਰੀ ਤਰ੍ਹਾਂ ਨਾਲ ਅਸਰ ਹੋ ਗਿਆ ਸੁਪਨੇ ਦਾ। ਜਿਥੇ-ਜਿਥੇ ਇੱਟਾਂ ਵੱਟੇ ਮਾਰੇ ਹਨ ਉਸ ਨੂੰ ਓਹੀ ਦ੍ਰਿਸ਼ ਸੁਪਨੇ ਵਾਲੇ ਪ੍ਰਤੱਖ ਰੂਪ ਵਿਚ ਨਜ਼ਰ ਆ ਰਹੇ ਹਨ। ਰਾਜਾ ਜਨਕ ਦੀ ਹਾਲਤ ਪਾਗਲਾਂ ਵਰਗੀ ਹੋ ਗਈ, ਦਿਲ ਹਿੱਲ ਗਿਆ, ਦਿਮਾਗ ਕੰਮ ਨਹੀਂ ਕਰਦਾ। ਕਿਸੇ ਦੇ ਗੱਲ ਸਮਝਾਏ ਤੇ ਸਮਝ ਨਹੀਂ ਰਿਹਾ। ਘੋੜੇ ਤੇ ਚੜ੍ਹ ਕੇ ਸੁਪਨੇ ਵਾਲੀਆਂ ਜਗ੍ਹਾ ਦੇਖਣ ਜਾਂਦਾ ਹੈ। ਦੇਖੀ ਜਾਂਦਾ ਹੈ ਕਿ ਮੈਂ ਇਥੇ ਬੈਠਿਆ ਸੀ, ਇੱਟਾਂ-ਬੱਟੇ ਮਾਰੇ ਹੋਏ ਸਭ ਓਸੇ ਤਰ੍ਹਾਂ ਪਏ ਹਨ, ਇਥੇ ਕੌਡੀਆਂ ਮਿਲੀਆਂ ਸੀ, ਇਥੇ ਖਿਚੜੀ ਮਿਲੀ ਸੀ, ਇਥੇ ਸਾਂਢ ਮੇਰੇ ਵਿਚ ਟਕਰਾਇਆ ਸੀ। ਹੁਣ ਉਸ ਨੂੰ ਇਹ ਨਹੀਂ ਪਤਾ ਲਗਦਾ ਕਿ ਉਹ ਜਾਗ੍ਰਤ ਹੈ ਜਾਂ ਰਾਜ ਦੀ ਹਾਲਤ ਜਾਗ੍ਰਤ ਹੈ। 'ਇਹ ਸੁਪਨਾ ਹੈ ਕਿ ਓਹ ਸੁਪਨਾ ਹੈ' ਇਸ ਪ੍ਰਸ਼ਨ ਦਾ ਸਮਾਧਾਨ ਕਰਾਉਣ ਵਾਸਤੇ ਉਸ ਨੇ ਸਾਰੇ ਭਾਰਤ ਵਰਸ਼ ਦੇ ਰਿਸ਼ੀ ਮੁਨੀ ਬੁਲਾ ਕੇ ਇਸ ਪ੍ਰਸ਼ਨ ਦੇ ਹੱਲ ਲਈ ਬੇਨਤੀ ਕੀਤੀ ਪਰ ਪ੍ਰਸ਼ਨ ਐਸਾ ਸੀ ਕਿ ਕਿਸੇ ਦੀ ਸਮਝ ਵਿਚ ਨਾ ਆਇਆ। ਲੋਕਾਂ ਨੂੰ ਪੁਛਿਆ ਕਰੇ ਕਿ ਮੈਂ ਸੁਪਨਾ ਦੇਖ ਰਿਹਾ ਹਾਂ ਜਾਂ ਜਾਗਦਾ ਹਾਂ। ਸੁਣਨ ਵਾਲੇ ਕਹਿ ਦਿੰਦੇ ਸਨ ਕਿ ਮਹਾਰਾਜ ਇਹ ਤੁਹਾਡੀ ਜਾਗ੍ਰਤ ਅਵਸਥਾ ਹੈ।

ਅੱਜ ਉਸ ਨੇ ਆਪਣੇ ਪ੍ਰਸ਼ਨ ਦਾ ਸਮਾਧਾਨ ਇਸ ਬਾਲ ਰਿਸ਼ੀ ਤੋਂ ਕਰਾਉਣ ਲਈ ਦਰਬਾਰ ਲਾਇਆ। ਭਾਰਤ ਵਰਸ਼ ਦੇ ਸਾਰੇ ਰਿਸ਼ੀ-ਮੁਨੀ ਜੋ

ਪਿਛਲੇ 7-8 ਸਾਲ ਤੋਂ ਇਕ ਤਰ੍ਹਾਂ ਨਾਲ ਨਜ਼ਰਬੰਦਾਂ ਵਰਗਾ ਹੀ ਜੀਵਨ ਲੰਘਾ ਰਹੇ ਸਨ ਅਤੇ ਕੋਈ ਉਤਰ ਨਹੀਂ ਦੇ ਰਹੇ ਸਨ। ਉਹ ਸਾਰੇ ਇਸ ਗੱਲ ਨੂੰ ਜਾਣ ਕੇ ਕਿ ਕੋਈ ਜਵਾਬ ਦੇਣ ਵਾਲਾ ਰਿਸ਼ੀ ਆਇਆ ਹੈ ਆਪਣੇ-ਆਪਣੇ ਥਾਂ ਬਿਰਾਜਮਾਨ ਹੋ ਗਏ। ਉਸ ਵਕਤ ਰਾਜਾ ਜਨਕ ਨੇ ਸਾਰੇ ਉਪਸਤਥ ਰਿਸ਼ੀਆਂ-ਮੁਨੀਆਂ ਨੂੰ ਸੰਬੋਧਨ ਕਰਦੇ ਹੋਏ ਸੁਣਾਇਆ ਕਿ ਮੇਰੇ ਪ੍ਰਸ਼ਨ ਦਾ ਉਤਰ ਦੇਣ ਵਾਸਤੇ ਅਸ਼ਟਾਵਕਰ ਮੁਨੀ ਆਏ ਹਨ ਜਿਨ੍ਹਾਂ ਦੀ ਸਰੀਰਕ ਆਯੂ ਸਿਰਫ ਅੱਠ ਸਾਲ ਹੈ ਅੱਜ ਦੀ ਸਭਾ ਇਸ ਵਾਸਤੇ ਲਗਾਈ ਗਈ ਕਿ ਆਪ ਵੀ ਉਸ ਦਾ ਉਤਰ ਸੁਣੋ ਅਤੇ ਮੇਰਾ ਵੀ ਸੰਸਾ ਨਵਿਰਤ ਹੋਵੇ। ਸਾਰੇ ਰਿਸ਼ੀ ਮੁਨੀਆਂ ਦੇ ਮਨ ਵਿਚ ਬਹੁਤ ਹੀ ਉਤਸ਼ਾਹ ਸੀ ਕਿ ਐਸਾ ਭਾਰਤ ਵਰਸ਼ ਵਿਚ ਰਿਸ਼ੀ ਕੌਣ ਹੈ ਜੋ ਐਨਾ ਵਿਦਵਾਨ ਹੈ ਕਿ ਰਾਜੇ ਦੇ ਇਸ ਬੇਮਤਲਬੇ ਜਿਹੇ ਪ੍ਰਸ਼ਨ ਦਾ ਸਮਾਧਾਨ ਕਰੇਗਾ ਅਤੇ ਸਾਰਿਆਂ ਨੂੰ ਉਸ ਅਸ਼ਟਾਵਕਰ ਮੁਨੀ ਜੀ ਦੇ ਦਰਸ਼ਨ ਕਰਨ ਦੀ ਲਾਲਸਾ ਲੱਗੀ ਅਤੇ ਸਾਰੇ ਸਿੰਘ ਦੁਆਰ ਵਲ ਟਿਕ-ਟਿਕੀ ਲਗਾ ਕੇ ਦੇਖ ਰਹੇ ਸਨ। ਰਾਜਾ ਜਨਕ ਨੇ ਪ੍ਰਧਾਨ ਨੂੰ ਆਗਿਆ ਦਿਤੀ ਕਿ ਆਪ ਸ਼ਰਧਾਪੂਰਵਕ ਆਦਰ ਸਹਿਤ ਮੁਨੀ ਨੂੰ ਪਾਲਕੀ ਵਿਚ ਬਿਠਾ ਕੇ ਸਭਾ ਵਿਚ ਲੈ ਆਓ ਅਤੇ ਇਹ ਵੀ ਆਗਿਆ ਕੀਤੀ ਕਿ ਉਨ੍ਹਾਂ ਦਾ ਨਮਸ਼ਕਾਰਾਂ ਕਰਕੇ ਪੂਰਾ ਸਤਿਕਾਰ ਕੀਤਾ ਜਾਵੇ, ਉਨ੍ਹਾਂ ਦੇ ਗਲ ਵਿਚ ਸੁਗੰਧੀ ਦਿੰਦੇ ਪੁਸ਼ਪਾਂ ਦੀਆਂ ਮਾਲਾ ਪਹਿਨਾਈਆਂ ਜਾਣ ਅਤੇ ਫੁਲ ਵਰਸਾਉਂਦੇ ਹੋਏ ਪਾਲਕੀ ਨੂੰ ਲੈ ਆਓ। ਹੁਕਮ ਦੀ ਪਾਲਣਾ ਕਰਦੇ ਹੋਏ ਪ੍ਰਧਾਨ ਨੇ ਪਾਲਕੀ ਵਿਚ ਬਿਠਾ ਕੇ ਉਸ ਰਿਸ਼ੀ ਨੂੰ ਲਿਆਉਂਦੇ ਸਮੇਂ ਜੈ-ਜੈਕਾਰ ਦੇ ਉਚੇ ਸ਼ਬਦ ਉਚਾਰਨ ਕੀਤੇ। ਜਦੋਂ ਆਪ ਸਿੰਘ ਦੁਆਰ ਦੇ ਨੇੜੇ ਆ ਗਏ ਤਾਂ ਉਸ ਵੇਲੇ ਚੋਬਦਾਰ ਨੇ ਉਚੀ ਅਵਾਜ਼ ਵਿਚ ਉਚਾਰਨ ਕੀਤਾ ਕਿ ਅਸ਼ਟਾਵਕਰ ਮੁਨੀ ਜੀ ਪਾਲਕੀ ਵਿਚੋਂ ਉਤਰ ਕੇ ਸਿੰਘ ਦੁਆਰ ਰਾਹੀਂ ਸਭਾ ਵਿਚ ਪਧਾਰ ਰਹੇ ਹਨ। ਸਾਰੇ ਰਿਸ਼ੀ ਮੁਨੀ ਦਰਸ਼ਨ ਦੇ ਅਭਿਲਾਸ਼ੀ ਹੋਣ ਕਰਕੇ ਸਿੰਘ ਦੁਆਰ ਵਲ ਦੇਖ ਰਹੇ ਹਨ ਅਤੇ ਮਨ ਵਿਚ ਸੋਚਦੇ ਸਨ ਕਿ ਛੋਟੀ ਉਮਰ ਦਾ ਅਸ਼ਟਾਵਕਰ ਰਿਸ਼ੀ ਕੌਣ ਹੋਇਆ ਜੋ ਰਾਜੇ ਦੇ ਪ੍ਰਸ਼ਨ ਦਾ ਸਮਾਧਾਨ ਕਰੇਗਾ। ਅਸ਼ਟਾਵਕਰ ਜੀ ਪਾਲਕੀ ਵਿਚੋਂ ਉਤਰ ਕੇ ਸੋਟੀ ਦੇ ਸਹਾਰੇ ਪਉੜਸ਼ਾਲ ਚੜ੍ਹ ਰਹੇ ਸਨ ਜਦੋਂ ਉਪਰ ਆ ਕੇ ਉਹ ਚਲ ਰਹੇ ਸਨ ਤਾਂ ਰਿਸ਼ੀ ਦੇ ਦਰਸ਼ਨ ਕਰਦਿਆਂ ਹੀ ਰਾਜਾ ਪਰਜਾ ਸਨਮਾਨ ਕਰਨ ਵਾਸਤੇ ਖੜ੍ਹੇ ਹੋ ਗਏ। ਜਦੋਂ ਦਰਸ਼ਕਾਂ ਤੋਂ ਪਹਿਲੇ ਰਿਸ਼ੀਆਂ ਮੁਨੀਆਂ ਨੇ ਅਸ਼ਟਾਵਕਰ ਦੀ ਚਾਲ ਦੇਖੀ ਤਾਂ ਸਾਰੇ ਖਿਲ-ਖਿਲਾ ਕੇ ਹੱਸਣ ਲੱਗੇ, ਅਸਟਾਵਕਰ ਮੁਨੀ ਵੀ ਉਨ੍ਹਾਂ ਨੂੰ ਦੇਖ ਕੇ ਮੁੱਖ ਟੇਢਾ ਕਰਕੇ ਜ਼ੋਰ-ਜ਼ੋਰ ਨਾਲ ਹੱਸਣ ਲੱਗਿਆ। ਰਾਜੇ ਨੇ ਮਨ ਵਿਚ ਸੋਚਿਆ ਕਿ ਅਸ਼ਟਾਵਕਰ ਦਾ ਮਾਣ ਭੰਗ ਹੋਇਆ ਹੈ ਅਤੇ ਇਹ ਕ੍ਰੋਧ ਵਿਚ ਆ ਕੇ ਕਿਤੇ ਸਰਾਪ ਨਾ ਦੇ ਦੇਵੇ ਪਰ ਖੁਦ ਹੈਰਾਨ ਹੋ ਗਿਆ ਕਿ ਅਸਟਾਵਕਰ ਜੀ ਤਾਂ ਆਪ ਹੀ ਇਨ੍ਹਾਂ ਰਿਸ਼ੀਆਂ ਨੂੰ ਦੇਖ ਕੇ ਹਸ ਰਹੇ ਹਨ। ਰਾਜਾ ਜਨਕ ਜੀ ਨੇ ਇਕ ਸੁੰਦਰ ਸਿੰਘਾਸ਼ਨ ਤੇ ਉਨ੍ਹਾਂ ਨੂੰ ਬਿਰਾਜਮਾਨ ਕਰਾਇਆ ਅਤੇ ਹੱਥ ਜੋੜ ਕੇ ਪੁਛਿਆ ਕਿ ਬਾਲ ਮੁਨੀ ਜੀ ਆਪ ਦੇ ਹੱਸਣ ਦਾ ਕੀ ਕਾਰਨ ਸੀ? ਅਸ਼ਟਾਵਕਰ ਨੇ ਕਿਹਾ ਕਿ ਰਾਜਨ! ਮੈਂ ਇਸ ਮੂਰਖ ਸਭਾ ਨੂੰ ਦੇਖ ਕੇ ਹੱਸ ਰਿਹਾ ਸੀ ਪਰ

ਤੂੰ ਵੀ ਤਾਂ ਸਭਾ ਵਾਲਿਆਂ ਦੇ ਨਾਲ ਮਿਲ ਕੇ ਹਸ ਰਿਹਾ ਸੀ। "ਨਹੀਂ ਹਸਦਾ ਸੀ?" ਰਾਜੇ ਨੇ ਕਿਹਾ ਕਿ ਮੈਂ ਇਸ ਵਾਸਤੇ ਹਸਦਾ ਸੀ ਕਿ ਮੇਰੇ ਪ੍ਰਸ਼ਨ ਦਾ ਉਤਰ ਧੁਰੰਦਰ ਵਿਦਵਾਨਾਂ ਤੋਂ ਨਹੀਂ ਦੇ ਹੋਇਆ ਇਹ ਛੋਟਾ ਜਿਹਾ ਕੁਬੜਾ ਬਾਲਕ ਕਿਸ ਤਰ੍ਹਾਂ ਸਮਾਧਾਨ ਕਰੇਗਾ। ਅਸ਼ਟਾਵਕਰ ਨੇ ਕੁਝ ਜਲਾਲ ਵਿਚ ਆ ਕੇ ਰਾਜੇ ਜਨਕ ਨੂੰ ਕਿਹਾ ਅਤੇ ਫਿੱਕੇ ਸ਼ਬਦ ਵਰਤਦੇ ਹੋਏ ਕਹਿਣ ਲੱਗੇ, "ਰਾਜਨ! ਤੂੰ ਤਾਂ ਆਪ ਹੀ ਮੂਰਖ ਹੈਂ, ਤੇਰੀ ਸਭਾ ਵੀ ਮੂਰਖਾਂ ਦੀ ਹੈ ਕਿਉਂਕਿ ਤੁਹਾਡੇ ਵਿਚ ਕਿਸੇ ਨੂੰ ਵੀ ਸਾਰ ਅਤੇ ਅਸਾਰ ਦੀ ਸੂਝ ਨਹੀਂ ਹੈ। ਤੂੰ ਐਨੀ ਘੱਟ ਬੁੱਧੀ ਦਾ ਮਾਲਕ ਹੁੰਦਾ ਹੋਇਆ ਕਿਸ ਤਰ੍ਹਾਂ ਨਾਲ ਆਪਣੀ ਰਿਆਇਆ ਉਤੇ ਰਾਜ ਕਰਦਾ ਹੈਂ? ਲੋਕ ਵੀ ਏਉਂ ਪ੍ਰਤੀਤ ਦਿੰਦੇ ਹਨ ਕਿ ਪਸ਼ੂ ਤੁਲ ਹੀ ਹਨ, ਕੀ ਲਾਭ ਉਠਾਉਂਦੇ ਹੋਣਗੇ ਤੇਰੇ ਤੋਂ? ਜੇ ਤੇਰੀ ਸਭਾ ਤੇ ਤੂੰ ਮੇਰੇ ਸਰੀਰ ਨੂੰ ਦੇਖ ਕੇ ਹੱਸੇ ਹੋਂ, ਇਹ ਸਰੀਰ ਕੁਬੜਾ ਹੈ ਅਤੇ ਇਸ ਵਿਚ ਅੱਠ-ਵਲ ਪੈਂਦੇ ਹਨ, ਪੈਰ ਮੈਂ ਕਿਤੇ ਰਖਦਾ ਹਾਂ, ਰੱਖ ਕਿਤੇ ਹੁੰਦਾ ਹੈ, ਦੇਖਦਾ ਮੈਂ ਕਿਧਰ ਨੂੰ ਪ੍ਰਤੀਤ ਦਿੰਦਾ ਹਾਂ ਪਰ ਮੇਰੀ ਦ੍ਰਿਸ਼ਟੀ ਕਿਤੇ ਹੋਰ ਹੁੰਦੀ ਹੈ, ਮੇਰੇ ਸਰੀਰ ਦੀ ਹਰਕਤ ਵਲਾਂ ਕਰਕੇ ਅਜੀਬ ਹੈ ਪਰ ਤੂੰ ਅਤੇ ਤੇਰੀ ਸਭਾ ਮੈਨੂੰ ਕੁਝ ਵਿਚਾਰਹੀਨ ਲੱਗੀ ਹੈ ਕਿਉਂਕਿ ਜੇ ਵਿਚਾਰ ਕਰੀਏ ਮੇਰੇ ਸਰੀਰ ਟੇਡਾ ਹੋਣ ਨਾਲ ਆਤਮਾ ਵਿਚ ਤਾਂ ਕੋਈ ਟੇਡ ਨਹੀਂ ਹੁੰਦੀ। ਸਰੀਰ ਦੇ ਟੇਡਾ ਹੋਣ ਨਾਲ ਇੰਦ੍ਰੇ ਅਤੇ ਜਿਹਭਾ ਤਾਂ ਟੇਡੀ ਨਹੀਂ ਹੁੰਦੀ। ਤੇਰੇ ਪ੍ਰਸ਼ਨ ਦਾ ਉਤਰ ਇਸ ਟੇਡੇ ਸਰੀਰ ਨੇ ਤਾਂ ਨਹੀਂ ਦੇਣਾ, ਉਹ ਤਾਂ ਮੇਰੀ ਜ਼ੁਬਾਨ ਨੇ ਦੇਣਾ ਹੈਂ। ਮੇਰੀ ਜ਼ੁਬਾਨ ਤਾਂ ਟੇਡੀ ਨਹੀਂ ਤੈਨੂੰ ਸੰਦੇਹ ਕਿਉਂ ਹੋਇਆ? ਰਾਜਨ! ਤੁਹਾਡੇ ਇਸ ਤਰ੍ਹਾਂ ਹੱਸਣ ਤੋਂ ਮੈਨੂੰ ਪਤਾ ਲੱਗਿਆ ਹੈ ਕਿ ਇਸ ਸਭਾ ਵਿਚ ਕੋਈ ਵੀ ਆਤਮਦਰਸ਼ੀ ਪੁਰਸ਼ ਨਹੀਂ ਹੈ। ਤੇਰੇ ਸਮੇਤ ਸਾਰੇ ਹੀ ਚਰਮ ਦਰਸ਼ੀ ਹਨ।" ਉਸ ਵੇਲੇ ਜਲਾਲ ਵਿਚ ਆ ਕੇ ਅਸ਼ਟਾਵਕਰ ਨਿਯਤ ਕੀਤੀ ਹੋਈ ਚੰਦਨ ਦੀ ਕੁਰਸੀ ਤੇ ਬੈਠ ਗਿਆ ਅਤੇ ਕਿਹਾ ਕਿ ਆਪਣਾ ਪ੍ਰਸ਼ਨ ਉਚਾ ਬੋਲ ਕੇ ਕਰੋ। ਰਾਜਾ ਜਨਕ ਨੇ ਖਿਮਾ ਮੰਗੀ ਅਤੇ ਬਹੁਤ ਸ਼ਰਧਾਪੂਰਵਕ ਡੰਡਉਤ ਕੀਤੀ, ਖੜ੍ਹੇ ਹੋ ਕੇ ਬੇਨਤੀ ਕੀਤੀ ਕਿ ਮਹਾਰਾਜ! ਮੈਂ ਆਪ ਦੇ ਦਰਸ਼ਨ ਕਰਕੇ ਬਹੁਤ ਹੀ ਕ੍ਰਿਤ-ਕ੍ਰਿਤ ਹੋਇਆ ਹਾਂ, ਆਪ ਦਾ ਰਿਣੀ ਹਾਂ ਕਿ ਆਪ ਨੇ ਰਾਜ ਸਭਾ ਵਿਚ ਚਰਨ ਪਾ ਕੇ ਪਵਿੱਤਰ ਕੀਤਾ ਹੈ। "ਆਪਣਾ ਪ੍ਰਸ਼ਨ ਕਰੋ?" ਰਾਜਾ ਜਨਕ ਨੇ ਪੂਰਵ ਕੀਤੇ ਬਚਨ ਅਨੁਸਾਰ ਸਿਰਫ ਐਨਾ ਹੀ ਪ੍ਰਸ਼ਨ ਕੀਤਾ ਕਿ 'ਇਹ ਸੱਚਾ ਕਿ ਓਹ ਸੱਚਾ'? ਇਹ ਸੁਣਦੇ ਹੀ ਅਸ਼ਟਾਵਕਰ ਨੇ ਕਿਹਾ ਕਿ ਰਾਜਨ! ਐਡੇ ਮਾਮੂਲੀ ਜਿਹੇ ਪ੍ਰਸ਼ਨ ਦਾ ਸਮਾਧਾਨ ਕਰਾਉਣ ਲਈ ਤੂੰ ਵੱਡੇ-ਵੱਡੇ ਵਿਦਵਾਨਾਂ, ਰਿਸ਼ੀਆਂ-ਮੁਨੀਆਂ ਨੂੰ ਅੱਠ ਸਾਲ ਤੋਂ ਰੋਕ ਕੇ ਰੱਖਿਆ ਹੋਇਆ ਹੈ, ਇਸ ਵਿਚ ਅਪਰਾਧ ਤੇਰਾ ਹੀ ਹੈ ਕਿ ਤੂੰ ਲੱਜਾ ਮਹਿਸੂਸ ਕਰਦੇ ਹੋਏ ਆਪਣੇ ਪ੍ਰਸ਼ਨ ਨੂੰ ਖੋਲ੍ਹ ਕੇ ਨਹੀਂ ਦੱਸਿਆ, ਨਹੀਂ ਤਾਂ ਕੋਈ ਵਜ੍ਹਾ ਨਹੀਂ ਸੀ ਕਿ ਐਡੇ ਵੱਡੇ-ਵੱਡੇ ਰਿਸ਼ੀਆਂ-ਮੁਨੀਆਂ ਤੋਂ ਇਹ ਛੋਟੇ ਜਿਹੇ ਸਵਾਲ ਦਾ ਸਮਾਧਾਨ ਨਾ ਕਰ ਹੁੰਦਾ। ਤੂੰ ਗੁਪਤ ਸਵਾਲ ਕੀਤਾ ਹੈ ਅਤੇ ਮੈਂ ਇਸ ਦਾ ਗੁਪਤ ਹੀ ਉਤਰ ਦਿੰਦਾ ਹਾਂ। ਉਹ ਇਹ ਹੈ ਕਿ 'ਜਿਹੋ ਜਿਹਾ ਉਹ ਪ੍ਰਤੱਖ ਦਿਖਾਈ ਦਿੰਦਾ ਸੀ ਪਰ ਸੀ ਕੁਝ ਨਹੀਂ, ਤੈਸਾ ਹੀ ਇਹ ਪ੍ਰਤੱਖ ਦਿਸਦਾ ਵਾਸਤਵ ਵਿਚ

ਇਹ ਵੀ ਕੁਝ ਨਹੀਂ।' ਇਹ ਗੁਪਤ ਉਤਰ ਸੁਣ ਕੇ ਰਾਜਾ ਜਨਕ ਮਨ ਵਿਚ ਵਿਚਾਰ ਕਰਨ ਲੱਗਿਆ ਅਤੇ ਬੇਨਤੀ ਕੀਤੀ ਕਿ ਆਪ ਦਾ ਉਤਰ ਸੁਣ ਕੇ ਮੇਰੇ ਚਿਤ ਵਿਚ ਕੁਝ ਸ਼ਾਂਤੀ ਉਦੈ ਹੋਈ ਹੈ, ਹੁਣ ਮੈਂ ਬੇਨਤੀ ਕਰਦਾ ਹਾਂ ਕਿ ਆਪ ਇਸ ਪ੍ਰਸ਼ਨ ਦਾ ਖੋਲ੍ਹ ਕੇ ਉਤਰ ਦੇਵੋ। ਉਸ ਵੇਲੇ ਅਸ਼ਟਾਵਕਰ ਨੇ ਕਿਹਾ ਕਿ ਮਹਾਂਪੁਰਸ਼ੋ! ਰਾਜਾ ਆਪਣੇ ਆਪ ਕਹਿ ਨਹੀਂ ਸਕਦਾ ਕਿਉਂਕਿ ਇਹਨੂੰ ਕਹਿਣ ਵਿਚ ਲੱਜਾ ਹੁੰਦੀ ਹੈ। ਮੈਂ ਅੱਠ ਵਰਸ਼ ਤੋਂ ਇਹਦੇ ਮਨ ਵਿਚ ਜੋ ਪੜਦਾ ਪਿਆ ਹੈ ਉਸ ਨੂੰ ਖੋਲ੍ਹਦਾ ਹਾਂ। ਜਿਸ ਨੂੰ ਮੈਂ ਆਪਣੇ ਯੋਗ ਬਲ ਨਾਲ ਨਿਰਨੇ ਕੀਤਾ ਹੈ। ਉਹ ਇਹ ਹੈ ਕਿ ਇਸ ਰਾਜੇ ਨੂੰ ਆਪਣੇ ਮਹਿਲ ਵਿਚ ਦੁਪਹਿਰ ਵੇਲੇ ਪਏ ਨੂੰ ਇਕ ਸੁਪਨਾ ਆਇਆ ਜਿਸ ਵਿਚ ਇਸ ਨੇ ਸ਼ਤਰੂ ਰਾਜੇ ਨਾਲ ਲੜਾਈ ਕੀਤੀ ਅਤੇ ਹਾਰ ਗਿਆ। ਸ਼ਤਰੂ ਰਾਜੇ ਨੇ ਇਸ ਤੋਂ ਰਾਜ ਖੋਹ ਲਿਆ, ਕਰੜੀ ਧੁੱਪ ਵਿਚ ਨਗਨ ਪੈਰ, ਨਗਨ ਸਰੀਰ, ਤ੍ਰਿਸਕਾਰ ਰੂਪ ਵਿਚ ਦੇਸ਼ ਨਿਕਾਲਾ ਦੇ ਦਿਤਾ, ਐਲਾਨ ਕਰ ਦਿਤਾ ਜੇ ਕੋਈ ਇਸ ਨੂੰ ਰੋਟੀ, ਕਪੜਾ, ਜੁੱਤੀ, ਛੱਤਰੀ ਦੇਵੇਗਾ ਤਾਂ ਉਸ ਨੂੰ ਸਜ਼ਾ ਮਿਲੇਗੀ ਅਤੇ ਜਿਹੜਾ ਇਸ ਦਾ ਤ੍ਰਿਸਕਾਰ ਕਰੇਗਾ ਉਸ ਨੂੰ ਇਨਾਮ ਦਿਤਾ ਜਾਵੇਗਾ। ਇਹ ਇਸ ਹਾਲਤ ਵਿਚ ਅਪਮਾਨ ਦਾ ਦੁਖੀ ਕੀਤਾ ਹੋਇਆ ਭੁੱਖਾ-ਪਿਆਸਾ, ਕਰੜੀ ਧੁੱਪ ਵਿਚ ਬਹੁਤ ਦੁਖੀ ਹੋਇਆ ਜਾ ਰਿਹਾ ਸੀ। ਇਹ ਦ੍ਰਿਸ਼ ਇਸ ਦੇ ਸਾਮ੍ਹਣੇ ਆਉਂਦਾ ਹੈ ਤਾਂ ਇਹ ਡਰ ਜਾਂਦਾ ਹੈ। ਇਹ ਸੁਪਨਾ ਜੋ ਰਾਜੇ ਨੇ ਦੇਖਿਆ ਸੀ, ਉਹ ਹੈ ਤਾਂ ਮਿਥਿਆ ਪਰ ਵਾਸ਼ਨਾ ਦੇ ਵੇਗ ਕਰਕੇ ਇਹੋ ਜਿਹਾ ਭਰਮ ਹੋ ਗਿਆ ਕਿ ਇਸਨੂੰ ਬਿਲਕੁਲ ਸੱਚ ਲੱਗਣ ਲੱਗ ਗਿਆ ਅਤੇ ਇਹ ਇਸ ਭੈ ਵਿਚ ਡੁੱਬ ਗਿਆ ਕਿ ਕੋਈ ਰਾਜਾ ਮੇਰਾ ਇਹ ਹਾਲ ਨਾ ਕਰ ਦੇਵੇ। ਲੱਜਿਆ ਦਾ ਮਾਰਿਆ ਇਹ ਕਿਸੇ ਨੂੰ ਦੱਸ ਵੀ ਨਹੀਂ ਸਕਦਾ, ਐਨਾ ਹੀ ਕਹਿੰਦਾ ਹੈ 'ਇਹ ਸੱਚਾ ਹੈ ਜਾਂ ਉਹ ਸੱਚਾ ਹੈ?' ਕਹਿਣ ਲੱਗਿਆ ਸੁਪਨਾ ਤਾਂ ਝੂਠਾ ਹੁੰਦਾ ਹੀ ਹੈ ਪਰ ਇਸ ਰਾਜੇ ਨੂੰ ਸ਼ੱਕ ਪੈ ਗਿਆ ਕਿ ਇਹ ਸੱਚਾ ਹੈ, ਜਿਸ ਕਰਕੇ ਇਸ ਦੀ ਸੂਝ ਸ਼ਕਤੀ ਬੁਰੀ ਤਰ੍ਹਾਂ ਨਾਲ ਨਿਰਣੇਹੀਣ ਹੋ ਗਈ ਅਤੇ ਅੱਧੇ ਕਮਲਿਆਂ ਵਰਗਾ ਮਸਤਾਨਾ ਜਿਹਾ ਹੋ ਗਿਆ। ਹੁਣ ਇਹਨੂੰ ਭਰਮ ਹੈ ਕਿ ਜੋ ਕੁਝ ਮੈਂ ਸੁਪਨੇ ਵਿਚ ਦੇਖਿਆ ਹੈ ਕਿਤੇ ਉਹ ਸੱਚਾ ਨਾ ਹੋਵੇ ਅਤੇ ਜੋ ਹੁਣ ਮੈਂ ਦੇਖ ਰਿਹਾ ਹਾਂ ਇਹ ਸੁਪਨਾ ਨਾ ਹੋਵੇ। ਕਹਿਣ ਲੱਗਿਆ, "ਹੇ ਰਾਜਨ! ਸਾਵਧਾਨ ਹੋ ਕੇ ਸੁਣ ਤੂੰ ਅੱਠ, ਨੌ ਸਾਲ ਪਹਿਲਾਂ ਮਹਾਤਮਾਂ ਦੀ ਕਥਾ ਸੁਣੀ ਸੀ। ਪਹਿਲਾਂ ਤੁਹਾਨੂੰ ਉਨ੍ਹਾਂ ਨੇ ਸਿੱਧ ਗੀਤਾ ਸੁਣਾਈ ਸੀ ਫੇਰ ਤੁਸੀਂ ਆਪਣੇ ਰਾਜ ਮਹਿਲਾਂ ਵਿਚ ਸਤਿਸੰਗ ਕਰਾਇਆ, ਉਸ ਵੇਲੇ ਮਹਾਤਮਾ ਨੇ ਇਕ ਪ੍ਰਸੰਗ ਵਿਚ ਕਿਹਾ ਕਿ ਪ੍ਰਭੂ ਦੀ ਮਾਇਆ ਬਹੁਤ ਪ੍ਰਬਲ ਹੈ, ਪੁਰਸ਼ ਨੂੰ ਭੁਲਾ ਦਿੰਦੀ ਹੈ। ਵਾਹਿਗੁਰੂ ਜੀ ਨਾਲ ਪਿਆਰ ਨਹੀਂ ਕਰਨ ਦਿੰਦੀ। ਇਹ ਜੀਵ ਮਾਇਆ ਦੇ ਵਸ ਹੋ ਕੇ ਆਪਣੇ ਆਤਮ ਸਰੂਪ ਨੂੰ ਪੂਰੀ ਤਰ੍ਹਾਂ ਭੁੱਲ ਕੇ ਆਪਣੇ ਆਪ ਨੂੰ ਪੰਜਾਂ ਤੱਤਾਂ ਦੀ ਬਣੀ ਹੋਈ ਸਾਢੇ ਤਿੰਨ ਹੱਥ ਦੀ ਦੇਹ ਮੰਨਣ ਲੱਗ ਜਾਂਦਾ ਹੈ। ਇਹ ਐਨੀ ਅਪਵਿਤਰ ਹੈ ਕਿ ਜੇ ਇਸਨੂੰ ਗੰਦਗੀ ਦਾ ਥੈਲਾ ਕਹਿ ਦੇਈਏ ਉਹ ਵੀ ਅਯੋਗ ਨਹੀਂ ਹੋਵੇਗਾ। ਇਸ ਦੇ ਹਰ ਅੰਗ ਵਿਚੋਂ ਹਰ ਸਮੇਂ ਜ਼ਹਿਰਲੀ ਮੈਲ ਨਿਕਲਦੀ ਰਹਿੰਦੀ ਹੈ। ਨੱਕ ਵਿਚੋਂ ਰੇਸ਼ਾ, ਅੱਖਾਂ ਵਿਚੋਂ ਗਿੱਡ, ਕੰਨਾਂ ਵਿਚੋਂ ਮੈਲ ਨਿਕਲਦੀ ਹੈ

ਅਤੇ ਮਲਮੂਤਰ ਦੇ ਇੰਦ੍ਰਿਆਂ ਰਾਹੀਂ ਮਹਾਂ ਦੁਰਗੰਧ ਭਰੇ ਪਿਸ਼ਾਬ ਅਤੇ ਗੰਦ ਮੰਦ ਨਿਕਲਦੇ ਹਨ। ਐਸੀ ਅਸ਼ੁਧ ਦੇਹ ਨੂੰ ਇਹ ਆਪਣਾ ਆਪਾ ਮੰਨਦਾ ਹੈ, ਇਹ ਆਪਣੇ ਮੂਲ ਨੂੰ ਨਹੀਂ ਪਛਾਣਦਾ। ਨਾ ਹੀ ਇਸ ਨਿਸ਼ਚੇ ਵਿਚ ਆਉਂਦਾ ਹੈ ਕਿ ਮੈਂ ਦੇਹ ਨਹੀਂ ਹਾਂ। ਹੈਰਾਨੀ ਭਰੀ ਅਜੀਬ ਗੱਲ ਹੈ ਕਿ ਐਨੀ ਮਲੀਨ ਵਸਤੂ ਨੂੰ ਆਪਣਾ ਆਪ ਜਾਣਦਾ ਹੈ। ਜਦੋਂ ਇਹ ਬਚਨ ਮਹਾਂਪੁਰਸ਼ ਕਹਿ ਰਹੇ ਸਨ ਤੂੰ ਪੂਰੀ ਤਰ੍ਹਾਂ ਨਾਲ ਹੱਠ ਕਰਿਆ ਅਤੇ ਤੂੰ ਕਿਹਾ ਕਿ ਕਿਸੇ ਹਾਲਤ ਵਿਚ ਵੀ ਮਨੁੱਖ ਆਪਣੇ ਆਪ ਨੂੰ ਨਹੀਂ ਭੁਲਦਾ। ਤੂੰ ਆਪਣੇ ਆਪ ਨੂੰ ਨਿਸ਼ਚੇ ਪੂਰਵਕ ਪੰਜਾਂ ਤੱਤਾਂ ਦੀ ਇਹ ਗੰਦਗੀ ਦੀ ਪੋਟਲੀ ਰੂਪੀ ਦੇਹ ਮੰਨਦਾ ਸੀ। ਮਹਾਤਮਾ ਕਹਿ ਰਹੇ ਸਨ ਕਿ ਰਾਜਨ! ਤੂੰ ਆਤਮ ਸਰੂਪ ਹੈਂ ਤੂੰ ਆਪਣਾ ਸਰੂਪ ਨਾ ਭੁੱਲ। ਤੂੰ ਹੱਠ ਕਰ ਰਿਹਾ ਸੀ ਕਿ ਜਦੋਂ ਮੈਂ ਇਹ ਜਾਣ ਲਿਆ ਕਿ ਮੈਂ ਆਤਮ ਸਰੂਪ ਹਾਂ ਫੇਰ ਮੈਂ ਆਪਣੇ ਆਪ ਨੂੰ ਕਿਸ ਤਰ੍ਹਾਂ ਨਾਲ ਭੁੱਲ ਜਾਵਾਂਗਾ? ਉਸ ਵੇਲੇ ਮਹਾਤਮਾ ਨੇ ਕਿਹਾ ਕਿ ਰਾਜਨ! ਹੱਠ ਛੱਡੋ, ਪਰ ਜੇ ਤੂੰ ਦੇਖਣਾ ਚਾਹੁੰਦਾ ਹੀ ਹੈਂ ਤਾਂ ਤੈਨੂੰ ਅਸੀਂ ਥੋੜ੍ਹੇ ਜਿਹੇ ਸਮੇਂ ਵਾਸਤੇ ਮਾਇਆ ਦੇ ਪ੍ਰਭਾਵ ਬਾਰੇ ਜਾਣੂੰ ਕਰਾਵਾਂਗੇ।

ਸੋ ਰਾਜਨ! ਇਹ ਭਿਆਨਕ ਸੁਪਨੇ ਨੇ ਤੈਨੂੰ ਪੂਰੀ ਤਰ੍ਹਾਂ ਨਾਲ ਭੁਲਾ ਦਿਤਾ ਅਤੇ ਤੂੰ ਪਾਗਲਾਂ ਵਰਗਾ ਹੋ ਗਿਆ। ਉਨ੍ਹਾਂ ਨੇ ਇਹ ਵੀ ਕਿਹਾ ਸੀ ਕਿ ਤੂੰ ਵਿਦਵਾਨਾਂ, ਮਹਾਂਪੁਰਸ਼ਾਂ ਦੀ ਸੇਵਾ ਕਰੇਗਾ ਜਿਸ ਦੇ ਫਲਸਰੂਪ ਤੇਰਾ ਸੰਕਟ ਥੋੜ੍ਹੇ ਚਿਰਾਂ ਪਿਛੋਂ ਹੀ ਕਟਿਆ ਜਾਵੇਗਾ। ਇਕ ਮਹਾਂਪੁਰਸ਼ ਆਵੇਗਾ, ਤੈਨੂੰ ਸਤਿ ਦਾ ਮਾਰਗ ਦਰਸ਼ਨ ਕਰਾਵੇਗਾ, ਤੇਰਾ ਭਰਮ ਤੋੜੇਗਾ। ਉਨ੍ਹਾਂ ਮਹਾਂਪੁਰਸ਼ਾਂ ਨੇ ਤੈਨੂੰ ਆਪਣੀ ਮਾਇਆ ਸ਼ਕਤੀ ਨਾਲ ਸੁਪਨਾ ਦਿਖਾਇਆ ਪਰ ਤੈਨੂੰ ਧਰਮਾਤਮਾ ਜਾਣ ਕੇ ਤੈਨੂੰ ਸੁਪਨੇ ਵਿਚ ਹੀ ਸਾਰਾ ਕੁਝ ਦਿਖਾ ਦਿਤਾ। ਤੈਨੂੰ ਜਾਗ੍ਰਤ ਕਾਲ ਵਿਚ ਬਹੁਤ ਦੁਖ ਪ੍ਰਾਪਤ ਹੋਣਾ ਸੀ ਪਰ ਉਹ ਦੁਖ ਸੁਪਨੇ ਵਿਚ ਹੀ ਦੂਰ ਕਰ ਦਿਤਾ। ਐਉਂ ਸਮਝ ਲਓ ਕਿ ਤੈਨੂੰ ਸੂਲੀ ਮਿਲਣੀ ਸੀ ਪਰ ਮਹਾਤਮਾ ਨੇ ਦਇਆ ਕਰਕੇ ਕੰਡਾ ਹੀ ਬਣਾ ਦਿਤਾ। ਹੇ ਰਾਜਨ! ਜੋ ਭੋਗਣਾ ਸੀ ਉਹ ਭੋਗਿਆ ਗਿਆ, ਲਿਖਿਆ ਹੋਇਆ ਲੇਖ ਕਦੇ ਮਿਟਿਆ ਨਹੀਂ ਕਰਦਾ। ਮਹਾਤਮਾ ਨੇ ਦਇਆ ਕਰਕੇ ਰੇਖ ਵਿਚ ਮੇਖ ਮਾਰ ਦਿਤੀ ਸੀ। ਉਨ੍ਹਾਂ ਦੇ ਬਚਨ ਸੱਚੇ ਹੋ ਗਏ, ਜੋ ਤੂੰ ਜਾਗ੍ਰਤ ਵਿਚ ਭੋਗਣੇ ਸਨ। ਅਜਿਹਾ ਗਿਆਨ ਭਰਪੂਰ ਬਚਨ ਕਹਿ ਕੇ ਰਾਜਾ ਜਨਕ ਨੂੰ ਇਸ ਸੰਕਟ ਵਿਚੋਂ ਕੱਢਿਆ। ਹੁਣ ਮਹਾਤਮਾ ਨੇ ਤੇਰੇ ਉਪਰੋਂ ਆਪਣੀ ਮਾਇਆ ਦੂਰ ਕਰ ਲਈ ਹੈ, ਤੂੰ ਹੁਣ ਆਪਣਾ ਭਰਮ ਦੂਰ ਕਰ। ਸੁਪਨਾ ਭੀ ਸੁਪਨਾ ਤਾਂ ਹੈ ਹੀ ਪਰ ਜੋ ਤੂੰ ਜਾਗ੍ਰਤ ਅਵਸਥਾ ਵਿਚ ਦੇਖ ਰਿਹਾ ਹੈਂ ਇਹ ਵੀ ਸੁਪਨਾ ਹੀ ਹੈ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ –

***ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰ॥*** ***ਪੰਨਾ – 808***

ਦੂਸਰਾ ਹੋਰ ਥਾਂ ਫੁਰਮਾਨ ਕਰਦੇ ਨੇ –

***ਸੁਪਨੇ ਸੇਤੀ ਚਿਤੁ ਮੂਰਖਿ ਲਾਇਆ॥***
***ਬਿਸਰੇ ਰਾਜ ਰਸ ਭੋਗ ਜਾਗਤ ਭਖਲਾਇਆ॥*** ***ਪੰਨਾ – 707***

ਸੋ ਇਹ ਸੁਪਨੇ ਦੇ ਪਦਾਰਥ ਇਸ ਤਰ੍ਹਾਂ ਹਨ ਕਿ ਜੇ ਇਕ ਸੇਰ ਆਟਾ ਹੋਵੇ ਤਾਂ ਉਹ ਛੇਤੀ ਖਾਇਆ ਜਾਂਦਾ ਹੈ ਜੇ ਇਕ ਕੁਇੰਟਲ ਆਟਾ ਹੋਵੇ ਤਾਂ ਉਸ ਨੂੰ ਕਾਫੀ ਚਿਰ ਲਗਦਾ ਹੈ ਪਰ ਖਾਧੇ ਦੋਨੋਂ ਹੀ ਜਾਂਦੇ ਹਨ। ਇਸ ਤਰ੍ਹਾਂ ਦੇ ਨਾਲ ਰਾਜਨ! ਸੁਪਨਾ ਤਾਂ ਸੁਪਨਾ ਹੈ ਹੀ। ਪਰ ਜਾਗ੍ਰਤ ਜਿਸ ਨੂੰ ਕਿਹਾ ਜਾਂਦਾ ਹੈ ਇਸ ਵਿਚ ਜੀਵ ਸੁਤਾ ਪਿਆ ਸੁਪਨਾ ਦੇਖ ਰਿਹਾ ਹੈ ਕਿਉਂਕਿ ਪ੍ਰਕ੍ਰਿਤੀ ਦੇ ਤਿੰਨੋ ਗੁਣ - ਰਜੋ, ਸਤੋ, ਤਮੋ ਇਸ ਜੀਵ ਨੂੰ ਸਦਾ ਹੀ ਭਰਮਾਉਂਦੇ ਰਹਿੰਦੇ ਹਨ ਅਤੇ ਇਹ ਨੀਂਦ ਵਿਚ ਸੁੱਤਾ ਪਿਆ ਹੈ, ਜੋ ਕੁਝ ਕਰ ਰਿਹਾ ਹੈ ਇਹ ਸਭ ਸੁਪਨਾ ਹੈ -

***ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ॥***

***ਪੰਨਾ - 920***

ਇਸ ਤਰ੍ਹਾਂ ਨਾਲ ਰਾਜੇ ਨੂੰ ਜੋ ਭਰਮ ਪਿਆ ਹੋਇਆ ਸੀ ਉਹ ਦੂਰ ਹੋ ਗਿਆ ਕਿਉਂਕਿ ਸਵਪਨ ਅਤੇ ਜਾਗ੍ਰਤ ਦੋਵੇਂ ਹੀ ਮਿਥਿਆ ਹਨ। ਦੋਨੋਂ ਹੀ ਭੋਗੇ ਜਾਂਦੇ ਹਨ ਮਿਥਿਆ-ਪਣ ਦੋਨਾਂ ਵਿਚ ਸਮਾਨ ਹੈ। ਸੁਪਨਾ ਵੀ ਮਿਥਿਆ ਹੈ। ਇਹ ਜਾਗ੍ਰਤ ਵੀ ਮਿਥਿਆ ਹੀ ਹੈ। ਸੁਪਨੇ ਦੇ ਪਦਾਰਥ ਸੁਪਨ ਕਾਲ ਵਿਚ ਭਾਸਦੇ ਹਨ ਪਰ ਜਾਗ੍ਰਤ ਕਾਲ ਵਿਚ ਉਨ੍ਹਾਂ ਦਾ ਅਭਾਵ ਹੋ ਜਾਇਆ ਕਰਦਾ ਹੈ। ਉਨ੍ਹਾਂ ਦੀ ਸਿਮਰਤੀ ਰਹਿੰਦੀ ਹੈ। ਸਿਮ੍ਰਤੀ ਸੰਸਕਾਰਾਂ ਯਾਨਿ ਵਾਸ਼ਨਾ ਨਾਲ ਹੁੰਦੀ ਹੈ। ਇਸੇ ਤਰ੍ਹਾਂ ਨਾਲ ਜਾਗ੍ਰਤ ਦੇ ਪਦਾਰਥ ਵੀ ਜਿੰਨੀ ਦੇਰ ਤਕ ਇਸ ਦੀ ਆਯੂ ਹੈ ਉਨਾਂ ਚਿਰ ਹੀ ਅਨੁਭਵ ਹੁੰਦੇ ਹਨ ਫਿਰ ਇਹ ਵੀ ਸਿਮ੍ਰਤੀ ਰੂਪ ਬਣ ਜਾਇਆ ਕਰਦੇ ਹਨ। ਜੋ ਸਖੋਪਤੀ ਅਵਸਥਾ ਹੈ ਉਹ ਜਾਗ੍ਰਤ ਅਤੇ ਸੁਪਨ ਦੋਨਾਂ ਦਾ ਅਭਾਵ ਕਰ ਦਿੰਦੀ ਹੈ। ਇਸੇ ਕਰਕੇ ਜਾਗ੍ਰਤ ਅਤੇ ਸੁਪਨਾ ਦੋਨੋਂ ਹੀ ਸਮਾਨ ਅਤੇ ਮਿਥਿਆ ਹਨ। ਜਾਗ੍ਰਤ ਦੇ ਪਦਾਰਥਾਂ ਦਾ ਸੁਪਨੇ ਵਿਚ ਅਭਾਵ ਹੋ ਜਾਂਦਾ ਹੈ। ਕਦੇ ਸੁਪਨੇ ਦੇ ਪਦਾਰਥਾਂ ਦਾ ਜਾਗ੍ਰਤ ਵਿਚ ਸਿਮਰਨ ਹੀ ਰਹਿੰਦਾ ਹੈ, ਪਰ ਉਨ੍ਹਾਂ ਦਾ ਭੀ ਅਭਾਵ ਹੋ ਜਾਂਦਾ ਹੈ। ਜਾਗ੍ਰਤ ਵਿਚ ਹੀ ਸੁਪਨੇ ਦੇ ਪਦਾਰਥਾਂ ਦਾ ਭਰਮ ਹੋ ਜਾਂਦਾ ਹੈ। ਜਿਵੇਂ ਤੈਨੂੰ ਬਿਨਾਂ ਕਿਸੇ ਮਤਲਬ ਤੇ ਭਰਮ ਹੋਇਆ ਤੂੰ ਠੰਢੇ ਪਲੰਘਾਂ ਤੇ ਪਿਆ ਸੀ, ਸੁਪਨੇ ਵਿਚ ਸਭ ਚੀਜ਼ਾਂ ਦਾ ਅਭਾਵ ਹੋ ਗਿਆ ਤੇ ਤੈਨੂੰ ਇਹ ਸੁਪਨਾ ਜਾਗ੍ਰਤ ਪ੍ਰਤੀਤ ਦਿੰਦਾ ਸੀ ਅਤੇ ਜਾਗ੍ਰਤ ਸੁਪਨਾ ਪ੍ਰਤੀਤ ਦਿੰਦਾ ਸੀ, ਪਰ ਇਹ ਜਾਗ੍ਰਤ ਵੀ ਸੁਪਨਾ ਹੀ ਹੈ ਕੇਵਲ ਇਹ ਭਰਮ ਮਾਤਰ ਹੈ। ਜਦੋਂ ਯਥਾਰਥ ਗਿਆਨ ਹੋ ਜਾਂਦਾ ਹੈ ਉਸ ਵੇਲੇ ਜਾਗ੍ਰਤ ਤੇ ਸੁਪਨੇ ਇਹ ਦੋਨੋਂ ਹੀ ਭਰਮ ਅਵਸਥਾ ਪ੍ਰਤੀਤ ਦਿੰਦੀਆਂ ਹਨ। ਦਰਅਸਲ ਜੀਵ ਨੂੰ ਵਾਸ਼ਨਾ ਬੰਨ੍ਹ ਲੈਂਦੀ ਹੈ ਅਤੇ ਵਾਸ਼ਨਾ ਦਾ ਬੰਨ੍ਹਿਆ ਜੀਵ 84 ਲੱਖ ਜੂਨਾਂ ਵਿਚ ਚੱਕਰ ਕੱਟਦਾ ਰਹਿੰਦਾ ਹੈ। ਅਸ਼ਟਾਵਕਰ ਮੁਨੀ ਨੇ ਕਿਹਾ ਕਿ ਰਾਜਨ! ਤੈਨੂੰ ਅਜੇ ਤਕ ਸਮਰੱਥ ਗੁਰੂ ਨਹੀਂ ਮਿਲਿਆ ਇਸ ਕਰਕੇ ਐਨਾ ਦੁਖ ਭੋਗਣਾ ਪਿਆ। ਜੇ ਤੈਨੂੰ ਗੁਰੂ ਮਿਲਿਆ ਹੁੰਦਾ ਤਾਂ ਇਹ ਸੰਕਟ ਤੇਰੇ ਉਪਰ ਨਹੀਂ ਆਉਣਾ ਸੀ। ਉਸ ਨੇ ਤੇਰਾ ਸੰਸਾ ਨਵਿਰਤ ਕਰ ਦੇਣਾ ਸੀ। ਇਹ ਸੁਣ ਕੇ ਰਾਜੇ ਨੇ ਮਨ ਵਿਚ ਫੈਸਲਾ ਕੀਤਾ ਕਿ ਮੈਂ ਗੁਰੂ ਧਾਰਨ ਕਰਾਂ।

ਰਾਜਾ ਜਨਕ ਨੇ ਸਾਰੀ ਸਭਾ ਵਿਚ ਐਲਾਨ ਕੀਤਾ ਕਿ ਮਹਾਂਪੁਰਸ਼ੋਂ! ਸੰਜੋਗ ਵਸ ਆਪ ਸਾਰੇ ਮਿਥਲਾਪੁਰੀ ਵਿਚ ਦਰਸ਼ਨ ਦੇ ਰਹੇ ਹੋਂ। ਮੈਂ ਗੁਰੂ

ਧਾਰਨ ਕਰਨਾ ਚਾਹੁੰਦਾ ਹਾਂ ਪਰ ਮੇਰਾ ਗੁਰੂ ਓਹੀ ਹੋਵੇਗਾ ਜਿਹੜਾ ਇਕ ਪੈਰ ਘੋੜੇ ਦੀ ਰਕਾਬ ਵਿਚ ਪਾਉਣ ਤੋਂ ਪਿਛੋਂ ਜੋ ਸਮਾਂ ਦੂਸਰਾ ਪੈਰ ਰਕਾਬ ਵਿਚ ਪਾਉਣ ਨੂੰ ਲਗਦਾ ਹੈ, ਜਿਹੜਾ ਐਨੇ ਸਮੇਂ ਵਿਚ ਮੈਨੂੰ ਗਿਆਨ ਕਰਾ ਦੇਵੇ ਮੈਂ ਉਸ ਨੂੰ ਗੁਰੂ ਧਾਰਾਂਗਾ। ਉਸ ਵੇਲੇ ਸਾਰੇ ਰਿਸ਼ੀ-ਮੁਨੀ ਹੈਰਾਨ ਹੋ ਗਏ ਕਿ ਗਿਆਨ ਦੀ ਅਵਸਥਾ ਤਾਂ ਬੜੀ ਘਾਲਣਾ ਪਿਛੋਂ ਪ੍ਰਾਪਤ ਹੋਇਆ ਕਰਦੀ ਹੈ। ਜੇ ਗਿਆਨ ਦਾ ਪੂਰੀ ਤਰ੍ਹਾਂ ਅਧਿਕਾਰੀ ਨਾ ਹੋਵੇ ਤਾਂ ਗਿਆਨ ਅਨਅਧਿਕਾਰੀ ਨੂੰ ਕੋਈ ਵੀ ਫਲ ਨਹੀਂ ਦਿਆ ਕਰਦਾ। ਪਰ ਰਾਜਾ ਤਾਂ 10 ਪਲਾਂ ਦਾ ਵੀ ਸਮਾਂ ਨਹੀਂ ਦਿੰਦਾ ਇਸ ਨੂੰ ਗਿਆਨ ਕਿਵੇਂ ਹੋ ਸਕਦਾ ਹੈ। ਰਾਜਾ ਜਨਕ ਨੇ ਬੇਨਤੀ ਕੀਤੀ ਕਿ ਇਹ ਸਿੰਘਾਸ਼ਨ ਗੁਰੂ ਵਾਸਤੇ ਮੈਂ ਲਵਾਇਆ ਹੈ ਉਹ ਮਹਾਂਪੁਰਸ਼ ਇਸਦੇ ਉਪਰ ਆ ਕੇ ਸ਼ਸ਼ੋਭਤ ਹੋ ਜਾਵੇ। ਸਾਰੇ ਸਨਾਟਾ ਛਾ ਗਿਆ, ਕੋਈ ਵੀ ਮਹਾਂਪੁਰਸ਼ ਗੁਰੂ ਪਦਵੀ ਪ੍ਰਾਪਤ ਕਰਨ ਵਾਸਤੇ ਆਪਣੇ ਆਸਣ ਤੋਂ ਨਾ ਉਠਿਆ ਕਿਉਂਕਿ ਗਿਆਨ ਗੱਲਾਂ ਨਾਲ ਪ੍ਰਾਪਤ ਨਹੀਂ ਹੋਇਆ ਕਰਦਾ। ਇਹ ਜਨਮਾਂ-ਜਨਮਾਂਤਰਾਂ ਦੀ ਕਰੜੀ ਘਾਲਣਾ ਪਿਛੋਂ ਅਵਸਥਾ ਆਇਆ ਕਰਦੀ ਹੈ ਜਿਥੇ ਭਰਮਾਂ ਦਾ ਨਾਸ਼ ਹੁੰਦਾ ਹੈ ਅਤੇ ਇਸ ਜੀਵ ਨੂੰ ਆਪਣੇ ਮੂਲ ਸਰੂਪ ਦਾ ਗਿਆਨ ਪ੍ਰਾਪਤ ਹੁੰਦਾ ਹੈ ਫੇਰ ਇਸਨੂੰ ਸੋਝੀ ਆਉਂਦੀ ਹੈ -

***ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥ ਪੰਨਾ - 441***

ਸਾਰਿਆਂ ਨੇ ਸੋਚਿਆ ਕਿ ਰਾਜਾ ਜਨਕ ਲੰਮੀ ਅਗਿਆਨ ਅਵਸਥਾ ਵਿਚ ਦੁਖੀ ਹੋ ਰਿਹਾ ਹੈ। ਇਹ ਜੀਵ ਦੀ ਅਧਮ ਅਵਸਥਾ ਵਿਚੋਂ ਹੁੰਦਾ ਹੋਇਆ ਆਪਣੇ ਆਪ ਨੂੰ ਪੰਜ ਤੱਤ ਦੀ ਦੇਹ ਮੰਨ ਰਿਹਾ ਸੀ ਇਸ ਨੂੰ ਕਿਵੇਂ ਤਤੂ ਗਿਆਨ ਦੀ ਦਾਤ ਦਿਤੀ ਜਾਵੇ। ਜਿਵੇਂ ਕਿ ਫੁਰਮਾਨ ਹੈ -

***ਰਾਮ ਪਦਾਰਥੁ ਪਾਇ ਕੈ ਕਬੀਰਾ ਗਾਂਠਿ ਨ ਖੋਲ॥***
***ਨਹੀ ਪਟਣੁ ਨਹੀ ਪਾਰਖੂ ਨਹੀ ਗਾਹਕੁ ਨਹੀ ਮੋਲੁ॥***

***ਪੰਨਾ - 1365***

ਜਦੋਂ ਕੋਈ ਵੀ ਗੁਰੂ ਆਸਣ ਵਲ ਉਠ ਕੇ ਨਾ ਆਇਆ ਤਾਂ ਰਾਜੇ ਜਨਕ ਨੇ ਕਿਹਾ ਕੀ ਭਾਰਤ ਵਰਸ਼ ਵਿਚ ਤੱਤ ਬੇਤਿਆਂ ਦਾ ਅਭਾਵ ਹੋ ਗਿਆ ਹੈ, ਕੀ ਕੋਈ ਅਜਿਹਾ ਮਹਾਤਮਾ ਭਾਰਤ ਵਰਸ਼ ਵਿਚ ਨਹੀਂ ਰਿਹਾ ਜੋ ਅਗਿਆਨ ਦੂਰ ਕਰਨ ਦੀ ਸਮਰੱਥਾ ਰੱਖਦਾ ਹੋਵੇ? ਇਹ ਬਚਨ ਸੁਣ ਕੇ ਅਸ਼ਟਾਵਕਰ ਨੇ ਸਾਰਿਆਂ ਵਲ ਦੇਖਿਆ ਅਤੇ ਜਦੋਂ ਉਸ ਨੇ ਨਿਰਨਾ ਕਰ ਲਿਆ ਕਿ ਕੋਈ ਵੀ ਨਹੀਂ ਉਠ ਰਿਹਾ ਉਸ ਸਮੇਂ ਉਹ ਆਪ ਉਠ ਕੇ ਮੰਚ ਤੇ ਆਇਆ ਉਸ ਨੇ ਹੁਕਮ ਕੀਤਾ ਕਿ ਰਾਜਨ! ਘੋੜਾ ਮੰਗਾਓ। ਰਾਜੇ ਨੇ ਘੋੜਾ ਮੰਗਾਇਆ ਅਤੇ ਜਦੋਂ ਉਸ ਉਪਰ ਚੜ੍ਹਨ ਲੱਗਿਆ ਤਾਂ ਅਸ਼ਟਾਵਕਰ ਜੀ ਨੇ ਕਿਹਾ ਕਿ ਰਾਜਨ! ਪਹਿਲਾਂ ਗੁਰੂ ਦਖਸ਼ਣਾ ਦੇਵੋ ਫੇਰ ਮੈਂ ਤੈਨੂੰ ਤੱਤ ਦਾ ਉਪਦੇਸ਼ ਕਰਾਂਗਾ। ਪੁਛਣ ਤੇ ਅਸ਼ਟਾਵਕਰ ਨੇ ਕਿਹਾ ਕਿ ਮੈਨੂੰ ਤੂੰ ਆਪਣਾ ਸਰਬੰਸ ਅਰਪਣ ਕਰ। ਇਹ ਸੁਣ ਕੇ ਰਾਜੇ ਨੂੰ ਬੜੀ ਖੁਸ਼ੀ ਹੋਈ, ਉਸ ਨੇ ਸੰਕਲਪ ਕਰਕੇ ਪ੍ਰਤਿਗਿਆ ਕੀਤੀ ਕਿ ਮਹਾਰਾਜ! ਮੇਰਾ ਤਨ, ਮਨ, ਧਨ, ਸਰਬੰਸ ਆਪ ਦਾ ਹੈ। ਪ੍ਰਤਿਗਿਆ ਕਰਨ ਤੋਂ ਬਾਦ ਮੁਨੀ ਦੇ ਅੱਗੇ ਖੜ੍ਹਾ ਹੋ ਗਿਆ। ਉਸ ਵੇਲੇ ਅਸ਼ਟਾਵਕਰ ਜੀ ਨੇ ਕਿਹਾ ਹੁਣ ਮਨ ਤੂੰ ਮੈਨੂੰ

ਦੇ ਦਿਤਾ ਹੈ ਇਸ ਕਰਕੇ ਹੁਣ ਮਨ ਦੇ ਨਾਲ ਕੋਈ ਵੀ ਸੰਕਲਪ ਨਹੀਂ ਕਰਨਾ, ਤਨ ਤੂੰ ਮੈਨੂੰ ਦਿਤਾ ਹੋਇਆ ਹੈ ਇਸ ਤਨ ਦੀਆਂ ਕਰਮ ਇੰਦ੍ਰੀਆਂ, ਗਿਆਨ ਇੰਦ੍ਰੀਆਂ ਤੋਂ ਵੀ ਤੂੰ ਕੋਈ ਕੰਮ ਨਹੀਂ ਲੈਣਾ, ਧਨ ਸਾਰਾ ਮੇਰਾ ਹੈ ਹੀ। ਇਹ ਸੰਕਲਪ ਕਰਨ ਪਿਛੋਂ ਰਾਜਾ ਜਨਕ ਘੋੜੇ ਉਪਰ ਚੜ੍ਹਣ ਲੱਗਿਆ। ਅਸ਼ਟਾਵਕਰ ਨੇ ਕਿਹਾ ਕਿ ਰਾਜਨ! ਤੈਨੂੰ ਸੰਕਲਪ ਕਿਥੋਂ ਪੈਦਾ ਹੋਇਆ ਮਨ ਤਾਂ ਤੂੰ ਮੈਨੂੰ ਦੇ ਚੁਕਿਆ ਹੈਂ? ਮਨ ਦੇ ਨਾਲ ਹੀ ਨਿਰਨਾ ਸ਼ਕਤੀ ਜਿਸ ਨੂੰ ਬੁੱਧੀ ਆਖਦੇ ਹਨ ਅਤੇ ਚਿੱਤ ਜੋ ਚਿਤਵਨਾ ਕਰਦਾ ਹੈ ਉਹ ਤੂੰ ਮੈਨੂੰ ਦੇ ਚੁਕਿਆ ਹੈਂ, ਤੂੰ ਘੋੜੇ ਉਪਰ ਕਿਵੇਂ ਚੜ੍ਹਣ ਲੱਗਿਆ ਸੀ? ਉਸ ਵੇਲੇ ਰਾਜੇ ਨੂੰ ਸਮਝ ਆ ਗਈ, ਖਿਮਾ ਮੰਗੀ। ਰਾਜਾ ਜਨਕ ਖੜ੍ਹਾ ਹੋ ਗਿਆ। ਰਾਜਾ ਨਾ ਹਿਲਦਾ ਹੈ, ਨਾ ਕਿਧਰੇ ਦੇਖਦਾ ਹੈ, ਨਾ ਕੋਈ ਫੁਰਨਾ ਕਰਦਾ ਹੈ।

ਥੋੜ੍ਹੇ ਸਮੇਂ ਤੋਂ ਪਿਛੋਂ ਇਕ ਬ੍ਰਾਹਮਣ ਨੇ ਆ ਕੇ ਪੁਕਾਰ ਕੀਤੀ ਅਤੇ ਬੇਨਤੀ ਕੀਤੀ ਕਿ ਹੇ ਰਾਜਨ! ਮੇਰੀ ਰੱਖਿਆ ਕਰ ਮੈਂ ਬਹੁਤ ਦੁਖੀ ਹਾਂ। ਪਹਿਲਾਂ ਸੁਣ ਕੇ ਰਾਜੇ ਦੇ ਮਨ ਵਿਚ ਦਇਆ ਆਈ, ਖਿਆਲ ਆਇਆ ਕਿ ਮੈਂ ਇਸ ਨੂੰ ਪੁਛਾਂ ਕਿ ਇਸ ਨੂੰ ਕੀ ਦੁੱਖ ਹੈ ਅਤੇ ਇਸਦੀ ਮਦਦ ਕਰਕੇ ਇਸ ਦਾ ਦੁੱਖ ਨਵਿਰਤ ਕਰਾਂ। ਫੇਰ ਖਿਆਲ ਆਇਆ ਇਹ ਤਨ, ਮਨ ਤਾਂ ਗੁਰੂ ਨੂੰ ਦੇ ਦਿਤਾ ਹੈ, ਧਨ ਭੀ ਗੁਰੂ ਨੂੰ ਦੇ ਦਿਤਾ ਹੈ ਗੁਰੂ ਦੀ ਆਗਿਆ ਹੈ ਕਿ ਮੇਰੀ ਕੋਈ ਚੀਜ਼ ਤੋਂ ਤੂੰ ਕੰਮ ਨਹੀਂ ਲੈਣਾ, ਬੁੱਤ ਬਣ ਕੇ ਖੜ੍ਹਾ ਰਹਿ। ਇਸ ਵਾਸਤੇ ਮੈਨੂੰ ਗੁਰੂ ਦੀ ਆਗਿਆ ਪਾਲਣ ਕਰਨੀ ਚਾਹੀਦੀ ਹੈ ਅਤੇ ਚੁਪ ਕਰਕੇ ਖੜ੍ਹਾ ਰਿਹਾ। ਬ੍ਰਾਹਮਣ ਵਿਰਲਾਪ ਕਰਦਾ ਰਿਹਾ ਅਤੇ ਆਪਣੀ ਦਰਦਨਾਕ ਕਹਾਣੀ ਰਾਜੇ ਜਨਕ ਨੂੰ ਬੜੀ ਦੁਖੀ ਹਾਲਤ ਵਿਚ ਦੱਸੀ। ਫੇਰ ਕਹਿਣ ਲੱਗਿਆ ਕਿ ਹੇ ਰਾਜਨ! ਤੈਨੂੰ ਮੇਰੀ ਐਨੀ ਦਰਦ ਭਰੀ ਹਾਲਤ ਦੇਖ ਕੇ ਵੀ ਤਰਸ ਨਹੀਂ ਆਉਂਦਾ, ਤੂੰ ਬੁੱਤ ਬਣ ਕੇ ਕਿਉਂ ਖੜ੍ਹਾ ਹੈਂ? ਮੇਰੇ ਬੱਚੇ ਤੜਫ ਰਹੇ ਹਨ – ਭੁੱਖ ਨਾਲ, ਤੂੰ ਮੇਰੀ ਇਕ ਵੀ ਗੱਲ ਨਹੀਂ ਸੁਣ ਰਿਹਾ। ਰਾਜੇ ਦਾ ਫਿਰ ਚਿਤ ਕਰਿਆ ਕਿ ਮੈਂ ਖਜ਼ਾਨਚੀ ਨੂੰ ਕਹਿ ਕੇ ਇਸਦੀ ਕੁਝ ਮਦਦ ਕਰਾਂ। ਫੇਰ ਖਿਆਲ ਆਇਆ ਕਿ ਧਨ ਤਾਂ ਮੈਂ ਗੁਰੂ ਨੂੰ ਦੇ ਦਿਤਾ ਹੈ, ਤਨ ਕਰਕੇ ਵੀ ਮੈਂ ਇਸ ਬ੍ਰਾਹਮਣ ਦੀ ਮਦਦ ਨਹੀਂ ਕਰ ਸਕਦਾ। ਮੈਂ ਤਾਂ ਸਰਬੰਸ ਗੁਰੂ ਨੂੰ ਅਰਪਣ ਕਰ ਚਕਿਆ ਹਾਂ। ਹੁਣ ਮੇਰੀ ਹਾਲਤ ਤਾਂ ਪੂਰੀ ਤਰ੍ਹਾਂ ਕੰਗਾਲ ਵਰਗੀ ਹੈ। ਅੰਦਰੋਂ ਸੋਚਣ ਲੱਗਿਆ ਕਿ ਮੈਂ ਗੁਰੂ ਦੇ ਨਾਲ ਮਨ ਦਾ ਸੰਕਲਪ ਧਾਰ ਕੇ ਬਹੁਤ ਬੁਰੀ ਗੱਲ ਕੀਤੀ ਹੈ। ਧ੍ਰਿਕਾਰ ਹੈ ਮੈਨੂੰ ਕਿ ਮੈਂ ਇਸ ਦੁਖੀ ਦੀ ਮਦਦ ਨਹੀਂ ਕਰ ਸਕਦਾ। ਜਦੋਂ ਬ੍ਰਾਹਮਣ ਨੂੰ ਕੋਈ ਜਵਾਬ ਨਾ ਮਿਲਿਆ ਤਾਂ ਕ੍ਰੋਧ ਵਿਚ ਆ ਕੇ ਉਸਨੇ ਬਹੁਤ ਕਠੋਰ ਬਚਨ ਰਾਜੇ ਨੂੰ ਕਹਿਣੇ ਸ਼ੁਰੂ ਕਰ ਦਿਤੇ। ਇਹ ਸੁਣ ਕੇ ਵੀ ਰਾਜਾ ਉਸੇ ਤਰ੍ਹਾਂ ਮਿੱਟੀ ਦਾ ਬੁੱਤ ਬਣ ਕੇ ਖੜ੍ਹਾ ਰਿਹਾ। ਬ੍ਰਾਹਮਣ ਨੇ ਇਹੋ ਜਿਹਾ ਕ੍ਰੋਧ ਕੀਤਾ ਜਿਸ ਨੂੰ ਅਨੁਭਵ ਕਰਕੇ ਸਾਰੀ ਸਭਾ ਕੰਬ ਗਈ ਅਤੇ ਡਰ ਗਈ ਕਿ ਇਹ ਕੋਈ ਸਰਾਪ ਨਾ ਦੇ ਦੇਵੇ ਜਿਸ ਤੋਂ ਰਾਜਾ ਫੇਰ ਦੁਖ ਭਰਿਆ ਜੀਵਨ ਬਤੀਤ ਕਰੇ। ਪਰ ਰਾਜੇ ਨੂੰ ਕੀ ਫਿਕਰ ਸੀ, ਜੋ ਕੁਝ ਵੀ ਸੀ ਆਪਣਾ ਉਹ ਗੁਰੂ ਅਸ਼ਟਾਵਕਰ ਦੇ ਚਰਨਾਂ ਵਿਚ ਭੇਟ ਕਰ ਦਿਤਾ ਸੀ। ਰਾਜਾ ਨਿਰਸੰਕਲਪ ਹੋ ਕੇ ਖੜ੍ਹਾ ਰਿਹਾ। ਇਹ ਦੇਖ ਕੇ ਅਸ਼ਟਾਵਕਰ ਬਹੁਤ ਖੁਸ਼ ਹੋਇਆ ਅਤੇ ਰਾਜੇ ਨੂੰ ਅਧਿਕਾਰੀ ਜਾਣ ਕੇ ਕਹਿਣ ਲੱਗਿਆ ਕਿ ਮੇਰੇ ਧਨ ਵਿਚੋਂ ਇਸ

ਬ੍ਰਾਹਮਣ ਨੂੰ ਦੇ ਕੇ ਸੁਖੀ ਕਰ। ਰਾਜੇ ਨੇ ਕਿਹਾ ਕਿ ਸਭ ਚੀਜ਼ਾਂ ਤਾਂ ਮੈਂ ਤੁਹਾਨੂੰ ਦੇ ਚੁਕਿਆ ਹਾਂ। ਮੇਰਾ ਤਾਂ ਕੋਈ ਅਧਿਕਾਰ ਨਹੀਂ ਰਿਹਾ, ਨਾ ਹੀ ਮੈਨੂੰ ਕਿਸੇ ਚੀਜ਼ ਦੀ ਮਮਤਾ ਰਹੀ ਹੈ। ਅਸ਼ਟਾਵਕਰ ਨੇ ਉਸ ਬ੍ਰਾਹਮਣ ਨੂੰ ਧਨ ਦੇ ਕੇ ਸੁਖੀ ਕਰ ਦਿਤਾ। ਰਾਜੇ ਜਨਕ ਨੂੰ ਸੰਬੋਧਨ ਕਰਕੇ ਅਸ਼ਟਾਵਕਰ ਕਹਿਣ ਲੱਗਿਆ ਕਿ ਰਾਜਨ ਤੂੰ ਕੌਣ ਹੈਂ? ਮੁਨੀ ਕਹਿਣ ਲੱਗੇ ਕਿ ਜਨਕ ਉਪਰ ਹੱਥ ਰੱਖ ਕੇ ਦਸ ਕਿ ਜਨਕ ਕੌਣ ਹੈ? ਰਾਜਾ ਕੁਝ ਵੀ ਨਾ ਦੱਸ ਸਕਿਆ ਕਿਉਂਕਿ ਜੇ ਬਾਂਹ ਉਤੇ ਹੱਥ ਰਖਦਾ ਹੈ ਤਾਂ ਉਹ ਬਾਂਹ ਹੈ, ਛਾਤੀ ਉਤੇ ਹੱਥ ਰਖਦਾ ਹੈ ਤਾਂ ਉਹ ਛਾਤੀ ਹੈ, ਜੇ ਸਿਰ ਉਪਰ ਹੱਥ ਰਖ ਕੇ ਦਸਦਾ ਹੈ ਤਾਂ ਉਹ ਸਿਰ ਹੈ, ਜੇ ਪੇਟ ਉਤੇ ਹੱਥ ਰਖ ਕੇ ਕਹਿੰਦਾ ਹੈ ਕਿ ਆਹ ਰਾਜਾ ਜਨਕ ਹੈ, ਤਾਂ ਉਹ ਪੇਟ ਹੈ। ਰਾਜਾ ਕੁਝ ਨਾ ਵਿਖਾ ਸਕਿਆ ਕਿ ਜਨਕ ਕੀ ਹੈ? ਉਸ ਵੇਲੇ ਮੁਨੀ ਨੇ ਕਿਹਾ ਜਿਵੇਂ ਤੂੰ ਕਹਿੰਦਾ ਹੈਂ ਕਿ ਮੈਂ ਜਨਕ ਹਾਂ ਪਰ ਦਿਖਾ ਨਹੀਂ ਸਕਦਾ, ਇਸ ਤਰ੍ਹਾਂ ਜਨਕ ਕੋਈ ਚੀਜ਼ ਨਹੀਂ, ਹੈ ਤਾਂ ਦਿਖਾ? ਇਸ ਤਰ੍ਹਾਂ ਨਾਲ ਸਾਰੇ ਲੋਕ, ਜਗਤ, ਸੰਸਾਰ, ਦੁਨੀਆਂ, world ਕਹਿੰਦੇ ਹਨ ਉਹ ਦਿਖਾ ਨਹੀਂ ਸਕਦੇ। ਇਸ ਕਰਕੇ ਜਗਤ ਹੈ ਹੀ ਨਹੀਂ, ਕਹਿਣ ਲੱਗੇ ਰਾਜਾ ਜਨਕ! ਜਿਵੇਂ ਅਕਾਸ਼ ਇਕੋ ਹੀ ਹੈ ਪਰ ਉਪਾਧੀ ਕਰਕੇ ਕਿਸੇ ਬਰਤਨ ਵਿਚ ਜੋ ਖਾਲੀ ਜਗ੍ਹਾ (space) ਹੈ ਉਸ ਨੂੰ ਘਟਾ ਅਕਾਸ਼ ਕਹਿੰਦੇ ਹਨ; ਜੋ ਮਕਾਨ ਦੇ ਅੰਦਰ ਖਾਲੀ ਜਗ੍ਹਾ ਹੈ ਉਸ ਨੂੰ ਮਟਾ ਅਕਾਸ਼ ਕਹਿੰਦੇ ਹਨ, ਜੋ ਅਸਮਾਨ ਅਤੇ ਬੱਦਲਾਂ ਦੇ ਵਿਚਕਾਰ ਖਾਲ਼ੀ ਜਗ੍ਹਾ ਹੈ ਉਸ ਨੂੰ ਮੇਘਾ ਅਕਾਸ਼ ਕਹਿੰਦੇ ਹਨ ਪਰ ਜਦੋਂ ਬੱਦਲ ਦੂਰ ਹੋ ਜਾਣ ਅਤੇ ਅਸਮਾਨ ਸਾਫ ਹੋ ਜਾਂਦਾ ਹੈ ਇਕੋ ਅਕਾਸ਼ ਰਹਿ ਜਾਂਦਾ ਹੈ। ਜਿਸ ਨੂੰ ਮਹਾਂ ਅਕਾਸ਼ ਕਿਹਾ ਜਾਂਦਾ ਹੈ।

***ਸਹਸ ਘਟਾ ਮਹਿ ਏਕੁ ਆਕਾਸੁ॥***
***ਘਟਿ ਫੂਟੇ ਤੇ ਓਹੀ ਪ੍ਰਗਾਸੁ॥*** ***ਪੰਨਾ - 736***

ਇਹ ਅਕਾਸ਼ ਦੀ ਵੰਡ ਕੇਵਲ ਕਲਪਨਾ ਮਾਤਰ ਹੈ ਸਤਿ ਰੂਪ ਵਿਚ ਕੇਵਲ ਇਕੋ ਅਕਾਸ਼ ਅਖੰਡ ਰੂਪ ਵਿਚ ਪਰੀਪੂਰਨ ਹੈ। ਇਸੇ ਤਰ੍ਹਾਂ ਨਾਲ ਮਾਇਆ ਅਤੇ ਅਵਿਦਿਆ ਦੀ ਉਪਾਧੀ ਦੇ ਸਬੰਧ ਕਰਕੇ ਤੂੰ ਸਤਿ ਚਿਤ ਅਨੰਦ ਪਰੀਪੂਰਨ ਬ੍ਰਹਮ ਨੂੰ ਕਿਤੇ ਜਨਕ ਕਹਿੰਦਾ ਹੈਂ, ਕਿਤੇ ਅਸ਼ਟਾਵਕਰ ਕਹਿੰਦਾ ਹੈਂ, ਕਿਤੇ ਅਨੇਕ ਨਾਮਾਂ ਦੇ ਨਾਲ ਸਬੰਧੋਨ ਕਰਦਾ ਹੈਂ, ਇਹ ਸਾਰੇ ਕਲਪਤ ਹਨ, ਝੂਠੇ ਹਨ, ਤੱਤ ਵਸਤੂ ਕੇਵਲ ਸਤਿ, ਚਿਤ, ਅਨੰਦ ਹੈ। ਜੋ ਅਖੰਡ ਰੂਪ ਵਿਚ ਸਾਰੇ ਪਰੀਪੂਰਨ ਹੈ, ਉਸ ਵਿਚ ਕੋਈ ਵੀ ਵਿਕਾਰ ਨਹੀਂ ਹੈ, ਉਹ ਜੰਮਣ ਮਰਨ ਤੋਂ ਰਹਿਤ ਹੈ, ਕੋਈ ਚੀਜ਼ ਉਸ ਨੂੰ ਫੜ ਨਹੀਂ ਸਕਦੀ, ਉਹ ਸਭ ਵਿਚ ਹੁੰਦਾ ਹੋਇਆ ਵੀ ਅਸੰਗ ਹੈ। ਐਸੇ ਤਰ੍ਹਾਂ ਤੂੰ ਆਤਮ ਸਰੂਪ ਹੈਂ, ਜਨਕ ਆਦਿ ਤੇਰੇ ਅਨੇਕਾਂ ਨਾਮ ਹਨ ਤੂੰ ਆਪਣੇ ਅਖੰਡ ਰੂਪ ਵਿਚ ਸਥਿਤ ਹੈਂ। ਤਾਂ ਰਾਜਾ ਜਨਕ ਪ੍ਰਾਣ, ਇੰਦ੍ਰੀਆਂ, ਮਨ, ਚਿਤ, ਬੁੱਧੀ ਗੁਰੂ ਦਾ ਜਾਣ ਕੇ ਇਨ੍ਹਾਂ ਤੋਂ ਅਸੰਗ ਹੋ ਕੇ ਜਦੋਂ ਅਫੁਰ ਅਵਸਥਾ ਵਿਚ ਲੀਨ ਹੋ ਗਿਆ, ਉਸ ਅਫੁਰ ਅਵਸਥਾ ਵਿਚੋਂ ਸਹਿਜ ਅਵਸਥਾ ਦੀ ਸਮਾਧ ਲੱਗ ਗਈ ਅਤੇ ਪ੍ਰੇਮ ਅਨੰਦ ਨੂੰ ਪ੍ਰਾਪਤ ਹੋ ਗਿਆ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ -

***ਸਹਜ ਸਮਾਧਿ ਲਗੀ ਲਿਵ ਅੰਤਰਿ***
***ਸੋ ਰਸੁ ਸੋਈ ਜਾਣੈ ਜੀਉ॥*** ***ਪੰਨਾ - 106***

ਸੋ ਰਾਜਾ ਜਨਕ ਸਭ ਦ੍ਰਿਸ਼ਟਮਾਨ ਤੋਂ ਵਿਰੱਕਤ ਹੋ ਕੇ ਆਪਣੇ ਆਤਮ ਸਰੂਪ ਵਿਚ ਸਮਾਧੀ ਸਥਿਤ ਹੋ ਗਿਆ। ਕਾਫੀ ਸਮਾਂ ਲੰਘਣ ਉਪਰੰਤ ਅਸ਼ਟਾਵਕਰ ਜੀ ਨੇ ਉਸ ਨੂੰ ਕਿਹਾ ਕਿ ਜੋ ਸਤਿ ਅਵਸਥਾ ਤੂੰ ਮਾਣੀਂ ਹੈ ਤੇ ਚੇਤਨ ਰੂਪ ਵਿਚ ਪ੍ਰਮ ਅਨੰਦ ਅਨੁਭਵ ਕੀਤਾ ਹੈ ਇਹ ਸਤਿ ਚਿਤ ਅਨੰਦ ਹੀ ਤੇਰਾ ਆਪਣਾ ਰੂਪ ਹੈ। ਇਸ ਆਪਣੇ ਰੂਪ ਨੂੰ ਪਛਾਣ ਅਤੇ ਜਿਸ ਬਾਰੇ ਫੁਰਮਾਨ ਹੈ -

***ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥*** ***ਪੰਨਾ - 441***

ਹੇ ਰਾਜਨ! ਜੋ ਤੈਨੂੰ ਅਸੀਂ ਅਨੁਭਵ ਕਰਾਇਆ ਹੈ ਇਹ ਪ੍ਰਮ ਤਤ੍ਵ ਹੈ। ਇਹੀ ਆਤਮਾ ਬ੍ਰਹਮ ਹੈ, ਇਹਦੇ ਵਿਚ ਆਪਣੇ ਚਿਤ ਦੀਆਂ ਬਿਰਤੀਆਂ ਲੀਨ ਕਰ ਅਤੇ ਰਾਜ, ਧਰਮ ਦੇ ਮੁਤਾਬਿਕ, ਜਦੋਂ ਤਕ ਸਰੀਰ ਵਿਚ ਪ੍ਰਾਣ ਚਲਦੇ ਹਨ, ਉਸ ਨੂੰ ਨਿਭਾ। ਉਸ ਸਮੇਂ ਅਸ਼ਟਾਵਕਰ ਨੇ ਪੰਜ ਸਲੋਕਾਂ ਦੇ ਰਾਹੀਂ ਗਿਆਨ ਦਿਤਾ, ਇਹ ਸਾਰਾ ਉਪਦੇਸ਼ ਅਸ਼ਟਾਵਕਰ ਗੀਤਾ ਵਿਚ ਅਧਿਆਏ 2, ਪੰਜਵੇਂ ਸਲੋਕ ਵਿਚ ਅਤੇ 10ਵੇਂ ਅਤੇ 15ਵੇਂ ਸਲੋਕ ਵਿਚ ਵਿਸਥਾਰ ਪੂਰਵਕ ਵਰਣਨ ਕੀਤਾ ਗਿਆ ਹੈ। ਜਿਸ ਦਾ ਸਾਰ ਇਸ ਤਰ੍ਹਾਂ ਹੈ -

ਹੇ ਰਾਜਨ! ਇਹ ਸਰੀਰ, ਇੰਦ੍ਰੀਆਂ, ਪ੍ਰਾਣ, ਦੇਹ, ਮਨ, ਬੁਧੀ ਇਹ ਇਕ vehicle (ਵਾਹਨ) ਹਨ। ਇਹ ਸਰੀਰ ਦੇ ਆਪਣੇ ਧਰਮ ਹਨ - ਇਹ ਕਾਲਾ ਹੈ, ਗੋਰਾ ਹੈ, ਦੁਖੀ ਹੈ, ਸੁਖੀ ਹੈ, ਤੂੰ ਇਨ੍ਹਾਂ ਧਰਮਾਂ ਨੂੰ ਆਪਣੇ ਆਪ ਤੋਂ ਨਿਆਰਾ ਜਾਣ। ਤੇਰਾ ਸਰੂਪ ਪਰੀਪੂਰਨ ਹੈ ਅਤੇ ਤੇਰਾ ਆਪਣਾ ਜੋਤੀ ਸਰੂਪ ਸਭ ਦਾ ਪ੍ਰਕਾਸ਼ਕ ਹੈ। ਹਰ ਥਾਂ ਪਰੀਪੂਰਨ ਹੈ ਜਿਵੇਂ ਕਿ -

***ਜਿਮੀ ਜਮਾਨ ਕੇ ਬਿਖੈ ਸਮੱਸਤ ਏਕ ਜੋਤ ਹੈ॥***
***ਨ ਘਾਟ ਹੈ ਨ ਬਾਢ ਹੈ ਨ ਘਾਟ ਬਾਢ ਹੋਤ ਹੈ॥*** ***ਅਕਾਲ ਉਸਤਤਿ***

***ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ॥***
***ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ॥***
***ਈਤ ਊਤ ਨਹੀ ਬੀਛੁੜੈ ਸੋ ਸੰਗੀ ਗਨੀਐ॥***
***ਬਿਨਸਿ ਜਾਇ ਜੋ ਨਿਮਖ ਮਹਿ ਸੋ ਅਲਪ ਸੁਖੁ ਭਨੀਐ॥***
***ਪ੍ਰਤਿਪਾਲੈ ਅਪਿਆਉ ਦੇਇ ਕਛੁ ਊਨ ਨ ਹੋਈ॥***
***ਸਾਸਿ ਸਾਸਿ ਸੰਮਾਲਤਾ ਮੇਰਾ ਪ੍ਰਭੁ ਸੋਈ॥*** ***ਪੰਨਾ - 677***

ਹੇ ਰਾਜਨ! ਤੂੰ ਸਭ ਦਾ ਪ੍ਰਕਾਸ਼ਕ ਹੋਣ ਕਰਕੇ ਸਵੈ ਪ੍ਰਕਾਸ਼ ਹੈਂ, ਸੈਭੰ ਹੈਂ, ਮਾਇਆ ਰਹਿਤ ਹੈਂ, ਸ਼ੁਧ ਹੈਂ, ਇਹ ਹੀ ਤੇਰੇ ਬੰਧਨ ਹਨ ਜੋ ਤੂੰ ਆਪਣੇ ਆਪ ਨੂੰ ਕਰਤਾ ਮੰਨ ਕੇ ਕਰਮ ਕਰਦਾ ਹੈਂ। ਤੂੰ ਆਪਣੇ ਸਰੂਪ ਵਿਚ ਸਦਾ ਹੀ ਸਮਾਧਿਤ ਹੈਂ, ਸਦਾ ਹੀ ਤੇਰੀ ਸਹਿਜ ਅਵਸਥਾ ਇਹ ਤੇਰੀ ਪ੍ਰਮ ਸਮਾਧ ਹੈ ਜਿਥੇ ਕੋਈ ਦੁੱਖ ਸੁਖ ਪਹੁੰਚ ਨਹੀਂ ਸਕਦਾ। ਹੇ ਰਾਜਨ! ਤੇਰਾ ਕੋਈ ਵਰਣ ਨਹੀਂ, ਨਾ ਹੀ ਤੂੰ ਖਤ੍ਰੀ ਹੈਂ, ਸ਼ੂਦਰ ਹੈਂ, ਨਾ ਹੀ ਤੇਰਾ ਕੋਈ ਦੇਸ਼ ਹੈ; ਤੂੰ ਸਰਬ ਪਰੀਪੂਰਨ ਜੋਤੀ ਹੈਂ, ਨਾ ਹੀ ਤੂੰ ਬ੍ਰਹਮਚਾਰੀ ਹੈਂ, ਨਾ ਤਿਆਗੀ ਹੈਂ, ਨਾ ਗ੍ਰਿਹਸਤੀ ਹੈਂ, ਨਾ ਸੰਨਿਆਸੀ ਹੈਂ, ਨਾ ਹੀ ਤੂੰ ਕਿਸੇ ਇੰਦ੍ਰੇ ਦਾ ਵਿਸ਼ਾ

ਹੈਂ, ਤੂੰ ਅਗੰਮ ਹੈਂ, ਅਗੋਚਰ ਹੈਂ, ਅਥਾਹ ਹੈਂ, ਇਨ੍ਹਾਂ ਇੰਦ੍ਰਿਆਂ ਵਿਚੋਂ ਕੋਈ ਇੰਦ੍ਰਾ ਤੈਨੂੰ ਅਨੁਭਵ ਨਹੀਂ ਕਰ ਸਕਦਾ। ਤੂੰ ਇਨ੍ਹਾਂ ਤੋਂ ਨਿਆਰਾ ਹੈਂ, ਤੂੰ ਦਿਖਣ ਵਾਲਾ ਨਹੀਂ ਹੈ। ਤੂੰ ਦੇਖਣ ਵਾਲਾ ਹੈਂ। ਧਰਮ-ਅਧਰਮ, ਪੁੰਨ-ਪਾਪ, ਸੁੱਖ-ਦੁਖ, ਕਰਤਾ-ਭੋਗਤਾ ਇਹ ਮਨ, ਬੁੱਧੀ ਦੇ ਵਿਸ਼ੇ ਹਨ। ਤੂੰ ਇਨ੍ਹਾਂ ਤੋਂ ਅਸੰਗ, ਨਿਰਵਿਕਾਰ ਹੈਂ। ਤੂੰ ਵਿਆਪਕ ਪਰੀਪੂਰਨ ਹੈਂ, ਇਨ੍ਹਾਂ ਵਿਚੋਂ ਕੋਈ ਵੀ ਧਰਮ ਤੇਰਾ ਨਹੀਂ ਹੈ, ਤੂੰ ਕੇਵਲ ਦ੍ਰਿਸ਼ਟਾ ਹੋ ਕੇ ਦੇਖਣ ਵਾਲਾ ਹੈਂ। ਨਾ ਤੂੰ ਕਰਤਾ ਹੈਂ, ਨਾ ਤੂੰ ਭੋਗਤਾ ਹੈਂ, ਨਾ ਤੂੰ ਕਿਸੇ ਜੋਨੀ ਵਿਚ ਆਉਂਦਾ ਹੈਂ, ਤੇਰੇ ਅਨੇਕ ਨਾਮ ਹਨ, ਤੇਰੇ ਰੂਪ ਨੂੰ ਕੋਈ ਨਹੀਂ ਜਾਣਦਾ।

***ਚੱਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ॥***
***ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤਿ ਕਿਹ॥***
***ਅਚਲ ਮੂਰਤਿ ਅਨਭਉ ਪ੍ਰਕਾਸ ਅਮਿਤੋਜ ਕਹਿੱਜੈ॥***
***ਕੋਟਿ ਇੰਦ੍ਰ ਇੰਦ੍ਰਾਣਿ ਸਾਹਿ ਸਾਹਾਣਿ ਗਣਿੱਜੈ॥***
***ਤ੍ਰਿਭਵਣ ਮਹੀਪ ਸੁਰ ਨਰ ਅਸੁਰ ਨੇਤ ਨੇਤ ਬਨ ਤ੍ਰਿਣ ਕਹਤ॥***
***ਤ੍ਵ ਸਰਬ ਨਾਮ ਕਥੈ ਕਵਨ ਕਰਮ ਨਾਮ ਬਰਣਤ ਸੁਮਤਿ॥***

***ਜਾਪੁ ਸਾਹਿਬ***

ਤੇਰੇ ਅਨੇਕ ਨਾਮ ਲੈ ਕੇ ਸੰਸਾਰ ਤੈਨੂੰ ਨਮਸਕਾਰਾਂ ਕਰ ਰਿਹਾ ਹੈ ਜਿਵੇਂ ਕਿ-

***ਨਮਸਤ੍ਵੰ ਅਕਾਲੇ ॥ ਨਮਸਤ੍ਵੰ ਕ੍ਰਿਪਾਲੇ॥***
***ਨਮਸਤੰ ਅਰੂਪੇ॥ ਨਮਸਤੰ ਅਨੂਪੇ॥***
..................................
..................................॥

ਤੂੰ ਸਦਾ ਮੁਕਤ ਸਰੂਪ ਹੈਂ ਆਪਣੇ ਇਸ ਸਰੂਪ ਨੂੰ ਜਾਣ ਕੇ ਇਸ ਵਿਚ ਸਥਿਤ ਰਹਿ। ਹੇ ਰਾਜਨ! -

***ਜਲ ਤਰੰਗ ਅਰੁ ਫੇਨ ਬੁਦਬੁਦਾ ਜਲ ਤੇ ਭਿੰਨ ਨ ਹੋਈ॥***

***ਪੰਨਾ - 485***

ਪਾਣੀ ਦੀਆਂ ਲਹਿਰਾਂ ਝੱਗ ਬੁਲਬੁਲੇ, ਪਾਣੀ ਤੋਂ ਅੱਡ ਨਹੀਂ ਹੁੰਦੇ ਉਹ ਪਾਣੀ ਦਾ ਹੀ ਰੂਪ ਹੋਇਆ ਕਰਦੇ ਹਨ। ਇਸੇ ਤਰ੍ਹਾਂ ਨਾਲ ਇਹ ਵਿਸ਼ਵ ਸੰਸਾਰ ਤੇਰੇ ਸਰੂਪ ਤੋਂ ਅੱਡ ਨਹੀਂ ਹੈ ਕਿਉਂਕਿ ਇਸ ਸੰਸਾਰ ਨੂੰ ਪ੍ਰਗਟ ਰੂਪ ਦੇਣ ਵਾਲਾ ਤੂੰ ਆਪ ਹੀ ਹੈਂ, ਦੇਖਣ ਵਾਲਾ ਭੀ ਤੂੰ ਹੀ ਹੈਂ। ਦਿਖਣ ਵਾਲਾ ਭੀ ਤੂੰ ਹੀ ਹੈਂ। ਤੇਰਾ ਸਰੂਪ -

***ਆਦਿ ਸਚੁ ਜੁਗਾਦਿ ਸਚੁ॥***
***ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥*** ***ਪੰਨਾ - 1***

ਹੈ।

***ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ***
***ਹਰਿ ਬਿਨੁ ਅਵਰੁ ਨ ਦੇਖਹੁ ਕੋਈ॥***
***ਹਰਿ ਬਿਨੁ ਅਵਰੁ ਨ ਦੇਖਹੁ ਕੋਈ ਨਦਰੀ ਹਰਿ ਨਿਹਾਲਿਆ॥***

***ਏਹੁ ਵਿਸੁ ਸੰਸਾਰੁ ਤੁਮ ਦੇਖਦੇ***
***ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ॥***
***ਗੁਰ ਪਰਸਾਦੀ ਬੁਝਿਆ ਜਾ ਵੇਖਾ ਹਰਿ ਇਕੁ ਹੈ***
***ਹਰਿ ਬਿਨੁ ਅਵਰੁ ਨ ਕੋਈ॥***
***ਕਹੈ ਨਾਨਕੁ ਏਹਿ ਨੇਤ੍ਰ ਅੰਧ ਸੇ***
***ਸਤਿਗੁਰਿ ਮਿਲਿਐ ਦਿਬ ਦ੍ਰਿਸਟਿ ਹੋਈ॥*** ***ਪੰਨਾ - 922***

ਸੋ ਨਿਸ਼ਚੇ ਪੂਰਵਕ ਸਾਰੇ ਸੰਸਾਰ ਨੂੰ ਆਪਣਾ ਆਪ ਜਾਣ। ਜਦੋਂ ਅਸੀਂ ਵਿਚਾਰ ਕਰਦੇ ਹਾਂ ਕਿ ਵਸਤਰ ਕੀ ਹੈ? ਇਹ ਇਕੋ ਹੀ ਰੂੰ ਦੇ ਧਾਗੇ ਵਿਧੀ ਪੂਰਵਕ ਬੁਣੇ ਜਾ ਕੇ ਕਪੜਾ ਕਹਾਉਂਦੇ ਹਨ ਪਰ ਇਹ ਸੂਤ ਹੈ ਇਵੇਂ ਜਿਵੇਂ ਵਿਚਾਰ ਕਰਨ ਨਾਲ ਇਹ ਸਾਰਾ ਸੰਸਾਰ ਆਤਮਾ ਸਰੂਪ ਹੀ ਹੈ। ਐਸਾ ਨਿਸ਼ਚਾ ਕਰ -

***ਬ੍ਰਹਮ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥***
***ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥***
***ਪੰਨਾ - 846***

ਅਜਿਹਾ ਵਿਚਾਰ ਸੁਣ ਕੇ ਰਾਜਾ ਜਨਕ ਸਹਿਜ ਅਵਸਥਾ ਵਿਚ ਟਿਕ ਗਿਆ ਅਤੇ ਆਪਣਾ ਅਨੁਭਵ ਦਸਦੇ ਹੋਏ ਫੁਰਮਾਨ ਕਰਨ ਲੱਗਿਆ, ਬੜੀ ਅਸਚਰਜ ਗੱਲ ਹੈ, ਇਹ ਜਗਤ ਮਿਥਿਆ ਹੈ, ਮੇਰੇ ਵਾਸਤਵਿਕ ਰੂਪ ਦਾ ਅਗਿਆਨ ਹੋਣ ਕਰਕੇ ਮੇਰੇ ਵਿਚ ਹੀ ਵੱਖਰਾ ਪ੍ਰਤੀਤ ਦੇ ਰਿਹਾ ਹੈ ਜਿਸ ਤਰ੍ਹਾਂ ਸਿੱਪੀ ਬਾਰੇ ਅਗਿਆਨ ਹੋਣ ਕਰਕੇ ਸਿੱਪੀ ਵਿਚ ਚਾਂਦੀ ਪ੍ਰਤੀਤ ਦਿੰਦੀ ਹੈ ਅਤੇ ਰੱਸੀ ਦਾ ਗਿਆਨ ਨਾ ਹੋਣ ਕਰਕੇ ਹਨ੍ਹੇਰੇ ਵਿਚ ਰੱਸੀ ਸੱਪ ਪ੍ਰਤੀਤ ਦੇ ਰਹੀ ਹੈ। ਸੂਰਜ ਦੀਆਂ ਕਿਰਨਾਂ ਕਰਕੇ ਰੜੇ ਮੈਦਾਨ ਵਿਚ ਜਲ ਦਾ ਦਰਿਆ ਪ੍ਰਤੀਤ ਦੇ ਰਿਹਾ ਹੈ। ਇਹ ਕੀ ਹੋਇਆ! ਸਾਰਾ ਸੰਸਾਰ ਮੇਰੇ ਵਿਚੋਂ ਹੀ ਪੈਦਾ ਹੁੰਦਾ ਹੈ ਅਤੇ ਮੇਰੇ ਵਿਚ ਹੀ ਲੀਨ ਹੋ ਜਾਂਦਾ ਹੈ। ਮੈਂ ਹੀ ਸੰਸਾਰ ਵਿਚ ਪ੍ਰਗਟ ਹੋ ਕੇ ਦਿਸਣਹਾਰ ਬਣ ਜਾਂਦਾ ਹਾਂ। ਮੈਂ ਹੀ ਆਪਣੇ ਸਰੂਪ ਵਿਚ ਇਸ ਨੂੰ ਦ੍ਰਿਸ਼ਟਾ ਹੋ ਕੇ ਵਖਰਾ ਦੇਖਦਾ ਹਾਂ ਪਰ ਦੋਵੇਂ ਪਾਸੇ ਮੈਂ ਹੀ ਹਾਂ ਜਿਵੇਂ ਜਲ ਵਿਚੋਂ ਲਹਿਰਾਂ ਉਠ ਕੇ ਜਲ ਵਿਚ ਲੀਨ ਹੋ ਜਾਂਦੀਆਂ ਹਨ। ਹੈਰਾਨੀ ਦੀ ਗੱਲ ਹੈ ਕਿ ਸੋਨਾ ਕੁਠਾਲੀ ਵਿਚ ਗਰਮ ਕਰਕੇ ਜਦੋਂ ਅਨੇਕਾਂ ਰੂਪਾਂ ਵਿਚ ਘੜਿਆ ਜਾਂਦਾ ਹੈ ਤਾਂ ਓਹੀ ਸੋਨਾ ਹਾਰ ਕਹਾਉਂਦਾ ਹੈ, ਕੜੇ ਕਹਾਉਂਦਾ ਹੈ, ਨੱਥ ਮਛਲੀਆਂ ਕਹਾਉਂਦਾ ਹੈ ਅਤੇ ਹੋਰ ਅਨੇਕ ਤਰ੍ਹਾਂ ਦੇ ਗਹਿਣੇ ਬਣ ਕੇ ਉਪਾਧੀ ਧਾਰਨ ਕਰਦਾ ਹੈ। ਇਹ ਸਭ ਮਿਥਿਆ ਦ੍ਰਿਸ਼ਟੀ ਕਰਕੇ ਹੁੰਦਾ ਹੈ ਦਰਅਸਲ ਸੋਨੇ ਨੇ ਆਪ ਹੀ ਅਨੇਕ ਰੂਪ ਧਾਰਨ ਕੀਤੇ ਹਨ। ਗਿਆਤਾ, ਗਿਆਨ, ਗੇਯ; ਧਿਆਤਾ, ਧਿਆਨ, ਧੇਅ; ਪ੍ਰਮਾਣ, ਪ੍ਰੇਮਯ, ਪ੍ਰਿਮਾਤਾ ਅਨੇਕ ਤ੍ਰਿਕੁਟੀਆਂ ਦੇ ਦ੍ਵੈਤ ਰੂਪ, ਵਾਸਤਵ ਵਿਚ ਭਾਸ ਰਹੇ ਹਨ ਪਰ ਤਤ੍ਵ ਦੀ ਕਸਵੱਟੀ ਉਪਰ ਇਹ ਅਗਿਆਨ ਛਿਨ ਭੰਗਰ ਹੋ ਜਾਂਦਾ ਹੈ। ਗੁਰੂ ਮਹਾਰਾਜ ਜੀ ਇਸ ਅਵਸਥਾ ਬਾਰੇ ਫੁਰਮਾਨ ਕਰਦੇ ਹਨ -

***ਮਿਲੇ ਨਰਾਇਣ ਆਪਣੇ ਮਾਨੋਰਥੋ ਪੂਰਾ ਰਾਮ ਰਾਜੇ॥***
***ਢਾਠੀ ਭੀਤਿ ਭਰੰਮ ਕੀ ਭੇਟਤ ਗੁਰੁ ਸੂਰਾ ਰਾਮ ਰਾਜੇ॥***

***ਪੂਰਨ ਗੁਰ ਪਾਏ ਪੁਰਬਿ ਲਿਖਾਏ ਸਭ ਨਿਧਿ ਦੀਨ ਦਇਆਲਾ॥***
***ਆਦਿ ਮਧਿ ਅੰਤਿ ਪ੍ਰਭੁ ਸੋਈ ਸੁੰਦਰ ਗੁਰ ਗੋਪਾਲਾ॥***
***ਸੂਖ ਸਹਜ ਆਨੰਦ ਘਨੇਰੇ ਪਤਿਤ ਪਾਵਨ ਸਾਧੂ ਧੂਰਾ॥***
***ਹਰਿ ਮਿਲੇ ਨਰਾਇਣ ਨਾਨਕਾ ਮਾਨੋਰਥੋੁ ਪੂਰਾ॥ ਪੰਨਾ - 454***

***ਤੂੰ ਪੇਡੁ ਸਾਖ ਤੇਰੀ ਫੂਲੀ॥ ਤੂੰ ਸੂਖਮੁ ਹੋਆ ਅਸਥੂਲੀ॥***
***ਤੂੰ ਜਲਨਿਧਿ ਤੂੰ ਫੇਨੁ ਬੁਦਬੁਦਾ ਤੁਧੁ ਬਿਨੁ ਅਵਰੁ ਨ ਭਾਲੀਐ ਜੀਉ॥***
***ਤੂੰ ਸੂਤੁ ਮਣੀਏ ਭੀ ਤੂੰ ਹੈ॥ ਤੂੰ ਗੰਠੀ ਮੇਰੁ ਸਿਰਿ ਤੂੰਹੈ॥***
***ਆਦਿ ਮਧਿ ਅੰਤਿ ਪ੍ਰਭੁ ਸੋਈ ਅਵਰੁ ਨ ਕੋਇ ਦਿਖਾਲੀਐ ਜੀਉ॥***
***ਤੂੰ ਨਿਰਗੁਣੁ ਸਰਗੁਣੁ ਸੁਖਦਾਤਾ॥ ਤੂੰ ਨਿਰਬਾਣੁ ਰਸੀਆ ਰੰਗਿ ਰਾਤਾ॥***
***ਅਪਣੇ ਕਰਤਬ ਆਪੇ ਜਾਣਹਿ ਆਪੇ ਤੁਧੁ ਸਮਾਲੀਐ ਜੀਉ॥***
***ਤੂੰ ਠਾਕੁਰੁ ਸੇਵਕੁ ਫੁਨਿ ਆਪੇ॥ ਤੂੰ ਗੁਪਤੁ ਪਰਗਟੁ ਪ੍ਰਭ ਆਪੇ॥***
***ਨਾਨਕ ਦਾਸੁ ਸਦਾ ਗੁਣ ਗਾਵੈ ਇਕ ਭੋਰੀ ਨਦਰਿ ਨਿਹਾਲੀਐ ਜੀਉ॥***
***ਪੰਨਾ - 102***

ਸੋ ਸੰਤ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ ਕਿ ਮਾਇਆ ਦਾ ਅਸਰ ਬਹੁਤ ਹੀ ਪ੍ਰਬਲ ਹੈ ਜਿਵੇਂ ਕਿ ਗੁਰੂ ਗ੍ਰੰਥ ਸਾਹਿਬ ਜੀ ਵਿਚ ਅੰਕਿਤ ਹੈ -

***ਸਰਪਨੀ ਤੇ ਊਪਰਿ ਨਹੀ ਬਲੀਆ॥***
***ਜਿਨਿ ਬ੍ਰਹਮਾ ਬਿਸਨੁ ਮਹਾਦੇਉ ਛਲੀਆ॥***
***ਮਾਰੁ ਮਾਰੁ ਸ੍ਰਪਨੀ ਨਿਰਮਲ ਜਲਿ ਪੈਠੀ॥***
***ਜਿਨਿ ਤ੍ਰਿਭਵਣੁ ਡਸੀਅਲੇ ਗੁਰ ਪ੍ਰਸਾਦਿ ਡੀਠੀ॥***
***ਸ੍ਰਪਨੀ ਸ੍ਰਪਨੀ ਕਿਆ ਕਹਹੁ ਭਾਈ॥***
***ਜਿਨਿ ਸਾਚੁ ਪਛਾਨਿਆ ਤਿਨਿ ਸ੍ਰਪਨੀ ਖਾਈ॥***
***ਸ੍ਰਪਨੀ ਤੇ ਆਨ ਛੂਛ ਨਹੀ ਅਵਰਾ॥***
***ਸ੍ਰਪਨੀ ਜੀਤੀ ਕਹਾ ਕਰੈ ਜਮਰਾ॥***
***ਇਹ ਸ੍ਰਪਨੀ ਤਾ ਕੀ ਕੀਤੀ ਹੋਈ॥***
***ਬਲੁ ਅਬਲੁ ਕਿਆ ਇਸ ਤੇ ਹੋਈ॥ ਪੰਨਾ - 480***

ਗੁਰੂ ਮਹਾਰਾਜ ਜੀ ਇਸ ਦੇ ਬਲ ਨੂੰ ਸਵੀਕਾਰ ਕਰਦੇ ਹੋਏ, ਨਾਲ ਹੀ ਇਲਾਜ ਦਸਦੇ ਹਨ -

***ਮਾਇਆ ਭੁਇਅੰਗਮੁ ਸਰਪੁ ਹੈ ਜਗੁ ਘੇਰਿਆ ਬਿਖੁ ਮਾਇ॥***
***ਬਿਖੁ ਕਾ ਮਾਰਣੁ ਹਰਿ ਨਾਮੁ ਹੈ ਗੁਰ ਗਰੁੜ ਸਬਦੁ ਮੁਖਿ ਪਾਇ॥***
***ਪੰਨਾ - 1415***

ਗੁਰੂ ਦਾ ਸ਼ਬਦ ਪੂਰੇ ਸਤਿਗੁਰੂ ਤੋਂ ਪ੍ਰਾਪਤ ਹੁੰਦਾ ਹੈ। ਪੂਰਾ ਸਤਿਗੁਰੂ ਪੂਰਬ ਲਿਖੇ ਲੇਖਾਂ ਕਰਕੇ ਹੀ ਮਿਲਦਾ ਹੈ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ -

***ਜਿਨ ਕਉ ਪੂਰਬਿ ਲਿਖਿਆ ਤਿਨ ਸਤਿਗੁਰੁ ਮਿਲਿਆ ਆਇ॥***
***ਮਿਲਿ ਸਤਿਗੁਰ ਨਿਰਮਲੁ ਹੋਇਆ ਬਿਖੁ ਹਉਮੈ ਗਇਆ ਬਿਲਾਇ॥***

***ਗੁਰਮੁਖਾ ਕੇ ਮੁਖ ਉਜਲੇ ਹਰਿ ਦਰਗਹ ਸੋਭਾ ਪਾਇ॥***
***ਜਨ ਨਾਨਕੁ ਸਦਾ ਕੁਰਬਾਣੁ ਤਿਨ ਜੋ ਚਾਲਹਿ ਸਤਿਗੁਰ ਭਾਇ॥***

***ਪੰਨਾ – 1415***

ਸਾਧਸੰਗਤ ਉਪਰ ਮਾਇਆ ਦਾ ਬਲ ਨਹੀਂ ਪੈਂਦਾ ਕਿਉਂਕਿ ਉਥੇ ਨਾਮ ਦਾ ਮੰਡਲ ਹੋਇਆ ਕਰਦਾ ਹੈ –

***ਸਤਸੰਗਤਿ ਕੈਸੀ ਜਾਣੀਐ॥ ਜਿਥੈ ਏਕੋ ਨਾਮੁ ਵਖਾਣੀਐ॥***
***ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ॥***

***ਪੰਨਾ – 72***

ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ –

***ਬ੍ਰਹਮ ਲੋਕ ਅਰੁ ਰੁਦ੍ਰ ਲੋਕ ਆਈ ਇੰਦ੍ਰ ਲੋਕ ਤੇ ਧਾਇ॥***
***ਸਾਧਸੰਗਤਿ ਕਉ ਜੋਹਿ ਨ ਸਾਕੈ ਮਲਿ ਮਲਿ ਧੋਵੈ ਪਾਇ॥***
***ਅਬ ਮੋਹਿ ਆਇ ਪਰਿਓ ਸਰਨਾਇ॥***
***ਗੁਹਜ ਪਾਵਕੋ ਬਹੁਤੁ ਪ੍ਰਜਾਰੈ ਮੋ ਕਉ ਸਤਿਗੁਰਿ ਦੀਓ ਹੈ ਬਤਾਇ॥***
***ਸਿਧ ਸਾਧਿਕ ਅਰ ਜਖ ਕਿੰਨਰ ਨਰ ਰਹੀ ਕੰਠਿ ਉਰਝਾਇ॥***
***ਜਨ ਨਾਨਕ ਅੰਗੁ ਕੀਆ ਪ੍ਰਭਿ ਕਰਤੈ ਜਾ ਕੈ ਕੋਟਿ ਐਸੀ ਦਾਸਾਇ॥***

***ਪੰਨਾ – 500***

ਜਿਥੇ ਨਾਮ ਦਾ ਪ੍ਰਕਾਸ਼ ਹੈ ਉਥੇ ਮਾਇਆ ਦਾ ਕੋਈ ਬਲ ਨਹੀਂ ਚਲਿਆ ਕਰਦਾ ਕਿਉਂਕਿ ਮਾਇਆ ਦੀ ਉਪਜ ਹਉਮੈ ਵਿਚੋਂ ਹੋਈ ਹੈ ਜਿਸ ਤਰ੍ਹਾਂ ਕਿ ਫੁਰਮਾਨ ਹੈ –

***ਜਿਨਿ ਰਚਿ ਰਚਿਆ ਪੁਰਖਿ ਬਿਧਾਤੈ ਨਾਲੇ ਹਉਮੈ ਪਾਈ॥***
***ਜਨਮ ਮਰਣੁ ਉਸ ਹੀ ਕਉ ਹੈ ਰੇ ਓਹਾ ਆਵੈ ਜਾਈ॥***

***ਪੰਨਾ – 999***

ਹਉਮੈ ਅਤੇ ਨਾਮ ਦਾ ਸਦਾ ਹੀ ਵਿਰੋਧ ਰਹਿੰਦਾ ਹੈ। ਹਉਮੈ ਸੰਸਾਰ ਦੀ ਉਹ ਅਵਸਥਾ ਹੈ ਜਿਥੇ ਜੀਵ ਪੂਰੀ ਤਰ੍ਹਾਂ ਨਾਲ ਪਹਿਲਾਂ ਆਪਣੇ ਆਪ ਨੂੰ ਭੁੱਲਦਾ ਹੈ, ਫੇਰ ਪ੍ਰਮੇਸ਼ਰ ਦੀ ਵੀ ਕੋਈ ਪਛਾਣ ਨਹੀਂ ਰਖਦਾ। ਵਾਹਿਗੁਰੂ ਜੀ ਨੂੰ ਆਪਣੇ ਆਪ ਤੋਂ ਵਖਰਾ ਹੀ ਜਾਣਦਾ ਹੈ। ਇਹ ਉਸ ਦਾ ਭਰਮ ਕਿਸੇ ਤਰ੍ਹਾਂ ਵੀ ਦੂਰ ਨਹੀਂ ਹੁੰਦਾ, ਭਾਵੇਂ ਕਿਤਾਬਾਂ ਨਾਲ ਭਰੀਆਂ ਹੋਈਆਂ ਸਾਰੀ ਦੁਨੀਆਂ ਦੀਆਂ ਲਾਇਬ੍ਰੇਰੀਆਂ ਪੜ੍ਹ ਜਾਵੇ ਤਾਂ ਵੀ ਭਰਮ ਨਹੀਂ ਦੂਰ ਹੁੰਦਾ ਕਿਉਂਕਿ ਹਉਮੈ ਵਿਚ ਹੀ ਪੜ੍ਹਾਈ ਲਿਖਾਈ ਸਬੰਧ ਰਖਦੀ ਹੈ, ਤੱਤ ਦੀ ਗੱਲ ਪੁਸਤਕਾਂ ਤੋਂ ਬਾਹਰ ਹੁੰਦੀ ਹੈ ਜਿਵੇਂ ਕਿ ਫੁਰਮਾਨ ਹੈ –

***ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ॥***
***ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ॥***
***ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ॥***
***ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ॥***
***ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ॥ ਪੰਨਾ – 467***

ਸੋ ਲੇਖੇ ਵਿਚ ਆਉਣ ਵਾਲੀ ਗੱਲ ਨਾਮ ਦੇ ਮੰਡਲ ਵਿਚ ਜਾਗ੍ਰਤ ਰੂਪ ਵਿਚ ਨਿਵਾਸ ਕਰਨਾ ਹੈ। ਜਿਥੇ ਨਾਮ ਦਾ ਪ੍ਰਕਾਸ਼ ਹੋ ਗਿਆ, ਉਥੇ ਹਉਮੈ ਦੀ ਕੋਈ ਅੰਸ ਵੀ ਬਾਕੀ ਨਹੀਂ ਬਚਦੀ, ਇਹੋ ਜੀਵ ਪ੍ਰਭੂ ਰੂਪ ਹੋ ਕੇ ਆਪੇ ਹੀ ਵਿਚਰਦਾ ਹੈ, ਇਸ ਦਾ ਜੀਵ ਭਾਵ ਪੂਰਨ ਤੌਰ ਤੇ ਨਾਸ਼ ਹੋ ਕੇ ਇਹ ਬ੍ਰਹਮ ਨੂੰ ਪਛਾਣ ਕੇ ਬ੍ਰਹਮ ਰੂਪ ਹੀ ਹੋ ਜਾਇਆ ਕਰਦਾ ਹੈ। ਜਿਸ ਤਰ੍ਹਾਂ ਕਿ –

***ਕਬੀਰ ਜਾ ਕਉ ਖੋਜਤੇ ਪਾਇਓ ਸੋਈ ਠਉਰੁ॥***
***ਸੋਈ ਫਿਰਿ ਕੈ ਤੂ ਭਇਆ ਜਾ ਕਉ ਕਹਤਾ ਅਉਰੁ॥***

***ਪੰਨਾ – 1369***

***ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ॥***
***ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ॥***

***ਪੰਨਾ – 1375***

ਸਾਰੇ ਕਰਮ ਧਰਮ ਜਪ, ਤਪ, ਨਾਮ ਸਾਧਨਾ ਇਕ ਨੁਕਤੇ ਉਤੇ ਕੇਂਦਰਤ ਹੋਇਆ ਕਰਦੇ ਹਨ ਉਹ ਇਹ ਹੈ ਕਿ ਜੁਗਾਂ-ਜੁਗਾਤਰਾਂ ਤੋਂ ਪਈ ਹੋਈ ਦ੍ਵੈਤ ਦਾ ਪੂਰਨ ਰੂਪ ਵਿਚ ਅਭਾਵ ਹੋ ਕੇ ਇਥੇ ਕੇਵਲ ਇਕ ਪ੍ਰਭੂ ਹੀ ਆਪਣੇ ਕੌਤਕ ਆਪ ਕਰਦਾ ਅਨੁਭਵ ਹੋਵੇ। ਇਹ ਅਵਸਥਾਵਾਂ ਬ੍ਰਹਮ ਬੇਤਿਆਂ ਨੂੰ ਪ੍ਰਾਪਤ ਹੋਇਆ ਕਰਦੀਆਂ ਹਨ। ਇਸੇ ਅਵਸਥਾ ਦੇ ਮਾਲਕ ਨੂੰ 'ਸੰਤ' ਆਖਿਆ ਜਾਂਦਾ ਹੈ। ਉਹ ਆਪਣੇ ਸਰੂਪ ਨੂੰ ਕਦੇ ਵੀ ਨਹੀਂ ਭੁਲਦਾ ਅਤੇ ਸੰਤ ਦੀ ਪਦਵੀ ਉਸ ਸਰੀਰ ਵਿਚ ਪ੍ਰਗਟ ਹੋ ਕੇ ਸੰਤ ਕਹਾਉਂਦੀ ਹੈ –

***ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ॥***
***ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ॥*** ***ਪੰਨਾ – 319***

ਸੰਖੇਪ ਵਿਚ ਇਸ ਸਾਰੇ ਉਪਦੇਸ਼ ਨੂੰ ਮਹਾਂਪੁਰਸ਼ਾਂ ਨੇ ਦਰਸਾਉਂਦਿਆਂ ਹੋਇਆਂ ਫੁਰਮਾਇਆ ਕਿ ਪਹਿਲੀ ਮਾਇਆ ਜੜ੍ਹ ਹੈ ਜਿਸ ਵਿਚ ਧਨ-ਧਾਮ, ਜ਼ਮੀਨ-ਜਾਇਦਾਦ, ਜੜ੍ਹ ਚੀਜ਼ਾਂ ਨਾਲ ਜੁੜਿਆ ਸਬੰਧ ਆ ਜਾਂਦਾ ਹੈ। ਇਹ ਮਾਇਆ ਦੀ ਬਹੁਤ ਹੀ ਹਨ੍ਹੇਰੀ ਅਵਸਥਾ ਹੈ। ਦੂਸਰੀ ਮਾਇਆ ਚੇਤਨ ਹੈ ਜਿਸ ਵਿਚ ਇਸਤ੍ਰੀ ਪੁਤਰ, ਪਰਿਵਾਰ ਦੇ ਮੋਹ ਅਤੇ ਪਰਾਈਆਂ ਇਸਤ੍ਰੀਆਂ ਦੇ ਭੋਗ ਆਦਿ ਆ ਜਾਂਦੇ ਹਨ। ਇਸ ਵਿਚ ਜੀਵ ਆਪਣੀ ਹਉਮੈ ਨੂੰ ਪੱਠੇ ਪਾਉਂਦਾ ਹੈ ਅਤੇ ਸੰਸਾਰਕ ਪ੍ਰਾਪਤੀਆਂ ਪ੍ਰਾਪਤ ਕਰਕੇ ਬਹੁਤ ਫੁਲਦਾ ਹੈ। ਇਸ ਅਵਸਥਾ ਵਿਚ ਆਪਣੇ ਸਰੂਪ ਦਾ ਕਿੰਚਤ ਮਾਤਰ ਵੀ ਗਿਆਨ ਪੈਦਾ ਨਹੀਂ ਹੋਇਆ ਕਰਦਾ। ਤੀਸਰੀ ਅਵਸਥਾ ਵਿਚ ਇਸ ਜੀਵ ਦੀਆਂ ਮਾਨਸਿਕ ਸ਼ਕਤੀਆਂ ਦਾ ਪ੍ਰਗਟਾਵਾ ਹੈ ਜਿਨ੍ਹਾਂ ਵਿਚ ਰਿਧੀਆਂ-ਸਿਧੀਆਂ ਬੁਧੀ ਦੇ ਕਰਿਸ਼ਮੇ ਵਿਦਿਆ ਆਦਿ ਆ ਜਾਇਆ ਕਰਦੇ ਹਨ। ਚੌਥੀ ਮਾਇਆ ਉਹ ਹੈ ਜਿਸ ਕਰਕੇ ਇਹ ਪ੍ਰਭੂ ਆਪ ਹੀ ਅਨੇਕ ਰੂਪਾਂ ਵਿਚ ਇਕ ਹੁੰਦਾ ਹੋਇਆ ਵਖਰਾ-ਵਖਰਾ ਨਦਰੀ ਆਉਂਦਾ ਹੈ। ਪੂਰਨ ਗਿਆਨ ਵਿਚ ਸਤਿ ਅਨੁਭਵ ਪ੍ਰਾਪਤ ਕਰਕੇ ਸਰੀਰਕ ਮਤ ਜਾਣ ਜਾਂਦੀ ਹੈ ਕਿ ਪ੍ਰਭੂ ਆਪਣੀ ਖੇਲ੍ਹ ਖੇਲਦਾ ਜੀਵਾਂ ਨੂੰ ਮਾਇਆ ਦੇ ਅਸਰ ਵਿਚ ਰੱਖ ਕੇ ਆਪਣੇ ਤੋਂ ਵੱਖਰੇ ਅਨੁਭਵ ਕਰਾਉਂਦਾ ਹੈ। ਵੈਰਾਟ ਰੂਪ ਵਿਚ (ਸਮਸੱਤ) ਉਹ ਆਪੇ ਹੀ ਆਪ ਹੈ, ਪਰ

ਵਿਅਸ਼ਟ (ਅੱਡ-ਅੱਡ) ਉਹ ਵੱਖੋ-ਵਖਰਾ ਨਜ਼ਰ ਆਉਂਦਾ ਹੈ। ਇਹੀ ਮਾਇਆ ਦੇ ਵਸ ਵਿਚ ਪਿਆ ਹੋਇਆ ਜੀਵ ਅਰਬਾਂ-ਖਰਬਾਂ ਸਾਲਾਂ ਤੋਂ ਕਰਮਾਂ ਦਾ ਬੰਨਿਆ ਹੋਇਆ ਜੰਮਦਾ ਤੇ ਮਰਦਾ ਹੈ। ਜਦੋਂ ਤਕ ਇਸ ਦੀ ਹਉਮੈ ਦਾ ਅਭਾਵ ਨਾ ਹੋ ਜਾਵੇ ਉਸ ਸਮੇਂ ਤਕ ਇਸ ਦਾ ਵਖਰਾਪੁਣ ਦੂਰ ਨਹੀਂ ਹੋਇਆ ਕਰਦਾ ਹੈ। ਪੂਰੇ ਤੱਤ ਬੇਤੇ ਮਹਾਂਪੁਰਸ਼ਾਂ ਦੀ ਸੰਗਤ ਇਸਦੇ ਅੰਦਰ ਨਾਮ ਪ੍ਰਾਪਤੀ ਦੀ ਰੁਚੀ ਪੈਦਾ ਕਰਦੀ ਹੈ ਅਤੇ ਇਹ ਕਰਮ, ਉਪਾਸ਼ਨਾ, ਗਿਆਨ, ਵਿਗਿਆਨ ਦੇ ਕਰਮਾਂ ਰਾਹੀਂ ਨਾਮ ਰਸ, ਨਾਮ ਰੰਗ ਮਾਣਦਾ ਹੋਇਆ ਤੱਤ ਬੇਤੇ ਮਹਾਂਪੁਰਸ਼ਾਂ ਉਪਰ ਪੂਰੀ ਸ਼ਰਧਾ ਲਿਆ ਕੇ ਇਸ ਮਾਇਆ ਦੇ ਹਨ੍ਹੇਰੇ ਵਿਚੋਂ ਨਿਕਲ ਜਾਇਆ ਕਰਦਾ ਹੈ। ਦੁਨੀਆਂ ਵਿਚ ਸਾਰੇ ਮਾਇਆਵੀ ਜੀਵ ਮਾਇਆ ਦੇ ਅਸਰ ਹੇਠ ਆਪਣੇ ਆਪ ਨੂੰ ਅਨੇਕ ਸੰਪਰਦਾਵਾਂ ਦੇ ਅਨੁਆਈ ਮੰਨਦੇ ਹੋਏ ਮੂੰਹੋਂ ਅਰਲ-ਬਰਲ ਬੋਲ ਕੇ ਆਗਿਆਨਮਈ ਭਾਵਨਾ ਦਾ ਪ੍ਰਗਟਾਵਾ ਕਰਦੇ ਹੋਏ ਆਪ ਵੀ ਫਸੇ ਰਹਿੰਦੇ ਹਨ ਅਤੇ ਦੂਸਰਿਆਂ ਨੂੰ ਨਿਕਲਣ ਨਹੀਂ ਦਿਆ ਕਰਦੇ। ਸੰਤ ਮਹਾਰਾਜ ਜੀ ਨੇ ਕਿਹਾ ਕਿ ਤੁਸੀਂ ਸਾਰੇ ਇਸ ਲੰਮੇ ਸਾਧਨ ਵਿਚ ਜਿਸ ਦਾ ਸਮਾਂ ਤਿੰਨ ਸਾਲ ਮਿਥਿਆ ਗਿਆ ਸੀ ਅਤੇ ਫੇਰ ਤਿੰਨ ਸਾਲ ਹੋਰ ਵਧਾ ਦਿਤਾ ਗਿਆ ਸੀ, ਵਿਚ ਸ਼ਾਮਲ ਹੋ ਰਹੇ ਹੋਂ ਅਤੇ ਰਿਧੀਆਂ ਸਿੱਧੀਆਂ ਰੂਪੀ ਮਾਇਆ ਤੋਂ ਬਚ ਕੇ ਚੇਤਨ ਮਾਇਆ ਤੋਂ ਸੰਕੋਚ ਰੱਖ ਕੇ ਅਗਿਆਨ ਦੇ ਛੌੜ ਕੱਟਣੇ ਹਨ, ਇਹ ਨਿਸ਼ਾਨਾ ਲੈ ਕੇ ਤੁਸੀਂ ਸਾਧਨ ਸੰਪੰਨ ਹੋਵੋ ਅਤੇ ਆਪਣਾ ਜੀਵਨ ਸਫਲ ਕਰੋ। ਸੰਤ ਮਹਾਰਾਜ ਜੀ ਇਸੇ ਸਮੇਂ ਦਾ ਜ਼ਿਕਰ ਕਰਦੇ ਹੋਏ ਇਕ ਵਾਰੀ ਮੈਨੂੰ ਦਸਦੇ ਸਨ ਕਿ ਅਸੀਂ ਇਸ ਸਾਧਨਾ ਸਮੇਂ ਮਹਾਂਪੁਰਸ਼ਾਂ ਨੂੰ ਮਿਲਣ ਉਪਰੰਤ ਨੌਂ ਸਾਲ ਧਰਤੀ ਉਪਰ ਪਿੱਠ ਨਹੀਂ ਲਾਈ ਸੀ, ਹੈਰਾਨੀ ਹੁੰਦੀ ਹੈ ਕਿ -

***ਸੀਨੇ ਖਿੱਚ ਜਿਨ੍ਹਾਂ ਨੇ ਖਾਧੀ, ਓਹ ਕਰ ਅਰਾਮ ਨਹੀਂ ਬਹਿੰਦੇ।***<br>
***ਨਿਹੁੰ ਵਾਲੇ ਨੈਣਾਂ ਕੀ ਨੀਂਦਰ ਓਹ ਦਿਨੇ ਰਾਤ ਪਏ ਵਹਿੰਦੇ।***<br>
***ਇਕੋ ਲਗਨ ਲਗੀ ਲਈ ਜਾਂਦੀ ਹੈ ਟੋਰ ਅਨੰਤ ਉਨ੍ਹਾਂ ਦੀ -***<br>
***ਵਸਲੋਂ ਉਰੇ ਮੁਕਾਮ ਨ ਕੋਈ ਸੋ ਚਾਲ ਪਏ ਨਿਤ ਰਹਿੰਦੇ।***

***ਭਾਈ ਵੀਰ ਸਿੰਘ ਜੀ***

ਇਹ ਕਹਾਣੀਆਂ ਹਨ ਜਿਨ੍ਹਾਂ ਨੂੰ ਅਸੀਂ light houses (ਰੋਸ਼ਨ ਮੁਨਾਰੇ) ਆਖ ਸਕਦੇ ਹਾਂ ਅਤੇ ਜੋ ਸੰਸਾਰ ਨੂੰ ਪਾਣੀ ਵਿਚ ਡੁਬੀਆਂ ਹੋਈਆਂ ਪਥਰੀਲੀ ਪਹਾੜੀਆਂ (rocks) ਤੋਂ ਬਚਾ ਕੇ ਲੰਘਣ ਲਈ ਸੁਰਖਸ਼ਿਤ ਰਸਤਾ ਮਾਰਗ ਦਰਸ਼ਨ ਕਰਦੇ ਹਨ। ਆਪ ਹੀ ਸੋਚੋ ਅਜਿਹੇ ਮਹਾਂਪੁਰਸ਼ਾਂ ਦੀ ਨਿੰਦਿਆਂ ਕਰਕੇ ਸਚਮੁਚ ਉਹ ਗਤੀ ਨਹੀਂ ਮਿਲੇਗੀ ਜੋ ਗੁਰੂ ਮਹਾਰਾਜ ਜੀ ਨੇ ਸੁਖਮਨੀ ਸਾਹਿਬ ਦੀ ਤੇਰ੍ਹਵੀਂ ਅਸਟਪਦੀ ਵਿਚ ਵਰਣਨ ਕੀਤੀ ਹੈ।

ਇਸ ਤਰ੍ਹਾਂ ਦੇ ਬਚਨ ਮਹਾਂਪੁਰਸ਼ਾਂ ਨੇ ਉਨ੍ਹਾਂ 18 ਮੋਨੀਆਂ ਪ੍ਰਤੀ ਸਮੇਂ-ਸਮੇਂ ਸਿਰ ਕੀਤੇ ਅਤੇ ਆਗਿਆ ਕੀਤੀ ਕਿ ਮਾਇਕ ਸਰੂਪ ਵਿਚੋਂ ਉਠ ਕੇ ਆਪਣੇ ਆਤਮ ਸਰੂਪ ਦੀ ਪਹਿਚਾਣ ਆਤਮ ਚਿੰਤਨ ਰਾਹੀਂ ਕਰੋ। ਇਹ ਭਜਨ ਦੀ ਆਖਰੀ ਅਵਸਥਾ ਹੈ ਜਿਥੇ ਜਾ ਕੇ ਦੋ ਤੋਂ ਇਕ ਹੋ ਜਾਇਆ ਕਰਦਾ ਹੈ। ਜਦੋਂ ਤਕ ਜੀਵ ਦਾ ਮੈਂ ਭਾਵ ਵਖਰਾ ਰਹਿੰਦਾ ਹੈ ਉਸ ਸਮੇਂ ਤਕ ਦੁਖ ਦੀ ਨਵਿਰਤੀ ਨਹੀਂ ਹੁੰਦੀ ਕਿਉਂਕਿ ਇਹ ਦ੍ਵੰਦ ਵਿਚ ਫਸਿਆ ਹੋਇਆ ਹੈ।

ਜੀਵ ਦੇ ਵਸ ਦੀ ਗੱਲ ਵੀ ਨਹੀਂ ਹੈ ਕਿਉਂਕਿ ਇਹ ਅਧਿਕਾਰ ਰੂਪੀ ਚਾਬੀ ਤੱਤ ਬੇਤੇ ਮਹਾਂਪੁਰਸ਼ਾਂ ਨੂੰ ਦਿਤੀ ਹੋਈ ਹੈ –

*ਹਉ ਹਉ ਭੀਤਿ ਭਇਓ ਹੈ ਬੀਚੋ ਸੁਨਤ ਦੇਸਿ ਨਿਕਟਾਇਓ॥*
*ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ॥ ਪੰਨਾ – 624*

ਉਹ ਕੂੜ ਦੀ ਕੰਧ ਤੋੜ ਦਿੰਦੇ ਹਨ ਅਤੇ ਜੀਵ ਨੂੰ ਉਸ ਦੇ ਅਸਲੀ ਪ੍ਰਮਾਤਮ ਸਰੂਪ ਵਿਚ ਮਿਥਿਆ ਦ੍ਰਿਸ਼ਟੀ ਖਤਮ ਕਰਾ ਕੇ ਅਨੁਭਵ ਕਰਾ ਦਿੰਦੇ ਹਨ। ਇਹ ਜੀਵ ਦੇ ਆਪਣੇ ਵਸ ਦੀ ਗੱਲ ਨਹੀਂ ਹੈ। ਇਹ ਨਦਰ ਦੀ ਗੱਲ ਹੈ ਜਿਸ ਬਾਰੇ ਫੁਰਮਾਨ ਕੀਤਾ ਹੈ –

*ਨਾਨਕ ਨਦਰੀ ਨਦਰਿ ਨਿਹਾਲ॥ ਪੰਨਾ – 8*

ਨਦਰ ਦਾ ਕਰਿਸ਼ਮਾ ਪ੍ਰਭੂ ਦਇਆ ਕਰਕੇ ਵਰਤਦਾ ਹੈ ਅਤੇ ਜੀਵ ਭਾਵ ਸੰਪੂਰਨ ਰੂਪ ਵਿਚ ਖਤਮ ਕਰਕੇ ਪ੍ਰਭੂ ਉਸ ਨੂੰ ਆਪਣਾ ਹੀ ਰੂਪ ਬਣਾ ਲੈਂਦਾ ਹੈ ਜੋ ਤੱਤ ਅਵਸਥਾ ਹੈ। ਸਤਿ ਉਤੇ ਅਧਾਰਿਤ ਹੈ ਇਸ ਵਿਚ ਕਿੰਚਤ ਮਾਤਰ ਵੀ ਭਰਮ ਦੀ ਗੁੰਜਾਇਸ਼ ਨਹੀਂ ਹੈ। ਸੋ ਅਨੇਕਾਂ ਅਲੰਕਾਰਾਂ ਨਾਲ ਮਹਾਂਪੁਰਸ਼ ਸੰਸਾਰ ਨੂੰ ਸਮਝਾਉਂਦੇ ਹਨ ਜਿਨ੍ਹਾਂ ਦੀ ਸੰਗਤ ਕਰਕੇ ਅਨੇਕਾਂ ਦੇ ਗਿਆਨ ਚਕਸ਼ੂ ਖੁਲ੍ਹ ਜਾਇਆ ਕਰਦੇ ਹਨ। ਹੱਠ ਕਰਨ ਨਾਲ ਕੁਝ ਵੀ ਨਹੀਂ ਬਣਦਾ, ਕੇਵਲ ਜਿੱਦ ਦਾ ਹਨ੍ਹੇਰਾ ਹੀ ਪੱਲੇ ਪੈਂਦਾ ਹੈ। ਸੰਸਾਰ ਤੋਂ ਸਮਾਂ ਵਿਅਰਥ ਗੁਆ ਕੇ ਅਗਲੇ ਜਨਮ ਵਿਚ ਭਟਕਣ ਲਈ ਚਲਿਆ ਜਾਂਦਾ ਹੈ। ਕੂੜ ਦੀ ਕੰਧ ਨਹੀਂ ਟੁਟਦੀ ਜਦੋਂ ਤਕ ਤਤ ਬੇਤੇ ਮਹਾਂਪੁਰਸ਼ ਜਿਨ੍ਹਾਂ ਬਾਰੇ ਫੁਰਮਾਨ ਕੀਤਾ ਹੈ –

*ਜਿਨਾ ਨਾ ਵਿਸਰੈ ਨਾਮੁ ਸੇ ਕਿਨੇਹਿਆ॥*
*ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ॥ ਪੰਨਾ – 397*

*ਆਤਮ ਰਸ ਜਿਹ ਜਾਨਹੀ, ਸੋ ਹੈ ਖ਼ਾਲਸ ਦੇਵ।।*
*ਪ੍ਰਭ ਮਹਿ, ਮੋ ਮਹਿ, ਤਾਸ ਮਹਿ, ਰੰਚਕ ਨਾਹਨ ਭੇਵ॥*
***ਸਰਬ ਲੋਹ ਗ੍ਰੰਥ 'ਚੋਂ***

ਦੀ ਕ੍ਰਿਪਾ ਨਹੀਂ ਹੁੰਦੀ। ਐਸੇ ਬਚਨ ਸੁਣ ਕੇ ਇਨ੍ਹਾਂ ਮੋਨੀਆਂ ਦੇ ਅਤੇ ਅਨੇਕਾਂ ਸਾਡੇ ਵਰਗੇ ਭੁਲੜਾਂ ਦੇ ਬਜਰ ਕਪਾਟ ਖੁਲ੍ਹਦੇ ਹਨ ਅਤੇ ਪਰੀਪੂਰਨ ਸ਼ਬਦ ਦੀ ਸੋਝੀ ਆਉਂਦੀ ਹੈ ਅਤੇ ਆਪਣੇ ਸਰੂਪ ਦਾ ਗਿਆਨ ਪ੍ਰਾਪਤ ਹੁੰਦਾ ਹੈ। ਇਹ ਮਹਾਂਪੁਰਸ਼ਾਂ ਦੀ ਬੜੀ ਭਾਰੀ ਦਇਆ ਸੀ ਕਿ ਉਨ੍ਹਾਂ ਨੇ ਇਨ੍ਹਾਂ ਨੂੰ ਪ੍ਰਤੀਕ ਬਣਾ ਕੇ ਅਸਾਡੇ ਲਈ ਵੀ ਓਹੀ ਉਪਦੇਸ਼ ਨਿਰਵਿਵਾਦ ਪ੍ਰਗਟ ਕਰ ਦਿਤਾ ਹੈ। ਹੁਣ ਜੇ ਉਲੂਵੱਤ ਹਨ੍ਹੇਰੇ ਨੂੰ ਚਾਨਣ ਅਤੇ ਚਾਨਣ ਨੂੰ ਹਨ੍ਹੇਰਾ ਕਹਿ ਕੇ ਆਪਣਾ ਜੀਵਨ ਗੁਜ਼ਾਰੀਏ ਤਾਂ ਇਹ ਅਸਾਡੇ ਅਭਾਗ ਹਨ। ਇਸ ਸਮੇਂ ਵਿਚ ਬਹੁਤ ਕੁਝ ਵਾਪਰਿਆ, ਬਹੁਤ ਉਚ ਕੋਟੀ ਦੇ ਮਹਾਤਮਾ, ਮਹਾਂਪੁਰਸ਼ਾਂ ਨੂੰ ਮਿਲਣ ਲਈ ਆਉਂਦੇ ਰਹੇ। ਖਾਸ ਕਰਕੇ ਸੰਤ ਬਾਬਾ ਜਵਾਲਾ ਸਿੰਘ ਜੀ, ੧ ਮਾਘ ਦੇ ਦੀਵਾਨਾਂ ਸਮੇਂ ਹਰ ਸਾਲ ਰੇਰੂ ਸਾਹਿਬ ਆਇਆ ਕਰਦੇ ਸਨ। ਉਥੋਂ ਆਪ ਜੀ ਰਾੜਾ ਸਾਹਿਬ ਹੋ ਕੇ ਵਾਪਸ ਪਰਤਿਆ ਕਰਦੇ ਸਨ ਅਤੇ ਮਹਾਂਪੁਰਸ਼ਾਂ ਦੇ ਨਾਲ ਲੰਮੀ ਵਿਚਾਰ ਵੀ ਕਰਿਆ ਕਰਦੇ ਸਨ ਕਿਉਂਕਿ ਅਵਸਥਾ ਦਾ ਸਬੰਧ ਸਰੀਰਕ ਆਯੂ ਨਾਲ ਨਹੀਂ ਹੋਇਆ ਕਰਦਾ।

ਇਹ ਤਾਂ ਤੱਤ ਦੀ ਪਛਾਣ ਹੁੰਦੀ ਹੈ ਅਤੇ ਉਪਰੰਤ ਸਾਰੇ ਭਰਮਾਂ ਦਾ ਨਾਸ਼ ਹੋ ਜਾਂਦਾ ਹੈ। ਸੋ ਇਹ ਤਪਸਿਆ ਕਾਲ ਇਕ ਬਹੁਤ ਹੀ ਪ੍ਰਭਾਵਸ਼ਾਲੀ ਸਮਾਂ ਸੀ ਜਿਸ ਨੇ ਅਨੇਕ ਜੀਵਾਂ ਨੂੰ ਲਗਨ ਲਾਈ ਅਤੇ ਉਹ ਆਪਣੀ-ਆਪਣੀ ਥਾਂ ਉਪਰ ਮਹਾਂਪੁਰਸ਼ਾਂ ਤੋਂ ਸਿਖਿਆ ਪ੍ਰਾਪਤ ਕਰਕੇ ਭਜਨ ਬੰਦਗੀ ਵਿਚ ਉਤਸ਼ਾਹ ਪੂਰਵਕ ਲੀਨ ਹੁੰਦੇ ਸਨ। ਉਹ ਸਮਾਂ ਹੀ ਐਸਾ ਸੀ ਜੋ ਕਹਿ ਨਹੀਂ ਸਕਦੇ ਕਿ ਕਦੋਂ ਕਿਸੇ ਨੂੰ ਮੁੜ ਕੇ ਪ੍ਰਾਪਤ ਹੋਵੇ ਪਰ ਜਿਨ੍ਹਾਂ ਦੀ ਸੁਰਤ ਚੜ੍ਹ ਗਈ ਹੈ ਉਨ੍ਹਾਂ ਦੇ ਭੂਤ, ਭਵਿੱਖਤ, ਵਰਤਮਾਨ ਦੇ ਵਿਤਕਰੇ ਮਿਟ ਗਏ ਹਨ। ਉਹ ਸਦਾ 'ਹੈ' ਦੀ ਅਵਸਥਾ ਵਿਚ ਰਹਿੰਦੇ ਹਨ। ਤੱਤ ਸਰੂਪ ਦੀ ਅਵਸਥਾ ਵਿਚ ਰਹਿੰਦੇ ਸੰਸਾਰ ਨੂੰ ਆਪਣੇ ਸਰੂਪ ਦਾ ਪ੍ਰਕਾਸ਼ ਦਿੰਦੇ ਹਨ ਅਤੇ ਮਨ ਦੀਆਂ ਹਨ੍ਹੇਰੀਆਂ ਨੁਕਰਾਂ ਵਿਚੋਂ ਅੰਧਕਾਰ ਦੂਰ ਕਰਕੇ ਪੂਰਨ ਪ੍ਰਕਾਸ਼ ਵਿਚ ਲਿਸ਼ਕਾ ਦਿੰਦੇ ਹਨ। ਇਹ ਬਾਬਾਣੀਆਂ ਕਹਾਣੀਆਂ ਹਨ ਜਿਹੜੀਆਂ ਪੁਤਰਾਂ ਨੂੰ ਬਹੁਤ ਅੱਛੇ ਪੁਤਰ ਬਣਾ ਦਿੰਦੀਆਂ ਹਨ।

ਮਹਾਂਪੁਰਸ਼ਾਂ ਦੇ ਬਚਨ ਅਟੱਲ ਹੁੰਦੇ ਹਨ ਉਹ ਹਰ ਸਮੇਂ ਸਤਿ ਤੇ ਅਧਾਰਿਤ ਹੋਣ ਕਰਕੇ ਸਦੀਵੀ ਹੋਣ ਕਰਕੇ ਪੁਰਾਣੇ ਨਹੀਂ ਹੁੰਦੇ।

ਉਸ ਸਮੇਂ ਮੈਂ ਪਾਇਲ ਹਾਈ ਸਕੂਲ ਵਿਚ ਪੜ੍ਹਦਾ ਹੁੰਦਾ ਸੀ। ਮੇਰੇ ਨਾਨਕਿਆਂ (ਮਨਸੂਰਾਂ) ਨੂੰ ਇਥੋਂ ਰੇਤੇ ਦੇ ਉਚੇ ਟਿਬਿਆਂ ਵਿਚੀਂ ਹੋ ਕੇ ਰਾਹ ਲੰਘਿਆ ਕਰਦਾ ਸੀ ਮਾਤਾ ਜੀ ਜਦੋਂ ਭੀ ਆਪਣੇ ਪੇਕੇ ਘਰ ਜਾਇਆ ਕਰਦੇ ਸਨ, ਵਾਪਸੀ ਵਿਚ ਕਈ ਤਰ੍ਹਾਂ ਦੇ ਬਚਨ ਇਸ ਘੋਰ ਤਪ ਬਾਰੇ ਦਸਿਆ ਕਰਦੇ ਸਨ। ਨਾਲ ਹੀ ਕਿਹਾ ਕਰਦੇ ਸਨ ਕਿ ਇਕ ਛੋਟੀ ਜਿਹੀ ਉਮਰ ਦਾ ਸਾਧੂ ਢੱਕੀ ਵਿਚ ਰਹਿੰਦਾ ਹੈ। ਅਸਾਡੇ ਘਰ ਤਾਂ ਬਹੁਤ ਵੱਡੀਆਂ ਉਮਰਾਂ ਦੇ ਸਾਧੂ ਆਉਂਦੇ ਹੀ ਰਹਿੰਦੇ ਹਨ ਪਰ ਅਸਲ ਵਿਚ ਛੋਟੀ ਜਿਹੀ ਉਮਰ ਵਾਲਾ ਸਾਧੂ ਬਹੁਤ ਪਿਆਰਾ ਲਗਦਾ ਹੈ, ਪਿਆਰ ਵਾਲੇ ਇਸ ਦੀਆਂ ਗੱਲਾਂ ਕਰਦੇ ਨਹੀਂ ਥਕਦੇ। ਪਰ ਉਹ ਮਿਲਦੇ ਬਹੁਤ ਘੱਟ ਹਨ। ਕੀਰਤਨ ਸਮੇਂ ਹੀ ਦਰਸ਼ਨ ਦਿੰਦੇ ਹਨ, ਬਾਕੀ ਸਮੇਂ ਵਿਚ ਇਕ ਧੁਨ ਵਿਚ ਰਹਿੰਦੇ ਹਨ।

ਇਹ ਗੱਲਾਂ ਮੈਨੂੰ ਬਹੁਤ ਖਿਚਦੀਆਂ ਸਨ ਭਾਵੇਂ ਮੈਂ ਸਤਵੀਂ-ਅੱਠਵੀਂ ਵਿਚ ਪੜ੍ਹਿਆ ਕਰਦਾ ਸਾਂ ਪਰ ਮੇਰੇ ਚਿਤ ਵਿਚ ਭੀ ਭਜਨ ਕਰਨ ਲਈ ਬਹੁਤ ਉਤਸ਼ਾਹ ਰਹਿੰਦਾ ਸੀ। ਮੇਰੇ ਯਾਦ ਹੈ ਉਸ ਸਮੇਂ ਛੁੱਟੀਆਂ ਵਿਚ ਮੇਰਾ ਨਿਤਨੇਮ ਪੱਕੀਆਂ ਛੇ ਮਾਲਾਂ ਦਾ ਹੁੰਦਾ ਸੀ। ਆਮ ਸਮਿਆਂ ਵਿਚ ਤਿੰਨ ਪੱਕੀਆਂ ਮਾਲਾਂ ਤਾਂ ਪੜ੍ਹਨ ਲਿਖਣ ਵਿਚੋਂ ਸਮਾਂ ਕੱਢ ਕੇ ਕਰ ਹੀ ਲਿਆ ਕਰਦਾ ਸਾਂ ਪਰ ਅਜੇ ਤੀਕਰ ਮਹਾਂਪੁਰਸ਼ਾਂ ਨੂੰ ਨੇੜੇ ਹੋ ਕੇ ਮਿਲਣ ਦਾ ਸੁਭਾਗ ਪ੍ਰਾਪਤ ਨਹੀਂ ਹੋਇਆ ਸੀ ਪਰ ਦਿਲ ਵਿਚ ਲੋਚਾ ਸਦਾ ਹੀ ਬਣੀ ਰਹਿੰਦੀ ਸੀ। ਉਨ੍ਹਾਂ ਦੀ ਤਪੀਆ ਮੂਰਤ ਵਲ ਮੈਂ ਟਿਕਟਿਕੀ ਬੰਨ੍ਹ ਕੇ ਵੇਖਦਾ ਰਹਿੰਦਾ ਸਾਂ। ਉਸ ਸਮੇਂ ਦੀ ਉਹ ਤਸਵੀਰ ਮੇਰੇ ਹੁਣ ਭੀ ਉਵੇਂ ਹੀ ਸ਼ਾਖਸ਼ਾਤ ਰਹਿੰਦੀ ਹੈ।

ਇਨ੍ਹਾਂ ਹੀ ਦਿਨਾਂ ਵਿਚ ਪਾਇਲ ਦੀ ਤਹਿਸੀਲ ਵਿਚ ਇਕ ਪ੍ਰਚਾਰਕ ਜੱਥਾ ਹੋਇਆ ਕਰਦਾ ਸੀ ਜੋ ਆਪਣਾ ਹੈਡ ਕੁਆਰਟਰ ਪਾਇਲ ਰੱਖ ਕੇ ਪਿੰਡਾਂ ਵਿਚ ਪ੍ਰਚਾਰ ਕਰਨ ਜਾਇਆ ਕਰਦੇ ਸਨ। ਇਸ ਜਥੇ ਦੇ ਸਿੰਘਾਂ ਤੋਂ ਮੈਂ ਬਹੁਤ ਪ੍ਰਭਾਵਿਤ ਹੋਇਆ ਕਰਦਾ ਸਾਂ ਕਿਉਂਕਿ ਇਕ ਤਾਂ ਕੀਰਤਨ ਕਰਨ

ਵਾਲੇ ਸੱਜਣ ਬਹੁਤ ਹੀ ਸੋਹਣੇ ਰੂਪ ਰੰਗ ਵਾਲੇ ਸੁਥਰੇ ਵਸਤਰ ਪਹਿਨਣ ਵਾਲੇ ਸਨ ਅਤੇ ਉਨ੍ਹਾਂ ਦੀ ਬੋਲ ਚਾਲ ਪ੍ਰਚਾਰ ਦਾ ਢੰਗ ਮੈਨੂੰ ਬਹੁਤ ਹੀ ਸੋਹਣਾ ਲੱਗਿਆ ਕਰਦਾ ਸੀ। ਆਮ ਤੌਰ ਤੇ ਭਾਈ ਗੁਰਦਾਸ ਜੀ ਦੇ ਕਬਿੱਤ ਸਵੱਈਏ ਤੇ ਵਾਰਾਂ ਦਾ ਗਾਇਨ ਉਚੀ ਸੁਰ ਵਿਚ ਮਿਲ ਕੇ ਕਰਿਆ ਕਰਦੇ ਸਨ ਅਤੇ ਕਈ-ਕਈ ਚਿਮਟਿਆਂ ਵਾਲੇ, ਉਚੀਆਂ ਬਾਹਾਂ ਲਿਜਾ ਕੇ ਸਿਰ ਦੇ ਉਪਰ ਨੂੰ ਲਿਜਾ ਕੇ ਉਪਰ ਹੀ ਕਈ ਭਾਵ ਪ੍ਰਗਟ ਕਰਦੇ ਵਜਾਇਆ ਕਰਦੇ ਸਨ। ਮੈਨੂੰ ਹੋਰ ਕੁਝ ਤਾਂ ਸਮਝ ਘੱਟ ਹੀ ਆਉਂਦੀ ਸੀ ਪਰ ਉਨ੍ਹਾਂ ਦੀ ਵੱਡੀ ਢੋਲਕ ਦੀ ਆਵਾਜ਼ ਜਿਸ ਨੂੰ ਮ੍ਰਿਦੰਗ ਆਖਿਆ ਕਰਦੇ ਸਨ ਉਹ ਬਹੁਤ ਹੀ ਸੋਹਣੀ ਲਗਦੀ ਸੀ, ਚਿਮਟਿਆਂ ਦੇ ਹੁਲਾਰੇ ਭੀ ਬੜਾ ਸੋਹਣਾ ਦ੍ਰਿਸ਼ ਪੈਦਾ ਕਰਿਆ ਕਰਦੇ ਸਨ ਉਸ ਸਮੇਂ ਐਨੀ ਸਮਝ ਨਹੀਂ ਸੀ ਪਰ ਮੈਨੂੰ ਐਨਾ ਕੁ ਪਤਾ ਹੈ ਕਿ ਉਹ ਕੀਰਤਨ ਕਰਨ ਸਮੇਂ ਬਾਣੀ ਦੇ ਅਰਥ ਘੱਟ ਹੀ ਸੁਣਾਇਆ ਕਰਦੇ ਸਨ ਪਰ ਸੰਤ ਮਹਾਰਾਜ ਜੀ ਦੀ ਨਿੰਦਿਆ ਬਹੁਤੀ ਕਰਿਆ ਕਰਦੇ ਸਨ। ਰੇਰੂ ਸਾਹਿਬ ਵਾਲੇ ਮਹਾਤਮਾ ਸੰਤ ਬਾਬਾ ਭਗਵਾਨ ਸਿੰਘ ਜੀ ਬਾਰੇ ਕੁਝ ਨਹੀਂ ਕਿਹਾ ਕਰਦੇ ਸਨ। ਇਸ ਈਰਖਾ ਭਰੇ ਰਹਿਜ਼ਾਨ ਬਾਰੇ ਨਿਰਣਾ ਤਾਂ ਨਹੀਂ ਕੀਤਾ ਜਾ ਸਕਦਾ ਪਰ ਇਹ ਜ਼ਰੂਰ ਹੈ ਕਿ ਉਹ ਸੰਤ ਮਹਾਰਾਜ ਜੀ ਦੇ ਤਪ ਦੀ ਚੜ੍ਹਦੀ ਕਲਾ ਨੂੰ ਸਹਿਨ ਨਹੀਂ ਕਰਿਆ ਕਰਦੇ ਸਨ ਅਤੇ ਉਨ੍ਹਾਂ ਨੇ ਥਾਂ-ਥਾਂ ਘੁੰਮ ਕੇ ਮਹਾਂਪੁਰਸ਼ਾਂ ਦੀ ਨਿੰਦਿਆ ਕਰਨੀ ਅਤੇ ਆਮ ਤੌਰ ਤੇ ਕਬਿੱਤ ਪੜ੍ਹਨੀ ਜੋ ਅਕਾਲ ਉਸਤਤਿ ਵਿਚੋਂ ਹੈ।

*ਖੂਕਮਲ ਹਾਰੀ ਗਜ ਗਦਹਾ ਬਿਭੂਤਿ ਧਾਰੀ*
*ਗਿਦੂਆ ਮਸਾਨ ਬਾਸੁ ਕਰਿਓਈ ਕਰਤ ਹੈਂ।।*
*ਘੁਘੂ ਮਟ ਬਾਸੀ ਲਗੇ ਡੋਲਤ ਉਸਦੀ ਮ੍ਰਿਗ*
*ਤਰਵਰ ਸਦੀਵ ਮੋਨ ਸਾਧੇਈ ਮਰਤ ਹੈਂ॥*
*ਬਿੰਦ ਕੇ ਸਧੱਯਾ ਤਾਹਿ ਹੀਜਕੀ ਬਡੱਯਾਦੇਤ*
*ਬੰਦਰਾਂ ਸਦੀਵ ਪਾਇ ਨਾਗੇ ਹੀ ਫਿਰਤ ਹੈਂ॥*
*ਅੰਗਨਾ ਅਧੀਨ ਕਾਮ ਕ੍ਰੋਧਕੇ ਪਰਬੀਨ*
*ਏਕ ਗਿਆਨ ਕੇ ਬਹੀਨ ਛੀਨ ਕੈਸੇ ਕੈ ਤਰਤ ਹੈਂ॥*

*ਕਬਿੱਤ ਭਾਈ ਗੁਰਦਾਸ ਜੀ*

ਬਾਕੀ ਦੇ ਕਬਿੱਤ ਵੀ ਉਹ ਪੜ੍ਹ ਕੇ ਆਮ ਤੌਰ ਤੇ ਐਸੇ ਅਰਥ ਕਰਿਆ ਕਰਦੇ ਸਨ ਜਿਸ ਤੋਂ ਸਿੰਘਾਂ ਵਿਚ ਸੰਤ ਮਹਾਰਾਜ ਜੀ ਪ੍ਰਤੀ ਵਧਦੀ ਸ਼ਰਧਾ ਘਟਾਈ ਜਾ ਸਕੇ। ਨਾਮ ਤਾਂ ਮੇਰੇ ਯਾਦ ਹਨ ਉਨ੍ਹਾਂ ਦਾ ਅਸਰ ਅਸਾਡੇ ਘਰ ਵਿਚ ਵੀ ਬਹੁਤ ਸੀ ਕਿਉਂਕਿ ਬਾਪੂ ਜੀ ਗੁਰਦੁਆਰੇ ਦੇ ਛੋਟੇ ਜਥੇਦਾਰ ਸਨ ਆਮ ਤੌਰ ਤੇ ਉਹ ਰਾੜਾ ਸਾਹਿਬ ਜਾਣ ਤੋਂ ਸੰਗਤਾਂ ਨੂੰ ਰੋਕਿਆ ਕਰਦੇ ਸਨ ਪਰ ਜਿਨ੍ਹਾਂ ਦੇ ਚਿੱਤ ਮਹਾਂਪੁਰਸ਼ਾਂ ਦੇ ਸ਼ਬਦ ਬਾਣਾਂ ਨੇ ਵਿੰਨ੍ਹ ਦਿਤੇ ਸਨ ਉਹ ਇਨ੍ਹਾਂ ਦੇ ਹਟਾਏ ਹਟਿਆ ਨਹੀਂ ਕਰਦੇ ਸਨ, ਇਕ ਅਜੀਬ ਤਰ੍ਹਾਂ ਦੀ ਅਪਣੱਤ ਸੰਤ ਮਹਾਰਾਜ ਜੀ ਨਾਲ ਉਨ੍ਹਾਂ ਦੀ ਤਪ ਤਪਸਿਆ ਬਾਰੇ ਸੁਣ ਕੇ ਹਿਰਦੇ ਵਿਚ ਪੈਦਾ ਹੋ ਚੁਕੀ ਸੀ ਜਿਸ ਕਰਕੇ ਇਹ ਨਿੰਦਿਆ ਕਰਨ ਵਾਲੇ ਭਾਵੇਂ ਅਸਾਡੇ ਘਰ ਆਪ ਹੀ ਆਇਆ ਕਰਦੇ ਸਨ ਮੈਂ ਉਨ੍ਹਾਂ ਨੂੰ ਓਪਰੇ ਹਿਰਦੇ ਨਾਲ ਹੀ ਮਿਲਿਆ ਕਰਦਾ ਸਾਂ। ਮੇਰੇ ਮਨ ਵਿਚ ਰਹਿੰਦਾ ਸੀ

ਕਿ ਇਹ ਮਹਾਂਪੁਰਸ਼ਾਂ ਦੀ ਨਿੰਦਿਆ ਕਰਦੇ ਹਨ। ਇਥੇ ਇਹ ਗੱਲ ਲਿਖਣੀ ਕੁਥਾਂ ਨਹੀਂ ਹੋਵੇਗੀ ਕਿ ਸਮਾਂ ਲੰਘਣ ਨਾਲ ਇਸ ਕੀਤੀ ਹੋਈ ਨਿੰਦਿਆ ਦਾ ਫਲ ਉਨ੍ਹਾਂ ਨੂੰ ਪੂਰੀ ਤਰ੍ਹਾਂ ਭੁਗਤਣਾ ਪਿਆ। ਮੂੰਹ ਵਿੰਗਾ ਹੋ ਗਿਆ, ਨਿੰਦਿਆ ਕਰਨੀ ਤਾਂ ਕਿਥੇ ਰਹੀ ਪਾਣੀ ਮੰਗਣ ਤੋਂ ਵੀ ਅਸਮਰਥ ਹੋ ਗਏ, ਅਧਰੰਗ ਦਾ ਦੌਰਾ ਪੈਣ ਨਾਲ ਸਰੀਰ ਬਹੁਤ ਕਰੂਪ ਹੋ ਗਿਆ ਅਤੇ ਸਜ਼ਾ ਭੁਗਤਦਿਆਂ ਹੀ ਇਨ੍ਹਾਂ ਨੂੰ ਸਰੀਰ ਛੱਡਣਾ ਪਿਆ ਕਿਉਂਕਿ ਅੰਦਰ ਖਾਲੀ ਸੀ ਕੇਵਲ ਚੁੰਚ ਗਿਆਨ ਕਰਨ ਕਰਕੇ ਬਿਰਤੀ ਕਾਂ ਵਰਗੀ ਹੋ ਗਈ ਸੀ। ਆਚਰਣ ਵਿਚ ਐਨੀ ਗਿਰਾਵਟ ਆ ਗਈ ਸੀ ਕਿ ਪਿੰਡ ਦੇ ਵਿਚ ਹੀ ਅਵਾਰਾ ਔਰਤ ਨਾਲ ਇਨ੍ਹਾਂ ਦੇ ਸਬੰਧ ਜੁੜ ਗਏ ਸਨ, ਹੋਰ ਲੋਕ ਤਾਂ ਨਹੀਂ ਕਹਿੰਦੇ ਸਨ ਸ਼ਾਇਦ ਇਸ ਕਰਕੇ ਕਿ ਉਨ੍ਹਾਂ ਦੇ ਹਿਰਦਿਆਂ ਵਿਚ ਮਹਾਂਪੁਰਸ਼ਾਂ ਲਈ ਬਹੁਤਾ ਪਿਆਰ ਨਾ ਹੋਵੇ ਪਰ ਮੈਂ ਤਾਂ ਇਹੀ ਸਮਝਦਾ ਹਾਂ ਕਿ ਸੰਤ ਦਾ ਨਿੰਦਕ ਹੋਣ ਕਰਕੇ ਅੱਧ ਵਿਚੋਂ ਟੁਟਣਾ ਪਿਆ, ਦੁਖੀਆ ਤੇ ਦੀਨ ਹੋ ਕੇ ਅੰਤਮ ਦਿਨਾਂ ਦਾ ਸਫਰ ਕੱਟਣਾ ਪਿਆ ਅਤੇ ਇਹ ਵੀ ਕਹਿਣਾ ਅਤਿਕਥਨੀ ਨਹੀਂ ਕਿ ਉਨ੍ਹਾਂ ਦੀ ਰੂਹ ਅਜੇ ਵੀ ਕਿਸੇ ਨਰਕਾਂ ਵਿਚ ਗੋਤੇ ਖਾਂਦੀ ਹੋਣੀ ਹੈ।

ਅਜਿਹੇ ਹਾਲਾਤ ਵਿਚ ਇਕ ਦਿਨ ਜਦੋਂ ਅਸੀਂ ਸਕੂਲ ਵਿਚ ਸਵੇਰ ਦੀ ਪ੍ਰਾਥਨਾ ਕਰਕੇ ਹਟੇ ਤਾਂ ਇਕ ਸਿੰਘ ਨੀਲੀ ਦਸਤਾਰ ਵਾਲਾ ਕਈ ਬੰਡਲ ਇਸ਼ਤਿਹਾਰਾਂ ਦੇ ਚੁਕ ਕੇ ਲਿਆਇਆ ਤੇ ਖੇਲ੍ਹਣ ਵਾਲੇ ਫੀਲਡ ਵਿਚ ਭਾਈ ਜਰਨੈਲ ਸਿੰਘ ਜੀ ਘਲੋਟੀ ਵਾਲਿਆਂ ਨੂੰ ਸੌਂਪ ਦਿਤੇ ਅਤੇ ਉਸ ਨੇ ਨਾਲ ਹੀ ਕਿਹਾ ਕਿ ਇਹ ਸਾਰੇ ਇਸ਼ਤਿਹਾਰ ਬੱਚਿਆਂ ਨੂੰ ਦੇ ਦੇਣੇ ਤਾਂ ਕਿ ਆਪੋ ਆਪਣੇ ਪਿੰਡਾਂ ਵਿਚ ਜਾ ਕੇ ਵੰਡ ਦੇਣ। ਉਸ ਸਿੰਘ ਨੂੰ ਭਾਈ ਜਰਨੈਲ ਸਿੰਘ ਜੀ ਨੇ ਜੋ ਅੱਠਵੀਂ ਜਮਾਤ ਦਾ ਵਿਦਿਆਰਥੀ ਸੀ, ਕੱਦ ਕਾਠ ਦਾ ਬਹੁਤ ਬਲਵਾਨ ਸੀ, ਨੇ ਕਿਹਾ ਕਿ ਤੁਸੀਂ ਬੇਫਿਕਰ ਰਹੋ ਅਸੀਂ ਤਾਂ ਇਹ ਇਸ਼ਤਿਹਾਰ ਜ਼ਰੂਰ ਹੀ ਵੰਡਾਂਗੇ। ਜਰਨੈਲ ਸਿੰਘ ਘਲੋਟੀ ਦੇ ਰਹਿਣ ਵਾਲੇ ਸਨ ਉਨ੍ਹਾਂ ਦੀ ਰਿਸ਼ਤੇਦਾਰੀ ਧਮੋਟ ਚੌਧਰੀਆਂ ਦੇ ਘਰਾਂ ਵਿਚ ਸੀ ਮੈਂ ਅਜੇ ਉਮਰ ਵਿਚ ਛੋਟਾ ਸੀ ਪਰ ਮੈਨੂੰ ਇਹ ਗੱਲ ਸੁਣ ਕੇ ਬਹੁਤ ਬੁਰੀ ਲੱਗੀ ਕਿ ਮਹਾਂਪੁਰਸ਼ਾਂ ਦੇ ਖਿਲਾਫ ਕਢਾਏ ਹੋਏ ਇਸ਼ਤਿਹਾਰ ਪਿੰਡਾਂ-ਪਿੰਡਾਂ ਵਿਚ ਜਾਣਗੇ ਅਤੇ ਚਰਚਾ ਚਲ ਪਵੇਗੀ। ਉਨ੍ਹਾਂ ਇਸ਼ਤਿਹਾਰਾਂ ਦਾ ਹੈਡਿੰਗ ਸੀ 'ਸੰਤ ਕਿ ਸਾਂਢ' ਐਸੀਆਂ ਮਨ ਘੜਤ character ਤੋਂ ਗਿਰੀਆਂ ਹੋਈਆਂ ਗੱਲਾਂ ਉਸ ਵਿਚ ਲਿਖੀਆਂ ਹੋਈਆਂ ਸਨ> ਬੰਡਲਾਂ ਦੀਆਂ ਗੰਢਾਂ ਤਾਂ ਨਹੀਂ ਖੋਲ੍ਹੀਆਂ ਸਨ ਪਰ ਮੈਂ ਕੋਲ ਖੜ੍ਹੇ ਹੋ ਕੇ ਉਹ ਇਸ਼ਤਿਹਾਰ ਪੜ੍ਹ ਲਿਆ ਅਤੇ ਮਨ ਹੀ ਮਨ ਵਿਚ ਵਾਹਿਗੁਰੂ ਅੱਗੇ ਬੇਨਤੀ ਕੀਤੀ ਕਿ ਹੇ ਪਾਤਸ਼ਾਹ! ਅਸੀਂ ਤਾਂ ਬਹੁਤ ਛੋਟੇ ਬੱਚੇ ਹਾਂ, ਇਸ ਮਾਮਲੇ ਵਿਚ ਕੁਝ ਵੀ ਨਹੀਂ ਕਰ ਸਕਦੇ ਪਰ ਤੁਸੀਂ ਕ੍ਰਿਪਾ ਕਰੋ ਇਹ ਇਸ਼ਤਿਹਾਰ ਪਿੰਡਾਂ ਵਿਚ ਨਾ ਪਹੁੰਚਣ। ਕਲਾਸ ਵਿਚ ਹਾਜ਼ਰ ਹੋਣ ਦੀ ਘੰਟੀ ਵਜ ਗਈ। ਜਦੋਂ ਮੈਂ ਜਾਂਦੇ-ਜਾਂਦੇ ਨੇ ਮੁੜ ਕੇ ਦੇਖਿਆ ਤਾਂ ਮੈਨੂੰ ਬਹੁਤ ਖੁਸ਼ੀ ਹੋਈ ਕਿ ਭਾਈ ਜਰਨੈਲ ਸਿੰਘ ਜੀ ਨੇ ਉਨ੍ਹਾਂ ਸਾਰੇ ਇਸ਼ਤਿਹਾਰਾਂ ਨੂੰ ਅੱਗ ਲਾ ਦਿਤੀ ਜੋ ਦੇਖਦੇ ਹੀ ਦੇਖਦੇ ਸੁਆਹ ਦੇ ਰੂਪ ਵਿਚ ਬਦਲ ਗਏ। ਜਿਹੜੇ ਇਸ਼ਤਿਹਾਰ ਹਵਾ ਦੇ ਵੇਗ ਨਾਲ ਉਡ ਕੇ ਇਧਰ ਉਧਰ ਪਏ ਸਨ ਉਹ ਵੀ ਉਸ ਨੇ ਚੁੱਕ ਕੇ ਜਲਾ ਦਿਤੇ। ਇਹ ਗੱਲ ਮੇਰੇ ਮਨ ਦੀ ਡੂੰਘੀ ਪੜਤ

ਵਿਚ ਉਤਰ ਗਈ। ਅਜੇ ਤਕ ਵੀ ਉਹ ਦਿਨ ਮੈਨੂੰ ਪ੍ਰਤੱਖ ਰੂਪ ਵਿਚ ਦਿਸ ਜਾਇਆ ਕਰਦੇ ਹਨ।

ਸ੍ਰੀ ਮਾਨ ਸਚਖੰਡ ਵਾਸੀ ਗਿਆਨੀ ਮੋਹਨ ਸਿੰਘ ਜੀ ਨੇ ਬਹੁਤ ਖੋਜ ਕਰਕੇ ਇਸ ਘਟਨਾ ਨੂੰ ਰੂਹਾਨੀ ਸੰਦੇਸ਼ ਵਿਚ ਦਰਜ ਕੀਤਾ ਹੈ ਆਪ ਲਿਖਦੇ ਹਨ ਕਿ ਚੰਦਰਮਾ ਦੀ ਚਾਂਦਨੀ ਸਭਨਾਂ ਨੂੰ ਭਾਉਂਦੀ ਹੈ ਪਰ ਉਚੱਕੇ ਤੇ ਚੋਰ ਦੇਖ ਕੇ ਦੁਖੀ ਹੁੰਦੇ ਹਨ। ਇਸੇ ਤਰ੍ਹਾਂ ਮਹਾਂਪੁਰਸ਼ ਵੀ ਹਰ ਇਕ ਜੀਵ ਦਾ ਭਲਾ ਚਾਹੁੰਦੇ ਹਨ, ਜਿਵੇਂ ਚੰਦਰਮਾ 'ਚ ਸੀਤਲਪੁਣਾ ਕੁਦਰਤੀ ਹੈ ਇਸੇ ਤਰ੍ਹਾਂ ਮਹਾਂਪੁਰਸ਼ਾਂ ਦਾ ਉਪਕਾਰ ਕਰਨਾ ਹੀ ਉਨ੍ਹਾਂ ਦੇ ਜੀਵਨ ਦਾ ਇਕ ਅੰਗ ਹੁੰਦਾ ਹੈ। ਪਰ ਦੁਸ਼ਟ ਪੁਰਸ਼ ਬਿਨਾਂ ਹੀ ਕਿਸੇ ਪ੍ਰਯੋਜਨ ਤੋਂ ਉਨ੍ਹਾਂ ਦੇ ਨਾਲ ਈਰਖਆ ਕਰਨ ਲਗ ਜਾਂਦੇ ਹਨ।

***ਮ੍ਰਿਗ ਝਖ ਸੰਤਨ ਵਿਹਤ ਬ੍ਰਿਤ ਤ੍ਰਿਣ ਸੰਬਰ ਸੰਤੋਖ।***
***ਲੁਬਧ ਕੁਝੀਵਰ ਦੁਸ਼ਟ ਜਨ, ਕਰਹਿ ਅਕਾਰਣ ਦੋਖ।***

ਮ੍ਰਿਗਾਂ ਦੀ, ਮੱਛੀਆਂ ਦੀ ਤੇ ਸੰਤਾਂ ਦੀ ਉਪਜੀਵਕਾ ਜਾਇਜ਼ ਹੈ ਉਹ ਕਿਸੇ ਨੂੰ ਦੁਖ ਨਹੀਂ ਦਿੰਦੇ। ਮ੍ਰਿਗ ਘਾਹ ਤੇ ਮੱਛ ਪਾਣੀ ਦਾ ਜਾਲਾ ਖਾਂਦਾ ਹੈ ਅਤੇ ਸੰਤ ਸੰਤੋਖ ਵਿਚ ਹੀ ਮਸਤ ਰਹਿੰਦੇ ਹਨ। ਉਹ ਕਿਸੇ ਪਾਸੋਂ ਕੁਝ ਮੰਗਦੇ ਨਹੀਂ ਪਰ ਮਾਸਾਹਾਰੀ ਲੋਭੀ ਪੁਰਸ਼ ਬਿਨਾਂ ਦੋਸ਼ ਤੋਂ ਮ੍ਰਿਗ ਨੂੰ ਤੇ ਕੁਝੀਵਰ (ਮਾਛੀ) ਬਿਨਾਂ ਵੈਰ ਤੋਂ ਮੱਛ ਨੂੰ ਮਾਰਦੇ ਹਨ। ਇਸੇ ਤਰ੍ਹਾਂ ਦੁਸ਼ਟ ਪੁਰਸ਼ ਅਕਾਰਣ ਹੀ ਸੰਤਾਂ ਨਾਲ ਵੈਰ ਕਰਨ ਲੱਗ ਪੈਂਦੇ ਹਨ ਕਿਉਂਕਿ ਮਨੁਖਾਂ ਦੇ ਆਪੋ ਆਪਣੇ ਸੁਭਾਓ ਹਨ। ਜਗਤ ਵਿਚ ਚਾਰ ਪ੍ਰਕਾਰ ਦੇ ਪੁਰਸ਼ ਹਨ – ਮੱਖੀ, ਸਰਪ, ਰਾਕਸ਼ ਤੇ ਦੇਵਤਾ ਜੋ ਆਪਣਾ ਆਪ ਗਵਾ ਕੇ ਵੀ ਪਰਾਏ ਦੇ ਕੰਮ ਨੂੰ ਵਿਗਾੜਦੇ ਹਨ ਉਹ ਪੁਰਸ਼ ਮੱਖੀ ਦੇ ਸਮਾਨ ਹੁੰਦੇ ਹਨ ਜਿਵੇਂ ਮੱਖੀ, ਦੁੱਧ ਜਾਂ ਘਿਉ ਨੂੰ ਖਰਾਬ ਕਰਨ ਵਾਸਤੇ ਉਸ ਵਿਚ ਆਪਣਾ ਆਪ ਕੁਰਬਾਨ ਕਰ ਦਿੰਦੀ ਹੈ। ਜਿਹੜੇ ਪੁਰਸ਼ ਬਿਨਾਂ ਆਪਣੇ ਲਾਭ ਤੋਂ ਪਰਾਏ ਦਾ ਨੁਕਸਾਨ ਕਰਦੇ ਹਨ ਉਹ ਪੁਰਸ਼ ਸਰਪ ਦੇ ਸਮਾਨ ਹੁੰਦੇ ਹਨ ਅਤੇ ਜੋ ਦੂਸਰੇ ਨੂੰ ਮਾਰ ਕੇ ਆਪਣਾ ਕੰਮ ਸਵਾਰਦੇ ਹਨ ਉਹ ਪੁਰਸ਼ ਰਾਕਸ਼ ਹੋਇਆ ਕਰਦੇ ਹਨ। ਜਿਹੜੇ ਆਪਣਾ ਆਪ ਵਿਗਾੜ ਕੇ ਵੀ ਦੂਜੇ ਦਾ ਭਲਾ ਕਰਦੇ ਹਨ ਉਹ ਦੇਵਤੇ ਹੋਇਆ ਕਰਦੇ ਹਨ।

ਵਿਰੋਧ ਦੇ ਕਾਰਨਾਂ ਦੀ ਖੋਜ ਕਰਦਿਆਂ ਗਿਆਨੀ ਜੀ ਲਿਖਦੇ ਹਨ ਕਿ ਇਸ ਵੈਰ ਭਾਵ ਅਤੇ ਨਿੰਦਿਆ ਦੀ ਤਹਿ ਵਿਚ ਲਾਲਚ ਕੰਮ ਕਰਦਾ ਸੀ। ਸੰਤ ਮਹਾਰਾਜ ਜੀ ਜਦੋਂ ਵੀ ਕਿਤੇ ਕੀਰਤਨ ਕਰਨ ਜਾਂਦੇ ਸਨ ਤਾਂ ਆਪ ਪਰਾਲਬਧ ਉਪਰ ਸ਼ਾਕਰ ਰਹਿੰਦੇ ਹੋਏ ਪੈਸੇ ਟਕੇ ਨੂੰ ਹੱਥ ਨਹੀਂ ਲਾਇਆ ਕਰਦੇ ਸਨ। ਇਹ ਲੋਭੀ ਸੱਜਣ ਨੀਲੀਆਂ ਦਸਤਾਰਾਂ ਅਤੇ ਸਿੰਘਾਂ ਵਾਲੀ ਰੂਪ ਰੇਖਾ ਬਣਾ ਕੇ ਮਹਾਂਪੁਰਸ਼ਾਂ ਨੂੰ ਚੜ੍ਹੇ ਹੋਏ ਧਨ ਨੂੰ ਚੁਕ ਲਿਆ ਕਰਦੇ ਸਨ। ਮਾਇਆ ਚੁਕਣ ਵਾਲੀ ਇਕ ਜੁੰਡਲੀ ਬਣ ਗਈ ਜੋ ਮਹਾਂਪੁਰਸ਼ਾਂ ਦੇ ਚਰਨਾਂ ਵਿਚ ਚੜ੍ਹੀ ਹੋਈ ਮਾਇਆ ਚੁੱਕ ਕੇ ਐਸ਼-ਓ-ਇਸ਼ਰਤ ਕਰਿਆ ਕਰਦੇ ਸਨ, ਨਸ਼ੇ ਪੀਂਦੇ ਸਨ, ਇਸ ਪੂਜਾ ਦੇ ਧਾਨ ਨੇ ਇਨ੍ਹਾਂ ਦੀ ਮੱਤ ਮਾਰ ਦਿਤੀ,

ਕਿਉਂਕਿ ਪੂਜਾ ਦੇ ਧਾਨ ਬਾਰੇ ਦਾਨਿਆਂ ਦਾ ਮਤ ਹੈ –

***ਜੈਸਾ ਧਾਨ ਖਾਇ ਜੋਇ ਤੈਸੋ ਤਾਕੋ ਮਨ ਹੋਇ,***
***ਪੂਜਾ ਸਮ ਮੈਲਾ ਕੋਇ ਧਾਨੁ ਨ ਉਚਾਰੀਆ।***
***ਭਜਨ ਭਗਤਿ ਦਾਨ ਜਤ ਸਤ ਗਿਆਨ ਬਿਨ,***
***ਪਚਤ ਨ ਪੂਜਾ ਰਾਕਸ਼ਨੀ ਭੀਤ ਕਾਰੀਆ।***
***ਤਥਾ – ਕਾਮਨਾ ਅਨੇਕ ਧਰ ਸਿਰ ਸੁਤ ਵਾਰ ਕਰ,***
***ਪੂਜਾ ਦੇਤ ਨਰ ਮਹਾਂ ਮੰਦ ਧਨ ਭਾਰੇ ਹੈਂ।***
***ਤਾਹਿ ਵਸ਼ਿਸ਼ਟ ਜੂ ਰਾਮ ਪ੍ਰਤਿ ਕਹਿਓ ਐਸ,***
***ਅਘੀ ਅਤਿ ਮੰਦ ਭਾਗ ਹੋਵਤ ਪੁਜਾਰੇ ਹੈਂ।***

ਇਹ ਹਾਲ ਦੇਖ ਕੇ ਸੋਝੀਵਾਨ ਪੁਰਸ਼ਾਂ ਨੇ ਮਹਾਂਪੁਰਸ਼ਾਂ ਨੂੰ ਚੜ੍ਹੇ ਹੋਏ ਪੈਸੇ ਆਪ ਚੁਕ ਕੇ ਲੋੜ ਦੀਆਂ ਚੀਜ਼ਾਂ ਵਸਤਾਂ ਖਰੀਦ ਕੇ ਰਾੜੇ ਸਾਹਿਬ ਲੈ ਆਉਣੀਆਂ ਕਿਉਂਕਿ ਉਥੇ ਸਾਧੂ, ਬਿਹੰਗਮਾਂ, ਅਭਿਆਗਤਾਂ ਵਾਸਤੇ ਸਦਾ ਲੰਗਰ ਚਲਿਆ ਕਰਦਾ ਸੀ। ਆਰਾਮ ਵਾਸਤੇ ਕਮਰਿਆਂ ਦੀ ਲੋੜ ਸੀ। ਇਹ ਗੱਲ ਵਿਸ਼ਈ ਪੁਰਸ਼ਾਂ ਨੂੰ ਅੱਛੀ ਨਾ ਲੱਗੀ ਅਤੇ ਉਨ੍ਹਾਂ ਨੇ ਮਹਾਂਪੁਰਸ਼ਾਂ ਦੀ ਨਿੰਦਿਆ ਕਰਨੀ ਸ਼ੁਰੂ ਕਰ ਦਿਤੀ। ਇਨ੍ਹਾਂ ਨੇ ਇਕੱਠੇ ਹੋ ਕੇ ਗੋਂਦ ਗੁੰਦੀ ਜਿਸ ਦੇ ਮੁਤਾਬਿਕ ਇਕ ਸ਼ੜਯੰਤਰ ਰਚਿਆ ਕਿ ਨੌਜੁਆਨ ਲੜਕੀ ਨੂੰ ਅੰਮ੍ਰਿਤ ਵੇਲੇ ਮਹਾਂਪੁਰਸ਼ਾਂ ਦੀ ਕੁਟੀਆ ਵਿਚ ਭੇਜਿਆ ਜਾਵੇ ਅਤੇ ਫਿਰ ਆਪ ਹੀ ਛਾਪਾ ਮਾਰ ਕੇ ਇਸ਼ਤਿਹਾਰ ਕਢਾ ਦਿਤੇ ਜਾਣ ਪਰ ਉਹ ਇਸ ਵਿਚ ਕਾਮਯਾਬ ਨਾ ਹੋ ਸਕੇ। ਸੰਤ ਮਹਾਰਾਜ ਜੀ ਭਾਵੇਂ ਉਸ ਸਮੇਂ ਭਰ ਜੁਆਨੀ ਵਿਚ ਸਨ, 27 ਕੁ ਸਾਲ ਦੀ ਉਮਰ ਸੀ ਪਰ ਉਨ੍ਹਾਂ ਨੇ ਉਸ ਆਯੂ ਵਿਚ ਹੀ ਮਾਇਆ ਨਾਗਨੀ ਨੂੰ ਦਲ ਮਲ ਕੇ ਚਰਨੀਂ ਲਾ ਲਿਆ ਸੀ ਜਿਵੇਂ ਕਿ ਫੁਰਮਾਨ ਹੈ–

***ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ॥***
***ਇਸ ਕੀ ਸੇਵਾ ਜੋ ਕਰੇ ਤਿਸ ਹੀ ਕਉ ਫਿਰਿ ਖਾਇ॥***
***ਗੁਰਮੁਖਿ ਕੋਈ ਗਾਰੜੂ ਤਿਨਿ ਮਲਿ ਦਲਿ ਲਾਈ ਪਾਇ॥***

***ਪੰਨਾ – 510***

ਸੰਤ ਮਹਾਰਾਜ ਜੀ ਅਜੇ ਇਸ਼ਨਾਨ ਕਰਕੇ ਬੈਠੇ ਹੀ ਸਨ ਉਸੇ ਸਮੇਂ ਇਹ ਵੀ ਭੋਰੇ ਵਿਚ ਦਾਖਲ ਹੋ ਗਈ। ਭਾਵੇਂ ਹਨ੍ਹੇਰਾ ਸੀ ਸੰਤ ਮਹਾਰਾਜ ਜੀ ਨੇ ਆਵਾਜ਼ ਦਿਤੀ ਕਿ ਕੋਈ ਹੈ? ਬਾਬਾ ਨਾਹਰ ਸਿੰਘ ਜੀ ਜੋ ਮਹਾਰਾਜ ਜੀ ਦੇ ਅਰਦਲੀ ਸਨ ਉਹ ਇਕ ਦਮ ਅੰਦਰ ਆਏ ਉਨ੍ਹਾਂ ਨੇ ਉਸ ਲੜਕੀ ਨੂੰ ਬਾਹਰ ਕੱਢਿਆ ਅਤੇ ਸਾਰਿਆਂ ਨੂੰ ਵਰਜ ਦਿਤਾ ਕਿ ਭਾਈ! ਇਹ ਦੋਖੀਆਂ ਤੇ ਨਿੰਦਕਾਂ ਵਲੋਂ ਕੀਤੀ ਗਈ ਸਾਜਸ਼ ਹੈ, ਇਸ ਲੜਕੀ ਨੂੰ ਕੁਝ ਨਾ ਕਿਹਾ ਜਾਵੇ। ਉਸ ਲੜਕੀ ਨੇ ਬੇਨਤੀ ਕੀਤੀ ਕਿ ਮਹਾਰਾਜ ਜੀ! ਮੈਂ ਬੜੇ ਧੋਖੇ ਵਿਚ ਆ ਗਈ, ਮੈਨੂੰ ਤੁਹਾਡੇ ਦੋਖੀਆਂ ਨੇ ਤੁਹਾਨੂੰ ਬਦਨਾਮ ਕਰਨ ਵਾਸਤੇ ਸਿਖਾ ਕੇ ਭੇਜਿਆ ਸੀ, ਮੇਰਾ ਗੁਨਾਹ ਮਾਫ ਕੀਤਾ ਜਾਵੇ, ਮੇਰੇ ਤੋਂ ਬੜੀ ਭੁੱਲ ਹੋਈ ਹੈ। ਇਸੇ ਤਰ੍ਹਾਂ ਨਾਲ ਥੋੜ੍ਹਾ ਹੋਰ ਸਮਾਂ ਲੰਘਿਆ ਇਸੇ ਹੀ ਦੋਖੀਆਂ ਦੀ ਜੁੰਡਲੀ ਨੇ ਇਕ ਬਦਚਲਨ ਔਰਤ ਨੂੰ ਕਿਹਾ ਕਿ ਤੈਨੂੰ ਮੂੰਹ ਮੰਗੇ ਪੈਸੇ

ਦਿਤੇ ਜਾਣਗੇ, ਇਕ ਵਾਰੀ ਤੂੰ ਅਸਾਡੇ ਕਹਿਣ ਮੁਤਾਬਿਕ ਉਹ ਕੰਮ ਕਰ ਜਿਸ ਕਰਕੇ ਇਸ ਸੰਤ ਨੂੰ ਬਦਨਾਮ ਕਰਨ ਲਈ ਅਸਾਨੂੰ ਮੌਕਾ ਮਿਲ ਜਾਵੇ। ਨੇੜੇ ਦੇ ਨਗਰ ਵਿਚੋਂ ਉਹ ਇਕ ਬਹੁਤ ਹੀ ਬਦਚਲਨ ਔਰਤ ਸੀ ਜੋ ਸ਼ਰਾਬ, ਮਾਸ, ਵਿਭਚਾਰ ਵਿਚ ਹੀ ਵਿਸ਼ਵਾਸ਼ ਰਖਦੀ ਸੀ। ਮਾਨੋ ਨਰਕ ਦਾ ਪੂਰੀ ਤਰ੍ਹਾਂ ਕੀੜਾ ਸੀ। ਉਸ ਨੂੰ ਸ਼ਰਾਬ ਦੇ ਨਸ਼ੇ ਵਿਚ ਮਸਤ ਕਰ ਦਿਤਾ ਗਿਆ ਉਹ ਇਕੋ ਹੀ ਵਸਤਰ ਉਪਰ ਲੈ ਕੇ ਸੰਤ ਮਹਾਰਾਜ ਜੀ ਦੇ ਭੌਰੇ ਵਿਚ ਜਦੋਂ ਦਾਖਲ ਹੋਣ ਲੱਗੀ ਤਾਂ ਸ਼ਰਾਬ ਦੀ ਬਦਬੂ ਆਉਂਦਿਆਂ ਹੀ ਮਹਾਂਪੁਰਸ਼ਾਂ ਨੇ ਪਹਿਰੇਦਾਰ ਨੂੰ ਅਵਾਜ਼ ਦਿਤੀ। ਉਸ ਨੇ ਇਕ ਦਮ ਆ ਕੇ ਉਸਦੀਆਂ ਬਾਹਵਾਂ ਫੜ ਲਈਆਂ, ਹੋਰ ਸਿੰਘ ਇਕੱਠੇ ਹੋ ਗਏ, ਉਸ ਦੇ ਦੁਆਲੇ ਵਸਤਰ ਵਲੇਟ ਦਿਤਾ। ਉਨ੍ਹਾਂ ਦਿਨਾਂ ਵਿਚ ਸੁਆਮੀ ਸੰਤੋਖ ਸਿੰਘ ਜੀ ਉਹ ਵੀ ਉਥੇ ਤਪ ਕਰਿਆ ਕਰਦੇ ਸਨ ਉਨ੍ਹਾਂ ਨੇ ਇਕੋ ਥੱਪੜ ਮਾਰਿਆ ਤਾਂ ਉਸੇ ਵੇਲੇ ਉਹ ਕਹਿਣ ਲੱਗੀ ਕਿ ਮੈਨੂੰ ਤਾਂ ਫਲਾਣੇ-ਫਲਾਣੇ ਬੰਦਿਆਂ ਨੇ ਤੁਹਾਨੂੰ ਬਦਨਾਮ ਕਰਨ ਵਾਸਤੇ ਭੇਜਿਆ ਹੈ। ਮੈਂ ਅਣਜਾਣ ਪੁਣੇ ਵਿਚ ਇਹ ਗਲਤੀ ਕਰ ਬੈਠੀ, ਮੈਨੂੰ ਨਹੀਂ ਸੀ ਪਤਾ ਕਿ ਸੰਸਾਰ ਵਿਚ ਅਜਿਹੇ ਪੁਰਸ਼ ਵੀ ਹਨ ਜੋ ਇਸਤ੍ਰੀ ਦੇ ਮਾਰੂ ਵਾਰ ਤੋਂ ਆਪਣੇ ਆਪ ਨੂੰ ਬਚਾ ਸਕਦੇ ਹਨ। ਨਹੀਂ ਤਾਂ ਸੰਸਾਰ ਵਿਚ ਇਸਤ੍ਰੀ ਦਾ ਕੋਈ ਮੁਕਾਬਲਾ ਨਹੀਂ ਕਰ ਸਕਿਆ ਕਰਦਾ। ਮੇਰੀ ਗਲਤੀ ਮਾਫ ਕਰੋ। ਮੈਂ ਇਕ ਗੱਲ ਪੂਰੇ ਨਿਸਚੇ ਨਾਲ ਆਖਦੀ ਹਾਂ ਕਿ ਇਸ ਨੌਜਵਾਨ ਸੰਤਾਂ ਦੀ ਥਾਂ ਭਾਵੇਂ ਕੋਈ ਵਡੇਰੀ ਉਮਰ ਦਾ ਵੀ ਮਹਾਤਮਾ ਹੁੰਦਾ ਤਾਂ ਉਸ ਨੇ ਵੀ ਮੇਰੇ ਵਾਰ ਤੋਂ ਨਹੀਂ ਸੀ ਬਚ ਸਕਣਾ ਪਰ ਇਹ ਮਹਾਤਮਾ ਧੰਨ ਹਨ ਇਨ੍ਹਾਂ ਨੂੰ ਕੋਈ ਨਹੀਂ ਡੋਲਾ ਸਕਦਾ। ਹੁਣ ਮੈਂ ਤੁਹਾਨੂੰ ਇਹ ਵੀ ਗੱਲ ਦਸਦੀ ਹਾਂ ਕਿ ਤਹਿਸੀਲ ਪਾਇਲ ਦੇ ਵਿਕਾਰੀ ਸਿੱਖ ਤੁਹਾਡਾ ਪੂਰੀ ਤਰ੍ਹਾਂ ਵਿਰੋਧ ਕਰਨ ਤੇ ਤੁਲੇ ਹੋਏ ਹਨ। ਉਸ ਵੇਲੇ ਸੰਤ ਮਹਾਰਾਜ ਜੀ ਨੇ ਸਾਰੇ ਇਲਾਕੇ ਦੇ ਹਿਤੈਸ਼ੀ ਸਿੰਘਾਂ ਨਾਲ ਬਚਨ ਕਰਦਿਆਂ ਕਿਹਾ ਕਿ ਪ੍ਰਮੇਸ਼ਰ ਜੀ ਆਪ ਹੀ ਅਨੇਕਾਂ ਰੂਪ ਧਾਰ ਕੇ ਅਜਿਹੀਆਂ ਖੇਲ੍ਹਾਂ ਕਰ ਰਹੇ ਹਨ। ਇਸ ਵਿਚ ਅਸੀਂ ਕਿਸੇ ਨੂੰ ਦੋਸ਼ੀ ਨਹੀਂ ਠਹਿਰਾਉਂਦੇ।

***ਆਪੇ ਦੈਤ ਲਾਇ ਦਿਤੇ ਸੰਤ ਜਨਾ ਕਉ ਆਪੇ ਰਾਖਾ ਸੋਈ॥***

***ਪੰਨਾ – 1133***

ਇਨ੍ਹਾਂ ਦੋਹਾਂ ਘਟਨਾਵਾਂ ਦਾ ਜ਼ਿਕਰ ਮੇਰੇ ਨਾਲ ਮਹਾਂਪੁਰਸ਼ਾਂ ਨੇ ਇਕ ਦਿਨ ਚੇਤਨ ਮਾਇਆ ਦਾ ਅਸਰ ਦਸਦਿਆਂ ਆਪ ਹੀ ਕੀਤਾ। ਆਪ ਨੇ ਫੁਰਮਾਇਆ ਕਿ ਅਸੀਂ ਹਮੇਸ਼ਾਂ ਸਫ ਉਪਰ ਹੀ ਬੈਠਿਆ ਕਰਦੇ ਸਾਂ। ਪੂਰੇ ਨੌਂ ਸਾਲ ਅਸੀਂ ਧਰਤੀ ਤੇ ਪਿੱਠ ਲਾ ਕੇ ਨਹੀਂ ਅਰਾਮ ਕੀਤਾ ਸੀ। ਬੈਠੇ-ਬੈਠੇ ਹੀ ਯੋਗਕ ਕ੍ਰਿਆ ਰਾਹੀਂ ਨਿੰਦਰਾ ਲੈ ਲਿਆ ਕਰਦੇ ਸਾਂ। ਪੰਜ ਮਿੰਟਾਂ ਦੀ ਯੋਗਕ ਨੀਂਦ ਸਰੀਰ ਦੀ ਸੂਸਸਥਾ ਲਈ ਬਹੁਤ ਹੈ।

ਵਾਹਿਗੁਰੂ ਜੀ ਦੈਂਤ ਤਾਂ ਲਾ ਦਿੰਦਾ ਹੈ ਪਰ ਜਦੋਂ ਪ੍ਰਹਿਲਾਦ ਦੇ ਪਿਛੇ ਜ਼ਬਰਦਸਤ ਹਰਨਾਖਸ਼ ਦੈਂਤ ਨੂੰ ਲਾਇਆ ਤਾਂ ਹਰ ਸਮੇਂ ਆਪ ਹੀ ਸਹਾਇਤਾ ਕਰਦੇ ਰਹੇ। ਜ਼ਹਿਰੀਲੇ ਸੱਪਾਂ ਵਾਲੀ ਕੋਠੜੀ ਵਿਚ ਪ੍ਰਹਿਲਾਦ ਨੂੰ ਬੰਦ ਕਰਿਆ ਉਹ ਪ੍ਰਹਿਲਾਦ ਨੂੰ ਡੰਗ ਮਾਰਨ ਦੀ ਥਾਂ ਉਸ ਨਾਲ ਖੇਲ੍ਹ ਰਹੇ ਸਨ। ਜਦੋਂ ਪ੍ਰਹਿਲਾਦ ਨੂੰ ਪਹਾੜ ਉਪਰੋਂ ਸੁਟਿਆ ਤਾਂ ਧਰਤੀ ਦੀ ਖਿੱਚ ਸ਼ਕਤੀ ਬੰਦ

ਕਰ ਦਿਤੀ ਉਹ ਹੌਲੀ-ਹੌਲੀ ਰੂੰ ਦੇ ਗੋਹੜੇ ਵਾਂਗੂੰ ਉਡਦਾ ਧਰਤੀ ਉਪਰ ਆ ਬੈਠਿਆ। ਜਦੋਂ ਪਾਣੀ ਵਿਚ ਸੰਗਲਾਂ ਨਾਲ ਪੱਥਰ ਬੰਨ੍ਹ ਕੇ ਉਸ ਨੂੰ ਡੋਬਿਆ ਤਾਂ ਸੰਗਲ ਅਤੇ ਪੱਥਰ ਤਾਂ ਹੇਠਾਂ ਹੀ ਰਹਿ ਗਏ ਪ੍ਰਹਿਲਾਦ ਜੀ ਪਾਣੀ ਉਪਰ ਐਉਂ ਬੈਠ ਗਏ ਜਿਵੇਂ ਕੋਈ ਯੋਗੀ ਮ੍ਰਿਗਸ਼ਾਲਾ ਤੇ ਬੈਠਾ ਹੁੰਦਾ ਹੈ। ਅੱਗ ਵਿਚ ਬਿਠਾ ਕੇ ਜਲਾਇਆ ਤਾਂ ਅੱਗ ਨੇ ਸਭ ਕੁਝ ਸੁਆਹ ਕਰ ਦਿਤਾ ਪਰ ਪ੍ਰਹਿਲਾਦ ਜੀ ਉਪਰ ਪ੍ਰਭੂ ਪ੍ਰੇਮ ਦਾ ਲਾਲ ਰੰਗ ਚੜ੍ਹ ਗਿਆ। ਸੋ ਭਾਈ ਗੁਰਮੁਖੋ! ਜਦੋਂ ਥੰਮਾਂ ਨਾਲ ਪ੍ਰਹਿਲਾਦ ਨੂੰ ਲਾਉਣ ਲੱਗੇ ਤਾਂ ਆਪ ਹੀ ਵਾਹਿਗੁਰੂ ਜੀ ਨੇ ਨਰਸਿੰਘ ਰੂਪ ਧਾਰਿਆ ਜੋ ਉਪਰਲਾ ਹਿਸਾ ਸ਼ੇਰ ਦਾ ਸੀ ਅਤੇ ਹੇਠਲਾ ਹਿੱਸਾ ਮਨੁੱਖ ਦਾ ਸੀ, ਥੰਮ ਨੂੰ ਪਾੜ ਕੇ ਨਿਕਲਿਆ ਅਤੇ ਹਰਨਾਖਸ਼ ਨੂੰ ਮਾਰਿਆ। ਇਸੇ ਤਰ੍ਹਾਂ ਨਾਲ ਦਰੋਪਤੀ ਮਗਰ ਦੁਸ਼ਟ ਲਾਏ ਜਦੋਂ ਭਰੀ ਸਭਾ ਵਿਚ ਉਸਨੂੰ ਨਗਨ ਕਰਨ ਦਾ ਹੁਕਮ ਦਿਤਾ ਗਿਆ ਤਾਂ ਆਪ ਹੀ ਉਸ ਦਾ ਰਾਖਾ ਬਣ ਕੇ ਕਪੜਿਆਂ ਦਾ ਐਨਾ ਪ੍ਰਵਾਹ ਚਲਾ ਦਿਤਾ ਕਿ ਭਾਈ ਗੁਰਦਾਸ ਜੀ ਲਿਖਦੇ ਹਨ -

***ਕੱਪੜ ਕੋਟ ਉਸਾਰਿਓਨੁ ਥੱਕੇ ਦੂਤ ਨ ਪਾਰਿ ਵਸਾਂਦੀ॥***
***ਹੱਥ ਮਰੋੜਨਿ ਸਿਰੁ ਧੁਣਨਿ ਪਛੋਤਾਨ ਕਰਨਿ ਜਾਹ ਜਾਂਦੀ॥***
***ਭਾਈ ਗੁਰਦਾਸ ਜੀ, ਵਾਰ 10/8***

ਇਸੇ ਤਰ੍ਹਾਂ ਨਾਲ ਜਦੋਂ ਰਾਵਣ ਦੁਸ਼ਟ ਸ੍ਰੀ ਰਾਮ ਚੰਦਰ ਜੀ ਨੂੰ ਤੰਗ ਕਰਨ ਲਈ ਸੀਤਾ ਹਰਨ ਕਰਕੇ ਕੇ ਲੈ ਆਇਆ ਤਾਂ ਇਸ ਸੰਘਰਸ਼ ਵਿਚ ਰਾਵਣ ਦਾ ਨਾਸ਼ ਹੋਇਆ। ਅਨੇਕਾਂ ਭਗਤ ਨਾਮਦੇਵ ਜੀ, ਕਬੀਰ ਜੀ ਜੈਸੇ ਮਹਾਂਪੁਰਸ਼ਾਂ ਦੀ ਪਰਖ ਹੋਈ ਪਰ ਉਨ੍ਹਾਂ ਦੀ ਸਦਾ ਹੀ ਪ੍ਰਭੂ ਨੇ ਆਪ ਹੀ ਰੱਖਿਆ ਕੀਤੀ। ਸੋ ਇਸ ਕਰਕੇ ਗੁਰਮੁਖ ਪਿਆਰਿਓ! ਤੁਸੀਂ ਉਦਾਸ ਨਾ ਹੋਵੋ, ਇਹ ਕਸਵੱਟੀਆਂ ਹਨ ਜੋ ਵਾਹਿਗੁਰੂ ਜੀ ਵਲੋਂ ਸੰਤਾਂ ਨੂੰ ਹੋਰ ਸ਼ੁੱਧ ਕਰਨ ਵਾਸਤੇ ਲਾਈਆਂ ਜਾਇਆ ਕਰਦੀਆਂ ਹਨ ਇਨ੍ਹਾਂ ਗੱਲਾਂ ਬਾਰੇ ਕੋਈ ਬਹੁਤੀ ਬਾਤਚੀਤ ਨਹੀਂ ਚਲਾਉਣੀ, ਕਿਉਂਕਿ ਦ੍ਵੈਤ ਦਾ ਵਿਸ਼ਾ ਬਣ ਜਾਂਦਾ ਹੈ, ਸਿਰਫ ਐਨਾ ਹੀ ਕਹਿਣਾ ਹੈ ਕਿ ਜੋ ਕੁਝ ਵਾਹਿਗੁਰੂ ਜੀ ਕਰਦੇ ਹਨ ਉਹ ਭਲੇ ਲਈ ਹੀ ਕਰਦੇ ਹਨ। ਸੰਤ ਮਹਾਰਾਜ ਜੀ ਦੇ ਜੋ ਦੀਵਾਨ ਲੱਗਿਆ ਕਰਦੇ ਸਨ ਉਨ੍ਹਾਂ ਵਿਚ ਜਦੋਂ ਆਪ ਜੀ ਨੇ ਧਾਰਨਾ ਪੜ੍ਹਨੀ -

***ਧਾਰਨਾ - ਝੱਟ ਕਿਥੇ ਲੰਘਾਵਾਂ ਓ ਮਾਲਕਾ***
***ਦੁਨੀਆਂ ਟਿਕਣ ਨਾ ਦੇਵੇ - 2, 2***

***ਏਸ ਕਲੀਓ ਪੰਜ ਭੀਤੀਓ ਕਿਉ ਕਰਿ ਰਖਾਂ ਪਤਿ॥***
***ਜੇ ਬੋਲਾਂ ਤਾਂ ਆਖੀਐ ਬੜ ਬੜ ਕਰੈ ਬਹੁਤ॥***
***ਚੁਪ ਕਰਾਂ ਤਾਂ ਆਖੀਐ ਇਤ ਘਟਿ ਨਾਹੀ ਮਤਿ॥***
***ਜੇ ਬਹਿ ਰਹਾਂ ਤਾਂ ਆਖੀਐ ਬੈਠਾ ਸਥਰ ਘਤ॥***
***ਉਠ ਜਾਈ ਤਾਂ ਆਖੀਐ ਛਾਰੁ ਗਇਆ ਸਿਰ ਘਤਿ॥***
***ਜੇ ਕਰਿ ਨਿਵਾਂ ਤਾਂ ਆਖੀਐ ਡਰਦਾ ਕਰੇ ਭਗਤ॥***
***ਕਾਈ ਗਲੀ ਨ ਮੇਵਨੀ ਜਿਥੇ ਕਢਾਂ ਝੱਤਿ॥***
***ਏਥੈ ਓਥੈ ਨਾਨਕਾ ਕਰਤਾ ਰਖੈ ਪਤਿ॥***

ਮਹਾਂਪੁਰਸ਼ਾਂ ਦੀ ਅਵਾਜ਼ ਵਿਚ ਐਨੀ ਖਿੱਚ ਸੀ ਕਿ ਇਹ ਧਾਰਨਾ ਕਿਸੇ ਤੋਂ ਸਹਿਨ ਨਹੀਂ ਹੋਇਆ ਕਰਦੀ ਸੀ ਕਿਉਂਕਿ ਨਿੰਦਕ ਤੇ ਈਰਖਾਲੂ ਪੁਰਸ਼ ਬਾਰ-ਬਾਰ ਆਪਣੀਆਂ ਬੁਰੀਆਂ ਚਿਤਵਨੀਆਂ ਵਿਚੋਂ ਅਸਫਲ ਹੋ ਚੁਕੇ ਸਨ। ਪਰ ਜਦੋਂ ਸੰਤ ਮਹਾਰਾਜ ਜੀ ਨੇ ਇਸ ਸ਼ਬਦ ਦੀ ਧੁਨ ਉਚਾਰਣੀ ਤਾਂ ਇਹ ਹਿਤੈਸ਼ੀਆਂ ਦੇ, ਜਗਿਆਸੂਆਂ, ਪ੍ਰੇਮੀਆਂ ਦੇ ਹਿਰਦਿਆਂ ਨੂੰ ਬਿੰਨ੍ਹ ਕੇ ਪਾਰ ਹੋ ਜਾਇਆ ਕਰਦੀ ਸੀ ਅਤੇ ਸਰੋਤਿਆਂ ਦੇ ਨੇਤਰਾਂ ਵਿਚੋਂ ਹੰਝੂਆਂ ਦੀ ਝੜੀ ਲਗ ਜਾਇਆ ਕਰਦੀ ਸੀ। ਅਜੇ ਤਕ ਵੀ ਇਹ ਧਾਰਨਾਂ ਜਦੋਂ ਮੈਂ ਪੜ੍ਹਦਾ ਹਾਂ ਤਾਂ ਮੈਨੂੰ ਇਉਂ ਹੀ ਲਗਿਆ ਕਰਦਾ ਹੈ ਕਿ ਸੰਤ ਮਹਾਰਾਜ ਜੀ ਹੀ ਪੜ੍ਹ ਰਹੇ ਹਨ। ਉਹ ਦਰਦ ਦਿਲ ਵਿਚ ਪੈਦਾ ਹੋ ਜਾਇਆ ਕਰਦਾ ਹੈ ਜਿਹੜਾ ਕਦੇ ਬਚਪਨ ਵਿਚ ਅਨੁਭਵ ਕੀਤਾ ਸੀ।

ਇਹ ਇਕ ਬੜੀ ਭਾਰੀ ਜੱਦੋ-ਜਹਿਦ, ਉਸ ਸੂਰਮੇ ਵਲੋਂ ਹੋ ਰਹੀ ਸੀ ਜਿਸ ਦਾ ਰਸਤਾ ਰੋਕਣ ਲਈ ਮਾਇਆ ਜੱਖਣੀ ਅਤੇ ਕਲਜੁੱਗ ਤੇ ਅਜਿੱਤ ਸੈਨਾਪਤੀ ਕਾਮ, ਕ੍ਰੋਧ ਆਦਿਕ ਅੱਡੀ ਚੋਟੀ ਦਾ ਜ਼ੋਰ ਲਾ ਰਹੇ ਸਨ, ਪਰ ਆਪ ਜੀ ਦਾ ਹਰ ਕਦਮ ਪੂਰਨ ਜਿੱਤ ਵਲ ਨੂੰ ਵਧ ਰਿਹਾ ਸੀ। ਕਿਸੇ ਨਿੰਦਿਆ ਦਾ ਕਿਸੇ ਵੀ ਪਾਈ ਹੋਈ ਰੁਕਾਵਟ ਦਾ ਅਸਰ ਆਪ ਦੀ ਭਜਨ ਬੰਦਗੀ ਦੀ ਚਾਲੀ ਨੂੰ ਬਦਲਾ ਨਾ ਸਕਿਆ। ਸਗਮਾਂ ਆਪ ਪ੍ਰਮ ਅਵਸਥਾ ਵਲ ਨੂੰ ਵਧਦੇ ਹੀ ਗਏ ਅਤੇ ਬਹੁਤ ਹੀ ਛੋਟੀ ਉਮਰ ਵਿਚ ਪ੍ਰਮ ਪਦ ਦੀ ਪ੍ਰਾਪਤੀ ਕਰ ਲਈ। ਆਪ ਜੀ ਪੂਰਨ ਗਿਆਨਵਾਨ ਹੋ ਕੇ ਵਾਹਿਗੁਰੂ ਜੀ ਵਿਚ ਅਭੇਦ ਹੁੰਦਿਆਂ ਸੰਸਾਰ ਵਿਚ ਪ੍ਰਭੂ ਹੁਕਮ ਅਨੁਸਾਰ ਵਿਚਰਦੇ ਰਹੇ।

ਅਸਾਡੇ ਘਰ ਮਸਤੂਆਣੇ ਤੋਂ ਉਨ੍ਹਾਂ ਦਿਨਾਂ ਵਿਚ ਅਨਾਜ ਇਕੱਠਾ ਕਰਨ ਵਾਸਤੇ ਸੰਤ ਠਹਿਰਿਆ ਕਰਦੇ ਸਨ ਅਤੇ ਅਸਾਨੂੰ ਸਦਾ ਹੀ ਵਰਜਿਆ ਕਰਦੇ ਸਨ ਕਿ ਰਾੜੇ ਸਾਹਿਬ ਨਹੀਂ ਜਾਣਾ ਅਤੇ ਊਲ-ਜਲੂਲ ਗੱਲਾਂ ਬੋਲ ਕੇ ਅਸ਼ਰਧਾ ਪੈਦਾ ਕਰਨ ਦਾ ਜਤਨ ਕਰਦੇ ਸਨ। ਉਦੋਂ ਇਹ ਸਭ ਕੁਝ ਮੈਨੂੰ ਅੱਛਾ ਨਹੀਂ ਲੱਗਿਆ ਕਰਦਾ ਸੀ ਪਰ ਮੈਨੂੰ ਹੁਣ ਪਤਾ ਲਗਦਾ ਹੈ ਕਿ ਉਨ੍ਹਾਂ ਦਾ ਇਸ ਤਰ੍ਹਾਂ ਬੋਲਣਾ ਅਤੇ ਅਸਾਨੂੰ ਵਰਜਣਾ ਇਸ ਕਰਕੇ ਸੀ ਕਿ ਇਕ ਮਹਾਨ ਪ੍ਰਕਾਸ਼ ਦਾ ਗਿਆਨ ਸਰੂਪ ਸੂਰਜ ਧਰਤੀ ਤੇ ਚੜ੍ਹ ਰਿਹਾ ਹੈ, ਜੋ ਸਾਰੇ ਪ੍ਰਕਾਸ਼ਾਂ ਨੂੰ ਆਪਣੇ ਵਿਚ ਲੀਨ ਕਰਨ ਦੀ ਸਮਰਥਾ ਰਖਦਾ ਹੈ ਉਨ੍ਹਾਂ ਨੂੰ ਆਪਣੇ ਦੀਵਿਆਂ ਦੀ ਹਸਤੀ ਦਾ ਡਰ ਹੀ ਬਣਿਆ ਰਹਿੰਦਾ ਸੀ ਕਿ ਐਡੇ ਪ੍ਰਤਾਪਵਾਨ ਮਹਾਂਪੁਰਸ਼ ਦੇ ਕਰਮ ਖੇਤਰ ਵਿਚ ਪੁਜਣ ਨਾਲ ਅਸਾਡੀ ਕੋਈ ਵੀ ਮਹੱਤਤਾ ਨਹੀਂ ਰਹਿਣੀ, ਜੋ ਮੈਨੂੰ ਵਡੇਰੀ ਉਮਰ ਵਿਚ ਆ ਕੇ ਪ੍ਰਤੀਤ ਦਿਤਾ। ਨਾ ਹੀ ਤਾਂ ਉਨ੍ਹਾਂ ਨੇ ਸੰਤ ਮਹਾਰਾਜ ਜੀ ਦੇ ਦਰਸ਼ਨ ਕੀਤੇ ਸਨ ਅਤੇ ਨਾ ਹੀ ਉਨ੍ਹਾਂ ਬਾਰੇ ਬਹੁਤਾ ਜਾਣਦੇ ਸਨ ਪਰ ਉਹ ਚੜ੍ਹਦੇ ਸੂਰਜ ਦੇ ਮਹਾਂ ਪ੍ਰਕਾਸ਼ ਨੂੰ ਪ੍ਰਤੱਖ ਦੇਖ ਕੇ ਅਸਾਡੇ ਵਰਗਿਆਂ ਨੂੰ ਨਿੰਦਿਆ ਤੇ ਈਰਖਾ ਦੇ ਹਨ੍ਹੇਰੇ ਵਿਚ ਨਾਲ ਰੱਖਣ ਦੀ ਕੋਸ਼ਿਸ਼ ਕਰ ਰਹੇ ਸਨ।

ਇਸੇ ਤਰ੍ਹਾਂ ਨਾਲ ਅਸਾਡੇ ਪਿੰਡ ਦੇ ਮੁਖੀ, ਅਖੌਤੀ ਧਰਮੀਆਂ ਨੂੰ ਵੀ ਇਹ ਗੱਲ ਭਾਉਂਦੀ ਨਹੀਂ ਸੀ ਕਿ ਇਕ ਛੋਟੀ ਉਮਰ ਦਾ ਸੰਤ ਰੇਰੂ ਸਾਹਿਬ ਤੋਂ ਵੀ ਕਿਤੇ ਵੱਧ ਸ਼ਕਤੀਸ਼ਾਲੀ, ਪ੍ਰਕਾਸ਼ਮਈ ਹੋ ਕੇ ਇਸ ਸੰਸਾਰ ਵਿਚ ਉਭਰੇ।

ਉਹ ਸਾਰੇ ਸੰਤ ਭਗਵਾਨ ਸਿੰਘ ਜੀ ਰੇਰੂ ਸਾਹਿਬ ਵਾਲਿਆਂ ਨਾਲ ਜੁੜੇ ਹੋਏ ਸਨ ਪਰ ਸੰਤ ਮਹਾਰਾਜ ਜੀ ਦੀ ਨਿੰਦਿਆ ਸੁਣ ਕੇ ਹੀ ਖੁਸ਼ ਹੋਇਆ ਕਰਦੇ ਸਨ। ਉਸ ਦਾ ਵੀ ਕਾਰਨ ਸੀ ਕਿ ਜਦੋਂ ਇਹ ਰੇਰੂ ਸਾਹਿਬ ਜਾਇਆ ਕਰਦੇ ਸਨ ਤਾਂ ਸੰਤ ਭਗਵਾਨ ਸਿੰਘ ਜੀ ਮਹਾਰਾਜ ਆਪਣੇ ਸੁਭਾਅ ਮੁਤਾਬਿਕ ਇਨ੍ਹਾਂ ਦੀ ਆਓ ਭਗਤ ਕਰਦਿਆਂ ਇਨ੍ਹਾਂ ਦੀ ਸੇਵਾ ਦੀ ਤਾਰੀਫ ਕਰ ਦਿਆ ਕਰਦੇ ਸਨ। ਸੋ ਇਨ੍ਹਾਂ ਨੂੰ ਰਾੜੇ ਸਾਹਿਬ ਦਾ ਵਧਦਾ ਪ੍ਰਤਾਪ ਭਾਉਂਦਾ ਨਹੀਂ ਸੀ।

ਸੰਤ ਮਹਾਰਾਜ ਜੀ ਘੱਟ ਹੀ ਕਿਸੇ ਦੀ ਪ੍ਰਵਾਹ ਕਰਿਆ ਕਰਦੇ ਸਨ ਕਿਉਂਕਿ ਉਹ ਅੰਦਰੋਂ ਆਪ ਬਹੁਤ ਉਚਤਾ ਵਾਲੀ ਅਵਸਥਾ ਪ੍ਰਾਪਤ ਕਰ ਚੁੱਕੇ ਸਨ, ਇਸ ਲਈ ਉਨ੍ਹਾਂ ਨੂੰ ਸਵਾਏ ਵਾਹਿਗੁਰੂ ਜੀ ਤੋਂ ਹੋਰ ਕਿਸੇ ਦੀ ਮੁਹਤਾਜੀ ਨਹੀਂ ਸੀ। ਹਰ ਸਮੇਂ ਵਾਹਿਗੁਰੂ ਜੀ ਵਿਚ ਲੀਨ ਰਹਿੰਦੇ ਸਨ। ਸ਼ਾਹਾਂ, ਬਾਦਸ਼ਾਹਾਂ, ਸਰਦਾਰਾਂ, ਅਮੀਰਾਂ ਦੀ ਆਪ ਨੂੰ ਕੋਈ ਵੀ ਪਰਵਾਹ ਨਹੀਂ ਸੀ, ਕਿਸੇ ਨੂੰ ਵੀ ਆਪ ਨਿਗ੍ਹਾਂ ਥੱਲੇ ਨਹੀਂ ਸੀ ਲਿਆਇਆ ਕਰਦੇ –

***ਜਾ ਕਾ ਕਹਿਆ ਦਰਗਹ ਚਲੈ॥***
***ਸੋ ਕਿਸ ਕਉ ਨਦਰਿ ਲੈ ਆਵੈ ਤਲੈ॥*** ***ਪੰਨਾ – 186***

ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਉਪਦੇਸ਼ ਅਨੁਸਾਰ ਅਸਲੀ ਬਾਦਸ਼ਾਹ ਉਹ ਹਨ ਜਿਹੜੇ ਸਦਾ ਹੀ ਸੱਚੇ ਨਾਲ ਰੱਤੇ ਰਹਿੰਦੇ ਹਨ ਜਿਵੇਂ ਕਿ ਆਮ ਧਾਰਨਾ ਪੜ੍ਹੀ ਜਾਂਦੀ ਹੈ –

***ਧਾਰਨਾ – ਸੱਚੇ ਉਹ ਪਾਤਸ਼ਾਹ***
***ਸੱਚੇ ਨਾਲ ਰੱਤੇ ਜਿਹੜੇ – 2, 2.***
***ਸੱਚੇ ਨਾਲ ਰੱਤੇ ਜਿਹੜੇ – 2.***
***ਸੱਚੇ ਉਹ ਪਾਤਸ਼ਾਹ .............–2***

***ਸਚਾ ਅਮਰੁ ਸਚੀ ਪਾਤਿਸਾਹੀ ਸਚੇ ਸੇਤੀ ਰਾਤੇ॥***
***ਸਚਾ ਸੁਖੁ ਸਚੀ ਵਡਿਆਈ ਜਿਸ ਕੇ ਸੇ ਤਿਨਿ ਜਾਤੇ॥***
***ਪੰਨਾ – 749***

ਇਕ ਇਤਿਹਾਸ ਨੂੰ ਵਾਚਿਆਂ ਪਤਾ ਲਗਦਾ ਹੈ ਕਿ ਜਹਾਂਗੀਰ ਤੇ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਜੀ ਥੋੜ੍ਹੀ ਦੇਰ ਲਈ ਇਕੱਠੇ ਹੀ ਰਹੇ ਤਾਂ ਇਕ ਦਿਨ ਜਹਾਂਗੀਰ ਨੇ ਗੁਰੂ ਮਹਾਰਾਜ ਜੀ ਨੂੰ ਪੁਛਿਆ ਕਿ ਗੁਰੂ ਜੀ! ਮੈਨੂੰ ਇਕ ਗੱਲ ਉਪਰ ਬਹੁਤ ਸ਼ੰਕਾ ਹੈ, ਉਹ ਇਹ ਹੈ ਕਿ ਮੈਨੂੰ ਲੋਕ ਬਾਦਸ਼ਾਹ ਆਖਦੇ ਹਨ, ਪਰ ਤੁਹਾਨੂੰ ਸੱਚੇ ਪਾਤਸ਼ਾਹ ਆਖਦੇ ਹਨ। ਮੇਰੇ ਕੋਲ ਹਿੰਦੁਸਤਾਨ ਦਾ ਹਜ਼ਾਰਾਂ ਮੀਲਾਂ ਦਾ ਇਲਾਕਾ ਹੈ, ਤੁਹਾਡੇ ਪਾਸ ਕੋਈ ਇਲਾਕਾ ਨਹੀਂ ਹੈ, ਕੋਈ ਤੁਹਾਡਾ ਖਜ਼ਾਨਾ ਨਹੀਂ ਹੈ, ਕੋਈ ਫੌਜ ਨਹੀਂ ਹੈ ਪਰ ਤੁਹਾਨੂੰ ਸੱਚੇ ਪਾਤਸ਼ਾਹ ਕਿਉਂ ਕਹਿੰਦੇ ਹਨ ਇਹ ਮੇਰੀ ਸਮਝ ਵਿਚ ਨਹੀਂ ਆਉਂਦਾ? ਗੁਰੂ ਮਹਾਰਾਜ ਜੀ ਨੇ ਫੁਰਮਾਇਆ ਕਿ ਜਹਾਂਗੀਰ! ਅਸੀਂ ਕਦੇ ਵੀ ਕਿਸੇ ਨੂੰ ਨਹੀਂ ਆਖਿਆ ਕਿ ਸਾਨੂੰ ਸੱਚੇ ਪਾਤਸ਼ਾਹ ਆਖੋ! ਇਹ ਸੰਗਤਾਂ ਦੀ ਭਾਵਨਾ ਹੈ ਪਰ ਗੁਰਬਾਣੀ ਵਿਚ ਐਸਾ ਫੁਰਮਾਨ ਆਉਂਦਾ ਹੈ –

***ਕੋਊ ਹਰਿ ਸਮਾਨਿ ਨਹੀ ਰਾਜਾ॥***

***ਏ ਭੂਪਤਿ ਸਭ ਦਿਵਸ ਚਾਰਿ ਕੇ ਝੂਠੇ ਕਰਤ ਦਿਵਾਜਾ॥***
***ਪੰਨਾ – 856***

ਗੁਰਬਾਣੀ ਅਨੁਸਾਰ ਅਸੀਂ ਤਾਂ ਕਦੇ ਬਾਦਸ਼ਾਹੀਆਂ ਵਲ ਧਿਆਨ ਵੀ ਨਹੀਂ ਦਿੰਦੇ। ਇਹ ਨੂੰ ਤੁਛ ਚੀਜ਼ਾਂ ਜਾਣਦੇ ਹਾਂ ਕਿਉਂਕਿ ਅੱਲਾਹ ਦੇ ਪਿਆਰਿਆਂ ਪਾਸ ਅਤਿ ਕੀਮਤੀ ਅਨਮੋਲ ਅੱਲਾਹ ਦਾ ਨਾਮ ਹੋਇਆ ਕਰਦਾ ਹੈ ਜਿਸ ਦੇ ਮੁਕਾਬਲੇ ਬਾਦਸ਼ਾਹੀਆਂ ਕੁਝ ਵੀ ਨਹੀਂ ਹੋਇਆ ਕਰਦੀਆਂ, ਸੰਸਾਰ ਨਾਸ਼ਵਾਨ ਹੈ, ਸੰਸਾਰ ਦੀਆਂ ਪਦਵੀਆਂ ਵੀ ਨਾਸ਼ਵਾਨ ਹਨ, ਸੰਸਾਰ ਵਿਚ ਬਹੁਤ ਵੱਡੇ-ਵੱਡੇ ਬਾਦਸ਼ਾਹ ਆਏ ਪਰ ਆਪਣਾ-ਆਪਣਾ ਸਮਾਂ ਗੁਜ਼ਾਰ ਕੇ ਸੰਸਾਰ ਤੋਂ ਚਲੇ ਗਏ। ਜੋ ਉਨ੍ਹਾਂ ਨੇ ਯਾਦਗਾਰਾਂ ਕਾਇਮ ਕੀਤੀਆਂ ਉਹ ਵੀ ਮਿਟ ਗਈਆਂ, ਅੱਜ ਉਨ੍ਹਾਂ ਦਾ ਨਾਮ ਵੀ ਕੋਈ ਨਹੀਂ ਜਾਣਦਾ। ਪਰ ਉਸ ਦੇ ਮੁਕਾਬਲੇ ਪ੍ਰਭੂ ਦੇ ਪਿਆਰੇ ਆਏ, ਉਨ੍ਹਾਂ ਦੀਆਂ ਯਾਦਗਾਰਾਂ ਮਿਟਣ ਦੀ ਥਾਂ ਹੋਰ ਨਵੀਆਂ ਤੋਂ ਨਵੀਆਂ ਬਣਦੀਆਂ ਤੁਰੀਆਂ ਜਾਂਦੀਆਂ ਹਨ। ਦੇਖ, ਇਸਲਾਮ ਵਿਚ ਬਾਬਾ ਫਰੀਦ ਜੀ ਵਰਗੇ ਆਏ ਉਹ ਅਮਰ ਹਨ, ਉਨ੍ਹਾਂ ਦੀਆਂ ਯਾਦਗਾਰਾਂ ਵੀ ਅਮਰ ਹਨ।

ਦੂਸਰੀ ਗੱਲ ਇਹ ਹੁੰਦੀ ਹੈ ਕਿ ਜਿਨ੍ਹਾਂ ਦੇ ਪੱਲੇ ਨਾਮ ਹੁੰਦਾ ਹੈ ਉਨ੍ਹਾਂ ਦੇ ਸਾਮ੍ਹਣੇ ਦੁਨੀਆਂ ਦੀਆਂ ਗੁਪਤ ਸ਼ਕਤੀਆਂ ਜਿਨ੍ਹਾਂ ਨੂੰ ਰਿੱਧੀਆਂ-ਸਿੱਧੀਆਂ ਆਖਿਆ ਜਾਂਦਾ ਹੈ ਉਹ ਸਾਰੀਆਂ ਹੱਥ ਬੰਨ ਕੇ ਸੇਵਾ ਕਰਨ ਦੀ ਆਗਿਆ ਮੰਗਦੀਆਂ ਰਹਿੰਦੀਆਂ ਹਨ। ਉਨ੍ਹਾਂ ਦਾ ਅਧਿਕਾਰ ਸੰਸਾਰ ਵਿਚ ਵੀ ਚਲਦਾ ਹੈ ਅਤੇ ਦਰਗਾਹ ਵਿਚ ਵੀ ਚਲਦਾ ਹੈ। ਸੋ ਇਸ ਕਰਕੇ ਸੰਸਾਰੀ ਲੋਕ ਪ੍ਰਭੂ ਪਿਆਰਿਆਂ ਨੂੰ ਮਹਾਰਾਜ ਜੀ, ਸੱਚੇ ਪਾਤਸ਼ਾਹ ਆਦਿ ਬੇਅੰਤ ਉਪਾਧੀਆਂ ਨਾਲ ਸਨਮਾਨਤ ਕਰਦੇ ਹਨ। ਚਲੋ, ਤੁਹਾਨੂੰ ਕਿਤੇ ਪ੍ਰਤੱਖ ਦੇਖਣ ਦਾ ਵੀ ਮੌਕਾ ਮਿਲ ਜਾਵੇਗਾ। ਅਸਾਡੇ ਗੁਰੂ ਮਹਾਰਾਜ ਜੀ ਨੇ ਤਾਂ ਐਸਾ ਫੁਰਮਾਨ ਕੀਤਾ ਹੈ –

***ਪਾਣੀ ਪਖਾ ਪੀਸੁ ਦਾਸ ਕੈ ਤਬ ਹੋਹਿ ਨਿਹਾਲੁ॥***
***ਰਾਜ ਮਿਲਖ ਸਿਕਦਾਰੀਆ ਅਗਨੀ ਮਹਿ ਜਾਲੁ॥***
***ਸੰਤ ਜਨਾ ਕਾ ਛੋਹਰਾ ਤਿਸੁ ਚਰਣੀ ਲਾਗਿ॥***
***ਮਾਇਆਧਾਰੀ ਛਤ੍ਰਪਤਿ ਤਿਨ ਛੋਡਉ ਤਿਆਗਿ॥ ਪੰਨਾ – 811***

ਸੋ ਇਸ ਕਰਕੇ ਸ਼ਰਧਾਲੂ ਆਪਣੀ ਸ਼ਰਧਾ ਪ੍ਰਗਟ ਕਰਦੇ ਹੋਏ ਮਹਾਂਪੁਰਸ਼ਾਂ ਨੂੰ ਐਸੇ ਵਿਸ਼ੇਸ਼ਣ ਦੇ ਕੇ ਬੁਲਾਇਆ ਕਰਦੇ ਹਨ। ਇਸ ਤਰ੍ਹਾਂ ਸਮਾਂ ਬੀਤਦਾ ਗਿਆ। ਇਕ ਦਿਨ ਬਹੁਤ ਗਰਮੀ ਸੀ, ਗੁਰੂ ਮਹਾਰਾਜ ਜੀ ਦੇ ਨਾਲ ਹੀ ਜਹਾਂਗੀਰ ਜਾ ਰਿਹਾ ਸੀ। ਜੰਗਲ ਵਿਚ ਕੈਂਪ ਲਾ ਲਿਆ, ਇਕ ਤੰਬੂ ਜਹਾਂਗੀਰ ਦਾ ਦੂਸਰਾ ਗੁਰੂ ਮਹਾਰਾਜ ਜੀ ਦਾ, ਪਰ ਨੇੜੇ-ਨੇੜੇ ਸਨ। ਉਸ ਸਮੇਂ ਇਕ ਘਾਹੀ ਘਾਹ ਦੀ ਪੰਡ ਸਿਰ ਤੇ ਰੱਖ ਕੇ ਗੁਰੂ ਮਹਾਰਾਜ ਜੀ ਦੇ ਘੋੜਿਆਂ ਲਈ ਲਿਆਇਆ, ਉਹ ਜਦੋਂ ਜਹਾਂਗੀਰ ਦੇ ਕੈਂਪ ਦੇ ਅੱਗੇ ਆਇਆ ਤਾਂ ਉਸ ਨੇ ਸਿਪਾਹੀਆਂ ਨੂੰ ਕਿਹਾ ਕਿ ਮੈਂ ਸੱਚੇ ਪਾਤਸ਼ਾਹ ਦੇ ਦਰਸ਼ਨ ਕਰਨੇ ਹਨ। ਮੈਨੂੰ ਲੰਘ ਜਾਣ ਦੇਵੋ, ਉਨ੍ਹਾਂ ਨੇ ਉਸ ਘਾਹੀ ਨੂੰ ਰੋਕ ਦਿਤਾ। ਉਹ ਜਦੋਂ ਦੋ ਵਾਰੀ ਬੋਲਿਆ ਤਾਂ ਜਹਾਂਗੀਰ ਨੇ ਸੁਣ ਕੇ ਕਿਹਾ ਕਿ ਅੱਜ ਮੈਨੂੰ ਵੀ ਕੋਈ ਸੱਚੇ ਪਾਤਸ਼ਾਹ ਕਹਿ ਰਿਹਾ ਹੈ। ਤਾਂ ਉਸ ਨੇ ਹੁਕਮ ਦਿਤਾ ਕਿ ਇਸ ਨੂੰ ਆ ਜਾਣ ਦਿਓ। ਘਾਹੀ ਪੰਡ ਸਮੇਤ ਜਹਾਂਗੀਰ ਦੇ ਸਾਮ੍ਹਣੇ ਹਾਜ਼ਰ

ਹੋਇਆ ਉਸ ਨੇ ਘਾਹ ਦੀ ਪੰਡ ਧਰਤੀ ਤੇ ਰੱਖ ਦਿਤੀ ਅਤੇ ਜੇਬ ਵਿਚੋਂ ਇਕ ਲੀਰ ਕੱਢੀ ਜਿਸ ਨੂੰ ਦੋ ਤਿੰਨ ਗੰਢਾਂ ਦਿਤੀਆਂ ਹੋਈਆਂ ਸਨ। ਗੰਢਾਂ ਖੋਲ੍ਹੀਆਂ, ਉਹਦੇ ਵਿਚੋਂ ਆਪਣੀ ਕਮਾਈ 'ਚੋਂ ਜੋੜਿਆ ਹੋਇਆ ਟਕਾ ਕੱਢਿਆ ਅਤੇ ਜਹਾਂਗੀਰ ਦੇ ਚਰਨਾਂ ਵਿਚ ਮੱਥਾ ਟੇਕ ਕੇ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ! ਇਕ ਮੇਰਾ ਦੁਖ ਕੱਟ ਦੇਵੋ। ਤਾਂ ਜਹਾਂਗੀਰ ਨੇ ਕਿਹਾ ਦੱਸ, ਤੈਨੂੰ ਕੀ ਦੁਖ ਹੈ? ਮੈਂ ਹੁਣੇ ਕੱਟ ਦਿੰਦਾ ਹਾਂ। ਉਸ ਨੇ ਕਿਹਾ, "ਸੱਚੇ ਪਾਤਸ਼ਾਹ! ਮੈਂ ਬਾਰ-ਬਾਰ ਜੰਮਦਾ ਮਰਦਾ ਤੁਰਿਆ ਆ ਰਿਹਾ ਹਾਂ। ਹਰ ਵਾਰੀ ਮੈਨੂੰ ਮਾਤਾ ਦੇ ਗਰਭ ਵਿਚ ਪੁੱਠਾ ਲਟਕਣਾ ਪੈਂਦਾ ਹੈ ਤੇ ਅਗਨ ਦੇ ਵਿਚ ਹਾਲੋਂ ਬੇਹਾਲ ਹੋਇਆ ਰਹਿੰਦਾ ਹਾਂ। ਮੈਨੂੰ ਆਪਣਾ ਪਿਆਰ ਬਖਸ਼ ਕੇ ਮੇਰਾ ਜਨਮ ਮਰਨ ਕੱਟ ਦੇਵੋ ਜਿਸ ਤਰ੍ਹਾਂ ਕਿ ਫੁਰਮਾਨ ਹੈ -

***ਜਿਹ ਮੁਖਿ ਪਾਂਚਉ ਅੰਮ੍ਰਿਤ ਖਾਏ॥***
***ਤਿਹ ਮੁਖ ਦੇਖਤ ਲੂਕਟ ਲਾਏ॥***
***ਇਕੁ ਦੁਖੁ ਰਾਮ ਰਾਇ ਕਾਟਹੁ ਮੇਰਾ॥***
***ਅਗਨਿ ਦਹੈ ਅਰੁ ਗਰਭ ਬਸੇਰਾ॥ ਰਹਾਉ॥***
***ਕਾਇਆ ਬਿਗੂਤੀ ਬਹੁ ਬਿਧਿ ਭਾਤੀ॥***
***ਕੋ ਜਾਰੇ ਕੋ ਗਡਿ ਲੇ ਮਾਟੀ॥***
***ਕਹੁ ਕਬੀਰ ਹਰਿ ਚਰਣ ਦਿਖਾਵਹੁ॥***
***ਪਾਛੈ ਤੇ ਜਮੁ ਕਿਉ ਨ ਪਠਾਵਹੁ॥*** ***ਪੰਨਾ - 329***

ਇਹ ਸੁਣ ਕੇ ਜਹਾਂਗੀਰ ਹੈਰਾਨ ਹੋ ਗਿਆ ਕਿ ਮੇਰੇ ਵਿਚ ਤਾਂ ਇਹ ਤਾਕਤ ਹੀ ਨਹੀਂ ਹੈ ਕਿ ਕਿਸੇ ਦਾ ਜਨਮ ਮਰਨ ਦਾ ਮੈਂ ਦੁਖ ਕੱਟ ਦੇਵਾਂ। ਉਸ ਵੇਲੇ ਉਚੀ ਬੋਲ ਕੇ ਕਹਿਣ ਲੱਗਿਆ ਕਿ ਘਾਹੀ! ਤੂੰ ਆਪਣੀ ਮੰਗ ਛੱਡ ਦੇ, ਮੈਂ ਤੈਨੂੰ ਲੱਖਾਂ ਰੁਪਏ, ਸੋਹਣੀਆਂ ਕੋਠੀਆਂ ਦੇਣ ਨੂੰ ਤਿਆਰ ਹਾਂ ਤੈਨੂੰ ਕਿਸੇ ਪਰਗਣੇ ਦਾ ਅਫਸਰ ਬਣਾ ਦੇਵਾਂਗਾ, ਤੂੰ ਬਹੁਤ ਅਮੀਰ ਹੋ ਜਾਵੇਂਗਾ, ਤੈਨੂੰ ਸੂਬੇਦਾਰ ਬਣਾ ਦੇਵਾਂਗਾ, ਤੂੰ ਬਹੁਤ ਵਧੀਆ ਇਸਤ੍ਰੀਆਂ ਨਾਲ ਸ਼ਾਦੀਆਂ ਕਰਾ ਕੇ ਦੁਨੀਆਂ ਵਿਚ ਮੌਜ ਲੈ। ਉਸ ਵੇਲੇ ਘਾਹੀ ਹੈਰਾਨ ਹੋ ਗਿਆ ਤੇ ਕਹਿਣ ਲੱਗਿਆ ਕਿ ਸੱਚੇ ਪਾਤਸ਼ਾਹ! ਮੈਨੂੰ ਦੁਨੀਆਂ ਦੀਆਂ ਚੀਜ਼ਾਂ ਦੇ ਕੇ ਤੁਸੀਂ ਆਪਣੇ ਚਰਨਾਂ ਨਾਲੋਂ ਤੋੜਨਾ ਚਾਹੁੰਦੇ ਹੋ, ਨਾ ਸੱਚੇ ਪਾਤਸ਼ਾਹ! ਮੈਨੂੰ ਮਾਇਆ ਵਿਚ ਨਾ ਫਸਾਵੋ, ਇਹ ਚੀਜ਼ਾਂ ਸਾਰੀਆਂ ਨਾਸ਼ਵਾਨ ਹਨ ਇਥੇ ਕੋਈ ਨਹੀਂ ਰਹਿੰਦਾ, ਇਥੇ ਬਾਦਸ਼ਾਹ, ਸ਼ਾਹ, ਪੀਰ, ਪੈਗੰਬਰ, ਔਲੀਏ ਸਰੀਰ ਛੱਡ ਕੇ ਚਲੇ ਜਾਂਦੇ ਹਨ ਅਤੇ ਪਤਾ ਵੀ ਨਹੀਂ ਲਗਦਾ ਕਿ -

***ਰਹਿਣ ਨਾ ਪਾਵਹਿ ਸੁਰਿ ਨਰ ਦੇਵਾ॥***
***ਊਠਿ ਸਿਧਾਰੇ ਕਰਿ ਮੁਨਿ ਜਨ ਸੇਵਾ॥***
***ਜੀਵਤ ਪੇਖੇ ਜਿਨੀ ਹਰਿ ਹਰਿ ਧਿਆਇਆ॥***
***ਸਾਧਸੰਗਿ ਤਿਨੀ ਦਰਸਨੁ ਪਾਇਆ॥ ਰਹਾਉ॥***
***ਬਾਦਿਸਾਹ ਸਾਹ ਵਾਪਾਰੀ ਮਰਨਾ॥***
***ਜੋ ਦੀਸੈ ਸੋ ਕਾਲਹਿ ਖਰਨਾ॥***
***ਕੂੜੈ ਮੋਹਿ ਲਪਟਿ ਲਪਟਾਨਾ॥***

***ਛੋਡਿ ਚਲਿਆ ਤਾ ਫਿਰਿ ਪਛੁਤਾਨਾ॥***
***ਕ੍ਰਿਪਾ ਨਿਧਾਨ ਨਾਨਕ ਕਉ ਕਰਹੁ ਦਾਤਿ॥***
***ਨਾਮੁ ਤੇਰਾ ਜਪੀ ਦਿਨੁ ਰਾਤਿ॥*** ***ਪੰਨਾ - 740***

ਸੱਚੇ ਪਾਤਸ਼ਾਹ! ਨਾਮ ਵਰਗੀ ਅਮੋਲਕ ਵਸਤੂ ਤੋਂ ਮੇਰਾ ਮਨ ਹਟਾ ਕੇ ਆਪ ਸੰਸਾਰ ਦੀਆਂ ਨਾਸ਼ਵਾਨ ਚੀਜ਼ਾਂ ਬਖਸ਼ਦੇ ਹੋ, ਨਾ ਸੱਚੇ ਪਾਤਸ਼ਾਹ! ਮੈਨੂੰ ਤਾਂ ਕੁਝ ਨਹੀਂ ਚਾਹੀਦਾ, ਮੇਰਾ ਤਾਂ ਜਨਮ ਮਰਨ ਕੱਟ ਦੇਵੋ। ਆਪਣੇ ਚਰਨਾਂ ਵਿਚ ਸਦੀਵੀ ਨਿਵਾਸ ਦੇ ਦੇਵੋ। ਇਹ ਸੁਣ ਕੇ ਜਹਾਂਗੀਰ ਬਹੁਤ ਹੈਰਾਨ ਹੋਇਆ ਤੇ ਕਹਿਣ ਲੱਗਿਆ ਕਿ ਘਾਹੀ! ਮੈਂ ਤਾਂ ਦੁਨੀਆਂ ਦਾ ਬਾਦਸ਼ਾਹ ਹਾਂ ਜਿਸ ਨੂੰ ਤੂੰ ਸੱਚੇ ਪਾਤਸ਼ਾਹ ਕਹਿੰਦਾ ਹੈ ਉਹ ਗੁਰੂ ਹਰਿਗੋਬਿੰਦ ਸਾਹਿਬ ਜੀ ਸਾਮ੍ਹਣੇ ਵਾਲੇ ਟੈਂਟ ਵਿਚ ਹਨ। ਉਸ ਵੇਲੇ ਘਾਹੀ ਨੇ ਟਕਾ ਵੀ ਚੁੱਕ ਲਿਆ ਅਤੇ ਘਾਹ ਦੀ ਪੰਡ ਵੀ ਚੁਕ ਲਈ ਅਤੇ ਉਚੀ-ਉਚੀ ਰੋਂਦਾ ਜਾਂਦਾ ਹੈ ਕਿ ਮੈਂ ਤਾਂ ਦੁਨੀਆਂ ਦੇ ਬਾਦਸ਼ਾਹ ਅੱਗੇ ਝੁਕ ਕੇ ਉਸ ਪਾਸੋਂ ਦਾਤ ਮੰਗੀ ਜਿਹੜਾ ਆਪ ਜਮਾਂ ਦੇ ਵਸ ਹੈ। ਉਚੀ-ਉਚੀ ਰੋਂਦੇ ਦੀ ਅਵਾਜ਼ ਸੁਣ ਕੇ ਗੁਰੂ ਮਹਾਰਾਜ ਜੀ ਟੈਂਟ ਤੋਂ ਬਾਹਰ ਆਏ। ਉਸ ਘਾਹੀ ਨੇ ਘਾਹ ਦੀ ਪੰਡ ਰੱਖ ਕੇ ਟਕਾ ਚਰਨਾਂ ਤੇ ਰੱਖ ਕੇ ਉਚੀ ਅਵਾਜ਼ ਵਿਚ ਬੋਲਿਆ ਕਿ ਸੱਚੇ ਪਾਤਸ਼ਾਹ! ਮੈਂ ਬਹੁੜ ਜਨਮ ਨਾ ਆਵਾਂ, ਮੇਰੇ ਤੇ ਕ੍ਰਿਪਾ ਕਰੋ। ਗੁਰੂ ਮਹਾਰਾਜ ਜੀ ਨੇ ਉਸ ਸਿੱਖ ਨੂੰ ਛਾਤੀ ਨਾਲ ਲਾਇਆ। ਉਸ ਦੇ ਮੈਲੇ ਕਪੜੇ ਤੇ ਪਸੀਨੇ ਦੀ ਪ੍ਰਵਾਹ ਨਾ ਕੀਤੀ ਤੇ ਤਿੰਨ ਵਾਰੀ ਮੁਖ ਤੋਂ ਕਿਹਾ ਕਿ ਸਿਖਾ ਨਿਹਾਲ! ਨਿਹਾਲ! ਨਿਹਾਲ। ਸਿੱਖ ਦੇ ਬਜਰ ਕਪਾਟ ਖੁਲ੍ਹ ਗਏ, ਦਿੱਬਯ ਦ੍ਰਿਸ਼ਟੀ ਪ੍ਰਾਪਤ ਹੋ ਗਈ, ਸਾਰੇ ਪਾਪਾਂ ਦਾ ਨਾਸ਼ ਹੋ ਗਿਆ ਅਤੇ ਬ੍ਰਹਮਗਿਆਨ ਦੀ ਪ੍ਰਾਪਤੀ ਹੋ ਗਈ। ਸਚਮੁੱਚ ਇਥੇ ਅਤੇ ਬਹਿਸ਼ਤਾਂ ਦਾ ਬਾਦਸ਼ਾਹ ਬਣ ਗਿਆ। ਗੁਰੂ ਮਹਾਰਾਜ ਜੀ ਦੀ ਕ੍ਰਿਪਾ ਸਦਕੇ ਕ੍ਰਿਤ-ਕ੍ਰਿਤ ਹੋ ਗਿਆ। ਜਹਾਂਗੀਰ ਇਹ ਸਾਰਾ ਨਜ਼ਾਰਾ ਦੇਖ ਰਿਹਾ ਸੀ, ਉਸ ਨੇ ਕਿਹਾ ਕਿ ਮਹਾਰਾਜ! ਸਚਮੁਚ ਹੀ ਆਪ ਸੱਚੇ ਪਾਤਸ਼ਾਹ ਹੋ, ਮੈਂ ਤਾਂ ਝੂਠਾ ਪਾਤਸ਼ਾਹ ਹੀ ਹਾਂ।

ਇਸ ਤਰ੍ਹਾਂ ਜੋ ਨਾਮ ਵਿਚ ਰੱਤੇ ਹੋਏ ਹਨ ਉਨ੍ਹਾਂ ਦੀ ਬਾਦਸ਼ਾਹੀ ਇਥੇ ਅਤੇ ਬਹਿਸ਼ਤਾਂ ਵਿਚ ਵੀ ਚਲਦੀ ਹੈ ਜਿਵੇਂ ਕਿ ਉਪਰ ਦਸਿਆ ਜਾ ਚੁਕਿਆ ਹੈ ਕਿ -

***ਜਾ ਕਾ ਕਹਿਆ ਦਰਗਹ ਚਲੈ॥***
***ਸੋ ਕਿਸ ਕਉ ਨਦਰਿ ਲੈ ਆਵੈ ਤਲੈ॥*** ***ਪੰਨਾ - 186***

ਗੁਰਬਾਣੀ ਵਿਚ ਐਸਾ ਵੀ ਫੁਰਮਾਨ ਆਉਂਦਾ ਹੈ ਕਿ -

***ਪੰਡਿਤ ਸੂਰ ਛਤ੍ਰਪਤਿ ਰਾਜਾ***
***ਭਗਤ ਬਰਾਬਰਿ ਅਉਰੁ ਨ ਕੋਇ॥*** ***ਪੰਨਾ - 858***

ਅਤੇ

***ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ॥ ਪੰਨਾ - 707***

ਸੋ ਜਿਸ ਨੂੰ ਅੰਦਰਲੀ ਬਾਦਸ਼ਾਹੀ ਪ੍ਰਾਪਤ ਹੋ ਚੁੱਕੀ ਹੋਵੇ, ਉਹ ਕਿਸੇ ਦੀ ਮੁਹਤਾਜੀ ਕਿਉਂ ਕੱਢੇ।

***ਜਾ ਤੂ ਮੇਰੈ ਵਲਿ ਹੈ ਤਾ ਕਿਆ ਮੁਹਛੰਦਾ॥***
***ਤੁਧੁ ਸਭੁ ਕਿਛੁ ਮੈਨੋ ਸਉਪਿਆ ਜਾ ਤੇਰਾ ਬੰਦਾ॥ ਪੰਨਾ - 1096***

ਇਸੇ ਤਰ੍ਹਾਂ ਹੀ ਇਕ ਹੋਰ ਬਹੁਤ ਪੁਰਾਣੀ ਕਥਾ ਸੁਣੀ ਜਾਂਦੀ ਹੈ ਕਿ ਜਦੋਂ ਸਿਕੰਦਰੇ ਆਜ਼ਮ ਨੇ ਭਾਰਤ ਤੇ ਹਮਲਾ ਕੀਤਾ ਉਸ ਵੇਲੇ ਉਹ ਰਾਵੀ ਕੰਢੇ ਆ ਕੇ ਰੁਕ ਗਿਆ ਕਿਉਂਕਿ ਉਥੇ ਇਕ ਬਹੁਤ ਹੀ ਸ਼ਕਤੀਸ਼ਾਲ ਰਾਜਾ ਰਾਜ ਕਰਦਾ ਸੀ ਜਿਸ ਦਾ ਨਾਮ ਪੋਰਸ ਸੀ। ਉਸ ਦਾ ਖਿਆਲ ਸੀ ਕਿ ਜਿਸ ਤਰ੍ਹਾਂ ਰਾਜਾ ਅੰਬੀ ਮੈਨੂੰ ਮੰਨ ਗਿਆ, ਇਸ ਤਰ੍ਹਾਂ ਮੇਰੀ ਤਾਕਤ ਦੇਖ ਕੇ ਰਾਜਾ ਪੋਰਸ ਵੀ ਹਾਰ ਮੰਨ ਜਾਵੇਗਾ। ਪਰ ਰਾਜਾ ਪੋਰਸ ਆਪਣੀ ਜਾਨ ਤੇ ਖੇਲ੍ਹਣ ਵਾਲਾ ਬਹੁਤ ਹੀ ਅਣਖੀ ਰਾਜਾ ਸੀ, ਉਸ ਨੇ ਸਿਕੰਦਰ ਨੂੰ ਉਸ ਦੀ ਦੋ ਲੱਖ ਫੌਜ ਸਮੇਤ ਰਾਵੀ ਪਾਰ ਨਾ ਕਰਨ ਦਿਤੀ। ਤਿੰਨ ਮਹੀਨੇ ਲੰਘਣ ਉਪਰੰਤ ਦਰਿਆ ਵਿਚ ਪਾਣੀ ਘਟਿਆ। ਇਹ ਉਪਰ ਜੰਮੂ ਵਲ ਨੂੰ ਹੋ ਕੇ ਰਾਜੇ ਪੋਰਸ ਨਾਲ ਲੜਨ ਆਇਆ। ਉਸ ਨੇ ਆਕਰਮਣ ਕੀਤਾ ਤਾਂ ਬਹੁਤ ਸਖਤ ਮੁਕਾਬਲਾ ਹੋਣ ਪਿਛੋਂ ਰਾਜਾ ਪੋਰਸ ਹਾਰ ਗਿਆ। ਆਪਸ ਵਿਚ ਸੁਲ੍ਹਾ ਸਫਾਈ ਹੋ ਗਈ। ਉਸ ਵੇਲੇ ਸਿਕੰਦਰ ਨੇ ਰਾਜੇ ਪੋਰਸ ਨੂੰ ਆਖਿਆ ਕਿ ਮੈਂ ਕਿਸੇ ਭਾਰਤੀ ਸੰਤ ਦੇ ਦਰਸ਼ਨ ਕਰਨੇ ਚਾਹੁੰਦਾ ਹਾਂ, ਮੇਰੇ ਮਨ ਵਿਚ ਬੜੀ ਜਗਿਆਸਾ ਹੈ ਕਿਉਂਕਿ ਮੈਂ ਸੁਣਿਆ ਹੈ ਕਿ ਭਾਰਤੀ ਸੰਤ ਆਤਮਕ ਉਨਤੀ ਵਿਚ ਬਹੁਤ ਉਚੇ ਹਨ। ਉਸ ਵੇਲੇ ਰਾਜਾ ਪੋਰਸ ਨੇ ਉਸ ਦੀ ਜਗਿਆਸਾ ਸਮਝਦਿਆਂ ਹੋਇਆਂ ਕਿਹਾ ਕਿ ਕਲ੍ਹ ਨੂੰ ਦਰਸ਼ਨ ਕਰਾਂਗੇ। ਦੂਸਰੇ ਦਿਨ ਉਹ ਰਾਜੇ ਪੋਰਸ ਨੂੰ ਲੈ ਕੇ ਰਾਵੀ ਦੇ ਕੰਢੇ-ਕੰਢੇ ਚਲਦਾ ਜੰਗਲਾਂ ਵਿਚੀਂ ਹੁੰਦਾ ਹੋਇਆ ਇਕ ਥਾਂ ਪਹੁੰਚਿਆ, ਜਿਥੇ ਸੰਤ ਕੰਪੀਨ ਮਾਤਰ ਪਹਿਨ ਕੇ ਸੂਰਜ ਦੀ ਚੜ੍ਹਦੀ ਧੁੱਪ ਲੈ ਰਹੇ ਸਨ। ਪੋਹ ਦਾ ਮਹੀਨਾ ਸੀ ਉਹ ਧੁੱਪੇ ਬੈਠੇ ਪ੍ਰਸੰਨ ਚਿੱਤ ਸਨ। ਸਿਕੰਦਰ ਨੇ ਕਿਹਾ ਕਿ ਸਾਧੂ ਕਿਥੇ ਹੈ? ਤਾਂ ਪੋਰਸ ਨੇ ਇਸ਼ਾਰਾ ਕਰਿਆ ਕਿ ਓ ਬੈਠੇ ਹਨ। ਉਸ ਨੇ ਫੇਰ ਦੋਹਰਾਇਆ ਕਿ ਉਹ ਜੋ ਨੰਗਾ ਧੜੰਗਾ ਬੈਠਾ ਹੈ, ਓਹੀ ਹੈ। ਪੋਰਸ ਨੇ ਕਿਹਾ ਹਾਂ ਜੀ, ਓਹੀ ਹੈ। ਉਨ੍ਹਾਂ ਸੰਤਾਂ ਨੇ ਵੀ ਗਰਦਨ ਮੋੜ ਕੇ ਇਨ੍ਹਾਂ ਦੋਹਾਂ ਨੂੰ ਆਉਂਦਿਆਂ ਦੇਖਿਆ। ਅੰਗਰਕਸ਼ਕ ਦੋਹਾਂ ਨੇ ਦੂਰ ਖੜ੍ਹੇ ਕਰ ਦਿਤੇ ਸਨ। ਸਿਕੰਦਰ ਦੇ ਮਨ ਵਿਚ ਆਇਆ ਕਿ ਇਹ ਅਸਾਨੂੰ ਦੇਖ ਕੇ ਬੈਠਾ ਕਿਉਂ ਹੈ ਅਸਾਡੇ ਸਤਿਕਾਰ ਵਾਸਤੇ ਖੜ੍ਹਾ ਕਿਉਂ ਨਹੀਂ ਹੋਇਆ? ਇਹ ਉਸ ਦੇ ਅਭਿਮਾਨ ਦਾ ਪ੍ਰਤੀਕ ਸੀ। ਉਹ ਗੁੱਸੇ ਵਿਚ ਆ ਗਿਆ, ਉਸ ਨੇ ਆਪਣੀ ਤਲਵਾਰ ਇਸ ਇਰਾਦੇ ਨਾਲ ਕੱਢ ਲਈ ਕਿ ਮੈਂ ਹੁਣੇ ਹੀ ਤਲਵਾਰ ਮਾਰ ਕੇ ਦੋ ਟੁਕ ਕਰ ਦੇਣੇ ਹਨ। ਕਹਿਣ ਲੱਗਿਆ ਕਿ ਐਡੀ ਗੁਸਤਾਖੀ, ਸਾਰੀ ਦੁਨੀਆਂ ਦਾ ਮੈਂ ਵਿਜੈਤਾ ਇਹ ਮੇਰਾ ਉਠ ਕੇ ਸਤਿਕਾਰ ਵੀ ਕਰ ਨਹੀਂ ਸਕਦਾ। ਪੋਰਸ ਸਭ ਕੁਝ ਦੇਖ ਰਿਹਾ ਸੀ। ਉਸ ਨੂੰ ਸੰਤਾਂ ਦੀ ਕਰਨੀ ਦਾ ਪਤਾ ਸੀ। ਜਦੋਂ ਸਿਕੰਦਰ ਨੇੜੇ ਪਹੁੰਚਿਆ ਤਾਂ ਸੰਤਾਂ ਨੇ ਉਸ ਨੂੰ ਇਕ ਨਜ਼ਰ ਵਿਚ ਜੜ੍ਹ ਪੱਥਰ ਬਣਾ ਦਿਤਾ।

ਜਿਵੇਂ ਕਿ ਜਦੋਂ ਗੁਰੂ ਅੰਗਦ ਸਾਹਿਬ ਜੀ ਉਪਰ ਹਮਾਯੂੰ ਨੇ ਤਲਵਾਰ ਚੁਕੀ ਤਾਂ ਲੱਖ ਯਤਨ ਕਰਨ ਤੇ ਵੀ ਨਾ ਤਲਵਾਰ ਕੱਢ ਸਕਿਆ ਅਤੇ ਨਾ ਹੱਥ ਮੁੱਠੇ ਨਾਲੋਂ ਦੂਰ ਹੋ ਸਕਿਆ। ਇਸ ਤਰ੍ਹਾਂ ਸਿਕੰਦਰ ਨੂੰ ਪੋਰਸ ਨੇ ਕਿਹਾ ਕਿ ਸੰਤਾਂ ਪਾਸ ਨਿਮਰਤਾ ਨਾਲ ਆਈਦਾ ਹੈ। ਪ੍ਰਭੂ ਇਨ੍ਹਾਂ ਨਾਲ ਇਕਮਿਕ ਹੋਇਆ ਹੁੰਦਾ ਹੈ ਤੁਸੀਂ ਇਨ੍ਹਾਂ ਪ੍ਰਤੀ ਸ਼ਰਧਾ ਮਨ ਵਿਚ ਲਿਆਓ। ਆਪਣੀ ਭੁੱਲ ਦੀ ਖਿਮਾ ਮੰਗੋ। ਮਜ਼ਬੂਰਨ ਸਿਕੰਦਰ ਨੂੰ ਇਹ ਕਰਨਾ ਪਿਆ,

ਉਸ ਵੇਲੇ ਸੰਤਾਂ ਨੇ ਪੁਛਿਆ ਕਿ ਤੂੰ ਐਨੇ ਕ੍ਰੋਧ ਵਿਚ ਕਿਉਂ ਆਇਆ? ਸਿਕੰਦਰ ਨੇ ਕਿਹਾ ਕਿ ਮੈਂ ਸਾਰੀ ਦੁਨੀਆਂ ਨੂੰ ਜਿੱਤਣ ਵਾਲਾ ਸੰਸਾਰ ਦਾ ਜੇਤੂ ਹਾਂ ਤੁਸੀਂ ਮੇਰਾ ਆਦਰ ਕਿਉਂ ਨਹੀਂ ਕੀਤਾ ਅਤੇ ਆਦਰ ਕਰਨ ਲਈ ਖੜ੍ਹੇ ਕਿਉਂ ਨਹੀਂ ਹੋਏ? ਇਸ ਕਰਕੇ ਮੈਨੂੰ ਗੁੱਸਾ ਆਉਣਾ ਕੁਦਰਤੀ ਸੀ। ਰੱਬ ਤੋਂ ਦੂਜੇ ਨੰਬਰ ਉਪਰ ਮੇਰੀ ਸ਼ਕਤੀ ਹੈ। ਸੰਤ ਮੁਸਕਰਾ ਪਏ ਕਹਿਣ ਲੱਗੇ, "ਸਿਕੰਦਰ! ਤੇਰੀ ਸ਼ਕਤੀ ਤਾਂ ਤੂੰ ਆਪੇ ਦੇਖ ਹੀ ਲਈ ਹੈ ਜੜ੍ਹ ਹੋ ਕੇ ਹਿੱਲ ਹੀ ਨਹੀਂ ਸਕਿਆ। ਇਹ ਕੇਵਲ ਤੇਰਾ ਭਰਮ ਹੈ, ਬਾਦਸ਼ਾਹੀ ਪ੍ਰਮੇਸ਼ਰ ਦੀ ਦਾਤ ਹੋਇਆ ਕਰਦੀ ਹੈ, ਇਹ ਕੰਡਿਆਂ ਦਾ ਤਾਜ ਹੁੰਦਾ ਹੈ, ਸੱਚੀ ਬਾਦਸ਼ਾਹੀ ਸਾਧੂਆਂ ਨੂੰ ਮਿਲੀ ਹੁੰਦੀ ਹੈ ਕਿਉਂਕਿ ਫੁਰਮਾਨ ਹੈ –

***ਛਤ੍ਰਧਾਰ ਬਾਦਿਸਾਹੀਆ ਵਿਚਿ ਸਹਸੇ ਪਰੀਆ॥ ਪੰਨਾ – 42***

ਹਾਂ, ਤੇਰੀ ਗੱਲ ਦਾ ਉਤਰ ਦਿੰਦੇ ਹਾਂ, ਤੂੰ ਇਹ ਦੱਸ ਜੇ ਤੇਰਾ ਗੁਲਾਮ ਆ ਜਾਵੇ ਤਾਂ ਤੂੰ ਖੜ੍ਹਾ ਹੁੰਦਾ ਹੈਂ?"

ਉਸ ਨੇ ਕਿਹਾ ਕਿ ਨਹੀਂ।

ਮਹਾਤਮਾ ਨੇ ਕਿਹਾ ਕਿ ਜੇ ਤੇਰੇ ਗੁਲਾਮਾਂ ਦੇ, ਗੁਲਾਮਾਂ ਦਾ, ਗੁਲਾਮ ਆ ਜਾਵੇ ਫੇਰ?

ਤਾਂ ਕਹਿਣ ਲੱਗਿਆ ਕਿ ਸਵਾਲ ਹੀ ਪੈਦਾ ਨਹੀਂ ਹੁੰਦਾ।

ਤਾਂ ਆਪ ਨੇ ਕਿਹਾ ਕਿ ਸਿਕੰਦਰ ਤੂੰ ਸਾਡੇ ਗੁਲਾਮਾਂ ਦੇ ਗੁਲਾਮਾਂ ਦਾ, ਗੁਲਾਮ ਹੈਂ। ਮੈਂ ਤੇਰੇ ਆਏ ਤੇ ਖੜ੍ਹਾ ਕਿਉਂ ਹੋਵਾਂ? ਸੁਣ, ਤੇਰੇ ਦੇਸ਼ ਦੇ ਅੰਦਰ ਕੁਲੀ, ਜੁਲੀ, ਗੁਲੀ ਤਿੰਨੇ ਚੀਜ਼ਾਂ ਹਨ ਫੇਰ ਤੂੰ ਦੁਨੀਆਂ ਨੂੰ ਮਾਰਨ ਲਈ ਕਿਉਂ ਨਿਕਲਿਆ? ਕਿਉਂਕਿ ਤੇਰਾ ਮਨ ਲਭ ਦਾ ਗੁਲਾਮ ਹੋ ਗਿਆ ਸੀ। ਤੂੰ ਮਨ ਦਾ ਗੁਲਾਮ ਹੈਂ, ਪਹਿਲਾਂ ਤੇਰਾ ਮਨ ਲਭ ਦਾ ਗੁਲਾਮ ਹੋਇਆ ਫੇਰ ਤੂੰ ਮਨ ਦਾ ਗੁਲਾਮ ਹੋਇਆ। ਅਸੀਂ ਓਹ ਖੜ੍ਹਾਵਾਂ ਦੇ ਥੱਲੇ ਲਭ, ਮਨ ਤੇ ਤੈਨੂੰ ਰੱਖਿਆ ਹੋਇਆ ਹੈ। ਉਸ ਵੇਲੇ ਸਿਕੰਦਰ ਨੂੰ ਗੱਲ ਸਮਝ ਵਿਚ ਆਈ, ਉਸ ਨੇ ਕਿਹਾ ਕਿ ਮਹਾਰਾਜ! ਮੈਨੂੰ ਸੇਵਾ ਬਖਸ਼ੋ, ਮੈਂ ਇਥੇ ਸੋਹਣੇ ਪਾਰਕ ਬਣਵਾ ਕੇ ਫੁਹਾਰੇ ਲੁਆ ਦੇਵਾਂਗਾ, ਸੜਕਾਂ ਬਣਵਾ ਦਿੰਦਾ ਹਾਂ, ਦਰਸ਼ਕ ਤੇ ਸ਼ਰਧਾਲੂ ਆਪ ਦੇ ਦਰਸ਼ਨ ਕਰਨ ਸੁਖਾਲੇ ਆ ਜਾਇਆ ਕਰਨਗੇ। ਖੇਤਰ ਲੁਆ ਦਿੰਦਾ ਹਾਂ ਜਿਥੇ ਭੁੱਖੇ ਪੇਟ ਦੀ ਭੁੱਖ ਮਿਟਾਇਆ ਕਰਨਗੇ। ਮਹਾਤਮਾ ਨੇ ਕਿਹਾ ਕਿ ਸਿਕੰਦਰ ਸਾਨੂੰ ਕਿਸੇ ਚੀਜ਼ ਦੀ ਲੋੜ ਨਹੀਂ ਹੈ। ਸੰਸਾਰੀ ਲੋਕ ਕੀ ਹੁੰਦੇ ਹਨ, ਇਹ ਮੱਖੀਆਂ ਹੁੰਦੀਆਂ ਹਨ। ਇਹ ਗਰਜ਼ਾਂ ਦੇ ਬੰਨ੍ਹੇ ਬੰਦੇ ਹੁੰਦੇ ਹਨ ਇਨ੍ਹਾਂ ਦੀਆਂ ਗਰਜ਼ਾਂ ਪੂਰੀਆਂ ਕਰਨੀਆਂ ਮੁਸ਼ਕਲ ਹੁੰਦੀਆਂ ਹਨ। ਸੋ ਇਨ੍ਹਾਂ ਮੈਲੀਆਂ ਮੱਖੀਆਂ ਤੋਂ ਲਾਂਭੇ ਬੈਠੇ ਹਾਂ। ਕੋਈ ਬਹੁਤ ਸ਼ਰਧਾਲੂ ਹੋਵੇ ਉਹੀ ਇਸ ਥਾਂ ਪਹੁੰਚ ਸਕਦਾ ਹੈ। ਉਸ ਨੇ ਕਿਹਾ ਕਿ ਮੈਂ ਤਾਂ ਤੁਹਾਨੂੰ ਜ਼ਰੂਰ ਕੁਝ ਦੇ ਕੇ ਜਾਣਾ ਹੈ, ਮੈਨੂੰ ਸੇਵਾ ਬਖਸ਼ੋ। ਤਾਂ ਆਪ ਨੇ ਬੜੀ ਬੇਪ੍ਰਵਾਹੀ ਨਾਲ ਕਿਹਾ ਕਿ ਜੇ ਤੂੰ ਦੇਣਾ ਹੀ ਹੈ ਤਾਂ ਤੂੰ ਆਪਣਾ ਪਰਛਾਵਾ ਮੇਰੇ ਉਤੇ ਨਾ ਪੈਣ ਦੇ, ਅਸਾਨੂੰ ਧੁੱਪ ਛੱਡ ਦੇ। ਇਹ ਬੇਪਰਵਾਹੀ ਹੋਇਆ ਕਰਦੀ ਹੈ ਕਿਉਂਕਿ ਸੰਸਾਰ ਗਰਜਾਂ ਵਿਚ ਬੰਨ੍ਹਿਆਂ ਸਦਾ ਹੀ ਨੀਵਾਂ ਸੋਚਦਾ ਹੈ। ਜਿਸ ਦੇ ਅੰਦਰ ਪ੍ਰਭੂ ਦਾ ਗੁੰਜ਼ਾਰਾਂ ਪਾਉਂਦਾ ਨਾਮ ਹੋਵੇ, ਰਿੱਧੀਆਂ ਸਿੱਧੀਆਂ ਹੱਥ

ਬੰਨ੍ਹੀ ਸੇਵਾ ਲਈ ਮਿੰਨਤਾਂ ਕਰਦੀਆਂ ਫਿਰਨ ਫੇਰ ਉਹ ਕਿਸੇ ਦੀ ਮੁਹਥਾਜੀ ਕਿਉਂ ਕੱਢੇ।

ਸੋ ਇਸ ਤਰ੍ਹਾਂ ਸੰਤ ਮਹਾਰਾਜ ਜੀ ਨਾਮ ਵਿਚ ਰੰਗੇ ਹੋਏ ਸਨ। ਨਾਮ ਰਸ ਵਿਚ ਪੂਰੀ ਤਰ੍ਹਾਂ ਲਿਵਲੀਨ ਸਨ। ਆਪਾ ਭਾਵ ਖਤਮ ਕਰਕੇ ਉਹ ਪ੍ਰਭੂ ਦਾ ਰੂਪ ਹੋਏ ਹੋਏ ਸਨ। ਸੋ ਉਨ੍ਹਾਂ ਨੂੰ ਮੁਹਥਾਜੀ ਕਿਉਂ ? ਸੋ ਏਸ ਗੱਲ ਨੂੰ ਅਭਿਮਾਨ ਨਹੀਂ ਆਖਿਆ ਜਾਂਦਾ, ਨਾ ਹੀ ਗ੍ਰਿਹਿਸਤੀਆਂ ਵਾਲਾ ਸਵੈਮਾਨ ਹੁੰਦਾ ਹੈ, ਇਹ ਚੜ੍ਹਦੀ ਕਲਾ ਦਾ ਪ੍ਰਤੀਕ ਹੁੰਦਾ ਹੈ। ਸੋ ਠੀਕ ਹੀ ਕਿਹਾ ਹੈ –

***ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ॥***
***ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ॥*** ***ਪੰਨਾ – 473***

ਗੁਰੂ ਨਾਨਕ ਪਾਤਸ਼ਾਹ ਬਾਬਰ ਨੂੰ ਆਖਦੇ ਹਨ –

***ਨਾਨਕ ਕਹਤ ਸੁਣ ਬਾਬਰ ਮੀਰ***
***ਤੁਝ ਸੇ ਮਾਂਗੇ ਸੋ ਅਹਮਕ ਫਕੀਰ।***

ਸੰਤ ਮਹਾਰਾਜ ਜੀ ਅਚਾਹ ਸਨ, ਉਨ੍ਹਾਂ ਨੇ ਆਪਣੇ ਮਨ ਨੂੰ ਪੂਰੀ ਤਰ੍ਹਾਂ ਜਿੱਤ ਲਿਆ ਸੀ। ਸੋ ਇਸ ਕਰਕੇ ਆਪ ਰੂਹਾਨੀ ਬਾਦਸ਼ਾਹੀ ਦਾ ਨੂਰਾਨੀ ਤਾਜ਼ ਸਿਰ ਉਪਰ ਪਹਿਨੇ ਹੋਏ ਸਨ। ਆਪ ਦਾ ਇਕ ਬਚਨ ਕੰਗਲਿਆਂ ਨੂੰ ਬਾਦਸ਼ਾਹ ਬਣਾ ਸਕਣ ਦੀ ਸਮਰਥਾ ਰਖਦਾ ਸੀ। ਇਥੇ ਮੈਂ ਜ਼ਿਕਰ ਨਹੀਂ ਕਰਨਾ ਚਾਹੁੰਦਾ ਫੇਰ ਵੀ ਮੈਂ ਅੰਸ ਮਾਤਰ ਬੇਨਤੀ ਕਰ ਦਿੰਦਾ ਹਾਂ ਕਿ ਮੇਰੇ ਸਾਮ੍ਹਣੇ ਸ. ਮੋਹਨ ਸਿੰਘ ਜੀ ਕੋਕਾਕੋਲਾ ਵਾਲਿਆਂ ਨੂੰ ਭੌਰਾ ਬਣਨ ਸਮੇਂ ਸੰਤ ਮਹਾਰਾਜ ਨੇ ਬਚਨ ਕੀਤਾ ਕਿ ਅਸਾਨੂੰ ਤੁਸੀਂ ਪ੍ਰਭੂ ਨੂੰ ਅਖੰਡਤਾ ਸਹਿਤ ਜੁੜਨ ਲਈ ਭੌਰਾ ਬਣਾ ਕੇ ਜੋ ਉਦਮ ਕੀਤਾ ਹੈ, ਅਸੀਂ ਤੁਹਾਨੂੰ ਗੁਰੂ ਨਾਨਕ ਪਾਤਸ਼ਾਹ ਤੋਂ ਦੀਨ ਵੀ ਦੁਨੀਆਂ ਵੀ ਬਖਸ਼ਾਉਂਦੇ ਹਾਂ। ਸੋ ਇਹ ਸੀ ਸੰਤ ਮਹਾਰਾਜ ਜੀ ਦੀ ਬੇਪਰਵਾਹੀ ਦੀ ਦਸ਼ਾ। ਆਪ ਜੀ ਦੇ ਦਰ ਤੇ ਰਾਜਿਆਂ ਨੂੰ ਵੀ ਸਮਾਂ ਮੰਗਣਾ ਪੈਂਦਾ ਸੀ ਕਿਉਂਕਿ ਜਿਸ ਸੰਪਰਦਾ ਨਾਲ ਆਪ ਦਾ ਸਬੰਧ ਸੀ ਉਹ ਬੇਮੁਹਤਾਜ ਬਾਦਸ਼ਾਹਾਂ ਦੀ ਸੰਪਰਦਾ ਸੀ।

ਬਾਬਾ ਸਾਹਿਬ ਸਿੰਘ ਜੀ ਬੇਦੀ ਦੇ ਇਕ-ਇਕ ਹਫਤਾ ਠਹਿਰ ਕੇ ਦਰਸ਼ਨ ਹੋਇਆ ਕਰਦੇ ਸਨ। ਵੱਡੇ-ਵੱਡੇ ਸਰਦਾਰ ਮਹੀਨਿਆਂ ਬੱਧੀ ਊਨਾ ਸਾਹਿਬ ਬੈਠੇ ਰਹਿੰਦੇ ਸਨ ਪਰ ਇਸ ਬੇਤਾਜ਼ ਬਾਦਸ਼ਾਹ ਤੋਂ ਸਮਾਂ ਪ੍ਰਾਪਤ ਕਰਕੇ ਹੀ ਦਰਸ਼ਨ ਕਰਿਆ ਕਰਦੇ ਸਨ।

ਜਦੋਂ ਆਪ ਬਹੁਤ ਜਲਾਲ ਵਿਚ ਆ ਕੇ ਸ਼ਬਦ ਪੜ੍ਹਿਆ ਕਰਦੇ ਸਨ ਉਨ੍ਹਾਂ ਦੀ ਅਵਸਥਾ ਬਾਦਸ਼ਾਹਾਂ ਦੇ ਬਾਦਸ਼ਾਹਾਂ ਦੀ ਪ੍ਰਤੀਤ ਹੋਇਆ ਕਰਦੀ ਸੀ, ਧਾਰਨਾ ਇਹ ਹੁੰਦੀ –

***ਧਾਰਨਾ – ਰੰਗ ਹਸਦੇ ਤੇ ਰੰਗ ਰੋਂਦੇ – 2, 2.***
***ਪਰਵਾਹ ਨਾ ਕਿਸੇ ਦੀ ਰਖਦੇ ਸਾਧੂ – 2, 2.***
***ਰੰਗ ਹਸਦੇ ਤੇ ਰੰਗ ਰੋਂਦੇ – 2, 2.***

***ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ॥***

***ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ॥ ਪੰਨਾ - 473***

ਕਿਸੇ ਕਿਸਮ ਦਾ ਦੇਖ ਦਿਖਾਵਾਂ ਆਪ ਦੇ ਜੀਵਨ ਵਿਚ ਕਿਸੇ ਪੱਖੋਂ ਵੀ ਨਜ਼ਰ ਨਹੀਂ ਸੀ ਆਉਂਦਾ। ਆਪ ਦਾ ਸਰੀਰਕ ਵਜੂਦ ਐਵੇਂ ਜਿਵੇਂ ਲਗਦਾ ਰਹਿੰਦਾ ਜਿਵੇਂ ਕੋਈ ਮਹਾਨ ਪ੍ਰਤਾਪੀ ਕਿਸੇ ਹੋਰ ਮੰਡਲ ਤੋਂ ਇਸ ਸੰਸਾਰ ਵਿਚ ਪ੍ਰਵੇਸ਼ ਕਰਕੇ ਕ੍ਰਿਆ ਕਰ ਰਿਹਾ ਹੈ। ਲੋਕਾਂ ਦਾ ਸੁਭਾਅ ਹੋਇਆ ਕਰਦਾ ਹੈ ਕਿ ਹਰ ਕੋਈ ਉਨ੍ਹਾਂ ਦੀ ਖੁਸ਼ਾਮਦ ਕਰੇ, ਜੀ ਆਇਆਂ ਕਹੇ। ਸੰਤ ਮਹਾਰਾਜ ਪੂਰਨ ਨਿਮਰਤਾ ਭਾਵ ਵਿਚ ਰਹਿ ਕੇ ਕਿਸੇ ਦੀ ਕਾਣ ਨਹੀਂ ਕੱਢਿਆ ਕਰਦੇ ਸਨ। ਗਰੀਬ ਤੋਂ ਗਰੀਬ ਪੁਰਸ਼ ਨੂੰ ਵੀ ਮਿਲ ਲਿਆ ਕਰਦੇ ਸਨ। ਪਰ ਅਭਿਮਾਨੀ ਪੁਰਸ਼ਾਂ ਦੀਆਂ waves (ਲਹਿਰਾਂ) ਟੈਲੀਪੈਥੀ ਰਾਹੀਂ ਉਨ੍ਹਾਂ ਪਾਸ ਪਹਿਲਾਂ ਹੀ ਪਹੁੰਚ ਜਾਇਆ ਕਰਦੀਆਂ ਸਨ, ਉਨ੍ਹਾਂ ਨੂੰ ਆਪ ਘੱਟ ਹੀ ਮਿਲਿਆ ਕਰਦੇ ਸਨ।

ਸੰਤ ਮਹਾਰਾਜ ਜੀ ਕਈ ਵਾਰੀ ਸਹਿਜ ਨਾਲ ਬਚਨ ਕਰਦੇ ਦੱਸਿਆ ਕਰਦੇ ਸਨ ਕਿ ਭਜਨ ਕਰਨ ਲਈ ਕਿਸੇ ਪੂਰਨ ਮਹਾਂਪੁਰਸ਼ ਦੀ ਸੰਗਤ ਦੀ ਬਹੁਤ ਹੀ ਲੋੜ ਹੈ ਕਿਉਂਕਿ ਜਿਉਂ-ਜਿਉਂ ਮਨ ਸੂਖਸ਼ਮ ਹੁੰਦਾ ਜਾਂਦਾ ਹੈ ਤਿਉਂ-ਤਿਉਂ ਸੂਖਸ਼ਮ ਮੰਡਲਾਂ ਵਿਚ ਪ੍ਰਵੇਸ਼ ਕਰਦਾ ਜਾਂਦਾ ਹੈ। ਆਤਮਕ ਮੰਡਲ ਵਿਚ ਪਹੁੰਚਣ ਤੋਂ ਪਹਿਲਾਂ ਬਹੁਤ ਹੀ ਸੂਖਸ਼ਮ ਸ਼ਕਤੀਆਂ ਨਾਲ ਵਾਹ ਪੈਂਦਾ ਹੈ ਅਤੇ ਉਹ ਆਦਮੀ ਦੇ ਮਨ ਨੂੰ ਬਹੁਤ ਹੀ ਲੁਭਾਉਂਦੀਆਂ ਹਨ। ਕੁਦਰਤੀ ਤੌਰ ਤੇ ਹਰ ਬੰਦਾ ਆਪਣਾ ਮਾਣ ਚਾਹੁੰਦਾ ਹੈ, ਆਪਣੀ ਸ਼ੋਹਰਤ ਚਾਹੁੰਦਾ ਹੈ, ਕੋਈ ਪੈਸੇ ਨਾਲ ਆਪਣੀ ਸ਼ੋਹਰਤ ਪ੍ਰਾਪਤ ਕਰਦਾ ਹੈ, ਕੋਈ ਰਾਜਸੀ ਸ਼ਕਤੀ ਪ੍ਰਾਪਤ ਕਰਕੇ ਆਪਣਾ ਮਾਣ ਕਰਾਉਂਦਾ ਹੈ, ਕੋਈ ਵੱਡਾ ਪ੍ਰਚਾਰਕ ਬਣ ਕੇ, ਕੋਈ ਹੋਰ ਤਰ੍ਹਾਂ ਦੀਆਂ ਪ੍ਰਾਪਤੀਆਂ ਕਰਕੇ ਮਾਣ ਦੀ ਇੱਛਾ ਕਰਦਾ ਰਹਿੰਦਾ ਹੈ। ਗੁਰੂ ਮਹਾਰਾਜ ਜੀ ਨੇ ਪੂਰਨ ਅਵਸਥਾ ਤੇ ਪਹੁੰਚਿਆਂ ਹੋਇਆਂ ਬਾਰੇ ਜ਼ਿਕਰ ਕਰਦਿਆਂ ਦਸਿਆ ਹੈ ਕਿ ਜਿਸ ਨੂੰ ਪ੍ਰਭੂ ਦੀ ਆਗਿਆ ਪਿਆਰੀ ਲਗਦੀ ਹੈ ਉਹ ਜੀਵਨ ਮੁਕਤ ਅਵਸਥਾ ਨੂੰ ਮਾਣ ਰਿਹਾ ਹੁੰਦਾ ਹੈ ਅਤੇ ਉਸ ਦੀ ਬਾਹਰਲੀ ਕ੍ਰਿਆ, ਸੰਸਾਰ ਦੀ ਵਰਤੋਂ, ਮੇਲ ਜੋਲ, ਪ੍ਰਾਪਤੀਆਂ, ਅਪ੍ਰਾਪਤੀਆਂ, ਉਸ ਨਾਲ ਹੋਰ ਤਰ੍ਹਾਂ ਵਰਤਦੀਆਂ ਹਨ। ਖੁਸ਼ੀ ਤੇ ਗਮੀ ਉਸ ਦੀ ਪ੍ਰਮ ਸ਼ਾਂਤ ਅਵਸਥਾ ਵਿਚ ਦਖਲ ਨਹੀਂ ਦੇ ਸਕਦੀ, ਮਹਾਨ ਖੇੜਾ ਹਰ ਸਮੇਂ ਉਨ੍ਹਾਂ ਨੂੰ ਲੀਨਤਾ ਵਿਚ ਰਖਦਾ ਹੈ। ਗਮੀ ਉਸ ਥਾਂ ਉਪਰ ਪ੍ਰਵੇਸ਼ ਹੀ ਨਹੀਂ ਕਰਿਆ ਕਰਦੀ। ਗਮੀ ਦਾ ਮੰਡਲ ਬੁੱਧੀ ਮੰਡਲ ਵਿਚ ਹੁੰਦਾ ਹੈ ਅਚਾਨਕ ਖੁਸ਼ੀ ਆ ਕੇ ਖੁਸ਼ੀ ਅਨੁਭਵ ਕਰਨਾ ਇਹ ਵੀ ਬੁੱਧੀ ਮੰਡਲ ਦੀ ਮਾਇਕ ਅਵਸਥਾ ਹੈ। ਪਰ ਆਤਮਕ ਮੰਡਲ ਖੇੜਿਆਂ ਦਾ ਘਰ ਹੈ, ਉਥੇ ਸਰੀਰ ਦਾ ਇਕ-ਇਕ ਅੰਗ ਪੂਰੀ ਤਰ੍ਹਾਂ ਵਿਗਸਿਆ ਹੁੰਦਾ ਹੈ, ਉਹ ਅਵਸਥਾ ਹੋਰ ਹੁੰਦੀ ਹੈ। ਬਹੁਤ ਸਾਰੇ ਪ੍ਰੇਮੀ ਪਹਿਲਾਂ ਬੈਰਾਗ ਹੋਣ ਕਰਕੇ ਪ੍ਰਭੂ ਦੇ ਰਾਹ ਦਾ ਸਫਰ ਕੱਟਣ ਲਈ ਆਤਮ ਮਾਰਗ ਤੇ ਚਲਦੇ ਹਨ, ਪਰ ਅੰਦਰ ਲੁਕੀਆਂ ਹੋਈਆਂ ਵਾਸ਼ਨਾਵਾਂ ਉਪਰੋਂ ਇਸ ਤਰ੍ਹਾਂ ਦੱਬੀਆਂ ਹੁੰਦੀਆਂ ਹਨ ਜਿਵੇਂ ਕਿਸੇ ਦਰੱਖਤ ਨੂੰ ਗਲੋਂ ਕੱਟ ਦੇਈਏ ਜੜ੍ਹਾਂ ਉਸੇ ਤਰ੍ਹਾਂ ਰਹਿਣ ਦੇਈਏ। ਜਿਵੇਂ ਕੋਈ ਬਲਦੀ ਅੱਗ ਉਪਰ ਮਾਂਲੀਹ ਪਾ ਦੇਵੇ, ਉਹ ਅੰਦਰ ਹੀ ਅੰਦਰ ਧੁਖਦੀ ਰਹਿੰਦੀ ਹੈ, ਫੁਰਮਾਨ ਹੈ -

***ਫਰੀਦਾ ਗਲੀ ਸੁ ਸਜਣ ਵੀਹ ਇਕੁ ਢੂੰਢੇਦੀ ਨ ਲਹਾਂ॥***
***ਧੁਖਾਂ ਜਿਉ ਮਾਂਲੀਹ ਕਾਰਣਿ ਤਿੰਨਾ ਮਾ ਪਿਰੀ॥ ਪੰਨਾ - 1382***

ਇਸੇ ਤਰ੍ਹਾਂ ਨਾਲ ਜਿਨ੍ਹਾਂ ਅੰਦਰ ਪੂਰਨ ਬੈਰਾਗ ਨਹੀਂ ਹੁੰਦਾ ਉਨ੍ਹਾਂ ਦੇ ਅੰਦਰ ਵਾਸ਼ਨਾਵਾਂ ਉਸੇ ਤਰ੍ਹਾਂ ਸੁਲਗਦੀਆਂ ਰਹਿੰਦੀਆਂ ਹਨ ਜਦੋਂ ਸਮਾਂ ਆਉਂਦਾ ਹੈ ਉਹ ਅਗਨ ਰੂਪ ਵਿਚ ਪ੍ਰਜ੍ਵਲਤ ਹੋ ਜਾਂਦੀਆਂ ਹਨ। ਪਰ ਜੇ ਪੂਰਨ ਮਹਾਂਪੁਰਸ਼ਾਂ ਦੀ ਸੰਗਤ ਕਰਦਾ ਹੋਵੇ ਅਤੇ ਇਮਾਨਦਾਰੀ ਨਾਲ ਘਾਲ ਕਮਾਈ ਕਰਦਾ ਹੋਵੇ ਫੇਰ ਮਾਨ-ਅਪਮਾਨ, ਲਾਭ-ਹਾਨ, ਖੁਸ਼ੀ-ਗਮੀ, ਵੈਰੀ-ਮਿਤਰ, ਸੋਨੇ-ਮਿੱਟੀ ਤੋਂ, ਅੰਮ੍ਰਿਤ-ਜ਼ਹਿਰ ਤੋਂ ਉਸਦੀ ਬਿਰਤੀ -

***ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ॥ ਪੰਨਾ - 485***

ਵਿਚ ਲੀਨ ਹੋ ਜਾਇਆ ਕਰਦੀ ਹੈ, ਉਥੇ ਮਾਨ-ਅਪਮਾਨ ਦਾ ਸਵਾਲ ਹੀ ਪੈਦਾ ਨਹੀਂ ਹੋਇਆ ਕਰਦਾ। ਉਹ ਜੀਵਨ ਮੁਕਤ ਦੀ ਅਵਸਥਾ ਹੁੰਦੀ ਹੈ ਜਿਸ ਦੇ ਬਾਰੇ ਫੁਰਮਾਨ ਹੈ -

***ਪ੍ਰਭ ਕੀ ਆਗਿਆ ਆਤਮ ਹਿਤਾਵੈ॥ ਜੀਵਨ ਮੁਕਤਿ ਸੋਊ ਕਹਾਵੈ॥***
***ਤੈਸਾ ਹਰਖੁ ਤੈਸਾ ਉਸੁ ਸੋਗੁ॥ ਸਦਾ ਅਨੰਦੁ ਤਹ ਨਹੀ ਬਿਓਗੁ॥***
***ਤੈਸਾ ਸੁਵਰਨੁ ਤੈਸੀ ਉਸੁ ਮਾਟੀ॥ ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ॥***
***ਤੈਸਾ ਮਾਨੁ ਤੈਸਾ ਅਭਿਮਾਨੁ॥ ਤੈਸਾ ਰੰਕੁ ਤੈਸਾ ਰਾਜਾਨੁ॥***
***ਜੋ ਵਰਤਾਏ ਸਾਈ ਜੁਗਤਿ॥ ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ॥***
***ਪੰਨਾ - 275***

ਇਸ ਤੋਂ ਹੇਠਾਂ ਦੀ ਅਵਸਥਾ ਵਾਲੇ ਭਾਵੇਂ ਦੇਖਣ ਨੂੰ ਸਾਧੂ ਪ੍ਰਤੀਤ ਦਿੰਦੇ ਹਨ ਅਤੇ ਇਹ ਵੀ ਬਹੁਤ ਵਾਰੀ ਸੁਣੀਦਾ ਹੈ ਕਿ ਮਹਾਤਮਾ ਜੀ ਜਪ ਤਪ ਕਰਦੇ ਰਹਿੰਦੇ ਹਨ, ਉਨ੍ਹਾਂ ਨੇ ਜਪ 40 ਦਿਨ ਕਰਨਾ ਸੀ। ਕਿਸੇ ਦਾ ਪ੍ਰੋਗਰਾਮ 40 ਦਿਨ ਦਾ, ਕਿਸੇ ਦਾ ਛੇ ਮਹੀਨੇ ਦਾ ਹੁੰਦਾ ਹੈ। ਉਹ ਆਪਣੇ ਜੀਵਨ ਵਿਚ ਕਰਦੇ ਹੀ ਰਹਿੰਦੇ ਹਨ। ਕਈ ਸਾਧੂ ਮੈਂ ਦੇਖੇ ਹਨ ਉਹ ਹਰ ਸਾਲ ਹੀ ਚਾਲੀਸੇ ਕੱਟਦੇ ਹਨ। ਇਹ ਕਿਉਂ ਹੁੰਦਾ ਹੈ? ਕਿਉਂਕਿ ਉਨ੍ਹਾਂ ਨੂੰ ਅਜਿਹੀ ਅਵਸਥਾ ਪ੍ਰਾਪਤ ਨਹੀਂ ਹੋਇਆ ਕਰਦੀ ਜਿਥੇ ਜਾ ਕੇ ਸਹਿਜ ਸਮਾਧ ਲੱਗੀ ਰਹੇ। ਹੁੰਦਾ ਇਹ ਹੈ ਕਿ ਇਕਾਗਰਤਾ ਨਾਲ ਰਿੱਧੀਆਂ-ਸਿੱਧੀਆਂ ਦੀਆਂ ਸ਼ਕਤੀਆਂ ਪ੍ਰਾਪਤ ਹੋ ਜਾਇਆ ਕਰਦੀਆਂ ਹਨ, ਉਹ ਕਿਸੇ ਨੂੰ ਪੁੱਤਰ ਦਿੰਦੇ ਹਨ, ਕਿਸੇ ਨੂੰ ਨੌਕਰੀ ਦਿੰਦੇ ਹਨ ਇਥੋਂ ਤਕ ਕਿ ਜਾਦੂ ਟੂਣੇ ਕਰਕੇ ਭੂਤਾਂ ਪ੍ਰੇਤਾਂ ਨੂੰ ਵਸ ਕਰਕੇ ਆਪਣਾ ਮਾਣ ਕਰਾਈ ਜਾਂਦੇ ਹਨ। ਇਹ ਲੋਕ ਸਾਧੂ ਨਹੀਂ ਹੋਇਆ ਕਰਦੇ, ਸਾਧੂ ਦੀ ਬਿਰਤੀ ਤਾਂ ਬਹੁਤ ਹੀ ਉਚੀ ਹੁੰਦੀ ਹੈ, ਇਹ ਇਕ ਤਰ੍ਹਾਂ ਦੇ ਤਾਂਤਰੀ ਹੁੰਦੇ ਹਨ, ਇਹ ਤਵੀਤਾਂ, ਮੰਤ੍ਰਾਂ, ਜੰਤ੍ਰਾਂ, ਧਾਗੇ, ਜਾਦੂ, ਟੂਣੇ, ਫੂਕਾਂ, ਮੁਠਾਂ, ਝਾੜੇ, ਸਰੋਂ, ਜਵੈਣ ਮੰਤ੍ਰਾ ਕੇ, ਵਰ ਸਰਾਪ ਦਾ ਭੈ ਦਿਖਾ ਕੇ ਲੋਕਾਂ ਨੂੰ ਧੋਖਾ ਦਿਆ ਕਰਦੇ ਹਨ। ਉਹ ਪੈਸੇ ਬਟੋਰਦੇ ਹਨ, ਕਬਰਾਂ, ਮੜ੍ਹੀਆਂ ਨੂੰ ਮੱਥੇ ਟਿਕਾਉਂਦੇ ਹਨ। ਉਜਾੜਾਂ ਤੇ ਮਸਾਣਾਂ ਦੀ ਖਾਕ ਛਾਣਦੇ ਫਿਰਦੇ ਹਨ। ਪਹਿਲਾਂ-ਪਹਿਲਾਂ ਉਹ ਚੱਲੇ ਤਾਂ ਪ੍ਰਭੂ ਮਿਲਣ ਨੂੰ ਹੀ ਸਨ ਪਰ ਉਨ੍ਹਾਂ ਦੇ ਚੇਲੇ ਚਪਟੇ ਐਨੇ ਉਨ੍ਹਾਂ ਦੇ ਦੁਆਲੇ ਇਕੱਠੇ ਹੋ ਗਏ ਕਿ ਉਨ੍ਹਾਂ ਨੂੰ ਆਪਣਾ ਮਾਰਗ ਹੀ ਭੁੱਲ ਜਾਂਦਾ ਹੈ ਅਤੇ ਪ੍ਰਭੂ ਗਿਆਨ ਤੋਂ ਕ੍ਰੋੜਾਂ ਕੋਹਾਂ ਦੂਜੇ ਪਾਸੇ ਨੂੰ ਚਲੇ ਜਾਂਦੇ ਹਨ। ਮੁਕਤੀ ਦੀ ਆਸਾ ਛੱਡ

ਕੇ ਦੁਨੀਆਂ ਵਿਚ ਮਹਿਮਾ ਲਈ ਜਿਉਂਦੇ ਹਨ ਅਤੇ ਲੋਭ ਵਿਚ ਫਸ ਕੇ ਅਮੁਲਾਂ ਨਾਮ ਹੀਰਾ ਗੁਆ ਬੈਠਦੇ ਹਨ। ਗਿਆਨੀ ਮੋਹਨ ਸਿੰਘ ਜੀ ਨੇ ਜਿਨ੍ਹਾਂ ਨੇ ਰੂਹਾਨੀ ਸੰਦੇਸ਼ ਲਿਖਿਆ ਹੈ, ਇਕ ਥਾਂ ਲਿਖਦੇ ਹਨ –

***ਬਾਰਹ ਬਰਸ ਹਮ ਕਾਸੀ ਬਾਸੀ ਹੋਇ ਕਰ,***
***ਦਧੀ ਜਿਉਂ ਬਿਲੋਏ ਬੇਦ ਕਸਰ ਨ ਰਾਈ ਹੈ।***
***ਪੂਰਬ ਮੀਮਾਂਸਾ ਪੁਨ ਉਤਰ ਮੀਮਾਂਸਾ ਪੜ੍ਹਿਓ,***
***ਐਸੀ ਕੌਣ ਬਾਤ ਹੈ ਜੋ ਹਮ ਕੋ ਨ ਆਈ ਹੈ।***
***ਨਿਆਇ ਮੇ ਨ ਬੋਲਣੇ ਦੇਊਂ ਬ੍ਰਹਮਾ ਕਿਉਂ ਨ ਹੋਵੇ ਭਾਵੇਂ,***
***ਸਾਂਖ ਔ ਪਤੰਜਲ ਕੀ ਧੂੜ ਸੀ ਉਡਾਈ ਹੈ।***
***ਕਹੇ ਤੋ ਮੁਕੰਦ ਏਕ ਲੋਭ ਖੂਬੀ ਬਲੀ ਦੇਖਿਓ,***
***ਧਨੀ ਅਗੇ ਕੂਕਰ ਜੈਸੀ ਪੂੰਛਰੀ ਹਿਲਾਈ ਹੈ।***

ਇਹ ਸਾਰੀਆਂ ਲਾਲਸਾਵਾਂ ਮੋਖ ਪੰਥ ਦੀਆਂ ਵੈਰਨਾਂ ਹੋਇਆ ਕਰਦੀਆਂ ਹਨ ਪਰ ਸੰਤ ਮਹਾਰਾਜ ਜੀ ਇਨ੍ਹਾਂ ਸਾਰੀਆਂ ਚੀਜ਼ਾਂ ਤੋਂ ਉਪਰ ਲੰਘ ਗਏ ਸਨ। ਜਦੋਂ ਦੀਰਘ ਵਿਚਾਰ ਕਰੀਦੀ ਹੈ ਤਾਂ ਇਹੀ ਅਨੁਭਵ ਹੁੰਦਾ ਹੈ ਕਿ ਆਪ ਧੁਰੋਂ ਦਰਗਾਹ ਤੋਂ ਭੇਜੇ ਗਏ ਸਨ ਅਤੇ ਲੱਖਾਂ ਜੀਵਾਂ ਦੇ ਦਿਲਾਂ ਨੂੰ ਜਿੱਤ ਕੇ ਪ੍ਰਭੂ ਭਗਤੀ ਵਲ ਲਾਇਆ। ਜਿਸ ਅਵਸਥਾ ਵਿਚ ਆਪ ਲੰਘ ਰਹੇ ਸਨ ਉਹ ਬਹੁਤ ਹੀ ਉਤਸ਼ਾਹਜਨਕ ਸੀ, ਘਾਲ ਕਮਾਈ ਕਰਦਿਆਂ ਆਪ ਇਕੋ ਹੀ ਲਗਨ ਵਿਚ ਲੱਗੇ ਹੋਏ ਸਨ ਕਿ ਵਸਲ (ਮਿਲਾਪ) ਤੋਂ ਉਰ੍ਹੇ ਕਿਸੇ ਥਾਂ ਠਹਿਰਨਾ ਨਹੀਂ ਹੈ। ਭਾਈ ਵੀਰ ਸਿੰਘ ਜੀ ਦੀ ਕਵਿਤਾ ਇਥੇ ਸਾਕਾਰ ਰੂਪ ਧਾਰਨ ਕਰ ਰਹੀ ਸੀ –

***ਸੀਨੇ ਖਿੱਚ ਜਿਨ੍ਹਾਂ ਨੇ ਖਾਧੀ, ਓਹ ਕਰ ਅਰਾਮ ਨਹੀਂ ਬਹਿੰਦੇ।***
***ਨਿਹੁੰ ਵਾਲੇ ਨੈਣਾਂ ਕੀ ਨੀਂਦਰ ਓਹ ਦਿਨੇ ਰਾਤ ਪਏ ਵਹਿੰਦੇ।***
***ਇਕੋ ਲਗਨ ਲਗੀ ਲਈ ਜਾਂਦੀ ਹੈ ਟੋਰ ਅਨੰਤ ਉਨ੍ਹਾਂ ਦੀ –***
***ਵਸਲੋਂ ਉਰੇ ਮੁਕਾਮ ਨ ਕੋਈ ਸੋ ਚਾਲ ਪਏ ਨਿਤ ਰਹਿੰਦੇ।***

***ਭਾਈ ਵੀਰ ਸਿੰਘ ਜੀ***

ਐਸਾ ਸੁਣਿਆ ਗਿਆ ਹੈ ਕਿ ਸ਼ਕਤੀਸ਼ਾਲੀ ਪੁਰਸ਼ਾਂ ਦੇ ਬੋਲ ਵਿਚ ਐਨੀ ਖਿੱਚ ਹੋਇਆ ਕਰਦੀ ਹੈ ਕਿ ਉਹ ਹਰ ਕਿਸੇ ਨੂੰ ਧੁਰ ਅੰਦਰੋਂ ਮੋਹ ਲਿਆ ਕਰਦੇ ਹਨ। ਹੁਣ ਸਾਇੰਸ ਦਾ ਜ਼ਮਾਨਾ ਹੈ, ਅੱਜ ਇਹ ਗੱਲ ਸਮਝ ਵਿਚ ਆਉਂਦੀ ਹੈ ਕਿ ਜੋ ਅਸੀਂ ਬੋਲਦੇ ਹਾਂ ਉਹਦੇ ਨਾਲ ਅੰਦਰਲੇ ਦਾ ਪੂਰਾ ਸਬੰਧ ਹੋਇਆ ਕਰਦਾ ਹੈ। ਜੇ ਆਦਮੀ ਦੇ ਅੰਦਰ ਕੇਵਲ ਵਿਦਿਆ ਹੈ, ਵਿਦਿਆ ਦੀ ਚਤੁਰਾਈ ਹੈ, ਉਹ ਬਹੁਤ ਗੱਲਾਂ ਬੋਲ-ਬੋਲ ਕੇ ਸਮਝਾਉਂਦਾ ਹੈ ਪਰ ਸੁਣਨ ਵਾਲਿਆਂ ਉਪਰ ਕੋਈ ਅਸਰ ਨਹੀਂ ਹੋਇਆ ਕਰਦਾ। ਕਿਉਂ ਨਹੀਂ ਹੁੰਦਾ? ਕਿਉਂਕਿ ਉਹਦੇ ਅੰਦਰ ਆਪਣੇ ਬੋਲ ਦੇ ਪਿਛੇ ਹੀ ਕੋਈ ਸ਼ਕਤੀ ਕੰਮ ਨਹੀਂ ਕਰ ਰਹੀ ਹੁੰਦੀ। ਉਹ ਕੇਵਲ ਵਿਦਿਆ ਦੇ ਬਲ ਕਰਕੇ ਹੀ ਲੋਕਾਂ ਨੂੰ ਉਪਦੇਸ਼ ਦੇ ਰਹੇ ਹਨ। ਜੇ ਉਹਦੇ ਅੰਦਰ ਸ਼ਕਤੀ ਕੰਮ ਕਰ ਰਹੀ ਹੁੰਦੀ ਤਾਂ ਉਸ ਦੇ ਦੋ-ਚਾਰ ਬਚਨ ਕਹੇ ਹੋਏ ਹੀ ਬਹੁਤ ਹੁੰਦੇ ਹਨ। ਗੁਰੂ ਮਹਾਰਾਜ ਜੀ ਇਸ

ਦਾ ਨਿਰਣਾ ਕਰਦੇ ਹੋਏ ਫੁਰਮਾਨ ਕਰਦੇ ਹਨ -

***ਜਿਸ ਕੈ ਅੰਤਰਿ ਬਸੈ ਨਿਰੰਕਾਰੁ॥ ਤਿਸ ਕੀ ਸੀਖ ਤਰੈ ਸੰਸਾਰੁ॥***

***ਪੰਨਾ - 269***

ਜਦੋਂ ਆਪ ਢੱਕੀ ਵਿਚ ਨਿਵਾਸ ਰੱਖਿਆ ਕਰਦੇ ਸਨ ਤਾਂ ਸੰਗਰਾਂਦ ਤੇ ਪੂਰਨਮਾਸ਼ੀ ਦੇ ਦੀਵਾਨ ਰਾਤ ਨੂੰ ਲੱਗਿਆ ਕਰਦੇ ਸਨ। ਸਾਡੇ ਪਿੰਡ (ਧਮੋਟ) ਤੋਂ ਵੀ ਟਾਂਵੇ-ਟਾਂਵੇ ਪ੍ਰੇਮੀ ਆਇਆ ਕਰਦੇ ਸੀ। ਜਦੋਂ ਅਸੀਂ ਘੁਢਾਣੀ ਪਿੰਡ ਦੇ ਰਾੜੇ ਸਾਹਿਬ ਵਲ ਦੇ ਦਰਵਾਜ਼ੇ ਵਿਚੋਂ ਲੰਘਣਾ ਤਾਂ ਉਥੇ ਸੰਤ ਮਹਾਰਾਜ ਜੀ ਦੀ ਅਵਾਜ਼ ਸੁਣ ਜਾਣੀ ਕਿਉਂਕਿ ਆਵਾਜ਼ ਪੂਰੇ ਬਲ ਵਾਲੀ ਸੀ, ਕੰਨ ਵੀ ਉਸ ਵੇਲੇ ਚੰਗੇ ਹੋਇਆ ਕਰਦੇ ਸਨ, ਹੁਣ ਤਾਂ ਲਾਉਡ ਸਪੀਕਰਾਂ ਨੇ ਬਹੁਤ ਕਮਜ਼ੋਰ ਕਰ ਦਿਤੇ। ਐਉਂ ਲਗਣਾ ਜਿਵੇਂ ਸੰਤ ਮਹਾਰਾਜ ਜੀ ਦੀ ਅਵਾਜ਼ ਗਗਨ ਮੰਡਲ ਵਿਚ ਤੁਰੀ ਜਾ ਰਹੀ ਹੈ। ਠੀਕ ਉਸੇ ਤਰ੍ਹਾਂ ਜਿਵੇਂ ਅਮੋਘ ਬਾਣ ਕਮਾਨ ਵਿਚੋਂ ਨਿਕਲੇ ਹੋਏ ਆਪਣੇ ਨਿਸ਼ਾਨੇ ਵਲ ਨੂੰ ਵਧਦੇ ਤੁਰੇ ਜਾ ਰਹੇ ਹੋਣ। ਉਹ ਅਵਾਜ਼ ਜਦੋਂ ਅਸੀਂ ਸੁਣਨੀ ਉਸ ਵੇਲੇ ਐਨੀ ਕਰੰਟ ਸਰੀਰ ਵਿਚ ਪੈਦਾ ਹੋ ਜਾਣੀ ਕਿ ਪੈਦਲ ਤੁਰਨ ਦੀ ਥਾਂ ਨੱਠਣਾ ਸ਼ੁਰੂ ਕਰ ਦੇਣਾ। ਮੇਰੀ ਉਮਰ ਛੋਟੀ ਹੁੰਦੀ ਸੀ। ਮੈਂ ਤੇ ਮੇਰੇ ਕਈ ਸਾਥੀਆਂ ਨੇ ਨੱਠ ਕੇ ਅੱਗੇ ਲੰਘ ਜਾਣਾ, ਸਾਥ ਨਾਲੋਂ ਵਿਛੜ ਜਾਣਾ ਅਤੇ ਸਿੱਧੇ ਸੰਤ ਮਹਾਰਾਜ ਜੀ ਦੇ ਦੀਵਾਨ ਵਿਚ ਪਹੁੰਚ ਕੇ ਦਮ ਲੈਣਾ। ਭਾਵੇਂ ਉਸ ਸਮੇਂ ਸਾਨੂੰ ਕੁਝ ਸਮਝ 'ਚ ਨਹੀਂ ਸੀ ਆਇਆ ਕਰਦਾ ਪਰ ਅਵਾਜ਼ ਹੀ ਖਿੱਚ ਲਿਆ ਕਰਦੀ ਸੀ। ਇਸ ਅਵਾਜ਼ ਵਿਚ ਕੋਈ magnetic (ਚੁੰਬਕ) ਸ਼ਕਤੀ ਸੀ ਜੋ ਹਰ ਕਿਸੇ ਨੂੰ ਆਪਣੇ ਵਲ ਖਿੱਚ ਲਿਆ ਕਰਦੀ ਸੀ। ਇਹ ਸ਼ਕਤੀ ਸੰਤ ਮਹਾਰਾਜ ਜੀ ਦੇ ਬੋਲ ਅੰਦਰ ਸਾਰੀ ਉਮਰ ਰਹੀ। ਇਥੇ ਹੀ ਬਸ ਨਹੀਂ ਜਦੋਂ ਹੁਣ ਅਸੀਂ ਟੇਪਾਂ ਸੁਣਦੇ ਹਾਂ ਤਾਂ ਵੀ ਹਿਰਦੇ ਵਿਚ ਖਿੱਚ ਪ੍ਰਤੀਤ ਹੁੰਦੀ ਹੈ। ਅਵਾਜ਼ ਤਾਂ ਰਾਗੀਆਂ ਦੀ ਬਹੁਤ ਮਿੱਠੀ ਹੁੰਦੀ ਹੈ, ਸੁਰ ਤਾਲ ਵਧੀਆ ਹੁੰਦਾ ਹੈ ਪਰ ਉਹ ਖਿੱਚ ਤੋਂ ਹੀਣੀ ਹੁੰਦੀ ਹੈ। ਕਿਉਂਕਿ ਉਨ੍ਹਾਂ ਵਿਚ ਨਿਰੰਕਾਰ ਨਾਲ ਜੋੜ ਨਾ ਹੋਣ ਕਰਕੇ ਕੇਵਲ ਮਾਇਆ ਮੰਡਲ ਵਿਚ ਹੋਣ ਕਰਕੇ ਕੋਈ ਖਿੱਚ ਨਹੀਂ ਹੋਇਆ ਕਰਦੀ।

ਲੰਮੇ ਮੋਨ ਵਰਤ ਜਦੋਂ ਖਤਮ ਹੋ ਜਾਣੇ ਸੰਤ ਮਹਾਰਾਜ ਜੀ ਨੇ ਸੈਰ ਵਾਸਤੇ ਜਾਣਾ, ਉਸ ਵੇਲੇ ਆਪ ਦੇ ਖੜ੍ਹਾਵਾਂ ਪਹਿਨੀਆਂ ਹੁੰਦੀਆਂ ਸਨ ਅਤੇ ਆਪ ਨਹਿਰ ਦੀ ਪਟੜੀ ਤੇ ਘੱਟ ਹੀ ਚਲਦੇ ਸਨ। ਜਦੋਂ ਮੈਂ ਮਹਾਰਾਜ ਜੀ ਦੀ ਸੇਵਾ ਵਿਚ ਆਇਆ ਤਾਂ ਉਸ ਵੇਲੇ ਭਾਈ ਇੰਦਰ ਸਿੰਘ ਜੀ, ਮਹਾਰਾਜ ਜੀ ਦੇ ਮੁੱਖ ਗੜਵਈ ਦੀ ਡਿਊਟੀ ਨਿਭਾਇਆ ਕਰਦੇ ਸਨ ਉਹ ਬਹੁਤ ਸਿਆਣੇ ਸਨ। ਮੈਨੂੰ ਉਹ ਕਈ ਤਰ੍ਹਾਂ ਦੇ ਉਪਦੇਸ਼ ਦਿਆ ਕਰਦੇ ਸਨ ਪਰ ਮੈਨੂੰ ਸਮਝ ਵਿਚ ਨਹੀਂ ਸੀ ਆਇਆ ਕਰਦਾ ਕਿਉਂਕਿ ਉਹ ਥੋੜ੍ਹੀਆਂ ਗੱਲਾਂ ਕਰਕੇ ਕਹਿ ਦਿਆ ਕਰਦੇ ਸਨ ਕਿ ਦੇਖੋ, ਇਹ ਰਾਜਨੀਤੀ ਹੈ। ਮੈਂ ਰਾਜਨੀਤੀ ਨੂੰ ਇਹ ਸਮਝਣਾ ਕਿ ਦਿਲ ਵਿਚ ਹੋਰ ਗੱਲ ਹੋਵੇ ਅਤੇ ਉਪਰੋਂ ਕੁਝ ਹੋਰ ਕਹੀ ਜਾਣਾ। ਮੈਨੂੰ ਸਹਿਜ ਸੁਭਾਅ ਦਾ ਵਰਤਾਵਾ ਹੀ ਠੀਕ ਲੱਗਿਆ ਕਰਦਾ ਸੀ। ਮੈਨੂੰ ਉਨ੍ਹਾਂ ਨੇ ਕਹਿਣਾ ਕਿ ਜਦੋਂ ਮਹਾਰਾਜ ਜੀ ਸੈਰ ਕਰਨ ਜਾਂਦੇ ਹਨ ਤਾਂ ਰਸਤੇ ਵਿਚ ਮਿਰਾਸੀ ਤੇ ਮੰਗਤੇ ਆ ਜਾਇਆ ਕਰਦੇ ਹਨ। ਉਨ੍ਹਾਂ ਨੂੰ

ਦੂਰ ਰੱਖਣ ਲਈ ਵੈਸੇ ਤਾਂ ਦੋ ਸਿੰਘ ਸੰਤ ਮਹਾਰਾਜ ਜੀ ਤੋਂ ਪਹਿਲਾਂ ਹੀ ਭੇਜੇ ਜਾਂਦੇ ਹਨ ਪਰ ਫੇਰ ਵੀ ਤੂੰ ਵੀ ਧਿਆਨ ਰੱਖਿਆ ਕਰ। ਮੈਂ ਕਿਹਾ ਕਿ ਮਹਾਰਾਜ ਜੀ ਤਾਂ ਪਟੜੀ ਤੇ ਚਲਦੇ ਹੀ ਨਹੀਂ ਉਹ ਤਾਂ ਨਹਿਰ ਦੇ ਕੰਢਿਆਂ ਤੇ ਜੋ ਉਚੇ ਮਿੱਟੀ ਦੇ ਢੇਰ ਹਨ, ਉਥੇ ਜੋ ਪਸ਼ੂਆਂ ਦੀਆਂ ਪਾਈਆਂ ਹੋਈਆਂ ਡੰਡੀਆਂ ਹਨ ਉਨ੍ਹਾਂ ਵਿਚੀਂ ਚਲਿਆ ਕਰਦੇ ਹਨ। ਇਹ ਉਪਦੇਸ਼ ਮੈਨੂੰ ਭਾਈ ਇੰਦਰ ਸਿੰਘ ਜੀ ਇਸ ਕਰਕੇ ਦਿਆ ਕਰਦੇ ਸਨ ਕਿ ਇਕ ਦਿਨ ਮਹਾਰਾਜ ਜੀ ਨੇ ਗਰਮ ਵਸਤਰ ਪਹਿਨੇ ਹੋਏ ਸਨ, ਆਪ ਸੈਰ ਕਰਨ ਲਈ ਜਾ ਰਹੇ ਸਨ ਤਾਂ ਅੱਗੋਂ ਕੋਈ ਮਿਰਾਸੀ ਮਿਲ ਗਿਆ ਤਾਂ ਉਸ ਨੇ ਕਿਹਾ ਕਿ ਹੇ ਪ੍ਰਭਾ! ਆਹ ਦੇਖ, ਮੇਰੇ ਕਪੜੇ ਪਤਲੇ ਹਨ ਮੈਨੂੰ ਵੀ ਕੁਝ ਦੇਹ। ਉਸ ਵੇਲੇ ਮਹਾਰਾਜ ਜੀ ਨੇ ਆਪਣੇ ਸਾਰੇ ਵਸਤਰ ਲਾਹ ਦਿਤੇ ਕੇਵਲ ਬੁਨੈਣ ਰਹਿ ਗਈ। ਉਪਰ ਲਈ ਹੋਈ ਸ਼ਾਲ ਸਮੇਤ ਉਸ ਮਿਰਾਸੀ ਦੇ ਹਵਾਲੇ ਕਰ ਦਿਤੇ। ਜਦੋਂ ਆਪ ਵਾਪਸ ਆਏ ਤਾਂ ਸਾਰੇ ਹੈਰਾਨ ਹੋ ਗਏ ਕਿ ਸੰਤ ਮਹਾਰਾਜ ਜੀ ਦੇ ਵਸਤਰ ਕਿਥੇ ਗਏ? ਇਸ ਤਰ੍ਹਾਂ ਇਕ ਵਾਰੀ ਨਹੀਂ ਸੀ ਹੋਇਆ ਕਈ ਵਾਰੀ ਹੋ ਚਕਿਆ ਸੀ। ਸੋ ਡੇਰੇ ਵਾਲੇ ਪ੍ਰਬੰਧਕ ਸਿੰਘਾਂ ਨੇ ਮੰਗਤਿਆਂ ਨੂੰ ਮਹਾਰਾਜ ਜੀ ਤੋਂ ਦੂਰ ਰਖਣ ਲਈ ਸੈਰ ਵੇਲੇ ਕਾਫੀ ਅੱਗੇ ਜਾਣਾ ਸ਼ੁਰੂ ਕਰ ਦਿਤਾ। ਜਿਸ ਦੇ ਹੋਰ ਕਾਰਨ ਵੀ ਸੀ ਕਿ ਉਨ੍ਹਾਂ ਦਿਨਾਂ ਵਿਚ ਸਾਇਕਲ ਤਾਂ ਹੋਇਆ ਨਹੀਂ ਸਨ ਕਰਦੇ ਕਿਸੇ ਟਾਂਵੇਂ-ਟਾਂਵੇਂ ਬੰਦੇ ਕੋਲ ਸਾਇਕਲ ਹੋਇਆ ਕਰਦਾ ਸੀ, ਬਾਕੀ ਸਾਰੇ ਕੰਮ ਕਾਜ ਤੇ ਜਾਣ ਲਈ ਪੈਦਲ ਜਾਇਆ ਕਰਦੇ ਸਨ। ਉਨ੍ਹਾਂ ਨੇ ਦੂਰੋਂ ਹੀ ਸੰਤ ਮਹਾਰਾਜ ਜੀ ਨੂੰ ਦੇਖ ਲੈਣਾ ਅਤੇ ਭੱਜ ਕੇ ਆ ਕੇ ਨਮਸ਼ਕਾਰਾਂ ਕਰਨੀਆਂ ਸ਼ੁਰੂ ਕਰ ਦੇਣੀਆਂ। ਇਥੇ ਹੀ ਬਸ ਨਹੀਂ ਸੀ ਹੁੰਦੀ ਆਪਣੀਆਂ ਘਰੋਗੀ ਗੱਲਾਂ ਚਲਾ ਲੈਣੀਆਂ। ਸੰਤ ਮਹਾਰਾਜ ਜੀ ਹਰ ਸਮੇਂ ਆਪਣੀ ਬਿਰਤੀ ਨੂੰ ਅੰਦਰ ਖਿੱਚ ਕੇ ਰਖਦੇ ਸਨ ਅਤੇ ਸਾਨੂੰ ਵੀ ਨਾਲ ਉਪਦੇਸ਼ ਦਿਆ ਕਰਦੇ ਸਨ ਕਿ ਤੁਸੀਂ 15 ਫੁੱਟ ਉਪਰ ਝਾਕ ਕੇ ਤੁਰੋ, ਉਚੇ ਨੇਤਰ ਨਹੀਂ ਕਰਨੇ ਕਿਉਂਕਿ ਉਸ ਦੇ ਨਾਲ ਕਿਤੇ ਪਸ਼ੂ ਦਿਸਦੇ ਹਨ, ਕਿਤੇ ਫੁੱਲ ਖਿੜੇ ਦਿਸਦੇ ਹਨ, ਕਿਤੇ ਟਾਹਣੀ ਟੁੱਟੀ ਦਿਸਦੀ ਹੈ, ਕਿਤੇ ਪੱਥਰ ਪਿਆ ਹੈ, ਕਿਤੇ ਪਾਣੀ ਵਿਚ ਲੱਕੜੀ ਰੁੜੀ ਜਾ ਰਹੀ ਨਜ਼ਰ ਆਉਂਦੀ ਹੈ। ਇਸ ਤਰ੍ਹਾਂ ਬਿਰਤੀ ਖਿੰਡ ਜਾਂਦੀ ਹੈ ਜੋ ਅਖੰਡ ਧੁਨੀ ਨਾਮ ਦੀ ਅੰਦਰ ਚਲ ਰਹੀ ਹੁੰਦੀ ਹੈ ਉਸ ਵਿਚ ਫੁਰਨੇ ਰਲ ਜਾਂਦੇ ਹਨ ਅਤੇ ਉਹ ਮੱਧਮ ਪੈ ਜਾਂਦੀ ਹੈ। ਇਕ ਫੁਰਨਾ ਦੂਜੇ ਨੂੰ ਅਤੇ ਦੂਜਾ ਫੁਰਨਾ ਤੀਜੇ ਨੂੰ ਅਤੇ ਤੀਜਾ ਚੌਥੇ ਨੂੰ ਜਨਮ ਦਿੰਦਾ ਹੈ। ਇਸ ਤਰ੍ਹਾਂ ਫੁਰਨਿਆਂ ਵਿਚ ਪ੍ਰਵੇਸ਼ ਕਰਕੇ ਨਾਮ ਧੁਨ ਨਾਲੋਂ ਟੁੱਟ ਜਾਈਦਾ ਹੈ। ਆਪ ਹਮੇਸ਼ਾਂ ਸੁਰਤ ਨੂੰ ਅੰਦਰ ਖਿੱਚ ਕੇ ਰਖਦੇ ਸਨ, ਅਸਾਨੂੰ ਵੀ ਅਜਿਹਾ ਕਰਨ ਵਾਸਤੇ ਹੀ ਹੁਕਮ ਦਿੰਦੇ ਸਨ। ਪ੍ਰਤਿਆ ਕੇ ਦੇਖਿਆ ਗਿਆ ਹੈ ਕਿ ਇਸ ਤਰ੍ਹਾਂ ਆਪਣੀ ਬਿਰਤੀ ਵਿਚ ਰਹਿ ਕੇ ਚੱਲਣ ਫਿਰਨ ਨਾਲ ਨਾਮ ਧੁਨ ਖੰਡਤ ਨਹੀਂ ਹੋਇਆ ਕਰਦੀ ਸੀ। ਉਸੇ ਤਰ੍ਹਾਂ ਅਖੰਡ ਧੁਨ ਵਿਚ ਮਨ ਲੱਗਿਆ ਰਹਿੰਦਾ ਹੈ। ਸੰਤ ਮਹਾਰਾਜ ਜੀ ਦੁਨੀਆਦਾਰੀ ਦੀ ਕਦੇ ਵੀ ਗੱਲ ਨਹੀਂ ਸੀ ਕਰਿਆ ਕਰਦੇ। ਬਹੁਤ ਹੀ ਗੰਭੀਰਤਾ ਵਿਚ ਆਪ ਦਾ ਨਿਵਾਸ ਰਹਿੰਦਾ ਸੀ ਇਸੇ ਕਰਕੇ ਆਪ ਦੇ ਨੇਤਰਾਂ ਵਿਚ ਕਹਿਰਾਂ ਦੀ ਖਿੱਚ ਸੀ, magnetic (ਚੁੰਬਕ) ਸ਼ਕਤੀ ਆਪ ਦੇ ਨੇਤਰਾਂ ਵਿਚ ਐਨੀ ਜ਼ੋਰਦਾਰ ਸੀ ਕਿ ਜੇ ਉਹ ਇਕ ਵਾਰੀ ਵੇਖ ਲੈਂਦੇ ਅਤੇ ਅਸੀਂ ਵੇਖ ਲੈਂਦੇ ਤੇ ਅੱਖ ਨਾਲ ਅੱਖ ਟਕਰਾਅ ਜਾਂਦੀ ਤਾਂ ਸਿਰ ਤੋਂ ਲੈ ਕੇ ਪੈਰ ਦੇ ਅਗੂੰਠੇ ਤਕ

ਇਕ ਝਰਨਾਹਟ ਲੰਘ ਜਾਂਦੀ ਸੀ, ਉਹ ਸਹਿ ਨਹੀਂ ਸੀ ਹੁੰਦੀ। ਅਸੀਂ ਤਾਂ ਫੇਰ ਵੀ ਪੁਰਖ ਸੀ, ਬੀਬੀਆਂ ਵਾਸਤੇ ਤਾਂ ਇਹ ਬਿਲਕੁਲ ਹੀ ਅਸਹਿ ਸੀ। ਜਦੋਂ ਆਪ ਜੀ ਨੇ ਕਦੇ ਕੁਰਸੀ ਤੇ ਬੈਠਣਾ ਤਾਂ ਆਮ ਤੌਰ ਤੇ ਕਾਲੇ ਰੰਗ ਦੀਆਂ ਐਨਕਾਂ ਲਗਾ ਲਿਆ ਕਰਦੇ ਸਨ। ਸੋ ਇਸ ਤਰ੍ਹਾਂ ਦਾ ਹਾਲ ਸੀ, ਉਸ ਸਮੇਂ ਜਦੋਂ ਢੱਕੀ ਵਿਚ ਪੂਰੇ ਜ਼ੋਰ ਨਾਲ ਘਾਲ ਕਮਾਈ ਕੀਤੀ ਜਾ ਰਹੀ ਹੁੰਦੀ ਸੀ। ਛੋਟੀ ਉਮਰ ਦੇ ਮਹਾਤਮਾ ਤਾਂ ਹੁਣ ਵੀ ਹਨ ਪਰ ਕਦੇ ਵੀ ਵੱਡੇ-ਵੱਡੇ ਮਹਾਤਮਾ ਉਨ੍ਹਾਂ ਨੂੰ ਮਿਲਣ ਨਹੀਂ ਜਾਂਦੇ। ਸੰਤ ਮਹਾਰਾਜ ਜੀ ਨੂੰ ਉਸ ਸਮੇਂ ਦੇ ਵੱਡੇ-ਵੱਡੇ ਮਹਾਤਮਾ ਆ ਕੇ ਮਿਲਿਆ ਕਰਦੇ ਸਨ ਅਤੇ ਬਹੁਤ ਅਜੀਬ ਕਿਸਮ ਦਾ ਅਸਰ ਮਹਿਸੂਸ ਕਰਿਆ ਕਰਦੇ ਸਨ।

ਗੁਰੂ ਨਾਨਕ ਪਾਤਸ਼ਾਹ ਜੀ ਬਾਰੇ ਭਾਈ ਗੁਰਦਾਸ ਜੀ ਲਿਖਦੇ ਹਨ ਕਿ -

***ਰੇਤੁ ਅੱਕ ਅਹਾਰ ਕਰ ਰੋੜਾਂ ਦੀ ਗੁਰ ਕਰੀ ਵਿਛਾਈ॥***
***ਭਾਰੀ ਕਰੀ ਤਪਸਿਆ ਬਡੇ ਭਾਗ ਹਰਿ ਜਿਉ ਬਨਿ ਆਈ॥***

***ਭਾਈ ਗੁਰਦਾਸ ਜੀ, ਵਾਰ 1/24***

ਗੁਰੂ ਤੀਸਰੇ ਪਾਤਸ਼ਾਹ ਜੀ ਨੇ ਵੀ ਬਿਰਧ ਸਰੀਰ ਦੇ ਹੁੰਦਿਆਂ ਹੋਇਆਂ 12 ਸਾਲ ਐਨੀ ਕਠਨ ਸੇਵਾ ਕੀਤੀ ਜਿਸ ਨੂੰ ਸੁਣ ਕੇ ਅੱਜ ਦੇ ਜੁਆਨ ਵੀ ਕਰਨ ਤੋਂ ਕਤਰਾਉਂਦੇ ਹਨ। ਹੁਣ ਦੇ ਜਗਿਆਸੂਆਂ ਨੂੰ ਜੇ ਥੋੜ੍ਹਾ ਜਿਹਾ ਤਪ ਕਰਨ ਲਈ ਕਹਿ ਦਿਤਾ ਜਾਵੇ ਤਾਂ ਉਨ੍ਹਾਂ ਦਾ ਸਿਰ ਦੁਖਣ ਲਗ ਜਾਂਦਾ ਹੈ, ਲੱਕ ਦੁੱਖਣ ਲਗ ਜਾਂਦਾ ਹੈ, ਉਹ ਕਰ ਹੀ ਨਹੀਂ ਸਕਦੇ। ਕਈ ਵਾਰੀ ਸੋਚਿਆ ਹੈ ਕਿ ਇਸ ਦਾ ਕਾਰਨ ਕੀ ਹੋ ਸਕਦਾ ਹੈ, ਇਹ ਕਿਉਂ ਥੱਕ ਜਾਂਦੇ ਹਨ? ਸਾਧਨ ਤਾਂ ਮੇਰੇ ਸਰੀਰ ਨੇ ਵੀ ਕੀਤੇ ਹਨ। 22-22 ਘੰਟੇ ਲਗਾਤਾਰ ਮਹੀਨਿਆਂ ਬੱਧੀ, ਸਾਲਾਂ ਬੱਧੀ ਸਿੰਧ ਵਿਚ ਬੈਠਦਾ ਰਿਹਾ ਹਾਂ ਪਰ ਥੱਕਿਆ ਤਾਂ ਕਦੇ ਵੀ ਨਹੀਂ ਸੀ। ਹੋਰ ਚਾਓ ਉਠਦਾ ਸੀ ਕਿ ਪੂਰੇ 24 ਘੰਟੇ ਹੀ ਨਾਮ ਸਿਮਰਨ ਵਿਚ ਰਿਹਾ ਜਾਵੇ। ਨਾਮ ਜਪਦਾ ਹੋਇਆ ਆਦਮੀ ਕਦੇ ਵੀ ਨਹੀਂ ਥੱਕਿਆ ਕਰਦਾ, ਨਾ ਹੀ ਕੀਰਤਨ ਕਰਦਾ, ਨਾ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਦਾ ਥਕਦਾ ਹੈ। ਲੰਮਾ ਬੈਠਣ ਦੇ ਨਾਲ ਕੇਵਲ ਕਦੇ-ਕਦੇ ਚੌਂਕੜਾ ਬਦਲਣ ਦੀ ਲੋੜ ਪੈਂਦੀ ਹੈ, ਕੀਰਤਨ ਵੇਲੇ ਆਪ ਤਾਂ ਥਕੀਦਾ ਨਹੀਂ ਪਰ ਲੰਮੇ ਕੀਰਤਨ ਪਿਛੋਂ ਗਲ ਥਕ ਜਾਂਦਾ ਹੈ ਅਤੇ ਅਵਾਜ਼ ਫੱਟਣ ਲਗ ਜਾਂਦੀ ਹੈ। ਇਸੇ ਤਰ੍ਹਾਂ ਪੜ੍ਹਦੇ ਸਮੇਂ ਵੀ ਨਹੀਂ ਥੱਕੀਦਾ, 20-20 ਘੰਟੇ ਪਿਛੋਂ ਅੱਖਾਂ ਵਿਚ ਪਾਣੀ ਆ ਜਾਇਆ ਕਰਦਾ ਹੈ ਅਤੇ ਟੇਡੇ ਅੱਖਰ ਦਿਸਣ ਲਗ ਜਾਂਦੇ ਹਨ ਥਕੇਵਾਂ ਤਾਂ ਵੀ ਨਹੀਂ ਹੁੰਦਾ। ਇਹ ਇਕ ਬੜਾ ਭਾਰੀ ਰਹੱਸ ਹੈ ਜਿਸ ਦੇ ਬਾਰੇ ਐਨਾ ਹੀ ਆਖਿਆ ਜਾ ਸਕਦਾ ਹੈ ਕਿ ਆਦਮੀ ਦੇ ਅੰਦਰ energy (ਸ਼ਕਤੀ) ਦਾ ਬਹੁਤ ਵੱਡਾ ਭੰਡਾਰ ਹੈ ਜਦੋਂ ਬਿਰਤੀ ਇਕਾਗਰ ਹੁੰਦੀ ਹੈ ਤਦ ਉਹ ਬ੍ਰਹਿਮੰਡੀ ਐਨਰਜੀ ਪ੍ਰਮੇਸ਼ਰ ਸ਼ਕਤੀ ਨਾਲ ਜੁੜ ਜਾਂਦੀ ਹੈ। ਉਸ ਵਿਚੋਂ ਉਸੇ ਤਰ੍ਹਾਂ ਸ਼ਕਤੀ ਆਉਣੀ ਸ਼ੁਰੂ ਹੋ ਜਾਂਦੀ ਹੈ ਜਿਵੇਂ power house ਵਿਚੋਂ ਬਿਜਲੀ ਤਾਰਾਂ ਵਿਚ ਆਉਂਦੀ ਹੈ। ਵਾਹਿਗੁਰੂ ਜੀ ਦੀ ਸ਼ਕਤੀ ਆਉਣ ਨਾਲ ਥਕੇਵਾਂ-ਅਕੇਵਾਂ ਨਹੀਂ ਹੁੰਦਾ ਸਗਮਾਂ ਇਕ ਰਸ ਤਾਰੀ ਹੋ ਜਾਂਦਾ ਹੈ, ਇਕ ਮਹਾਨ ਖੁਸ਼ੀ ਦਾ ਸੋਮਾ ਪੈਦਾ ਹੋ ਜਾਂਦਾ ਹੈ ਜਿਸ ਨੂੰ ਅਧਿਆਤਮਕ ਬੋਲੀ ਵਿਚ ਕਿਹਾ ਜਾਂਦਾ ਹੈ ਕਿ ਇਸ ਦਾ ਕਮਲ ਫੁੱਲ ਸਿੱਧਾ ਹੋ ਗਿਆ ਹੈ। ਗੁਰੂ ਮਹਾਰਾਜ ਜੀ ਵੀ ਫੁਰਮਾਨ ਕਰਦੇ ਹਨ -

***ਉਲਟਿ ਕਮਲੁ ਅੰਮ੍ਰਿਤਿ ਭਰਿਆ ਇਹੁ ਮਨੁ ਕਤਹੁ ਨ ਜਾਇ॥***
***ਅਜਪਾ ਜਾਪੁ ਨ ਵੀਸਰੈ ਆਦਿ ਜੁਗਾਦਿ ਸਮਾਇ॥ ਪੰਨਾ - 1291***

ਜੋ ਥਕਦੇ ਹਨ, ਉਹ ਕਿਉਂ ਥਕਦੇ ਹਨ, ਕੀਰਤਨ ਕਰਨ ਨਾਲ ਤਾਂ ਸੁਰਤ ਵਾਹਿਗੁਰੂ ਜੀ ਵਿਚ ਲੀਨ ਹੋ ਜਾਂਦੀ ਹੈ, ਥਕੇਵੇਂ ਦਾ ਸਵਾਲ ਹੀ ਪੈਂਦਾ ਨਹੀਂ ਹੁੰਦਾ।

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਸਵੇਰੇ 2 ਵਜੇ ਸ੍ਰੀ ਆਸਾ ਜੀ ਦੀ ਵਾਰ ਲਾ ਕੇ ਪੂਰੇ 14 ਘੰਟੇ ਬਾਦ ਭੋਗ ਪਾਉਂਦੇ ਸਨ। ਇਕ ਵਾਰੀ ਉਨ੍ਹਾਂ ਦਾ ਕੀਰਤਨ ਸ੍ਰੀ ਗੁਰੂ ਸਿੰਘ ਸਭਾ ਪਟਿਆਲਾ ਵਿਚ ਹੋਣਾ ਸੀ। ਸ. ਬਾਬੂ ਸਿੰਘ ਜੀ ਗਰੇਵਾਲ ਡਿਪਟੀ ਇੰਸਪੈਕਟਰ ਜਨਰਲ ਪੁਲਿਸ ਪਟਿਆਲਾ ਮੇਰੇ ਨਾਲ ਹੀ ਕੀਰਤਨ ਵਿਚ ਬੈਠੇ ਸਨ। ਜਦੋਂ 2 ਤੋਂ 10 ਵਜੇ ਤਕ ਆਪ ਅੱਧੀ ਆਸਾ ਜੀ ਦੀ ਵਾਰ ਹੀ ਕਰ ਸਕੇ ਤਾਂ ਸ. ਬਾਬੂ ਸਿੰਘ ਜੀ ਨੇ ਕਿਹਾ ਕਿ ਪ੍ਰਸ਼ਾਦਾ ਛਕ ਆਈਏ। ਮੈਂ ਛਾਉਣੀ ਵਿਚ ਹੁੰਦਾ ਸਾਂ, ਮੇਰੇ ਪਾਸ ਰਸਾਲੇ ਵਾਲੇ ਕੁਆਰਟਰਾਂ ਵਿਚੋਂ ਇਕ ਕੁਆਰਟਰ ਸੀ ਜੋ ਛਾਉਣੀ ਦੇ ਦੂਜੇ ਸਿਰੇ ਸੀ ਅਤੇ ਬੀਬੀ (ਪਤਨੀ ਬੀਬੀ ਰਣਜੀਤ ਕੌਰ ਜੀ) ਵੀ ਮੇਰੇ ਨਾਲ ਸਨ, ਅਸੀਂ ਜਾ ਕੇ ਪ੍ਰਸ਼ਾਦਾ ਛਕ ਕੇ ਵਾਪਸ ਆ ਗਏ ਉਸ ਸਮੇਂ ਕੀਰਤਨ ਚਲ ਰਿਹਾ ਸੀ। ਚਾਰ ਵਜੇ ਵੀ ਅਜੇ ਕੀਰਤਨ ਹੋ ਰਿਹਾ ਸੀ, ਜੱਥੇ ਦੇ ਕਈ ਸਿੰਘ ਉਠ ਕੇ ਤੁਰ ਫਿਰ ਰਹੇ ਸਨ ਅਤੇ ਭਾਈ ਸਾਹਿਬ ਇਕੱਲੇ ਹੀ ਵਾਜੇ ਨਾਲ ਉਚੀਆਂ ਅਖੀਰਲੀਆਂ ਸੁਰਾਂ ਨਾਲ ਇਕੋ ਵਾਕ ਦਾ ਕੀਰਤਨ ਕਰ ਰਹੇ ਸਨ। ਐਉਂ ਲਗਦਾ ਸੀ ਜਿਵੇਂ ਉਨ੍ਹਾਂ ਦੀ ਸੁਰਤ ਇਸ ਭੂੰ ਮੰਡਲ ਤੋਂ ਉਡਾਰੀ ਮਾਰ ਕੇ ਵਾਹਿਗੁਰੂ ਮੰਡਲ ਵਿਚ ਵਾਹਿਗੁਰੂ ਜੀ ਦੇ ਸਮਰਤੱਖ ਬੇਨਤੀਆਂ ਕਰ ਰਹੀ ਹੋਵੇ। ਆਪ ਕੀਰਤਨ ਕਰ ਰਹੇ ਸਨ। ਸਿੰਘ ਸਭਾ ਦੇ ਕਰਮਚਾਰੀ ਨੇ ਟਾਈਮ ਪੀਸ ਲਿਆ, ਅਲਾਰਮ ਫਿੱਟ ਕਰ ਦਿਤਾ ਅਤੇ ਅਲਾਰਮ ਚਾਲੂ ਕਰਕੇ ਭਾਈ ਸਾਹਿਬ ਦੇ ਸਾਮ੍ਹਣੇ ਲੈ ਕੇ ਖੜ੍ਹ ਗਿਆ। ਜਦੋਂ ਟ੍ਰਨ-ਟ੍ਰਨ ਦੀ ਅਵਾਜ਼ ਹੋਈ ਭਾਈ ਸਾਹਿਬ ਜੀ ਨੇ ਕੀਰਤਨ ਕਰਦਿਆਂ ਨੇ ਹੀ ਜ਼ੋਰ ਦੀ ਹੱਥ ਮਾਰਿਆ। ਜੋ ਟਾਈਮ ਪੀਸ ਸੀ ਉਹ ਉਸ ਦੇ ਹੱਥੋਂ ਛੁਟ ਕੇ ਦੂਰ ਤਕ ਰੁੜ੍ਹਦਾ ਹੀ ਚਲਿਆ ਗਿਆ। ਇਸ ਗੱਲ ਨੂੰ ਆਮ ਬੰਦੇ ਨਹੀਂ ਸੀ ਸਮਝ ਸਕਦੇ ਕਿ ਆਪ ਕਿਉਂ ਨਹੀਂ ਥਕਦੇ ਸਨ। ਇਹ ਓਹੀ ਜਾਣਦੇ ਹਨ ਜਿਨ੍ਹਾਂ ਨੇ ਅਜਿਹੀਆਂ ਅਵਸਥਾਵਾਂ ਦੇਖੀਆਂ ਹੋਣ। ਸੰਤ ਮਹਾਰਾਜ ਜੀ ਕਈ-ਕਈ ਦਿਨ ਸਾਧਨਾ ਵਿਚ ਬੈਠੇ ਰਹਿੰਦੇ ਸਨ, ਨਾ ਕੁਝ ਖਾਣਾ, ਨਾ ਪੀਣਾ, ਕਈ ਵਾਰੀ ਆਪ ਨੇ ਆਪਣੀ ਕੁਟੀਆ ਦਾ ਦਰਵਾਜ਼ਾ ਬੰਦ ਕਰ ਲੈਣਾ ਤੇ ਕਈ ਦਿਨ ਨਾ ਖੋਲ੍ਹਣਾ। ਮਹਾਰਾਜ ਜੀ ਮੈਨੂੰ ਦਸਦੇ ਸਨ ਕਿ ਇਕ ਵਾਰੀ ਭਾਦਰੋਂ ਦੇ ਮਹੀਨੇ ਵਿਚ ਅਸੀਂ ਅੰਦਰ ਬੰਦ ਹੋ ਗਏ ਅਤੇ ਕਈ ਦਿਨ ਬਾਹਰ ਨਾ ਨਿਕਲੇ, ਗਰਮੀ ਬਹੁਤ ਜ਼ਿਆਦਾ ਸੀ ਪਰ ਸਾਨੂੰ ਮਹਿਸੂਸ ਹੀ ਨਾ ਹੋਈ। ਸੋ ਇਸ ਅਖੰਡ ਸਿਮਰਨ ਨੂੰ ਤਪਸਿਆ ਆਖਿਆ ਜਾਂਦਾ ਹੈ। ਗੁਰੂ ਦਸ਼ਮੇਸ਼ ਪਿਤਾ ਨੇ ਵੀ ਵਰਣਨ ਕੀਤਾ ਹੈ -

***ਇਹ ਬਿਧਿ ਕਰਤ ਤਪੱਸਿਆ ਭਯੋ। ਦ੍ਵੈ ਤੇ ਏਕ ਰੂਪ ਹ੍ਵੈ ਗਯੋ॥***

ਰੂਹਾਨੀ ਉਚਤਾ ਦੀ ਪ੍ਰਤੀਕ ਸਾਧੂਆਂ ਦੀ ਬੇਪਰਵਾਹੀ ਹੋਇਆ ਕਰਦੀ ਹੈ ਉਨ੍ਹਾਂ ਦੀ ਅਕਾਲ ਪੁਰਖ ਨਾਲ ਬਣ ਆਉਂਦੀ ਹੈ। ਉਨ੍ਹਾਂ ਨੂੰ ਦੁਨੀਆਦਾਰਾਂ

ਦੀ ਕੋਈ ਪ੍ਰਵਾਹ ਨਹੀਂ ਹੋਇਆ ਕਰਦੀ। ਕਈ ਪ੍ਰੇਮੀਆਂ ਦਾ, ਜੋ ਸਾਧੂਆਂ ਦੀ ਬੇਪਰਵਾਹੀ ਬਾਰੇ ਨਹੀਂ ਸਮਝਦੇ ਖਿਆਲ ਹੁੰਦਾ ਹੈ ਕਿ ਸਾਧੂ ਬਹੁਤ ਅਭਿਆਨੀ ਹੁੰਦੇ ਹਨ ਪਰ ਇਹ ਬਿਲਕੁਲ ਗਲਤ ਹੈ ਉਨ੍ਹਾਂ ਨੂੰ ਪਤਾ ਹੀ ਨਹੀਂ ਕਿ ਸਾਧੂ ਕਿਥੇ ਰਹਿੰਦੇ ਹਨ। ਗੁਰਬਾਣੀ ਦੇ ਅੰਦਰ ਫੁਰਮਾਨ ਆਉਂਦਾ ਹੈ –

***ਸਾਧ ਕੀ ਮਹਿਮਾ ਬੇਦ ਨ ਜਾਨਹਿ॥***
***ਜੇਤਾ ਸੁਨਹਿ ਤੇਤਾ ਬਖਿਆਨਹਿ॥***
***ਸਾਧ ਕੀ ਉਪਮਾ ਤਿਹੁ ਗੁਣ ਤੇ ਦੂਰਿ॥***
***ਸਾਧ ਕੀ ਉਪਮਾ ਰਹੀ ਭਰਪੂਰਿ॥***
***ਸਾਧ ਕੀ ਸੋਭਾ ਕਾ ਨਾਹੀ ਅੰਤ॥***
***ਸਾਧ ਕੀ ਸੋਭਾ ਸਦਾ ਬੇਅੰਤ॥***
***ਸਾਧ ਕੀ ਸੋਭਾ ਊਚ ਤੇ ਊਚੀ॥***
***ਸਾਧ ਕੀ ਸੋਭਾ ਮੂਚ ਤੇ ਮੂਚੀ॥***
***ਸਾਧ ਕੀ ਸੋਭਾ ਸਾਧ ਬਨਿ ਆਈ॥***
***ਨਾਨਕ ਸਾਧ ਪ੍ਰਭ ਭੇਦੁ ਨ ਭਾਈ॥*** ***ਪੰਨਾ – 272***

ਜਿਸ ਪ੍ਰਭੂ ਪਿਆਰੇ ਨੂੰ ਐਨੀ ਉਚੀ ਪਦਵੀ ਪ੍ਰਾਪਤ ਹੋ ਜਾਵੇ ਕਿ ਉਸ ਵਿਚ ਅਤੇ ਵਾਹਿਗੁਰੂ ਜੀ ਵਿਚ ਕੋਈ ਭੇਦ ਪ੍ਰਤੀਤ ਨਾ ਦਿੰਦਾ ਹੋਵੇ ਤਾਂ ਉਹ 84 ਲੱਖ ਦੇ ਚੱਕਰ ਵਿਚ ਫਸਿਆ ਹੋਇਆ ਵਾਸ਼ਨਾ ਦੇ ਮਧੋਲੇ ਹੋਏ ਬੰਦਿਆਂ ਦਾ ਆਦਰ ਕਿਉਂ ਕਰਨ, ਭਾਵੇਂ ਉਹ ਬਾਦਸ਼ਾਹ ਹੀ ਕਿਉਂ ਨਾ ਹੋਵੇ। ਕਿਉਂਕਿ ਉਹ ਬੇਪਰਵਾਹ ਹੁੰਦੇ ਹਨ, ਆਪਣੇ ਮਾਲਕ ਤੋਂ ਬਿਨਾਂ ਹੋਰ ਕਿਸੇ ਦੀ ਪ੍ਰਵਾਹ ਹੀ ਨਹੀਂ ਕਰਦੇ। ਉਹ ਆਪਣੇ ਪ੍ਰਭੂ ਦੇ ਪਿਆਰ ਵਿਚ ਸਦਾ ਪ੍ਰਮ ਉਚਤਾ ਮਹਿਸੂਸ ਕਰਦੇ ਹਨ ਜਿਵੇਂ ਕਿ ਫੁਰਮਾਨ ਆਇਆ ਹੈ–

***ਸੰਤਨ ਅਵਰ ਨ ਕਾਹੂ ਜਾਨੀ॥***
***ਬੇਪਰਵਾਹ ਸਦਾ ਰੰਗਿ ਹਰਿ ਕੈ ਜਾ ਕੋ ਪਾਖੁ ਸੁਆਮੀ॥***
***ਊਚ ਸਮਾਨਾ ਠਾਕੁਰ ਤੇਰੋ ਅਵਰ ਨ ਕਾਹੂ ਤਾਨੀ॥***
***ਐਸੋ ਅਮਰੁ ਮਿਲਿਓ ਭਗਤਨ ਕਉ ਰਾਚਿ ਰਹੇ ਰੰਗਿ ਗਿਆਨੀ॥***
***ਪੰਨਾ – 711***

ਐਸੀ ਹਕੂਮਤ ਹੈ ਭਗਤ ਜਨਾਂ ਦੀ ਕਿ ਜਿਸ ਦੇ ਅੱਗੇ ਸਵਰਗ ਲੋਕਾਂ ਦੇ ਦੇਵਤੇ ਵੀ ਝੁਕਦੇ ਹਨ ਅਤੇ ਸੰਤਾਂ ਦੇ ਦਰਸ਼ਨ ਕਰਨ ਲਈ ਉਨ੍ਹਾਂ ਨੂੰ ਖੋਜਦੇ ਫਿਰਦੇ ਹਨ ਜਿਵੇਂ ਕਿ ਫੁਰਮਾਨ ਹੈ –

***ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ॥***
***ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ॥*** ***ਪੰਨਾ – 273***

ਭਗਤ ਭਗਵਾਨ ਦੇ ਨਾਲ ਇਕਮਿਕ ਹੋਇਆ ਹੁੰਦਾ ਹੈ ਵਾਹਿਗੁਰੂ ਜੀ ਦੀ ਸਾਰੀ ਸ੍ਰਿਸ਼ਟੀ ਵਿਚ ਕੋਈ ਵੀ ਨਹੀਂ ਜੋ ਉਨ੍ਹਾਂ ਦੀ ਬਰਾਬਰੀ ਕਰ ਸਕਦਾ ਹੋਵੇ। ਮੂਰਖ ਲੋਕ ਸੰਤਾਂ ਨੂੰ ਮਾਮੂਲੀ ਬੰਦਾ ਸਮਝ ਕੇ ਉਨ੍ਹਾਂ ਤੋਂ ਆਪਣਾ ਸਤਿਕਾਰ ਭਾਲਦੇ ਹਨ। ਇਹ ਤਾਂ ਸੰਤਾਂ ਦੀ ਮੌਜ ਹੈ, ਉਹ ਜਦੋਂ ਮੌਜ ਦੇ ਘਰ ਵਿਚ ਆਉਂਦੇ ਹਨ ਤਾਂ ਛੋਟੇ ਤੋਂ ਛੋਟੇ ਦਾ ਵੀ ਸਤਿਕਾਰ ਕਰਦੇ ਹਨ

ਪਰ ਅਭਿਮਾਨੀ ਪੁਰਸ਼ ਨੂੰ ਆਪਣੀ ਨਿਗ੍ਹਾ ਥੱਲੇ ਨਹੀਂ ਲਿਆਉਂਦੇ। ਜਿਸ ਤਰ੍ਹਾਂ ਕਿ ਫੁਰਮਾਨ ਹੈ –

*ਜਾ ਕਾ ਕਹਿਆ ਦਰਗਹ ਚਲੈ॥*
*ਸੋ ਕਿਸ ਕਉ ਨਦਰਿ ਲੈ ਆਵੈ ਤਲੈ॥* *ਪੰਨਾ – 186*

ਉਹ ਸਦਾ ਹੀ ਨਿਰਭਉ ਹੋਏ ਹੋਏ ਵਾਹਿਗੁਰੂ ਦੇ ਪਿਆਰ ਵਿਚ ਲੀਨ ਰਹਿੰਦੇ ਹਨ –

*ਰੋਗ ਸੋਗ ਦੁਖ ਜਰਾ ਮਰਾ ਹਰਿ ਜਨਹਿ ਨਹੀ ਨਿਕਟਾਨੀ॥*
*ਨਿਰਭਉ ਹੋਇ ਰਹੇ ਲਿਵ ਏਕੈ ਨਾਨਕ ਹਰਿ ਮਨੁ ਮਾਨੀ॥*
*ਪੰਨਾ – 711*

ਸੱਚੀ ਪਾਤਸ਼ਾਹੀ ਵਾਹਿਗੁਰੂ ਜੀ ਨੇ ਭਗਤਾਂ ਨੂੰ ਦਿਤੀ ਹੈ ਉਨ੍ਹਾਂ ਦਾ ਹੁਕਮ ਐਨਾ ਸ਼ਕਤੀਸ਼ਾਲ ਹੁੰਦਾ ਹੈ ਕਿ ਵਾਹਿਗੁਰੂ ਜੀ ਵਲੋਂ ਕੀਤੀ ਹੋਈ ਨੂੰ ਰੱਦ ਕਰਕੇ ਆਪਣੀ ਮਰਜ਼ੀ ਨਾਲ ਬਦਲ ਦਿਆ ਕਰਦੇ ਹਨ ਅਤੇ ਵਾਹਿਗੁਰੂ ਜੀ ਨੂੰ ਮੰਨਣਾ ਹੀ ਪੈਂਦਾ ਹੈ ਜਿਸ ਤਰ੍ਹਾਂ ਕਿ ਫੁਰਮਾਨ ਆਉਂਦਾ ਹੈ –

*ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤੁ ਨ ਛੂਟੈ ਮੋਹਿ॥*
*ਏਕ ਸਮੈ ਮੋ ਕਉ ਗਹਿ ਬਾਂਧੈ ਤਉ ਫੁਨਿ ਮੋ ਪੈ ਜਬਾਬੁ ਨ ਹੋਇ॥*
*ਪੰਨਾ – 1252*

*ਜੋ ਕਿਛੁ ਕਰੈ ਸੋਈ ਪ੍ਰਭ ਮਾਨਹਿ*
*ਓਇ ਰਾਮ ਨਾਮ ਰੰਗਿ ਰਾਤੇ॥*
*ਤਿਨ ਕੀ ਸੋਭਾ ਸਭਨੀ ਥਾਈ*
*ਜਿਨ ਪ੍ਰਭ ਕੇ ਚਰਣ ਪਰਾਤੇ॥*
*ਮੇਰੇ ਰਾਮ ਹਰਿ ਸੰਤਾ ਜੇਵਡੁ ਨ ਕੋਈ॥*
*ਭਗਤਾ ਬਣਿ ਆਈ ਪ੍ਰਭ ਅਪਨੇ ਸਿਉ*
*ਜਲਿ ਥਲਿ ਮਹੀਅਲਿ ਸੋਈ॥* *ਪੰਨਾ – 748*

ਉਨ੍ਹਾਂ ਦੀ ਸੰਗਤ ਕਰਕੇ ਵੱਡੇ-ਵੱਡੇ ਮਹਾਂ ਪਾਪੀ ਭਵਜਲ ਪਾਰ ਹੋ ਜਾਂਦੇ ਹਨ।

ਜਦੋਂ ਆਪ ਢੱਕੀ ਵਿਚ ਤਪਸਿਆ ਕਰ ਰਹੇ ਸਨ ਉਸ ਵੇਲੇ ਦੀ ਘਟਨਾ ਹੈ। ਢੱਕੀ ਦੀ ਤਪੋ ਭੂਮੀ ਵਿਚ ਕਈ ਸੱਪ ਆ ਜਾਇਆ ਕਰਦੇ ਸਨ। ਇਕ ਦੋ ਸੱਪ ਤਾਂ ਨੱਚਣ ਲਗ ਜਾਂਦੇ ਸਨ, ਪਰ ਜਦੋਂ ਸਿੰਘਾਂ ਨੇ ਟਾਰਚ ਮਾਰ ਕੇ ਦੇਖਣਾ ਤਾਂ ਪਤਾ ਨਾ ਲਗਣਾ ਕਿ ਕਿੱਧਰ ਨੂੰ ਚਲੇ ਗਏ। ਸੰਤ ਮਹਾਰਾਜ ਜੀ ਨੂੰ ਇਹ ਗੱਲ ਦੱਸੀ ਗਈ ਤਾਂ ਆਪ ਨੇ ਕਿਹਾ ਕਿ ਪਿਆਰਿਓ! ਨਾਮ ਜਪਣ ਵਾਲੇ ਦੇ ਅੰਦਰੋਂ ਐਸੀਆਂ ਲਹਿਰਾਂ ਉਠਦੀਆਂ ਹਨ ਜਿਹੜੀਆਂ ਜੀਵ ਜੰਤੂਆਂ, ਪਸ਼ੂਆਂ, ਪੰਛੀਆਂ ਅੰਦਰ ਸ਼ਾਂਤੀ ਪ੍ਰਦਾਨ ਕਰ ਦਿੰਦੀਆਂ ਹਨ। ਸੱਪ ਹਮੇਸ਼ਾ ਬਿੱਖ ਦੇ ਸੇਕ ਨਾਲ ਦੁਖੀ ਹੁੰਦਾ ਰਹਿੰਦਾ ਹੈ। ਪਰ ਤੁਸੀਂ ਇਥੇ ਨਾਮ ਜਪਦੇ ਹੋਂ, ਨਾਮ ਜਪਣ ਨਾਲ ਇਸ ਧਰਤੀ ਦਾ ਕਣ-ਕਣ ਪਵਿੱਤਰ ਹੋ ਗਿਆ ਹੈ। ਜਦੋਂ ਚਰਣ ਧੂੜੀ ਸੱਪਾਂ ਦੇ ਸਰੀਰ ਨਾਲ ਲਗਦੀ ਹੈ ਇਹ ਵੀ ਸ਼ਾਂਤ ਹੋ ਜਾਂਦੇ ਹਨ। ਇਹ ਸੁੱਖ ਵਿਚ ਆਏ ਹੋਏ ਨੱਚਣ

ਲਗ ਜਾਂਦੇ ਹਨ। ਤੁਸੀਂ ਇਨ੍ਹਾਂ ਦਾ ਫਿਕਰ ਨਾ ਕਰੋ, ਇਹ ਤੁਹਾਨੂੰ ਕੁਝ ਨਹੀਂ ਕਹਿਣਗੇ। ਇਸ ਤਰ੍ਹਾਂ ਇਕ ਵਾਰ ਇਕ ਸੇਵਾਦਾਰ ਨੇ ਕਿਹਾ ਕਿ ਹਰ ਰੋਜ਼ ਇਕ ਵਜੇ ਮੈਂ ਦੇਖਦਾ ਹਾਂ ਕਿ ਇਕ ਕਾਲਾ ਨਾਗ ਫਰਾਟੇ ਮਾਰਦਾ ਤੁਰਿਆ ਆਉਂਦਾ ਹੈ। ਜਦੋਂ ਆਪ ਸਮਾਧੀ ਸਥਿਤ ਹੁੰਦੇ ਹੋ, ਉਥੇ ਆ ਕੇ ਕੁਟੀਆ ਦੇ ਦਰਵਾਜ਼ੇ ਅੱਗੇ ਫਣ ਖਲਾਰ ਕੇ ਖੜ੍ਹਾ ਰਹਿੰਦਾ ਹੈ। ਸਾਨੂੰ ਸੰਦੇਹ ਹੈ ਕਿ ਕਿਤੇ ਕੁਟੀਆ 'ਚ ਹੇਠਾਂ ਨਾ ਉਤਰ ਆਵੇ ਅਤੇ ਆਪ ਦੇ ਸਰੀਰ ਨੂੰ ਕੋਈ ਨੁਕਸਾਨ ਨਾ ਪਹੁੰਚਾਵੇ। ਹੰਕਾਰਿਆ ਹੋਇਆ ਸੱਪ ਹੈ, ਹੁਕਮ ਹੋਵੇ ਤਾਂ ਇਸ ਨੂੰ ਪਾਰ ਬੁਲਾ ਦੇਈਏ। ਉਸ ਵੇਲੇ ਸੰਤ ਮਹਾਰਾਜ ਜੀ ਨੇ ਅਗੰਮ ਵਾਚਿਆ ਅਤੇ ਕਿਹਾ ਕਿ ਨਹੀਂ ਇਸ ਨੂੰ ਕੁਝ ਨਹੀਂ ਕਹਿਣਾ, ਇਹ ਬਹੁਤ ਹੀ ਭਟਕੀ ਹੋਈ ਰੂਹ ਹੈ। ਇਸ ਦੀ ਕਲਿਆਣ ਦਾ ਸਮਾਂ ਹੁਣ ਪਹੁੰਚ ਚੁਕਿਆ ਹੈ, ਥੋੜ੍ਹੇ ਦਿਨਾਂ ਬਾਦ ਇਹ ਸਰੀਰ ਛੱਡ ਜਾਵੇਗਾ। ਉਸ ਵੇਲੇ ਭਾਈ ਨਾਹਰ ਸਿੰਘ ਜੀ ਮੁਖ ਗੜਵਈ ਸਨ ਉਹ ਬਹੁਤ ਹੀ ਸੁਲਝੇ ਹੋਏ ਗੁਰਸਿੱਖ ਸਨ, ਉਨ੍ਹਾਂ ਦਾ ਗੋਰਾ ਰੰਗ ਸੀ, ਖਿੱਚ ਪਾਉਣ ਵਾਲੇ ਨੈਣ ਸਨ, ਬੋਲ ਅਤਿ ਦਾ ਮਿੱਠਾ ਸੀ। ਐਉਂ ਲਗਦਾ ਸੀ ਕਿ ਉਹ ਕੌੜਾ ਬੋਲਣ ਜਾਣਦੇ ਹੀ ਨਹੀਂ ਸਨ। ਨਾ ਕਿਸੇ ਨਾਲ ਗੁੱਸੇ ਹੁੰਦੇ ਸਨ। ਉਹ ਚੰਦਨ ਰੂਪ ਦੀ ਸੇਵਾ ਵਿਚ ਰਹਿ ਕੇ ਚੰਦਨ ਨਾਲ ਭਰ ਕੇ ਚੰਦਨ ਹੀ ਪ੍ਰਤੀਤ ਦਿੰਦੇ ਸਨ। ਬਹੁਤ ਹੀ ਸਰਲ ਸੁਭਾਅ ਸੀ, ਕਰਨੀ ਕਮਾਈ ਵਿਚ ਕੇਵਲ ਗੱਲਾਂਬਾਤਾਂ ਵਾਲੇ ਹੀ ਨਹੀਂ ਸਨ ਸਗੋਂ ਘਾਲ ਕਮਾਈ ਵਾਲੇ ਸਨ।

ਇਕ ਵਾਰੀ ਗਿਆਨੀ ਮਿਹਰ ਸਿੰਘ ਜੀ ਜੋ ਅੱਜਕਲ੍ਹ ਕੁਰਸ਼ੇਤਰ ਰਹਿੰਦੇ ਹਨ ਉਨ੍ਹਾਂ ਦੇ ਮਨ ਵਿਚ ਖਿਆਲ ਆਇਆ ਕਿ ਆਪਾਂ ਫੇਰ ਨਿਰਣਾ ਕਰਕੇ ਦੇਖੀਏ ਕਿ ਕਿੰਨੀ ਦੇਰ ਸਾਵਧਾਨ ਰਹਿ ਕੇ ਭਜਨ ਬੰਦਗੀ ਕਰ ਸਕਦੇ ਹਾਂ, ਦੋਨੋਂ ਜਣੇ ਮਤਾ ਕਰਕੇ ਬੈਠ ਗਏ। ਹੈਰਾਨ ਹੋ ਜਾਈਦਾ ਹੈ ਕਿ ਪੂਰੇ ਚਾਰ ਦਿਨ, ਚਾਰ ਰਾਤਾਂ ਪੂਰੀ ਤਰ੍ਹਾਂ ਜਾਗ ਕੇ ਸਿਮਰਨ ਕਰਦੇ ਰਹੇ। ਅੱਜਕਲ੍ਹ ਅਜਿਹੇ ਪ੍ਰੇਮੀ ਬਹੁਤ ਹੀ ਘੱਟ ਦੇਖਣ ਵਿਚ ਆਉਂਦੇ ਹਨ। ਕਿਉਂਕਿ ਉਹ ਦੋਨੋਂ ਜਣੇ ਘਾਲ ਕਮਾਈ ਦੇ ਹੁੰਦਿਆਂ ਹੋਇਆਂ ਬਹੁਤ ਸੁਲਝੇ ਹੋਏ ਸਨ। ਭਾਈ ਨਾਹਰ ਸਿੰਘ ਜੀ ਨੇ ਇਕ ਦਿਨ ਸੰਤ ਮਹਾਰਾਜ ਜੀ ਪਾਸ ਬੇਨਤੀ ਕੀਤੀ ਕਿ ਪਾਤਸ਼ਾਹ! ਅੱਜ ਜਦੋਂ ਮੈਂ ਆਪ ਦੀ ਕੁਟੀਆ ਦੇ ਪਿਛਲੇ ਪਾਸੇ ਜਾ ਕੇ ਦੇਖ ਰਿਹਾ ਸਾਂ ਮੈਨੂੰ ਓਹੀ ਸੱਪ ਨਜ਼ਰੀ ਪਿਆ, ਜੋ ਸਿੱਧਾ ਲੰਮਾ ਪਿਆ ਸੀ। ਉਸ ਦਾ ਫਣ ਆਪ ਦੀ ਕੁਟੀਆ ਨਾਲ ਲੱਗਿਆ ਹੋਇਆ ਸੀ, ਮੈਂ ਹਿਲਾ ਕੇ ਦੇਖਿਆ, ਉਹ ਮਰਿਆ ਪਿਆ ਸੀ। ਉਸ ਵੇਲੇ ਬਾਕੀ ਸਿੰਘਾਂ ਦੇ ਮਨਾਂ ਵਿਚ ਵੀ ਜਗਿਆਸਾ ਹੋਈ ਕਿ ਮਹਾਰਾਜ ਜੀ ਤੋਂ ਇਸ ਬਾਰੇ ਕੋਈ ਜਾਣਕਾਰੀ ਪ੍ਰਾਪਤ ਕਰੀਏ। ਸੰਤ ਮਹਾਰਾਜ ਜੀ ਦੀ ਬਿਰਤੀ ਪੂਰੀ ਤਰ੍ਹਾਂ ਇਸ ਤਰ੍ਹਾਂ ਦੀ ਸੀ ਕਿ –

***ਹੋਨਿ ਨਜੀਕਿ ਖੁਦਾਇ ਦੈ ਭੇਤੁ ਨ ਕਿਸੈ ਦੇਨਿ॥ ਪੰਨਾ – 1384***

ਪਹਿਲਾਂ ਤਾਂ ਉਨ੍ਹਾਂ ਨੇ ਇਹ ਸੁਣ ਕੇ ਕੋਈ ਬਚਨ ਹੀ ਨਾ ਕੀਤਾ ਕਿਹਾ ਕਿ ਪ੍ਰਭੂ ਦੇ ਜੀਵ ਅਨੇਕਾਂ ਹਨ ਇਸ ਦਾ ਅੰਤ ਸਮਾਂ ਆ ਗਿਆ

ਤੇ ਇਹ ਚੜ੍ਹਾਈ ਕਰ ਗਿਆ। ਉਸ ਵੇਲੇ ਕਈ ਪ੍ਰੇਮੀਆਂ ਨੇ ਕਿਹਾ ਕਿ ਆਪ ਨੇ ਇਕ ਦਿਨ ਇਹ ਬਚਨ ਕੀਤਾ ਸੀ ਕਿ ਇਹ ਬੜਾ ਹੰਕਾਰੀ ਜੀਵ ਹੈ। ਉਸੇ ਦਿਨ ਤੋਂ ਅਸਾਡੇ ਮਨ ਵਿਚ ਇਹ ਲਾਲਸਾ ਬਣੀ ਹੋਈ ਹੈ ਕਿ ਇਸ ਸੱਪ ਦੇ ਬਾਰੇ ਹੋਰ ਕੁਝ ਜਾਣੀਏ। ਆਪ ਭੂਤ, ਭਵਿੱਖ, ਵਰਤਮਾਨ ਦੇ ਜਾਣਨ ਵਾਲੇ ਤ੍ਰਿਕਾਲਦਰਸ਼ੀ ਹੋ, ਆਪ ਤੋਂ ਕੋਈ ਗੱਲ ਛੁਪੀ ਹੋਈ ਨਹੀਂ। ਕ੍ਰਿਪਾ ਕਰਕੇ ਆਪ ਇਸ ਬਾਰੇ ਕੁਝ ਦੱਸਣ ਦੀ ਖੇਚਲ ਕਰੋ, ਇਹ ਸਾਡੇ ਸਾਰਿਆਂ ਦੀ ਬੇਨਤੀ ਹੈ। ਉਸ ਵੇਲੇ ਸੰਤ ਮਹਾਰਾਜ ਜੀ ਨੇ ਕਿਹਾ ਕਿ ਗੁਰਮੁਖੋ! ਬੰਦਗੀ ਕਰਨ ਦੇ ਨਾਲ ਇਕ ਐਸੀ ਅਵਸਥਾ ਪ੍ਰਾਪਤ ਹੋ ਜਾਇਆ ਕਰਦੀ ਹੈ ਜਿਥੇ ਪਹੁੰਚ ਕੇ ਕੋਈ ਗੱਲ ਵੀ ਗੁਝੀ ਛਿਪੀ ਨਹੀਂ ਰਹਿੰਦੀ। ਮਹਾਤਮਾ ਸੈਂਕੜੇ ਸਾਲ ਭੂਤ ਕਾਲ ਵਿਚ ਝਾਕ ਸਕਦੇ ਹਨ ਅਤੇ ਸੈਂਕੜੇ ਸਾਲ ਪਹਿਲਾਂ ਭਵਿੱਖਤ ਵਾਚ ਸਕਦੇ ਹਨ। ਸਭ ਕੁਝ ਜਾਣਦੇ ਹੋਏ ਵੀ ਪ੍ਰਗਟ ਕੁਝ ਨਹੀਂ ਕਰਿਆ ਕਰਦੇ ਕਿਉਂਕਿ ਉਹ ਬਹੁਤ ਗਹਿਰ ਗੰਭੀਰ ਹੁੰਦੇ ਹਨ, ਹੋਛੇ ਨਹੀਂ ਹੁੰਦੇ। ਉਹ ਮਣ ਜਿੰਨੀ ਮਹੱਤਤਾ ਰਖਦੇ ਹੋਏ ਰਾਈ ਜਿੰਨੀ ਪ੍ਰਗਟ ਕਰਦੇ ਹਨ। ਮਣ ਅਤੇ ਰਾਈ ਦੀ ਕੀ ਬਰਾਬਰੀ ਹੈ ਇਹ ਤੁਸੀਂ ਸਾਰੇ ਜਾਣਦੇ ਹੀ ਹੋ। ਪਰ ਤੁਸੀਂ ਸਾਰੇ ਐਸ ਵੇਲੇ ਮੋਨ ਰੱਖ ਕੇ ਭਜਨ ਕਰ ਰਹੇ ਹੋ, ਤੁਹਾਡੇ ਮਨ ਵਿਚ ਫੁਰਨਾ ਬਣਿਆ ਰਹੇਗਾ। ਸੋ ਇਸ ਕਰਕੇ ਅਸੀਂ ਆਪ ਨੂੰ ਦਸਦੇ ਹਾਂ ਕਿ ਗੁਰੂ ਹਰਿਗੋਬਿੰਦ ਪਾਤਸ਼ਾਹ ਜੀ ਇਸ ਪਾਇਲ ਦੀ ਤਹਿਸੀਲ ਵਿਚ ਕਾਫੀ ਸਮਾਂ ਵਿਚਰਦੇ ਰਹੇ, ਘੁਢਾਣੀ ਪਿੰਡ ਵਿਚ ਉਨ੍ਹਾਂ ਨੇ ਆਪਣੇ ਇਕ ਅੰਨਨ ਸੇਵਕ ਨੂੰ 52 ਕਲੀਆਂ ਵਾਲਾ ਚੋਲਾ ਅਤੇ ਨਿਤਨੇਮ ਕਰਨ ਵਾਲੀ ਪੰਜ ਗ੍ਰੰਥੀ ਦੀ ਬਖਸ਼ਿਸ਼ ਕੀਤੀ। ਜੋ ਅੱਜ ਵੀ ਘੁਢਾਣੀ ਦੇ ਗੁਰਦੁਆਰਾ ਸਾਹਿਬ ਵਿਚ ਸੰਗਤਾਂ ਦੇ ਦਰਸ਼ਨ ਨੂੰ ਰੱਖੀਆਂ ਹੋਈਆਂ ਹਨ। ਜਿਥੇ ਆਪਾਂ ਬੈਠੇ ਹਾਂ, ਇਹ ਥਾਂ ਬਹੁਤ ਸੋਹਣੇ ਦਰਖਤਾਂ ਨਾਲ ਹਰੀ ਭਰੀ ਸੀ। ਗੁਰੂ ਮਹਾਰਾਜ ਜੀ ਨੇ ਇਥੇ ਆਪਣੇ ਘੋੜੇ ਬੰਨ੍ਹੇ ਅਤੇ ਆਪ ਇਕ ਸੋਹਣੇ ਦਰਖਤ ਦੇ ਹੇਠਾਂ ਇਸ ਚਾਰਪਾਈ ਉਪਰ ਵਿਛੇ ਬਿਸਤਰੇ ਉਪਰ ਸਜ ਗਏ। ਇਰਦ-ਗਿਰਦ ਦੇ ਪਿੰਡਾਂ ਵਾਲਿਆਂ ਨੂੰ ਜਦੋਂ ਖਬਰ ਹੋਈ ਤਾਂ ਹੁੰਮ-ਹੁੰਮਾ ਕੇ ਦਰਸ਼ਨਾਂ ਨੂੰ ਪਹੁੰਚ ਗਏ। ਅਤੁੱਟ ਲੰਗਰ ਚਲ ਪਏ, ਹਰੀ ਦਾ ਜਸ ਹੋਣ ਲਗ ਗਿਆ। ਇਹ ਖਬਰਾਂ ਸੁਣ ਕੇ ਇਸ ਇਲਾਕੇ ਦਾ ਚੌਧਰੀ ਦਰਸ਼ਨ ਕਰਨ ਦਾ ਇਰਾਦਾ ਬਣਾਉਣ ਲੱਗਿਆ ਪਰ ਇਹ ਚੌਧਰੀ ਐਨਾ ਅਭਿਮਾਨੀ ਸੀ ਜਿਸ ਦੇ ਅੱਗੇ ਦੁਰਯੋਧਨ ਵੀ ਮਾਤ ਖਾਂਦਾ ਸੀ। ਇਹ ਅਭਿਮਾਨੀ ਲੋਕ ਕਿਲ੍ਹਿਆਂ ਵਾਂਗੂੰ ਹੁੰਦੇ ਹਨ ਜਦੋਂ ਮਹਾਂਪੁਰਸ਼ਾਂ ਦੀਆਂ ਬਖਸ਼ਿਸ਼ਾਂ ਦਾ ਮੀਂਹ ਬਰਸ ਰਿਹਾ ਹੁੰਦਾ ਹੈ ਤਾਂ ਇਨ੍ਹਾਂ ਉਚਿਆਂ ਟਿਲਿਆਂ ਤੋਂ ਰੁੜ੍ਹ ਕੇ ਨੀਵੇਂ ਥਾਵਾਂ ਤੇ ਆ ਜਾਇਆ ਕਰਦਾ ਹੈ, ਜਿਥੇ ਭਰਪੂਰ ਫਸਲਾਂ ਹੁੰਦੀਆਂ ਹਨ। ਪਰ ਉਚੇ ਟਿੱਬੇ ਬਖਸ਼ਿਸ਼ਾਂ ਤੋਂ ਖਾਲੀ ਰਹਿ ਜਾਂਦੇ ਹਨ। ਜਿਵੇਂ ਬਾਬਾ ਫਰੀਦ ਜੀ ਫੁਰਮਾਨ ਕਰਦੇ ਹਨ -

***ਫਰੀਦਾ ਗਰਬੁ ਜਿਨਾ ਵਡਿਆਈਆ ਧਨਿ ਜੋਬਨਿ ਆਗਾਹ॥***
***ਖਾਲੀ ਚਲੇ ਧਣੀ ਸਿਉ ਟਿਬੇ ਜਿਉ ਮੀਹਾਹੁ॥ ਪੰਨਾ - 1383***

ਸਾਰਾ ਇਲਾਕਾ ਗੁਰੂ ਮਹਾਰਾਜ ਜੀ ਦੀ ਮਹਿਮਾ ਕਰ ਰਿਹਾ ਸੀ ਅਤੇ ਦਰਸ਼ਨ ਕਰਕੇ ਗੁਰਸਿੱਖੀ ਧਾਰਨ ਕਰ ਰਿਹਾ ਸੀ ਅਤੇ ਨਾਮ ਰੰਗ ਵਿਚ ਰੰਗਿਆ ਜਾ ਰਿਹਾ ਸੀ। ਇਸ ਚੌਧਰੀ ਨੂੰ ਵੀ ਖਿਆਲ ਆਇਆ ਕਿ ਚਲੋ, ਦੇਖੀਏ ਤਾਂ ਸਹੀ ਕੌਣ ਹੈ ਅਜਿਹਾ ਸਾਧੂ ਜਾਂ ਸਤਿਗੁਰੂ ਜਿਸ ਦੇ ਦਰਸ਼ਨ ਕਰਨ

ਸੰਗਤਾਂ ਧਾਂਈਆਂ ਕਰਕੇ ਜਾ ਰਹੀਆਂ ਹਨ। ਘੋੜੇ ਤੇ ਸਵਾਰ ਹੋਇਆ, ਅੰਗਰਕਸ਼ਕ ਨਾਲ ਲਏ ਅਤੇ ਇਸ ਢੱਕੀ ਵਿਚ ਪਹੁੰਚ ਗਿਆ। ਗੁਰੂ ਮਹਾਰਾਜ ਜੀ ਦੇ ਦਰਸ਼ਨ ਘੋੜੇ ਤੇ ਬੈਠਿਆਂ ਹੀ ਕੀਤੇ, ਨਾ ਉਤਰ ਕੇ ਇਸ ਨੇ ਸੀਸ ਨਿਵਾਇਆ ਅਤੇ ਨਾ ਹੀ ਕੋਈ ਭੇਟਾ ਚਰਨਾਂ ਉਪਰ ਰੱਖੀ। ਸਗਮਾਂ ਬੜੀਆਂ ਅਭਿਮਾਨ ਦੀਆਂ ਗੱਲਾਂ ਸਿੱਖ ਸੇਵਕਾਂ ਨੂੰ ਕਹਿ ਰਿਹਾ ਸੀ। ਗੁਰੂ ਸਾਹਿਬ ਜੀ ਨੂੰ ਸ਼ਸਤਰਧਾਰੀ ਦੇਖ ਕੇ ਕਹਿੰਦਾ ਸੀ ਇਹ ਕਾਹਦੇ ਸਾਧ ਹੋਏ ਇਹ ਤਾਂ ਕੋਈ ਸ਼ਸ਼ਤਰਧਾਰੀ ਨੇ। ਮੈਂ ਕਿਉਂ ਇਨ੍ਹਾਂ ਨੂੰ ਮੱਥਾ ਟੇਕਾਂ? ਸੋ ਇਹ ਬਹੁਤ ਅਭਿਮਾਨੀ ਹੋਣ ਕਰਕੇ ਬਖਸ਼ਿਸ਼ ਤੋਂ ਖਾਲੀ ਰਹਿ ਗਿਆ ਪਰ ਇਸ ਨੇ ਗੁਰੂ ਮਹਾਰਾਜ ਜੀ ਦੇ ਦਰਸ਼ਨ ਕੀਤੇ ਸਨ ਉਸ ਦਾ ਫਲ ਉਸੇ ਤਰ੍ਹਾਂ ਨਾਲ ਮਿਲਣਾ ਸੀ ਜਿਵੇਂ ਮੂਲੇ ਨੂੰ ਅੰਤ ਸਮੇਂ ਗੁਰੂ ਨਾਨਕ ਸਾਹਿਬ ਦੇ ਦਰਸ਼ਨ ਦਾ ਫਲ 200 ਸਾਲ ਬਾਦ ਹਜ਼ੂਰ ਸਾਹਿਬ ਜਾ ਕੇ ਮਿਲਿਆ ਅਤੇ ਗੁਰੂ ਦਸ਼ਮੇਸ਼ ਪਿਤਾ ਜੀ ਦੇ ਮੁਬਾਰਕ ਹਸਤ ਕਮਲਾਂ ਰਾਹੀਂ ਸਹੇ ਰੂਪ ਵਿਚ ਸੰਸਕਾਰ ਹੋਇਆ। ਇਸੇ ਤਰ੍ਹਾਂ ਨਾਲ ਇਹ ਚੌਧਰੀ ਮਰ ਗਿਆ ਇਸ ਧਰਤੀ ਵਿਚ ਇਸ ਨੇ ਕਈ ਜਨਮ ਸੱਪ ਦੇ ਧਾਰਨ ਕੀਤੇ ਹਨ। ਹੁਣ ਇਸ ਦਾ ਸਮਾਂ ਆ ਰਿਹਾ ਸੀ ਇਕ ਜੋ ਉਸ ਨੇ ਸਤਿਗੁਰੂ ਜੀ ਦੇ ਦਰਸ਼ਨ ਦਾ ਫਲ ਬਕਾਇਆ ਰਿਹਾ ਹੋਇਆ ਲੈਣਾ ਸੀ ਉਹ ਇਸ ਨੇ ਲੈ ਲਿਆ। ਇਹ ਸੰਗਤਾਂ ਦੀ ਚਰਨ ਧੂੜੀ ਵਿਚ ਘੁੰਮਿਆ। ਅੱਜ ਇਸ ਦਾ ਦੋਸ਼ ਕੱਟਿਆ ਗਿਆ ਹੁਣ ਇਹ ਕਿਸੇ ਹੋਰ ਜੂਨ ਵਿਚ ਪਵੇਗਾ। ਮਨੁੱਖ ਜਨਮ ਇਸ ਦੇ ਅਜੇ ਵੀ ਭਾਗਾਂ ਵਿਚ ਨਹੀਂ ਹੈ ਕਿਉਂਕਿ ਮਨੁੱਖਾ ਜਨਮ ਬਹੁਤ ਹੀ ਦੁਰਲੱਭ ਹੈ-

***ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈ ਬਾਰ॥***
***ਜਿਉ ਫਲ ਪਾਕੇ ਭੁਇ ਗਿਰਹਿ ਬਹੁਰਿ ਨ ਲਾਗਹਿ ਡਾਰ॥***

***ਪੰਨਾ - 1366***

ਸਾਧਸੰਗਤ ਜੀ! ਵਿਚਾਰ ਕਰੋ ਕਿ ਸੰਤ ਕਿਸੇ ਤਰ੍ਹਾਂ ਵੀ ਅਭਿਮਾਨੀ ਨਹੀਂ ਹੋਇਆ ਕਰਦੇ, ਉਹ ਸ਼ੀਸ਼ੇ ਦੀ ਤਰ੍ਹਾਂ ਹੁੰਦੇ ਹਨ, ਜਿਹੋ ਜਿਹੀ ਜਗਿਆਸਾ ਲੈ ਕੇ ਕੋਈ ਆਉਂਦਾ ਹੈ ਉਸ ਦੀ ਭਾਵਨਾ ਦਾ ਫਲ ਪ੍ਰਦਾਨ ਕਰਦੇ ਹਨ। ਜੋ ਅਭਿਮਾਨ ਸਹਿਤ ਆਉਂਦਾ ਹੈ ਉਹ ਨੂੰ ਸੰਤ ਉਸੇ ਤਰ੍ਹਾਂ ਦੇ ਨਜ਼ਰ ਆਉਂਦੇ ਹਨ ਕਿਉਂਕਿ ਉਹ ਭਾਵਨਾ ਤੋਂ ਖਾਲੀ ਹੁੰਦੇ ਹਨ। ਭਾਈ ਗੁਰਦਾਸ ਜੀ ਫੁਰਮਾਨ ਕਰਦੇ ਹਨ -

***ਜਿਉ ਕਰ ਨਿਰਮਲ ਆਰਸੀ ਜਗੁ ਵੇਖਣਵਾਲਾ।***
***ਜੇਹਾ ਮੁਹ ਕਰਿ ਭਾਲੀਐ ਤੇਹੋ ਵੇਖਾਲਾ।***

***ਭਾਈ ਗੁਰਦਾਸ ਜੀ, ਵਾਰ***

ਸੰਤ ਮਹਾਰਾਜ ਬਾਬਾ ਬੀਰ ਸਿੰਘ ਜੀ, ਜਦੋਂ ਆਪ ਮਹਾਰਾਜਾ ਰਣਜੀਤ ਸਿੰਘ ਨਾਲ ਜਮਰੌਦ ਦੇ ਕਿਲੇ ਵਲ ਨੂੰ ਜਾ ਰਹੇ ਸਨ ਤਾਂ ਫੌਜਾਂ ਲੰਘਾਉਣ ਲਈ ਅਟਕ ਦਰਿਆ ਤੋਂ ਰਾਹ ਮੰਗ ਲਿਆ ਸੀ। ਮੰਗਣਾ ਤਾਂ ਹੋਰ ਗੱਲ ਹੋ ਜਾਂਦੀ ਹੈ ਉਨ੍ਹਾਂ ਨੇ ਹੁਕਮ ਦੇ ਦਿਤਾ ਸੀ ਕਿ ਅਸੀਂ ਸੁਖਮਨੀ ਸਾਹਿਬ ਦਾ ਪਾਠ ਕਰਨਾ ਹੈ, ਤੂੰ ਆਪਣੇ ਵਹਿਣਾ ਨੂੰ ਥੰਮ ਲੈ। ਇਤਨੇ ਸਮੇਂ ਵਿਚ ਮਹਾਰਾਜਾ ਰਣਜੀਤ ਸਿੰਘ ਜੀ ਇਕ ਕੰਪਨੀ ਤੋਂ ਬਗੈਰ ਸਾਰੀ ਫੌਜ ਅਤੇ ਭਾਰੇ ਸਮਾਨ ਸਮੇਤ ਬਾਹਰਲੇ ਕੰਢੇ ਪਹੁੰਚ ਗਏ ਸਨ। ਕੇਵਲ ਕੁਝ ਅਸ਼ਰਧਕ

ਫੌਜੀ ਜੋ ਮਨ ਵਿਚ ਕਹਿੰਦੇ ਸਨ ਕਿ ਸੰਤ ਐਵੇਂ ਖਾਹਮ-ਖਾਹ ਵਡਿਆਈ ਲੈ ਰਹੇ ਹਨ। ਦਰਿਆ ਤਾਂ ਆਪਣੇ ਆਪ ਹੀ ਰੁਕ ਗਿਆ ਹੈ। ਬਾਬਾ ਬੀਰ ਸਿੰਘ ਜੀ ਨੇ ਕੋਈ ਨਹੀਂ ਰੋਕਿਆ, ਉਨ੍ਹਾਂ ਦਾ ਨਾਮ ਤਾਂ ਐਵੇਂ ਲੈ ਰਹੇ ਹਨ। ਉਹ ਪਾਣੀ ਵਿਚ ਵੜੇ, ਬਾਬਾ ਜੀ ਪਰਲੇ ਕੰਢੇ ਪੁੱਜਣ ਲਈ ਤੁਰ ਪਏ। ਇਹ ਪ੍ਰੇਮੀ ਮਸਾਂ ਅਜੇ ਚੌਥਾ ਹਿੱਸਾ ਦਰਿਆ ਦਾ ਲੰਘੇ ਸੀ ਉਸ ਸਮੇਂ ਓਨੀਓਂ ਉਚੀ ਲਹਿਰ ਪਾਣੀ ਦੀ ਆ ਗਈ ਜਿੰਨੀ ਉਚੀ ਉਹ ਪਹਿਲਾਂ ਸੀ। ਸੋ ਇਸ ਤਰ੍ਹਾਂ ਨਾਲ ਸਾਧੂ ਕੋਈ ਆਮ ਲੋਕਾਂ ਵਰਗੇ ਨਹੀਂ ਹੁੰਦੇ ਉਹ ਕੰਗਲਿਆਂ ਨੂੰ ਰਾਜੇ ਬਣਾ ਦਿੰਦੇ ਹਨ। ਇਸੇ ਲਈ ਗੁਰੂ ਮਹਾਰਾਜ ਜੀ ਨੇ ਉਨ੍ਹਾਂ ਨੂੰ ਪਾਤਸ਼ਾਹ ਕਿਹਾ ਹੈ -

***ਜਿਸ ਨੋ ਬਖਸੇ ਸਿਫਤਿ ਸਾਲਾਹ॥***
***ਨਾਨਕ ਪਾਤਿਸਾਹੀ ਪਾਤਿਸਾਹੁ॥*** ***ਪੰਨਾ - 5***

ਸੋ ਮਹਾਰਾਜ ਜੀ ਦਾ ਸੁਭਾਅ ਹੱਦ ਦਰਜੇ ਦੀ ਨਿਮਰਤਾ ਵਾਲਾ ਸੀ, ਜੋ ਵੀ ਆਸ਼ਰਮ ਵਿਚ ਕੋਈ ਮਹਾਂਪੁਰਸ਼ ਆਉਂਦਾ ਸੀ, ਆਪ ਉਸ ਦਾ ਪੂਰਾ-ਪੂਰਾ ਸਤਿਕਾਰ ਕਰਦੇ ਸਨ, ਬਹੁਤ ਹੀ ਮਿੱਠੇ ਬਚਨ ਕਰਕੇ ਆਉਣ ਵਾਲੇ ਅਤਿੱਥੀ ਦਾ ਮਨ ਮੋਹ ਲਿਆ ਕਰਦੇ ਸਨ, ਅਸਾਡੇ ਵਰਗੇ ਗਰੀਬ ਬੰਦਿਆਂ ਨਾਲ ਵੀ ਆਪ ਮੁਸਕਰਾ ਕੇ ਬੋਲਦੇ ਸਨ। ਬ੍ਰਹਮ ਤੇਜ਼ ਆਪ ਵਿਚ ਐਨਾ ਜ਼ਿਆਦਾ ਸੀ ਕਿ ਕੀਰਤਨ ਦੀ ਸਮਾਪਤੀ ਪਿਛੋਂ ਜਾਂ ਸਮਾਧੀ ਪਿਛੋਂ ਆਪ ਦੇ ਨੇਤਰਾਂ ਵਲ ਝਾਕਿਆ ਨਹੀਂ ਜਾਂਦਾ ਸੀ। ਜੋ ਗੱਲ ਕਿਸੇ ਨੇ ਕਹਿਣੀ ਹੁੰਦੀ ਇਕ ਦਮ ਭੁੱਲ ਜਾਂਦੇ ਸੀ। ਬਹੁਤ ਅਜੀਬ ਗੱਲਾਂ ਬਾਤਾਂ ਦੇਖਣ ਵਿਚ ਆਈਆਂ।

***ਕੋਟਿ ਅਪ੍ਰਾਧੀ ਸੰਤਸੰਗਿ ਉਧਰੈ ਜਮੁ ਤਾ ਕੈ ਨੇੜਿ ਨ ਆਵੈ॥***
***ਜਨਮ ਜਨਮ ਕਾ ਬਿਛੁੜਿਆ ਹੋਵੈ ਤਿਨ ਹਰਿ ਸਿਉ ਆਨਿ ਮਿਲਾਵੈ॥***
***ਮਾਇਆ ਮੋਹ ਭਰਮੁ ਭਉ ਕਾਟੈ ਸੰਤ ਸਰਣਿ ਜੋ ਆਵੈ॥***
***ਜੇਹਾ ਮਨੋਰਥੁ ਕਰਿ ਆਰਾਧੇ ਸੋ ਸੰਤਨ ਤੇ ਪਾਵੈ॥***
***ਜਨ ਕੀ ਮਹਿਮਾ ਕੇਤਕ ਬਰਨਉ ਜੋ ਪ੍ਰਭ ਅਪਨੇ ਭਾਣੇ॥***
***ਕਹੁ ਨਾਨਕ ਜਿਨ ਸਤਿਗੁਰੁ ਭੇਟਿਆ ਸੇ ਸਭ ਤੇ ਭਏ ਨਿਕਾਣੇ॥***
***ਪੰਨਾ - 748***

ਸੋ ਐਸੀਆਂ ਬਰਕਤਾਂ ਪ੍ਰਾਪਤ ਹੋਣ ਤੇ ਉਹ ਸ੍ਰਿਸ਼ਟੀ ਦੇ ਰਾਜਿਆਂ ਦਾ ਵੀ ਰਾਜਾ ਹੈ। ਗੁਰੂ ਨਾਨਕ ਪਾਤਸ਼ਾਹ ਜੀ ਨੇ ਫੁਰਮਾਨ ਕੀਤਾ ਹੈ -

***ਜਿਸ ਨੋ ਬਖਸੇ ਸਿਫਤਿ ਸਾਲਾਹ॥***
***ਨਾਨਕ ਪਾਤਿਸਾਹੀ ਪਾਤਿਸਾਹੁ॥*** ***ਪੰਨਾ - 5***

ਸੰਤਾਂ ਦੇ ਜੀਵਨ ਵਿਚ ਐਸੀਆਂ ਸਾਖੀਆਂ ਆਉਂਦੀਆਂ ਹਨ ਜਿਨ੍ਹਾਂ ਤੋਂ ਉਨ੍ਹਾਂ ਦੀ ਬੇਪਰਵਾਹੀ ਪ੍ਰਗਟ ਹੁੰਦੀ ਹੈ।

ਪਟਿਆਲਾ ਸ਼ਹਿਰ ਵਿਚ ਨਾਲੇ ਦੇ ਕੰਢੇ ਰੋਹੀ ਵਿਚ ਇਕ ਅਸਥਾਨ ਸੀ ਜਿਥੇ ਬਹੁਤ ਸਾਰੇ ਦਰਖਤਾਂ ਦੀ ਹਰਿਆਵਲ, ਇਕ ਸੋਹਣੇ ਜੰਗਲ ਦਾ ਦ੍ਰਿਸ਼ ਪੇਸ਼ ਕਰਦੀ ਸੀ। ਉਥੇ ਇਕ ਮਹਾਤਮਾ ਜਿਨ੍ਹਾਂ ਦਾ ਸਰੀਰ ਤਾਂ ਬੀਬੀਆਂ

ਦਾ ਸੀ ਪਰ ਨਾਮ ਬੰਦਿਆਂ ਵਰਗਾ ਸੀ। ਉਨ੍ਹਾਂ ਨੂੰ ਬਾਬਾ ਜੱਸਾ ਸਿੰਘ ਜੀ ਆਖਿਆ ਜਾਂਦਾ ਹੈ। ਆਪ ਕਰਨੀ ਕਮਾਈ ਵਿਚ ਪੂਰੇ ਸਨ, ਸਾਰੀਆਂ ਰਿੱਧੀਆਂ ਸਿੱਧੀਆਂ ਉਨ੍ਹਾਂ ਅੱਗੇ ਹੱਥ ਬੰਨੀ ਖੜ੍ਹੀਆਂ ਰਹਿੰਦੀਆਂ ਸਨ। ਰਾਜੇ ਮਹਾਰਾਜੇ ਉਨ੍ਹਾਂ ਅੱਗੇ ਹਥ ਬੰਨ੍ਹ ਕੇ ਖਲੌਂਦੇ ਸਨ। ਇਕ ਵਾਰੀ ਦੀ ਗੱਲ ਹੈ ਕਿ ਪਟਿਆਲੇ ਦਾ ਮਹਾਰਾਜਾ ਭੁਪਿੰਦਰ ਸਿੰਘ ਇੰਗਲੈਂਡ ਨੂੰ ਗਿਆ ਉਥੋਂ ਉਸ ਨੇ ਬਹੁਤ ਹੀ ਸੋਹਣੇ ਦੁਸ਼ਾਲੇ ਅਤੇ ਇਕ ਇਰਾਨੀ ਗਲੀਚਾ ਇਸ ਆਸ਼ੇ ਨਾਲ ਲਿਆਂਦਾ ਕਿ ਉਹ ਸੰਤਾਂ ਦੀ ਭੇਟ ਕਰੇਗਾ। ਜਿਨ੍ਹਾਂ ਦੁਸ਼ਾਲਿਆਂ ਵਿਚ ਸੰਤਾਂ ਦਾ ਸਰੀਰ ਬਹੁਤ ਸੋਹਣਾ ਲਗੇਗਾ। ਰੇਸ਼ਮੀ ਕਪੜਾ ਵੀ ਲਿਆਂਦਾ ਕਿ ਇਸ ਦੇ ਚੋਲੇ ਸੁਆ ਲੈਣਗੇ। ਉਸ ਨੇ ਬਹੁਤ ਸਾਂਭ ਕੇ ਇਹ ਵਸਤਾਂ ਪਟਿਆਲੇ ਲਿਆਂਦੀਆਂ। ਆਪਣੇ ਵਜ਼ੀਰ, ਪ੍ਰਾਈਵੇਟ ਸੈਕਟਰੀ, ਅੰਗਰਕਸ਼ਕਾਂ ਨੂੰ ਨਾਲ ਲੈ ਕੇ ਸੰਤਾਂ ਦੇ ਸਨਮੁਖ ਹਾਜ਼ਰ ਹੋਇਆ ਅਤੇ ਇਹ ਸਾਰੀਆਂ ਵਸਤਾਂ ਭੇਟਾ ਕੀਤੀਆਂ ਅਤੇ ਬਾਰ-ਬਾਰ ਇਹ ਕਹੀ ਜਾਂਦਾ ਸੀ ਕਿ ਮਹਾਰਾਜ! ਇਹ ਮੈਂ ਬਹੁਤ ਸਾਂਭ ਕੇ ਲਿਆਂਦੀਆਂ ਹਨ, ਇਹ ਮੈਂ ਤੁਹਾਡੇ ਲਈ ਹੀ ਲਿਆਇਆ ਹਾਂ, ਇਹ ਬਹੁਤ ਕੀਮਤੀ ਹਨ। ਉਸ ਦੇ ਬਚਨਾਂ ਵਿਚ ਅਭਿਮਾਨ ਦਾ ਅੰਸ ਮਿਲਿਆ ਹੋਇਆ ਸੀ ਅਤੇ ਉਸ ਨੂੰ ਆਪਣੇ ਕੀਤੇ ਹੋਏ ਦਾਨ ਉਪਰ ਕੁਝ ਗੁਮਾਨ ਸੀ। ਮਹਾਂਪੁਰਸ਼ਾਂ ਨੂੰ ਪਤਾ ਹੁੰਦਾ ਹੈ ਕਿ ਜੇ ਕੀਤੇ ਹੋਏ ਦਾਨ ਦੇ ਮਨ ਵਿਚ ਫੁਰਨੇ ਲੈ ਲਵੋ ਕਿ ਮੇਰੇ ਤੋਂ ਵਧੀਆ ਦਾਨ ਕੋਈ ਨਹੀਂ ਕਰ ਸਕਦਾ ਤਾਂ ਉਹ ਦਾਨ ਦਰਗਾਹ ਵਿਚ ਪ੍ਰਵਾਨ ਨਹੀਂ ਹੋਇਆ ਕਰਦਾ। ਜਿਵੇਂ ਕਿ ਫੁਰਮਾਨ ਹੈ -

***ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ॥***
***ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ॥***

***ਪੰਨਾ - 1428***

ਬਾਬਾ ਜੱਸਾ ਸਿੰਘ ਜੀ ਨੇ ਕੋਈ ਵਿਸ਼ੇਸ਼ ਧਿਆਨ ਨਾ ਦਿਤਾ ਅਤੇ ਸਹਿਜ ਨਾਲ ਹੀ ਕਿਹਾ ਕਿ ਭਾਈ ਉਥੇ ਸਾਮ੍ਹਣੇ ਰੱਖ ਦਿਓ। ਥੋੜ੍ਹਾ ਚਿਰ ਬੈਠ ਕੇ ਮਹਾਰਾਜਾ ਉਠ ਗਿਆ, ਸ਼ਾਮਾਂ ਪੈ ਗਈਆਂ। ਇਸ ਡੇਰੇ ਵਿਚ ਸੈਂਕੜਿਆਂ ਦੀ ਤਾਦਾਦ ਵਿਚ ਕੁੱਤੇ ਰਿਹਾ ਕਰਦੇ ਸਨ। ਗਰਜ਼ਾਂ ਪੂਰੀਆਂ ਕਰਨ ਵਾਲੇ ਲੋਕੀ ਇਨ੍ਹਾਂ ਕੁੱਤਿਆਂ ਦੇ ਖਾਣ ਲਈ ਵਧੀਆ-ਵਧੀਆ ਪਦਾਰਥ ਸੁੱਖ ਜਾਇਆ ਕਰਦੇ ਸਨ ਅਤੇ ਆਪਣੀ ਸੁਖਨਾ ਪੂਰੀ ਹੋਣ ਪਿਛੋਂ ਕੁੱਤਿਆਂ ਨੂੰ ਪ੍ਰਸੰਨ ਕਰਨ ਲਈ ਬਹੁਤ ਖੁਲ੍ਹੇ ਗੱਫੇ ਖਾਣ ਲਈ ਲਿਆਇਆ ਕਰਦੇ ਸਨ। ਖੀਰ ਤੇ ਪ੍ਰਸ਼ਾਦ ਆਮ ਤੌਰ ਤੇ ਜ਼ਿਆਦਾ ਹੋਇਆ ਕਰਦਾ ਸੀ ਇਹ ਕੁੱਤੇ ਚਾਮਲ ਕੇ ਆਪਸ ਵਿਚ ਬਹੁਤ ਹੀ ਖੇਲ੍ਹਿਆ ਕਰਦੇ ਸਨ ਅਤੇ ਹੈਰਾਨੀ ਦੀ ਗੱਲ ਹੈ ਕਿ ਆਪਸ ਵਿਚ ਲੜਦੇ ਕਦੀ ਨਹੀਂ ਸਨ। ਰਾਤ ਨੂੰ ਇਨ੍ਹਾਂ ਕੁਤਿਆਂ ਨੇ ਰੇਸ਼ਮ ਦੇ ਦੁਸ਼ਾਲੇ ਢੇਰੀ ਵਿਚੋਂ ਖਿੱਚ ਲਏ। ਉਸ ਨਾਲ ਖੇਲ੍ਹਣਾ ਸ਼ੁਰੂ ਕਰ ਦਿਤਾ। 8-10 ਕੁਤੇ ਇਕ ਪਾਸੇ ਲੱਗੇ ਗਏ ਅਤੇ 8-10 ਦੂਜੇ ਪਾਸਿਓਂ ਲੱਗ ਗਏ। ਜਿਵੇਂ ਕਿ ਰੱਸਾ ਖਿੱਚਣ ਵਾਲੀਆਂ ਦੋ ਟੀਮਾਂ ਹੁੰਦੀਆਂ ਹਨ। ਰੇਸ਼ਮ ਦੇ ਕਪੜੇ ਦੀਆਂ ਲੀਰਾਂ-ਲੀਰਾਂ ਕਰ ਦਿਤੀਆਂ। ਇਸੇ ਤਰ੍ਹਾਂ ਗਲੀਚੇ ਦਾ ਹਾਲ ਕੀਤਾ ਉਹ ਵੀ ਬਖੇਰ ਦਿਤਾ। ਸਵੇਰੇ-ਸਵੇਰੇ ਮਹਾਰਾਜ ਰਜਿੰਦਰ ਸਿੰਘ ਘੋੜੇ ਉਪਰ ਚੜ੍ਹ ਕੇ ਇਕ ਦੋ ਬੰਦੇ ਨਾਲ ਲੈ ਕੇ ਡੇਰਾ ਬਾਬਾ ਜੱਸਾ ਸਿੰਘ ਵਿਚ ਪਹੁੰਚੇ ਹੋਏ ਦੇਖ ਰਹੇ ਸਨ ਕਿ ਜਿਹੋ ਜਿਹੇ ਵਸਤਰ ਇੰਗਲੈਂਡ ਤੋਂ ਲੈ ਕੇ ਆਏ ਸੀ ਉਹੋ ਜਿਹੇ ਵਸਤਰਾਂ ਦੀਆਂ ਲੀਰਾਂ ਹਵਾ ਵਿਚ

ਉਡ ਕੇ ਬਾੜ ਉਤੇ ਗਿਰੀਆਂ ਪਈਆਂ ਸਨ। ਮਨ ਵਿਚ ਸੰਸਾ ਹੋ ਗਿਆ ਕਿ ਸੰਤਾਂ ਨੇ ਕੋਈ ਧਿਆਨ ਨਹੀਂ ਦਿਤਾ ਕਿ ਮੈਂ ਕਿੰਨਾਂ ਔਖਾ ਹੋ ਕੇ ਇਹ ਵਸਤਰ ਲੈ ਕੇ ਆਇਆ ਸੀ ਅਤੇ ਸੰਤਾਂ ਨੇ ਇਨ੍ਹਾਂ ਨੂੰ ਮਾਮੂਲੀ ਕਪੜੇ ਸਮਝ ਕੇ ਕੁੱਤਿਆਂ ਤੋਂ ਪੜਵਾ ਦਿਤਾ। ਮਹਾਰਾਜਾ, ਬਾਬਾ ਜੱਸਾ ਸਿੰਘ ਜੀ ਦੇ ਸਾਮ੍ਹਣੇ ਆਇਆ ਤਾਂ ਆ ਕੇ ਨਮਸ਼ਕਾਰ ਕੀਤੀ। ਤਾਂ ਬਾਬਾ ਜੀ ਬਹੁਤ ਹੱਸੇ ਅਤੇ ਕਹਿਣ ਲੱਗੇ ਕਿ ਰਾਜਨ! ਜਿਹੜੇ ਵਸਤਰ ਤੂੰ ਵਲੈਤ ਤੋਂ ਲੈ ਕੇ ਆਇਆ ਸੀ ਉਹ ਬਹੁਤ ਹੀ ਮਜ਼ਬੂਤ ਸਨ। ਅਸਾਡੇ ਡੇਰੇ ਦੇ ਸਾਰੇ ਕੂਕਰਾਂ ਦਾ ਸਾਰਾ ਜ਼ੋਰ ਲੱਗ ਗਿਆ ਤਾਂ ਕਿਤੇ ਮਸਾਂ ਜਾ ਕੇ ਪਾਟੇ। ਇਹ ਕੂਕਰ ਤਾਂ ਇਹ ਚਾਹੁੰਦੇ ਹਨ ਕਿ ਮੈਂ ਅਜਿਹੇ ਕੀਮਤੀ ਵਸਤਰ ਨਾ ਪਹਿਨਾਂ ਹੁਣ ਤੂੰ ਐਉਂ ਕਰ ਇਹ ਸਾਰੇ ਕੂਕਰ ਰਾਤ ਭਰ ਦੀ ਖੇਚਲ ਕਰਕੇ ਥੱਕੇ ਹੋਏ ਹਨ। ਤੂੰ ਪੰਜ ਸੌ ਰੁਪਏ ਦਾ ਕੜਾਹ ਪ੍ਰਸ਼ਾਦ ਕਰਾ ਕੇ ਇਨ੍ਹਾਂ ਕੂਕਰਾਂ ਨੂੰ ਖਲਾ। ਤੇਰਾ ਦਾਨ ਥਾਂ ਪੈ ਗਿਆ।

ਸੋ ਇਸ ਤਰ੍ਹਾਂ ਨਾਲ ਸਾਧੂ ਆਪਣੇ ਪਿਆਰੇ ਦੇ ਰੰਗ ਵਿਚ ਮਸਤ ਹੁੰਦੇ ਹਨ ਉਨ੍ਹਾਂ ਨੂੰ ਕੀਮਤੀ ਵਸਤਾਂ ਦੇ ਕੇ ਕੋਈ ਮੁਹਥਾਜ ਨਹੀਂ ਕਰ ਸਕਦਾ ਕਿਉਂਕਿ ਉਨ੍ਹਾਂ ਦੀ ਦ੍ਰਿਸ਼ਟੀ ਵਿਚ ਮਿੱਟੀ ਨੂੰ ਸੋਨਾ ਬਣਾਉਣ ਦੀ ਤਾਕਤ ਹੁੰਦੀ ਹੈ।

ਗੁਰੂ ਛੇਵੇਂ ਪਾਤਸ਼ਾਹ ਮਹਾਰਾਜ ਜੀ ਦੇ ਸਮੇਂ ਵਿਚ ਇਕ ਭਾਈ ਗੜ੍ਹੀਆ ਨਾਮ ਦਾ ਪੂਰਨ ਗੁਰਸਿੱਖ ਸੀ ਕਾਫੀ ਸਮੇਂ ਤੋਂ ਕਸ਼ਮੀਰ ਵਲੋਂ ਦਸਵੰਧ ਨਹੀਂ ਸੀ ਪਹੁੰਚਿਆ। ਗੁਰੂ ਮਹਾਰਾਜ ਜੀ ਨੇ ਭਾਈ ਗੜ੍ਹੀਏ ਨੂੰ ਬੁਲਾਇਆ ਤੇ ਕਿਹਾ ਕਿ ਤੁਸੀਂ ਕਸ਼ਮੀਰ ਵਿਚ ਜਾਓ, ਉਥੇ ਭਾਈ ਮਾਧੋ ਦਾਸ ਵਰਗੇ ਪ੍ਰਵਾਨ ਹੋਏ ਗੁਰਸਿੱਖ ਹਨ, ਉਨ੍ਹਾਂ ਨਾਲ ਮਿਲ ਕੇ ਸਿੱਖੀ ਦਾ ਪ੍ਰਚਾਰ ਕਰੋ ਅਤੇ ਜੋ ਦਸਵੰਧ ਮਿਲੇ ਉਹ ਲਿਆ ਕੇ ਗੁਰੂ ਦੇ ਖਜਜ਼ਾਨੇ ਵਿਚ ਦਾਖਲ ਕਰੋ। ਭਾਈ ਗੜ੍ਹੀਆ ਹੁਕਮ ਮੰਨ ਕੇ ਪੈਦਲ ਹੀ ਕਸ਼ਮੀਰ ਵਲ ਨੂੰ ਚਲ ਪਏ। ਜਦੋਂ ਆਪ ਗੁਜਰਾਤ ਪਹੁੰਚੇ ਉਥੇ ਆਪ ਪੀਰ ਦੌਲੇ ਸ਼ਾਹ ਪਾਸ ਠਹਿਰੇ। ਪੀਰ ਦੌਲੇ ਸ਼ਾਹ ਨੇ ਪ੍ਰੇਮ ਨਾਲ ਬੇਨਤੀ ਕੀਤੀ ਕਿ ਭਾਈ ਸਾਹਿਬ ਜੀ! ਮੇਰੇ ਧੰਨ ਭਾਗ ਹਨ ਆਪ ਵਰਗੇ ਬ੍ਰਹਮ ਸਰੋਤਰੀ, ਬ੍ਰਹਮ ਬਕਤਾ, ਬ੍ਰਹਮ ਨੇਸ਼ਟੀ ਗੁਰਸਿੱਖ ਦੇ ਦਰਸ਼ਨ ਹੋਏ ਹਨ। ਇਕ ਬੇਨਤੀ ਮੈਂ ਆਪ ਦੇ ਚਰਨਾਂ ਵਿਚ ਕਰਨੀ ਚਾਹੁੰਦਾ ਹਾਂ। ਉਹ ਇਹ ਹੈ ਕਿ ਆਪ ਮੈਨੂੰ ਸੁਖਮਨੀ ਸਾਹਿਬ ਜੀ ਦਾ ਪਾਠ ਕੁਝ ਦਿਨ ਠਹਿਰ ਕੇ ਹਰ ਰੋਜ਼ ਸੁਣਾਵੋ। ਮੈਂ ਉਸ ਬਜਰ ਕਪਾਟ ਖੋਲ੍ਹਣ ਵਾਲੀ ਬਾਣੀ ਨੂੰ ਸੁਣਨਾ ਚਾਹੁੰਦਾ ਹਾਂ। ਭਾਈ ਗੜ੍ਹੀਆ ਜੀ ਕੁਝ ਦਿਨ ਠਹਿਰ ਗਏ ਅਤੇ ਹਰ ਰੋਜ਼ ਸੁਖਮਨੀ ਸਾਹਿਬ ਦਾ ਪਾਠ ਪੀਰ ਜੀ ਸੁਣਦੇ ਰਹੇ ਜਦੋਂ ਕੁਝ ਦਿਨਾਂ ਪਿਛੋਂ ਆਪ ਕਸ਼ਮੀਰ ਨੂੰ ਜਾਣ ਲਈ ਤਿਆਰ ਹੋਏ ਤਾਂ ਪੀਰ ਦੌਲੇ ਸ਼ਾਹ ਨੇ ਉਨ੍ਹਾਂ ਨੂੰ ਵਿਦਾ ਕੀਤਾ। ਉਨ੍ਹਾਂ ਦੇ ਨਾਲ ਕਾਫੀ ਦੂਰ ਤਕ ਛੱਡਣ ਗਏ। ਪੀਰ ਦੌਲੇ ਸ਼ਾਹ ਨੇ ਦੇਖਿਆ ਕਿ ਭਾਈ ਗੜ੍ਹੀਆ ਜੀ ਦੀ ਜੁੱਤੀ ਟੁੱਟੀ ਹੋਈ ਹੈ ਅਤੇ ਛਿੱਤਰ ਬਣੇ ਹੋਏ ਹਨ, ਜੋ ਗਲ ਵਿਚ ਚੋਲਾ ਪਾਇਆ ਹੋਇਆ ਹੈ ਉਹ ਵੀ ਜੀਰਨ ਹੋਇਆ ਹੋਇਆ ਹੈ, ਟਾਕੀਆਂ ਲਾਈਆਂ ਹੋਈਆਂ ਹਨ ਉਸ ਵੇਲੇ ਉਸ ਨੇ ਕੁਝ ਦੇਣ ਲਈ ਸੋਚਿਆ, ਉਨ੍ਹਾਂ ਨੇ ਕਿਹਾ ਭਾਈ ਸਾਹਿਬ ਗੁਰੂ ਮਹਾਰਾਜ ਜੀ ਪਾਸ ਅਨੇਕਾਂ ਗੁਰਸਿੱਖ ਰਹਿੰਦੇ ਹਨ, ਫੌਜਾਂ ਹਨ, ਬੇਅੰਤ ਘੋੜੇ ਹਨ, ਬੇਅੰਤ ਸ਼ਰਧਾਲੂ ਹਰ ਰੋਜ਼ ਦਰਸ਼ਨ ਕਰਨ ਆਉਂਦੇ ਹਨ। ਹਜ਼ਾਰਾਂ ਦਾ ਇਕੱਠ ਗੁਰੂ ਮਹਾਰਾਜ ਜੀ ਕੋਲ ਹਰ ਸਮੇਂ ਬਣਿਆ ਰਹਿੰਦਾ ਹੈ ਮੈਨੂੰ ਲਗਦਾ ਹੈ ਕਿ ਖਰਚਾ ਬਹੁਤ ਹੋ ਜਾਂਦਾ ਹੋਵੇਗਾ ਅਤੇ ਸਿੱਖਾਂ ਨੂੰ ਲੋੜੀਂਦੀਆਂ

ਵਸਤਾਂ ਦੇਣ ਲਈ ਕੁਝ ਥੁੜ੍ਹ ਹੋਵੇਗੀ ਤਾਂਹੀਓਂ ਆਪ ਦੇ ਪਾਸ ਨਵੀਂ ਜੁੱਤੀ ਨਹੀਂ ਹੈ ਅਤੇ ਚੋਲਾ ਵੀ ਪੁਰਾਣਾ ਹੋਇਆ ਹੋਇਆ ਕਈ ਥਾਵਾਂ ਤੋਂ ਫਟ ਚੁਕਿਆ ਹੈ, ਟਾਕੀਆਂ ਲੱਗੀਆਂ ਹੋਈਆਂ ਹਨ ਆਪ ਨੇ ਕਸ਼ਮੀਰ ਨੂੰ ਜਾਣਾ ਹੈ ਆਪ ਦੇ ਪਾਸ ਕਈ ਵਸਤਰ ਹੋਣੇ ਚਾਹੀਦੇ ਹਨ, ਜੋੜਾ ਵੀ ਨਵਾਂ ਹੋਣਾ ਚਾਹੀਦਾ ਹੈ, ਸਵਾਰੀ ਲਈ ਘੋੜਾ ਵਗੈਰਾ ਵੀ ਹੋਣਾ ਚਾਹੀਦਾ ਹੈ। ਆਪ ਐਉਂ ਕਰੋ ਸਾਮ੍ਹਣੇ ਖੇਤ ਵਿਚ ਮਿੱਟੀ ਦਾ ਢੇਲਾ ਪਿਆ ਹੈ ਤੁਸੀਂ ਉਸ ਨੂੰ ਆਪਣੀ ਲੋੜ ਦੇ ਮੁਤਾਬਿਕ ਵਸਤਰ, ਸਵਾਰੀ ਲਈ ਚੁਕ ਲਵੋ। ਬਾਕੀ ਮਾਇਆ ਪਾਸ ਰੱਖ ਲੈਣਾ ਫੇਰ ਕੰਮ ਆ ਜਾਵੇਗੀ। ਇਹ ਅਸਾਡੇ ਵਲੋਂ ਸੁਖਮਨੀ ਸਾਹਿਬ ਦੀ ਭੇਟਾ ਹੀ ਸਮਝਣਾ ਕਿਉਂਕਿ ਭੋਗ ਸਮੇਂ ਤਾਂ ਆਪ ਨੇ ਕੁਝ ਨਹੀਂ ਲਿਆ, ਪਰ ਹੁਣ ਇਹ ਜ਼ਰੂਰ ਲੈ ਲਵੋ। ਭਾਈ ਗੜ੍ਹੀਆ ਜੀ ਨੇ ਦੇਖਿਆ ਕਿ ਪੀਰ ਜੀ ਨੇ ਇਕ ਨਿਗ੍ਹਾ ਕਰਕੇ ਮਿੱਟੀ ਦੇ ਢੇਲੇ ਨੂੰ ਸੋਨੇ ਦਾ ਬਣਾ ਦਿਤਾ। ਇਹ ਗੁਰਸਿਖਾਂ ਨੂੰ ਗਰੀਬੜੇ ਜਿਹੇ ਸਮਝਦਾ ਹੈ ਇਸ ਨੂੰ ਪਤਾ ਨਹੀਂ ਕਿ ਗੁਰੂ ਘਰ ਵਿਚ ਤਾਂ ਇਕ ਤੋਂ ਇਕ ਚੜ੍ਹਦਿਆਂ ਵਾਲੀ ਗੱਲ ਹੈ ਉਸ ਵੇਲੇ ਆਪ ਨੇ ਪੀਰ ਨੂੰ ਕੁਝ ਸਿਖਸ਼ਾ ਦੇਣ ਲਈ ਨਿਗ੍ਹਾ ਕੀਤੀ। ਸਾਰਾ ਖੇਤ ਸੋਨੇ ਦਾ ਬਣ ਗਿਆ। ਉਸ ਨੇ ਕਿਹਾ ਕਿ ਪੀਰ ਜੀ! ਆਪ ਕਿਸ ਢੀਮ ਵਲ ਇਸ਼ਾਰਾ ਕਰ ਰਹੇ ਹੋ। ਪੀਰ ਨੇ ਖੇਤ ਵਲ ਦੇਖਿਆ ਤਾਂ ਕੀ ਦੇਖਦਾ ਹੈ ਕਿ ਸਾਰੀਆਂ ਢੀਮਾਂ ਸੋਨੇ ਦੀਆਂ ਬਣੀਆਂ ਪਈਆਂ ਹਨ। ਉਸ ਵੇਲੇ ਪੀਰ ਜੀ ਨੇ ਕਿਹਾ ਕਿ ਗੁਰਮੁਖ ਪਿਆਰਿਆ! ਮੈਂ ਤਾਂ ਆਪਣੀ ਛੋਟੀ ਜਿਹੀ ਸ਼ਕਤੀ ਵਿਚ ਹੀ ਮਸਤ ਸਾਂ। ਮੈਨੂੰ ਕੀ ਪਤਾ ਸੀ ਕਿ ਗੁਰਸਿੱਖਾਂ ਵਿਚ ਅਥਾਹ ਸ਼ਕਤੀਆਂ ਦਾ ਪ੍ਰਵਾਹ ਚਲ ਰਿਹਾ ਹੁੰਦਾ ਹੈ, ਕਿਸੇ ਨੂੰ ਭੇਤ ਨਹੀਂ ਲਗਣ ਦਿੰਦੇ। ਸੋ ਇਸ ਤਰ੍ਹਾਂ ਦੇ ਨਾਲ ਬਾਬਾ ਜੱਸਾ ਸਿੰਘ ਜੀ ਪੂਰਨ ਸ਼ਕਤੀਸ਼ਾਲ ਮਹਾਂਪੁਰਸ਼ ਸਨ। ਉਨ੍ਹਾਂ ਨੇ ਰਾਜਿਆਂ-ਮਹਾਰਾਜਿਆਂ ਦੀ ਕੀ ਪ੍ਰਵਾਹ ਕਰਨੀ ਹੋਈ। ਉਹ ਜੇ ਇਕ ਨਜ਼ਰ ਕਰ ਦਿੰਦੇ ਤਾਂ ਗਲੀਚੇ ਹੀ ਗਲੀਚੇ, ਰੇਸ਼ਮ ਹੀ ਰੇਸ਼ਮ ਹਾਜ਼ਰ ਹੋ ਜਾਣਾ ਸੀ। ਇਸ ਕਰਕੇ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ ਕਿ ਸਾਧੂ ਦੀ ਬਾਹਰਲੀ ਕ੍ਰਿਆ ਨਾ ਦੇਖੋ ਉਹ ਬਾਦਸ਼ਾਹਾਂ ਦਾ ਬਾਦਸ਼ਾਹ ਹੁੰਦਾ ਹੈ। ਉਸ ਦੀ ਮਹਿਮਾ ਅਪਰ ਅਪਾਰ ਹੁੰਦੀ ਹੈ। ਉਸ ਵਿਚ ਤੇ ਵਾਹਿਗੁਰੂ ਵਿਚ ਕੋਈ ਭੇਤ ਨਹੀਂ ਹੋਇਆ ਕਰਦਾ। ਉਹ ਵਾਹਿਗੁਰੂ ਜੀ ਦਾ ਸਰਗੁਣ ਸਰੂਪ ਹੋਇਆ ਕਰਦੇ ਹਨ। ਬਾਹਰਲੀ ਕ੍ਰਿਆ ਬਾਰੇ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ -

***ਬਸਤਾ ਤੂਟੀ ਝੁੰਪੜੀ ਚੀਰ ਸਭਿ ਛਿੰਨਾ॥***
***ਜਾਤਿ ਨ ਪਤਿ ਨ ਆਦਰੋ ਉਦਿਆਨ ਭ੍ਰਮਿੰਨਾ॥***
***ਮਿਤ੍ਰ ਨ ਇਠ ਧਨ ਰੂਪਹੀਣ ਕਿਛੁ ਸਾਕੁ ਨ ਸਿੰਨਾ॥***
***ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ॥***
***ਤਿਸ ਕੀ ਧੂੜਿ ਮਨੁ ਉਧਰੈ ਪ੍ਰਭੁ ਹੋਇ ਸੁਪ੍ਰਸੰਨਾ॥ ਪੰਨਾ - 707***

ਸੋ ਇਸ ਤਰ੍ਹਾਂ ਸੰਤ ਮਹਾਰਾਜ ਜੀ ਕਠਨ ਘਾਲ ਕਮਾਈ ਕਰਦਿਆਂ ਰੂਹਾਨੀ ਮੰਡਲਾਂ ਦੇ ਬਾਦਸ਼ਾਹ ਸਨ, ਇਹ ਗੱਲਾਂ ਸਮਝਣੀਆਂ ਔਖੀਆਂ ਹਨ ਕਿਉਂਕਿ ਜਿਸ ਨੇ ਇਹ ਅਵਸਥਾ ਦੇਖੀ ਹੀ ਨਾ ਹੋਵੇ ਉਹ ਇਸ ਬਾਰੇ ਕੀ ਜਾਣ ਸਕਦਾ ਹੈ।

ਸੰਤ ਮਹਾਰਾਜ ਜੀ ਉਨ੍ਹਾਂ ਪ੍ਰੇਮੀਆਂ ਨੂੰ ਜਿਨ੍ਹਾਂ ਨੇ ਲੰਮੇ ਸਮੇਂ ਲਈ ਮੌਨ ਵਰਤ ਰੱਖਿਆ ਹੋਇਆ ਸੀ, ਉਨ੍ਹਾਂ ਨੂੰ ਸਤਿਸੰਗ ਦਾ ਮਹਾਤਮ ਦਸਦੇ ਰਹਿੰਦੇ, ਸਾਰਿਆਂ ਨੂੰ ਇਕੱਠੇ ਕਰ ਲੈਂਦੇ ਤੇ ਉਨ੍ਹਾਂ ਤੋਂ ਪੁਛਦੇ ਕਿ ਤੁਹਾਨੂੰ ਕੋਈ ਸ਼ੰਕਾ ਹੈ ਉਹ ਦੱਸੋ, ਉਸ ਦਾ ਸਮਾਧਾਨ ਕਰਦੇ ਹਾਂ। ਬਹੁਤ ਸਾਰੇ ਪ੍ਰਸ਼ਨ ਜਿਹੋ ਜਿਹੀ ਕਿਸੇ ਦੀ ਅਵਸਥਾ ਸੀ ਉਸ ਦੇ ਮੁਤਾਬਿਕ ਪੁਛਦੇ ਰਹਿੰਦੇ। ਇਨ੍ਹਾਂ ਪ੍ਰਸ਼ਨਾਂ ਦੇ ਬਾਰੇ ਗਿਆਨੀ ਮੋਹਨ ਸਿੰਘ ਜੀ ਨੇ ਰੂਹਾਨੀ ਸੰਦੇਸ਼ ਵਿਚ ਬਹੁਤ ਵਿਸਥਾਰ ਨਾਲ ਲਿਖਿਆ ਹੈ। ਜਿਸ ਤੋਂ ਸਾਧਾਰਣ ਜਗਿਆਸੂ ਬਹੁਤ ਲਾਭ ਪ੍ਰਾਪਤ ਕਰ ਸਕਦਾ ਹੈ। ਇਸੇ ਪੁਸਤਕ ਦੀ ਅਗਲੀ ਲੜੀ ਵਿਚ ਉਨ੍ਹਾਂ ਪ੍ਰਸ਼ਨਾਂ ਦਾ ਜ਼ਿਕਰ ਕੀਤਾ ਜਾਵੇਗਾ ਜਿਹੜੇ ਮੇਰੇ ਸਾਮ੍ਹਣੇ ਕੀਤੇ ਜਾਂਦੇ ਸਨ ਅਤੇ ਆਪ ਉਤਰ ਦਿੰਦੇ ਸਨ।

ਇਨ੍ਹਾਂ ਦਿਨਾਂ ਵਿਚ ਆਪ ਜੀ ਦੇ ਪਾਸ ਸੰਤ ਬਾਬਾ ਜਵਾਲਾ ਸਿੰਘ ਜੀ ਵੀ ਆਪ ਨੌਂ ਮਾਘ ਦੇ ਹੋਣ ਵਾਲੇ ਦੀਵਾਨਾਂ ਸਮੇਂ ਰੇਰੂ ਸਾਹਿਬ ਤੋਂ ਆ ਕੇ ਬਚਨ ਬਿਲਾਸ ਕਰਿਆ ਕਰਦੇ ਸਨ। ਸੰਤ ਬਾਬਾ ਜਵਾਲਾ ਸਿੰਘ ਜੀ ਬ੍ਰਹਮਗਿਆਨੀ ਡੇਰਾ ਸੰਤਗੜ੍ਹ ਹਰਖੋਵਾਲ ਵਿਚ ਨਿਵਾਸ ਰੱਖਿਆ ਕਰਦੇ ਸਨ। ਆਪ ਜੀ ਨੂੰ ਹੋਤੀ ਮਰਦਾਨ ਦੀ ਸੰਪਰਦਾ ਦੇ ਮਹਾਨ ਮਹਾਂਪੁਰਸ਼ ਬਾਬਾ ਆਇਆ ਸਿੰਘ ਜੀ ਤੋਂ ਉਪਦੇਸ਼ ਮਿਲਿਆ ਸੀ। ਆਪ ਜੀ ਦੀ ਘਾਲ ਕਮਾਈ ਬਾਰੇ ਕਹਿਣਾ ਬਹੁਤ ਹੀ ਮੁਸ਼ਕਲ ਹੈ। ਆਪ 25 ਪਾਠ ਹਰ ਰੋਜ਼ ਸੁਖਮਨੀ ਸਾਹਿਬ ਦੇ ਕਰਿਆ ਕਰਦੇ ਸਨ। ਜਪੁਜੀ ਸਾਹਿਬ ਦੇ ਪਾਠਾਂ ਦਾ ਤਾਂ ਕੁਝ ਪਤਾ ਹੀ ਨਹੀਂ। ਆਪਣੇ ਸਮੇਂ ਵਿਚ ਆਪ ਪੂਰਨ ਮਹਾਤਮਾ ਹੋਏ ਹਨ ਜਿਨ੍ਹਾਂ ਦੇ ਰਾਹੀਂ ਹਜ਼ਾਰਾਂ ਪ੍ਰੇਮੀਆਂ ਦਾ ਉਧਾਰ ਹੋਇਆ ਹੈ। ਇਹ ਪਹਿਲਾਂ ਫੌਜ ਵਿਚ ਸਰਵਿਸ ਕਰਦੇ ਸਨ। ਸੰਤ ਮਹਾਰਾਜ ਅਤਰ ਸਿੰਘ ਜੀ ਰੇਰੂ ਸਾਹਿਬ ਵਾਲੇ ਵੀ ਫੌਜ ਵਿਚ ਹੀ ਸਨ, ਇਨ੍ਹਾਂ ਦਿਨਾਂ ਵਿਚ ਫੌਜ ਵਿਚੋਂ ਬਹੁਤ ਹੀ ਜ਼ਿਆਦਾ ਸੰਤ ਪਦਵੀ ਪ੍ਰਾਪਤ ਕਰਕੇ ਸੰਸਾਰ ਦਾ ਉਧਾਰ ਕਰ ਰਹੇ ਸਨ। ਜਿਨ੍ਹਾਂ ਵਿਚੋਂ ਸੰਤ ਹਰੀ ਸਿੰਘ ਜੀ ਕੁਹਾਰਪੁਰੀ, ਸੰਤ ਮੱਘਰ ਸਿੰਘ ਜੀ, ਸੰਤ ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ, ਸੰਤ ਮਹਾਰਾਜ ਬਾਬਾ ਅਤਰ ਸਿੰਘ ਜੀ ਮਸਤੂਆਣਾ ਆਦਿ ਅਨੇਕਾਂ ਸਾਧੂ ਫੌਜ ਵਿਚੋਂ ਆਏ ਸਨ, ਸਭਨਾਂ ਦੀ ਘਾਲ ਕਮਾਈ ਇਕ ਤੋਂ ਇਕ ਵੱਧ ਹੈ। ਇਸ ਤਰ੍ਹਾਂ ਰਾੜੇ ਸਾਹਿਬ ਵਾਲੇ ਮਹਾਂਪੁਰਸ਼ ਇਕ ਟਕ ਭਾਰੀ ਤਪਸਿਆ ਕਰ ਰਹੇ ਸਨ। ਸੈਂਕੜੇ ਬੰਦਿਆਂ ਨੂੰ ਉਨ੍ਹਾਂ ਦੇ ਤਪ ਤਪਸਿਆ ਵਾਲੇ ਜੀਵਨ ਨੂੰ ਦੇਖ ਕੇ ਮੱਲੋ-ਮੱਲੀ ਲਗਨ ਲੱਗ ਜਾਂਦੀ ਸੀ ਕਿ ਅਸੀਂ ਵੀ ਉਸ ਤਰ੍ਹਾਂ ਹੀ ਨਾਮ ਜਪੀਏ ਜਿਸ ਤਰ੍ਹਾਂ ਨਾਲ ਇਹ ਮਹਾਤਮਾ ਜਪ ਰਹੇ ਹਨ। ਉਸ ਸਮੇਂ ਸਿੰਘਾਂ ਵਿਚ ਗੰਗਸਰ ਜੈਤੋ, ਗੁਰੂ ਕੇ ਬਾਗ ਦੇ ਮੋਰਚਿਆਂ ਦਾ ਸਮਾਂ ਲੰਘ ਚੁੱਕਿਆ ਸੀ, ਜਲ੍ਹਿਆਂ ਵਾਲੇ ਬਾਗ ਦੀ ਮਹਾਨ ਕੁਰਬਾਨੀ ਦਾ ਸਮਾਂ ਸੀ ਅਜੇ ਅੱਜਕਲ੍ਹ ਵਾਂਗੂੰ ਸਿੰਘ ਪੂਰੀ ਤਰ੍ਹਾਂ ਰਾਜਨੀਤੀ ਵਿਚ ਨਹੀਂ ਆਏ ਸਨ। ਉਸ ਵੇਲੇ ਬੋਲ ਬਾਣੀ ਦੇ ਪੱਕੇ ਗੁਰਸਿੱਖ ਰਾਜਨੀਤੀ ਦਾ ਕੰਮ ਵੀ ਕਰਿਆ ਕਰਦੇ ਸਨ ਅਤੇ ਨਾਲ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਪ੍ਰਚਾਰ ਵੀ ਕਰਦੇ ਸਨ। ਇਨ੍ਹਾਂ ਦਾ ਜੀਵਨ ਸਾਧੂਆਂ ਵਰਗਾ ਸੀ, ਪੂਰੇ ਕਰਮਯੋਗੀ ਸਨ। ਇਕੋ ਗੱਲ ਇਨ੍ਹਾਂ ਦੇ ਸਾਮ੍ਹਣੇ ਰਿਹਾ ਕਰਦੀ ਸੀ ਕਿ ਗੁਰੂ ਦਸ਼ਮੇਸ਼ ਪਿਤਾ ਜੀ ਨੇ ਧਰਮ ਦੀ ਸੁਤੰਤਰਤਾ ਵਾਸਤੇ ਬਹੁਤ ਹੀ ਵੱਡੀ ਕੁਰਬਾਨੀ ਕੀਤੀ ਜਿਸ ਵਿਚ ਆਪਣੇ ਮਾਤਾ ਦਾ ਬਲੀਦਾਨ, ਪਿਤਾ

ਦਾ ਬਲੀਦਾਨ, ਚਾਰੇ ਸਾਹਿਬਜ਼ਾਦਿਆਂ ਦਾ, ਆਪ ਆਪਣੇ ਆਪ ਦਾ ਬਲੀਦਾਨ ਦੇ ਕੇ ਇਕ ਮਾਰਗ ਦਿਖਾ ਦਿਤਾ ਕਿ ਨਾ ਕਿਸੇ ਤੋਂ ਡਰਨਾ ਹੈ, ਨਾ ਕਿਸੇ ਨੂੰ ਡਰਾਉਣਾ ਹੈ, ਨਿਰਭੈ ਹੋ ਕੇ ਸਰਬੱਤ ਦਾ ਭਲਾ ਕਰਨਾ ਹੈ। ਅੰਗ੍ਰੇਜ਼ਾਂ ਦਾ ਰਾਜ ਸੀ ਇਹ ਗੁਰਸਿੱਖਾਂ ਨੂੰ ਸਹਿਨ ਨਹੀਂ ਸੀ ਕਰਿਆ ਕਰਦੇ। ਇਸ ਕਰਕੇ ਉਹ ਸਮਾਂ ਕੁਰਬਾਨੀਆਂ ਦਾ ਸੀ ਜੋ ਗੁਰਸਿੱਖਾਂ ਨੇ ਆਪਣੀ ਗਿਣਤੀ ਤੋਂ ਵੱਧ ਕੇ ਸਮੁੱਚੇ ਦੇਸ਼ ਵਿਚ 80% ਨੇ ਫਾਂਸੀਆਂ ਆਪਣੇ ਗਲ ਵਿਚ ਪਾਈਆਂ, 86% ਨੇ ਜਾਇਦਾਦਾਂ ਜ਼ਬਤ ਕਰਵਾਈਆਂ ਅਤੇ ਬੇਅੰਤ ਗੁਰਸਿਖਾਂ ਨੂੰ ਦੇਸ਼ ਨਿਕਾਲੇ ਦਿਤੇ ਗਏ ਅਤੇ ਉਨ੍ਹਾਂ ਨੇ ਆਪਣੇ ਰਹਿੰਦੇ ਜੀਵਨ ਕਾਲੇ ਪਾਣੀਆਂ ਵਿਚ ਬਿਤਾਏ। ਪਰਮ ਸਤਿਕਾਰ ਯੋਗ ਮਹਾਂਪੁਰਸ਼ ਬਾਬਾ ਰਾਮ ਸਿੰਘ ਜੀ ਗੁਰਸਿਖਾਂ ਨਾਲ ਬ੍ਰਹਮਾ ਵਿਚ ਕੈਦ ਕੀਤੇ ਗਏ। ਸ੍ਰੀ 108 ਸੰਤ ਬਾਬਾ ਮਹਾਰਾਜ ਸਿੰਘ ਜੀ ਸਿੰਘਾਪੁਰ ਵਿਚ ਸਨ ਅਤੇ ਬਹੁਤ ਸਾਰੇ ਗੁਰਸਿਖਾਂ ਨੂੰ ਅਦਨ ਵਗੈਰਾ ਜੇਲ੍ਹਾਂ ਵਿਚ ਆਪਣੇ ਪ੍ਰਾਣ ਤਿਆਗਣੇ ਪਏ। ਜੀਵਨ ਮੌਤ ਦਾ ਭੇਤ ਗੁਰਸਿੱਖਾਂ ਨੇ ਪਾਇਆ ਹੋਇਆ ਸੀ। ਮੌਤ ਪਿਛੋਂ ਜੀਵਨ ਦੀ ਉਨ੍ਹਾਂ ਨੂੰ ਗਿਆਤ ਸੀ। ਇਸ ਕਰਕੇ ਗਲ ਵਿਚ ਫਾਂਸੀਆਂ ਪੁਆਉਣ ਸਮੇਂ ਉਨ੍ਹਾਂ ਦੇ ਚਿਹਰਿਆਂ ਤੇ ਲਾਲੀਆਂ ਹੋਇਆ ਕਰਦੀਆਂ ਸਨ। ਕਾਸ਼! ਅਸੀਂ ਉਨ੍ਹਾਂ ਦੀਆਂ ਕੁਰਬਾਨੀਆਂ ਦਾ ਮੁੱਲ ਪਾ ਸਕਦੇ ਪਰ ਅਸੀਂ ਭੀ ਜਿਵੇਂ ਬਾਕੀ ਦੇ ਦੇਸ਼ਵਾਸੀ ਚੁਸਤ ਚਲਾਕ ਸਨ ਉਵੇਂ ਜਿਵੇਂ ਮਾਇਆ ਦੀਆਂ ਪ੍ਰਾਪਤੀਆਂ ਵਿਚ ਉਸ ਪ੍ਰਕਾਸ਼ਮਈ ਜੀਵਨ ਤੋਂ ਲਾਂਭੇ ਹੋ ਗਏ। ਇਥੇ ਹੀ ਬਸ ਨਹੀਂ ਬਹੁਤ ਸਾਰੇ ਐਸੇ ਪ੍ਰੇਮੀ ਉਭਰ ਕੇ ਸਾਮ੍ਹਣੇ ਆਏ ਜਿਨ੍ਹਾਂ ਨੇ ਆਪਣੀ ਰੂਪ ਰੇਖਾ ਸੰਤਾਂ ਦੀ ਬਣਾ ਲਈ, ਛੇਤੀ ਹੀ ਸੰਤ ਕਹਾਉਣਾ ਸ਼ੁਰੂ ਕਰ ਦਿਤਾ। ਅਜ਼ਾਦੀ ਪ੍ਰਾਪਤ ਹੋਣ ਪਿਛੋਂ ਨਵੀਆਂ ਸੋਚਾਂ, ਨਵੀਆਂ ਕੀਮਤਾਂ ਸਮਾਜ ਵਿਚ ਉਦੈ ਹੋਈਆਂ ਅਤੇ ਮਾਇਆ ਦੀ ਪ੍ਰਾਪਤੀ ਐਸੋ ਇਸ਼ਰਤ ਦੀ ਜ਼ਿੰਦਗੀ ਜਿਉਂਣਾ ਹੀ ਜੀਵਨ ਮਨੋਰਥ ਬਣ ਗਿਆ।

ਕਿੰਨੇ ਨੌਜੁਆਨ ਅਸਭਿਅਤ ਗੀਤ ਗਾਉਣ ਲਗ ਗਏ। ਕਾਮੁਕ ਬਿਰਤੀਆਂ ਦੇ ਧਾਰਨੀ ਹੋ ਕੇ ਸ਼ਰਾਬ ਮਾਸ, ਵਰਤਣ ਲਗ ਗਏ। ਐਸੇ ਅਸਭਿਯ ਗੀਤ ਗਾਣੇ ਸ਼ੁਰੂ ਕਰ ਦਿਤੇ ਜੋ ਇਕ ਪਰਿਵਾਰ ਇਕੱਠਾ ਬੈਠ ਕੇ ਨਹੀਂ ਸੁਣ ਸਕਦਾ। ਦੂਜੇ ਪਾਸੇ ਕਰਨੀ ਕਮਾਈ ਤੋਂ ਹੀਣਿਆਂ ਨੇ ਜ਼ਿੰਦਗੀ ਦੇ ਹੋਰ ਖੇਤਰਾਂ ਵਿਚੋਂ ਫੇਲ੍ਹ ਹੋ ਕੇ ਅਨਪੜ੍ਹ ਤੇ ਅਣਜਾਣ ਹੁੰਦਿਆਂ ਹੋਇਆਂ ਧਰਮ ਦੇ ਖੇਤਰ ਨੂੰ ਅਪਣਾਇਆ ਅਤੇ ਚੰਗੇ ਮਹਾਂਪੁਰਸ਼ਾਂ ਦੇ ਉਪਦੇਸ਼ ਵੀਡੀਓ ਟੇਪਾਂ ਵਿਚ ਰਿਕਾਰਡ ਹੋਣ ਦਾ ਪੂਰਾ ਲਾਭ ਉਠਾਇਆ। ਉਹ ਜ਼ੁਬਾਨੀ ਯਾਦ ਕਰ ਲਈਆਂ, ਚੋਲੇ ਪਾ ਲਏ, ਇਕ ਅੱਧੀ ਗੱਡੀ ਲੈ ਕੇ ਪੰਜ ਸੱਤ ਹੋਰ ਨਾਲ ਬਿਠਾ ਲਏ, ਸੰਤਾਂ ਦਾ ਪੂਰਾ ਢੌਂਗ ਕਰ ਲਿਆ। ਅਸਾਡੀ ਬਹੁ ਗਿਣਤੀ ਪਬਲਿਕ ਨਹੀਂ ਜਾਣਦੀ ਕਿ ਕਰਨੀ ਕਮਾਈ ਵਾਲੇ ਮਹਾਂਪੁਰਸ਼ ਕੀ ਹੁੰਦੇ ਹਨ। ਉਹ ਸਿਰਫ ਕੰਨ ਰਸ ਦੇ ਆਦੀ ਹੋ ਕੇ ਅਜਿਹੇ ਪੁਰਸ਼ਾਂ ਨੂੰ ਹੀ ਸੰਤ ਸਮਝ ਕੇ ਆਪਣੀ ਕਮਾਈ ਲੁਟਾਉਣ ਲਗ ਗਏ। ਅਜਿਹੇ ਅਖਾਓਤੀ ਸੰਤ ਪੈਸਾ ਕਮਾਉਣ ਤੋਂ ਅਗਾਹਾਂ ਕੋਈ ਵੀ ਗੱਲ ਨਹੀਂ ਸੋਚਦੇ। ਜਨਤਾ ਨਾਲ ਕੋਈ ਵੀ ਹਮਦਰਦੀ ਨਹੀਂ, ਅਜ਼ਾਦੀ ਤੋਂ ਪਹਿਲਾਂ ਜਿਨ੍ਹਾਂ ਨੌਜੁਆਨਾਂ ਨੇ ਫਾਂਸੀਆਂ ਦੇ ਰੱਸੇ ਚੁੰਮੇ ਸਨ ਉਨ੍ਹਾਂ ਦੇ ਜੀਵਨ ਵੀ ਬਹੁਤ ਉਚੇ ਸਨ। ਅੱਜ ਕੀ ਹੋ

ਗਿਆ ਜੀਵਨਾਂ ਨੂੰ? 500 ਸਾਲ ਪਹਿਲਾਂ ਗੁਰੂ ਨਾਨਕ ਪਾਤਸ਼ਾਹ ਨੇ ਫੁਰਮਾਇਆ–

***ਨਾਨਕ ਦੁਨੀਆ ਕੈਸੀ ਹੋਈ।।***
***ਸਾਲਕੁ ਮਿਤੁ ਨ ਰਹਿਓ ਕੋਈ॥*** ***ਪੰਨਾ – 1410***

ਉਸ ਵੇਲੇ ਤਾਂ ਅਜਿਹੀ ਹਨ੍ਹੇਰੀ ਨਹੀਂ ਝੁੱਲੀ ਹੋਈ ਸੀ ਪਰ ਗੁਰੂ ਮਹਾਰਾਜ ਜੀ ਉਸ ਵੇਲੇ ਦੀ ਦੁਨੀਆਂ ਨੂੰ ਫੁਰਮਾਨ ਕਰਦੇ ਹਨ –

***ਸਚਿ ਕਾਲੁ ਕੂੜੁ ਵਰਤਿਆ ਕਲਿ ਕਾਲਖ ਬੇਤਾਲ॥***
***ਬੀਉ ਬੀਜਿ ਪਤਿ ਲੈ ਗਏ ਅਬ ਕਿਉ ਉਗਵੈ ਦਾਲਿ॥***
***ਪੰਨਾ – 468***

ਇਸੇ ਤਰ੍ਹਾਂ ਨਾਲ ਸ਼ਾਸਕਾਂ ਤੇ ਰਾਜਿਆਂ ਦੇ ਬਾਰੇ ਫੁਰਮਾਨ ਕੀਤਾ ਸੀ ਕਿ–

***ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥***
***ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥***
***ਪੰਨਾ – 145***

ਅਸੀਂ ਅੱਜ ਦੇ ਸਮੇਂ ਵਿਚੋਂ ਲੰਘ ਰਹੇ, ਗੁਰੂ ਨਾਨਕ ਪਾਤਸ਼ਾਹ ਦੇ ਸਮੇਂ ਨੂੰ ਸਵਰਨ ਸਮਾਂ ਖਿਆਲ ਕਰਦੇ ਹਾਂ ਕਿ ਹੇ ਗੁਰੂ ਨਾਨਕ ਪਾਤਸ਼ਾਹ ਜੇ ਤੁਸੀਂ ਅੱਜ ਦੁਨੀਆਂ ਵਿਚ ਆਏ ਹੁੰਦੇ ਤਾਂ ਭਾਰਤ ਵਾਸੀਆਂ ਦੇ ਹਾਲ ਦੇਖਦੇ ਤਾਂ ਕੀ–ਕੀ ਬਚਨ ਕਹਿੰਦੇ। ਕੀ ਹਾਲ ਹੋ ਗਿਆ ਸਾਧੂਆਂ ਦਾ! ਕਿਧਰ ਗਏ ਜਪ ਤਪ! ਅਸੀਂ ਸਿਰਫ ਮਹਾਂਪੁਰਸ਼ਾਂ ਦੇ ਤਪ ਤਪਸਿਆ ਦਾ ਜ਼ਿਕਰ ਕਰਦੇ ਹਾਂ ਜਦੋਂ ਇਕੱਲੇ ਹੋ ਕੇ ਸੋਚਦੇ ਹਾਂ ਕਿ ਕਿਵੇਂ ਉਨ੍ਹਾਂ ਨੇ ਘਾਲਣਾ ਘਾਲ ਕੇ ਸਾਲਾਂ ਬੱਧੀ ਮੌਨ ਰੱਖ ਕੇ ਦੁਨੀਆਂ ਨੂੰ ਸਿੱਧੇ ਰਾਹ ਪਾਇਆ ਅਤੇ ਬਖਸ਼ ਦਰ ਤੇ ਪਹੁੰਚ ਕੇ ਸੰਸਾਰ ਦਾ ਉਧਾਰ ਕੀਤਾ। ਇਕ ਗੀਤ ਗਾਉਣ ਵਾਲੇ ਪ੍ਰੇਮੀ ਦਾ ਗੀਤ ਮੇਰੇ ਕੰਨੀ ਪਿਆ ਜਿਸ ਵਿਚ ਉਹ ਭਵਿੱਖਤ ਦੀ ਗੱਲ ਕਹਿ ਰਿਹਾ ਸੀ ਪਰ ਸੀ ਸਤਿ ਤੇ ਆਧਾਰਿਤ –

***ਸੱਚੇ ਪਾਤਸ਼ਾਹ ਵਾਹਿਗੁਰੂ ਜਾਣੇ ਕੀ ਬਣੂੰ ਦੁਨੀਆਂ ਦਾ।***

ਅੱਜ ਅਸੀਂ ਸੰਤ ਮਹਾਰਾਜ ਰਾੜੇ ਸਾਹਿਬ ਵਾਲਿਆਂ ਦੇ ਜੀਵਨ ਨੂੰ ਇਕ ਭੂਤਕਾਲ ਦੀ ਕਥਾ ਸਮਝਦੇ ਹਾਂ। ਖਾਲੀ ਹੋ ਗਿਆ ਸੰਸਾਰ ਸਾਧੂਆਂ ਤੋਂ ਵੱਡੇ–ਵੱਡੇ ਨਾਮ ਵਾਲੇ ਸਾਧੂ ਜਿਨ੍ਹਾਂ ਨੂੰ world fame (ਸੰਸਾਰ ਪ੍ਰਸਿੱਧੀ) ਦੇ ਸਾਧੂ ਆਖਿਆ ਜਾਂਦਾ ਹੈ ਉਨ੍ਹਾਂ ਉਪਰ ਜਦੋਂ CBI ਦੇ ਮੁਕਦਮੇ ਚਲਦੇ ਹਨ ਤਾਂ ਕ੍ਰੋੜਾਂ ਰੁਪਈਆਂ ਦੇ fraud (ਧੋਖੇ) ਸਾਮ੍ਹਣੇ ਆ ਜਾਂਦੇ ਹਨ ਅਤੇ ਉਨ੍ਹਾਂ ਦੇ ਨਾਲ ਹੀ ਦੇਸ਼ ਦੇ ਵੱਡੇ–ਵੱਡੇ ਲੀਡਰ ਵੀ ਉਨ੍ਹਾਂ ਦਾ ਸਾਥ ਦੇ ਰਹੇ ਹੁੰਦੇ ਹਨ। ਸਾਡੀ ਤਾਂ ਅਰਦਾਸ ਹੈ ਕਿ ਹੇ ਵਾਹਿਗੁਰੂ ਜੀ ਸੱਚ ਜਾ ਰਿਹਾ ਹੈ, ਕਲਜੁੱਗ ਨੰਗਾ ਨਚਣਾ ਸ਼ੁਰੂ ਹੋ ਗਿਆ। ਸਾਧੂ, ਸੰਤਾਂ ਦੇ ਮਨਾਂ ਵਿਚ ਉਸ ਨੇ ਮਾਇਆ ਮੋਹਣੀ ਦਾ ਜ਼ਹਿਰ ਭਰ ਦਿਤਾ ਹੈ। ਕੋਈ ਵਿਰਲਾ–ਵਿਰਲਾ ਹੀ ਸਾਧੂ ਰਹਿ ਗਿਆ ਜਿਹੜਾ ਇਸ ਪੈਸੇ ਦੀ ਦੌੜ ਵਿਚੋਂ ਬਚਿਆ ਹੋਇਆ ਹੈ। ਆਪ ਪ੍ਰਤੱਖ ਅਨੁਭਵ ਪ੍ਰਾਪਤ ਕਰਕੇ ਸੰਸਾਰ ਨੂੰ ਤਾਰਨ ਦੀ ਬਹੁਤ ਹੀ ਕਰੜੀ ਡਿਊਟੀ ਦੇ ਰਹੇ ਹਨ। ਨਹੀਂ ਤਾਂ ਹੋਰ ਸਭ ਮੇਰੇ ਵਰਗੇ ਹੀ

ਹਨ ਬਸ! ਵਾਹਿਗੁਰੁ-ਵਾਹਿਗੁਰੁ ਦੀ ਥਾਂ ਉਪਰ ਅੰਦਰ ਇਕੋ ਰੱਟ ਲਗੀ ਰਹਿੰਦੀ ਹੈ ਡਾਲਰ-ਡਾਲਰ। ਸੇਵਕ ਬਣਨ ਦੀ ਥਾਂ ਜਾਲ ਵਿਛਾਏ ਜਾ ਰਹੇ ਹਨ ਕਿ ਚੇਲੇ ਹੀ ਚੇਲੇ ਹੋ ਜਾਣ। ਵੱਡੇ ਅਮੀਰ ਆਦਮੀਆਂ ਉਪਰ ਆਸਾਂ ਰੱਖੀਆਂ ਜਾ ਰਹੀਆਂ ਹਨ, ਸੰਤਾਂ ਦੀ ਬੇਪਰਵਾਹੀ ਜੋ ਇਸ ਕਥਾ ਵਿਚ ਵਰਣਨ ਕੀਤੀ ਗਈ ਹੈ ਉਹ ਪੂਰੀ ਤਰ੍ਹਾਂ ਅਲੋਪ ਹੋ ਗਈ ਹੈ। ਅਸੀਂ ਤਾਂ ਅੱਜ ਵਜ਼ੀਰਾਂ ਦੇ ਅੱਗੇ ਹੱਥ ਜੋੜ ਕੇ ਖੜ੍ਹੇ ਹੋ ਜਾਂਦੇ ਹਾਂ, ਭੁੱਲ ਜਾਂਦੇ ਹਾਂ ਉਸ ਵਾਹਿਗੁਰੂ ਜੀ ਨੂੰ ਜਿਸ ਦੇ ਨਾਮ ਵਿਚ ਇਹ ਸਤਿਆ ਹੈ ਕਿ ਨਾਮ ਦਾ ਪ੍ਰੇਮੀ ਰਾਜਿਆਂ ਦਾ ਰਾਜਾ ਹੋਇਆ ਕਰਦਾ ਹੈ।

ਵਾਹਿਗੁਰੂ ਜੀ ਕ੍ਰਿਪਾ ਕਰਨ ਅਸੀਂ ਉਨ੍ਹਾਂ ਮਹਾਤਮਾ ਦੇ ਚਰਨਾਂ ਵਿਚ ਬੇਨਤੀ ਕਰਦੇ ਹਾਂ ਕਿ ਤੁਸੀਂ ਸਰੀਰ ਤੋਂ ਲਾਂਭੇ ਹੋ ਕੇ ਪੂਰਨ ਅਮਰ ਅਵਸਥਾ ਵਿਚੋਂ ਸੰਸਾਰ ਦਾ ਅਜੇ ਵੀ ਭਲਾ ਚਾਹੁੰਦੇ ਹੋ ਕਿਉਂਕਿ ਅਸਾਡੇ ਪ੍ਰਮ ਪਿਤਾ ਨੇ ਫੁਰਮਾਨ ਕੀਤਾ ਹੈ -

***ਪੰਥ ਖਾਲਸਾ ਖੇਤੀ ਮੇਰੀ ਕਰਹੁ ਸੰਭਾਲ ਮੈ ਤਿਸ ਕੇਰੀ।।***

ਤੁਸੀਂ ਵੀ ਉਨ੍ਹਾਂ ਦਾ ਹੱਥ ਵਟਾ ਕੇ ਗੁਪਤ ਰੂਪ ਵਿਚ ਸੰਸਾਰ ਦਾ ਭਲਾ ਕਰ ਰਹੇ ਹੋਂ, ਅਸਾਥੋਂ ਬਹੁਤ ਵੱਡੇ-ਵੱਡੇ ਸਮਾਗਮ ਕਰਵਾ ਰਹੇ ਹੋਂ ਪਰ ਮੈਂ ਤਾਂ ਪ੍ਰਤੱਖ ਰੂਪ ਵਿਚ ਜਾਣਦਾ ਹਾਂ ਕਿ ਸਰੀਰ ਮੇਰਾ ਸਾਮ੍ਹਣੇ ਕੀਤਾ ਹੋਇਆ ਹੈ ਕੰਮ ਆਪ ਕਰ ਰਹੇ ਹਨ। ਕ੍ਰਿਪਾ ਕਰਕੇ ਘੱਟੋ-ਘੱਟ ਸਾਧੂ ਬਾਣੇ ਵਾਲਿਆਂ ਨੂੰ ਤਾਂ ਮਤ ਦੇ ਦੇਵੋ, ਉਹ ਗਿਆਨ ਪ੍ਰਕਾਸ਼ ਕਰ ਦੇਵੋ ਜਿਸ ਨਾਲ ਪ੍ਰਭੂ ਨੂੰ ਘਟ-ਘਟ ਵਿਚ ਵਿਆਪਕ ਦੇਖ ਕੇ ਬੇਪਰਵਾਹੀ ਦੇ ਜੀਵਨ ਵਿਚ ਰਹਿਣ। ਮੇਰੀ ਨਮਸਕਾਰ ਹੈ ਉਨ੍ਹਾਂ ਸਾਧੂਆਂ ਨੂੰ ਜਿਨ੍ਹਾਂ ਦੇ ਹਿਰਦਿਆਂ ਵਿਚ ਅਜਿਹੀ ਤੜਫ ਹੈ ਜੋ ਮਾਇਆ ਨੂੰ ਠੇਡੇ ਮਾਰ ਰਹੇ ਹਨ ਅਤੇ ਉਸ ਜੀਵਨ ਨੂੰ ਅਪਣਾਅ ਰਹੇ ਹਨ ਜਿਹੜਾ ਮੇਰਾ ਸਤਿਗੁਰੂ ਨੂੰ ਭਾਉਂਦਾ ਹੈ, ਮੈਂ ਵੀ ਉਨ੍ਹਾਂ ਨੂੰ ਨਮਸ਼ਕਾਰ ਕਰਦਾ ਹੋਇਆ 'ਬਾਬਾਣੀਆਂ ਕਹਾਣੀਆਂ' ਦੀ ਪਹਿਲੀ ਪੋਥੀ ਸਮਾਪਤ ਕਰਦਾ ਹਾਂ।

□ □ □ □ □ □ □